
# ਹਾਜੀ ਲੋਕ ਮੱਕੇ ਵੱਲ ਜਾਂਦੇ



ਸ਼ਿਵਚਰਨ ਜੱਗੀ 'ਕੁੱਸਾ'

www.PunjabiLibrary.com

(ਨਾਵਲ)

# ਹਾਜੀ ਲੋਕ ਮੱਕੇ ਵੱਲ ਜਾਂਦੇ

ਸ਼ਿਵਚਰਨ ਜੱਗੀ ਕੁੱਸਾ

*(c) ਸ਼ਿਵਚਰਨ ਜੱਗੀ ਕੁੱਸਾ*
*jaggikussa@hotmail.com*

*ਇਸ ਨਾਵਲ ਵਿਚ ਪ੍ਰਕਾਸ਼ਤ ਹੋਣ ਵਾਲੀਆਂ ਸਭ ਘਟਨਾਵਾਂ, ਨਾਮ ਅਤੇ ਸਥਾਨ ਖ਼ਿਆਲੀ ਹਨ। ਕਿਸੇ ਜੀਵਤ ਜਾਂ ਮਰੇ ਬੰਦੇ ਨਾਲ ਕੋਈ ਸਬੰਧ ਨਹੀਂ! ਅਗਰ ਕੋਈ ਨਾਮ, ਥਾਂ ਜਾਂ ਘਟਨਾ ਮੇਲ ਖਾ ਜਾਵੇ ਤਾਂ ਲੇਖਕ ਅਤੇ ਪ੍ਰਕਾਸ਼ਕ ਜ਼ਿੰਮੇਵਾਰ ਨਹੀਂ!*

-ਸ਼ਿਵਚਰਨ ਜੱਗੀ ਕੁੱਸਾ

----------------------------------------------

*******ਸਮਰਪਨ******

ਅਦਬ ਸਤਿਕਾਰ ਸਹਿਤ ਆਪਣੀ ਪਿਆਰੀ ਸਵਰਗਵਾਸੀ ਮਾਂ ਗੁਰਨਾਮ ਕੌਰ ਜੀ ਨੂੰ

ਅਜੇ ਕੱਲ੍ਹ ਦੀ ਤਾਂ ਗੱਲ ਹੈ, ਮਾਂ!
ਜਦੋਂ ਤੂੰ ਮੈਨੂੰ ਪਿਆਰ ਨਾਲ਼ ਝਿੜਕਦੀ ਸੀ,
ਚੁਪੇੜੀ ਜਿਹੀ ਮਾਰਦੀ,
ਲਾਡ ਨਾਲ਼ 'ਕੁੱਤਾ' ਆਖਦੀ ਸੀ!
ਕਦੇ ਕੁਛ ਖਾਣ ਨੂੰ ਕਹਿੰਦੀ,
ਕਦੇ ਕੁਛ ਪੀਣੋਂ ਵਰਜਦੀ!
ਪੱਗ ਦੀ ਪੂਣੀ ਕਰਵਾਉਂਦੀ,
ਮੇਰੇ ਦੇਰ ਨਾਲ਼ ਆਉਣ ਦਾ,
ਕਾਰਨ ਪੁੱਛਦੀ!
ਕਦੇ ਨਾ ਆਉਣ ਦਾ,
ਫ਼ਿਕਰ ਕਰਦੀ!....

ਅਜੇ ਕੱਲ੍ਹ ਦੀ ਤਾਂ ਗੱਲ ਹੈ, ਮਾਂ!
ਜਦੋਂ 13 ਮਾਰਚ 2006 ਨੂੰ,
ਸਵੇਰੇ ਸੱਤ ਵੱਜ ਕੇ ਬੱਤੀ ਮਿੰਟ 'ਤੇ,
ਤੂੰ ਮੇਰੇ ਹੱਥਾਂ ਵਿਚ,
ਆਪਣੇ ਸੁਆਸ ਤਿਆਗੇ ਸਨ...!
ਪਰ ਮੈਨੂੰ ਇੰਜ ਲੱਗਦੈ,
ਜਿਵੇਂ ਤੈਨੂੰ ਵਿਛੜੀ ਨੂੰ,
ਜੁੱਗੜੇ ਬੀਤ ਗਏ ਨੇ!....
ਪਰ ਇਕ ਗੱਲ ਹੈ, ਮਾਂ!
ਹੁਣ ਮੈਨੂੰ ਕੋਈ,
ਕੁਛ ਖਾਣ ਨੂੰ ਨਹੀਂ ਕਹਿੰਦਾ,
ਕੁਛ ਪੀਣੋਂ ਨਹੀਂ ਵਰਜਦਾ!
ਮੈਂ ਜਦੋਂ ਮਰਜੀ ਆਵਾਂ,
ਚਾਹੇ ਨਾ ਆਵਾਂ,
ਕੋਈ ਫ਼ਿਕਰ ਨਹੀਂ ਕਰਦਾ!....
ਬੱਸ! ਉਦੋਂ ਮੈਂ ਦਿਲ ਵਿਚ,
ਤੇਰੀ ਇਬਾਦਤ ਦੀ,
ਮੋਮਬੱਤੀ ਬਾਲ਼ ਕੇ ਬੈਠ ਜਾਂਦਾ ਹਾਂ!
ਅਤੇ ਪਿਘਲਦਾ ਹਾਂ, ਬੂੰਦ-ਬੂੰਦ,
ਯਾਦਾਂ ਦੀ ਮੋਮਬੱਤੀ ਨਾਲ਼!
ਅਤੇ ਮੇਰਾ ਰੋਮ-ਰੋਮ, ਕਣ-ਕਣ,
ਮਾਂ! ਮਾਂ! ਪੁਕਾਰ ਉਠਦਾ ਹੈ!
ਅਤੇ ਬਿਆਨਦਾ ਹੈ,
ਹੋਂਦ ਅਤੇ ਅਣਹੋਂਦ ਦੀ ਦਾਸਤਾਨ!....
ਹੁਣ ਮੈਨੂੰ ਪਿੰਡ ਜਾਂਦੇ ਨੂੰ,
ਹੌਲ ਪੈਂਦੇ ਨੇ, ਮਾਂ!
ਸੋਚਦਾ ਹਾਂ,
ਮਾਂ ਦੇ ਮੰਜੇ ਵਾਲ਼ੀ ਥਾਂ ਤਾਂ,
ਹੁਣ ਖਾਲੀ ਪਈ ਹੋਵੇਗੀ?....
ਕੌਣ ਕਹੇਗਾ ਮੈਨੂੰ,
ਰਾਤ ਤੂੰ ਦੁੱਧ ਨਹੀਂ ਪੀਤਾ, ਪੁੱਤ?
ਖ਼ੈਰ...! ਜੱਗ ਦਿਖਾਉਣ ਵਾਲ਼ੀਏ,
ਦੁੱਧੀਆਂ ਚੁੰਘਾਉਣ ਵਾਲ਼ੀਏ,
ਮੂੰਹੋਂ ਬੁਰਕੀ ਕੱਢ ਕੇ ਦੇਣ ਵਾਲ਼ੀਏ,
ਗਿੱਲਿਓਂ ਸੁੱਕੇ ਪਾਉਣ ਵਾਲ਼ੀਏ, ਮਾਂ!
ਤੇਰਾ ਪੁੱਤ ਰਾਜ਼ੀ ਖ਼ੁਸ਼ੀ ਹੈ,
ਅਤੇ ਅਕਾਲ ਪੁਰਖ਼ ਅੱਗੇ,
ਅਰਦਾਸੀ ਹੈ,

ਸ਼ਿਵਚਰਨ ਜੱਗੀ ਕੁੱਸਾ ਦੀਆਂ ਹੋਰ ਪੁਸਤਕਾਂ

*ਨਾਵਲ:*

1. ਪੁਰਜਾ ਪੁਰਜਾ ਕਟਿ ਮਰੈ
2. ਤਵੀ ਤੋਂ ਤਲਵਾਰ ਤੱਕ
3. ਬਾਰ੍ਹੀਂ ਕੋਹੀਂ ਬਲ਼ਦਾ ਦੀਵਾ
4. ਤਰਕਸ਼ ਟੰਗਿਆ ਜੰਡ
5. ਗੋਰਖ ਦਾ ਟਿੱਲਾ
6. ਜੱਟ ਵੱਢਿਆ ਬੋਹੜ ਦੀ ਛਾਵੇਂ
7. ਉੱਜੜ ਗਏ ਗਰਾਂ
8. ਬਾਝ ਭਰਾਵੋਂ ਮਾਰਿਆ
9. ਹਾਜੀ ਲੋਕ ਮੱਕੇ ਵੱਲ ਜਾਂਦੇ
10. ਲੱਗੀ ਵਾਲ਼ੇ ਕਦੇ ਨਾ ਸੌਂਦੇ
11. ਸੱਜਰੀ ਪੈੜ ਦਾ ਰੇਤਾ
12. ਏਤੀ ਮਾਰ ਪਈ ਕੁਰਲਾਣੇ

*ਕਹਾਣੀ-ਸੰਗ੍ਰਹਿ:*

1. ਊਠਾਂ ਵਾਲ਼ੇ ਬਲੋਚ
2. ਤੂੰ ਸੁੱਤਾ ਰੱਬ ਜਾਗਦਾ
3. ਬੁੱਢੇ ਦਰਿਆ ਦੀ ਜੂਹ
4. ਰਾਜੇ ਸ਼ੀਂਹ ਮੁਕੱਦਮ ਕੁੱਤੇ

*ਵਿਅੰਗ-ਸੰਗ੍ਰਹਿ:*

1. ਕੁੱਲੀ ਨੀ ਫ਼ਕੀਰ ਦੀ ਵਿੱਚੋਂ

# ਹਾਜੀ ਲੋਕ ਮੱਕੇ ਵੱਲ ਜਾਂਦੇ
(ਨਾਵਲ)

## ਸ਼ਿਵਚਰਨ ਜੱਗੀ ਕੁੱਸਾ

## ਕਾਂਡ 1

ਸਵੇਰ ਦਾ ਅੰਮ੍ਰਿਤ ਵੇਲਾ ਸੀ।

ਚਾਰ ਵੱਜ ਚੁੱਕੇ ਸਨ। ਗੁਰਦੁਆਰੇ ਦਾ ਪਾਠੀ ਸਿੰਘ ਅਜੇ ਬੋਲਿਆ ਨਹੀਂ ਸੀ। ਸਾਰਾ ਪਿੰਡ ਸੁੱਤਾ ਹੋਇਆ ਸੀ। ਪਹੁ ਫੁਟਾਲੇ ਦੀ ਸ਼ਾਂਤੀ ਸੀ। ਏਅਰਪੋਰਟ ਤੋਂ ਲਈ ਟੈਕਸੀ ਹਰਦੇਵ ਨੂੰ ਉਸ ਦੇ ਘਰ ਅੱਗੇ ਲਾਹ ਕੇ ਮੁੜ ਗਈ। ਹਰਦੇਵ ਨੇ ਡਰਾਈਵਰ ਨੂੰ ਚਾਹ ਪਾਣੀ ਵੀ ਨਾ ਪੁੱਛਿਆ। ਘਰ ਸੀ ਹੀ ਕੌਣ...? ਜਿਹੜਾ ਉਸ ਨੂੰ ਚਾਹ ਬਣਾ ਕੇ ਦਿੰਦਾ...? ਵੈਸੇ ਉਸ ਨੇ ਡਰਾਈਵਰ ਨੂੰ ਸੌ ਰੁਪਏ ਕਿਰਾਏ ਤੋਂ ਇਲਾਵਾ ਚਾਹ ਪਾਣੀ ਲਈ ਦੇ ਦਿੱਤੇ ਸਨ। ਡਰਾਈਵਰ ਧੰਨਵਾਦ ਕਰ ਕੇ ਚਲਾ ਗਿਆ ਅਤੇ ਹਰਦੇਵ ਆਪਣੇ ਨਾਲ ਲਿਆਂਦੇ ਦੋ ਅਟੈਚੀ ਲੈ ਕੇ ਦਰਵਾਜੇ ਕੋਲ ਆ ਗਿਆ ਸੀ।

ਉਸ ਨੇ ਆਪਣਾ ਜੱਦੀ ਘਰ ਬੜੀ ਰੀਝ ਨਾਲ ਤੱਕਿਆ। ਇਕ ਤਰ੍ਹਾਂ ਨਾਲ ਅੱਖਾਂ ਵਿਚ ਹੰਝੂ ਭਰ ਕੇ ਸਿਜ਼ਦਾ ਹੀ ਤਾਂ ਕੀਤਾ ਸੀ, ਉਸ ਨੇ ਆਪਣੇ ਇਸ ਘਰ ਨੂੰ...! ਇਸ ਘਰ ਵਿਚ ਉਹ ਜੰਮਿਆਂ, ਪਲ਼ਿਆ ਅਤੇ ਜਵਾਨ ਹੋਇਆ ਸੀ! ਬੜੀਆਂ ਤੱਤੀਆਂ-ਠੰਢੀਆਂ ਹਵਾਵਾਂ ਵਗੀਆਂ ਸਨ, ਇਸ ਘਰ ਉਤੇ...! ਬੜੀਆਂ ਪੁਰਾਣੀਆਂ ਯਾਦਾਂ ਜੁੜੀਆਂ ਹੋਈਆਂ ਸਨ, ਇਸ ਘਰ ਨਾਲ...! ਬੜੀਆਂ ਖ਼ੁਸ਼ੀਆਂ ਖੇੜੇ ਮਾਣੇ ਅਤੇ ਬੜੇ ਦਸੌਂਟੇ ਵੀ ਕੱਟੇ ਸਨ, ਇਸ ਘਰ ਨੇ...!

ਹਰਦੇਵ ਨੇ ਆਪਣੇ ਘਰ ਦਾ ਜੰਗਾਲਿਆ ਜਿੰਦਰਾ ਖੋਲ੍ਹਿਆ।

ਉਸ ਦੇ ਮਨ ਅੰਦਰ ਸੋਚਾਂ ਅਤੇ ਪੁਰਾਣੀਆਂ ਯਾਦਾਂ ਦਾ ਜਹਾਦ ਛਿੜਿਆ ਹੋਇਆ ਸੀ। ਮਾਂ-ਬਾਪ ਦੇ ਤੁਰ ਜਾਣ ਤੋਂ ਬਾਅਦ ਦਰਵਾਜਾ ਤਾਂ ਕਿਸੇ ਨੇ ਖੋਲ੍ਹਿਆ ਹੀ ਨਹੀਂ ਸੀ। ਬਾਪੂ ਮਰੇ ਤੋਂ ਤਾਂ ਉਹ ਆ ਹੀ ਨਹੀਂ ਸੀ ਸਕਿਆ। ਚੰਗੇ ਭਾਗਾਂ ਨੂੰ ਸਿਰਫ਼ ਮਰਨ ਕਿਨਾਰੇ ਪਈ ਮਾਂ ਦਾ ਮੂੰਹ ਦੇਖਣਾ ਹੀ ਹਰਦੇਵ ਨੂੰ ਨਸੀਬ ਹੋਇਆ ਸੀ। ਮਾਂ ਦਾ ਸਸਕਾਰ ਕਰਨ ਅਤੇ ਫੁੱਲ ਪਾਉਣ ਤੋਂ ਬਾਅਦ ਉਹ ਘਰ ਨੂੰ ਜਿੰਦਰਾ ਮਾਰ ਕੇ ਚਾਬੀ ਨਾਲ ਲੈ ਗਿਆ ਸੀ। ਸ਼ਰੀਕਾਂ ਨੇ ਬੜੇ ਖੇਡ ਖੇਡੇ, ਬੜੀਆਂ ਚਾਲਾਂ ਚੱਲੀਆਂ ਇਸ ਘਰ 'ਤੇ ਕਬਜ਼ਾ ਕਰਨ ਲਈ...। ਪਰ ਹਰਦੇਵ ਦੀ ਵਾਕਫ਼ੀਅਤ ਕਰ ਕੇ ਉਹ ਕਾਮਯਾਬ ਨਹੀਂ ਹੋ ਸਕੇ ਸਨ। ਫਿਰ ਸ਼ਰੀਕਾਂ ਨੇ ਇਹ ਘਰ ਖਰੀਦਣ ਦਾ ਸ਼ੋਸ਼ਾ ਛੱਡਿਆ। ਪਰ ਖਿਝੇ ਹਰਦੇਵ ਨੇ ਪ੍ਰਤੱਖ ਨਾਂਹ ਕਰ ਦਿੱਤੀ। ਪਿੰਡ ਵਾਲ਼ਾ ਜੱਦੀ ਘਰ ਉਹ ਕੁਝ ਪੈਸਿਆਂ ਖਾਤਰ ਗੁਆਉਣਾ ਨਹੀਂ ਚਾਹੁੰਦਾ ਸੀ। ਬਚਪਨ ਤੋਂ ਲੈ ਕੇ ਹੁਣ ਤੱਕ ਦੀਆਂ ਚੰਗੀਆਂ ਮੰਦੀਆਂ ਯਾਦਾਂ ਇਸ ਘਰ ਨਾਲ ਹੀ ਤਾਂ ਜੁੜੀਆਂ ਹੋਈਆਂ ਸਨ!

ਕਿੰਨੇ ਹੀ ਸਾਲ ਹੋ ਗਏ ਸਨ। ਇੰਡੀਆ ਉਸ ਦਾ ਗੇੜਾ ਹੀ ਨਹੀਂ ਵੱਜ ਸਕਿਆ ਸੀ। ਘਰ ਦੇ ਕੰਮਾਂ ਕਾਜਾਂ ਅਤੇ ਇੰਗਲੈਂਡ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਉਹ ਲੰਡਨ ਤੋਂ ਪੈਰ ਨਹੀਂ ਪੁੱਟ ਸਕਿਆ ਸੀ। ਬੱਚਿਆਂ ਦੀ ਪੜ੍ਹਾਈ ਖਰਾਬ ਹੋਣ ਦਾ ਖ਼ਿਆਲ ਅਤੇ ਘਰ ਦੀ ਕਿਸ਼ਤ ਮੋੜਨ ਦਾ ਧੰਦ ਉਸ ਦੇ ਪੈਰਾਂ ਦੀਆਂ ਬੇੜੀਆਂ ਬਣ ਜਾਂਦਾ। ਉਹ ਇੰਡੀਆ, ਖ਼ਾਸ ਕਰਕੇ ਪੰਜਾਬ ਲਈ ਤੜਪਦਾ ਵੀ ਪਿੰਡ ਚੱਕਰ ਨਹੀਂ ਮਾਰ ਸਕਿਆ ਸੀ। ਲੰਡਨ ਵਿਚ ਮੁਲਾਇਮ ਬੈੱਡਾਂ 'ਤੇ ਸੁੱਤੇ ਪਏ ਹਰਦੇਵ ਨੂੰ ਪਿੰਡ ਅਤੇ ਆਪਣੇ ਖੇਤਾਂ ਦੇ ਸੁਪਨੇ ਆਉਂਦੇ। ਸੁਪਨੇ ਵਿਚ ਉਹ ਸਾਰੀ-ਸਾਰੀ ਰਾਤ ਖੇਤਾਂ ਦੇ ਚੱਕਰ ਲਾਉਂਦਾ ਰਹਿੰਦਾ। ਬਰਸੀਨ ਨੂੰ ਸਿੰਜਦਾ ਰਹਿੰਦਾ। ਖੇਤਾਂ 'ਚੋਂ ਗੰਨੇ ਪੱਟਦਾ ਅਤੇ ਮੱਕੀ ਦੇ ਖੇਤ 'ਚੋਂ ਛੱਲੀਆਂ ਭੰਨ ਕੇ ਭੁੰਨਦਾ। ਪਰ ਜਦੋਂ ਉਸ ਦੀ ਅੱਖ ਖੁੱਲ੍ਹਦੀ ਤਾਂ ਉਸ ਨੂੰ ਆਪਣੀ ਜ਼ਿੰਦਗੀ ਬਗੈਰ

ਨਾਲ਼ੇ ਤੋਂ ਪਾਈ ਹੋਈ ਨਿੱਕਰ ਵਰਗੀ ਲੱਗਦੀ। ਜਿਹੜੀ ਉਸ ਨੂੰ ਆਪਣੀ ਇੱਜ਼ਤ ਢਕਣ ਲਈ ਮਜ਼ਬੂਰੀ ਵੱਸ ਉਪਰ ਚੁੱਕਣੀ ਪੈਂਦੀ ਸੀ, ਨਹੀਂ ਤਾਂ ਉਹ ਜੱਗ ਜਹਾਨ ਵਿਚ 'ਨੰਗਾ' ਹੁੰਦਾ ਸੀ! ਕੀ ਸੀ ਇਹ ਆਵਾਗੌਣ ਜ਼ਿੰਦਗੀ...?

ਜਦ ਉਸ ਨੇ ਘਰ ਦਾ ਦਰਵਾਜਾ ਖੋਲ੍ਹਿਆ ਤਾਂ ਲੱਕੜ ਦਾ ਦਰਵਾਜਾ ਇੰਜ ਚੀਕਿਆ, ਜਿਵੇਂ ਆਪਣੇ ਮਾਲਕ ਦੇ ਗਲ਼ ਲੱਗ ਕੇ ਕੀਰਨਾ ਪਾਇਆ ਹੋਵੇ...! ਹਰਦੇਵ ਦੇ ਮਨ ਦੀ ਅਵਸਥਾ ਵੀ ਕੁਝ ਅਜਿਹੀ ਹੀ, ਧਾਹ ਮਾਰਨ ਵਾਲੀ ਹੋਈ ਪਈ ਸੀ। ਅੰਦਰ ਘੁੱਪ ਹਨ੍ਹੇਰਾ ਸੀ। ਪਰ ਹਰਦੇਵ ਦੇ ਆਪਣੇ ਜ਼ਿਹਨ ਵਿਚ ਇਕ ਅਜੀਬ ਚਾਨਣ, ਇਕ ਅਜੀਬ ਹੀ ਨੂਰ ਸੀ। ਉਹ ਵਰਾਂਡਾ ਲੰਘ ਕੇ ਅੰਦਰ ਗਿਆ ਤਾਂ ਸੈਂਕੜੇ ਯਾਦਾਂ ਨੇ ਉਸ ਨੂੰ ਘੇਰ ਲਿਆ...!

ਕਲਪਨਾ ਵਿਚ, ਮਰੀ ਮਾਂ ਨੇ ਉਸ ਨੂੰ ਬੜੇ ਪਿਆਰ ਨਾਲ ਬੁੱਕਲ ਵਿਚ ਲਿਆ। ਹੰਝੂ ਕੇਰੇ! ਨਹੋਰ੍ਹੇ ਦਿੱਤੇ। ਕਿੰਨਾ ਚਿਰ ਨਾ ਆਉਣ ਕਰ ਕੇ ਗੁੱਸਾ-ਗਿ਼ਲਾ ਵੀ ਕੀਤਾ। ਕਈ ਸਾਲ ਪਹਿਲਾਂ ਤੁਰ ਗਏ ਬਾਪੂ ਨੇ "ਤਕੜੈਂ ਸ਼ੇਰਾ...?" ਪੁੱਛ ਕੇ ਸਿਰ ਪਲੋਸਿਆ। ਕਿੱਥੋਂ ਕਿੱਥੇ ਪੁੱਜ ਗਿਆ ਸੀ ਹਰਦੇਵ...? ਸੱਤ ਸਮੁੰਦਰੋਂ ਪਾਰ...! ਗੋਰਿਆਂ ਦੀ ਧਰਤੀ 'ਤੇ...! ਜਿਸ ਨੂੰ ਲੋਕ ਪਰੀਆਂ ਦਾ ਦੇਸ਼ ਆਖਦੇ ਸਨ। ਪਰ ਉਸ ਪਰੀਆਂ ਦੇ ਦੇਸ਼ ਨੇ ਹਰਦੇਵ ਨਾਲ ਕਦੇ ਵੀ ਵਫ਼ਾ ਨਾ ਕੀਤੀ। ਸ਼ਾਇਦ ਪਰੀਆਂ ਦੇ ਦੇਸ਼ ਜਾਂ ਪਰਾਏ ਲੋਕਾਂ ਦਾ ਕਸੂਰ ਇਤਨਾ ਨਹੀਂ ਸੀ, ਜਿਤਨਾ ਕਸੂਰ ਉਸ ਦੇ 'ਆਪਣਿਆਂ' ਦਾ ਸੀ! ਕਿੰਨੇ ਰਿਸ਼ਤੇਦਾਰ ਅਤੇ ਕਿੰਨੇ ਦੋਸਤ ਮਿੱਤਰ ਉਸ ਨੇ ਉਸ ਪਰੀਆਂ ਦੇ ਦੇਸ਼ ਵਿਚ ਬੁਲਾਏ। ਰਾਹਦਾਰੀਆਂ ਭੇਜੀਆਂ, ਜਹਾਜ ਦੀਆਂ ਟਿਕਟਾਂ ਪੱਲਿਓਂ ਖਰਚੀਆਂ, ਬੜੀ ਜੱਦੋਜਹਿਦ ਕੀਤੀ। ਅਖੇ ਮੇਰੇ ਰਿਸ਼ਤੇਦਾਰ, ਮੇਰੇ ਮਿੱਤਰ ਮੇਰੀਆਂ ਬਾਹਵਾਂ ਬਣਨਗੇ! ਕੀ ਬਣਿਆਂ...? ਇਸ ਖ਼ਰੀਂਢ ਨੂੰ ਉਚੇੜ ਕੇ ਹਰਦੇਵ ਆਪਣਾ ਹਿਰਦਾ ਮੁੜ ਤੋਂ ਜ਼ਖ਼ਮੀਂ ਨਹੀਂ ਕਰਨਾ ਚਾਹੁੰਦਾ ਸੀ। ਬੜੇ ਦੁਖੜੇ ਸਹੇ ਸਨ ਉਸ ਨੇ। ਬੜਾ ਉਚਾ ਸੋਚਿਆ ਸੀ ਉਸ ਨੇ ਆਪਣੇ ਰਿਸ਼ਤੇਦਾਰਾਂ ਖ਼ਾਤਿਰ! ਉਹ ਆਪਣੇ ਰਿਸ਼ਤੇਦਾਰਾਂ, ਮਿੱਤਰਾਂ ਨੂੰ ਲੋਕਾਂ ਨਾਲੋਂ 'ਉੱਚਾ' ਦੇਖਣਾ ਚਾਹੁੰਦਾ ਸੀ। ਪਰ ਕਮੀਨੇ ਰਿਸ਼ਤੇਦਾਰ ਅਤੇ ਖ਼ੁਦਗਰਜ਼ ਮਿੱਤਰ ਤਾਂ ਉਸ ਦੀਆਂ ਹੀ ਟੰਗਾਂ ਖਿੱਚਣ ਲੱਗ ਪਏ ਸਨ। ਉਸ ਨੂੰ ਹੀ ਪੁੱਠਾ ਘੜ੍ਹੀਸਣ ਲੱਗ ਪਏ ਸਨ। ਉਸ ਨੂੰ ਹੀ ਪੌੜੀ ਤੋਂ ਸੁੱਟਣ ਦੀਆਂ ਸਾਜ਼ਿਸ਼ਾਂ ਰਚਣ ਲੱਗ ਪਏ ਸਨ। ਸਿਆਣੇ ਆਖਦੇ ਹਨ ਕਿ ਭੱਜੀਆਂ ਬਾਂਹਾਂ ਗਲਾਂ ਨੂੰ ਆਈਆਂ! ਪਰ ਉਹ ਬਾਂਹਾਂ ਤਾਂ ਉਸ ਦੀ ਹੀ ਸੰਘੀ ਦਬਾਉਣ ਦੀਆਂ ਸਾਜ਼ਿਸ਼ਾਂ ਵਿਚ ਲੱਗ ਗਈਆਂ ਸਨ!

ਗੁਰਦੁਆਰੇ ਦਾ ਪਾਠੀ ਬੋਲਿਆ ਤਾਂ "ਸਤਿਨਾਮ-ਸ੍ਰੀ ਵਾਹਿਗੁਰੂ...!" ਦੇ ਪਵਿੱਤਰ ਸ਼ਬਦਾਂ ਨਾਲ ਹਰਦੇਵ ਦੀਆਂ ਸੋਚਾਂ ਦੀ ਤੰਦ ਟੁੱਟੀ...!

ਪੰਛੀ ਚਹਿਕਣ ਲੱਗ ਪਏ ਸਨ। ਵਿਹੜੇ ਵਿਚ ਬਾਹਵਾ ਚਾਨਣ ਹੋ ਗਿਆ ਸੀ। ਉਸ ਨੇ ਵਿਹੜੇ ਵਿਚ ਖੜ੍ਹਾ ਨਲ਼ਕਾ ਚਲਾ ਕੇ ਦੇਖਿਆ ਤਾਂ ਉਹ ਪਾਣੀ ਤੋਂ ਸੱਖਣਾਂ, ਦਮੇਂ ਦੇ ਮਾਰੇ ਮਰੀਜ਼ ਵਾਂਗ "ਘੜੱਚ-ਘੜੱਚ" ਹੀ ਕਰੀ ਜਾਂਦਾ ਸੀ! ਨਲ਼ਕਾ ਉਸ ਨੂੰ ਕੁਪੱਤੀ ਸੱਸ ਵਾਂਗ ਮਿਹਣੇ ਜਿਹੇ ਮਾਰਦਾ ਪ੍ਰਤੀਤ ਹੋਇਆ। ਫਿਰ ਉਸ ਨੇ ਢਹੀਆਂ ਖੁਰਲੀਆਂ ਵੱਲ ਲੰਬੀ ਨਿਗਾਹ ਮਾਰੀ। ਖਾਲੀ ਖੁਰਲੀਆਂ ਦੇਖ ਕੇ ਉਸ ਨੂੰ ਹੌਲ ਜਿਹਾ ਪੈ ਗਿਆ। ਇਹਨਾਂ ਖੁਰਲੀਆਂ ਉਪਰ ਕਦੇ ਪੰਜ-ਪੰਜ ਸੱਜਰ ਸੂਈਆਂ ਮੱਝਾਂ ਅਤੇ ਕੰਨਾਂ ਵਿਚ ਭਾਂਤ ਸੁਭਾਂਤੇ ਫੁੱਲ ਪਾਈ, ਕੱਟਰੂ ਖੜ੍ਹੇ ਹੁੰਦੇ ਸਨ। ਵਿਹੜੇ ਦੇ ਦੂਜੇ ਖੂੰਜੇ ਨਾਰੇ ਬਲਦਾਂ ਦੀ ਇਕ ਜੋੜੀ ਬੰਨ੍ਹੀ ਹੁੰਦੀ ਸੀ। ਜਿਹਨਾਂ ਦੀਆਂ ਟੱਲੀਆਂ ਦੀ ਅਵਾਜ਼ ਸਵੇਰੇ-ਸਵੇਰੇ ਕੋਈ ਗ਼ੈਬੀ ਨਾਦ ਛੇੜਦੀ ਸੀ। ਜਦੋਂ ਵੀ ਹਰਦੇਵ ਨੇ ਘਰੇ ਆਉਣਾ ਤਾਂ ਬੱਲ੍ਹੀ ਮੱਝ ਨੇ ਰਿੰਗ ਕੇ ਉਸ ਦਾ 'ਸੁਆਗਤ' ਕਰਨਾ। ਹਰਦੇਵ ਵੀ ਉਸ ਨੂੰ ਆਟੇ ਦਾ 'ਧੂੜਾ' ਧੂੜੀ ਰੱਖਦਾ ਸੀ। ਬੇਬੇ ਨੇ ਬਥੇਰੀ ਦੁਹਾਈ ਦੇਣੀ, "ਵੇ ਕਾਹਨੂੰ ਮੱਝ ਨੂੰ ਆਟਾ ਚਾਰੀ ਜਾਨੈ..? ਖਾਵਾਂਗੇ ਕੀ, ਖ਼ਸਮਾਂ ਨੂੰ ਖਾਣਿਆਂ...?" ਪਰ ਉਸ ਨੇ ਸੁਣੀ, ਅਣਸੁਣੀ ਕਰ ਦੇਣੀ। ਹੁਣ ਇਹ ਸਾਰਾ ਘਰ ਉਜਾੜ ਅਤੇ ਰੋਹੀ ਬੀਆਬਾਨ ਜਿਹਾ ਬਣਿਆਂ ਪਿਆ ਸੀ, ਉਸ ਦੀ ਆਪਣੀ ਹੀ ਜ਼ਿੰਦਗੀ ਵਾਂਗ...! ਬਾਪੂ ਦੀ ਗੜ੍ਹਕਵੀਂ ਅਵਾਜ਼ ਤੂੜੀ ਵਾਲੇ ਅੰਦਰੋਂ ਵੀ ਨਗਾਰੇ ਵਾਂਗ ਵੱਜਦੀ ਸੀ। ਮਾਂ ਦੀ ਮਾਖਿਓਂ ਮਿੱਠੀ ਅਵਾਜ਼ ਕੰਨਾਂ ਵਿਚ ਕੋਈ ਸ਼ਹਿਦ-ਰਸ ਘੋਲ਼ਦੀ ਸੀ। ਇਸ ਵਿਹੜੇ ਵਿਚ ਗੂੰਜਣ ਵਾਲੀਆਂ ਅਵਾਜ਼ਾਂ ਪਤਾ ਨਹੀਂ ਕਿਹੜੀ ਕੂਟੀਂ ਚੜ੍ਹ ਗਈਆਂ ਸਨ...?

ਵਿਹੜੇ ਵਿਚ ਲੋਹੜੇ ਦਾ ਘਾਹ ਉਗਿਆ ਪਿਆ ਸੀ। ਬੇਬੇ ਵੇਲੇ ਦੇ ਚੁੱਲ੍ਹਿਆਂ ਅਤੇ ਹਾਰਿਆਂ ਵਿਚ ਵੀ ਘਾਹ ਖੜ੍ਹਾ ਸੀ! ਖੁਰਲੀ 'ਤੇ ਚੜ੍ਹ ਕੇ ਉਸ ਨੇ ਆਪਣੇ ਘਰ ਦਾ ਪਿਛਵਾੜਾ ਤੱਕਿਆ। ਆਂਢੀ ਗੁਆਂਢੀਆਂ ਨੇ ਰੂੜੀ ਲਾਈ

ਹੋਈ ਸੀ ਅਤੇ ਗੱਡੇ ਹੋਏ ਕਿੱਲਿਆਂ ਤੋਂ ਲੱਗਦਾ ਸੀ ਕਿ ਗੁਆਂਢੀ ਦਿਨੇ ਇੱਥੇ ਪਸ਼ੂ-ਡੰਗਰ ਬੰਨ੍ਹਦੇ ਸਨ। ਉਹ ਖੁਰਲੀ ਤੋਂ ਹੇਠਾਂ ਉਤਰ ਆਇਆ। ਉਸ ਦਾ ਦਿਲ ਅਥਾਹ ਦੁਖੀ ਹੋ ਗਿਆ। ਉਸ ਨੂੰ ਬਾਪੂ ਦੇ ਕਹੇ ਬਚਨ ਯਾਦ ਆਏ, "ਕੀ ਕਰਨੈਂ ਇੱਥੇ ਕੋਠੀ ਪਾ ਕੇ ਸ਼ੇਰਾ? ਤੇਰੀ ਕੋਠੀ ਵਿਚ ਤਾਂ ਫੇਰ ਕੁੱਤੇ ਈ ਮੂਤਿਆ ਕਰਨਗੇ! ਅਸੀਂ ਕਿੰਨੇ ਕੁ ਰੋਜ ਐਂ..? ਅੱਜ ਮਰੇ ਭਲਕੇ ਦੂਜਾ ਦਿਨ..! ਨਾ ਪੈਸੇ ਬਰਬਾਦ ਕਰ..! ਨਾਲੇ ਤੂੰ ਕਿਹੜਾ ਐਥੇ ਆ ਕੇ ਕੋਠੀ 'ਚ ਰਹਿਣੈਂ..? ਤੇਰੀ ਔਲਾਦ ਤਾਂ ਬਾਹਰ ਜੰਮੀ, ਬਾਹਰ ਪਲ਼ੀ-ਉਹ ਤਾਂ ਐਥੋਂ ਦੀ ਭਾਸ਼ਾ ਨ੍ਹੀ ਜਾਣਦੇ-ਐਥੇ ਆ ਕੇ ਵਸਣਾ ਤਾਂ ਉਹਨਾਂ ਨੇ ਕੀ ਐ..? ਦੁਨੀਆਂ ਦੀ ਵਡਿਆਈ ਨਾਲੋਂ ਐਵੇਂ ਈ ਚੰਗੇ ਐਂ...!" ਜਦੋਂ ਉਸ ਨੇ ਕੋਠੀ ਪਾਉਣ ਬਾਰੇ ਬਾਪੂ ਨਾਲ ਸਲਾਹ ਕੀਤੀ ਸੀ ਤਾਂ ਬਾਪੂ ਨੇ ਉਸ ਨੂੰ ਕੋਠੀ ਨਾ ਪਾਉਣ ਦੀ ਰਾਇ ਹੀ ਦਿੱਤੀ ਸੀ। ਬਾਪੂ ਦੀ ਸਲਾਹ ਅੱਜ ਉਸ ਨੂੰ ਬਿਲਕੁਲ, ਸੋਲ੍ਹਾਂ ਆਨੇ ਸਹੀ ਹੀ ਤਾਂ ਜਾਪ ਰਹੀ ਸੀ। ਸਿਆਣੇ ਦਾ ਕਿਹਾ ਅਤੇ ਔਲੇ ਦਾ ਖਾਧਾ ਪਿੱਛੋਂ ਪਤਾ ਲੱਗਦੈ!

ਗਹੁ ਨਾਲ ਦੇਖਣ ਤੋਂ ਪਤਾ ਲੱਗਦਾ ਸੀ ਕਿ ਪਿਛਲੀ, ਵੱਡੀ ਸਵਾਤ ਕਦੋਂ ਦੀ ਢਹਿ ਚੁੱਕੀ ਸੀ। ਇਸ ਸਵਾਤ ਹੇਠ ਉਹ ਬਚਪਨ ਤੋਂ ਲੈ ਕੇ ਜੁਆਨੀ ਤੱਕ ਮੰਜਾ ਡਾਹ ਕੇ ਸੌਂਦਾ ਰਿਹਾ ਸੀ। ਇਕ ਵਾਰ ਉਹ ਸਵਾਤ ਵਿਚ ਬੈਠਾ ਲੈਂਪ ਜਗਾ ਕੇ ਰਾਤ ਨੂੰ 'ਪ੍ਰੀਤੋ' ਨੂੰ ਚਿੱਠੀ ਲਿਖ ਰਿਹਾ ਸੀ। ਘਰਦੇ ਅਨਪੜ੍ਹ ਹੋਣ ਕਰਕੇ ਇਹ ਹੀ ਸਮਝ ਰਹੇ ਸਨ ਕਿ ਹਰਦੇਵ ਸਿਉਂ ਪੜ੍ਹ ਰਿਹਾ ਹੈ। ਪਰ ਜਦ ਉਸ ਦਾ ਫ਼ੌਜੀ ਚਾਚਾ ਉਸ ਕੋਲ ਆਇਆ ਤਾਂ ਹਰਦੇਵ ਨੂੰ ਲੈਂਪ ਦੇ ਚਾਨਣ ਅੱਗੇ ਬੈਠੇ ਨੂੰ ਚਾਚੇ ਆਏ ਦਾ ਪਤਾ ਨਾ ਚੱਲਿਆ। ਉਸ ਦੇ ਭਾਅ ਦਾ ਤਾਂ ਬਾਪੂ ਜਾਂ ਬੇਬੇ ਹੀ ਆਈ ਸੀ। ਉਹ ਚਿੱਠੀ ਲਿਖਣ ਵਿਚ ਹੀ ਮਘਨ ਰਿਹਾ ਤਾਂ ਚਾਚੇ ਨੇ ਪੜ੍ਹ ਕੇ ਪੁੱਛ ਹੀ ਲਿਆ, "ਕੁੜੀ ਯ੍ਹਾਵਿਆ, ਆਹ ਪੜ੍ਹਾਈ ਕਰਦੈਂ ਜਾਂ ਆਸ਼ਕੀ ਮਾਸ਼ੂਕੀ ਹੁੰਦੀ ਐ ਉਏ...?" ਤੇ ਹਰਦੇਵ ਨੂੰ ਉਸ ਨੇ ਉਸ ਦੀ ਹਾਕੀ ਨਾਲ ਹੀ ਕੁੱਟ ਦਿੱਤਾ ਸੀ। ਚਾਚਾ ਉਸ ਨੂੰ ਘਤਿੱਤਾਂ ਤੋਂ ਰੋਕਦਾ ਅਤੇ ਪੜ੍ਹਨ ਲਈ ਆਖਦਾ ਸੀ। ਪਰ ਉਹ ਚਾਚੇ ਦੇ ਚਰਨ ਫੜ ਕੇ ਇਹ ਗੱਲ ਘਰਦਿਆਂ ਤੋਂ ਛੁਪਾਉਣ ਵਿਚ ਕਾਮਯਾਬ ਰਹਿ ਗਿਆ ਸੀ। ਉਸ ਨੇ ਚਾਚੇ ਅੱਗੇ ਕਸਮ ਖਾਧੀ, ਵਾਅਦਾ ਕੀਤਾ ਸੀ ਕਿ ਅੱਗੇ ਤੋਂ ਉਹ, ਪ੍ਰੀਤੋ ਨੂੰ ਚਿੱਠੀ ਪੱਤਰ ਤਾਂ ਕੀ ਲਿਖਣਾ ਸੀ? ਬੁਲਾਵੇਗਾ ਵੀ ਨਹੀਂ...! ਪਰ ਪ੍ਰੀਤੋ ਨੂੰ ਉਹ ਕਿਵੇ ਭੁੱਲ ਸਕਦਾ ਸੀ...? ਪ੍ਰੀਤੋ ਵਿਚ ਦੀ ਤਾਂ ਉਸ ਨੂੰ ਸਾਹ ਆਉਂਦਾ ਸੀ! ਪ੍ਰੀਤੋ ਤਾਂ ਉਸ ਦੀ ਰੂਹ ਸੀ। ਉਸ ਦੀ ਜਿੰਦ ਸੀ। ਉਸ ਦਾ ਵਜੂਦ ਸੀ। ਉਸ ਦਾ ਸਭ ਕੁਝ ਸੀ। ਜੇ ਪ੍ਰੀਤੋ ਹੀ ਛੱਡ ਦਿੱਤੀ, ਤਾਂ ਇਸ ਜੱਗ 'ਤੇ ਕਾਹਦਾ ਜਿਉਣਾ ਰਹਿ ਗਿਆ...? ਉਸ ਨੂੰ ਮਿਰਗ ਨੈਣਾਂ ਵਾਲੀ ਪ੍ਰੀਤੋ ਦੀ ਪਹਿਲੀ ਮਿਲਣੀ ਕਦੇ ਨਹੀਂ ਭੁੱਲੀ ਸੀ। ਇੰਗਲੈਂਡ ਵਿਚ ਵੀ ਯਾਦ ਆਉਂਦੀ ਰਹੀ ਸੀ।

ਹਰਦੇਵ ਮੋਗੇ ਡੀ. ਐੱਮ. ਕਾਲਜ ਵਿਚ ਦਾਖ਼ਲ ਹੋਇਆ ਸੀ ਅਤੇ ਪ੍ਰੀਤੋ ਦਸਵੀਂ ਵਿਚ ਸੀ। ਇਕ ਦਿਨ ਉਹ ਪ੍ਰੀਤੋ ਕੇ ਘਰ ਅੱਗੋਂ ਦੀ ਬਣ-ਠਣ ਕੇ ਸਾਈਕਲ 'ਤੇ ਕਾਲਜ ਜਾ ਰਿਹਾ ਸੀ ਕਿ ਪ੍ਰੀਤੋ ਅੰਦਰੋਂ ਗੰਦੇ ਪਾਣੀ ਦੀ ਬਾਲਟੀ ਡੋਲ੍ਹਣ ਬਾਹਰ ਆਈ। ਤੇਜ਼ੀ ਵਿਚ ਉਸ ਨੇ ਗੰਦਾ ਪਾਣੀ ਦੂਰੋਂ ਹੀ ਡੋਲ੍ਹਿਆ ਤਾਂ ਸਾਈਕਲ 'ਤੇ ਲੰਘਦੇ ਹਰਦੇਵ ਦੀ ਸਾਰੀ ਪੈਂਟ ਅਤੇ ਜੁੱਤੀ ਗੱਚ ਹੋ ਗਈ। ਉਸ ਦੀ ਸਾਰੀ ਟੌਹਰ ਘੱਟੇ ਵਿਚ ਰੁਲ਼ ਗਈ। ਉਹ ਦੁਖੀ ਹੋਇਆ ਕੁੜੀ 'ਤੇ ਵਰ੍ਹ ਪਿਆ...!

-"ਕੁੜੀਏ ਮੱਤ ਮਾਰੀ ਐ ਤੇਰੀ...? ਕੋਈ ਲੰਘਦਾ ਟੱਪਦਾ ਤਾਂ ਦੇਖ ਲਿਆ ਕਰ...! ਸਾਰੀ ਪੈਂਟ ਦਾ ਨਾਸ ਮਾਰ ਕੇ ਰੱਖਤਾ...ਯਧ-ਕਮਲ਼ੀ ਨਾ ਹੋਵੇ ਤਾਂ...!" ਹਰਦੇਵ ਨੇ ਦਿਲ ਦੀ ਭੜ੍ਹਾਸ ਕੱਢ ਮਾਰੀ ਅਤੇ ਉਤਰ ਕੇ ਪੈਂਟ ਝਾੜਨ ਲੱਗ ਪਿਆ।

-"ਵੇ ਦੇਵ...! ਕਾਲਜ ਈ ਚੱਲਿਐਂ! ਕਿਤੇ ਡੋਲ਼ਾ ਵਿਆਹੁੰਣ ਤਾਂ ਨ੍ਹੀ ਚੱਲਿਆ ਬਈ ਗਿੱਲੀ ਪੈਂਟ ਦੇਖ ਕੇ ਸਾਲੀਆਂ ਟਿੱਚਰਾਂ ਕਰਨਗੀਆਂ? ਤੂੰ ਤਾਂ ਇਉਂ ਭੂਸਰ ਗਿਆ-ਜਿਵੇਂ ਮੈਂ ਕੋਈ ਬਦਸ਼ਗਨੀ ਕਰਤੀ ਹੁੰਦੀ ਐ...?" ਕੁੜੀ ਦੀਆਂ ਬਲੌਰੀ ਅੱਖਾਂ ਦੀ ਤਿਰਛੀ ਤੱਕਣੀਂ ਹਰਦੇਵ ਦੇ ਸੀਨੇ ਵਿਚੋਂ ਦੀ ਗਰਮ ਸਰੀਏ ਵਾਂਗ ਆਰ-ਪਾਰ ਲੰਘ ਗਈ। ਉਹ ਹਾਰੇ ਹੋਏ ਜੁਆਰੀਏ ਵਾਂਗ ਝੂਠਾ ਜਿਹਾ ਹੀ ਤਾਂ ਹੋ ਗਿਆ ਸੀ। ਕੋਲ ਕੁਝ ਕਹਿਣ ਲਈ ਨਹੀਂ ਬਚਿਆ ਸੀ। ਦੁਸ਼ਮਣ ਦੇ ਘੇਰੇ ਵਿਚ ਆਏ ਫ਼ੌਜੀ ਵਾਂਗ ਹਰਦੇਵ ਹਥਿਆਰ ਸੁੱਟਣ ਲਈ ਮਜ਼ਬੂਰ ਸੀ! ਹਥਿਆਰ ਸੁੱਟਣ ਬਿਨਾ ਕੋਈ ਚਾਰਾ ਵੀ ਨਹੀਂ ਸੀ। ਪਰ ਪ੍ਰੀਤੋ ਦੀ ਸੋਹਣੀ ਸ਼ਕਲ ਸੂਰਤ ਉਸ ਦੇ ਤਨ-ਮਨ ਅੰਦਰ ਬਿਜਲੀ ਦੇ ਝਟਕੇ ਵਾਂਗ ਉਤਰ ਗਈ ਸੀ...! ਉਹ ਕਮਲ਼ਾ ਹੀ ਤਾਂ ਹੋ ਗਿਆ ਸੀ...!

ਪ੍ਰੀਤੋ ਦੇ ਮਾਂ-ਬਾਪ ਕਿਸੇ ਬਾਹਰਲੇ ਪਿੰਡੋਂ ਆ ਕੇ ਇਸ ਪਿੰਡ ਵਿਚ ਵਸੇ ਸਨ। ਪ੍ਰੀਤੋ ਦਾ ਇਕ ਛੋਟਾ ਭਾਈ ਨੀਟੂ ਵੀ ਸੀ। ਜੱਦੀ-ਪੁਸ਼ਤੀ ਦੁਸ਼ਮਣੀ ਹੋਣ ਕਾਰਨ ਇਸ ਮੱਧ-ਵਰਗੀ ਪ੍ਰੀਵਾਰ ਨੇ ਆਪਣੇ ਪਿੰਡੋਂ ਆਪਣੀ ਜ਼ਮੀਨ ਵੇਚ ਕੇ ਇਸ ਪਿੰਡ ਵਿਚ ਆ ਜ਼ਮੀਨ ਖਰੀਦੀ ਸੀ। ਪ੍ਰੀਤੋ ਦੇ ਬਾਪ ਨੂੰ ਉਸ ਦੇ ਘਰਾਂ 'ਚੋਂ ਲੱਗਦੇ ਸੁਹਿਰਦ ਭਰਾ ਜੱਗਰ ਨੇ ਮੱਤ ਦਿੱਤੀ ਸੀ, "ਬੰਤ ਸਿਆਂ! ਤੇਰੇ ਇੱਕੋ ਇਕ ਪੁੱਤ ਐ-ਪੁੱਤੀਂ ਗੰਢ ਪਵੇ ਸੰਸਾਰ...! ਰੱਬ ਉਹਨੂੰ ਰਾਜੀ ਖੁਸ਼ੀ ਰੱਖੇ..! ਹੁਣ ਤੂੰ ਇਉਂ ਕਰ, ਐਸ ਪਿੰਡੋਂ ਜ਼ਮੀਨ ਵੇਚ ਕੇ ਕਿਸੇ ਹੋਰ ਪਿੰਡ ਜਾ ਵਸ-ਤੇਰਾ 'ਕੱਲਾ 'ਕੱਲਾ ਪੁੱਤ ਐ-ਰੱਬ ਤੋਂ ਸੁੱਖਾਂ ਸੁਖ ਸੁਖ ਮਸਾਂ ਲਿਐ-ਗੁਰੂ ਬਾਬਾ ਇਹਦੀ ਲੰਮੀ ਉਮਰ ਕਰੇ...! ਸ਼ਰੀਕਾਂ ਨੇ ਤੈਨੂੰ ਸ਼ਾਂਤੀ ਨਾਲ ਜਿਉਣ ਨ੍ਹੀ ਦੇਣਾ...! ਆਬਦੇ 'ਕੱਲੇ 'ਕੱਲੇ ਪੁੱਤ ਦਾ ਖ਼ਿਆਲ ਕਰ..! ਕੁਛ ਨ੍ਹੀ ਧਰਿਆ ਪਿਆ ਦੁਸ਼ਮਣੀਆਂ 'ਚ...! ਰੱਬ ਨਾ ਕਰੇ, ਇਕ ਮਰੂ, ਦੂਜਾ ਫ਼ਾਹੇ ਲੱਗੂ..? ਕੀ ਖੱਟਿਆ? ਤਬਾਹੀ...! ਘਰ ਤਾਂ ਉਜੜਜੂ ਨਾ ਫੇਰ..? ਪਿਛਲੇ ਊਂ ਰੁਲ਼ ਖੁਲ਼ ਜਾਣਗੇ-ਸਿਆਣਾ ਬਣ ਤੇ ਐਸ ਪਿੰਡੋਂ ਕਿਨਾਰਾ ਕਰਜਾ..! ਬੀਹ ਰਹੇਂਗਾ...!" ਤੇ ਘਰਾਂ 'ਚੋਂ ਲੱਗਦੇ ਸਿਆਣੇ ਭਰਾ ਜੱਗਰ ਦੀ ਸਲਾਹ ਮੰਨ ਕੇ ਪ੍ਰੀਤੋ ਦੇ ਬਾਪੂ ਬੰਤ ਸਿੰਘ ਨੇ ਆਪਣੀ ਬੰਦੂਕ ਮੋਢਿਓਂ ਲਾਹ ਕੇ ਰੱਖ ਦਿੱਤੀ ਅਤੇ ਪਿੰਡੋਂ ਆਪਣੀ ਪੈਲੀ ਵੇਚ ਹਰਦੇਵ ਦੇ ਪਿੰਡ ਆ ਵਸੇਬਾ ਕੀਤਾ ਸੀ। ਜੱਦੀ ਪੁਸ਼ਤੀ ਪੈਲ਼ੀ ਵੇਚਣ ਵੇਲੇ ਲੋਕਾਂ ਨੇ ਬੜੇ ਤਾਹਨੇ ਮਿਹਣੇ ਕਸੇ ਸਨ, "ਬੰਤ ਸਿਉਂ ਡਰਾਕਲ਼ ਸੀ-ਡਰ ਗਿਆ...!" ਪਰ ਉਸ ਨੇ ਕਿਸੇ ਗੱਲ ਦੀ, ਕਿਸੇ ਤਰਕ ਦੀ ਪ੍ਰਵਾਹ ਨਾ ਕੀਤੀ। ਕੰਨ ਨਾ ਧਰਿਆ। ਇਕ ਜੱਗਰ ਦੀ ਗੱਲ ਉਸ ਦੇ ਦਿਲ ਲੱਗ ਗਈ ਸੀ, "ਬੰਤ ਸਿਆਂ, ਤੂੰ ਦੁਸ਼ਮਣਾਂ ਦਾ ਸਾਰਾ ਕੋੜਮਾਂ ਮਾਰ ਕੇ ਫ਼ਾਹੇ ਚੜ੍ਹਜਾ, ਦੁਨੀਆਂ ਨੇ ਤੈਨੂੰ ਫੇਰ ਵੀ ਸ਼ਾਬਾਸ਼ੇ ਨ੍ਹੀ ਦੇਣੀ...!" ਤੇ ਉਹ ਕੰਨ ਅਤੇ ਅੱਖਾਂ ਮੁੰਦ ਕੇ, ਸਾਰਾ ਕੁਝ ਵੇਚ-ਵੱਟ ਕੇ ਆ ਗਿਆ ਸੀ।

-"ਵੇ ਭਾਈ ਹਰਦੇਵ ਸਿਉਂ ਐ...?" ਕਿਸੇ ਬਿਰਧ ਮਾਈ ਨੇ ਹਰਦੇਵ ਦੀ ਬਿਰਤੀ ਉਖੇੜੀ। ਉਹ ਦਰਵਾਜਾ ਖੁੱਲ੍ਹਾ ਦੇਖ ਕੇ ਅੰਦਰ ਆ ਗਈ ਸੀ। ਸੂਰਜ ਦਾ ਚੜ੍ਹਾਅ ਹੋ ਗਿਆ ਸੀ। ਮਾਈ ਦੀਆਂ ਬਿਰਧ, ਬੁਝੀਆਂ ਅੱਖਾਂ 'ਚ ਖੁਸ਼ੀ ਲਿਸ਼ਕ ਪਈ ਸੀ।

-"ਆਹੋ ਤਾਈ..! ਤਕੜੀ ਐਂ...?" ਹਰਦੇਵ ਨੇ ਗੁਆਂਢਣ ਤਾਈ ਦੇ ਪੈਰੀਂ ਹੱਥ ਲਾਏ। ਤਾਈ ਨੇ ਅਸੀਸ ਦੇ ਕੇ ਹਰਦੇਵ ਨੂੰ ਛਾਤੀ ਨਾਲ ਲਾ ਕੇ ਘੁੱਟ ਲਿਆ। ਤਾਈ ਵਿਚੋਂ ਉਸ ਨੂੰ ਬੇਬੇ ਵਰਗਾ ਨਿੱਘ ਹੀ ਤਾਂ ਆਇਆ ਸੀ! ਨਿੱਕਾ ਹੁੰਦਾ ਉਹ ਇਹਨਾਂ ਦੇ ਵਿਹੜੇ ਵਿਚ ਤਾਂ ਖੇਡਦਾ ਰਿਹਾ ਸੀ। ਸ਼ਰਾਰਤਾਂ ਕਰਦਾ ਰਿਹਾ ਸੀ।

-"ਹੋਰ ਪੁੱਤ, ਤੇਰਾ ਮਹੈਣ ਤਾਂ ਤਕੜੈ...?" ਤਾਈ ਦੇ ਬੋਲਾਂ ਵਿਚ ਹੰਝੂ ਬੋਲੇ।

-"........!" ਬੋਲਿਆ ਹਰਦੇਵ ਤੋਂ ਵੀ ਨਾ ਗਿਆ। ਮਨ ਉਸ ਦਾ ਵੀ ਭਾਰਾ ਹੋ ਗਿਆ ਸੀ। ਭਰੇ ਗਲ਼ ਨਾਲ਼ ਉਸ ਨੇ ਸਿਰ ਹਿਲਾ ਕੇ ਹੀ ਹੁੰਗਾਰਾ ਜਿਹਾ ਭਰਿਆ ਅਤੇ ਚਿਹਰਾ ਨੀਵਾਂ ਕਰ ਕੇ ਭਰੀਆਂ ਅੱਖਾਂ ਪੂੰਝ ਲਈਆਂ।

-"ਬੱਸ ਪੁੱਤ...! ਰੋਣਾ ਕਾਹਤੋਂ...? ਐਮੇ ਨ੍ਹੀ ਰੋਈਦਾ ਹੁੰਦਾ! ਹੈ ਕਮਲ਼ਾ ਪੁੱਤ...!" ਤਾਈ ਖ਼ੁਦ ਅੱਖਾਂ ਪੂੰਝਦੀ ਆਖ ਰਹੀ ਸੀ। ਹਰਦੇਵ ਤਾਈ ਦੇ ਗਲ਼ ਬੱਚੇ ਵਾਂਗ ਲੱਗਿਆ ਨਹੀਂ, ਇਕ ਤਰ੍ਹਾਂ ਚਿੰਬੜਿਆ ਹੋਇਆ ਸੀ। ਉਸ ਨੂੰ ਤਾਈ ਦੇ ਪਿੰਡੇ ਵਿਚੋਂ ਆਉਂਦੀ ਪਸੀਨੇ ਦੀ ਹੌਂਕ ਵੀ ਮਿੱਠੀ-ਮਿੱਠੀ ਜਿਹੀ ਲੱਗੀ ਸੀ। ਤਾਈ ਦਾ ਪਿੰਜਰ ਸਰੀਰ ਪਿਆਰਾ-ਪਿਆਰਾ ਜਿਹਾ ਜਾਪਿਆ ਸੀ। ਉਸ ਦੀਆਂ ਚੁਭਦੀਆਂ ਹੱਡੀਆਂ ਵਿਚੋਂ ਅਜੀਬ ਸਕੂਨ ਆਇਆ ਸੀ। ਤਾਈ ਵਿਚੋਂ ਉਸ ਨੂੰ ਮਾਂ ਹੀ ਤਾਂ ਨਜ਼ਰ ਆ ਰਹੀ ਸੀ। ਘਰਾਂ 'ਚੋਂ ਲੱਗਦੀ ਤਾਈ ਵੀ ਉਸ ਨੂੰ ਦਿਲੋਂ ਮੋਹ ਕਰਦੀ ਸੀ।

-"ਤੂੰ ਠਹਿਰ ਪੁੱਤ ਮਾੜਾ ਜਿਆ...! ਪਹਿਲਾਂ ਮੈਂ ਤੇਰੇ ਬੈਠਣ ਆਸਤੇ ਮੰਜਾ ਲੈ ਕੇ ਆਉਨੀ ਐਂ, ਤੇ ਫੇਰ ਤੇਰੇ ਕੁਛ ਖਾਣ ਪੀਣ ਦਾ ਪ੍ਰਬੰਧ ਕਰਦੀ ਐਂ!"

-"ਨਹੀਂ ਤਾਈ ਰਹਿਣ ਦੇ...!" ਉਸ ਨੇ ਤਾਈ ਨੂੰ ਰੋਕਣਾ ਚਾਹਿਆ।

ਪਰ ਤਾਈ ਜਾ ਚੁੱਕੀ ਸੀ।

ਉਸ ਨੇ ਆਪਣੇ ਪੋਤਿਆਂ ਹੱਥ ਕੁਰਸੀ, ਮੇਜ਼ ਅਤੇ ਦੋ ਮੰਜੇ ਭੇਜ ਦਿੱਤੇ।

-"ਤੂੰ ਤਾਂ ਬਈ ਤਾਈ ਦਾ ਪੋਤਾ ਲੱਗਦੈਂ...?" ਹਰਦੇਵ ਨੇ ਮੰਜਾ ਡਾਹ ਰਹੇ ਮੁੰਡੇ ਨੂੰ ਪੁੱਛਿਆ।

-"ਹਾਂ ਜੀ...!" ਮੁੰਡੇ ਦੇ ਬੋਲਣ ਦਾ ਤਰੀਕਾ ਦੱਸਦਾ ਸੀ ਕਿ ਉਹ ਕਿਸੇ ਚੰਗੇ ਸਕੂਲ ਵਿਚ ਪੜ੍ਹਦਾ ਸੀ।

-''ਕੀਹਦਾ ਮੁੰਡੈਂ ਤੂੰ? ਪੀਤੇ ਦਾ...?''

-''ਨਹੀਂ ਜੀ..! ਮਾਸਟਰ ਦਾ...!''

-''ਅੱਛਾ...! ਪੁੱਤਰਾ ਮੈਨੂੰ ਤਾਂ ਗਏ ਨੂੰ ਤੀਹ ਸਾਲ ਹੋਗੇ ਐਥੋਂ..! ਮੈਂ ਤੈਨੂੰ ਕਿੱਥੋਂ ਪਛਾਨਣਾ ਸੀ? ਤੂੰ ਤਾਂ ਜੰਮਿਆਂ ਵੀ ਮੈਥੋਂ ਬਾਅਦ ਈ ਹੋਵੇਂਗਾ!'' ਹਰਦੇਵ ਨੇ ਕਿਹਾ।

ਮੁੰਡਾ ਹੱਸ ਪਿਆ।

-''ਤੂੰ ਭਤੀਜ ਅੱਜ ਇਉਂ ਕਰੀਂ...! ਸਕੂਲ ਜਾਣ ਤੋਂ ਪਹਿਲਾਂ ਕਿਸੇ ਮਜ੍ਹਬਣ ਨੂੰ 'ਵਾਜ ਮਾਰਜੀਂ, ਸਫ਼ਾਈ ਸਫੂਈ ਕਰਦੂ ਘਰ ਦੀ, ਬਾਹਲ਼ਾ ਈ ਬੁਰਾ ਹਾਲ ਹੋਇਆ ਪਿਐ! ਮਾਰਦੇਂਗਾ ਨ੍ਹਾ 'ਵਾਜ ਕਿਸੇ ਨੂੰ...?''

-''ਮਾਰਦੂੰਗਾ ਜੀ...!'' ਤੇ ਉਹ ਚਲਾ ਗਿਆ।

ਜਿਉਂ-ਜਿਉਂ ਹਰਦੇਵ ਆਏ ਦਾ ਪਿੰਡ ਵਿਚ ਪਤਾ ਚੱਲਦਾ ਗਿਆ, ਪਿੰਡ ਵਾਲੇ ਡਾਰ ਬਣਾ ਕੇ, ਵਹੀਰਾਂ ਘੱਤ ਆਉਂਦੇ ਰਹੇ। ਮਜ੍ਹਬਣ ਸਫ਼ਾਈ ਕਰਨ 'ਤੇ ਲੱਗੀ ਹੋਈ ਸੀ। ਹਰਦੇਵ ਨੇ ਢਹੀਆਂ ਖੁਰਲੀਆਂ ਅਤੇ ਮਾੜੀ ਮੋਟੀ ਖੜ੍ਹੀ ਸਵਾਤ ਵੀ ਮੁੰਡਿਆਂ ਤੋਂ ਢੁਹਾ ਕੇ ਪੱਧਰ ਕਰਵਾ ਲਈ ਸੀ। ਘਾਹ ਫੂਸ ਪੱਟ ਕੇ ਹੂੰਝ ਧਰਿਆ ਸੀ। ਵਿਹੜੇ ਵਿਚ ਪਾਣੀ ਦਾ ਛਿੜਕਾਅ ਕਰਵਾ ਕੇ ਘਰ ਬਾਹਵਾ ਬੈਠਣ ਉਠਣ ਜੋਕਰਾ ਕਰ ਲਿਆ ਸੀ। ਨਲ਼ਕੇ ਦੀ ਨਵੀਂ ਬੋਕੀ ਪੁਆ ਕੇ ਪਾਣੀ ਕੱਢ ਲਿਆ। ਮਾਸਟਰ ਕੇ ਘਰੋਂ ਬਿਜਲੀ ਦੀ ਆਰਜ਼ੀ ਤਾਰ ਲੈ ਲਈ ਅਤੇ ਨੀਲੂ ਤੋਂ ਤਿੰਨ ਬੱਲਬ ਫ਼ਿੱਟ ਕਰਵਾ ਲਏ। ਘਰ ਵਸਦਿਆਂ 'ਚ ਜਾਪਣ ਲੱਗ ਪਿਆ।

ਪਿੰਡ ਦੇ ਲੋਕ ਉਸ ਨੂੰ ਸਾਰੀ ਦਿਹਾੜੀ ਮਿਲਣ ਆਉਂਦੇ ਰਹੇ। ਦੁਖ ਸੁਖ ਕਰਦੇ ਰਹੇ। ਦੁਪਿਹਰ ਦੀ ਰੋਟੀ ਤਾਈ ਦੇ ਘਰੋਂ ਹੀ ਆ ਗਈ ਸੀ। ਤਾਈ ਨੇ ਉਸ ਨੂੰ ਹਦਾਇਤ ਕੀਤੀ ਸੀ ਕਿ ਜਿੰਨੀ ਦੇਰ ਉਹ ਪਿੰਡ ਰਹੇਗਾ, ਰੋਟੀ ਤਾਈ ਦੇ ਘਰੋਂ ਹੀ ਖਾਵੇਗਾ। ਕਿੰਨਾ ਚੰਗਾ-ਚੰਗਾ ਲੱਗ ਰਿਹਾ ਸੀ ਉਸ ਨੂੰ ਆਪਣਾ ਪਿੰਡ...? ਇਸ ਪਿੰਡ ਵਿਚ ਲੰਡਨ ਵਾਂਗ ਖ਼ੁਦਗਰਜ਼ ਲੋਕ ਨਹੀਂ ਵਸਦੇ ਸਨ। ਲੰਡਨ ਤਾਂ ਘੁੱਗ ਵਸਦਾ ਵੀ ਉਸ ਨੂੰ ਉਜੜਿਆ-ਉਜੜਿਆ ਜਿਹਾ ਜਾਪਦਾ। ਜਿੱਥੇ ਬੰਦੇ ਦਾ ਕੋਈ ਹਾਲ ਚਾਲ ਪੁੱਛਣ ਵਾਲਾ ਵੀ ਨਹੀਂ। ਮਸ਼ੀਨਾਂ ਨਾਲ ਮਸ਼ੀਨ ਅਤੇ ਕੰਪਿਊਟਰਾਂ ਨਾਲ ਕੰਪਿਊਟਰ ਹੋਈ ਦੁਨੀਆਂ..! ਤੇਜ਼ ਰੌਸ਼ਨੀਆਂ ਅਤੇ ਖੋਖਲ਼ੇ ਦਿਮਾਗ..! ਹਰ ਪਾਸੇ ਆਪੋ ਧਾਪੀ...! ਚਤਰ ਚਲਾਕ ਅਤੇ ਬੇਹੱਦ ਮਸ਼ਰੂਫ਼ ਦੁਨੀਆਂ...! ਹੋਰ ਤਾਂ ਹੋਰ, ਇੰਗਲੈਂਡ ਵਿਚ ਤਾਂ ਮਰੇ ਮਾਨੁੱਖ ਦੀਆਂ ਅੰਤਿਮ ਰਸਮਾਂ ਵੀ ਐਤਵਾਰ ਨੂੰ ਹੀ ਪੂਰੀਆ ਕੀਤੀਆਂ ਜਾਂਦੀਆਂ ਹਨ...। ਯਾਰਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਨੇ ਦੋ ਮਿੰਟ ਅਫ਼ਸੋਸ ਕੀਤਾ, ਤੇ ਬੱਸ...! ਆਪੋ ਆਪਣੇ ਘਰੋ ਘਰੀ ਚਲੇ ਗਏ..! ਵਸਣਾ ਤਾਂ ਪਿੰਡਾਂ ਦਾ ਹੈ। ਜਿੱਥੇ ਦੁਖ-ਸੁਖ ਮੌਕੇ ਹਰ ਬੰਦਾ 'ਥੰਮ੍ਹ' ਬਣ ਕੇ ਨਾਲ ਆ ਖੜ੍ਹਦਾ ਹੈ।

ਦਿਨ ਦਾ ਛੁਪਾਅ ਹੋਇਆ ਤਾਂ ਹਰਦੇਵ ਨੇ ਤਾਈ ਦੇ ਪੋਤੇ ਨੂੰ ਬੁਲਾਇਆ।

-''ਕੀ ਨਾਂ ਐਂ ਸ਼ੇਰਾ ਤੇਰਾ...?''

-''ਪ੍ਰੀਤ ਐ ਜੀ!''

-''ਗੱਲ ਸੁਣ ਬਈ ਪ੍ਰੀਤ..! ਇਹ ਦੱਸ ਬਈ ਐਥੋਂ ਕਿਤੋਂ ਬੋਤਲ ਛੋਤਲ ਮਿਲੂ ਕਿ ਨਹੀਂ...?''

-''ਬੋਤਲ ਤਾਂ ਬੱਧਨੀਓਂ ਈ ਮਿਲੂ ਜੀ!''

-''ਲਿਆ ਸਕਦੈਂ..? ਹੈ ਕੋਈ ਸਕੂਟਰ ਸਕਾਟਰ ਕੋਲੇ..?''

-''ਹੈਗੈ ਜੀ..! ਪਰ ਡੈਡੀ ਨੂੰ ਪੁੱਛਣਾ ਪਊ..।''

-''ਜਾਹ ਆਬਦੇ ਡੈਡੀ ਨੂੰ ਲਿਆ ਬੁਲਾ ਕੇ...!''

ਮੁੰਡਾ ਡੈਡੀ ਨੂੰ ਬੁਲਾਉਣ ਚਲਾ ਗਿਆ।

-''ਲੈ ਬਈ ਛੋਟੇ ਭਾਈ, ਭਤੀਜ ਨੂੰ ਦੇਹ ਸਕੂਟਰ-ਇਹਨੇ ਬੱਧਨੀਓਂ ਮੇਰੀ ਦੁਆਈ ਲੈ ਕੇ ਆਉਣੀ ਐਂ!''

ਸਕੂਟਰ ਮਿਲ ਗਿਆ। ਦੁਆਈ ਇਕ ਨਹੀਂ, ਪੰਜ ਆ ਗਈਆਂ! ਪੂਰੀਆਂ ਪੰਜ ਬੋਤਲਾਂ ਮੰਗਵਾਈਆਂ ਸਨ ਹਰਦੇਵ ਨੇ। ਕਿੱਥੇ ਬਿੰਦੇ-ਬਿੰਦੇ ਭੱਜੇ ਫ਼ਿਰਾਂਗੇ? ਤਾਜ਼ੇ ਪਾਣੀ ਨਾਲ਼ ਉਸ ਨੇ ਅਤੇ ਮਾਸਟਰ ਨੇ ਦਾਰੂ ਝੋਅ ਲਈ। ਉਹ ਵੱਡੀ ਰਾਤ ਤੱਕ ਪੀਂਦੇ ਰਹੇ। ਸਾਰੇ ਪਿੰਡ ਦੇ ਲੋਕਾਂ ਦੀਆਂ ਗੱਲਾਂ ਚੱਲਦੀਆਂ-ਚੱਲਦੀਆਂ ਆਖਰ 'ਪ੍ਰੀਤੋ' 'ਤੇ ਆ ਕੇ 'ਖੜ੍ਹ' ਗਈਆਂ।

-"ਕੀ ਗੱਲ ਦੱਸਾਂ ਬਾਈ ਦੇਵ...?" ਮਾਸਟਰ ਨੇ ਗੱਲ ਚਲਾਈ, "ਪ੍ਰੀਤੋ ਵਿਚਾਰੀ ਨਾਲ ਤਾਂ ਬਾਹਲ਼ਾ ਈ ਧੱਕਾ ਹੋਇਆ..!" ਆਖ ਕੇ ਉਸ ਨੇ ਹਰਦੇਵ ਦੇ ਸੀਨੇ ਬਰਛੀ ਮਾਰੀ।

-"ਕਿਉਂ...? ਕੀ ਗੱਲ ਹੋਗੀ....?"

ਪੈੱਗ ਪੀਂਦਿਆਂ ਮਾਸਟਰ ਨੇ ਪ੍ਰੀਤੋ ਦੀ ਕਹਾਣੀ ਦੱਸਣੀ ਸ਼ੁਰੂ ਕੀਤੀ।......

## ਕਾਂਡ 2

......ਪ੍ਰੀਤੋ ਨੂੰ ਦਸਵੀਂ ਪਾਸ ਕਰਵਾ ਕੇ ਸਕੂਲੋਂ ਹਟਾ ਲਿਆ ਗਿਆ। ਪੜ੍ਹਨਾ ਤਾਂ ਪ੍ਰੀਤੋ ਅੱਗੇ ਚਾਹੁੰਦੀ ਸੀ। ਪਰ ਮਾਂ-ਬਾਪ ਨੇ ਕੁੜੀ ਨੂੰ ਸ਼ਹਿਰ ਕਾਲਜ ਭੇਜਣ ਤੋਂ ਸੰਕੋਚ ਹੀ ਕੀਤੀ। ਪ੍ਰੀਤੋ ਦੇ ਦਿਲ ਦੀਆਂ ਰੀਝਾਂ ਦਿਲ ਵਿਚ ਹੀ ਰਹਿ ਗਈਆਂ ਸਨ। ਉਹ ਅੱਗੇ ਪੜ੍ਹ ਲਿਖ ਕੇ ਕੁਝ ਬਣਨਾ ਚਾਹੁੰਦੀ ਸੀ। ਇਸ ਜੱਗ ਨੂੰ ਕੁਝ ਨਿਆਰਾ ਕਰ ਕੇ ਦਿਖਾਉਣਾ ਚਾਹੁੰਦੀ ਸੀ। ਪਰ ਉਹ ਮਾਂ ਬਾਪ ਦਾ ਵੀ ਦਿਲ ਨਹੀਂ ਦੁਖੀ ਕਰਨਾ ਚਾਹੁੰਦੀ ਸੀ। ਮਾਂ ਬਾਪ ਤਾਂ ਉਸ ਦੇ ਭਰਾ ਤੋਂ ਹੀ ਬੜੇ ਦੁਖੀ ਸਨ। ਉਸ ਦਾ ਲੱਟਰ ਭਰਾ ਕਿਸੇ ਦੇ ਵੀ ਆਖੇ ਨਹੀਂ ਲੱਗਦਾ ਸੀ। ਛੋਟੀ ਉਮਰ ਵਿਚ ਹੀ ਉਹ ਆਪਣੇ ਆਪ ਨੂੰ 'ਵੈਲੀ' ਅਖਵਾ ਕੇ ਖ਼ੁਸ਼ ਹੁੰਦਾ ਸੀ। ਪੂਰਾ ਬਾਗੋਬਾਗ!

ਪ੍ਰੀਤੋ ਬੜੀ ਸਚਿਆਰੀ ਅਤੇ ਸੁਚੱਜੀ ਕੁੜੀ ਸੀ। ਘਰ ਦਾ ਸਾਰਾ ਕੰਮ ਉਸ ਨੇ ਲੱਕ ਬੰਨ੍ਹ ਕੇ ਸਾਂਭ ਲਿਆ ਸੀ। ਪ੍ਰੀਤੋ ਦਾ ਬਾਪ ਅਤੇ ਮਾਂ ਸਿਹਤ ਪੱਖੋਂ ਬਹੁਤੇ ਠੀਕ ਨਹੀਂ ਰਹਿੰਦੇ ਸਨ। ਪ੍ਰੀਤੋ ਘਰ ਦਾ ਸਾਰਾ ਕੰਮ ਕਰਦੀ ਸੀ। ਸਵੇਰੇ ਪਾਠੀ ਬੋਲਦੇ ਨਾਲ ਉਠ ਖੜ੍ਹਨਾ ਅਤੇ ਸਾਰਿਆਂ ਤੋਂ ਬਾਅਦ ਭਾਂਡੇ ਟੀਂਡੇ ਧੋ-ਸਾਂਭ ਕੇ ਮੰਜੇ 'ਤੇ ਪੈਣਾ। ਪ੍ਰੀਤੋ ਦਾ ਸਾਲ ਕੁ ਛੋਟਾ ਭਰਾ ਨੀਟੂ ਅਤੀਅੰਤ ਨਲਾਇਕ ਸੀ। ਨਾਂ ਤਾਂ ਉਸ ਦਾ ਹਰਗੀਤ ਸਿੰਘ ਸੀ, ਪਰ ਸਾਰੇ ਉਸ ਨੂੰ "ਨੀਟੂ" ਆਖ ਕੇ ਹੀ ਬੁਲਾਉਂਦੇ। ਉਹ ਘਰੋਂ ਤਾਂ ਸਕੂਲ ਪੜ੍ਹਨ ਜਾਂਦਾ ਅਤੇ ਬਾਹਰ ਹਾਣਦਿਆਂ ਨਾਲ ਅਵਾਰਾਗਰਦੀ ਕਰਨ ਚੜ੍ਹ ਜਾਂਦਾ। ਸਕੂਲ ਲਈ ਦਿੱਤੀ ਫ਼ੀਸ ਚੰਡੋਲ 'ਤੇ ਹੀ ਰੁੜ੍ਹ ਜਾਂਦੀ। ਕਦੇ ਸਿਨਮੇ ਫ਼ਿਲਮ ਦੇਖਣ ਅਤੇ ਕਦੇ ਧਰਮਸਾਲ਼ਾ ਵਿਚ ਤਾਸ਼ ਕੁੱਟਣ ਬਹਿ ਜਾਂਦਾ। ਹੋਰ ਤਾਂ ਹੋਰ, ਹੁਣ ਤਾਂ ਉਹ ਦਾਰੂ ਨੂੰ ਮੂੰਹ ਵੀ ਮਾਰਨ ਲੱਗ ਗਿਆ ਸੀ। ਬੁਰੀ ਸੰਗਤ ਵਿਚ ਫ਼ਸ ਕੇ ਕੀ ਜਰਦਾ, ਕੀ ਬੀੜੀਆਂ ਅਤੇ ਸਿਗਰਟਾਂ! ਗੱਲ ਕੀ, ਉਹ ਪੂਰਾ ਬਲੱਜ ਬਣਦਾ ਜਾ ਰਿਹਾ ਸੀ! ਇਕੱਲਾ-ਇਕੱਲਾ ਪੁੱਤ ਸੀ। ਖ਼ੁਰਾਕ ਖਾਧ ਚੰਗੀ ਸੀ। ਸਭ ਕੁਝ ਪਤਾ ਹੋਣ 'ਤੇ ਵੀ ਮਾਂ-ਬਾਪ ਬਰਾਬਰ ਦੇ ਪੁੱਤ ਨੂੰ ਘੂਰਨ ਤੋਂ ਝਿੜਕਦੇ।

ਇਕਲੌਤਾ ਪੁੱਤ ਲਾਡ ਦਾ ਮਾਰਿਆ ਵਿਗੜ ਗਿਆ। ਚੰਗੀ ਖ਼ੁਰਾਕ ਸਦਕਾ ਉਹ ਸਰੀਰਕ ਪੱਖੋਂ ਦੁੜਕਦਾ ਜਾ ਰਿਹਾ ਸੀ। ਧੌਣ ਬੋਹੜ ਦੇ ਮੁੱਛ ਵਾਂਗ ਮੋਟੀ। ਹੱਡ ਗੋਡੇ ਮੋਕਲ਼ੇ! ਦਸਵੀਂ ਜਮਾਤ ਵਿਚ ਪੜ੍ਹਦਾ-ਪੜ੍ਹਦਾ ਉਹ ਇਕ ਵਾਰ ਠਾਣੇ ਦਾ ਮੂੰਹ ਵੀ ਦੇਖ ਆਇਆ ਸੀ। ਸਰਪੰਚ ਨੂੰ ਨਾਲ ਲੈ ਕੇ ਬਾਪੂ ਪੁੱਤ ਨੂੰ ਠਾਣਿਓਂ ਛੁਡਾ ਤਾਂ ਲਿਆਇਆ ਸੀ। ਪਰ ਉਸ ਦਾ ਮਨ ਅਥਾਹ ਦੁਖੀ ਹੋ ਗਿਆ ਸੀ। ਜਿਸ ਪੁੱਤ ਦੀ ਖਾਤਰ ਉਸ ਨੇ ਆਪਣਾ ਜੱਦੀ ਪਿੰਡ ਛੱਡਿਆ ਸੀ। ਆਪਣੇ ਆਪਦੇ ਨਿੱਜੀ ਰਿਸ਼ਤੇਦਾਰ ਅਤੇ ਮਿੱਤਰ ਛੱਡੇ ਸਨ, ਉਹ ਪੁੱਤਰ ਹੀ ਹੁਣ ਬਾਪੂ ਨੂੰ ਨਿੱਤ ਨਵੀਆਂ ਘਤਿੱਤਾਂ ਕਰ ਕਰ ਕੇ ਦਿਖਾ ਰਿਹਾ ਸੀ।

ਨੀਟੂ ਬਗੈਰ ਕਿਸੇ ਗੱਲ ਤੋਂ ਹੀ ਨਾਲ ਪੜ੍ਹਦੇ ਮੁੰਡਿਆਂ ਨਾਲ ਲੜਦਾ ਝਗੜਦਾ ਰਹਿੰਦਾ। ਕਦੇ ਕਿਸੇ ਦਾ ਸਿਰ ਪਾੜਦਾ ਅਤੇ ਕਦੇ ਆਪਦਾ ਪੜਵਾ ਕੇ ਆਉਂਦਾ! ਮਾਸਟਰਾਂ ਨੂੰ ਉਹ ਡੱਕਾ ਨਹੀਂ ਸਮਝਦਾ ਸੀ। ਮਾਸਟਰ ਅਤੇ ਮਾਸਟਰਨੀਆਂ ਵੀ ਉਸ ਨੂੰ 'ਲੰਡਰ' ਸਮਝ ਕੇ ਬਹੁਤੀ ਗ਼ੌਰ ਨਾ ਕਰਦੇ। ਲਾਪ੍ਰਵਾਹ ਹੀ ਰਹਿੰਦੇ। ਕਈ ਵਾਰ ਹੈੱਡ-ਮਾਸਟਰ ਨੇ ਨੀਟੂ ਦੇ ਬਾਪੂ ਨੂੰ ਸਕੂਲ ਬੁਲਾ ਕੇ ਨੀਟੂ ਦੀਆਂ ਬੁਰੀਆਂ ਆਦਤਾਂ ਪੱਖੋਂ ਜਾਣੂੰ ਕਰਵਾਇਆ ਸੀ। ਪਰ ਬਾਪੂ ਸਭ ਕੁਝ ਜਾਣਦਾ ਹੋਇਆ ਵੀ ਕੁਝ ਨਹੀਂ ਕਰ ਸਕਿਆ ਸੀ। ਲਾਡਲੇ ਪੁੱਤ ਨੂੰ ਝਿੜਕਣ ਲਈ ਉਸ ਦਾ ਹੀਆਂ ਹੀ ਨਹੀਂ ਪੈਂਦਾ ਸੀ।

-"ਹਰਖ਼ ਦਾ ਮਾਰਿਆ ਧੀ-ਪੁੱਤ ਨਰਕ 'ਚ ਪੈ ਜਾਂਦੈ ਹਰਗੀਤ ਦੇ ਬਾਪੂ...!" ਬੇਬੇ ਨੇ ਸਤੇ ਬਾਪੂ ਦੇ ਦਿਲ ਦਿਮਾਗ 'ਤੇ ਦਲੀਲ ਦਾ ਠੰਢਾ ਪਾਣੀ ਛਿੜਕਿਆ ਸੀ। ਬਾਪੂ ਵੀ ਲਹੂ ਦੀ ਘੁੱਟ ਵੱਟ ਕੇ ਚੁੱਪ ਹੋ ਗਿਆ ਸੀ। ਉਸ ਨੂੰ 'ਕੱਲੇ-'ਕੱਲੇ ਪੁੱਤ ਦਾ ਦੁੱਖ ਦਿਨ ਰਾਤ ਘੁਣ ਵਾਂਗ ਖਾਂਦਾ ਰਹਿੰਦਾ। ਕੀ ਬਣੂੰਗਾ ਇਸ ਗੰਦੀ ਔਲ਼ਾਦ ਦਾ? ਉਹ ਦਿਨ ਰਾਤ ਪੁੱਤ ਦਾ ਦੁੱਖ ਦਿਲ ਵਿਚ ਲੈ ਘੁੰਮਦਾ ਫ਼ਿਰਦਾ ਰਹਿੰਦਾ। ਕਮਲਿਆਂ ਵਾਂਗ ਇਕੱਲਾ ਹੀ ਗੱਲਾਂ ਕਰਦਾ ਰਹਿੰਦਾ। ਕਿਸੇ ਨਾਲ ਦਿਲ ਦੀ ਗੱਲ ਸਾਂਝੀ ਨਾ ਕਰਦਾ। ਉਸ ਦੇ ਢਿੱਡ ਵਿਚ ਗ਼ਮ ਦਾ ਗੋਲਾ ਬੱਝ ਗਿਆ ਸੀ। ਬਾਪੂ ਗੁੰਮ-ਸੁੰਮ ਜਿਹਾ ਹੀ ਰਹਿੰਦਾ।

ਮਾਂ ਬਾਪ ਦੇ ਸਬਰ ਦਾ ਬੰਨ੍ਹ ਤਾਂ ਉਸ ਦਿਨ ਟੁੱਟਿਆ, ਜਦੋਂ ਨੀਟੂ ਨੇ ਪਿੰਡ ਵਿਚੋਂ ਹੀ, ਨਵੀਂ ਪੜ੍ਹਾਉਣ ਲੱਗੀ ਮਾਸਟਰਨੀ ਹੀ ਫ਼ੜ ਲਈ। ਪਿੰਡ ਵਿਚ ਇਸ ਗੱਲ ਦਾ ਧੂੰਆਂ ਰੋਲ਼ ਹੋ ਗਿਆ। ਨੀਟੂ ਦੇ ਬਾਪੂ ਨੂੰ ਪਿੰਡ ਦੀ ਪੰਚਾਇਤ ਵੱਲੋਂ ਸੱਦਾ ਆ ਗਿਆ। ਉਹ ਪੁੱਤ ਦੇ ਕਾਰਨਾਮਿਆਂ ਦੀ ਨਮੋਸ਼ੀ ਦਾ ਮਾਰਿਆ, ਡਿੱਗਦਾ ਢਹਿੰਦਾ ਸੱਥ ਵਿਚ ਪਹੁੰਚਿਆ।

-"ਬੰਤ ਸਿਆਂ, ਇਹ ਜਿਹੜੀ ਤੇਰੇ ਮੁੰਡੇ ਨੇ ਘਤਿੱਤ ਕੀਤੀ ਐ-ਇਹ ਬਖਸ਼ਣਯੋਗ ਨਹੀਂ!" ਪੰਚਾਇਤ ਵਿਚੋਂ ਇਕ ਮੈਂਬਰ ਬੋਲਿਆ।

-"ਪੰਚੈਤੇ! ਮੈਂ ਮੰਨਦੈਂ! ਆਪਾਂ ਸਾਰੇ ਧੀਆਂ ਭੈਣਾ ਆਲ਼ੇ ਐਂ-ਜਿਹੜੀ ਕਰਤੂਤ ਮੇਰੇ ਮੁੰਡੇ ਨੇ ਕੀਤੀ ਐ-ਉਹਦੇ ਕਰਕੇ ਮੈਂ ਕਿਸੇ ਨੂੰ ਮੂੰਹ ਦਿਖਾਉਣ ਜੋਕਰਾ ਨ੍ਹੀ ਰਿਹਾ-ਗੱਲ ਮੇਰੇ ਬਿਤੋਂ ਬਾਹਰ ਐ-ਪੰਚੈਤ ਜਿਹੜੀ ਸਜਾ ਮੈਨੂੰ ਦਿਊ-ਮੈਂ ਭੁਗਤਣ ਲਈ ਤਿਆਰ ਐਂ...!" ਉਸ ਨੇ ਸੌ ਹੱਥ ਰੱਸੇ ਦੇ ਸਿਰੇ ਤੋਂ ਗੰਢ ਖੋਲ੍ਹ ਦਿੱਤੀ।

-"ਜੇ ਗੱਲ ਤੇਰੇ ਵਿਤੋਂ ਬਾਹਰ ਐ ਤਾਂ ਅਸੀਂ ਦੇਈਏ ਉਹਨੂੰ ਮੱਤ?" ਕੁੜੀ ਦਾ ਭਰਾ ਬੋਲਿਆ। ਉਹ ਕਾਫ਼ੀ ਦੇਰ ਦਾ ਕੁਝ ਕਹਿਣ ਲਈ ਉਸਲਵੱਟੇ ਲੈ ਰਿਹਾ ਸੀ। ਫਿਰ ਵੀ ਸਕੀ ਭੈਣ ਦੀ ਇੱਜ਼ਤ ਦਾ ਸੁਆਲ ਸੀ। ਬਰਦਾਸ਼ਤ ਤੋਂ ਬਾਹਰ ਸੀ।

-"ਜੇ ਵਾਰੀ ਦਾ ਵੱਟਾ ਲਾਹੁੰਣੈਂ, ਤਾਂ ਇਹਨਾਂ ਦੀ ਕੁੜੀ ਚੱਕੋ ਅੱਜ ਰਾਤ ਨੂੰ!" ਕੁੜੀ ਦੇ ਤਾਏ ਦੇ ਲੜਕੇ ਨੇ ਅਜੀਬ ਹੀ ਅਕਾਸ਼ਬਾਣੀ ਕੀਤੀ। ਬੰਤ ਸਿੰਘ ਦਾ ਕਾਲਜਾ ਚੀਰਿਆ ਗਿਆ ਸੀ। ਉਸ ਦੀ ਇੱਜ਼ਤ ਸ਼ਰੇਆਮ ਨਿਲਾਮ ਹੋ ਗਈ ਸੀ।

-"ਚੁੱਪ ਕਰ ਉਏ ਮੁੰਡਿਆ...! ਮੂੰਹ ਸੰਭਾਲ ਕੇ ਗੱਲ ਕਰ...!" ਸਰਪੰਚ ਨੇ ਉਸ ਨੂੰ ਵਰਜਿਆ।

-"ਪੰਚੈਤ ਦਾ ਤਾਂ ਕੁਛ ਖਿਆਲ ਕਰ!" ਮੈਂਬਰ ਨੇ ਆਖਿਆ।

-"ਤਾਇਆ...! ਜਦੋਂ ਇਹਨਾਂ ਨੇ ਕੀਤੀ ਐ-ਸਾਡੇ ਵਾਰੀ ਕਾਹਤੋਂ ਦੁਖ ਲੱਗਦੈ...?" ਮੁੰਡਾ ਪੰਚਾਇਤ ਨੂੰ ਸਿੱਧਾ ਹੋ ਗਿਆ।

-"ਤੇ ਪੰਚੈਤ ਕਾਹਦੇ ਵਾਸਤੇ 'ਕੱਠੀ ਕੀਤੀ ਐ ਫੇਰ? ਪੰਚੈਤ 'ਕੱਠੀ ਕਰਨ ਤੋਂ ਪਹਿਲਾਂ ਈ ਕੋਈ ਭੰਨ ਘੜ੍ਹ ਕਰ ਲੈਂਦੇ? ਹੁਣ ਸੂਰਮੇਂ ਬਣੇ ਖੜ੍ਹੇ ਓਂ...?" ਪਿੰਡ ਵਿਚੋਂ ਕਿਸੇ ਨੇ ਬਲ਼ਦੀ 'ਤੇ ਤੇਲ ਛਿੜਕਿਆ। ਉਹ ਪੰਚਾਇਤ ਇਕੱਠੀ ਕਰਨ 'ਤੇ ਤੰਗ ਸੀ। ਤਮਾਸ਼ਾ ਦੇਖਣ ਦਾ ਸ਼ੌਕੀਨ!

ਮੁੰਡੇ ਸਮਾਂ ਦੇਖ ਕੇ ਚੁੱਪ ਵੱਟ ਗਏ। ਸੱਚੀ ਗੱਲ ਕਪਾਲ਼ 'ਚ ਹੀ ਤਾਂ ਆ ਪਈ ਸੀ!

-"ਬੰਤ ਸਿਆਂ! ਚੁੱਪ ਕਰਕੇ ਸਾਰੇ ਪਿੰਡ ਅੱਗੇ ਮੁਆਫ਼ੀ ਮੰਗ ਲੈ-ਇਹ ਮੁੜੀਹਰ ਤੇਰਾ ਕੁਛ ਨ੍ਹੀ ਵਿਗਾੜ ਸਕਦੀ-ਮੈਂ ਦੇਖਗਾਂ ਬੈਠਾ! ਮੇਰੇ ਹੁੰਦੇ ਚਿੰਤਾ ਬਿਲਕੁਲ ਨਾ ਕਰੀਂ!" ਸਰਪੰਚ ਨੇ ਬੰਤ ਸਿੰਘ ਦੇ ਕੰਨ ਵਿਚ ਕਿਹਾ।

-"ਲੈ ਪਿੰਡਾ...! ਪੰਚੈਤ ਰੱਬ ਵਰਗੀ ਹੁੰਦੀ ਐ-ਮੈਂ ਆਪਣੇ ਮੁੰਡੇ ਦੀ ਕੀਤੀ ਗਲਤੀ ਕਰਕੇ ਸਾਰੇ ਪਿੰਡ ਤੋਂ ਮੁਆਫ਼ੀ ਮੰਗਦੈਂ-ਤੇ ਕੁੜੀ ਦੇ ਪਿਉ ਦੇ ਪੈਰੀਂ ਪੱਗ ਧਰਦੈਂ!" ਉਸ ਨੇ ਗਲ ਵਿਚ ਪੱਲੂ ਪਾ ਕੇ ਕਿਹਾ ਅਤੇ ਸੱਚੀਂ ਹੀ ਕੁੜੀ ਦੇ ਪਿਉ ਦੇ ਪੈਰਾਂ ਵਿਚ ਆਪਣੀ ਪੱਗ ਰੱਖ ਦਿੱਤੀ। ਜਿਹੜੀ ਉਸ ਧਰਮੀਂ ਪੁਰਖ਼ ਨੇ ਅੱਧ ਵਿਚ ਹੀ ਬੋਚ ਲਈ।

-"ਪਤਾ ਨ੍ਹੀ ਕਿਹੜੇ ਮਾੜੇ ਕਰਮਾਂ ਦਾ ਹਿਸਾਬ ਦਿੰਨੇ ਐਂ ਬੰਤ ਸਿਆਂ! ਤੇਰਾ ਕੋਈ ਕਸੂਰ ਨ੍ਹੀ! ਬਹੁਤ ਹੋਗੀ! ਬੱਸ! ਬੱਸ ਮੇਰਾ ਵੀਰ! ਐਥੇ ਈ ਬੱਸ ਕਰ...!" ਉਸ ਨੇ ਬੰਤ ਸਿੰਘ ਦੀ ਪੱਗ ਬਾਇੱਜ਼ਤ ਹੀ ਉਸ ਨੂੰ ਮੋੜ ਦਿੱਤੀ।

ਪੰਚਾਇਤ ਖਿੰਡ ਗਈ।

ਬੰਤ ਸਿੰਘ ਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਸਾਰੀ ਗੱਲ ਨੀਟੂ ਦੀ ਬੇਬੇ ਨੂੰ ਪਤਾ ਲੱਗ ਚੁੱਕੀ ਸੀ।

ਉਸ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਉਹ ਮੁੰਡੇ 'ਤੇ ਵਰ੍ਹ ਪਈ!

-"ਵੇ ਮੈਂ ਤੈਨੂੰ ਐਸ ਕੰਮ ਨੂੰ ਜੰਮਿਆਂ ਸੀ ਨਿੰਜ ਨੂੰ ਜਾਣਿਆਂ...? ਬਈ ਤੂੰ ਸਾਡੀ ਥਾਂ-ਥਾਂ ਖੇਹ ਕਰਦਾ ਫ਼ਿਰੇਂ? ਐਦੂੰ ਤਾਂ ਤੂੰ ਜੰਮਦਾ ਈ ਮਰ ਜਾਂਦਾ ਕਬੀਆ! ਸਾਰੇ ਪਿੰਡ ਦੇ ਸਾਹਮਣੇ ਆਬਦੇ ਪਿਉ ਦੀ ਦਾਹੜੀ ਨੂੰ ਲਾਜ ਲਾਅਤੀ ਤੂੰ...! ਜੇ ਬੰਦੇ ਦਾ ਪੁੱਤ ਐਂ ਤਾਂ ਕੁਛ ਖਾ ਕੇ ਮਰਜਾ ਹਰਾਮੀਆਂ...! ਪਿਉ ਦੀ ਇੱਜ਼ਤ ਦੀ ਖਾਤਰ ਤਾਂ ਪੁੱਤ ਆਪਣੀ ਸਿਰ ਧੜ੍ਹ ਦੀ ਬਾਜੀ ਲਾ ਦਿੰਦੇ ਐ-ਤੇ ਤੂੰ ਕੁਨਸਲਾ, ਆਪ ਈ ਆਬਦੇ ਪਿਉ ਦੀ ਦਾਹੜੀ ਸੁਆਹ ਪਾਤੀ...?"

-"......।" ਨੀਟੂ ਮੀਲ-ਪੱਥਰ ਬਣਿਆਂ ਸੁਣਦਾ ਰਿਹਾ।

-"ਵੇ ਮੈਂ ਤੈਨੂੰ ਐਹਨਾਂ ਭਦਰਕਾਰੀਆਂ ਨੂੰ ਜੰਮਿਆਂ ਸੀ ਦੁਸ਼ਟਾ...? ਤੈਨੂੰ ਜੰਮਦੇ ਨੂੰ ਈ ਕਿਉਂ ਨਾ ਮਾਰਤਾ ਮੈਂ?" ਕਰੋਧ 'ਚ ਆਈ ਬੇਬੇ ਨੇ ਆਪਣੇ ਢਿੱਡ 'ਚ ਮੁੱਕੀਆਂ ਮਾਰੀਆਂ। ਪਤਾ ਨਹੀਂ ਬੇਬੇ ਗੁੱਸੇ 'ਚ ਕੀ-ਕੀ ਬੋਲ ਗਈ ਸੀ?

ਢਿੱਡ ਵਿਚ ਮੁੱਕੀਆਂ ਮਾਰਦੀ ਬੇਬੇ ਨੂੰ ਰੋਂਦੀ ਪ੍ਰੀਤੋ ਨੇ ਹਟਾਇਆ।

ਪਰ ਨੀਟੂ ਦੇ ਮਨ 'ਤੇ ਕੋਈ ਬਹੁਤਾ ਅਸਰ ਨਹੀਂ ਹੋਇਆ ਸੀ।

ਜਦੋਂ ਬੇਬੇ ਨਾ ਹੀ ਵਿਰਲਾਪ ਜਿਹਾ ਕਰਨੋਂ ਹਟੀ ਤਾਂ 'ਬਦ' ਪੁੱਤ ਨੀਟੂ ਨੇ ਮੂੰਹ ਖੋਲ੍ਹਿਆ।

-"ਤੂੰ ਕਰਦੀਂ ਐਂ ਚੁੱਪ ਕਿ ਕਰਾਵਾਂ...? ਬੋਲਣੋਂ ਈ ਨ੍ਹੀ ਹਟਦੀ...!" ਉਹ ਬਦਮਗਜਾਂ ਵਾਂਗ ਬੋਲਿਆ ਤਾਂ ਭਰੀ ਪੀਤੀ ਬੇਬੇ ਹੋਰ ਭੜ੍ਹਕ ਪਈ।

-"ਆ...! ਆ ਉਰ੍ਹੇ ਤੈਨੂੰ ਕੱਚੇ ਨੂੰ ਖਾਂਵਾਂ ਹਰਾਮਦਿਆ...! ਆ ਤੇਰੇ ਮੈਂ ਮਾਰਾਂ ਢਿੱਡ 'ਚ ਟੱਕਰ...! ਮਰਾਂ ਤੇਰੇ ਸਿਰ ਚੜ੍ਹ ਕੇ, ਭੁੱਜ ਜਾਣਿਆਂ...! ਤੈਨੂੰ ਚੱਕ ਲੇ ਰੱਬ ਤੈਨੂੰ ਐਹੇ ਜੇ ਕੜਮੇਂ ਨੂੰ...!" ਉਸ ਨੇ ਦੁਹੱਥੜ ਮਾਰੀ।

ਨੀਟੂ ਉਠਿਆ ਅਤੇ ਉਸ ਨੇ ਬੇਬੇ ਦੇ ਅਣਗਿਣਤ ਥੱਪੜ ਜੜ ਦਿੱਤੇ।

-"ਵੇ ਤੂੰ ਮੱਚਜੇਂ ਵੇ...! ਜੰਮਣ ਆਲ਼ੀ ਬੇਬੇ ਨੂੰ ਮਾਰਨ ਆਲ਼ਿਆ ਕੁਲੈਹਣਿਆਂ...! ਲੱਗ ਜੇ ਵੇ ਤੈਨੂੰ ਅੱਗ ਐਹੋ ਜੇ ਦੁਸ਼ਟ ਨੂੰ, ਪ੍ਰੇਤਾ...!" ਪ੍ਰੀਤੋ ਨੇ ਚੰਘਿਆੜ੍ਹਾਂ ਛੱਡ ਦਿੱਤੀਆਂ।

ਨੀਟੂ ਘਰੋਂ ਬਾਹਰ ਨਿਕਲ ਗਿਆ।

ਪ੍ਰੀਤੋ ਬੇਬੇ ਦੇ ਮੁੱਢ ਬੈਠੀ ਰੋਈ ਜਾ ਰਹੀ ਸੀ।

ਉਸ ਨੂੰ ਆਪਣੇ ਲਾਡਲੇ ਵੀਰ ਤੋਂ ਅਜਿਹੀ ਉਮੀਦ ਕਦਾਚਿੱਤ ਨਹੀਂ ਸੀ।

-"ਪ੍ਰੀਤੋ...!" ਆਥਣੇ ਜਿਹੇ ਹੋਏ ਬੇਬੇ ਬੋਲੀ ਸੀ। ਬਾਪੂ ਸਾਰੀ ਦਿਹਾੜੀ ਦਾ ਘਰ ਨਹੀਂ ਆਇਆ ਸੀ।

-"ਹਾਂ ਬੇਬੇ...?" ਉਸ ਨੇ ਸੁੱਜੀਆਂ ਅੱਖਾਂ ਬੇਬੇ ਵੱਲ ਉਠਾਈਆਂ। ਉਹ ਸਾਰੇ ਦਿਨ ਦੀ ਰੋਈ ਜਾ ਰਹੀ ਸੀ। ਉਸ ਦੀ ਬੇਬੇ ਨਾਲ ਅੱਖ ਨਹੀਂ ਮਿਲ ਰਹੀ ਸੀ। ਪਤਾ ਨਹੀਂ ਕਿਉਂ, ਉਹ ਬੇਬੇ ਤੋਂ ਅੱਖਾਂ ਜਿਹੀਆਂ ਚੁਰਾ ਰਹੀ ਸੀ।

-"ਜਿਹੜਾ ਕੁਛ ਹੋ ਗਿਆ ਪੁੱਤ-ਇਹ ਆਪਣੇ ਮਾੜੇ ਕਰਮਾਂ ਦਾ ਗੇੜ ਐ! ਆਬਦੇ ਬਾਪੂ ਨੂੰ ਕੁਛ ਨ੍ਹੀ ਦੱਸਣਾ ਪੁੱਤ! ਉਹ ਤਾਂ ਖੜ੍ਹਾ ਖੜੋਤਾ ਈ ਸਾਹ ਛੱਡਜੂ, ਸ਼ੇਰਾ! ਇਹ ਤਾਂ ਜਿਹੜਾ ਘਰ ਸੰਭਾਲੂਗਾ-ਤੈਨੂੰ ਦਿਸੀ ਜਾਂਦੈ? ਜੇ ਤੇਰੇ ਪਿਉ ਨੂੰ ਕੁਛ ਹੋ ਗਿਆ-ਆਪਣਾ ਜਿਉਣਾ ਦੁੱਭਰ ਹੋ ਜਾਣੈਂ, ਪੁੱਤ...!" ਬੇਬੇ ਨੇ ਆਖਿਆ। ਸ਼ਾਇਦ ਉਸ ਨੂੰ ਨੀਟੂ ਨੂੰ ਜੰਮਣ ਵੇਲੇ ਇਤਨੀਆਂ ਜੰਮਣ-ਪੀੜਾਂ ਦਾ ਦੁੱਖ ਨਹੀਂ ਹੋਇਆ ਹੋਣਾ। ਜਿਤਨਾ ਅੱਜ ਹੋਇਆ ਸੀ!

ਪ੍ਰੀਤੋ ਨੇ ਦੁਖੀ ਬੇਬੇ ਦੀ ਗੱਲ ਮੰਨ ਲਈ।

ਸ਼ਾਮ ਨੂੰ ਬੰਤ ਸਿੰਘ ਠਿੱਬੇ ਜਿਹੇ ਘੜ੍ਹੀਸਦਾ ਘਰੇ ਵੜਿਆ। ਉਸ ਦੀਆਂ ਲੱਤਾਂ ਜਿਵੇਂ ਪਰਬਤ ਬਣ ਗਈਆਂ ਸਨ। ਸਰੀਰ ਵਿਚ ਜਿਵੇਂ ਸੱਤਿਆ ਹੀ ਨਹੀਂ ਰਹੀ ਸੀ। ਸਾਰਾ ਸਰੀਰ "ਟੁੱਟੂੰ-ਟੁੱਟੂੰ" ਕਰਦਾ ਸੀ। ਉਹ ਆਉਣ ਸਾਰ ਮੰਜੇ 'ਤੇ ਪੈ ਗਿਆ।

-"ਪਾਣੀ ਦੇਵਾਂ ਬਾਪੂ...?" ਪ੍ਰੀਤੋ ਨੇ ਪੁੱਛਿਆ।

-"ਨਹੀਂ ਪੁੱਤ ਪ੍ਰੀਤਿਆ...! ਮੇਰੀ ਤਾਂ ਕਿਸੇ ਚੀਜ ਨੂੰ ਰੂਹ ਨ੍ਹੀ ਕਰਦੀ।" ਬਾਪੂ ਨੇ ਅਤਿ ਸੰਖੇਪ ਉਤਰ

ਦਿੱਤਾ। ਮਨ ਵਿਚ ਉਬਲ਼ਦਾ ਜੁਆਲਾ-ਮੁਖ਼ੀ ਉਹ ਧੀ ਕੋਲੋਂ ਛੁਪਾਅ ਗਿਆ। ਪ੍ਰੀਤੋ ਵੀ ਬਾਪੂ ਦੇ ਮਨ ਦੀ ਅਵਸਥਾ ਸਮਝ ਕੇ ਚੁੱਪ ਕਰ ਗਈ। ਉਸ ਨੇ ਸ਼ੁਕਰ ਕੀਤਾ ਕਿ ਬਾਪੂ ਨੂੰ ਨੀਟੂ ਵਾਲੀ ਕਰਤੂਤ ਦਾ ਪਤਾ ਨਹੀਂ ਸੀ। ਨਹੀਂ ਤਾਂ ਬਾਪੂ ਦੇ ਦਿਲ ਦੇ ਹਾਲਾਤਾਂ ਦੀ ਹੋਰ ਜੱਖਣਾਂ ਪੱਟੀ ਜਾਣੀ ਸੀ। ਚੁੱਪ ਹੀ ਬਿਹਤਰ ਸੀ।

ਘਰ ਵਿਚ ਇਕ ਅਜੀਬ ਖ਼ਾਮੋਸ਼ੀ ਸੀ!

ਬੇਬੇ ਮੰਜੇ 'ਤੇ ਚੁੱਪ ਚਾਪ ਪੱਥਰ ਹੋਈ ਪਈ ਸੀ।

ਪ੍ਰੀਤੋ ਰਸੋਈ ਵਿਚ ਕੁਝ ਚੱਕਣ ਧਰਨ ਕਰ ਰਹੀ ਸੀ।

ਨਾ ਹੀ ਕਿਸੇ ਨੇ ਕਿਸੇ ਨੂੰ ਕੁਝ ਦੱਸਿਆ ਅਤੇ ਨਾ ਹੀ ਕਿਸੇ ਨੇ ਕਿਸੇ ਨੂੰ ਕੁਝ ਪੁੱਛਿਆ। ਜਿਵੇਂ ਉਹ ਆਪਣੇ ਘਰ ਵਿਚ ਨਹੀਂ, ਕਿਸੇ ਓਪਰੀ ਸਰਾਂ ਵਿਚ ਬੈਠੇ ਅਣਜਾਣ ਮੁਸਾਫ਼ਰ ਸਨ। ਜਿਵੇਂ ਉਹ ਇਕ ਦੂਜੇ ਨੂੰ ਜਾਣਦੇ ਹੀ ਨਹੀਂ ਸਨ!

-"ਪ੍ਰੀਤੋ...!" ਮੰਜੇ 'ਤੇ ਪਈ ਬੇਬੇ ਨੇ ਮੁਰਦਈ ਜਿਹੀ ਅਵਾਜ਼ ਕੱਢੀ।

-"ਹਾਂ ਬੇਬੇ...?" ਪ੍ਰੀਤੋ ਜਿਵੇਂ ਬੇਬੇ ਦੀ ਅਵਾਜ਼ ਦੀ ਹੀ ਉਡੀਕ ਕਰ ਰਹੀ ਸੀ। ਉਹ ਝੱਟ ਦੇਣੇ ਬੋਲੀ ਸੀ।

-"ਰੋਟੀ ਲਾਹ ਲੈ ਪੁੱਤ! ਤੇਰਾ ਬਾਪੂ ਭੁੱਖਾ ਹੋਊ!" ਉਸ ਨੇ ਆਖਿਆ।

-"ਲਾਹ ਲੈਨੀਂ ਆਂ ਬੇਬੇ।"

-"ਨਹੀਂ ਮੈਂ ਨ੍ਹੀ ਕੁਛ ਖਾਣਾ, ਸ਼ੇਰ ਬੱਗਿਆ-ਮੇਰੀ ਖਾਤਰ ਰੋਟੀ ਨਾ ਲਾਹੀਂ!" ਬਾਪੂ ਦੀ ਅਵਾਜ਼ ਵਿਚ ਅਥਾਹ ਲਿੱਸਾਪਣ ਸੀ। ਜਿਵੇਂ ਕੋਈ ਖੂਹ 'ਚੋਂ ਬੋਲਦੈ।

-".........।" ਪ੍ਰੀਤੋ ਚੁੱਪ ਰਹੀ।

-"ਤੁਸੀਂ ਆਬਦੇ ਵਾਸਤੇ ਲਾਹ-ਲੋ ਪੁੱਤ! ਮੈਨੂੰ ਤਾਂ ਅੱਜ ਭੁੱਖ ਜੀ ਨ੍ਹੀ...!" ਬਾਪੂ ਦਾ ਦਿਲ ਧਾਹਾਂ ਮਾਰ ਕੇ ਰੋਣ ਨੂੰ ਕਰਦਾ ਸੀ। ਪਰ ਰੋਂਦਾ ਕਿਸ ਦੇ ਗਲ਼ ਲੱਗ ਕੇ? ਆਪਦੇ ਪਿੰਡ ਤਾਂ ਜੱਗਰ ਸਿੰਘ ਨਾਲ ਦਿਲ ਸਾਂਝਾ ਸ੍ਹੀਗਾ, ਜਿਸ ਨੂੰ ਦਿਲ ਦੀ ਮਾਮੂਲੀ ਗੱਲ ਵੀ ਦੱਸ ਕੇ ਮਨ ਹੌਲ਼ਾ ਕਰ ਲਈਦਾ ਸੀ। ਹੁਣ ਕੀਹਦੇ ਕੋਲ ਗੱਲ ਕਰੇ? ਪ੍ਰੀਤੋ ਦੀ ਬੇਬੇ ਤਾਂ ਆਪ ਘੋਰ ਦੁਖੀ ਹੈ! ਆਪਣੇ ਦਿਲ ਦਾ ਦੁੱਖ ਦੱਸ ਕੇ ਮੈਂ ਇਹਦਾ ਜਿਉਣਾ ਕਿਉਂ ਹਰਾਮ ਕਰਾਂ? ਕੱਟ ਲੈ ਮਨਾਂ ਚਿੱਤ ਲਾ ਕੇ - ਲਿਖੀਆਂ ਲੇਖ ਦੀਆਂ! ਬਾਪੂ ਇਕੱਲਾ ਹੀ ਡੂੰਘੀ ਉਧੇੜ-ਬੁਣ ਵਿਚ ਉਲਝਿਆ ਹੋਇਆ ਸੀ।

ਘਰ ਵਿਚ ਨਾ ਹੀ ਕੁਝ ਪੱਕਿਆ ਅਤੇ ਨਾ ਹੀ ਕਿਸੇ ਨੇ ਕੁਝ ਖਾਧਾ।

ਸਵੇਰੇ ਪਾਠੀ ਬੋਲਦੇ ਨਾਲ ਹੀ ਪ੍ਰੀਤੋ ਉਠ ਖੜ੍ਹੀ ਹੋਈ। ਉਸ ਨੂੰ ਸਾਰੀ ਰਾਤ ਨੀਂਦ ਨਹੀਂ ਆਈ ਸੀ। ਨੀਂਦ ਤਾਂ ਕਿਸੇ ਨੂੰ ਵੀ ਨਹੀਂ ਆਈ ਸੀ। ਪਰ ਕਿਸੇ ਨੇ ਕਿਸੇ ਨਾਲ ਗੱਲ ਵੀ ਨਹੀਂ ਕੀਤੀ ਸੀ। ਸਾਰੇ ਆਪੋ ਆਪਣੀਆਂ ਸੋਚਾਂ ਦੀ ਮੰਝਧਾਰ ਵਿਚ ਫ਼ਸੇ ਰਹੇ ਸਨ। ਕੋਈ ਕਿਨਾਰਾ ਕਿਸੇ ਨੂੰ ਵੀ ਨਜ਼ਰ ਨਹੀਂ ਆ ਰਿਹਾ ਸੀ। ਨੀਟੂ ਇਤਨਾ ਬੇਲਗਾਮਾ, ਖ਼ਰੂਦੀ ਘੋੜ੍ਹਾ ਨਿਕਲ ਆਵੇਗਾ? ਕਿਸੇ ਨੇ ਸੁਪਨੇ ਵਿਚ ਵੀ ਸੋਚਿਆ ਨਹੀਂ ਸੀ! ਬਾਪੂ-ਬੇਬੇ ਨੂੰ ਤਾਂ 'ਕੱਲੇ-'ਕੱਲੇ ਪੁੱਤ ਤੋਂ ਆਸਾਂ ਹੀ ਬੜੀਆਂ ਸਨ। ਬੁੜ੍ਹਾਪਾ ਸੌਖ ਨਾਲ ਬੀਤਦਾ ਪ੍ਰਤੀਤ ਹੋਇਆ ਸੀ। ਪਰ ਦੈਂਤ ਨੀਟੂ ਨੇ ਤਾਂ ਕੱਛ 'ਚੋਂ ਮੂੰਗਲਾ ਕੱਢ ਮਾਰਿਆ ਸੀ! ਜਨਮ ਦੇਣ ਵਾਲੀ ਮਾਂ ਨੂੰ ਹੀ ਕੁੱਟ ਧਰਿਆ ਸੀ।

ਪ੍ਰੀਤੋ ਨੇ ਚਾਹ ਬਣਾਈ।

ਨੀਟੂ ਸਾਰੀ ਰਾਤ ਘਰ ਨਹੀਂ ਆਇਆ ਸੀ। ਪਤਾ ਨਹੀਂ ਕਿਹੜੇ ਕੂਟੀਂ ਚੜ੍ਹ ਗਿਆ ਸੀ?

ਜਦ ਉਸ ਨੇ ਬੱਤੀ ਬਾਲ਼ ਕੇ ਬਾਪੂ ਨੂੰ ਜਗਾਉਣਾ ਚਾਹਿਆ ਤਾਂ ਉਹ ਬੋਲਿਆ ਨਾ! ਉਸ ਨੇ "ਬਾਪੂ-ਬਾਪੂ" ਕਰ ਕੇ ਇਕ ਦੋ ਅਵਾਜ਼ਾਂ ਵੀ ਮਾਰੀਆਂ। ਪਰ ਬਾਪੂ ਸਿਲ਼-ਪੱਥਰ ਹੋਇਆ ਪਿਆ ਰਿਹਾ। ਜਦ ਉਸ ਨੇ ਬਾਪੂ ਨੂੰ ਜਾ ਕੇ ਹਲੂਣਿਆਂ ਤਾਂ ਡਰ ਗਈ! ਬਾਪੂ ਦਾ ਮੂੰਹ ਖੁੱਲ੍ਹਾ ਸੀ ਅਤੇ ਅੱਖਾਂ ਅੱਡੀਆਂ ਹੋਈਆਂ, ਪੱਥਰ ਬਣੀਆਂ ਖੜ੍ਹੀਆਂ ਸਨ। ਪ੍ਰੀਤੋ ਦੀ ਭੁੱਬ ਨਿਕਲ਼ ਗਈ। ਭੁੱਬ ਸੁਣ ਕੇ ਬੇਬੇ ਭੱਜ ਕੇ ਆਈ ਤਾਂ ਬੰਤ ਸਿਉਂ ਠੰਢਾ ਸੀਤ ਹੋਇਆ ਪਿਆ ਸੀ...! ਬੇਬੇ ਨੇ ਦੁਹੱਥੜ ਮਾਰੀ ਤਾਂ ਗੁਆਂਢੀ ਭੱਜ ਕੇ ਆਏ। ਸਾਰਿਆਂ ਨੂੰ ਹੱਥਾਂ ਪੈਰਾਂ ਦੀ ਤਾਂ ਪੈ ਗਈ ਸੀ।

-"ਇਹ ਤਾਂ ਪੂਰਾ ਹੋ ਗਿਆ ਮਲਕੀਤ ਕੁਰੇ...!" ਕਿਸੇ ਸਿਆਣੇ ਬਜ਼ੁਰਗ ਨੇ ਹਾਲਤ ਦੇਖ ਕੇ ਕਿਹਾ।

-"ਨ੍ਹੀ ਕੋਈ ਸੁਖਮੰਦਰ ਨੂੰ ਬੁਲਾਓ...!" ਬੇਬੇ ਨੇ ਦੁਹਾਈ ਦਿੱਤੀ।

ਪ੍ਰੀਤੋ ਡਾਕਟਰ ਬੁਲਾਉਣ ਭੱਜ ਗਈ।

-''ਇਹਨਾਂ ਨੂੰ ਹਾਰਟ ਅਟੈਕ ਹੋਇਐ...!'' ਪਿੰਡ ਦੇ ਡਾਕਟਰ ਸੁਖਮੰਦਰ ਸਿੰਘ ਨੇ ਆ ਕੇ ਬੰਤ ਸਿੰਘ ਦੇ ਮਰੇ ਹੋਣ ਦੀ ਪੁਸ਼ਟੀ ਕਰ ਦਿੱਤੀ। ਉਸ ਦੇ ਸਾਊ ਜਿਹੇ ਮੂੰਹ 'ਤੇ ਉਦਾਸੀ ਝਲਕੀ ਸੀ।

ਘਰ ਵਿਚ ਰੋਣ ਪਿੱਟਣ ਪੈ ਗਿਆ।

ਬੰਤ ਸਿੰਘ ਦੀ ਲਾਅਸ਼ ਨੂੰ ਮੰਜੇ ਤੋਂ ਹੇਠਾਂ ਲਾਹ ਲਿਆ। ਰਿਸ਼ਤੇਦਾਰਾਂ ਅਤੇ ਸੁਨੇਹੀਆਂ ਨੂੰ ਦੁਖਦਾਈ ਖ਼ਬਰ ਕਰ ਦਿੱਤੀ ਗਈ। ਪ੍ਰੀਤੋ ਅਤੇ ਪ੍ਰੀਤੋ ਦੀ ਬੇਬੇ ਰੋ-ਰੋ ਕੇ ਹਾਲੋਂ ਬੇਹਾਲ ਹੋਈਆਂ ਪਈਆਂ ਸਨ। ਗੁਆਂਢਣ ਤਾਈ ਉਹਨਾਂ ਦਾ ਦਿਲ ਧਰਾ ਰਹੀ ਸੀ। ਬੰਤ ਸਿੰਘ ਤਾਂ ਤੁਰ ਗਿਆ ਸੀ। ਪਰ ਹੁਣ ਮਲਕੀਤ ਕੌਰ ਨੂੰ ਪ੍ਰੀਤੋ ਦਾ ਫ਼ਿਕਰ ਵੱਢ-ਵੱਢ ਖਾਣ ਲੱਗ ਪਿਆ ਸੀ। ਬੰਦੇ ਦੇ ਸਿਰ 'ਤੇ ਔਰਤ ਨੂੰ ਘਰ ਦਾ ਕੋਈ ਫ਼ਿਕਰ ਨਹੀਂ ਹੁੰਦਾ। ਮਰਦ ਤੋਂ ਬਿਨਾ ਤਾਂ ਤੀਵੀਂ ਖੜਸੁੱਕ ਟਾਹਲੀ ਦੀ ਤਰ੍ਹਾਂ ਹੁੰਦੀ ਹੈ। ਹੁਣ ਸਾਰੇ ਘਰ ਦੀ ਜ਼ਿੰਮੇਵਾਰੀ ਪ੍ਰੀਤੋ ਦੀ ਬੇਬੇ ਮਲਕੀਤ ਕੌਰ ਦੇ ਸਿਰ 'ਤੇ ਹੀ ਤਾਂ ਆ ਗਈ ਸੀ। ਲੰਡਰ ਨੀਟੂ ਦਾ ਉਸ ਨੂੰ ਕੀ ਆਸਰਾ ਹੋਣਾ ਸੀ? ਜਿਹੜਾ ਮਾਂ ਦੀ ਵੀ ਦੁਰਗਤੀ ਕਰ ਗਿਆ ਸੀ! ਕੀ ਥੁੜਿਆ ਪਿਆ ਸੀ ਅਜਿਹੀ ਔਲ਼ਾਦ ਖੁਣੋਂ? ਸੋਚ ਸੋਚ ਕੇ ਮਲਕੀਤ ਕੌਰ ਦੇ ਅੰਦਰੋਂ ਇਕ ਬੇਰਹਿਮ ਹਾਉਕਾ ਉਠਦਾ ਤੇ ਉਹ ਕਸੀਸ ਵੱਟ ਕੇ ਅੰਦਰੇ ਅੰਦਰ ਹੀ ਪੀ ਜਾਂਦੀ।

ਨੇੜ ਦੇ ਰਿਸ਼ੇਤਦਾਰ ਪਹੁੰਚਣੇ ਸ਼ੁਰੂ ਹੋ ਗਏ।

ਸਸਕਾਰ ਦੀ ਤਿਆਰੀ ਆਰੰਭ ਕਰ ਦਿੱਤੀ ਗਈ।

-''ਨੀ ਮਲਕੀਤ ਕੁਰੇ-ਨੀਟੂ ਕਿੱਥੇ ਐ...?'' ਤਾਈ ਨੇ ਪੁੱਛਿਆ।

-''ਪਤਾ ਨ੍ਹੀ ਕਿਸ਼ਨ ਕੁਰੇ-ਕੱਲ੍ਹ ਦਾ ਗਿਆ ਨ੍ਹੀ ਮੁੜਿਆ।'' ਬੇਬੇ ਨੇ ਅੰਦਰਲੀ ਚੀਸ ਦੱਬ ਕੇ ਕਿਹਾ।

-''ਭਾਈ ਪਿਉ ਦੀ ਚਿਖ਼ਾ ਨੂੰ ਤਾਂ ਪੁੱਤ ਈ ਦਾਗ਼ ਦਿੰਦੈ-ਜਾਓ ਵੇ ਮੁੰਡਿਓ! ਲਿਆਓ ਨੀਟੂ ਨੂੰ ਭਾਲ਼ ਕੇ!'' ਤਾਈ ਨੇ ਕੁਝ ਮੁੰਡੇ ਲੱਭਣ ਲਈ ਤੋਰ ਦਿੱਤੇ।

ਸਸਕਾਰ ਤੱਕ ਮੁੰਡੇ ਨੀਟੂ ਨੂੰ ਲੱਭ ਲਿਆਏ।

ਉਸ ਦੇ ਪੱਥਰ ਦਿਲ 'ਤੇ ਕੋਈ ਬਹੁਤਾ ਅਸਰ ਨਹੀਂ ਹੋਇਆ ਸੀ। ਉਸ ਨੇ ਚੁੱਪ ਚਾਪ ਬਾਪੂ ਦੀ ਚਿਖ਼ਾ ਨੂੰ ਅੱਗ ਦਿਖਾ ਦਿੱਤੀ। ਬਾਪੂ ਲਾਡਲੇ ਨੀਟੂ ਨੂੰ ਮੋਢਿਆਂ 'ਤੇ ਚੁੱਕ ਕੇ ਖਿਡਾਉਂਦਾ ਰਿਹਾ ਸੀ। ਕਦੇ ਕਦੇ ਨੀਟੂ ਨੇ ਜਾਣ ਬੁੱਝ ਕੇ ਬਾਪੂ ਦੇ ਮੋਢਿਆਂ 'ਤੇ ਮੂਤ ਦੇਣਾ। ਪਰ ਬਾਪੂ ਨੇ ਗੱਲ ਹਾਸੇ ਵਿਚ ਹੀ ਟਾਲ਼ ਦੇਣੀ, ''ਉਏ ਛਾਲਿਆ ਕੁੱਤਿਆ...! ਤੂੰ ਮੇਰੇ ਉਤੇ ਈ ਧਾਰੀ ਮਾਰਤੀ ਉਏ! ਉਏ ਜਾਹ ਉਏ ਹਰਗੀਤ ਸਿਆਂ! ਕਰੇਂਗਾ ਕਮਾਲਾਂ! ਮੈਂ ਤਾਂ ਤੇਰਾ ਮੂਤ ਝੱਲੀ ਜਾਨੈਂ! ਤੂੰ ਮੇਰੀ ਬੁੜ੍ਹੇ ਹੋਏ ਦੀ ਸੇਵਾ ਕਰਿਆ ਕਰੇਂਗਾ? ਹੈਂ...?'' ਉਹ ਲਾਡ ਨਾਲ ਉਸ ਨੂੰ ਖ਼ੁਸ਼ ਰੱਖਦਾ। ਬਾਪੂ ਨੇ ਕਦੇ ਮੱਥੇ ਵੱਟ ਨਹੀਂ ਪਾਇਆ ਸੀ। ਕਦੇ ਇਕਲੌਤੇ ਪੁੱਤ ਦੇ ਮੱਥੇ ਦਾ ਮੁੜ੍ਹਕਾ ਨਹੀਂ ਸਹਾਰਿਆ ਸੀ। ਪਰ ਅੱਜ ਪੁੱਤ ਹਰਗੀਤ ਹੀ ਮੁੱਖੋਂ, ਬੇਮੁੱਖ ਹੋਇਆ ਖੜ੍ਹਾ ਸੀ। ਉਸ ਨੇ ਬਾਪੂ ਦੇ ਵਿਛੋੜੇ ਵਿਚ ਇਕ ਹੰਝੂ ਨਹੀਂ ਕੇਰਿਆ ਸੀ। ਦੁੱਖ ਨਹੀਂ ਮੰਨਿਆਂ ਸੀ। ਬੱਸ, ਮੱਟਰ ਜਿਹਾ ਬਣਿਆਂ ਖੜ੍ਹਾ ਰਿਹਾ ਸੀ। ਇਸ ਦੀ ਪਿੰਡ ਵਾਲਿਆਂ ਨੇ ਬਹੁਤ ਵਿਚਾਰ ਕੀਤੀ। ਪਰ ਅਸਲ ਗੱਲ ਮਲਕੀਤ ਕੌਰ ਦੇ ਕੰਨਾਂ ਤੱਕ ਨਹੀਂ ਪਹੁੰਚਣ ਦਿੱਤੀ ਸੀ। ਨਾਲੇ ਮਲਕੀਤ ਕੌਰ ਕਿਹੜਾ ਨਿਆਣੀ ਸੀ? ਊਠ ਦੇ ਢਿੱਡ ਵਿਚ ਸਾਰੀਆਂ ਦਾਤਣਾਂ ਹੀ ਸਨ। ਭੁੱਲੀ ਉਹ ਵੀ ਕੱਖ ਨਹੀਂ ਸੀ। ਪਰ ਲੋਕ ਲਾਜ ਦੇ ਮੂੰਹ ਨੂੰ ਚੁੱਪ ਜ਼ਰੂਰ ਸੀ ਅਤੇ ਢਿੱਡ ਦਾ ਨਾਸੂਰ ਸਬਰ ਸੰਤੋਖ ਦੀ ਓਟ ਨਾਲ ਦੱਬੀ ਫ਼ਿਰਦੀ ਸੀ। ਉਸ ਦੇ ਦੁੱਖ ਦਾ ਅੰਤ ਕੋਈ ਨਹੀਂ ਸੀ!

ਭੋਗ ਪੈਣ ਤੱਕ ਪ੍ਰੀਤੋ ਦਾ ਮਾਮਾ ਕਿਸ਼ਨ ਸਿੰਘ ਆਪਣੀ ਭੈਣ ਮਲਕੀਤ ਕੌਰ ਦਾ ਦੁੱਖ ਵੰਡਾਉਣ ਲਈ ਉਸ ਦੇ ਕੋਲ ਹੀ ਰਹਿ ਪਿਆ ਸੀ। ਉਸ ਦੇ ਆਪਣੇ ਪੁੱਤ ਜੁਆਨ ਅਤੇ ਲਾਇਕ ਸਨ। ਖੇਤੀਬਾੜੀ ਦਾ ਸਾਰਾ ਕੰਮ ਉਹਨਾਂ ਨੇ ਬੜੇ ਸਲੀਕੇ ਨਾਲ ਸਾਂਭਿਆ ਹੋਇਆ ਸੀ। ਮੁੰਡਿਆਂ ਦੇ ਸਿਰ 'ਤੇ ਉਸ ਨੂੰ ਪਿੱਛੇ ਦਾ ਕੋਈ ਫ਼ਿਕਰ ਨਹੀਂ ਸੀ।

-''ਹੁਣ ਆਪਾਂ ਪ੍ਰੀਤੋ ਦਾ ਕੋਈ ਬੰਨ੍ਹ ਸੁੱਬ ਕਰੀਏ, ਮਲਕੀਤ ਕੁਰੇ...!'' ਭੋਗ ਪੈਣ ਤੋਂ ਬਾਅਦ ਮਾਮੇ ਨੇ ਭੈਣ ਨਾਲ ਗੱਲ ਤੋਰੀ। ਭੈਣ ਦੇ ਦੁੱਖ ਵਿਚ, ਦਿਲ ਉਸ ਦਾ ਵੀ ਅਥਾਹ ਦੁਖੀ ਸੀ।

-''ਜਿਹੜਾ ਕੁਛ ਕਰਨੈਂ-ਉਹ ਤਾਂ ਹੁਣ ਤੂੰ ਈ ਕਰਨੈਂ ਭਰਾਵਾ! ਮੈਨੂੰ ਤਾਂ ਕੁਛ ਨ੍ਹੀ ਸੁਝਦਾ! ਉਹ ਜਾਣੇ, ਜੇ ਆਪ ਜਿਉਂਦਾ ਰਹਿੰਦਾ-ਕੁੜੀ ਨੂੰ ਘਰੋਂ ਤੋਰ ਜਾਂਦਾ-!'' ਮਲਕੀਤ ਕੌਰ ਹਮਦਰਦ ਭਰਾ ਅੱਗੇ ਫ਼ਿੱਸ ਪਈ।

-''ਤੂੰ ਫ਼ਿਕਰ ਕਾਹਦਾ ਕਰਦੀ ਐਂ? ਮੈਂ ਦੇਖਗਾਂ ਬੈਠਾ! ਨਾਲੇ ਆਪਣਾ ਸ਼ੇਰ ਨੀਟੂ ਹੁਣ ਸੁੱਖ ਨਾਲ ਜੁਆਨ

ਐਂ...!" ਮਾਮੇ ਨੇ ਆਖਿਆ।

-"......।" ਬੇਬੇ ਘੁੱਟ ਵੱਟ ਗਈ। ਕੀ ਦੱਸਦੀ? ਕਿ ਇਹ ਸਾਰਾ ਸਿਆਪਾ ਹੀ ਨੀਟੂ ਦਾ ਪਾਇਆ ਹੋਇਆ ਸੀ? ਕੀ ਦੱਸਦੀ ਕਿ ਉਸ ਨੇ ਤਾਂ ਸਕੀ ਮਾਂ ਨੂੰ ਵੀ ਨਾ ਬਖ਼ਸ਼ਿਆ...? ਉਸ ਦੇ ਵੀ ਥੱਪੜ ਕੱਢ ਮਾਰੇ...? ਪਰ ਉਹ ਮਨ 'ਤੇ ਭਾਰ ਪਾਈ ਚੁੱਪ ਬੈਠੀ ਸੀ। ਪ੍ਰੀਤੋ, ਮਾਂ ਦੇ ਦਰਦ ਦੀ ਸਾਰੀ ਹਕੀਕਤ ਹੀ ਸਮਝਦੀ ਸੀ। ਮਾਂ ਨਾਲ ਉਸ ਨੇ ਵੀ ਬੱਜਰ ਚੁੱਪ ਧਾਰੀ ਹੋਈ ਸੀ।

ਕੁਝ ਦਿਨਾਂ ਬਾਅਦ ਆਉਣ ਦਾ ਵਾਅਦਾ ਦੇ ਕੇ ਮਾਮਾ ਕਿਸ਼ਨ ਸਿੰਘ ਚਲਾ ਗਿਆ।

ਨੀਟੂ ਕਦੇ ਘਰ ਆਉਂਦਾ। ਕਦੇ ਨਾ ਆਉਂਦਾ। ਉਹ ਕਿੱਥੇ ਜਾਂਦਾ? ਕਿੱਥੇ ਰਾਤਾਂ ਕੱਟਦਾ? ਕਿਸੇ ਨੂੰ ਵੀ ਪਤਾ ਨਹੀਂ ਸੀ! ਨਾ ਹੀ ਉਸ ਨੂੰ ਕਿਸੇ ਨੇ ਪੁੱਛਿਆ ਸੀ ਅਤੇ ਨਾ ਹੀ ਨੀਟੂ ਨੇ ਦੱਸਣ ਦੀ ਕੋਈ ਜ਼ਰੂਰਤ ਹੀ ਸਮਝੀ ਸੀ। ਪ੍ਰੀਤੋ ਵੀ ਉਸ ਨੂੰ ਜੇ ਕੋਈ ਮੰਦਾ ਬਚਨ ਨਹੀਂ ਕਰਦੀ ਸੀ, ਤਾਂ ਚੰਗਾ ਵੀ ਨਹੀਂ ਬੋਲਦੀ ਸੀ।

ਮਾਂ ਚੁੱਪ ਗੜੁੱਪ ਹੀ ਸੀ! ਪਰਬਤ ਵਾਂਗ ਖ਼ਾਮੋਸ਼!! ਉਸ ਦੇ ਭਾਅ ਦਾ ਤਾਂ ਸਾਰਾ ਸੰਸਾਰ ਹੀ ਮਰ ਗਿਆ ਸੀ।

ਹਫ਼ਤੇ ਕੁ ਬਾਅਦ ਮਾਮਾ ਕਿਸ਼ਨ ਸਿੰਘ ਆ ਗਿਆ।

ਉਹ ਬਹੁਤ ਹੀ ਖ਼ੁਸ਼ ਸੀ।

-"ਮੀਤੋ, ਭੈਣੇ ਖਾਨਦਾਨ ਐਂ...? ਬੱਸ ਪੁੱਛ ਨਾ...! ਮੁੰਡਾ ਗੋਰਾ ਨਿਸ਼ੋਹ! ਦੁਨੀਆਂ ਖੜ੍ਹ ਖੜ੍ਹ ਦੇਖੂਗੀ! ਆਪਣੀ ਪ੍ਰੀਤੋ ਤਾਂ ਰਾਜ ਕਰੂਗੀ, ਰਾਜ...!" ਮਾਮੇ ਨੇ ਆਪਣੇ ਵੱਲੋਂ ਪੂਰਾ ਤਾਣ ਲਾ ਕੇ ਦੱਸਿਆ ਸੀ।

-"ਆਪਣੀਆਂ ਤਾਂ ਭਰਾਵਾ ਰੱਬ 'ਤੇ ਈ ਡੋਰੀਐਂ!" ਬੇਬੇ ਨੇ ਇਕ ਵਿਚ ਹੀ ਮੁਕਾ ਦਿੱਤੀ।

ਮਾਮਾ ਅਤੇ ਬੇਬੇ ਸਾਰੀ ਰਾਤ ਗੱਲਾਂ ਬਾਤਾਂ ਕਰਦੇ ਰਹੇ।

ਪ੍ਰੀਤੋ ਸੋਚਾਂ ਵਿਚ ਪਈ ਹੋਈ ਸੀ। ਕੀ ਬਣੂੰਗਾ ਮੇਰੇ ਸਹੁਰੇ ਗਈ ਤੋਂ ਬਾਅਦ ਵਿਚਾਰੀ ਬੇਬੇ ਦਾ? ਸਿਆਣੇ ਆਖਦੇ ਐ, ਪੁੱਤੀਂ ਗੰਢ ਪਵੇ ਸੰਸਾਰ...! ਪਰ ਕੀ ਥੁੜਿਆ ਪਿਆ ਸੀ ਨੀਟੂ ਵਰਗੇ ਪੁੱਤ ਵੱਲੋਂ? ਕੀ ਕਰੇਗੀ ਬੇਬੇ ਮੇਰੇ ਤੋਂ ਬਿਨਾ ਇਕੱਲੀ? ਕੌਣ ਦੇਖ ਭਾਲ ਕਰੂਗਾ ਵਿਚਾਰੀ ਦੁਖਿਆਰੀ ਬੇਬੇ ਦੀ? ਕੀਹਦੇ ਨਾਲ ਦੁਖ ਸੁਖ ਕਰੂਗੀ ਬੇਬੇ? ਇਕੱਲਾ ਬੰਦਾ ਤਾਂ ਉਂਜ ਹੀ ਪਾਗ਼ਲ ਹੋ ਜਾਂਦੈ! 'ਕੱਲੇ ਬੰਦੇ ਨੂੰ ਤਾਂ ਦੁੱਖ ਘੁਣ ਵਾਂਗ ਖਾ ਜਾਂਦੈ! ਨਾਲੇ ਬੇਬੇ ਤਾਂ ਦੁੱਖਾਂ ਦੀ ਭੰਨੀ ਪਈ ਐ! ਨੀਟੂ ਤਾਂ ਦੁੱਖ ਵੰਡਾਉਣੋਂ ਰਿਹਾ।

ਅਗਲੇ ਦਿਨ ਸਵੇਰੇ ਪ੍ਰੀਤੋ ਨੇ ਸਾਰੀਆਂ ਸ਼ਰਮਾਂ ਲਾਹ ਕੇ ਮਾਮੇ ਨੂੰ ਰਸੋਈ ਵਿਚ ਬੁਲਾ ਲਿਆ।

-"ਕੀ ਗੱਲ ਐ ਪ੍ਰੀਤੋ...?" ਮਾਮਾ ਦੰਗ ਸੀ।

-"ਮਾਮਾ ਜੀ, ਮੇਰੇ ਵਿਆਹ ਬਾਰੇ ਤਾਂ ਸੋਚੀ ਜਾਨੇ ਐਂ-ਪਰ ਬੇਬੇ ਕੋਲ ਕੌਣ ਰਹੂ, ਕਦੇ ਸੋਚਿਐ?"

-"ਹੈ ਕਮਲ਼ੀ...! ਮੀਤੋ ਕੋਲ਼ੇ ਨੀਟੂ ਹੈ ਤਾਂ ਹੈਗਾ!" ਆਪਦੇ ਜਾਣੇ ਮਾਮੇ ਨੇ ਪ੍ਰੀਤੋ ਦੀ ਮੁਸ਼ਕਿਲ ਹੱਲ ਕਰ ਦਿੱਤੀ ਸੀ।

-"ਮਾਮਾ ਜੀ, ਅਸਲੀਅਤ ਦਾ ਥੋਨੂੰ ਪਤਾ ਈ ਨ੍ਹੀ...! ਬੇਬੇ ਤੋਂ ਪੁੱਛੋ ਬਈ ਅਸਲੀਅਤ ਕੀ ਐ!"

-"ਕੀ ਐ ਅਸਲੀਅਤ? ਕੁੜ੍ਹੇ ਤੂੰ ਤਾਤੇ ਬਾਤੇ ਜੇ ਕਾਹਨੂੰ ਕਰੀ ਜਾਨੀ ਐਂ? ਗੱਲ ਖੁੱਲ੍ਹ ਕੇ ਕਰਗਾਂ...!" ਮਾਮਾ ਵੱਟ ਖਾ ਗਿਆ।

ਪ੍ਰੀਤੋ ਨੇ ਸਾਰੀ ਕਹਾਣੀ ਆਖ ਸੁਣਾਈ।

ਮਾਮਾ ਹੈਰਾਨ ਰਹਿ ਗਿਆ।

-"ਪਰ ਮਲਕੀਤੋ ਨੇ ਤਾਂ ਮੇਰੇ ਕੋਲੇ ਕਦੇ ਭੋਗ ਨ੍ਹੀ ਪਾਇਆ?"

-"ਬੇਬੇ ਜਿੰਨਾਂ ਲਕੋਅ ਰੱਖਦੀ ਐ-ਓਨੀ ਈ ਦੁਖੀ ਹੁੰਦੀ ਐ, ਮਾਮਾ ਜੀ।" ਪ੍ਰੀਤੋ ਡੁਸਕ ਪਈ।

-"ਤੂੰ ਰੋਈ ਕਾਹਨੂੰ ਜਾਨੀ ਐਂ? ਛੋਰ ਦੇ ਚਾਰ ਮਾਰਾਂਗੇ ਜਾਭਾਂ 'ਤੇ...!" ਮਾਮੇ ਦਾ ਮਨ ਖੱਟਾ ਹੋ ਗਿਆ।

-"ਫੇਰ ਕਿਹੜਾ ਮਾਮਾ ਜੀ ਉਹ ਸੁਧਰਜੂ...?"

ਮਾਮਾ ਸੋਚੀਂ ਪੈ ਗਿਆ।

ਗੱਲ ਪ੍ਰੀਤੋ ਦੀ ਠੀਕ ਸੀ। ਰਿਆਹ ਹਾਥੀ ਅਤੇ ਭੂਸਰੇ ਸਾਹਣ ਦਾ ਇਲਾਜ਼ ਕੁੱਟ ਨਹੀਂ! ਉਸ ਨੂੰ ਤਾਂ ਕਿਸੇ

ਤਰੀਕੇ ਨਾਲ ਹੀ ਵੱਸ ਵਿਚ ਲਿਆਂਦਾ ਜਾ ਸਕਦੈ! ਅੱਕੇ ਬਾਂਦਰ ਦੇ ਡੰਡਾ ਮਾਰੋ, ਉਹ ਡੰਡੇ ਵਾਲੇ ਨੂੰ ਹੀ ਲੀਰਾਂ ਕਰ ਸੁੱਟਦੈ!

-"ਇਹਦੇ ਬਾਰੇ ਮੈਂ ਮਲਕੀਤੋ ਨਾਲ ਕਰਦੈਂ ਗੱਲ...!"

ਮਾਮਾ ਅੰਦਰ ਚਲਾ ਗਿਆ। ਉਸ ਨੇ ਭੈਣ ਮਲਕੀਤ ਕੌਰ ਨਾਲ ਕਾਫ਼ੀ ਖ਼ਫ਼ਾਈ ਕੀਤੀ। ਤੱਤਾ ਠੰਢਾ ਹੋਇਆ। ਪਰ ਫਿਰ ਸ਼ਾਂਤ ਹੋ ਗਿਆ।

-"ਇਕ ਗੱਲ ਮਲਕੀਤੋ ਹੋਰ ਐ...!" ਮਾਮੇ ਨੇ ਕਾਫ਼ੀ ਸੋਚ ਵਿਚਾਰ ਬਾਅਦ ਕਿਹਾ।

-"......।" ਮਲਕੀਤ ਕੌਰ ਨੇ ਸੁਆਲੀ ਨਜ਼ਰਾਂ ਉਪਰ ਚੁੱਕੀਆਂ।

-"ਤਕੜੇ ਕੁੰਡੇ ਬਿਨਾ ਆਕੀ ਹਾਥੀ ਨੇ ਟਿਕ ਕੇ ਨ੍ਹੀ ਖੜ੍ਹਨਾ...!" ਕਿਸ਼ਨ ਸਿੰਘ ਨੇ ਆਖਿਆ।

-"......।" ਮਲਕੀਤ ਕੌਰ ਸਮਝੀ ਨਹੀਂ ਸੀ। ਚੁੱਪ ਸੀ।

-"ਨਹੀਂ ਸਮਝੀ...?"

ਮਲਕੀਤ ਕੌਰ ਨੇ 'ਨਾਂਹ' ਵਿਚ ਸਿਰ ਹਿਲਾਇਆ।

-"ਆਪਾਂ ਪ੍ਰੀਤੋ ਦਾ ਵਿਆਹ ਕਰ ਕੇ ਨਾਲ ਦੀ ਨਾਲ ਇਹਦਾ ਕੰਮ ਵੀ ਕਰ ਦੇਈਏ-ਕਬੀਲਦਾਰੀ ਸਿਰ ਪਈ ਤੋਂ ਆਪੇ ਥਾਂ ਸਿਰ ਖੜ੍ਹਜੂ! ਠੀਕ ਐ ਕਿ ਨਹੀਂ ਠੀਕ?"

-"ਕਿਸ਼ਨ ਸਿਆਂ...! ਬਾਈ, ਕਿਤੇ ਉਹ ਨਾ ਹੋਵੇ ਬਈ ਆਪਾਂ ਬਿਗਾਨੀ ਧੀ ਦੀਆਂ ਵੀ ਦੁਰਸੀਸਾਂ ਲੈ ਲਈਏ? ਮੈਥੋਂ ਤਾਂ ਅੱਗੇ ਈ ਨ੍ਹੀ ਮਾੜੇ ਕਰਮਾਂ ਦਾ ਭਾਰ ਚੱਕਿਆ ਜਾਂਦਾ? ਕਿਤੇ ਉਹ ਗੱਲ ਤਾ ਹੋਵੇ ਬਈ ਬੱਕਰੇ ਦੀ ਜਾਨ ਗਈ ਤੇ ਖਾਣ ਆਲ਼ੇ ਨੂੰ ਸੁਆਦ ਨਾ ਆਇਆ-ਆਪਾਂ ਕਿਤੇ ਬਿਗਾਨੀ ਧੀ ਨਾ ਪਰੁੰਨ੍ਹ ਕੇ ਰੱਖ ਦੇਈਏ?"

-"ਹਮੇਸ਼ਾ ਮਾੜਾ ਪਾਸਾ ਨਾ ਸੋਚੀਏ! ਕਦੇ ਚੰਗੀ ਸੋਚ ਵੀ ਕਰੀਏ! ਆਪਾਂ ਰੱਬ ਦੇ ਮਾਂਹ ਤਾਂ ਨ੍ਹੀ ਮਾਰੇ? ਰੱਬ ਆਪੇ ਭਲੀ ਕਰੂ-ਨੀਟੇ ਆਸਤੇ ਰਿਸ਼ਤਾ ਕੋਈ ਮੈਂ ਹੱਥ ਹੇਠ ਕਰਦੈਂ-ਪਹਿਲਾਂ ਆਪਾਂ ਪ੍ਰੀਤੋ ਆਲ਼ਾ ਸਾਹਾ ਸਿਰੇ ਚਾੜ੍ਹੀਏ!"

ਮਲਕੀਤ ਕੌਰ ਚੁੱਪ ਹੀ ਰਹੀ ਸੀ। ਕਿਸ਼ਨ ਸਿੰਘ ਹੀ ਗੱਲਾਂ ਕਰਦਾ ਰਿਹਾ ਸੀ।

ਅਗਲੇ ਦਿਨ ਮਾਮਾ ਆਪਣੇ ਪਿੰਡ ਨੂੰ ਬੱਸ ਚੜ੍ਹ ਗਿਆ...।

## ਕਾਂਡ 3

ਪ੍ਰੀਤੋ ਦਾ ਵਿਆਹ ਹੋ ਗਿਆ।

ਸਹੁਰੀਂ ਤੁਰਨ ਲੱਗੀ ਪ੍ਰੀਤੋ ਬੇਬੇ ਦੇ ਗਲ਼ ਲੱਗ ਕੇ ਬੜਾ ਰੋਈ ਸੀ। ਨੀਟੂ ਨੇ ਵੀ ਉਸ ਨੂੰ ਪਿਆਰ ਜਿਹਾ ਜਤਾ ਕੇ, ਜੱਗ ਰਵੀਰਾ ਜਿਹਾ ਕਰ ਦਿੱਤਾ ਸੀ। ਅੱਜ ਪ੍ਰੀਤੋ ਨੂੰ ਮਰੇ ਹੋਏ ਦਰਵੇਸ਼ ਬਾਪੂ ਦੀ ਬੜੀ ਯਾਦ ਆਈ ਸੀ। ਪ੍ਰੀਤੋ ਇਕ ਨਵੇਂ ਜੀਵਨ ਵਿਚ ਪ੍ਰਵੇਸ਼ ਕਰਨ ਜਾ ਰਹੀ ਸੀ। ਨਵੀਂ ਜ਼ਿੰਦਗੀ ਅਤੇ ਨਵੇਂ ਤਜ਼ਰਬਿਆਂ ਵਿਚੋਂ ਅਜੇ ਉਸ ਨੇ ਗੁਜ਼ਰਨਾ ਸੀ। ਮੂੰਹ ਵਿਚ ਬੱਤੀ ਦੰਦ ਹੁੰਦੇ ਹਨ। ਉਹਨਾਂ ਵਿਚੋਂ ਇਕ ਦੰਦ ਨਿਕਲ ਜਾਵੇ ਤਾਂ ਜੀਭ ਵਾਰ-ਵਾਰ ਉਸ ਜਗਾਹ 'ਤੇ ਜਾਂਦੀ ਹੈ। ਕਿਉਂਕਿ ਜੀਭ ਨੂੰ ਵਿਛੜ ਗਏ ਦੰਦ ਦਾ ਹੇਰਵਾ ਹੁੰਦਾ ਹੈ! ਇਹ ਹੀ ਗੱਲ ਪ੍ਰੀਤੋ ਦੀ ਸੀ। ਅੱਜ ਉਹ ਇਕ ਨਵੇਂ ਪ੍ਰੀਵਾਰ ਵਿਚ ਜਾ ਰਹੀ ਸੀ ਅਤੇ ਬਾਪੂ ਦਾ ਸਦੀਵੀ ਵਿਛੋੜਾ ਉਸ ਨੂੰ ਬਿੱਛੂ ਵਾਂਗ ਡੰਗਦਾ ਸੀ!

ਪ੍ਰੀਤੋ ਦੀ ਡੋਲੀ ਤੁਰ ਗਈ।

ਪ੍ਰੀਤੋ ਦੇ ਘਰਵਾਲ਼ਾ ਵਾਕਿਆ ਹੀ ਸੋਹਣਾ ਸੁਨੱਖਾ ਮੁੰਡਾ ਸੀ।

ਜ਼ਮੀਨ ਜਾਇਦਾਦ ਵੀ ਚੰਗੀ ਸੀ।

ਰਾਤ ਨੂੰ ਪ੍ਰੀਤੋ ਸੁਹਾਗ ਰਾਤ ਵਾਲੇ ਪਲੰਘ 'ਤੇ ਬੈਠੀ ਆਪਣੇ ਪਤੀ ਦੀ ਉਡੀਕ ਕਰ ਰਹੀ ਸੀ। ਪਰ ਪਤੀ ਦੇਵ ਅਜੇ ਤੱਕ ਬਹੁੜਿਆ ਨਹੀਂ ਸੀ! ਰਾਤ ਵੱਡੀ ਹੁੰਦੀ ਗਈ ਅਤੇ ਸੁਹਾਗ ਵਾਲੇ ਜੋੜੇ ਵਿਚ ਸਜੀ ਬੈਠੀ ਕਿਸੇ ਸ਼ਮ੍ਹਾਂ ਵਾਂਗ ਜਗ ਰਹੀ ਸੀ। ਦੇਰ ਰਾਤ ਗਈ ਤੋਂ ਉਹ ਬੈਠੀ ਹੀ ਊਂਘਣ ਲੱਗ ਪਈ। ਅਚਾਨਕ ਦਰਵਾਜਾ ਜੋਰ ਦੀ ਖੁੱਲ੍ਹਿਆ ਤਾਂ ਅਧਸੁੱਤੀ ਪ੍ਰੀਤੋ ਦਾ ਤਰਾਹ ਨਿਕਲ ਗਿਆ। ਕਾਲਜਾ 'ਧੱਕ' ਕਰਕੇ ਰਹਿ ਗਿਆ।

ਸਾਹਮਣੇ ਪਤੀ ਦੇਵ ਖੜ੍ਹਾ ਸੀ! ਦਾਰੂ ਵਿਚ ਧੁੱਤ...! ਉਸ ਤੋਂ ਨਸ਼ੇ ਵਿਚ ਸਿੱਧਾ ਖੜ੍ਹਾ ਨਹੀਂ ਹੋਇਆ ਜਾਂਦਾ ਸੀ। ਉਹ ਮੱਝ ਨਵੇਂ ਦੁੱਧ ਕਰਕੇ ਹਟੇ ਸਾਹਣ ਵਾਂਗ ਲੰਬੇ ਲੰਬੇ ਸਾਹ ਲੈਂਦਾ, ਫ਼ੂੰਕਾਰੇ ਜਿਹੇ ਮਾਰਦਾ ਸੀ।

-"ਐਡੀ ਛੇਤੀ ਸੌਂ ਵੀ ਗਈ...?" ਉਸ ਨੇ ਬਰਾਛਾਂ 'ਚੋਂ ਹਲ਼ਕੇ ਕੁੱਤੇ ਵਾਂਗ ਝੱਗ ਸੁੱਟੀ। ਉਹ ਅਲ਼ਕ ਵਹਿੜਕੇ ਵਾਂਗ ਝੂਲ ਰਿਹਾ ਸੀ।

-"......।" ਪ੍ਰੀਤੋ ਨੇ ਉਠ ਕੇ ਪਤੀ ਦੇਵ ਦੇ ਅਦਬ ਵਿਚ ਹੱਥ ਜੋੜ ਦਿੱਤੇ।

ਉਹ ਪਾਗਲਾਂ ਵਾਂਗ ਉਚੀ-ਉਚੀ ਹੱਸ ਪਿਆ।

-"ਮੇਰੇ ਮੂਹਰੇ ਹੱਥ ਜੇ ਜੋੜੀ ਜਾਨੀ ਐਂ-ਮੈਂ ਹਨੂੰਮਾਨ ਦੇਵਤੈਂ...?" ਉਸ ਦੀਆਂ ਅੱਖਾਂ ਨਸ਼ੇ ਨਾਲ ਚੜ੍ਹੀਆਂ ਹੋਈਆਂ ਸਨ। ਪੇਚਾਂ ਵਾਲੀ ਪਟਿਆਲ਼ਾ ਪੱਗ ਢਿਲ਼ਕ ਕੇ ਇਉਂ ਹੋਈ ਪਈ ਸੀ, ਜਿਵੇਂ ਕੁੱਤੇ ਦਾ ਪਿੜ ਪੱਟਿਆ ਹੁੰਦੈ!

-"......।" ਪ੍ਰੀਤੋ ਚੁੱਪ ਰਹੀ। ਕੀ ਬੋਲਦੀ? ਸੋਹਣੇ ਸੁਨੱਖੇ ਪਤੀ ਦੇਵ ਦੀ ਬੱਦਲ਼ਵਾਈ ਤਾਂ ਉਸ ਨੇ ਪਹਿਲੀ ਸੱਟ ਹੀ ਦੇਖ ਲਈ ਸੀ। ਉਹ ਸ਼ਰਾਬੀ ਖ਼ਸਮ ਸਾਹਮਣੇ ਡਰੇ ਖ਼ਰਗੋਸ਼ ਵਾਂਗ ਕੁੰਗੜੀ ਜਿਹੀ ਖੜ੍ਹੀ ਸੀ। ਉਸ ਦਾ ਦਿਲ ਛਾਤੀ ਵਿਚ ਹਥੌੜੇ ਵਾਂਗ ਵੱਜ ਰਿਹਾ ਸੀ।

-"ਮੇਰਾ ਨਾਂ ਬਾਬਰ ਸਿੰਘ ਐ...! ਬਾਬਰ ਸਿੰਘ...! ਮੁੰਡੇ ਮੈਨੂੰ ਕਾਲਜ 'ਚ ਜਾਬਰ ਸਿੰਘ ਆਖਦੇ ਸੀ...!" ਪਤਾ ਨਹੀਂ ਉਸ ਨੇ ਕਿਉਂ ਦੱਸਿਆ ਸੀ? ਪਤਾ ਨਹੀਂ ਇਹ ਆਖ ਕੇ ਉਹ ਆਪਣੀ ਪਤਨੀ ਸਾਹਮਣੇ ਕਿਉਂ 'ਭੱਲ' ਜਿਹੀ ਬਣਾ ਰਿਹਾ ਸੀ?

-"......।" ਪ੍ਰੀਤੋ ਖ਼ਾਮੋਸ਼ ਸੁਣ ਰਹੀ ਸੀ।

-"ਮੇਰਾ ਤੇਰੇ ਨਾਲ ਬਿਆਹ-ਬੂਹ ਕਰਾਉਣ ਦਾ ਕੋਈ ਇਰਾਦਾ ਨ੍ਹੀ ਸੀ-ਇਹ ਤਾਂ ਮੈਨੂੰ ਘਰਦਿਆਂ ਨੇ ਮੱਲੋਮੱਲੀ ਨਰੜ ਧਰਿਆ-ਬੜੀ ਭੈਣ ਚੋਦ ਐ ਦੁਨੀਆਂ...!" ਉਸ ਨੇ ਬੜੇ ਹੰਕਾਰ ਨਾਲ ਦੱਸਿਆ ਸੀ।

-"......।" ਪ੍ਰੀਤੋ ਅੰਦਰ ਡਰ ਦਾ ਝੋਕਾ ਵਗ ਗਿਆ।

-"ਮੇਰਾ ਤਾਂ ਪ੍ਰੇਮ ਇਕ ਹੋਰ ਕੁੜੀ, ਡਾਲੀ ਨਾਲ ਚੱਲਦਾ ਸੀ-ਕਿਆ ਕੁੜੀ ਐ ਡਾਲੀ...? ਨਿਰੀ ਤੂਤ ਦੀ ਲਗਰ ਅਰਗੀ ਐ! ਦੇਖ ਕੇ ਭੁੱਖ ਲਹਿੰਦੀ ਐ-ਤੇਰੇ ਅਰਗੀ 'ਤੇ ਤਾਂ ਮੈਂ ਧਾਰ ਨ੍ਹੀ ਮਾਰਦਾ ਸੀ...!" ਉਸ ਨੇ ਬਾਛਾਂ ਖਿਲਾਰ ਕੇ ਦੱਸਿਆ ਤਾਂ ਪ੍ਰੀਤੋ ਫਿਰ ਚੁੱਪ ਰਹੀ। ਪਰ ਉਹ ਪੁੱਛਣਾ ਜ਼ਰੂਰ ਚਾਹੁੰਦੀ ਸੀ ਕਿ ਫਿਰ ਮੈਨੂੰ ਸਾਰੇ ਟੱਬਰ ਨੇ ਬਲੀ ਦਾ ਬੱਕਰਾ ਕਿਉਂ ਬਣਾਇਆ...? ਮੇਰੇ ਨਾਲ ਕੀ ਦੁਸ਼ਮਣੀ ਸੀ ਥੋਡੀ...? ਮੈਨੂੰ ਜ਼ਰੂਰੀ ਤੁਸੀਂ ਬੱਕਰੇ ਵਾਂਗ ਹਲਾਲ ਕਰਨਾ ਸੀ...? ਉਸ ਡਾਲੀ ਨੂੰ ਹੀ ਕਿਉਂ ਨਾ ਵਿਆਹ ਲਿਆਂਦਾ...? ਆਪਣੀ ਦੁਨੀਆਂ ਦੀ ਫ਼ਿਤਰਤ ਹੀ ਇਹ ਹੈ ਕਿ ਹੱਥ ਨਾ ਅੱਪੜੇ-ਥੂਹ ਕੌੜੀ...! ਪਰ ਦੂਜਿਆਂ ਦੇ ਅਰਮਾਨਾਂ ਦਾ ਘਾਣ ਜ਼ਰੂਰ ਕਰੋ! ਅਗਲਾ ਨਾ ਕਿਤੇ ਸੁਖ ਦਾ ਸਾਹ ਲੈ ਜਾਵੇ! ਪ੍ਰੀਤੋ ਨੂੰ ਆਪਣੀ ਹੋਣੀ ਦਾ ਤਾਂ ਪਹਿਲਾਂ ਹੀ ਪਤਾ ਸੀ! ਕਿ ਉਸ ਦੇ ਕਰਮਾਂ ਵਿਚ ਇਤਨਾ ਸੁਖ ਨਹੀਂ ਲਿਖਿਆ, ਜਿੰਨਾ ਕਿ ਮਾਮਾ ਕਿਸ਼ਨ ਸਿੰਘ ਬਿਆਨ ਕਰ ਰਿਹਾ ਸੀ।

ਸ਼ਰਾਬੀ ਬਾਬਰ ਨੇ ਪਹਿਲਾਂ ਤਾਂ ਉਸ ਨੂੰ ਕੁਕੜੀ ਦੇ ਚੂਚੇ ਵਾਂਗ ਮਧੋਲ਼ ਧਰਿਆ ਅਤੇ ਫਿਰ ਉਸ ਨੇ ਪ੍ਰੀਤੋ ਨੂੰ ਬੱਕਰੇ ਵਾਂਗ ਢਾਹ ਲਿਆ ਅਤੇ ਉਸ ਦਾ ਮੂੰਹ "ਖਾਣਾ" ਸ਼ੁਰੂ ਕਰ ਦਿੱਤਾ! ਉਹ ਪੀੜਾਂ ਵਿੰਨ੍ਹੀ ਚੁੱਪ ਚਾਪ ਸਭ ਕੁਝ ਜਰਦੀ ਰਹੀ। ਉਹ ਬਾਬਰ ਨੂੰ ਸੁਆਲ ਕਰਨਾ ਚਾਹੁੰਦੀ ਸੀ ਕਿ ਜੇ ਉਹ ਉਸ ਨੂੰ ਆਪਣੀ ਪਤਨੀ ਹੀ ਨਹੀਂ ਮੰਨਦਾ ਤਾਂ ਇਹ ਖੋਹ-ਖਿੰਝ ਕਿਹੜੇ ਹੱਕ ਨਾਲ...? ਪਰ ਉਸ ਦੀ ਜ਼ੁਬਾਨ ਸਿਉਂਤੀ ਹੋਈ ਸੀ ਅਤੇ ਮਨ 'ਤੇ ਪੱਥਰ ਰੱਖਿਆ ਹੋਇਆ ਸੀ! ਕੁੜੀ ਨੇ ਆਪਣੇ ਸੁਲਘਦੇ ਜਜ਼ਬਾਤਾਂ ਅਤੇ ਅਹਿਸਾਸਾਂ ਨੂੰ ਬੜੇ ਤਕੜੇ ਜ਼ਾਬਤੇ ਨਾਲ ਬੰਨ੍ਹ

ਮਾਰਿਆ ਹੋਇਆ ਸੀ। ਸਾਰੀ ਰਾਤ ਪਤਾ ਨਹੀਂ ਬਾਬਰ ਕੀ ਕੁਝ ਕਰਦਾ ਰਿਹਾ ਅਤੇ ਪਤਾ ਨਹੀਂ ਕਦੋਂ ਪ੍ਰੀਤੋ ਦੇ ਮੂੰਹੋਂ ਅਚਾਨਕ, "ਹਾਏ ਵੇ ਰੱਬਾ ਮਾਰਤੀ....!" ਨਿਕਲਿਆ ਸੀ। ਉਹ ਅਸਹਿ ਅੰਦਰੂਨੀ ਪੀੜਾਂ ਨਾਲ ਚਾਕੂ ਵਾਂਗ ਇਕੱਠੀ ਜ਼ਰੂਰ ਹੋ ਗਈ ਸੀ। ਬੇਕਿਰਕ ਬਾਬਰ ਨੇ ਉਸ ਦਾ ਅੰਦਰ ਹੀ ਤਾਂ ਪਾੜ ਧਰਿਆ ਸੀ! ਉਸ ਦੀਆਂ ਮਾਲੂਕ ਹੱਡੀਆਂ ਦੇ ਜੜਾਕੇ ਸਾਰੀ ਰਾਤ ਬਾਬਰ ਦੇ ਬੁਲਡੋਜ਼ਰ ਸਰੀਰ ਹੇਠ ਪੈਂਦੇ ਰਹੇ! ਸਾਰੀ ਰਾਤ ਬਾਬਰ ਉਸ ਨੂੰ 'ਹਲਾਲ' ਕਰਦਾ ਰਿਹਾ ਅਤੇ ਪ੍ਰੀਤੋ ਬੁੱਲ੍ਹਾਂ ਥੱਲੇ ਜੀਭ ਦੇ ਕੇ ਸਭ ਕੁਝ ਸਹਾਰਦੀ ਰਹੀ...!

ਸਵੇਰੇ ਤਿੰਨ ਵਜੇ ਬਾਬਰ ਨੇ ਆਪਣੇ ਮਨ ਦੀਆਂ ਰੀਝਾਂ ਪੂਰੀਆਂ ਕਰਕੇ ਪ੍ਰੀਤੋ ਨੂੰ ਅਜ਼ਾਦ ਕੀਤਾ।

-"ਸੁੱਥਣ ਪਾਅਲਾ...! ਕਿਵੇਂ ਭੈਣ ਦੇਣੀ ਪਈ ਬੁੱਲ੍ਹਬਲੀਆਂ ਜੀਆਂ ਛੱਡੀ ਜਾਂਦੀ ਐ...!" ਉਸ ਨੇ ਵਗਦਾ ਖ਼ੂਨ ਦੇਖ ਕੇ ਬਰੜਾਹਟ ਕੀਤਾ ਅਤੇ ਪੈਣ ਸਾਰ ਹੀ ਡਰਾਉਣੇ ਜਿਹੇ ਘੁਰਾੜ੍ਹੇ ਸ਼ੁਰੂ ਕਰ ਦਿੱਤੇ। ਉਹ ਲੰਬਾ ਸਾਹ ਲੈਂਦਾ ਘੁਰਾੜ੍ਹਾ ਮਾਰਦਾ ਅਤੇ ਸਾਹ ਛੱਡਣ ਲੱਗਿਆ ਬੋਤੇ ਵਾਂਗ ਬੁੱਲ੍ਹ ਜਿਹੇ ਫੜਕਾਉਂਦਾ ਸੀ। ਪ੍ਰੀਤੋ ਨੇ ਸਾਰੀ ਹਿੰਮਤ ਇਕੱਠੀ ਕਰ ਕੇ ਕੰਬਲ਼ ਉਪਰ ਖਿੱਚ ਲਿਆ ਅਤੇ ਸਾਰੀ ਰਾਤ ਲਹੂ ਲੁਹਾਣ ਹੁੰਦੀ ਰਹੀ। ਉਸ ਅੰਦਰੋਂ ਖ਼ੂਨ ਪ੍ਰਨਾਲ਼ਾ ਬਣ ਵਗਦਾ ਰਿਹਾ। ਸਵੇਰ ਹੋਣ ਤੱਕ ਉਸ ਵਿਚ ਬੈਠਣ ਉਠਣ ਦੀ ਵੀ ਸੱਤਿਆ ਨਹੀਂ ਰਹੀ ਸੀ! ਉਹ ਫ਼ੱਟੜ ਸੱਪ ਵਾਂਗ ਗੁੰਝਲ਼ੀ ਜਿਹੀ ਮਾਰੀ ਬੈੱਡ ਦੇ ਇਕ ਪਾਸੇ ਸੁੰਡੀ ਵਾਂਗ ਲੱਗੀ ਪਈ ਰਹੀ। ਉਸ ਵਿਚ "ਹਾਏ...!" ਆਖਣ ਦਾ ਵੀ ਸਾਹ-ਸਤ ਨਹੀਂ ਰਹਿ ਗਿਆ ਸੀ। ਉਹ ਨਿਰਬਲ ਹੀ ਤਾਂ ਹੋ ਕੇ ਰਹਿ ਗਈ ਸੀ। ਇਕ ਤਰ੍ਹਾਂ ਨਾਲ ਅੱਧਮਰੀ...!

ਸਵੇਰੇ ਸੱਤ ਕੁ ਵਜੇ ਉਸ ਦੀ ਨਣਾਨ ਆਈ ਅਤੇ ਪ੍ਰੀਤੋ ਨੂੰ ਉਠਾ ਕੇ ਲੈ ਗਈ।

ਉਹ ਪ੍ਰੀਤੋ ਨੂੰ ਲੁੱਚੀਆਂ ਜਿਹੀਆਂ ਗੱਲਾਂ ਦੇ ਇਸ਼ਾਰੇ ਕਰ-ਕਰ ਕੁਝ ਪੁੱਛਣ ਦਾ ਯਤਨ ਕਰਦੀ ਰਹੀ। ਪਰ ਪ੍ਰੀਤੋ ਦਾ ਸਾਰਾ ਸਰੀਰ ਚਸਕਾਂ ਮਾਰਦਾ ਸੀ, ਜਿਵੇਂ ਕੋਈ ਉਬਲ਼ਦਾ ਤੇਲ ਸਰੀਰ ਉਪਰ ਡੁੱਲ੍ਹ ਗਿਆ ਸੀ। ਅੰਦਰੂਨੀ ਜ਼ਖ਼ਮਾਂ ਦੀਆਂ ਚਸਕਾਂ ਦੀ ਚੀਸ ਸਿੱਧੀ ਦਿਲ ਨੂੰ ਜਾਂਦੀ ਸੀ ਅਤੇ ਅੱਖਾਂ 'ਚੋਂ ਲਾਟ ਜਿਹੀ ਨਿਕਲਦੀ ਸੀ। ਉਸ ਦਾ ਸਿਰ ਇੰਜ ਦੁਖ ਰਿਹਾ ਸੀ, ਜਿਵੇਂ ਕੋਈ ਬਰਮੇ ਨਾਲ ਸੱਲ ਕਰਦਾ ਹੁੰਦੈ! ਜਿਠਾਣੀਆਂ ਉਸ 'ਤੇ ਪਤਾ ਨਹੀਂ ਕਿਉਂ ਖਾਰ ਖਾਂਦੀਆਂ ਸਨ? ਸ਼ਾਇਦ ਇਸ ਕਰਕੇ ਕਿ ਬਾਬਰ ਦੇ ਮਾਂ-ਬਾਪ ਨੇ ਬਾਬਰ ਲਈ ਉਹਨਾਂ ਦੀਆਂ ਭੈਣਾਂ ਦਾ ਰਿਸ਼ਤਾ ਕਬੂਲ ਨਹੀਂ ਕੀਤਾ ਸੀ। ਉਹਨਾਂ ਨੇ ਬਾਬਰ ਦੇ ਵੀ ਬਹੁਤ ਕੁਤਕੁਤੀਆਂ ਕੱਢੀਆਂ। ਡੋਰੇ ਪਾਏ। ਖਹਿ ਖਹਾਈ ਕੀਤੀ। ਤਾਹਨ੍ਹੇ ਮਾਰੇ। ਮਿਹਣੇ ਦਿੱਤੇ। ਪਰ ਕੁਝ ਵੀ ਰਾਸ ਨਾ ਆਇਆ। ਬਾਬਰ ਮੱਟ ਬਣਿਆਂ ਰਿਹਾ। ਪਰ ਇਸ ਵਿਚ ਪ੍ਰੀਤੋ ਦਾ ਤਾਂ ਕੋਈ ਦੋਸ਼ ਨਹੀਂ ਸੀ! ਉਹ ਤਾਂ ਬਿਲਕੁਲ ਨਿਰਦੋਸ਼ ਸੀ! ਫਿਰ ਇਸ ਸਾਰੇ ਦੀ ਸਜ਼ਾ ਪ੍ਰੀਤੋ ਨੂੰ ਹੀ ਕਿਉਂ...?

ਖ਼ੈਰ...! ਪ੍ਰੀਤੋ ਇਸ ਪ੍ਰੀਵਾਰ ਵਿਚ ਰੁਲ਼-ਖੁਲ਼ ਕੇ ਦਿਨ ਕਟੀ ਕਰਦੀ ਰਹੀ। ਆਪਣੀ ਮਾੜੀ ਕਿਸਮਤ ਨੂੰ ਕੋਸਦੀ ਰਹੀ। ਪਤੀ ਦੀਆਂ ਆਪਹੁਦਰੀਆਂ ਬਰਦਾਸ਼ਤ ਕਰਦੀ ਰਹੀ। ਜਿਠਾਣੀਆਂ ਦਾ ਗੁੱਝਾ ਜ਼ੁਲਮ ਸਹਿਣ ਕਰਦੀ ਰਹੀ। ਪਰ ਕਦੇ ਮੂੰਹੋਂ ਨਾ ਫੁੱਟੀ! ਬਾਬਰ ਤਾਂ ਉਸ ਤੋਂ ਵੈਸੇ ਹੀ ਲਾਪ੍ਰਵਾਹ ਸੀ। ਆਵੇਸਲ਼ਾ ਸੀ। ਉਹ ਤਾਂ ਵਿਆਹ ਤੋਂ ਬਾਅਦ ਵੀ ਸ਼ਰੇਆਮ ਡਾਲੀ ਨੂੰ ਮਿਲਣ ਜਾਂਦਾ ਰਿਹਾ! ਅਤੇ ਉਹ ਵੀ ਪ੍ਰੀਤੋ ਨੂੰ ਦੱਸ ਕੇ! ਪਰ ਪ੍ਰੀਤੋ ਨਾ ਕੁਸਕੀ। ਉਸ ਦਰਵੇਸ਼ਣੀ ਨੇ ਸਾਹ ਤੱਕ ਨਾ ਕੱਢਿਆ!

ਪ੍ਰੀਤੋ ਦੇ ਭਰਾ ਨੀਟੂ ਦਾ ਵਿਆਹ ਆ ਗਿਆ।

ਜਿਠਾਣੀਆਂ ਨੇ ਵੀਹ-ਵੀਹ ਨਿਘੋਚਾਂ ਕੱਢੀਆਂ। ਨੀਟੂ ਨੂੰ ਸ਼ਰਾਬੀ ਕਵਾਬੀ ਕਿਹਾ। ਤਰਕਾਂ ਲਾਈਆਂ। ਆਰਾਂ ਖੋਭੀਆਂ। ਪਰ ਪ੍ਰੀਤੋ ਆਦਤ ਅਨੁਸਾਰ ਚੁੱਪ ਰਹੀ, ਸਭ ਕੁਝ ਸਹਿੰਦੀ ਗਈ। ਮੰਦਾ ਬੋਲ ਕਿਸੇ ਨੂੰ ਵੀ ਨਾ ਬੋਲਿਆ। ਝੂਠ ਵੀ ਕੋਈ ਨਹੀਂ ਸੀ। ਨੀਟੂ ਸ਼ਰਾਬੀ ਕਵਾਬੀ ਹੀ ਤਾਂ ਸੀ! ਪਰ ਪ੍ਰੀਤੋ ਨੂੰ ਦੋਸ਼ ਕਾਹਦਾ...? ਅੱਗ ਲੱਗੀ ਜਗਰਾਵੀਂ ਤੇ ਧੂੰਆਂ ਨਿਕਲੇ ਬੋਪਾਰਮੀਂ? ਬਾਬਰ ਵੀ ਪ੍ਰੀਤੋ ਨੂੰ ਅਣਚਾਹਿਤ, ਮੱਲੋਮੱਲੀ ਸਿਰ ਮੜ੍ਹੀ ਹੋਈ ਪਤਨੀ ਹੀ ਗਰਦਾਨਦਾ ਰਿਹਾ। ਡਾਲੀ ਨੂੰ ਉਹ ਆਪਣੀ ਮਾਸ਼ੂਕ ਦੱਸਦਾ ਰਿਹਾ। ਡਾਲੀ ਦੀਆਂ ਸਿਫ਼ਤਾਂ ਕਰਦਾ ਰਿਹਾ। ਉਸ ਨੂੰ ਆਪਣੇ ਦਿਲ ਦੀ ਰਾਣੀ, ਆਪਣੀ ਜਿੰਦ ਜਾਨ ਗਰਦਾਨਦਾ। ਪਰ ਪ੍ਰੀਤੋ ਦਾ ਅੰਦਰ ਮਰ ਗਿਆ ਸੀ। ਉਸ ਦੀ ਲੋਹੇ ਵਰਗੀ ਸਹਿਣਸ਼ੀਲਤਾ ਨੇ ਕਦੇ ਵੀ ਮਾਰ ਨਾ ਖਾਧੀ। ਉਸ ਨੇ ਆਪਣਾ ਫ਼ੌਲਾਦੀ ਹਾਜ਼ਮਾ ਕਾਇਮ ਹੀ ਰੱਖਿਆ।

ਨੀਟੂ ਦਾ ਵਿਆਹ ਹੋ ਗਿਆ।

ਸਾਲ਼ੇ ਦੇ ਵਿਆਹ 'ਤੇ ਬਾਬਰ ਨਹੀਂ ਗਿਆ ਸੀ।

-"ਮੈਂ ਭੈਣ ਚੋਦ ਨੰਗਾਂ ਦੇ ਵਿਆਹ ਜਾਊਂ...? ਜੇ ਜਾਣੈਂ ਤਾਂ 'ਕੱਲੀ ਜਾ ਵੜ-ਮੈਂ ਦੋ ਦਿਨ ਡਾਲੀ ਕੋਲ਼ੇ ਲਾ ਆਉਨੈਂ!" ਬਾਬਰ ਨੇ ਬਘਿਆੜ ਵਰਗਾ ਮੂੰਹ ਪਾੜ ਕੇ ਕਿਹਾ ਸੀ। ਡਾਲੀ ਅਜੇ ਕਾਲਜ ਹੀ ਪੜ੍ਹਦੀ ਅਤੇ ਹੋਸਟਲ ਵਿਚ ਹੀ ਰਹਿੰਦੀ ਸੀ।

ਇਕੱਲੀ ਪ੍ਰੀਤੋ ਹੀ ਵਿਆਹ ਜਾ ਆਈ ਸੀ। ਮਾਂ ਨੇ ਬਾਬਰ ਦੇ ਨਾ ਆਉਣ ਦਾ ਕਾਰਨ ਪੁੱਛਿਆ। ਪਰ ਪ੍ਰੀਤੋ ਦੇ ਕੋਈ ਸੰਤੁਸ਼ਟੀ ਭਰਿਆ ਉਤਰ ਨਾ ਦੇਣ 'ਤੇ ਦੜ ਵੱਟ ਗਈ। ਕੁਝ ਆਖ ਕੇ ਉਹ ਧੀ ਦਾ ਜ਼ਖ਼ਮੀ ਦਿਲ ਹੋਰ ਲਹੂ ਲੁਹਾਣ ਨਹੀਂ ਕਰਨਾ ਚਾਹੁੰਦੀ ਸੀ। ਮੇਲਣਾਂ ਨੂੰ ਬਾਬਰ ਦੇ ਬਿਮਾਰ ਹੋਣ ਦਾ ਬਹਾਨਾ ਮਾਰ ਦਿੱਤਾ ਸੀ।

ਵਿਆਹ ਤੋਂ ਸਾਲ ਕੁ ਬਾਅਦ ਹੀ ਪ੍ਰੀਤੋ ਨੇ ਇਕ ਸੋਹਣੀ ਸੁਨੱਖੀ ਧੀ ਨੂੰ ਜਨਮ ਦਿੱਤਾ। ਜਿਠਾਣੀਆਂ ਨੇ ਤਾਹਨੇ ਮਿਹਣੇ ਕਸੇ, "ਪੱਥਰ ਜੰਮ ਧਰਿਆ....!" ਪ੍ਰੀਤੋ ਢਿੱਡੋਂ ਬਹੁਤ ਔਖੀ ਹੋਈ। ਉਹ ਜਿਠਾਣੀਆਂ ਨੂੰ ਪੁੱਛਣਾ ਚਾਹੁੰਦੀ ਸੀ ਕਿ ਤੁਸੀਂ ਆਪ ਕੀ ਸੀ...? ਜੇ ਮੇਰੀ ਧੀ ਪੱਥਰ ਹੈ, ਤਾਂ ਤੁਸੀਂ ਵੀ ਕਿਸੇ ਦੇ ਘਰੇ ਜੰਮੀਆਂ ਪੱਥਰ ਹੀ ਹੋ...! ਜੇ ਔਰਤ ਹੀ ਔਰਤ ਦਾ ਜਿਉਣਾ ਦੁੱਭਰ ਕਰ ਸਕਦੀ ਹੈ, ਤਾਂ ਮਰਦ ਨੇ ਉਸ ਨੂੰ ਕਦੋਂ ਬਰਾਬਰ ਦਾ ਦਰਜ਼ਾ ਦਿੱਤਾ? ਉਹ ਆਪਣੀ ਧੀ ਨੂੰ ਬੜਾ ਪਿਆਰ ਕਰਦੀ। ਖਿਡਾਉਂਦੀ। ਪ੍ਰੀਤੋ ਨੇ ਉਸ ਦਾ ਨਾਂ 'ਸੁੱਖੀ' ਰੱਖਿਆ। ਉਹ ਸੁੱਖੀ ਨੂੰ ਹਰ ਰੋਜ਼ ਨੁਹਾ ਕੇ ਕੱਪੜੇ ਬਦਲਦੀ। ਪ੍ਰੀਤੋ ਸੁੱਖੀ ਨਾਲ ਪਰਚ ਹੀ ਤਾਂ ਗਈ ਸੀ! ਜਿਠਾਣੀਆਂ ਫੇਰ ਵੀ ਉਸ ਨੂੰ ਜਿਉਣ ਨਾ ਦਿੰਦੀਆਂ, "ਲੈ ਨ੍ਹੀ...! ਇਹ ਇਹਨੂੰ ਲੀਰ ਜੀ ਨੂੰ ਨਿੱਤ ਈ ਨੁਹਾਉਣ ਲੱਗ ਜਾਂਦੀ ਐ-ਜਿਵੇਂ ਮਸਾਂ ਦੇਖੀ ਹੁੰਦੀ ਐ! ਜੇ ਮੁੰਡਾ ਹੋ ਜਾਂਦਾ ਪਤਾ ਨ੍ਹੀ ਕੀ ਕਰਦੀ...? ਜਿਵੇਂ ਇਹ ਇਹਦੇ ਕੋਈ ਅਲੈਹਦਾ ਜੰਮੀ ਹੁੰਦੀ ਐਂ...?" ਪਰ ਪ੍ਰੀਤੋ ਧੀ ਨਾਲ ਪਰਚੀ ਰਹਿੰਦੀ। ਹੁਣ ਉਸ ਨੂੰ ਧੀ ਦਾ ਆਹਰ ਮਿਲ ਗਿਆ ਸੀ। ਜੇ ਰਾਤ ਨੂੰ ਕੁੜੀ ਰੋਂਦੀ ਤਾਂ ਬਾਬਰ ਉਸ 'ਤੇ ਖਿਝਦਾ, "ਇਹਨੂੰ ਮਾਂ ਨੂੰ ਕਿਸੇ ਪਾਸੇ ਲਿਜਾ ਕੇ ਵਿਰਾਇਆ ਨ੍ਹੀ ਜਾਂਦਾ...? ਕਿਵੇਂ ਭੈਣ ਦੇਣੇ ਦੀ ਸਿਰ੍ਹਾਣੇਂ ਵਿਰਲਾਪ ਕਰਵਾਉਣ ਲੱਗਪੀ....!" ਤੇ ਪ੍ਰੀਤੋ ਕੁੜੀ ਨੂੰ ਸਾਰੀ ਸਾਰੀ ਰਾਤ ਇਕ ਲੱਤ 'ਤੇ ਲਈ ਖੜ੍ਹੀ ਰਹਿੰਦੀ। ਉਸ ਨੂੰ ਵਿਰਾਉਂਦੀ ਰਹਿੰਦੀ। ਕਦੇ ਵਿਹੜੇ ਵਿਚ ਲੈ ਜਾਂਦੀ। ਕਦੇ ਬਾਹਰਲੇ ਵਰਾਂਡੇ ਵਿਚ ਜਾ ਖੜ੍ਹਦੀ। ਬਾਬਰ ਇਕ ਵਾਰ ਵੀ ਨਾ ਪੁੱਛਦਾ ਕਿ ਕੁੜੀ ਦਾ ਕੁਛ ਦੁਖਦਾ ਤਾਂ ਨਹੀਂ?

ਨੀਟੂ ਆਪਣੀ ਪਤਨੀ ਗੁਰਜੋਤ ਵਿਚ ਹੀ ਮਸ਼ਰੂਫ਼ ਹੋ ਗਿਆ ਸੀ। ਉਹ ਲਾਚੜੇ ਬਾਂਦਰ ਵਾਂਗ ਉਸ ਦੁਆਲ਼ੇ ਹੀ ਬਾਘੀਆਂ ਪਾਉਂਦਾ ਰਹਿੰਦਾ। ਗੁਰਜੋਤ ਨੂੰ ਦੇਖ ਕੇ ਕੱਛਾਂ ਵਜਾਉਂਦਾ ਰਹਿੰਦਾ।

ਪ੍ਰੀਤੋ ਦੇ ਕਿੰਨੇ ਵਾਰ ਆਖਣ 'ਤੇ ਵੀ ਉਹ ਕਦੇ ਆਪਣੀ ਘਰਵਾਲੀ ਗੁਰਜੋਤ ਨੂੰ ਲੈ ਕੇ ਪ੍ਰੀਤੋ ਨੂੰ ਮਿਲਣ ਨਹੀਂ ਆਇਆ ਸੀ। ਪ੍ਰੀਤੋ ਦੀ ਬੇਬੇ ਨੇ ਵੀ ਕਈ ਵਾਰ ਪੁੱਤ ਨੂੰ ਆਖਿਆ ਸੀ, "ਪੁੱਤ, ਕਦੇ ਦੋਨੋਂ ਜੀਅ ਜਾ ਕੇ ਆਪਣੀ ਪ੍ਰੀਤੋ ਨੂੰ ਈ ਮਿਲ ਆਓ-ਫੇਰ ਵੀ ਬਿਗਾਨੇ ਘਰੇ ਐ-ਅਗਲਾ ਸੌ ਮਿਹਣੇ ਤਾਹਨੇ ਮਾਰਦੈ-ਇਕ ਪਾਸੇ ਪਈ ਤਾਂ ਪੁੱਤ ਰੋਟੀ ਵੀ ਸੜ ਜਾਂਦੀ ਐ! ਕਦੇ ਤੂੰ ਤੇ ਜੋਤ ਜਾ ਕੇ ਮਿਲ ਆਓ, ਮੇਰੇ ਸ਼ੇਰ...!" ਪਰ ਬੇਬੇ ਦੀਆਂ ਕਹੀਆਂ ਗੱਲਾਂ ਦਾ ਨੀਟੂ 'ਤੇ ਬਹੁਤਾ ਕੋਈ ਅਸਰ ਨਹੀਂ ਹੋਇਆ ਸੀ। ਗੁਰਜੋਤ ਨੂੰ ਸਾਰੇ "ਜੋਤ" ਹੀ ਆਖਦੇ ਸਨ। ਪਰ ਵਿਆਹ ਹੋਣ ਤੋਂ ਬਾਅਦ ਉਹ ਕੁਝ ਕੁ ਸੁਧਰ ਜ਼ਰੂਰ ਗਿਆ ਸੀ। ਘਤਿੱਤਾਂ ਛੱਡ ਗਿਆ ਸੀ। ਇਸ ਪੱਖੋਂ ਬੇਬੇ ਨੂੰ ਤਸੱਲੀ ਜ਼ਰੂਰ ਹੋ ਗਈ ਸੀ। ਨੀਟੂ ਦੇ ਘਰਵਾਲੀ ਵੀ ਆਪ ਮਤੀ ਜਿਹੀ ਹੀ ਸੀ। ਉਹ ਸੱਸ ਦੀ ਬਹੁਤੀ ਪ੍ਰਵਾਹ ਨਹੀਂ ਕਰਦੀ ਸੀ। ਨੀਟੂ ਨੇ ਵੀ ਉਸ ਨੂੰ ਇਕ ਤਰ੍ਹਾਂ ਨਾਲ ਤਾੜ ਰੱਖਿਆ ਸੀ, "ਸੱਸ ਦੇ ਕੰਨ ਮੁੱਢ ਈ ਨਾ ਬੈਠੀ ਰਹੀਂ! ਜਦੋਂ ਮੈਂ ਇਸ਼ਾਰਾ ਕਰਾਂ-ਪਟੱਕ ਦੇਣੇ ਬੁੱਕਲ਼ 'ਚ ਆ ਖੜਕੀਂ-ਨਹੀਂ ਦੇਖਲਾ ਫੇਰ-ਪਰਾਗਾ ਪਾਊਂ...!"

ਉਸ ਦੀ ਘਰਵਾਲੀ ਜੋਤ ਨੇ ਵੀ ਨੀਟੂ ਦਾ ਭੇਦ ਪਾ ਲਿਆ ਸੀ ਕਿ ਨੀਟੂ ਮੇਰੇ ਸਰੀਰ ਦਾ ਭੁੱਖਾ ਹੈ। ਮਾਂ ਦਾ ਇਹਨੂੰ ਕੋਈ ਦਰੇਗ ਨਹੀਂ। ਕੋਈ ਮੋਹ ਨਹੀਂ! ਇਹ ਗੱਲ ਉਸ ਨੂੰ ਘਿਉ ਵਾਂਗ ਲੱਗੀ ਸੀ ਅਤੇ ਉਹ ਬਾਂਦਰ ਦੇ ਬੰਸਰੀ 'ਤੇ ਨੱਚਣ ਵਾਂਗ ਨੀਟੂ ਦੀ ਸੀਟੀ 'ਤੇ ਨੱਚਣ ਲੱਗ ਪਈ ਸੀ। ਸੱਸ ਨੂੰ ਜਾਣਦੀ ਸੀ ਉਸ ਦੀ ਜੁੱਤੀ...! ਜਦੋਂ ਨੀਟੂ ਉਸ ਦੇ ਕਹਿਣੇ ਵਿਚ ਸੀ ਤਾਂ ਟੁੱਟ ਪੈਣੀਂ ਸੱਸ ਕਿਹੜੇ ਬਾਗ ਦੀ ਮੂਲੀ ਸੀ...? ਖਾਵੇ ਖਸਮਾਂ ਨੂੰ...! ਕੱਲ੍ਹ ਨੂੰ ਮਰਦੀ, ਅੱਜ ਮਰਜੇ....! ਉਹ ਦਿਨ ਮੌਕੇ ਵੀ ਨੀਟੂ ਦੇ ਘਨ੍ਹੇੜ੍ਹੀਂ ਚੜ੍ਹੀ ਰਹਿੰਦੀ। ਜੋਤ ਦਿਨ ਵੇਲੇ ਵੀ ਆਪਣੇ ਤਨ ਦੇ ਕੱਪੜੇ ਨੀਟੂ ਦੇ ਸਾਹਮਣੇ ਛੱਲੀ ਦੇ ਪਰਦੇ ਵਾਂਗ ਲਾਹ ਲਾਹ ਕੇ ਪਰਾਂਹ ਸੁੱਟਦੀ, "ਮੈਥੋਂ ਨ੍ਹੀ ਰੱਖੇ ਜਾਂਦੇ ਅੱਗ ਲੱਗੜੇ...!" ਤੇ ਉਹ ਡਲ਼ੀ ਵਰਗੀ ਹੋ ਕੇ ਨੀਟੂ ਦੇ ਉਪਰ ਡਿੱਗ ਪੈਂਦੀ ਅਤੇ ਕਾਮ 'ਚ ਭੜ੍ਹਕੀ ਨੀਟੂ ਦੇ ਦੰਦੀਆਂ

ਵੱਢਦੀ! ਨੀਟੂ ਵੀ ਰਿੱਛ ਵਾਂਗ ਉਸ ਦੇ ਦੁਆਲ਼ੇ ਹੀ ਖੇਡਾ ਪਾਉਂਦਾ ਰਹਿੰਦਾ। ਖੇਤ ਅਤੇ ਘਰ ਦਾ ਸਾਰਾ ਕੰਮ ਡਿੱਗਦੀ ਢਹਿੰਦੀ ਬੇਬੇ ਹੀ ਸੰਭਾਲਦੀ ਸੀ। ਨੀਟੂ ਕੀੜਿਆ ਵਾਲੇ ਕੁੱਤੇ ਵਾਂਗ ਅੰਦਰੋਂ ਹੀ ਨਾ ਨਿਕਲ਼ਦਾ ਅਤੇ ਤੀਮੀਂ ਦੀਆਂ ਕੱਛਾਂ ਹੀ ਸੁੰਘੀ ਜਾਂਦਾ।

ਪਿੰਡ ਦੇ ਲੋਕ ਸੱਥ ਵਿਚ ਭਾਂਤ ਸੁਭਾਂਤੀਆਂ ਗੱਲਾਂ ਕਰਦੇ।

-"ਬਈ ਨੀਟੂ ਆਲੀ ਤਾਂ ਹੱਦ ਈ ਹੋਗੀ...! ਪਤੰਦਰ ਦਿਨ ਰਾਤ ਤੀਮੀ ਦੀ ਤੰਬੀ 'ਚੋਂ ਈ ਨੀ ਨਿਕਲਦਾ!" ਨਿੰਮੇ ਗਿਆਨੀ ਨੇ ਇਕ ਦਿਨ ਸੱਥ 'ਚ ਕਚੀਰ੍ਹਾ ਕੀਤਾ। ਗੋਦੀ ਉਸ ਦੇ ਆਪਦਾ ਮੁੰਡਾ ਗੁਰਪ੍ਰੀਤ ਚੁੱਕਿਆ ਹੋਇਆ ਸੀ।

-"ਯਾਰ ਬਿਆਹ ਤਾਂ ਲੋਕਾਂ ਦੇ ਵੀ ਹੁੰਦੇ ਈ ਆਏ ਐ-ਇਹ ਤਾਂ ਛੋਕਰੀ ਯਹਾਵਾ ਬਾਹਲ਼ਾ ਈ ਬੇਸ਼ਰਮ ਐਂ।" ਬਾਈ ਨੰਜੂ ਕੁੜ੍ਹਿਆ ਹੋਇਆ ਬੋਲਦਾ। ਕਰੋਧ ਵਿਚ ਉਹ ਆਪਣੀ ਲੰਬੀ ਦਾਹੜੀ ਕਸੀਸ ਨਾਲ ਖਿੱਚਦਾ।

-"ਪੁੱਛਣਾ ਹੋਵੇ, ਬਈ ਸਾਲ਼ਿਆ ਸਾਰੀ ਦਿਹਾੜੀ ਤੀਮੀਂ ਦੀਆਂ ਲ਼ਾਲ਼ਾਂ ਈ ਚੱਟਦਾ ਰਹਿੰਨੈਂ-ਕਦੇ ਖੇਤ ਵੀ ਗੇੜਾ ਮਾਰ ਲਿਆ ਕਰ-ਵਿਚਾਰੀ ਮਾਈ ਸਾਰਾ ਦਿਨ ਅੱਕਲ਼ਕਾਣ ਹੋਈ ਰਹਿੰਦੀ ਐ...!" ਨੀਲੂ ਨੇ ਭੜ੍ਹਾਸ ਕੱਢਦਾ। ਹੱਥ ਵਾਲ਼ੇ ਅਖ਼ਬਾਰ ਨੂੰ ਉਹ ਪੂਣੀਂ ਵਾਂਗ ਵੱਟ ਦੇ ਕੇ ਗੰਧਾਲ਼ੇ ਵਾਂਗ ਸਿੱਧਾ ਕਰੀ ਰੱਖਦਾ।

-"ਓਏ ਭੈੜ੍ਹਿਓ! ਤੀਮੀ ਦੀ ਗਰਮਾਇਸ਼ ਤਾਂ ਧਤੂਰ੍ਹੇ ਨਾਲੋਂ ਭੈੜ੍ਹੀ ਹੁੰਦੀ ਐ-ਸਾਲ਼ਾ ਕਦੇ ਰਜਾਈ 'ਚ ਪਿਆ ਈ ਗਲ਼ਜੂ! ਇਹਦਾ ਕੋਈ ਬੰਦੋਬਸਤ ਕਰੋ!" ਬਚਿੱਤਰ ਛੜੇ ਨੇ ਦੁਹਾਈ ਦਿੱਤੀ। ਉਸ ਦੇ ਆਖਣ 'ਤੇ ਬਿੰਦੇ ਹੋਰੀਂ ਸਾਰੇ ਹੱਸ ਪਏ।

-"ਬਾਈ ਬਚਿੱਤਰਾ! ਹੋਰ ਕੋਈ ਕਹੇ ਤਾਂ ਸਮਝ ਵੀ ਆਉਂਦੀ ਐ-ਪਰ ਤੈਨੂੰ ਕਿੱਥੋਂ ਤਜਰਬਾ ਹੋ ਗਿਆ? ਅੱਗ ਕੱਢੀ ਜਾਨੈਂ..!" ਪੂਰਨੇ ਖਹਿਰੇ ਨੇ ਟਾਂਚ ਕੀਤੀ।

-"ਇਹ ਲੋਕਾਂ ਨੂੰ ਦੇਖ ਦੇਖ ਕੇ ਸਿੱਖਦੈ...।" ਭਾਲੇ ਬਾਈ ਨੇ ਖਰੀ ਹੀ ਸੁਣਾ ਧਰੀ।

-"ਨਾ ਬਈ ਮੁੰਡਿਓ...! ਬਚਿੱਤਰ ਬਾਈ 'ਤੇ ਤਵਾ ਨਾ ਲਾਓ!" ਮੁਖਤਿਆਰ ਫ਼ੌਜੀ ਨੇ ਮੁਡੀਹਰ ਨੂੰ ਵਰਜਿਆ।

ਬਚਿੱਤਰ ਵੀ ਮੁਡੀਹਰ ਤੋਂ ਦੁਖੀ ਹੋ ਕੇ 'ਬੁੜ-ਬੁੜ' ਕਰਦਾ ਤੁਰ ਗਿਆ। ਉਸ ਨੇ ਰਾਕਟ ਵਾਂਗ ਇਕ ਦਮ ਸਪੀਡ ਫੜੀ ਸੀ।

-"ਪਤੰਦਰ ਟੈਂਪੂ ਈ ਬਣ ਗਿਆ ਬਈ....!" ਨੰਜੂ ਬੋਲਿਆ।

-"ਤੂੰ ਟੱਸ ਦੇਖ ਕਿਮੇ ਫੜੀ...?" ਲੱਛੇ ਕੂਕੇ ਨੇ ਫ਼ੁਰਤੀ ਦੀ ਸ਼ਲਾਘਾ ਕੀਤੀ।

-"ਪੈਰ ਤੋਂ ਈ ਰੇਸ ਫੜ ਗਿਆ...!" ਖੇਤ ਵਾਲਾ ਚਰਨੀ ਵੀ ਹੈਰਾਨ ਸੀ।

-"ਪਲੀਤਾ ਤਾਂ ਉਹਦੇ ਬਿਚਾਰੇ ਦੇ ਤੁਸੀਂ ਲਾਇਐ! ਰੇਸ ਨਾ ਫੜੇ ਤਾਂ ਹੋਰ ਕੀ ਕਰੇ?" ਸੀਰੇ ਨੇ ਕਿਹਾ।

-"ਲੈ ਮੁੰਡਿਓ...! ਵੱਡਾ ਬਾਈ ਗੁੱਸੇ ਕਰਤਾ ਤੁਸੀਂ!" ਚਾਚੇ ਮੋਹਣ ਨੇ ਆਖਿਆ।

-"ਅਸੀਂ ਚਾਚਾ ਉਹਦੇ ਕੰਡ ਲੜਾਤੀ...?" ਗੱਲ ਅੱਛਰੂ ਦੇ ਮੰਨਣ ਤੋਂ ਬਾਹਰ ਸੀ।

-"ਨਹੀਂ, ਗੱਲ ਤਾਂ ਸੋਚ ਕੇ ਕਰਨੀ ਸੀ-ਕਾਣੇ ਨੂੰ ਕਾਣਾ ਕਹਿਣਾ ਕਿੱਧਰਲੀ ਅਕਲਮੰਦੀ ਐ?" ਮੁਖਤਿਆਰ ਫ਼ੌਜੀ ਆਪਣੇ ਸਿਧਾਂਤ 'ਤੇ ਪੱਕਾ ਖੜ੍ਹਾ ਸੀ।

-"ਤੇ ਹੋਰ ਫ਼ੌਜੀਆ ਕਾਣੇ ਨੂੰ ਅਸੀਂ ਤਿੰਨ ਨੇਤਰਾ ਆਖੀਏ?" ਗੀਰਾ ਫ਼ੌਜੀ ਵੀ ਬੋਲਣੋਂ ਨਾ ਰਹਿ ਸਕਿਆ।

-"ਜੋ ਮਰਜੀ ਐ ਆਖੋ ਭਾਈ! ਮੈਂ ਤਾਂ ਇਹੀ ਕਹੂੰਗਾ ਬਈ ਕਿਸੇ ਦਾ ਦਿਲ ਨਾ ਦੁਖੀ ਕਰੋ!"

-"ਚਲੋ ਮੰਨ ਲੈਨੇ ਐਂ ਫ਼ੌਜੀਆ ਤੇਰੀ ਗੱਲ!" ਸੁਖਜੀਵਨ ਪੱਤਰਕਾਰ ਨੇ ਖਹਿੜ੍ਹਾ ਜਿਹਾ ਛੁਡਾਉਣ ਖਾਤਰ ਕਿਹਾ।

ਸਾਰੇ ਚੁੱਪ ਵੱਟ ਗਏ। ਸੱਥ ਚਰਚਾ ਖੁੰਧਕ ਵੱਲ ਨੂੰ ਤੁਰ ਪਈ ਸੀ।

ਖ਼ੈਰ! ਨੀਟੂ ਆਪਣੀ ਘਰਵਾਲ਼ੀ ਵਿਚ ਹੀ ਮਸਤ ਸੀ।

ਮਲਕੀਤ ਕੌਰ ਨੇ ਘਰੇ ਇਕ ਭਈਆ ਰੱਖ ਲਿਆ ਸੀ। ਭਈਆ ਪੱਠੇ ਦੱਥੇ ਲੈ ਆਉਂਦਾ। ਮੱਝਾਂ ਛੱਪੜ 'ਤੇ ਲੈ ਜਾਂਦਾ। ਪੈਲ਼ੀ ਮਲਕੀਤ ਕੌਰ ਨੇ ਕਿਸ਼ਨ ਸਿੰਘ ਦੇ ਆਖਣ 'ਤੇ ਕਿਸੇ ਨੂੰ ਠੇਕੇ 'ਤੇ ਦੇ ਦਿੱਤੀ ਸੀ। ਘਰ ਦਾ ਕੰਮ

ਕਾਜ ਵੀ ਕਿੰਨ੍ਹਾਂ ਕੁ ਸੀ? ਤਿੰਨ ਤਾਂ ਘਰ ਵਿਚ ਜੀਅ ਸਨ। ਮਲਕੀਤ ਕੌਰ, ਉਸ ਦੀ ਨੂੰਹ ਜੋਤ ਅਤੇ 'ਸੁਲੱਖਣਾ' ਪੁੱਤ ਨੀਟੂ!

ਇਕ ਦਿਨ ਮਲਕੀਤ ਕੌਰ ਭਈਏ ਗੰਗਾ ਰਾਮ ਨਾਲ ਖੇਤੋਂ ਪੱਠੇ ਲਦਾ ਕੇ ਲਿਆ ਰਹੀ ਸੀ। ਅਚਾਨਕ ਉਸ ਨੂੰ ਇਕ ਅੱਤ ਮਨਹੂਸ ਅਤੇ ਹਿਰਦੇਵੇਧਕ ਖ਼ਬਰ ਮਿਲੀ। ਪ੍ਰੀਤੋ ਦੇ ਘਰਵਾਲ਼ਾ ਬਾਬਰ 'ਚੜ੍ਹਾਈ' ਕਰ ਗਿਆ ਸੀ। ਮਲਕੀਤ ਕੌਰ ਨੇ ਦੁਹੱਥੜ ਮਾਰੀ। ਅਤੀਅੰਤ ਦੁਖੀ ਧੀ ਪ੍ਰੀਤੋ ਵਿਧਵਾ ਹੋ ਗਈ ਸੀ। ਉਸ ਨੇ ਧੀ ਦੇ ਦੁੱਖ ਵਿਚ ਆਪਣੇ ਕਰਮ ਅਤੇ ਪੱਟ ਪਿੱਟ ਲਏ। ਬਾਬਰ ਦੀ ਮੌਤ ਦਾ ਕਾਰਨ ਕੀ ਸੀ? ਬੇਬੇ ਸੁਨੇਹੇਂ ਵਾਲੇ ਤੋਂ ਪੁੱਛਣਾ ਹੀ ਭੁੱਲ ਗਈ ਸੀ! ਕੀ ਕਰਦੀ...? ਖ਼ਬਰ ਸੁਣ ਕੇ ਦਿਮਾਗ ਹੀ ਸੁੰਨ ਹੋ ਗਿਆ ਸੀ। ਸੋਚਾਂ ਨੂੰ ਤਾਂ ਲਕਵਾ ਮਾਰ ਗਿਆ ਸੀ।

ਜਦ ਉਸ ਨੇ ਘਰ ਆ ਕੇ ਬੂ-ਪਾਹਰਿਆ ਮਚਾਈ ਤਾਂ ਸਾਰਾ ਪਿੰਡ ਉਹਨਾਂ ਦੇ ਵਿਹੜੇ ਵਿਚ ਇਕੱਠਾ ਹੋ ਗਿਆ।

-''ਨ੍ਹੀ, ਹੋ ਕੀ ਗਿਆ, ਮਲਕੀਤ ਕੁਰੇ....?'' ਕਿਸੇ ਸਿਆਣੀ ਬੁੜ੍ਹੀ ਨੇ ਪੁੱਛਿਆ ਤਾਂ ਮਲਕੀਤ ਕੌਰ ਨੇ ਦੁਹਾਈ ਦਿੱਤੀ।

-''ਨ੍ਹੀ ਮੇਰੀ ਮਾੜੇ ਕਰਮਾਂ ਆਲ਼ੀ ਧੀ ਰੰਡੀ ਹੋਗੀ, ਬੇਬੇ ਜੀ....!'' ਉਸ ਨੇ ਵਿਰਲਾਪ ਕੀਤਾ।

ਸਾਰਿਆਂ ਨੂੰ ਸੱਪ ਸੁੰਘ ਗਿਆ।

ਮਕਾਣ ਲੈ ਕੇ ਪ੍ਰੀਤੋ ਦੇ ਸਹੁਰੀਂ ਪਹੁੰਚੇ।

ਸਾਰਾ ਘਰ ਹੀ ਸੋਗ ਵਿਚ ਡੁੱਬਿਆ ਹੋਇਆ ਸੀ।

ਬਾਬਰ ਦੀ ਲਾਸ਼ ਮੰਜੇ 'ਤੇ ਪਈ ਸੀ।

ਜਦ ਪਿੰਡ ਵਾਲਿਆਂ ਨੇ ਬਾਬਰ ਦੀ ਮੌਤ ਬਾਰੇ ਕਨਸੋਅ ਲੈਣੀ ਚਾਹੀ ਤਾਂ ਜਿੰਨੇ ਮੂੰਹ, ਉਤਨੀਆਂ ਹੀ ਗੱਲਾਂ! ਕੋਈ ਕਹੇ ਕਿਸੇ ਨੇ ਬਾਬਰ ਨੂੰ ਸ਼ਰਾਬ 'ਚ ਕੁਛ ਦੇ ਦਿੱਤਾ। ਕੋਈ ਆਖ ਰਿਹਾ ਸੀ ਕਿ ਉਹ ਆਪ ਕੁਝ ਖਾ ਗਿਆ। ਕੋਈ ਕਹਿ ਰਿਹਾ ਸੀ ਕਿ ਉਸ ਨੇ ਸ਼ਰਾਬ ਜ਼ਿਆਦਾ ਪੀ ਲਈ ਹੋਣੀਂ ਹੈ। ਭਾਂਤ-ਭਾਂਤ ਦੀ ਸ਼ਬਦਾਵਲੀ ਸੀ। ਵੱਖੋ ਵੱਖਰੇ ਵਿਚਾਰ ਸਨ। ਪਰ ਪ੍ਰੀਤੋ ਝੁੰਬ ਜਿਹਾ ਮਾਰੀ ਅਤੀਅੰਤ ਦੁਖੀ ਬੈਠੀ ਸੀ। ਮਾਂ ਦੇ ਗਲ਼ ਲੱਗ ਕੇ ਉਹ ਜਾਰੋਜਾਰ ਰੋਈ ਅਤੇ ਆਪਣਾ ਅਗਲਾ ਪਿਛਲਾ ਗੁੱਭ-ਗੁਬਾਹਟ ਕੱਢ ਲਿਆ। ਬੇਬੇ ਨੇ ਵੀ ਰੋ ਕੇ ਆਪਣੇ ਭਰੇ ਮਨ ਦੇ ਧੋਣੇ ਧੋ ਲਏ ਸਨ।

ਸਸਕਾਰ ਹੋ ਗਿਆ।

ਭੋਗ ਤੋਂ ਬਾਅਦ ਪ੍ਰੀਤੋ ਦੇ ਵਸੇਬੇ ਦੀ ਗੱਲ ਆ ਗਈ ਤਾਂ ਪ੍ਰੀਤੋ ਨੇ ਇਕੋ ਵਿਚ ਹੀ ਨਬੇੜ ਦਿੱਤੀ।

-''ਮੈਂ ਤਾਂ ਬੇਬੇ ਆਬਦੇ ਸਹੁਰੇ ਘਰ ਈ ਕੱਟ ਲਊਂ-ਮੈਨੂੰ ਪੇਕੀਂ ਜਾਣ ਆਸਤੇ ਨਾ ਆਖਿਓ...!'' ਉਸ ਨੇ ਭੌਣ ਤੋਂ ਲਾਹ ਧਰੀ। ਦੋਚਿੱਤੀ ਵਿਚ ਉਹ ਪੈਣਾ ਹੀ ਨਹੀਂ ਚਾਹੁੰਦੀ ਸੀ। ਭੈਣ ਭਰਜਾਈ ਦਾ ਉਸ ਨੂੰ ਪਤਾ ਸੀ ਕਿ ਜਿਹੜੇ ਮੈਨੂੰ ਮਿਲਣ ਨਹੀਂ ਆ ਸਕੇ, ਉਹਨਾਂ ਨੇ ਮੈਨੂੰ ਪੇਕੀਂ ਕਦੋਂ ਵਸਣ ਦਿੱਤਾ...? ਉਹ ਹੁਣ ਉਹਨਾਂ ਦੀ ਸ਼ਰੀਕਣੀ ਹੀ ਤਾਂ ਸੀ। ਖਸਮ ਸਿਰ 'ਤੇ ਹੁੰਦਾ, ਚਾਹੇ ਉਹ ਸ਼ਰਾਬੀ, ਚਾਹੇ ਕਵਾਬੀ, ਸੌ ਗਲਤੀਆਂ ਗੁਨਾਂਹਾਂ ਦੀ ਮੂਰਤ ਸੀ। ਪਰ ਉਸ ਨਾਲ ਉਸ ਦਾ ਸਹੁਰੀਂ ਵਸੇਬਾ ਸੀ! ਭਰਜਾਈ ਦੀਆਂ ਜੁੱਤੀਆਂ ਖਾਣ ਨਾਲੋਂ ਤਾਂ ਉਹ ਜਿਠਾਣੀਆਂ ਦੀਆਂ ਤੱਤੀਆਂ ਠੰਢੀਆ ਸਹਿ ਲਵੇਗੀ ਪਰ ਪੇਕੀਂ ਕਦਾਚਿੱਤ ਨਹੀਂ ਜਾਵੇਗੀ! ਉਸ ਨੂੰ ਆਪਣੇ ਹੋਣ ਵਾਲੇ ਹਸ਼ਰ ਅਤੇ ਦੁਰਗਤੀ ਦਾ ਅਗਾਊਂ ਪਤਾ ਸੀ! ਕੱਲ੍ਹ ਨੂੰ ਭਰਾ ਭਰਜਾਈ ਦੀਆਂ ਜੁੱਤੀਆਂ ਖਾ ਕੇ ਵੀ ਨਿਕਲੂੰ ਹੀ....! ਫੇਰ ਜਾਊਂ ਕਿੱਥੇ...? ਫੇਰ ਤਾਂ ਸਹੁਰਿਆਂ ਨੇ ਵੀ ਨਹੀਂ ਝੱਲਣਾ....! ਹੁਣ ਸਹੁਰੀਂ ਟਿਕੀ ਐਂ, ਚੁੱਪ ਕਰ ਕੇ ਟਿਕੀ ਰਹਿ...! ਆਪਦੀ ਇੱਜ਼ਤ ਆਪਣੇ ਹੱਥ ਹੁੰਦੀ ਐ!

ਪਰ ਫਿਰ ਵੀ ਜ਼ਿਦ ਕਰ ਕੇ ਬੇਬੇ ਪ੍ਰੀਤੋ ਨੂੰ ਚਾਰ ਦਿਨਾਂ ਵਾਸਤੇ ਪੇਕੀਂ ਲੈ ਆਈ।

ਨੀਟੂ ਦੇ ਮਨ 'ਤੇ ਕੋਈ ਅਸਰ ਨਹੀਂ ਸੀ। ਬਿਗਾਨੀ ਧੀ ਜੋਤ 'ਤੇ ਕੀ ਅਸਰ ਹੋਣਾ ਸੀ?

ਭਰਜਾਈ ਜੋਤ ਨਿੱਖਰ ਤਿੱਖਰ ਕੇ, ਬਣ ਠਣ ਕੇ ਰਹਿੰਦੀ ਸੀ। ਉਹ ਪ੍ਰੀਤੋ ਨੂੰ ਵੱਢੇ ਮੂੰਹ ਨਾਲ ਵੀ ਨਾ ਬੁਲਾਉਂਦੀ। ਬੱਸ, ਆਪਣੀ ਟੌਹਰ, ਸ਼ੌਕੀਨੀ ਵਿਚ ਹੀ ਰੁੱਝੀ, ਮਸਤ ਰਹਿੰਦੀ। ਬੇਬੇ ਉਸ ਦੀਆਂ ਕਰਤੂਤਾਂ ਤੋਂ ਅਥਾਹ ਦੁਖੀ ਸੀ। ਘਰੇ ਰੰਡੀ ਧੀ ਬੈਠੀ ਲਾਵਾਰਸ ਚਿਖ਼ਾ ਵਾਂਗ ਬਲ਼ਦੀ ਸੀ ਅਤੇ ਨੂੰਹ ਦੇ ਆਪਦੇ ਅਸ਼ਣੇ ਪਸ਼ਣੇ

ਲੋਟ ਨਹੀਂ ਆਉਂਦੇ ਸਨ।

-"ਜੋਤ ਪੁੱਤ...! ਸਿਆਣੇ ਆਖਦੇ ਐ ਬਈ ਜੇ ਰੋਣ ਨਾ ਆਉਂਦਾ ਹੋਵੇ ਤਾਂ ਡੱਡੇ ਰੋਣ ਅਰਗਾ ਮੂੰਹ ਕਰ ਲਈਏ! ਜੱਗ ਰਵੀਰਾ ਤਾਂ ਚਾਰ ਦਿਨ ਕਰ ਲਈਦਾ ਹੁੰਦੈ...?" ਇਕ ਦਿਨ ਬੇਬੇ ਨੇ ਲਿੱਪੀ-ਪੋਚੀ ਬੈਠੀ ਨੂੰਹ ਨੂੰ ਦਿਲ ਕੱਢ ਕੇ ਆਖ ਹੀ ਦਿੱਤਾ। ਨੂੰਹ 'ਅਲੀ-ਅਲੀ' ਕਰ ਕੇ ਸੱਸ ਦੇ ਗਲ਼ ਪੈ ਗਈ।

-"ਜੇ ਤੇਰਾ ਜਮਾਈ ਮਰ ਗਿਆ? ਤਾਂ ਅਸੀਂ ਵੀ ਨਾਲ ਈ ਮਰਜੀਏ, ਮਾਈ? ਅਸੀਂ ਤੈਨੂੰ ਵਸਦੇ ਚੰਗੇ ਨ੍ਹੀ ਲੱਗਦੇ? ਸਾਥੋਂ ਨ੍ਹੀ ਐਹੋ ਜੇ ਟਟਬੈਰ ਹੁੰਦੇ-ਜਿਹੜੇ ਤੂੰ ਨਿੱਤ ਕਰਨ ਬਹਿ ਜਾਨੀ ਐਂ! ਅਗਲਾ ਮਰ ਗਿਆ-ਤੁਰ ਗਿਆ-ਖਪ ਗਿਆ-ਗੱਲ ਖਤਮ! ਹੁਣ ਤੂੰ ਉਹਨੂੰ ਸਿਵਿਆਂ 'ਚੋਂ ਤਾਂ ਨ੍ਹੀ ਘੜ੍ਹੀਸ ਕੇ ਲਿਆਉਣਾ...?" ਨੂੰਹ ਜੋਤ ਨੇ ਇੱਟ ਦੀ ਥਾਂ ਪੱਥਰ ਚਲਾਇਆ ਤਾਂ ਮਲਕੀਤ ਕੌਰ ਦਾ ਮੂੰਹ ਬੰਦ ਹੋ ਗਿਆ। ਮਲਕੀਤ ਕੌਰ ਨੂੰ ਪ੍ਰਤੱਖ ਪਤਾ ਸੀ ਕਿ ਜੋਤ ਨੂੰ ਨੀਟੂ ਦੀ ਸ਼ਹਿ ਸੀ! ਨਾਲੇ ਉਹ ਤਾਂ ਨੂੰਹ ਨੂੰ ਆਖ ਕੇ ਘੋਰ ਗ਼ਲਤੀ ਕਰ ਬੈਠੀ ਸੀ। ਸੋਚਣਾ ਹੋਵੇ ਤਾਂ ਨੂੰਹ ਦਾ, ਮੇਰਾ ਜੁਆਈ ਕੀ ਲੱਗਦਾ ਸੀ...? ਢੇਕਾ....? ਮਲਕੀਤ ਕੌਰ ਤਾਂ ਜਜ਼ਬਾਤੀ ਹੋਈ ਨੂੰਹ ਨੂੰ ਗੱਲ ਰੜਕਾ ਗਈ ਸੀ ਕਿ ਉਸ ਦੇ 'ਕੱਢਣ-ਪਾਉਣ' ਅਜੇ ਉਸ ਨੂੰ ਸ਼ੋਭਾ ਨਹੀਂ ਦਿੰਦੇ ਸਨ! ਪਰ ਮੂੰਹ ਫ਼ੱਟ ਨੂੰਹ ਨੇ ਤਾਂ ਉਂਜ ਹੀ ਸੱਸ ਨੂੰ ਝੱਗਾ ਚੁੱਕ ਦਿੱਤਾ ਸੀ।

ਰਾਤ ਨੂੰ ਬੇਬੇ ਅਤੇ ਪ੍ਰੀਤੋ ਇਕ ਵੱਖ ਕਮਰੇ ਵਿਚ ਪਈਆਂ ਸਨ। ਉਹਨਾਂ ਨੂੰ ਨੀਟੂ ਦੇ ਕਮਰੇ ਵਿਚੋਂ ਉਚੀ-ਉਚੀ ਬੋਲਣ ਅਤੇ ਫਿਰ ਵਿਅੰਗਮਈ ਹੱਸਣ ਦੀ ਅਵਾਜ਼ ਸੁਣਾਈ ਦਿੱਤੀ। ਪ੍ਰੀਤੋ ਸਮਝ ਗਈ ਕਿ ਜੋਤ ਨੀਟੂ ਨੂੰ ਦਿਨ ਵਾਲੀ ਗੱਲ ਦੱਸ ਕੇ ਖ਼ੁਸ਼ ਹੋ ਰਹੀ ਸੀ ਅਤੇ ਨੀਟੂ ਉਸ ਦੀ ਗੱਲ 'ਤੇ ਹੀ ਲਫ਼ੈਂਡਰਾਂ ਵਾਂਗ ਹੱਸ ਰਿਹਾ ਸੀ।

ਅਗਲੇ ਦਿਨ ਪ੍ਰੀਤੋ ਆਪਣੀ ਧੀ ਨੂੰ ਲੈ ਕੇ ਫਿਰ ਸਹੁਰੀਂ ਚਲੀ ਗਈ।

ਮਾਂ ਦੇ ਦਿਲ ਦਾ ਉਸ ਨੂੰ ਪਤਾ ਸੀ। ਮਾਂ ਨੂੰ ਵੀ ਧੀ ਦੇ ਦੁੱਖ ਦਾ ਦੁੱਖ ਸੀ। ਪਰ ਕਿਹਾ ਕਿਸੇ ਨੇ ਕਿਸੇ ਨੂੰ ਕੁਝ ਵੀ ਨਹੀਂ ਸੀ। ਦੋਨੋਂ ਕੰਧ ਬਣੀਆਂ, ਇਕ ਦੂਜੀ ਤੋਂ ਰੋ ਧੋ ਕੇ ਵਿਦਾਅ ਹੋਈਆਂ ਸਨ। ਬੱਸ, ਤੁਰਦੀ ਪ੍ਰੀਤੋ ਨੂੰ ਬੇਬੇ ਨੇ ਕਿਹਾ ਸੀ, "ਜੇ ਉਥੇ ਦਿਲ ਨਾ ਲੱਗੇ ਤਾਂ ਆ ਜਿਆ ਕਰ ਪ੍ਰੀਤੋ-ਜਿੰਨਾਂ ਚਿਰ ਮੈਂ ਜਿਉਨੀ ਐਂ-ਤੈਨੂੰ ਆਉਣ ਤੋਂ ਕੋਈ ਨ੍ਹੀ ਰੋਕ ਸਕਦਾ! ਤੇ ਧੀਏ ਜਦੋਂ ਮੈਂ ਚਲੀ ਗਈ-ਫੇਰ ਤਾਂ ਤੇਰਾ ਰੱਬ ਈ ਬੇਲੀ ਐ ਸੋਹਣੀਏਂ ਧੀਏ....!" ਮਾਂ ਨੇ ਆਪਣੇ ਦਿਲ ਦਾ ਭਰਾੜ੍ਹ ਧੀ ਅੱਗੇ ਖੋਲ੍ਹ ਦਿੱਤਾ ਸੀ ਅਤੇ ਪ੍ਰੀਤੋ ਮਾਂ ਦੇ ਗਲ਼ ਲੱਗ ਕੇ ਫੁੱਟ-ਫੁੱਟ ਕੇ ਰੋਈ ਸੀ। ਕਰ ਵੀ ਕੀ ਸਕਦੀ ਸੀ? ਮਾਂ-ਧੀ, ਦੋਨੋਂ ਹੀ ਤਾਂ ਮਜਬੂਰ ਸਨ! ਦੋਸਾਂਗ ਵਿਚ ਫ਼ਸੇ ਹੋਏ ਪੰਛੀ ਵਾਂਗ ਬੇਵੱਸ!

ਮਲਕੀਤ ਕੌਰ ਨੂੰ ਸਾਰੀ ਸਾਰੀ ਰਾਤ ਨੀਂਦ ਨਾ ਪੈਂਦੀ। ਕਦੇ ਕਦੇ ਰਾਤ ਨੂੰ ਉਹ ਦਧਨ ਹੋਈ ਰੱਬ ਨੂੰ ਮਿਹਣਾ ਜਿਹਾ ਮਾਰਦੀ, "ਕੀ ਥੁੜਿਆ ਪਿਐ ਰੱਬਾ ਐਥੇ ਮੇਰੇ ਵੱਲੋਂ...? ਤੂੰ ਦੁਸ਼ਮਣਾਂ ਮੈਨੂੰ ਚੱਕ ਕਿਉਂ ਨ੍ਹੀ ਲੈਂਦਾ...?" ਉਹ ਜਿਵੇਂ ਪੈਂਦੀ, ਉਵੇਂ ਹੀ ਉਠ ਖੜ੍ਹੀ ਹੁੰਦੀ। ਉਸ ਦੀ ਸਿਹਤ ਦਿਨੋਂ ਦਿਨ ਥੱਲੇ ਨੂੰ ਜਾ ਰਹੀ ਸੀ। ਨੀਟੂ ਅਤੇ ਜੋਤ ਨੂੰ ਉਸ ਦੀ ਸਿਹਤ ਦੀ ਕੋਈ ਚਿੰਤਾ ਨਹੀਂ ਸੀ। ਕੋਈ ਲਗਾਓ ਜਾਂ ਪ੍ਰਵਾਹ ਨਹੀਂ ਸੀ।

ਪ੍ਰੀਤੋ ਦੀ ਧੀ ਸੁੱਖੀ ਨੂੰ ਕਈ ਦਿਨਾਂ ਤੋਂ ਬੁਖ਼ਾਰ ਨਹੀਂ ਉਤਰ ਰਿਹਾ ਸੀ। ਉਸ ਨੇ ਜੇਠ ਜਿਠਾਣੀਆਂ ਦੇ ਲੱਖ ਤਰਲੇ ਕੀਤੇ। ਪਰ ਕੋਈ ਪਿੰਡ ਦੇ ਡਾਕਟਰ ਨੂੰ ਬੁਲਾਉਣ ਤੱਕ ਨਾ ਗਿਆ। ਜੇਠ ਜਿਠਾਣੀਆਂ ਡਾਕਟਰ ਕਿਉਂ ਬੁਲਾਉਂਦੇ? ਸੁੱਖੀ ਬਾਬਰ ਦੀ ਧੀ ਹੋਣ ਕਰਕੇ ਹਿੱਸੇ ਦੀ ਮਾਲਕ ਜਿਉਂ ਬਣ ਜਾਣੀ ਸੀ! ਉਹਨਾਂ ਦਾ ਦਿਮਾਗ ਖਰਾਬ ਸੀ ਕਿ ਬਰਾਬਰ ਦੀ ਸ਼ਰੀਕਣੀ, ਤੀਜੇ ਹਿੱਸੇ ਦੀ ਮਾਲਕ ਸੁੱਖੀ ਦਾ ਇਲਾਜ਼ ਕਰਵਾਉਂਦੇ? ਆਪਣੇ ਪੈਰੀਂ ਆਪ ਕੁਹਾੜਾ ਮਾਰਦੇ? ਆਪਣੇ ਜੁਆਕਾਂ ਹੱਥੋਂ ਰੋਟੀ ਖੋਂਹਦੇ? ਉਹ ਤਾਂ ਕਦੋਂ ਦੇ ਚਾਹੁੰਦੇ ਸਨ ਕਿ ਕਦੋਂ ਸੁੱਖੀ ਮਰੇ ਅਤੇ ਕਦੋਂ ਉਹਨਾਂ ਦੇ ਜੁਆਕਾਂ ਦਾ ਹਿੱਸਾ ਸੁਰੱਖਿਅਤ ਹੋਵੇ! ਪ੍ਰੀਤੋ ਨੂੰ ਉਹ ਡੱਕਾ ਦਬਾਲ਼ ਨਹੀਂ ਸਨ।

ਪ੍ਰੀਤੋ ਆਪ ਡਾਕਟਰ ਕੋਲ ਜਾਂਦੀ ਨਹੀਂ ਸੀ ਕਿ ਲੋਕ ਕੀ ਆਖਣਗੇ? ਕੱਲ੍ਹ ਰੰਡੀ ਹੋਈ ਐ ਤੇ ਅੱਜ ਆਪ ਹੁਦਰੀ ਹੋਈ ਵੀਹੀਆਂ 'ਚ ਗੇੜੇ ਦਿੰਦੀ ਫਿਰਦੀ ਐ....! ਲੋਕਾਂ ਦਾ ਕੀ ਮੂੰਹ ਫੜ ਲੈਣੈਂ? ਪ੍ਰੀਤੋ ਹੈਰਾਨ ਤਾਂ ਇਸ ਗੱਲੋਂ ਸੀ ਕਿ ਉਸ ਦੀ ਸੱਸ ਅਤੇ ਸਹੁਰਾ ਵੀ ਸੁੱਖੀ ਬਾਰੇ ਕੱਖ ਨਹੀਂ ਸੋਚਦੇ ਸਨ! ਉਹ ਵੀ ਵੱਡੇ ਪੁੱਤਾਂ ਅਤੇ ਨੂੰਹਾਂ ਦੀ 'ਹਾਂ' ਵਿਚ ਸੁਰ ਮਿਲਾਉਂਦੇ। ਅਕਸਰ ਸੁੱਖੀ ਉਹਨਾਂ ਦਾ ਆਪਣਾ ਖ਼ੂਨ ਸੀ? ਉਹਨਾਂ ਦੇ ਪੁੱਤਰ ਬਾਬਰ ਦੀ ਔਲ਼ਾਦ ਸੀ! ਕੀ ਹੋ ਗਿਆ ਸੀ ਕਿ ਬਾਬਰ ਇਸ ਦੁਨੀਆਂ ਵਿਚ ਨਹੀਂ ਰਿਹਾ ਸੀ? ਪਰ ਸੁੱਖੀ ਨਾਲ ਤਾਂ ਉਹਨਾਂ ਦਾ ਨਹੁੰ ਮਾਸ ਦਾ ਰਿਸ਼ਤਾ ਸੀ!

ਸੁੱਖੀ ਦਾ ਸਰੀਰ ਬੁਖ਼ਾਰ ਨਾਲ ਭੱਠ ਵਾਂਗ ਤਪ ਰਿਹਾ ਸੀ।

-"ਕੋਈ ਵੱਸ ਨ੍ਹੀ ਧੀਏ ਤੇਰੀ ਮਾਂ ਦੇ! ਮੈਨੂੰ ਮੁਆਫ਼ ਈ ਕਰੀਂ! ਮੇਰਾ ਵਾਹ ਤਾਂ ਰੱਬ ਨੇ ਦੁਸ਼ਟਾਂ ਨਾਲ ਪਾ ਦਿੱਤਾ-ਹੁਣ ਤੂੰ ਵੀ ਮੇਰੇ ਨਾਲ ਬਣੀਆਂ ਕੱਟ....!" ਪ੍ਰੀਤੋ ਉਸ ਦੇ ਸਿਰ੍ਹਾਣੇ ਮੱਖੀ ਵਾਂਗ ਬੈਠੀ ਬੇਵੱਸ ਹੰਝੂ ਕੇਰੀ ਜਾ ਰਹੀ ਸੀ। ਜਦੋਂ ਅਖੀਰ ਕਿਸੇ ਨੇ ਕੁੜੀ ਦੀ ਖਾਤਰ ਹੱਥ ਪੈਰ ਨਾ ਹਿਲਾਇਆ ਤਾਂ ਉਸ ਨੇ ਗੁਆਂਢੀਆਂ ਦੇ ਜੁਆਕ ਨੂੰ ਭੇਜ ਕੇ ਡਾਕਟਰ ਬੁਲਾ ਲਿਆ। ਸਾਬਤ ਸੂਰਤ, ਸਾਊ ਬੀਬੀ ਦਾਹੜੀ ਵਾਲਾ ਡਾਕਟਰ ਸੁਨੇਹੇਂ ਵਾਲੇ ਦੇ ਨਾਲ ਹੀ ਆ ਗਿਆ। ਨਿਰਾ ਹੀ ਸਤਯੁਗੀ ਬੰਦਾ! ਉਸ ਨੇ ਆ ਕੇ ਸੁੱਖੀ ਦੀ 'ਚੈੱਕ-ਅੱਪ' ਕੀਤੀ।

-"ਇਹਨੂੰ ਤਾਂ ਭਾਈ ਟਾਈਫ਼ਾਈਡ ਹੋ ਗਿਆ...!" ਡਾਕਟਰ ਘੋਰ ਹੈਰਾਨ ਸੀ।

-"........।" ਪ੍ਰੀਤੋ ਚੁੱਪ ਸੁਣ ਰਹੀ ਸੀ।

-"ਕਿੰਨੇ ਕੁ ਦਿਨ ਹੋਗੇ ਇਹਨੂੰ ਬੁਖ਼ਾਰ ਚੜ੍ਹਦੇ ਨੂੰ?"

-"ਹੋ ਈ ਗਏ ਜੀ ਚਾਰ ਕੁ ਦਿਨ।"

-"ਤੇ ਸਹੁਰੀਏ! ਤੂੰ ਪਹਿਲਾਂ ਨਾ ਮੈਨੂੰ ਸੱਦਿਆ? ਕੁੜੀ ਤਾਂ ਬੀਤਣ ਆਲ਼ੀ ਕਰਤੀ ਤੂੰ?"

-"........।" ਪ੍ਰੀਤੋ ਰੋ ਪਈ।

ਡਾਕਟਰ ਸਾਰੀ ਗੱਲ ਸਮਝ ਗਿਆ।

ਉਸ ਨੂੰ ਪ੍ਰੀਤੋ ਦੇ ਬੇਵੱਸ ਹੰਝੂ ਹੀ ਬਹੁਤ ਕੁਝ ਦੱਸ ਗਏ ਸਨ।

-"ਇਹਦੇ ਟੀਕਾ ਭਾਈ ਮੈਂ ਲਾ ਜਾਨੈਂ-ਪਰ ਇਹਨੂੰ ਸ਼ਹਿਰ ਲੈਜਾ! ਐਥੇ ਇਹਦਾ ਬਚਣਾਂ ਮੁਸ਼ਕਿਲ ਐ-ਧੀ ਦਾ ਧਨ ਐਂ ਧੀਏ-ਮੈਂ ਸੱਚੀ ਗੱਲ ਤੈਨੂੰ ਹੁਣੇ ਈ ਦੱਸਤੀ!" ਡਾਕਟਰ ਨੇ ਟੀਕਾ ਲਾਇਆ। ਪੀਣ ਲਈ ਦੁਆਈ ਦਿੱਤੀ ਅਤੇ ਪੈਸੇ ਲਏ ਬਗੈਰ ਹੀ ਚਲਾ ਗਿਆ। ਪ੍ਰੀਤੋ ਦਾ ਦਿਲ ਰੱਬ ਵਰਗੇ ਡਾਕਟਰ ਦੇ ਗਲ਼ ਲੱਗ ਕੇ ਧਾਹ ਮਾਰਨ ਨੂੰ ਕੀਤਾ। ਡਾਕਟਰ ਉਸ ਨੂੰ ਆਪਣੇ ਬਾਪੂ ਵਰਗਾ ਹੀ ਤਾਂ ਲੱਗਿਆ ਸੀ। ਹਮਦਰਦੀ ਦੀ ਮੂਰਤ!

ਤੀਜੇ ਦਿਨ ਸੁੱਖੀ ਦੀ ਟਾਈਫ਼ਾਈਡ ਕਾਰਨ ਮੌਤ ਹੋ ਗਈ। ਜੇਠ ਜਿਠਾਣੀਆਂ ਦੇ ਦਿਲ ਦੀ ਹੋ ਗਈ। ਜਿਹੜਾ ਕੰਮ ਉਹ ਚਾਹੁੰਦੇ ਸਨ। ਉਹ ਤਾਂ ਉਹਨਾਂ ਦਾ ਬਗੈਰ ਕਿਸੇ ਹੀਲ ਹੁੱਜਤ ਦੇ ਹੀ ਰਾਸ ਆ ਗਿਆ ਸੀ। ਉਹ ਤਾਂ ਕਰਮਾਂ ਦੇ ਧਨੀ ਸਨ। ਜਿਹਨਾਂ ਦੀ ਬਰਾਬਰ ਦੇ ਹਿੱਸੇ ਦੀ ਸ਼ਰੀਕਣੀਂ ਖਹਿੜਾ ਛੱਡ, ਤੁਰ ਗਈ ਸੀ ਅਤੇ ਉਹਨਾਂ ਨੂੰ ਬੇਫ਼ਿਕਰ, ਸੁਰਖ਼ਰੂ ਕਰ ਗਈ ਸੀ!

ਜਦੋਂ ਪ੍ਰੀਤੋ ਦੀ ਬੇਬੇ ਨੂੰ ਪਤਾ ਲੱਗਿਆ ਤਾਂ ਉਸ ਨੇ ਛਾਤੀ ਪਿੱਟ ਲਈ। ਪ੍ਰੀਤੋ ਦਾ ਸੁੱਖੀ ਨਾਲ ਹੀ ਤਾਂ ਵਸੇਬਾ ਸੀ। ਰਾਲ਼-ਬੋਲ ਬਣੀ ਰਹਿੰਦੀ ਸੀ। ਪਰ ਹੁਣ ਤਾਂ ਧੀ ਬਿਲਕੁਲ ਹੀ ਇਕੱਲੀ ਰਹਿ ਗਈ ਸੀ। ਡਾਢਾ ਰੱਬ ਤਾਂ ਉਸ ਦੇ ਹੱਥ ਧੋ ਕੇ ਮਗਰ ਪੈ ਗਿਆ ਸੀ! ਸੁੱਖੀ ਦੀ ਮੌਤ ਨੇ ਬੇਬੇ ਮਲਕੀਤ ਕੌਰ ਨੂੰ ਬੁਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ।

ਉਹ ਹੁਣ ਖੇਤ ਜਾਂਦੀ ਇਕੱਲੀ ਹੀ ਗੱਲਾਂ ਕਰਦੀ ਰਹਿੰਦੀ। ਕਦੇ ਬਿਲਕੁਲ ਹੀ ਚੁੱਪ ਹੋ ਜਾਂਦੀ। ਕਦੇ ਬੈਠੀ ਬੈਠੀ ਉਚੀ ਉਚੀ ਹੱਸਣ ਲੱਗ ਪੈਂਦੀ। ਕਦੇ ਬਿਨਾ ਚੁੰਨੀ ਜਾਂ ਸ਼ਾਲ ਤੋਂ ਹੀ ਬਾਹਰ ਨੂੰ ਤੁਰ ਪੈਂਦੀ। ਕਦੇ ਕਿਸੇ ਨੂੰ ਹਾਕਾਂ ਮਾਰਦੀ। ਰਾਤ ਨੂੰ ਸੁੱਤੀ ਪਈ ਪਈ, "ਆਉਨੀ ਐਂ....!" ਆਖ ਕੇ ਦਰਵਾਜਾ ਜਾ ਖੋਲ੍ਹਦੀ। ਜਦ ਕੋਈ ਵੀ ਨਾ ਦਿਸਦਾ ਤਾਂ ਨਿਰਾਸ਼ ਹੋ ਕੇ ਫਿਰ ਮੰਜੇ 'ਤੇ ਜਾ ਪੈਂਦੀ। ਨੀਟੂ ਅਤੇ ਨੂੰਹ ਜੋਤ ਬੇਬੇ ਤੋਂ ਬੜੇ ਦੁਖੀ ਸਨ।

-"ਪਤਾ ਨ੍ਹੀ ਕਦੋਂ ਮਰ ਕੇ ਮਗਰੋਂ ਲਹੂਗੀ...? ਕਿੱਥੋਂ ਦੱਦ ਲੱਗੀ ਐ ਤੇਰ੍ਹਵਾਂ ਮਹੀਨਾਂ ਲੌਂਦ! ਜਦੋਂ ਦੇਖੋ ਘਰੇ ਸੂਹਣ ਈ ਖੜ੍ਹੀ ਰੱਖਦੀ ਐ! ਕਦੇ ਸ਼ਾਂਤੀ ਨ੍ਹੀ ਰਹਿਣ ਦਿੰਦੀ ਘਰੇ-ਇਉਂ ਰੋਣ ਲੱਗਪੂ ਜਿਵੇਂ ਖਸਮ ਮਰਿਆ ਹੁੰਦੈ!" ਨੂੰਹ ਮਲਕੀਤ ਕੌਰ 'ਤੇ ਦੰਦ ਪੀਂਹਦੀ। ਨੀਟੂ ਵੀ ਉਸ ਦੇ ਮਗਰ ਹੀ ਵੋਟ ਭੁਗਤਾਉਂਦਾ। ਪਿੰਡ ਦੇ ਲੋਕ ਦੋਵਾਂ ਨੂੰ ਦੁਰਕਾਰ ਪਾਉਂਦੇ। ਨੀਟੂ ਨੂੰ ਤੀਵੀਂ ਭਗਤ ਆਖਦੇ! ਜਦੋਂ ਕਦੇ ਪ੍ਰੀਤੋ ਬੇਬੇ ਨੂੰ ਮਿਲਣ ਆ ਜਾਂਦੀ ਤਾਂ ਬੇਬੇ ਉਸ ਦੇ ਗਲ਼ ਲੱਗ ਕੇ ਕੀਰਨੇ ਪਾਉਣ ਲੱਗ ਪੈਂਦੀ। ਪਤਾ ਨਹੀਂ ਬੇਬੇ ਕਿਸ ਨੂੰ ਰੋਂਦੀ ਸੀ...? ਪ੍ਰੀਤੋ ਵੀ ਬੇਬੇ ਨੂੰ ਜਮਾਂ ਨਾ ਵਰਜਦੀ। ਉਹ ਸੋਚਦੀ ਬੇਬੇ ਦਾ ਮਨ ਹੌਲ਼ਾ ਹੋ ਲੈਣਾ ਚਾਹੀਦਾ ਸੀ। ਨੂੰਹ ਨੱਕ-ਬੁੱਲ੍ਹ ਕੱਢਦੀ। ਪਰ ਪ੍ਰੀਤੋ ਖ਼ਾਮੋਸ਼ ਰਹਿੰਦੀ। ਜਦੋਂ ਭਰਾ ਹੀ ਭਰਜਾਈ ਦੀ ਪੈੜ ਵਿਚ ਪੈਰ ਧਰਦਾ ਸੀ ਤਾਂ ਇਹ ਬਿਗਾਨੀ ਧੀ ਨੂੰ ਸਾਡਾ ਕੀ ਮੋਹ ਅਤੇ ਦੁੱਖ ਸੀ? ਸੋਚ ਕੇ ਪ੍ਰੀਤੋ ਲਹੂ ਦੀ ਘੁੱਟ ਪੀ ਕੇ ਰਹਿ ਜਾਂਦੀ।

ਇਕ ਦਿਨ ਪਤਾ ਨਹੀਂ ਮਨ ਵਿਚ ਕੀ ਆਇਆ? ਮਲਕੀਤ ਕੌਰ ਤਿੱਖੜ ਦੁਪਿਹਰੇ ਹੀ ਸਿਰੋਂ ਨੰਗੀ ਖੇਤਾਂ ਨੂੰ ਸਿਰਤੋੜ ਦੌੜ ਪਈ! ਪਿੰਡ ਦੇ ਦਰਦਮੰਦ ਲੋਕ ਉਸ ਨੂੰ ਸਾਂਭਣ ਲਈ ਮਗਰ ਭੱਜੇ। ਨੂੰਹ ਸ਼ਰਮ ਮਹਿਸੂਸ ਕਰਦੀ ਅੰਦਰ ਵੜ ਗਈ ਸੀ। ਉਸ ਦੇ ਭਾਅ ਦਾ ਤਾਂ ਮਲਕੀਤ ਕੌਰ ਖੇਖਣ ਕਰਦੀ ਸੀ। ਨੀਟੂ ਸ਼ਹਿਰ ਗਿਆ ਹੋਇਆ ਸੀ। ਪਤਾ ਨਹੀਂ ਮਲਕੀਤ ਕੌਰ ਵਿਚ ਇਤਨਾ ਤਾਣ ਕਿੱਥੋਂ ਆ ਗਿਆ ਸੀ? ਉਸ ਨੇ ਨੌਜਵਾਨ ਮੁੰਡਿਆਂ ਨੂੰ ਵੀ ਡਾਹ ਨਾ ਦਿੱਤੀ। ਅਖ਼ੀਰ ਖੇਤਾਂ ਵਿਚ ਭੱਜੀ ਫਿਰਦੀ ਹਰਫ਼ਲ ਕੇ ਚੌਫ਼ਾਲ਼ ਡਿੱਗ ਪਈ। ਉਸ ਦਾ ਸਾਹ ਬੁਰੀ ਤਰ੍ਹਾਂ ਫ਼ੁੱਲਿਆ ਹੋਇਆ ਸੀ। ਦਿਲ ਫੜੇ ਕਬੂਤਰ ਵਾਂਗ 'ਫੜ੍ਹੱਕ-ਫੜ੍ਹੱਕ' ਵੱਜੀ ਜਾ ਰਿਹਾ ਸੀ। ਛਾਤੀ ਲੁਹਾਰ ਦੀ ਧੌਂਕਣੀਂ ਵਾਂਗ ਉਪਰੋਥਲ਼ੀ ਹੋ ਰਹੀ ਸੀ। ਉਸ ਨੂੰ ਜੱਗ ਜਹਾਨ ਦੀ ਕੋਈ ਹੋਸ਼ ਨਹੀਂ ਸੀ। ਬੁੱਲ੍ਹ ਸੁੱਕੇ ਅਤੇ ਬੰਦ ਅੱਖਾਂ ਕੰਬੀ ਜਾ ਰਹੀਆਂ ਸਨ। ਫਿਰ ਅਚਾਨਕ ਉਸ ਦੇ ਮੂੰਹ 'ਚੋਂ ਝੱਗ ਜਿਹੀ ਆਉਣੀ ਸ਼ੁਰੂ ਹੋ ਗਈ ਅਤੇ ਮਲਕੀਤ ਕੌਰ ਪਲਾਂ ਵਿਚ ਹੀ ਸੁਆਸ ਤਿਆਗ ਗਈ....!

ਪਿੰਡ ਵਾਲਿਆਂ ਨੇ ਪ੍ਰੀਤੋ ਨੂੰ ਖ਼ਬਰ ਕੀਤੀ। ਪਹਿਲਾਂ ਹੀ ਅਥਾਹ ਦੁੱਖਾਂ ਦੀ ਝੰਬੀ ਪ੍ਰੀਤੋ ਸੁਨੇਹਾਂ ਦੇਣ ਵਾਲੇ ਦੇ ਨਾਲ ਹੀ ਆ ਗਈ ਅਤੇ ਆਉਣਸਾਰ ਬੇਬੇ ਦੀ ਲਾਅਸ਼ 'ਤੇ ਢੇਰੀ ਹੋ ਕੇ ਧਾਹ ਮਾਰੀ...!

-"ਤੂੰ ਮੈਨੂੰ ਕੀਹਦੇ ਆਸਰੇ ਛੱਡ ਕੇ ਤੁਰਗੀ ਨੀ ਮੇਰੀਏ ਕਮਲ਼ੀਏ ਮਾਏ....! ਨ੍ਹੀ ਤੇਰੇ ਬਿਨਾਂ ਤਾਂ ਮੇਰਾ ਪਿੰਡ ਉਜੜ ਗਿਆ ਨ੍ਹੀ ਮੈਨੂੰ ਜੱਗ ਦਿਖਾਉਣ ਵਾਲੀਏ ਅੰਮੜੀਏ...!" ਕੁੜੀ ਨੇ ਕੀਰਨਾ ਪਾਇਆ ਤਾਂ ਸਾਰੇ ਪਿੰਡ ਦੀਆਂ ਅੱਖਾਂ ਵਿਚੋਂ ਨੀਰ ਹੜ੍ਹ ਵਾਂਗ ਵਰ੍ਹ ਪਿਆ। ਸਾਰੀ ਉਮਰ ਫ਼ਿਕਰ ਕਰੀ ਜਾਣ ਵਾਲੀ ਬੇਬੇ ਅੱਜ ਅਹਿਲ , ਸ਼ਾਂਤ ਪਈ ਸੀ! ਪ੍ਰੀਤੋ ਅਤੇ ਉਸ ਦੀ ਮਾਂ ਮਲਕੀਤ ਕੌਰ ਦਾ ਦਰਦ ਸਾਰਾ ਪਿੰਡ ਹੀ ਬੁੱਝਦਾ ਅਤੇ ਸਮਝਦਾ ਸੀ। ਜੇ ਨਹੀਂ ਸਮਝਦੇ ਸਨ ਤਾਂ ਜੋਤ ਅਤੇ ਨੀਟੂ ਜਿਹੇ ਖ਼ੁਦਗਰਜ਼ ਅਤੇ ਮਤਲਬੀ ਇਨਸਾਨ ਹੀ ਨਹੀਂ ਸਮਝਦੇ ਸਨ! ਨਹੀਂ ਤਾਂ ਸਾਰੇ ਪਿੰਡ ਦੇ ਦਿਲ ਪ੍ਰੀਤੋ ਦੇ ਦੁੱਖ ਵਿਚ ਭਰਾੜ੍ਹ ਹੋਏ ਪਏ ਸਨ। ਜਜ਼ਬਾਤ ਲੀਰੋ ਲੀਰ ਹੋ ਸਾਰੇ ਪਿੰਡ ਦੇ ਚਿਹਰਿਆਂ 'ਤੇ ਲਟਕ ਰਹੇ ਸਨ!

ਸਾਰੇ ਪਿੰਡ ਨੇ ਰਲ਼ ਮਿਲ਼ ਕੇ ਮਲਕੀਤ ਕੌਰ ਦਾ ਸਸਕਾਰ ਕਰ ਦਿੱਤਾ।

ਉਸ ਦਿਨ ਪ੍ਰੀਤੋ ਨੇ ਰਾਤ ਵੀ ਨੀਟੂ ਦੇ ਘਰ ਨਾ ਕੱਟੀ। ਹੁਣ ਉਹ ਘਰ ਸਿਰਫ਼ ਨੀਟੂ ਦਾ ਹੀ ਰਹਿ ਗਿਆ ਸੀ। ਬੇਬੇ ਬਾਪੂ ਤਾਂ ਤੁਰ ਗਏ ਸਨ। ਧੀਆਂ ਦੇ ਪੇਕੇ ਤਾਂ ਮਾਪਿਆਂ ਨਾਲ ਹੀ ਵਸਦੇ ਹਨ! ਪ੍ਰੀਤੋ ਬੇਬੇ ਦੇ ਫ਼ੁੱਲ ਚੁਗਣ ਅਤੇ ਕੀਰਤਪੁਰ ਸਾਹਿਬ ਤਾਰਨ ਤੱਕ ਕਿਸ਼ਨੋ ਭੂਆ ਕੇ ਘਰ ਹੀ ਰਹੀ। ਮਲਕੀਤ ਕੌਰ ਦੇ ਨਮਿੱਤ ਸਧਾਰਨ ਪਾਠ ਵੀ ਪਿੰਡ ਵਾਲਿਆਂ ਨੇ ਪਿੰਡ ਦੇ ਗੁਰਦੁਆਰੇ ਹੀ ਪ੍ਰਕਾਸ਼ ਕਰਵਾਇਆ ਅਤੇ ਗੁਰਦੁਆਰੇ ਹੀ ਭੋਗ ਪਿਆ।

ਉਸ ਤੋਂ ਬਾਅਦ ਪ੍ਰੀਤੋ ਜੇ ਕਦੇ ਪਿੰਡ ਆਉਂਦੀ ਤਾਂ ਸਿਰਫ਼ ਕਿਸ਼ਨੋ ਭੂਆ ਕੇ ਘਰ ਹੀ ਰਾਤ ਕੱਟਦੀ। ਨੀਟੂ ਕੋਲ਼ ਨਾ ਜਾਂਦੀ। ਨੀਟੂ ਅਤੇ ਜੋਤ ਨੇ ਵੀ ਕਦੇ ਪ੍ਰੀਤੋ ਨੂੰ ਮਿਲਣ ਦੀ ਖੇਚਲ ਨਹੀਂ ਕੀਤੀ ਸੀ। ਹੋਰ ਤਾਂ ਹੋਰ, ਕਦੇ ਜ਼ੁਬਾਨ ਵੀ ਸਾਂਝੀ ਨਹੀਂ ਹੋਈ ਸੀ। ਕਿਸ਼ਨੋ ਭੂਆ ਪ੍ਰੀਤੋ ਨੂੰ ਆਪਣੀਆਂ ਧੀਆਂ ਤੋਂ ਵੀ ਵੱਧ ਪਿਆਰਦੀ ਅਤੇ ਸਤਿਕਾਰਦੀ ਸੀ....!

-"ਆਹ ਤਾਂ ਪ੍ਰੀਤੋ ਦੇ ਦੁੱਖਾਂ ਦੀ ਕਹਾਣੀ ਐਂ ਬਾਈ ਹਰਦੇਵ ਸਿਆਂ....!" ਮਾਸਟਰ ਨੇ ਪ੍ਰੀਤੋ ਦੀ ਪੂਰੀ ਕਹਾਣੀ ਸੁਣਾ ਕੇ ਦਾਰੂ ਦੀਆਂ ਆਖਰੀ ਘੁੱਟਾਂ ਭਰ ਲਈਆਂ। ਹਰਦੇਵ ਦੀਆਂ ਅੱਖਾਂ ਵਿਚੋਂ ਪ੍ਰੀਤੋ ਦੇ ਦੁੱਖ ਵਿਚ ਹੰਝੂ "ਧਰਲ਼-ਧਰਲ਼" ਵਗੀ ਜਾ ਰਹੇ ਸਨ। ਉਸ ਉਪਰ ਨਸ਼ੇ ਨਾਲੋਂ ਪ੍ਰੀਤੋ ਦਾ ਗ਼ਮ ਭਾਰੂ ਸੀ।

-"ਤੇ ਪ੍ਰੀਤੋ ਦੀ ਮਾਂ ਦੀ ਮੌਤ ਬਾਰੇ ਫਿਰ ਪਤਾ ਨ੍ਹੀ ਚੱਲਿਆ? ਬਈ ਕਿਸ ਕਾਰਨ ਹੋਈ ਸੀ?" ਹਰਦੇਵ ਨੇ ਆਪਣਾ ਆਪ ਸੰਭਾਲ਼ ਕੇ ਮਾਸਟਰ ਨੂੰ ਸੁਆਲ ਕੀਤਾ।

-"ਰੱਬ ਜਾਣੇ ਬਾਈ! ਨਾਲ਼ੇ ਫ਼ਾਇਦਾ ਕੀ ਹੁੰਦਾ? ਸੁਆਹ...? ਲੋਕ ਤਾਂ ਕਹਿੰਦੇ ਸੀ ਨੂੰਹ ਦੀ ਸਤਾਈ ਕੁਛ ਖਾ ਕੇ ਮਰਗੀ-ਕਈ ਆਖਦੇ ਐ ਬਈ ਗਲ਼ੋਂ ਗਲ਼ਾਵਾਂ ਲਾਹੁੰਣ ਖਾਤਰ ਨੂੰਹ ਨੇ ਈ ਕੁਛ ਦੇ ਕੇ ਗੱਡੀ ਚਾੜ੍ਹਤਾ ਵਿਚਾਰੀ ਨੂੰ!"

-"......।" ਹਰਦੇਵ ਸਾਹ ਰੋਕੀ ਸੁਣ ਰਿਹਾ ਸੀ।

-"ਹੁਣ ਪ੍ਰੀਤੋ ਬਿਚਾਰੀ ਜੂਨੋਂ ਬੇਜੂਨ ਆਪੇ ਈ ਐ! ਪੇਕੀਂ ਭਰਾ ਨੀ ਵੜਨ ਦਿੰਦਾ-ਵੜਨ ਤਾਂ ਕੀ ਨ੍ਹੀ ਦਿੰਦਾ ਉਹ? ਪ੍ਰੀਤੋ ਆਪ ਈ ਨ੍ਹੀ ਇਹਨਾਂ ਨਾਲ ਮਨ ਮਿਲ਼ਾਉਂਦੀ! ਮਨ ਬਾਈ ਕਾਹਦੇ ਆਸਰੇ ਮਿਲੇ? ਕਦੇ ਬਾਤ ਤਾਂ

ਬਿਚਾਰੀ ਦੀ ਪੁੱਛੀ ਨ੍ਹੀ ਚੰਦਰੇ ਭਰਾ ਨੇ! ਭਰਜਾਈਆਂ ਫੇਰ ਕੀਹਦੇ ਮਿੱਤ ਐ? ਸਹੁਰੇ ਊਂ ਬਿਚਾਰੀ ਨੂੰ ਟੋਕਾ ਟਕਾਈ ਕਰਦੇ ਵੰਝ 'ਤੇ ਚੜ੍ਹਾਈ ਰੱਖਦੇ ਐ-ਬੱਸ ਹਾਲੋਂ ਬੇਹਾਲ ਐ ਰੱਬ ਦੀ ਭਗਤਣੀ-ਇਕ ਹੁਣ ਉਮਰ ਵੀ ਤੈਨੂੰ ਪਤੈ ਬਈ ਚਾਲ੍ਹੀਆਂ ਪੰਤਾਲ਼ੀਆਂ ਦੀ ਤਾਂ ਹੋਊ-ਜੇ ਮਾੜੀ ਮੋਟੀ ਉਮਰ ਈ ਛੋਟੀ ਹੁੰਦੀ-ਬੰਦਾ ਬੀਹ ਬੰਨ੍ਹ ਸੁੱਬ ਕਰ ਲੈਂਦੈ-ਇਕ ਤੈਨੂੰ ਪਤੈ ਬਈ ਬਿਚਾਰੀ ਹੈ ਕੂੰਨੀ-ਸਾਊ ਬੰਦੇ ਦਾ ਵੀ ਬਾਈ ਅੱਜ ਕੱਲ੍ਹ ਜਮਾਨਾ ਹੈਨ੍ਹੀ...!"

-"........।"

-"ਚੱਲੋ ਜੇ ਇਕ ਜੁਆਕੜੀ ਈ ਬਚ ਰਹਿੰਦੀ, ਉਹਦੇ ਆਸਰੇ ਦਿਨ ਤੋੜ ਲੈਂਦੀ ਬਿਚਾਰੀ-ਇਹ ਪ੍ਰੀਤੋ ਬਿਚਾਰੀ ਕੁੜੀ ਈ ਬਾਹਲ਼ੀ ਨੇਕ ਸੀ-ਨਿਰੀ ਸਤਯੁਗੀ...!"

-"ਜੇ ਭਰਾ ਭਰਜਾਈ ਬਾਤ ਨ੍ਹੀ ਪੁੱਛਦੇ ਤਾਂ ਆਪਣਾ ਹਿੱਸਾ ਤਾਂ ਲਵੇ ਭਰਾ ਤੋਂ! ਉਹਨਾਂ ਨੂੰ ਜ਼ਰੂਰੀ ਛੱਡਣੈਂ, ਜਦੋਂ ਬਾਤ ਨ੍ਹੀ ਪੁੱਛਦੇ ਹਰਾਮਦੇ?" ਹਰਦੇਵ ਨੇ ਅਗਲਾ ਸੁਆਲ ਮਾਸਟਰ ਦੇ ਮੱਥੇ ਮਾਰਿਆ।

-"ਆਪਣੇ ਮੁਖਤਿਆਰ ਫ਼ੌਜੀ ਨੇ ਇਕ ਆਰੀ ਪ੍ਰੀਤੋ ਨੂੰ ਹਿੱਸੇ ਬਾਰੇ ਕਿਹਾ ਵੀ ਸੀ-।"

-"ਫੇਰ....?"

-"ਫੇਰ ਕੀ....? ਤੈਨੂੰ ਦੱਸਿਆ ਤਾਂ ਹੈ ਬਈ ਸਾਊ ਬਾਹਲ਼ੀ ਐ-ਰੱਬ ਦੀ ਰਜਾ 'ਚ ਰਹਿਣ ਆਲ਼ੀ ਸ਼ਾਂਤਮਈ ਕੁੜੀ ਐ-ਮੁਖਤਿਆਰ ਫ਼ੌਜੀ ਨੂੰ ਕਹਿੰਦੀ, ਜਦੋਂ ਬਾਈ ਬੇਬੇ ਬਾਪੂ ਨ੍ਹੀ ਰਹੇ-ਮੈਂ ਹੁਣ ਉਹਨਾਂ ਦੀ ਪੈਲ਼ੀ ਕੀ ਸਿਰ 'ਚ ਮਾਰਨੀ ਐਂ?"

-"ਤੇ ਅੱਜ ਕੱਲ੍ਹ ਰਹਿੰਦੀ ਕਿੱਥੇ ਐ....?"

-"ਸਹੁਰੀਂ ਈ ਰਹਿੰਦੀ ਐ-ਹੋਰ ਬਿਚਾਰੀ ਨੇ ਜਾਣਾ ਕਿੱਥੇ ਐ? ਸਹੁਰਿਆਂ ਦਾ ਗੋਰਖ ਧੰਦਾ ਕਰਕੇ ਟੈਮ ਟਪਾ ਲੈਂਦੀ ਐ-ਡਾਢੇ ਜੇਠ ਜਿਠਾਣੀਆਂ ਨਾਲ ਕੱਟਣਾ ਕਿਹੜਾ ਸੌਖੈ ਬਾਈ? ਕੂਲ਼ੇ ਬੰਦਿਆਂ ਦਾ ਵੀ ਬਾਈ ਬਸੇਬਾ ਨ੍ਹੀ ਕਿਤੇ-ਇਹ ਤਾਂ ਖਰਖਰੇ ਆਲ਼ਾ ਈ ਜੜਦੈ ਕੋਕੇ!"

-"ਉਹਦੇ ਸਹੁਰੇ ਹੈ ਕਿੱਥੇ? ਬਿਆਹੀ ਕਿੱਥੇ ਐ....?"

-"ਬਠਿੰਡੇ ਕੋਲ਼ੇ ਐ-ਪਿੰਡ ਦਾ ਤਾਂ ਪਤਾ ਨ੍ਹੀ-ਪਤਾ ਕਰਕੇ ਦੱਸਦੂੰ।"

-"ਤੇ ਪ੍ਰੀਤੋ ਦੇ ਭਰਾ ਦਾ, ਕੀ ਨਾਂ ਸੀ ਉਹਦਾ...?"

-"ਨੀਟੂ...?"

-"ਆਹੋ...! ਨੀਟੂ ਦਾ ਕੀ ਹਾਲ ਐ ਹੁਣ...?"

-"ਉਏ ਬਾਈ...! ਮਾਂ, ਬਾਪ ਤੇ ਦਰਵੇਸ਼ ਭੈਣ ਦਾ ਦਿਲ ਦੁਖੀ ਕਰਨ ਆਲ਼ੇ ਦਾ ਕੀ ਹਾਲ ਹੋਣੈਂ? ਬੁਰਾ ਈ ਹਾਲ ਐ! ਪੈਲ਼ੀ ਦੇ ਠੇਕੇ ਆਲ਼ੇ ਕੁਛ ਦਿੰਦੇ ਨੀ ਸੀ-ਕਹਿ ਕੁਹਾ ਕੇ ਠੇਕੇ ਆਲ਼ਿਆਂ ਨੇ ਇਕ ਕਿੱਲਾ ਗਹਿਣੇ ਕਰਵਾ ਲਿਆ-ਤੇ ਹੁਣ ਬੈਅ ਲੈ ਲਿਆ-ਉਹਦੇ ਘਰਆਲ਼ੀ ਕਿਤੇ ਨਰਸ ਜਾ ਲੱਗੀ-ਲੋਕ ਤਾਂ ਕਹਿੰਦੇ ਸੀ ਬਈ ਉਹ ਨਰਸ ਨੁਰਸ ਕਾਹਨੂੰ ਐਂ-ਅਵਾਰਾ ਹੋ ਗਈ ਐ ਤੇ ਪੰਜ ਸੌ ਦੀ ਟਿਕਟ ਲਾਉਂਦੀ ਐ-ਤੇ ਇਹ ਸੂਰਮਾਂ ਦਾਰੂ ਨਾਲ ਰੱਜਿਆ ਰਹਿੰਦੈ-ਲੋਕ ਇਹਨੂੰ ਮੂੰਹ ਨ੍ਹੀ ਲਾਉਂਦੇ-ਐਹੋ ਜੇ ਦੁਸ਼ਟ ਬੰਦੇ ਨੂੰ ਮੂੰਹ ਵੀ ਕੌਣ ਲਾਉਂਦੈ ਹਰਦੇਵ ਸਿਆਂ, ਬਾਈ...!"

-"......।"

-"ਇਹਦੀ ਘਰਆਲ਼ੀ ਤਾਂ ਨਿੱਤ ਨਵੇਂ ਸੂਟ ਬਦਲਦੀ ਐ-ਹਰਾਮ ਦੀ ਕਮਾਈ ਜਿਉਂ ਘਰੇ ਆਉਂਦੀ ਐ! ਹਿੰਗ ਲੱਗੇ ਨਾ ਫਟਕੜੀ-ਇਕ ਵਾਰੀ ਦਾ ਪੰਜ ਸੌ ਲੈ ਕੇ ਘਰੇ ਵੱਜਦੀ ਐ-ਜਦੋਂ ਅਗਲੀ ਨੇ ਸਿਰੋਂ ਲੋਈ ਈ ਲਾਹ ਧਰੀ-ਫੇਰ ਇਕ ਬੰਦਾ ਕੀ ਤੇ ਪੰਜਾਹ ਕੀ? ਸਿਆਣੇ ਆਖਦੇ ਤਾਂ ਹੁੰਦੇ ਐ ਬਈ ਜੀਹਨੇ ਲਾਹਤੀ ਲੋਈ-ਉਹਦਾ ਕੀ ਕਰੂਗਾ ਕੋਈ? ਇਹਦੇ ਮਾਮੇਂ ਕਿਸ਼ਨ ਸਿਉਂ ਨੇ ਆ ਕੇ ਇਹਨੂੰ ਠੋਕਰਿਆ ਸੀ-ਇਹ ਬੈਲੀ ਉਹਦੇ ਨਾਲ ਵੀ ਉਚਾ ਨੀਵਾਂ ਹੋਇਆ ਤੇ ਅਗਲਾ ਆਉਣੋਂ ਈ ਹਟ ਗਿਆ-ਫੇਰ ਵੀ ਅਗਲੇ ਦੀ ਭਾਣਜ ਨੂੰਹ ਐਂ-ਜਦੋਂ ਲੋਕ ਰੰਗ ਬਿਰੰਗਾ ਬੋਲਦੇ ਐ-ਅਗਲਾ ਕਦੋਂ ਜਰਦੈ? ਨੀਟੂ ਦੇ ਘਰਆਲ਼ੀ ਤਾਂ ਹੁਣ ਪੂਰੀ ਮਸ਼ਹੂਰ ਐ ਬਾਈ-ਦੂਰ ਦੂਰ ਤੱਕ ਡਰਾਈਵਰਾਂ ਕੰਡੈਕਟਰਾਂ 'ਚ ਗੱਲਾਂ ਹੁੰਦੀਐਂ ਸਹੁਰੀ ਦੀਆਂ! ਪੁਲਸ ਆਲ਼ੇ ਤਾਂ, ਜਦੋਂ ਜੀਅ ਕਰਦੈ-ਵੰਗਾਰ ਵਾਲਿਆਂ ਮਾਂਗੂੰ ਦਬੱਲ ਤੁਰਦੇ ਐ, ਸਹੁਰੀ ਨੂੰ! ਕੋਈ ਹਾਥ ਈ ਨ੍ਹੀ! ਸਾਰਾ ਪਿੰਡ ਸੁਣ ਕੇ ਚੁੱਪ ਕਰ ਰਹਿੰਦੈ-ਚੋਰ ਦੀ ਮਾਂ,

ਕੋਠੀ 'ਚ ਮੂੰਹ! ਪਿੰਡ ਕੀ ਸੁਆਹ ਕਰੇ ਸੱਤਾਂ ਚੁੱਲ੍ਹਿਆਂ ਦੀ? ਅਗਲਾ ਕਦੋਂ ਕਿਸੇ ਨਾਲ ਬਿਨਾਂ ਗੱਲੋਂ ਦੁਸ਼ਮਣੀ ਪਾਉਂਦੈ? ਨਾਲੇ ਇਹ ਜਦੋਂ ਦੀ ਪੁਲਸ ਆਲ਼ਿਆਂ ਨਾਲ ਆਉਣ ਜਾਣ ਲੱਗੀ ਐ-ਸਾਰੇ ਇਹਤੋਂ ਕੰਨ ਭੰਨਦੇ ਐ ਬਈ ਕਿਤੇ ਕੋਈ ਝੂਠਾ ਕੇਸ-ਕੁਸ ਨਾ ਪੁਆ ਦੇਵੇ ਸਿਰ-ਅਗਲਾ ਆਬਦੀ ਚਮੜੀ ਬਚਾਉਂਦੈ! ਕੌਣ ਕਹੇ, ਆ ਬੈਲ ਮੁਝੇ ਮਾਰ...?"

ਗੱਲਾਂ ਕਰਦਿਆਂ ਨੂੰ ਉਹਨਾਂ ਨੂੰ ਵੱਡੀ ਰਾਤ ਹੋ ਗਈ ਸੀ।

ਤਾਈ ਦੇ ਘਰੋਂ ਆਈ ਰੋਟੀ ਖਾ ਕੇ ਉਹ ਮੰਜੇ 'ਤੇ ਪੈ ਗਿਆ। ਦੁਖ-ਸੁਖ ਅਤੇ ਬਚਨ-ਵਿਲਾਸ ਕਰਦਿਆਂ ਦਿਨ ਤਾਂ ਲੰਘ ਗਿਆ। ਪਰ ਪਰਬਤ ਜਿੱਡੀ ਰਾਤ ਆ ਖੜ੍ਹੀ ਹੋਈ...।

## ਕਾਂਡ 4

ਹਰਦੇਵ ਦਾ ਪ੍ਰੀਵਾਰ ਇਕ ਮੱਧ ਵਰਗੀ ਪ੍ਰੀਵਾਰ ਸੀ! ਉਹ ਤਿੰਨ ਭਰਾ ਸਨ ਅਤੇ ਤਿੰਨ ਹੀ ਭੈਣਾਂ! ਹਰਦੇਵ ਸਭ ਤੋਂ ਵੱਡਾ ਅਤੇ ਸਿਆਣਾ ਸੀ। ਸਾਢੇ ਸੱਤ ਏਕੜ ਨਾਲ ਵੱਡੇ ਪ੍ਰੀਵਾਰ ਦਾ ਗੁਜ਼ਾਰਾ ਕਿਵੇਂ ਹੁੰਦਾ? ਬਾਪੂ ਪੁਲੀਸ ਵਿਚੋਂ ਮੁਣਸ਼ੀ ਪੈਨਸ਼ਨ ਆਇਆ ਸੀ। ਇਕੱਲੀ ਪੈਨਸ਼ਨ ਨਾਲ ਟੱਬਰ ਦਾ ਗੁਜ਼ਾਰਾ ਨਹੀਂ ਸੀ! ਉਸ ਨੇ ਹਰਦੇਵ ਨੂੰ 'ਬਾਹਰ' ਤੋਰਨ ਦਾ ਫ਼ੈਸਲਾ ਕਰ ਲਿਆ। ਬਾਕੀ ਬੱਚੇ ਅਜੇ ਛੋਟੇ ਤਾਂ ਨਹੀਂ, ਪਰ ਨਾਸਮਝ ਜ਼ਰੂਰ ਸਨ। ਉਸ ਨੇ ਹਰਦੇਵ ਨੂੰ ਵਿਦੇਸ਼ ਭੇਜਣ ਵਾਸਤੇ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਭਲੇ ਵੇਲਿਆਂ ਵਿਚ ਉਸ ਨੇ ਬੰਨ੍ਹ-ਸੁੱਬ ਕਰ ਕੇ ਹਰਦੇਵ ਨੂੰ ਗਰੀਸ ਨੂੰ ਚਾਹੜ ਦਿੱਤਾ। ਤਕਰੀਬਨ ਅੱਠ ਨੌਂ ਮਹੀਨੇ ਹਰਦੇਵ ਗਰੀਸ ਦੇ ਖੇਤਾਂ ਵਿਚ ਸਬਜ਼ੀਆਂ ਕੱਟਦਾ ਰਿਹਾ। ਸਾਰੀ ਸਾਰੀ ਦਿਹਾੜੀ ਕੋਡਾ ਹੋ ਕੇ ਸਬਜ਼ੀਆਂ ਕੱਟਣੀਆਂ ਅਤੇ ਫਿਰ ਬਕਸਿਆਂ ਵਿਚ ਬੰਦ ਕਰ ਕੇ ਟਰੱਕਾਂ ਵਿਚ ਲੱਦਣੀਆਂ, ਕਾਫ਼ੀ ਔਖਾ ਕੰਮ ਸੀ। ਆਥਣ ਤੱਕ ਹਰਦੇਵ ਨਮੂਨੀਆਂ ਹੋਏ ਮਰੀਜ਼ ਵਾਂਗ ਆਕੜ ਜਾਂਦਾ। ਦੋ ਚਾਰ ਪੈੱਗ ਲਾ ਕੇ ਉਹ ਰੋਟੀ ਖਾ ਕੇ ਸੌਂ ਜਾਂਦਾ ਅਤੇ ਸਵੇਰੇ ਉਠ ਕੇ ਫਿਰ ਉਹ ਹੀ ਗਧੀਗੇੜ!

ਉਸ ਅਕਾਖਾਨੇਂ ਵਾਲੇ ਕੰਮ ਤੋਂ ਅੱਕ ਕੇ ਹਰਦੇਵ ਇਕ ਏਜੰਟ ਦੇ ਆਖੇ ਲੱਗ ਕੇ, ਉਸ ਨੂੰ ਪੰਜ ਸੌ ਮਾਰਕ ਦੇ ਕੇ ਆਸਟਰੀਆ ਆ ਗਿਆ। ਆਸਟਰੀਆ ਆ ਕੇ ਵੀ ਉਸ ਨੂੰ ਕੋਈ ਚੱਜ ਦਾ ਕੰਮ ਨਾ ਮਿਲਿਆ। ਉਥੇ ਵੀ ਅਖ਼ਬਾਰਾਂ ਵੇਚਣ ਦਾ ਕੰਮ ਮਿਲਿਆ ਹੀ ਮਿਲਿਆ। ਜਿਹੜੀਆਂ ਉਸ ਨੂੰ ਸੜਕ ਕੰਢੇ, ਟਰੈਫ਼ਿਕ ਲਾਈਟ 'ਤੇ ਖੜ ਕੇ ਵੇਚਣੀਆਂ ਪੈਂਦੀਆਂ। ਗਰਮੀਆਂ ਵਿਚ ਤਾਂ ਸਰ ਜਾਂਦਾ ਸੀ। ਪਰ ਆਸਟਰੀਆ ਵਿਚ ਸਰਦੀਆਂ ਦਾ ਮੌਸਮ ਇਕ ਕਹਿਰ ਸੀ ਕਹਿਰ! ਗੋਡੇ ਗੋਡੇ ਬਰਫ਼ ਵਿਚ ਖੜ੍ਹ ਕੇ ਅਖਬਾਰਾਂ ਵੇਚਣੀਆਂ ਕਿਸੇ ਮਾੜੇ ਧੀੜੇ ਬੰਦੇ ਦਾ ਕੰਮ ਨਹੀਂ ਸੀ। ਅਥਾਹ ਪੈਂਦੀ ਬਰਫ਼ ਵਿਚ ਹੱਥ ਲੱਕੜ ਵਾਂਗ ਆਕੜ ਜਾਂਦੇ ਅਤੇ ਮੂੰਹ 'ਚੋਂ ਗੱਲ ਨਾ ਨਿਕਲਦੀ। ਸਾਹ ਉਪਰ ਖਿੱਚਣ 'ਤੇ ਤਾਪਮਾਨ ਮਾਈਨਸ ਬੱਤੀ ਡਿਗਰੀ ਹੋਣ ਕਾਰਨ ਨੱਕ ਦਾ ਸੀਂਢ ਨੱਕ ਵਿਚ ਹੀ ਜੰਮ ਜਾਂਦਾ।

ਇਕ ਦਿਨ ਉਸ ਨੂੰ ਗੁਰਦੁਆਰੇ ਇਕ ਹੋਰ ਏਜੰਟ ਮਿਲਿਆ। ਉਸ ਨੇ ਹਰਦੇਵ ਨੂੰ ਜਰਮਨ ਪਹੁੰਚਾਉਣ ਦੀ ਮਿੱਠੀ ਉਂਗਲ ਚਟਾਈ ਅਤੇ ਬੜੇ ਸਬਜ਼ਬਾਗ ਦਿਖਾਏ। ਖਰਚਾ ਉਸ ਨੇ ਵੀ ਪੰਜ ਸੌ ਜਰਮਨ ਮਾਰਕ ਦੱਸਿਆ। ਅੰਨ੍ਹੀ ਬਰਫ਼ ਅਤੇ ਕੜਾਕੇ ਦੀ ਠੰਢ ਦਾ ਸਤਾਇਆ ਹਰਦੇਵ ਜਰਮਨ ਜਾਣ ਲਈ ਤਿਆਰ ਹੋ ਗਿਆ। ਤਿੰਨ ਕੁ ਹਫ਼ਤੇ ਵਿਚ ਜਰਮਨ ਦੇ ਉਸ ਏਜੰਟ ਨੇ ਆਪਣੀ ਕਾਰ ਦੀ ਡਿੱਘੀ ਵਿਚ ਪਾ ਕੇ ਹਰਦੇਵ ਨੂੰ ਜਰਮਨ ਦੇ ਮਿਉਨਿਖ ਸ਼ਹਿਰ ਲਿਆ ਉਤਾਰਿਆ।

-"ਐਦੂੰ ਗਾਂਹਾਂ ਬਾਈ ਜੀ ਮੇਰਾ ਕੀ ਬਣੂੰ...?" ਹਰਦੇਵ ਅਣਜਾਣ ਮੁਲਖ਼ ਅਤੇ ਬਿਗਾਨੇ ਸ਼ਹਿਰ ਵਿਚ ਖੜ੍ਹਾ, ਮਜੌਰਾਂ ਦੀ ਮਾਂ ਵਾਂਗ ਝਾਕ ਰਿਹਾ ਸੀ। ਉਸ ਨੇ ਅਗਲੇ ਪੜਾਅ ਬਾਰੇ ਏਜੰਟ ਨੂੰ ਪੁੱਛਿਆ।

–"ਹਰਦੇਵ ਸਿਆਂ! ਪੰਜ ਸੌ ਮਾਰਕ ਮੈਂ ਤੈਨੂੰ ਐਥੋਂ ਤੱਕ ਪਹੁੰਚਾਉਣ ਦੇ ਲਏ ਐ-ਪੱਕਾ ਕਰਵਾਉਣ ਦਾ ਜਾਂ ਕੰਮ ਦਿਵਾਉਣ ਦਾ ਮੇਰਾ ਕੋਈ ਦਾਅਵਾ ਨਹੀਂ ਸੀ!" ਉਸ ਨੇ ਬੜੇ ਸ਼ਾਂਤਮਈ ਢੰਗ ਨਾਲ ਆਖਿਆ।

–"ਹੁਣ ਮੇਰਾ ਕੋਈ ਹੱਲ?" ਹਰਦੇਵ ਰੋਣਹਾਕਾ ਹੋਇਆ ਖੜ੍ਹਾ ਸੀ।

–"ਇਹਦੇ ਬਾਰੇ ਹੁਣ ਤੂੰ ਆਪ ਸੋਚ...! ਆਪਣਾ ਕੰਮ ਸੀ ਤੈਨੂੰ ਜਰਮਨ ਵਾੜਨਾ...!" ਉਸ ਨੇ ਸਿੱਧਾ ਹੀ ਝੱਗਾ ਚੁੱਕ ਦਿੱਤਾ।

–"ਔਹ ਸਾਹਮਣੇ ਬਾਨਹੋਫ਼ ਐ...!" ਏਜੰਟ ਨੇ ਇਸ਼ਾਰਾ ਕਰ ਕੇ ਦੱਸਿਆ।

–"ਉਹ ਕੀ ਹੁੰਦੈ ਬਾਈ...?" ਹਰਦੇਵ ਦੇ ਕੁਝ ਪੱਲੇ ਨਹੀਂ ਪਿਆ ਸੀ।

–"ਬਾਨਹੋਫ਼ ਜਰਮਨ ਭਾਸ਼ਾ 'ਚ ਰੇਲਵੇ ਸਟੇਸ਼ਨ ਨੂੰ ਕਹਿੰਦੇ ਐ।"

–"ਅੱਛਾ...।"

–"ਉਥੇ ਜਾ ਕੇ ਅੰਦਰ ਬੈਠ ਜਾਹ-ਐਥੇ ਤੈਨੂੰ ਕੋਈ ਨਾ ਕੋਈ ਆਪਣਾ ਦੇਸੀ ਬੰਦਾ ਮਿਲ ਜਾਊਗਾ-ਉਹਦੇ ਨਾਲ ਕੋਈ ਕੰਮ ਕਾਰ ਬਾਰੇ ਗੱਲ ਕਰ ਲਵੀਂ!" ਤੇ ਉਸ ਨੇ ਕਾਰ ਤੋਰ ਲਈ। ਏਜੰਟ ਉਸ ਨੂੰ ਸ਼ਰੇਆਮ ਖੜ੍ਹਾ ਹੀ ਛੱਡ ਗਿਆ। ਬੇਰਹਿਮ ਬੰਦੇ ਨੂੰ ਕਿਸੇ 'ਤੇ ਕਾਹਦਾ ਰਹਿਮ? ਉਸ ਨੂੰ ਤਾਂ ਸਿਰਫ਼ ਆਪਣੇ ਪੈਸਿਆਂ ਨਾਲ ਸੀ। ਪੰਜ ਸੌ ਮਾਰਕ ਖ਼ਰਾ ਕੀਤਾ, ਚੱਲ ਮੇਰੇ ਭਾਈ! ਅਗਲਾ ਬੰਦਾ ਮਰੇ, ਖਪੇ! ਇਸ ਨਾਲ ਉਸ ਦਾ ਕੋਈ ਵਾਸਤਾ ਨਹੀਂ ਸੀ।

ਹਰਦੇਵ ਦਾ ਰੋਣ ਨਿਕਲ ਗਿਆ। ਉਸ ਨੂੰ ਕੁਝ ਨਹੀਂ ਸੁੱਝ ਰਿਹਾ ਸੀ। ਬਿਗਾਨਾ ਮੁਲਖ, ਕਿਸੇ ਨਾਲ ਕੋਈ ਜਾਣ ਨਹੀਂ, ਪਹਿਚਾਣ ਨਹੀਂ! ਜਾਵੇ ਤਾਂ ਕਿੱਧਰ ਜਾਵੇ? ਜਰਮਨ ਭਾਸ਼ਾ ਉਸ ਨੂੰ ਆਉਂਦੀ ਨਹੀਂ ਸੀ। ਜਦੋਂ ਕੋਈ ਰਸਤਾ ਨਾ ਰਹਿ ਜਾਵੇ, ਉਦੋਂ ਆਦਮੀ ਰੱਬ ਦੇ ਦਰਾਂ ਵਿਚ ਜਾ ਡਿੱਗਦੈ। ਸੜਕ ਦੇ ਇਕ ਪਾਸੇ ਖੜ੍ਹ ਕੇ ਉਸ ਨੇ 'ਵਾਹਿਗੁਰੂ-ਵਾਹਿਗੁਰੂ' ਜਪਣਾ ਸ਼ੁਰੂ ਕਰ ਦਿੱਤਾ। ਮਨ ਹੀ ਮਨ ਵਿਚ ਉਹ ਅਕਾਲ ਪੁਰਖ਼ ਤੋਂ ਓਟ-ਆਸਰਾ ਮੰਗ ਰਿਹਾ ਸੀ। ਦਿਲ ਵਿਚ ਅਕਾਲ ਪੁਰਖ਼ ਨੂੰ ਯਾਦ ਕਰਦਾ ਉਹ ਏਜੰਟ ਦੇ ਦੱਸੇ 'ਬਾਨਹੋਫ਼' ਵੱਲ ਤੁਰ ਪਿਆ। ਰੇਲਵੇ ਸਟੇਸ਼ਨ 'ਤੇ ਕਾਫ਼ੀ ਭੀੜ ਸੀ। ਪੈਦਲ ਪੁਲੀਸ ਗਸ਼ਤ ਕਰ ਰਹੀ ਸੀ। ਪੁਲੀਸ ਨੂੰ ਦੇਖ ਕੇ ਹਰਦੇਵ ਦਾ ਤਰਾਹ ਨਿਕਲ ਗਿਆ। ਪਰ ਉਹ ਦਿਲ ਤਕੜਾ ਕਰ ਕੇ ਟਾਈਮ ਟੇਬਲ ਵਾਲੇ ਬੋਰਡ ਕੋਲ ਜਾ ਖੜ੍ਹਾ ਹੋਇਆ ਅਤੇ ਰੇਲ ਗੱਡੀਆਂ ਦੇ ਆਉਣ ਜਾਣ ਦਾ ਸਮਾਂ ਦੇਖਣ ਲੱਗ ਪਿਆ। ਸਾਰੇ ਸ਼ਹਿਰ ਉਸ ਦੇ ਦਿਮਾਗ ਤੋਂ ਬਾਹਰ ਸਨ। ਕਿਸੇ ਵੀ ਸ਼ਹਿਰ ਦਾ ਨਾਂ ਉਸ ਨੇ ਕਦੇ ਸੁਣਿਆਂ ਵੀ ਨਹੀਂ ਸੀ, ਦੇਖਣਾ ਤਾਂ ਕੀ ਸੀ?

ਇਤਨੇ ਨੂੰ ਉਸ ਨੂੰ ਇਕ ਦੇਸੀ ਭਾਈਬੰਦ ਦਿਸਿਆ। ਉਹ ਉਸ ਭਾਈ ਬੰਦ ਕੋਲ਼ ਜਾ ਕੇ ਖੜ੍ਹਾ ਹੋ ਗਿਆ।

–"ਬਾਈ ਜੀ ਤੁਸੀਂ ਇੰਡੀਅਨ ਹੋ?" ਹਰਦੇਵ ਨੇ ਉਸ ਤੋਂ ਪੁੱਛਿਆ।

–"ਹਾਂ! ਦੱਸੋ?" ਉਹ ਅਤੀਅੰਤ ਰੁੱਖਾ ਬੋਲਿਆ।

–"ਮੈਂ ਬਾਈ ਜੀ ਆਸਟਰੀਆ ਤੋਂ ਆਇਐਂ-ਤੁਸੀਂ ਮੇਰੀ ਕੋਈ ਮੱਦਦ-?"

–"ਮੈਂ ਤਾਂ ਭਰਾਵਾ ਆਪ ਤੇਰੇ ਅਰਗੈਂ!" ਤੇ ਉਹ ਆਪਣਾ ਬੈਗ ਚੁੱਕ ਕੇ ਤੁਰਦਾ ਬਣਿਆਂ। ਉਸ ਨੇ ਹਰਦੇਵ ਨੂੰ ਇਕ ਤਰ੍ਹਾਂ ਨਾਲ ਤੋੜ ਕੇ ਹੀ ਤਾਂ ਸੁੱਟਿਆ ਸੀ।

ਹਰਦੇਵ ਦਾ ਮਨ ਫਿਰ ਭਰ ਆਇਆ।

ਪਰ ਉਸ ਨੇ ਰੱਬ ਦਾ ਆਸਰਾ ਫਿਰ ਵੀ ਮਨ ਵਿਚ ਬਣਾਈ ਰੱਖਿਆ ਅਤੇ ਪਾਠ ਨਿਰੰਤਰ ਕਰਦਾ ਰਿਹਾ।

ਦਿਨ ਛੁਪ ਚੱਲਿਆ ਸੀ। ਹਨ੍ਹੇਰਾ ਅਸਮਾਨੋਂ ਦੁੜੰਗੇ ਮਾਰਦਾ ਆ ਰਿਹਾ ਸੀ। ਠੰਢ ਕੋਕੜਾਂ ਕਰਨ ਲੱਗ ਪਈ ਸੀ। ਰੇਲਵੇ ਸਟੇਸ਼ਨ ਦੇ ਹਾਲ ਵਿਚ ਖੜ੍ਹੇ ਹਰਦੇਵ ਦਾ ਦੰਦ ਕੜਿੱਕਾ ਵੱਜਣ ਲੱਗ ਪਿਆ ਸੀ। ਕੱਪੜੇ ਉਸ ਦੇ ਕੋਈ ਬਹੁਤੇ ਗਰਮ ਨਹੀਂ ਪਾਏ ਹੋਏ ਸਨ।

ਸਟੇਸ਼ਨ 'ਤੇ ਰੌਣਕ ਘਟਣੀ ਸ਼ੁਰੂ ਹੋ ਗਈ। ਲੋਕ ਆਪੋ ਆਪਣੇ ਘਰਾਂ ਨੂੰ ਜਾਂ ਟਿਕਾਣਿਆਂ ਨੂੰ ਚਲੇ ਗਏ ਸਨ। ਹੁਣ ਤਾਂ ਕੁਝ ਰਾਤ ਵਾਲੀਆਂ ਟਰੇਨਾਂ ਹੀ ਆਉਣੀਆਂ ਬਾਕੀ ਸਨ। ਹਰਦੇਵ ਦੇ ਮਨ ਅੰਦਰ ਇਕ ਹੋਰ ਡਰ ਬੈਠਿਆ ਹੋਇਆ ਸੀ ਕਿ ਜੇ ਅੱਜ ਕੋਈ ਦੇਸੀ ਭਾਈਬੰਦ ਨਾ ਮਿਲਿਆ ਤਾਂ ਰਾਤਰੀ ਪੁਲਸ ਗਸ਼ਤੀਆਂ ਨੇ ਉਸ ਕੋਲੋਂ ਕਾਗਜ਼ ਪੱਤਰ ਮੰਗ ਲੈਣੇ ਸਨ। ਕਾਗਜ਼ ਪੱਤਰ ਨਾ ਹੋਣ ਕਾਰਨ ਉਹਨਾਂ ਨੇ ਉਸ ਨੂੰ ਹਵਾਲਾਤ ਵਿਚ ਤਾੜ ਦੇਣਾ ਸੀ। ਹੋ ਸਕਦੈ ਡਿਪੋਰਟ ਵੀ ਕਰ ਦੇਣ...? ਕਈ ਮੰਦੇ ਵਿਚਾਰ ਸੋਚ ਕੇ ਉਸ ਦੇ ਦਿਲ ਨੂੰ ਕੰਬਣੀਂ ਛਿੜ ਜਾਂਦੀ। ਪਿੰਡ ਜਾ

ਕੇ ਵੀ ਕੀ ਕਰੂੰਗਾ? ਅੱਗੇ ਹੀ ਬਾਪੂ ਨੇ ਮਸਾਂ ਕੌਡੀ-ਕੌਡੀ ਇਕੱਠੀ ਕਰ ਕੇ ਬਾਹਰ ਨੂੰ ਤੋਰਿਆ। ਹੁਣ ਜੇਬ ਵਿਚ ਤਾਂ ਆਨਾਂ ਨਹੀਂ, ਬਾਪੂ ਨੂੰ ਜਾ ਕੇ ਕਿਹੜਾ ਮੂੰਹ ਦਿਖਾਵਾਂਗਾ? ਸਭ ਤੋਂ ਵੱਡਾ ਮੈਂ ਹੀ ਹਾਂ। ਬਾਪੂ ਨੇ ਮੈਨੂੰ ਤਾਂ ਕਰਜਾਈ ਹੋ ਕੇ ਬਾਹਰ ਘੱਲਿਆ ਸੀ ਕਿ ਬਾਹਰ ਜਾ ਕੇ ਮੈਂ ਉਸ ਨੂੰ ਕਮਾਈ ਕਰ ਕੇ ਭੇਜਾਂਗਾ ਅਤੇ ਕਬੀਲਦਾਰੀ ਵਿਚ ਹੱਥ ਵਟਾਵਾਂਗਾ। ਭੈਣ ਅਤੇ ਭਾਈ ਅਜੇ ਛੋਟੇ ਹਨ। ਕੁੜੀ ਦਾ ਤਾਂ ਵਿਆਹ ਵੀ ਜਲਦੀ ਹੀ ਕਰਨਾ ਹੋਵੇਗਾ। ਮੇਰੇ ਤੋਂ ਨਿੱਕੀ ਭੈਣ ਤਾਂ ਹੁਣ ਵਿਆਹੁੰਣ ਦੇ ਯੋਗ ਹੈ। ਚਾਹੇ ਅੱਜ ਵਿਆਹ ਕਰ ਦੇਈਏ! ਤਰ੍ਹਾਂ ਤਰ੍ਹਾਂ ਦੇ ਖ਼ਿਆਲ ਮੁੰਡੇ ਦੇ ਦਿਮਾਗ ਵਿਚ ਸੱਲ ਕਰ ਰਹੇ ਸਨ।

ਰਾਤ ਪੈ ਗਈ।

ਉਹ ਵੱਡੇ 'ਵੇਟਿੰਗ-ਰੂਮ' ਵਿਚ ਚਲਾ ਗਿਆ। ਉਥੇ ਹੋਰ ਵੀ ਕਈ ਯਾਤਰੀ ਬੈਠੇ ਸਨ। ਸੈਂਟਰਲ ਹੀਟ ਚੱਲ ਰਹੀ ਸੀ। ਇੱਥੇ ਆ ਕੇ ਉਸ ਨੂੰ ਕੁਝ ਕੁ ਧਰਵਾਸ ਆਇਆ। ਸੈਂਟਰਲ ਹੀਟ ਕਾਰਨ ਇੱਥੇ ਠੰਢ ਬਿਲਕੁਲ ਨਹੀਂ ਸੀ। ਸਗੋਂ ਆਮ ਜਿਹਾ ਸਹਾਇਕ ਤਾਪਮਾਨ ਸੀ। ਪਰ ਜਦੋਂ ਵੇਟਿੰਗ-ਰੂਮ ਦਾ ਬਾਹਰਲਾ ਦਰਵਾਜਾ ਖੁੱਲ੍ਹਦਾ ਤਾਂ ਠੰਢੀ ਸੀਤ ਹਵਾ ਚੁਪੇੜ ਵਾਂਗ ਆ ਵੱਜਦੀ ਅਤੇ ਯਾਤਰੀ ਆਪਣੇ ਓਵਰ ਕੋਟ ਹੋਰ ਘੁੱਟ ਲੈਂਦੇ। ਹਰਦੇਵ ਕੋਲ ਕੋਈ ਓਵਰ ਕੋਟ ਨਹੀਂ ਸੀ। ਉਸ ਨੇ ਸਿਰਫ਼ ਇਕ ਆਮ ਹੀ ਕੋਟ ਪਇਆ ਹੋਇਆ ਸੀ। ਉਸ ਦੇ ਸਾਹਮਣੇ ਬੈਠੀ ਗੋਰੀ ਬੁੱਢੀ ਕਾਫ਼ੀ ਦੇਰ ਦੀ ਹਰਦੇਵ ਨੂੰ ਸ਼ਿਸ਼ਤ ਬੰਨ੍ਹ ਕੇ ਦੇਖ ਰਹੀ ਸੀ। ਉਸ ਨੇ ਹਰਦੇਵ ਨੂੰ ਜਰਮਨ ਭਾਸ਼ਾ ਵਿਚ ਕੁਝ ਪੁੱਛਿਆ। ਪਰ ਗੱਲ ਹਰਦੇਵ ਦੇ ਜਹਾਜ ਵਾਂਗੂੰ ਸਿਰ ਉਪਰੋਂ ਦੀ ਹੀ ਲੰਘ ਗਈ। ਉਸ ਨੇ ਟੁੱਟੀ-ਫੁੱਟੀ ਅੰਗਰੇਜ਼ੀ ਵਿਚ ਕੁਝ ਸਮਝਾਉਣਾ ਚਾਹਿਆ ਤਾਂ ਅੰਗਰੇਜ਼ੀ ਗੋਰੀ ਬੁੱਢੀ ਦੇ ਕੋਲੋਂ ਤਿਰਛੀ ਲੰਘਦੀ ਸੀ। ਕਿਉਂਕਿ ਉਸ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ। ਆਖਰ ਜਦੋਂ ਦੋਹਾਂ ਦੇ ਹੀ ਕੁਝ ਪੱਲੇ ਨਾ ਪਿਆ ਤਾਂ ਗੋਰੀ ਨੇ ਉਸ ਨੂੰ ਆਪਣੇ ਬੈਗ ਵਿਚੋਂ ਇਕ ਛੋਟਾ ਕੰਬਲ਼ ਅਤੇ ਪੀਣ ਲਈ ਕੋਕਾ ਕੋਲਾ ਕੱਢ ਕੇ ਦੇ ਦਿੱਤਾ ਅਤੇ ਕੰਬਲ਼ ਉਪਰ ਲੈਣ ਲਈ ਇਸ਼ਾਰੇ ਨਾਲ ਸਮਝਾਇਆ। ਕੰਬਲ਼ ਲੈ ਕੇ ਹਰਦੇਵ ਨੇ "ਥੈਂਕਯੂ" ਆਖਿਆ ਤਾਂ ਬੁੱਢੀ ਸਮਝ ਗਈ ਕਿ ਧੰਨਵਾਦ ਕਰ ਰਿਹਾ ਹੈ। ਉਸ ਨੇ ਕਈ ਵਾਰ "ਓ. ਕੇ. - ਓ. ਕੇ.!" ਆਖ ਮੰਨ ਲਿਆ ਅਤੇ ਹੌਲ਼ੀ ਹੌਲ਼ੀ ਕੋਕ ਪੀਣ ਲੱਗ ਪਿਆ। ਹਰਦੇਵ ਸੋਚ ਰਿਹਾ ਸੀ ਕਿ ਸਾਡੇ ਲੋਕਾਂ ਨਾਲੋਂ ਤਾਂ ਇਹ ਗੋਰੇ ਲੋਕ ਹੀ ਚੰਗੇ ਹਨ, ਜਿਹੜੇ ਲੋੜਵੰਦ ਦੀ ਮੱਦਦ ਕਰਨਾ ਆਪਣਾ ਪਹਿਲਾ ਫ਼ਰਜ਼ ਸਮਝਦੇ ਹਨ। ਕੋਈ ਉਚੀ ਨਸੌੜ ਵਾਲਾ ਭਾਰਤੀ ਹੁੰਦਾ, ਤਾਂ ਜਮਾਂ ਕੰਬਲ਼ ਨਾ ਦਿੰਦਾ, ਸੋਚਦਾ ਬਈ ਕਿਤੇ ਜੂੰਆਂ ਨਾ ਪਾ ਦੇਵੇ!

ਸਾਰੀ ਰਾਤ ਟਰੇਨਾਂ ਚੱਲਦੀਆਂ ਰਹੀਆਂ ਅਤੇ ਲੋਕ ਆਉਂਦੇ ਅਤੇ ਚੜ੍ਹਦੇ ਰਹੇ। ਭੁੱਖ ਨਾਲ ਹਰਦੇਵ ਦੇ ਢਿੱਡ ਵਿਚ ਕੜੱਲ ਪਈ ਜਾ ਰਹੇ ਸਨ। ਢਿੱਡ ਉਸ ਦਾ "ਘੁਰੜ-ਘੁਰੜ" ਕਰੀ ਜਾ ਰਿਹਾ ਸੀ। ਪਰ ਕੋਕ ਪੀਣ ਦੇ ਨਾਲ ਉਸ ਦੇ ਢਿੱਡ ਨੂੰ ਕੁਝ ਧਰਵਾਸ ਜ਼ਰੂਰ ਆ ਗਿਆ ਸੀ। ਮਾੜਾ ਮੋਟਾ ਕਾਲ਼ਜਾ ਧਾਫ਼ੜਿਆ ਗਿਆ ਸੀ। ਅਖੀਰ ਵੇਟਿੰਗ-ਰੂਮ ਵਿਚ ਉਹ ਗੋਰੀ ਬੁੱਢੀ ਅਤੇ ਹਰਦੇਵ ਹੀ ਰਹਿ ਗਏ। ਬੁੱਢੀ ਨੇ ਕਈ ਕੁਝ ਹਰਦੇਵ ਨੂੰ ਪੁੱਛਿਆ। ਪਰ ਹਰਦੇਵ ਨੂੰ ਉਸ ਦੇ ਕਿਸੇ ਸੁਆਲ ਦੀ ਕੋਈ ਸਮਝ ਨਾ ਪਈ। ਉਹ ਜਾਂ ਤਾਂ ਇਸ਼ਾਰਿਆਂ ਨਾਲ ਅਤੇ ਜਾਂ ਸਿਰਫ਼ "ਗਰੀਸ-ਗਰੀਸ! ਆਸਟਰੀਆ-ਆਸਟਰੀਆ!" ਹੀ ਪੁਕਾਰਦਾ ਰਿਹਾ। ਜਦੋਂ ਗੋਰੀ ਉਠ ਕੇ ਜਾਣ ਲੱਗੀ ਤਾਂ ਹਰਦੇਵ ਨੇ ਉਸ ਨੂੰ ਉਸ ਦਾ ਕੰਬਲ਼ ਵਾਪਿਸ ਕਰਨਾ ਚਾਹਿਆ। ਪਰ ਬੁੱਢੀ ਨੇ ਹੱਥ ਦੇ ਇਸ਼ਾਰੇ ਨਾਲ ਕੋਲ਼ ਰੱਖਣ ਲਈ ਆਖ ਦਿੱਤਾ ਅਤੇ ਜਾਂਦੀ ਹੋਈ ਸਗੋਂ ਉਸ ਦੇ ਹੱਥ ਵਿਚ ਪੰਜਾਹ ਮਾਰਕ ਦਾ ਨੋਟ ਦੇ ਕੇ ਹੱਥ ਘੁੱਟ ਗਈ। ਹਰਦੇਵ ਨੇ ਫਿਰ "ਥੈਂਕਯੂ-ਥੈਂਕਯੂ" ਦੀ ਰਟ ਲਾ ਦਿੱਤੀ। ਉਸ ਨੂੰ ਬੁੱਢੀ ਗੋਰੀ ਆਪਣੀ ਮਾਂ ਵਰਗੀ ਲੱਗੀ ਸੀ। ਉਸ ਦਾ ਫਿਰ ਮਨ ਭਰ ਆਇਆ। ਮਾਂ ਦੀ ਯਾਦ ਨੇ ਉਸ ਦਾ ਦਿਲ ਨਿੱਸਲ਼ ਕਰ ਦਿੱਤਾ। ਪਲ ਦੀ ਪਲ ਉਸ ਨੇ ਵਾਪਿਸ ਮੁੜਨ ਬਾਰੇ ਸੋਚ ਲਿਆ। ਕਈ ਸੋਚਾਂ ਉਸ ਦੇ ਦਿਲ ਅੰਦਰ ਭੂਚਾਲ ਬਣ ਗਈਆਂ...। ਜ਼ਿੰਦਗੀ ਸਾਲ਼ੀ ਬਹੁਤ ਹੀ ਨਿੱਕੀ ਜਿਹੀ ਐ...। ਪਤਾ ਨਹੀਂ ਬੰਦੇ ਨੇ ਕਦੋਂ ਇਸ ਸੰਸਾਰ ਨੂੰ ਫ਼ਤਹਿ ਬੁਲਾ ਜਾਣੀ ਐਂ...? ਪਰ ਖੱਜਲ਼ ਦੇਖ ਕਿਵੇਂ ਹੁੰਦਾ ਫਿਰਦੈ...? ਜਿਵੇਂ ਸਿਆਣੇ ਆਖਦੇ ਹੁੰਦੇ ਐ, ਬਾਪੂ ਬਾਪੂ ਕਹਿੰਦੇ ਸੀ, ਬੜੇ ਸੁਖਾਲੇ ਰਹਿੰਦੇ ਸੀ, ਤੇ ਜਦ ਬਾਪੂ ਅਖਵਾਇਆ, ਸਾਨੂੰ ਸੁਖ ਦਾ ਸਾਹ ਨਹੀਂ ਆਇਆ...! ਚਾਹੇ ਉਸ ਦਾ ਅਜੇ ਵਿਆਹ ਨਹੀਂ ਹੋਇਆ ਸੀ। ਪਰ ਨਿੱਕੇ ਭੈਣ ਭਰਾ ਦੀ ਜ਼ਿੰਮੇਵਾਰੀ, ਵੱਡਾ ਹੋਣ ਕਰਕੇ ਉਸ ਦੇ ਸਿਰ ਸੀ। ਵੱਡੇ ਭਰਾ ਪਿਉ ਵਰਗੇ ਹੀ ਤਾਂ ਹੁੰਦੇ ਨੇ...! ਬਾਪੂ ਨੇ ਵੀ ਉਸ ਨੂੰ ਸਾਰਿਆਂ ਤੋਂ ਵੱਡਾ ਅਤੇ ਜ਼ਿੰਮੇਵਾਰ ਪੁੱਤ ਹੋਣ ਕਰਕੇ ਹੀ ਬਾਹਰ ਤੋਰਿਆ ਸੀ! ਜੇ ਉਹ

ਬਾਪੂ ਦੀਆਂ ਆਸਾਂ 'ਤੇ ਪੂਰਾ ਨਾ ਉਤਰਿਆ ਤਾਂ ਅੜਬ ਬਾਪੂ ਨੇ ਡਾਂਗ ਧੂਹ ਕੇ ਉਸ ਦੀ ਤਹਿ ਲਾ ਦੇਣੀ ਸੀ! ਹੋ ਸਕਦੈ ਘਰੋਂ ਵੀ ਬਾਹਰ ਕੱਢ ਦੇਵੇ ਅਤੇ ਬੇਦਖ਼ਲ ਕਰ ਦਵੇ...?

ਬਾਪੂ ਹਰਦੇਵ ਦਾ ਬਹੁਤ ਹੀ ਅੜਬ ਸੀ। ਪੈਨਸ਼ਨ ਹੋਣ ਤੱਕ ਪੁਲੀਸ ਵਿਚ ਮੁਣਸ਼ੀ ਰਿਹਾ ਸੀ। ਸਾਰੀ ਉਮਰ ਹਿੱਕ ਦੇ ਜੋਰ 'ਤੇ ਕੱਢੀ ਸੀ। ਸ਼ਰੀਕਾਂ ਕੋਲੋਂ ਕਦੇ 'ਓਏ' ਨਹੀਂ ਅਖਵਾਇਆ ਸੀ। ਇਕ ਵਾਰ ਦੀ ਗੱਲ ਹੈ ਕਿ ਜਦ ਹਰਦੇਵ ਦਾ ਛੋਟਾ ਭਾਈ ਸੁਖਦੇਵ ਪੈਦਾ ਹੋਇਆ ਤਾਂ ਖ਼ੁਸਰੇ ਨੱਚਣ ਲਈ ਆ ਗਏ। ਆਉਣਾ ਹੀ ਸੀ! ਉਹਨਾਂ ਦਾ ਹੱਕ ਬਣਦਾ ਸੀ। ਹੋਰ ਖ਼ੁਸਰਿਆਂ ਦੇ ਕਿਹੜਾ ਵਿਚਾਰਿਆਂ ਦੇ ਟਰੱਕ ਚੱਲਦੇ ਸੀ? ਰੱਪੜ ਇਹ ਖੜ੍ਹਾ ਹੋਇਆ ਕਿ ਦੋ ਖੁਸਰਾ ਦਲ ਆ ਖੜ੍ਹੇ ਹੋਏ! ਇਕ ਜਗਰਾਂਵਾਂ ਤੋਂ ਅਤੇ ਇਕ ਮੋਗੇ ਤੋਂ!! ਹਰਦੇਵ ਦਾ ਬਾਪੂ ਦੋ ਪਾਰਟੀਆਂ ਵੱਲ, ਵਾੜ ਵਿਚ ਫ਼ਸੇ ਬਿੱਲੇ ਵਾਂਗ, ਘੁੱਟਾਂਬਾਟੀ ਝਾਕ ਰਿਹਾ ਸੀ। ਖੁਸਰਿਆਂ ਦੀ ਤਕਰਾਰ ਸ਼ੁਰੂ ਹੋ ਗਈ। ਇਕ ਪਾਰਟੀ ਇਸ ਪਿੰਡ ਨੂੰ ਆਪਣਾ ਇਲਾਕਾ ਗਰਦਾਨ ਰਹੀ ਸੀ, ਜਦ ਕਿ ਦੂਜੀ ਆਪਣਾ ਇਲਾਕਾ ਹੋਣ ਦਾ ਦਾਅਵਾ ਕਰ ਰਹੀ ਸੀ। ਹਰਦੇਵ ਦੇ ਬਾਪੂ ਨੇ ਆ ਦੇਖਿਆ, ਨਾ ਤਾਅ ਦੇਖਿਆ, ਰੈਂਗੜਾ ਲੈ ਕੇ ਇਕ ਖ਼ੁਸਰਾ-ਮੁਖ਼ੀ ਦੇ ਸਿਰ ਵਿਚ ਮਧਾਣੀ-ਚੀਰਾ ਪਾ ਦਿੱਤਾ ਤੇ ਬੋਲਿਆ, "ਸਾਨੂੰ ਮੇਰੇ ਸਾਲੇ ਖ਼ੁਸਰਿਆਂ ਨੇ ਈ ਵੰਡ ਲਿਆ...?"

ਖੁਸਰੇ ਨੱਚਣ ਦੀ ਥਾਂ ਬਾਪੂ ਦਾ ਸਿਆਪਾ ਕਰਕੇ ਮੁੜ ਗਏ। ਸਾਰੇ ਖੁਸਰਿਆਂ ਨੇ ਉਸ ਨੂੰ ਆਪਣਾ ਨੰਗੇਜ਼ ਦਿਖਾਇਆ ਸੀ। ਪੁਲ਼ਸੀਆ ਬਾਪੂ ਫਿਰ ਪਿੱਟ ਉਠਿਆ, "ਢਕ ਲਓ...! ਢਕ ਲਓ ਆਬਦੀਆਂ ਮੂੰਗਰੀਆਂ ਜੀਆਂ...! ਨਹੀਂ ਤਾਂ ਸਾਲ਼ਿਓ ਮੂਤਣ ਵੱਲੋਂ ਵੀ ਜਾਂਵੋਂਗੇ...! ਵਗਜੋ ਪਰ੍ਹੇ...! ਕੁਛ ਨਾ ਆਖੋ...! ਮੈਥੋਂ ਫਿਰ ਇਕ ਅੱਧੇ ਦੇ ਪੁੜਪੜੀ 'ਚ ਵੱਜੂ...! ਫੇਰ ਨਾ ਕਿਹੋ ਕਿਸੇ ਦੀ ਜਾਹ ਜਾਂਦੀ ਕਰਤੀ...! ਚਿੱਬ ਪੈਜੂ ਮੈਥੋਂ ਕਿਸੇ ਦੇ ਖੋਪੜ 'ਚ...! ਸਾਲੇ ਲੱਗਪੇ ਸੀਂਢ ਸਿੱਟਣ ਐਥੇ...!" ਬਾਪੂ ਨੇ ਭੂਸਰੇ ਸਾਹਣ ਵਾਂਗ ਪੈਰਾਂ ਹੇਠੋਂ ਮਿੱਟੀ ਕੱਢੀ, ਘੌਰੂ ਪੱਟਿਆ! ਖੁਸਰੇ ਤੁਰ ਗਏ। ਹਰਦੇਵ ਦਾ ਬਾਪੂ ਵਾੜ ਦਾ ਝਾਫ਼ਾ ਬਣਿਆਂ ਖੜ੍ਹਾ ਸੀ।

ਇਕ ਵਾਰ ਹਰਦੇਵ ਘਰੋਂ ਤਾਂ ਸਕੂਲ ਗਿਆ। ਪਰ ਲੰਡਰ ਦੋਸਤਾਂ ਨਾਲ਼ ਰਲ਼ ਕੇ ਸਕੂਲ ਛੱਡ, ਫ਼ਿਲਮ ਦੇਖਣ ਸਿਨਮੇ ਜਾ ਵੜਿਆ। ਹਰਚੰਦ ਟੱਲੇਵਾਲੀਏ ਨੇ ਕਿਤੇ ਦੇਖ ਲਿਆ ਕਿ ਇਹ ਮੁਡੀਹਰ ਅੱਜ ਸਕੂਲ ਦੀ ਵਜਾਏ ਸਿਨਮੇ ਕਿਵੇਂ ਭਲਵਾਨੀ ਗੇੜੇ ਦਿੰਦੀ ਫਿਰਦੀ ਐ? ਉਸ ਨੇ ਲੰਘਦੇ ਨੇ ਖੇਤ ਫ਼ਿਰਦੇ ਹਰਦੇਵ ਦੇ ਬਾਪੂ ਦੇ ਕੰਨ ਵਿਚ ਇਹ ਗੱਲ ਪਾ ਦਿੱਤੀ। ਬੱਸ ਫ਼ਿਰ ਕੀ ਸੀ? ਬਾਪੂ ਨੇ ਚੁੱਕਿਆ ਸਾਈਕਲ, ਸਿੱਧਾ ਹੀ ਬੱਸ ਅੱਡੇ 'ਤੇ ਵੱਜਿਆ। ਉਸ ਨੇ ਹਰਦੇਵ ਨੂੰ ਬੱਸ 'ਚੋਂ ਉਤਰਦਾ ਹੀ ਫੜ ਲਿਆ ਅਤੇ ਘਰ ਤੱਕ ਕੁੱਟਦਾ ਹੀ ਲੈ ਕੇ ਆਇਆ। ਬਾਪੂ ਵੀ ਉਸ ਦਾ ਭਲਾ ਹੀ ਸੋਚਦਾ ਸੀ! ਬਾਪੂ ਕੋਈ ਉਸ ਦਾ ਦੁਸ਼ਮਣ ਤਾਂ ਨਹੀਂ ਸੀ? ਬਾਪੂ ਸੋਚਦਾ ਸੀ ਕਿ ਇਹ ਕੰਜਰ ਕੁਝ ਪੜ੍ਹ ਲਿਖ ਜਾਵੇ, ਕਿਸੇ ਨੌਕਰੀ 'ਤੇ ਲੱਗ ਜਾਵੇ! ਇਹਨਾਂ ਚਾਰ ਕਿੱਲਿਆਂ ਨਾਲ ਤਾਂ ਤਿੰਨਾਂ ਭੈਣ ਭਰਾਵਾਂ ਦੇ ਪੰਜ ਪਾਂਜੇ ਵੀ ਪੂਰੇ ਨਹੀਂ ਹੋਣੇ!

ਦੂਰ ਗਿਰਜਾ ਘਰ ਦੇ ਘੰਟੇ ਨੇ ਹਰਦੇਵ ਦੀਆਂ ਸੋਚਾਂ ਦੀ ਤੰਦ ਤੋੜੀ!

ਪਹੁ ਫ਼ਟ ਚੁੱਕੀ ਸੀ। ਬਰਫ਼ ਪੈਂਦੀ ਹੋਣ ਕਰਕੇ ਹਨ੍ਹੇਰਾ ਕਾਫ਼ੀ ਹੱਦ ਤੱਕ ਹੂੰਝਿਆ ਜਾ ਚੁੱਕਾ ਸੀ। ਉਹ ਅਜੇ ਸੋਚਾਂ ਵਿਚ ਉਲਝਿਆ ਹੋਇਆ ਹੀ ਸੀ ਕਿ ਉਸ ਨੂੰ ਕਿਸੇ ਪੱਗ ਵਾਲ਼ੇ ਬੰਦੇ ਦਾ ਭੁਲੇਖਾ ਜਿਹਾ ਪਿਆ। ਉਸ ਨੇ ਪਾਰਦਰਸ਼ੀ ਸ਼ੀਸ਼ੇ ਵਿਚੋਂ ਦੀ ਬਾਹਰ ਤੱਕਿਆ ਤਾਂ ਝੂਠ ਨਹੀਂ ਸੀ! ਸੱਚਮੁੱਚ ਹੀ ਕੋਈ ਪੱਗ ਵਾਲਾ ਬੰਦਾ ਟਰੇਨ ਤੋਂ ਉਤਰ ਕੇ ਵੇਟਿੰਗ-ਰੂਮ ਵੱਲ ਨੂੰ ਆ ਰਿਹਾ ਸੀ। ਖ਼ੁਸ਼ੀ ਹਰਦੇਵ ਦੀਆਂ ਕੱਛਾਂ ਵਿਚੋਂ ਦੀ ਡੁੱਲ੍ਹਣ ਲੱਗ ਪਈ ਸੀ। ਉਸ ਨੇ ਰੱਬ ਦਾ ਸ਼ੁਕਰਾਨਾ ਕੀਤਾ। ਸਾਰੀ ਰਾਤ ਕੀਤਾ ਗਿਆ ਪਾਠ ਰਾਸ ਆ ਗਿਆ ਸੀ! ਇਤਨੇ ਨੂੰ ਉਹ ਪੱਗ ਵਾਲ਼ਾ ਬੰਦਾ ਵੇਟਿੰਗ-ਰੂਮ ਵਿਚ ਆ ਗਿਆ।

-"ਸਾਸਰੀਕਾਲ ਬਾਈ ਜੀ...!" ਹਰਦੇਵ ਨੇ ਉਠ ਕੇ ਉਸ ਨੂੰ ਬੜੇ ਅਦਬ ਨਾਲ ਬੁਲਾਇਆ।

-"ਸਾਸਰੀਕਾਲ ਬਈ, ਸਾਸਰੀਕਾਲ...!" ਉਹ ਆਪਣਾ ਓਵਰ ਕੋਟ ਉਤਾਰਦਾ ਹੋਇਆ ਬੋਲਿਆ। ਬਰਫ਼ ਦੇ ਫ਼ੰਭੇ ਉਸ ਦੇ ਓਵਰ ਕੋਟ ਤੋਂ ਥੱਲੇ ਡਿੱਗ ਰਹੇ ਸਨ। ਉਸ ਨੇ ਆਪਣੇ ਵੱਡੇ ਵੱਡੇ ਬੂਟ ਫ਼ਰਸ਼ 'ਤੇ ਝਾੜ੍ਹੇ। ਬੂਟ ਦੀਆਂ ਗੁੱਡੀਆਂ ਵਿਚੋਂ ਬਰਫ਼ ਦੀ ਬਰਫ਼ੀ ਜਿਹੀ ਫ਼ਰਸ਼ 'ਤੇ ਵਿਛ ਗਈ।

-"ਐਥੇ ਈ ਰਹਿੰਨੇ ਓਂ, ਬਾਈ ਜੀ...?" ਹਰਦੇਵ ਨੇ ਜਲਦੀ ਨਾਲ ਪੁੱਛਿਆ।

-"ਐਸ ਸ਼ਹਿਰ ਤਾਂ ਨਹੀਂ ਰਹਿੰਦਾ-ਪਰ ਕੰਮ ਧੰਦੇ 'ਚ ਆਉਣ ਜਾਣ ਬਣਿਆ ਈ ਰਹਿੰਦੈ, ਜੁਆਨਾਂ!"

ਉਸ ਨੇ ਕਤਰੀ ਹੋਈ ਗਿੱਲੀ ਦਾਹੜੀ ਪੋਚੀ ਅਤੇ ਫਿਰ ਮੌਲੇ ਦੇ ਸਿੰਗਾਂ ਵਰਗੀਆਂ ਮੁੱਛਾਂ ਨੂੰ ਹੋੜੇ ਨਾਲ ਉਪਰ ਚੁੱਕਿਆ।

-"......।" ਹਰਦੇਵ ਚੁੱਪ ਕਰ ਗਿਆ ਕਿ ਇਸ ਨੂੰ ਵੀ ਸ਼ਹਿਰ ਬਾਰੇ ਗਿਆਨ ਨਹੀਂ।

-"ਤੂੰ ਕਿੱਥੇ ਰਹਿੰਨੈਂ? ਬੋਲੀ ਤੋਂ ਤਾਂ ਮਲਵਈ ਲੱਗਦੈਂ?" ਉਸ ਨੇ ਮੁਸਕਰਾ ਕੇ ਗਲੋਂ ਮਫ਼ਲਰ ਉਤਾਰਦਿਆਂ ਆਖਿਆ।

-"ਮੈਂ ਤਾਂ ਬਾਈ ਜੀ ਆਸਟਰੀਆ ਤੋਂ ਆਇਐਂ-ਏਜੰਟ ਐਥੇ ਲਾਹ ਗਿਆ-ਨਾ ਕੁਛ ਦੱਸਿਆ, ਨਾ ਕਰਿਆ! ਰਾਤ ਦਾ ਐਥੇ ਈ ਠੰਢ 'ਚ ਕੁੱਕੜ ਬਣਿਆਂ ਪਿਐਂ-ਇਕ ਗੋਰੀ ਮਿਲੀ ਸੀ-ਵਿਚਾਰੀ ਨਾਲੇ ਤਾਂ ਕੰਬਲ਼ ਦੇ ਗਈ ਤੇ ਨਾਲੇ ਆਹ ਪੰਜਾਹ ਮਾਰਕਾਂ ਦਾ ਨੋਟ ਫੜਾਗੀ!"

-"ਚੰਗੇ ਇਨਸਾਨਾਂ ਦਾ ਵੀ ਦੁਨੀਆਂ 'ਤੇ ਕਾਲ਼ ਨ੍ਹੀ ਪਿਆ, ਨਿੱਕਿਆ...!"

-"ਇਕ ਮੈਨੂੰ ਆਪਣਾ ਦੇਸੀ ਬੰਦਾ ਵੀ ਕੱਲ੍ਹ ਮਿਲਿਆ ਸੀ-।"

-"ਫੇਰ...?"

-"ਉਹਨੇ ਸਗਾਂ ਦੀ ਪਤੰਦਰ ਨੇ ਮੇਰੇ ਨਾਲ ਗੱਲ ਵੀ ਨ੍ਹੀ ਕੀਤੀ।"

-"ਖ਼ੁਦਗਰਜ਼ ਬੰਦੇ ਵੀ ਜਹਾਨ 'ਤੇ ਬਥੇਰੇ ਫਿਰਦੇ ਐ!"

-"ਦੁਨੀਆਂ ਰੰਗ ਬਿਰੰਗੀ...!"

-"ਤੂੰ ਕਿੱਥੇ ਜਾਣੈਂ...?" ਉਸ ਨੇ ਪੁੱਛਿਆ।

-"ਜਿੱਥੇ ਕਿਸਮਤ ਲੈਜੂ ਬਾਈ ਜੀ! ਬਾਪੂ ਨੇ ਬਾਹਰ ਭੇਜਿਆ ਸੀ ਬਈ ਮੇਰੀ ਕਬੀਲਦਾਰੀ 'ਚ ਸਹਾਈ ਹੋਊ-ਹੱਥ ਵਟਾਊ! ਤੇ ਤੁਸੀਂ ਆਪ ਈ ਦੇਖਲੋ, ਕਿਸਮਤ ਦਾ ਮਾਰਿਆ ਕਿਵੇਂ ਫਿਰਦੈਂ!"

-"ਤੂੰ ਜਾਣਾ ਕਿੱਥੇ ਸੀ...?" ਸਰਦਾਰ ਨੇ ਪੁੱਛਿਆ।

-"ਜਾਣ ਦਾ ਪ੍ਰੋਗਰਾਮ ਤਾਂ ਇੰਗਲੈਂਡ ਦਾ ਸੀ-ਪਰ ਇੰਗਲੈਂਡ ਜਾਣਾ ਕਿਹੜਾ ਲੱਲੋ ਪੱਤੋ ਐ, ਬਾਈ?"

-"ਅਗਲੇ ਪੰਜ ਦੇਸ਼ ਲੰਘ ਕੇ, ਛੇਵਾਂ ਇੰਗਲੈਂਡ ਆਉਂਦੈ!" ਉਹ ਹੱਸ ਪਿਆ।

-"......।" ਹਰਦੇਵ ਚੁੱਪ ਹੋ ਗਿਆ।

-"ਤੈਨੂੰ ਇਕ ਰਾਹ ਪਾਂਵਾਂ?" ਉਸ ਨੇ ਗੰਭੀਰ ਹੁੰਦਿਆਂ ਹਰਦੇਵ ਨੂੰ ਕਿਹਾ।

-"ਪਾਓ ਬਾਈ ਜੀ...।" ਹਰਦੇਵ ਨੇ ਹੱਥ ਜੋੜ ਕੇ ਤਰਲਾ ਲਿਆ।

-"ਮੇਰਾ ਇਕ ਜਾਣਕਾਰ ਐ ਐਥੇ ਮਿਊਨਿਕ 'ਚ-ਮੈਂ ਉਹਨੂੰ ਫ਼ੋਨ ਕਰ ਦਿੰਨੈਂ-ਤੂੰ ਉਹਦੇ ਕੋਲ ਚਲਿਆ ਜਾਹ-ਤੈਨੂੰ ਮਾੜੇ ਮੋਟੇ ਕੰਮ 'ਤੇ ਲੁਆ ਦਿਊ-ਬਾਕੀ ਤੇਰੀ ਸਟੇਅ ਸਟੂਅ ਦੀ ਕੋਈ ਭੰਨ ਘੜ੍ਹ ਕਰ ਦਿਊ-ਸਾਲ ਛੇ ਮਹੀਨੇ ਲਾ ਦੱਬ ਕੇ! ਬਾਕੀ ਰੱਬ ਭਲੀ ਕਰੂ!"

-"ਬਹੁਤ ਬਹੁਤ ਮਿਹਰਬਾਨੀ, ਬਾਈ ਜੀ! ਅੱਜ ਤੁਸੀਂ ਨਾ ਮਿਲ਼ਦੇ ਤਾਂ ਮੈਂ ਤਾਂ ਡੋਲਿਆ ਪਿਆ ਸੀ-ਪਤਾ ਈ ਨ੍ਹੀ ਸੀ ਲੱਗਦਾ ਕਿੱਥੇ ਜਾਵਾਂ?"

-"ਰੱਬ ਬੜਾ ਬੇਅੰਤ ਐ ਨਿੱਕਿਆ! ਜਿੰਨੀ ਮਰਜੀ ਐ ਬਿਪਤਾ ਆ ਪਵੇ-ਉਸ ਤੋਂ ਕਦੇ ਬੇਮੁਖ ਨਾ ਹੋਵੋ! ਉਹ ਬੜਾ ਦਿਆਲੂ ਐ-ਆਪੇ ਕੋਈ ਨਾ ਕੋਈ ਰਸਤਾ ਦਿਖਾ ਦਿੰਦੈ-ਜੇ ਉਹ ਇਕ ਰਸਤਾ ਬੰਦ ਕਰਦੈ ਛੋਟਿਆ, ਤਾਂ ਅਗਲੇ ਦਸ ਰਸਤੇ ਖੋਲ੍ਹ ਵੀ ਦਿੰਦੈ-ਬੱਸ, ਬੰਦਾ ਉਹਦਾ ਸ਼ੁਕਰਾਨਾ ਕਰਦਾ ਅੱਗੇ ਤੁਰਦਾ ਜਾਵੇ-ਉਹ ਮੇਰਾ ਦਾਤਾ ਜਮਾਂ ਨ੍ਹੀ ਡੋਲਣ ਦਿੰਦਾ-ਪਵਿੱਤਰ ਗੁਰਬਾਣੀ ਫ਼ੁਰਮਾਨ ਕਰਦੀ ਐ: ਡੀਗਣ ਡੋਲਾ ਤਊ ਲਉ ਜਉ ਮਨ ਕੇ ਭਰਮਾ।। ਭ੍ਰਮ ਕਾਟੇ ਗੁਰ ਆਪਣੇ ਪਾਇ ਵਿਸਰਾਮਾ।। ਕੀ ਨਾਂ ਐਂ ਤੇਰਾ?"

-"ਜੀ ਹਰਦੇਵ ਸਿੰਘ...!"

-"ਕਿਹੜਾ ਏਰੀਐ ਪਿੱਛੋਂ...?"

-"ਜੀ ਮੇਰਾ ਜਿਲ੍ਹਾ ਫ਼ਰੀਦਕੋਟ ਐ...।"

-"ਮੇਰਾ ਨਾਂ ਰਣਜੀਤ ਐ-ਪਿੰਡ ਚੱਕ ਤਾਰੇਵਾਲ-ਧਰਮਕੋਟ ਕੋਲ਼ੇ...।" ਸਰਦਾਰ ਨੇ ਦੱਸਿਆ।

ਉਸ ਨੇ ਆਪਣੇ ਕਿਸੇ ਮਿੱਤਰ ਨੂੰ ਫ਼ੋਨ ਕੀਤਾ। ਰਣਜੀਤ ਸਿੰਘ ਨੇ ਆਪਣੇ ਮਿੱਤਰ ਨੂੰ ਹਰਦੇਵ ਦਾ ਪੂਰਾ

ਵੇਰਵਾ ਦੇ ਦਿੱਤਾ। ਆ ਕੇ ਲੈ ਜਾਣ ਬਾਰੇ ਅਤੇ ਕੰਮ ਕਾਰ ਬਾਰੇ ਬੇਨਤੀ ਭਰੀ ਹਦਾਇਤ ਕਰ ਦਿੱਤੀ ਅਤੇ ਹਰਦੇਵ ਨਾਲ ਹੱਥ ਮਿਲਾ ਕੇ ਚਲਾ ਗਿਆ। ਜਾਣ ਲੱਗੇ ਨੇ ਸਿਰਫ਼ ਇਤਨਾ ਹੀ ਕਿਹਾ ਸੀ, "ਕਦੇ ਰੱਬ ਨੇ ਮੇਲ ਕਰਵਾਏ ਤਾਂ ਜ਼ਰੂਰ ਦਰਸ਼ਣ ਕਰਾਂਗੇ, ਹਰਦੇਵ ਸਿਆਂ!" ਹਰਦੇਵ ਉਸ ਨੂੰ ਇਹ ਪੁੱਛਣਾ ਭੁੱਲ ਗਿਆ ਸੀ ਕਿ ਉਹ ਕਿੱਥੇ ਰਹਿੰਦਾ ਸੀ ਅਤੇ ਉਸ ਦਾ ਕੋਈ ਫ਼ੋਨ ਨੰਬਰ ਜਾਂ ਅਤਾ ਪਤਾ ਕੀ ਸੀ? ਜਦ ਹਰਦੇਵ ਨੇ ਉਸ ਨੂੰ ਪੁੱਛਣ ਲਈ ਆਸੇ ਪਾਸੇ ਦੇਖਿਆ ਤਾਂ ਰਣਜੀਤ ਸਿੰਘ ਗ਼ਾਇਬ ਸੀ। ਪਤਾ ਨਹੀਂ ਉਹ ਕਿਸੇ ਫ਼ਰਿਸ਼ਤੇ ਵਾਂਗ ਕਿੱਧਰ ਛਿਤਮ ਹੋ ਗਿਆ ਸੀ? ਹਰਦੇਵ ਰਣਜੀਤ ਸਿੰਘ ਨੂੰ ਰੱਬ ਵੱਲੋਂ ਭੇਜਿਆ ਕੋਈ ਮੱਦਦੀ ਦੂਤ ਹੀ ਤਾਂ ਸਮਝ ਰਿਹਾ ਸੀ।

ਗੁਰੂ ਕ੍ਰਿਪਾ ਨਾਲ ਹਰਦੇਵ ਨੂੰ ਖੜ੍ਹਨ ਨੂੰ ਜਗਾਹ ਮਿਲ ਗਈ ਸੀ। ਬੈਠਣ ਵਾਸਤੇ ਗੁਰੂ ਨੇ ਆਪੇ ਹੀ ਬਣਾ ਦੇਣੀ ਸੀ।

-"ਲੈ...! ਰੱਬ ਦੇ ਦਿਆਲੂ ਪੁਰਸ਼ਾਂ ਦਾ ਵੀ ਘਾਟਾ ਨਹੀਂ ਦੁਨੀਆਂ 'ਤੇ ਹਰਦੇਵ ਸਿਆਂ..! ਕਿੱਥੇ ਏਜੰਟਾਂ ਵਰਗੇ ਲਹੂ ਪੀਣੇਂ ਦੈਂਤ..? ਜਿਹੜੇ ਬੰਦੇ ਨੂੰ ਰੋਹੀ ਬੀਆਬਾਨ 'ਚ ਰੁਲ਼ਣ ਲਈ ਛੱਡ ਜਾਂਦੇ ਐ ਤੇ ਕਿੱਥੇ ਰਣਜੀਤ ਸਿੰਘ ਵਰਗੇ ਰੱਬੀ ਰੂਪ ਲੋਕ..! ਰੱਬਾ ਤੇਰੀ ਵੀ ਲ੍ਹੀਲਾ ਨਿਆਰੀ ਐ...!"

ਦਿਨ ਚੜ੍ਹ ਆਇਆ ਸੀ।

ਬਰਫ਼ ਪੈਣੋਂ ਕੁਝ ਕੁ ਥੰਮ੍ਹ ਗਈ ਸੀ। ਬੱਦਲ਼ ਹਟ ਗਏ ਸਨ ਅਤੇ ਸੂਰਜ ਦੀ ਪਹਿਲੀ ਰਿਸ਼ਮ ਨਾਲ ਹੀ ਠੰਢ ਹੋਰ ਕੜਾਕਾ ਪਾਉਣ ਲੱਗ ਪਈ ਸੀ। ਹਰਦੇਵ ਠੁਰ-ਠੁਰ ਕਰਦਾ ਵੇਟਿੰਗ-ਰੂਮ ਵਿਚ ਹੀ ਕਿਸੇ ਦੇ ਆਉਣ ਦੀ ਉਡੀਕ ਕਰ ਰਿਹਾ ਸੀ। ਵੇਟਿੰਗ-ਰੂਮ ਵਿਚ ਬਾਹਵਾ ਗਹਿਮਾਂ ਗਹਿਮੀ ਹੋ ਗਈ ਸੀ। ਉਸ ਨੇ ਵੇਟਿੰਗ-ਰੂਮ ਵਿਚੋਂ ਬਾਹਰ ਆ ਕੇ ਚੁਫ਼ੇਰੇ ਝਾਤੀ ਮਾਰੀ ਤਾਂ ਪਹਾੜਾਂ 'ਤੇ ਦੂਰ ਤੱਕ ਬਰਫ਼ ਦੀ ਚਿੱਟੀ ਚਾਦਰ ਵਿਛੀ ਹੋਈ ਸੀ। ਦਰੱਖਤਾਂ 'ਤੇ ਬਰਫ਼ ਰੂੰ ਦੇ ਗੋਹੜਿਆਂ ਵਾਂਗ ਟਿਕੀ ਪਈ ਸੀ। ਕਾਦਰ ਦੀ ਕੁਦਰਤ ਦਾ ਵੀ ਕੀ ਕਹਿਣਾ? ਦੂਰ ਤੱਕ ਸਵਰਗੀ ਨਜ਼ਾਰਾ ਹੀ ਸੀ! ਹਰਦੇਵ ਕੁਦਰਤ ਦਾ ਹੁਸੀਨ ਚਿਹਰਾ ਤੱਕ ਕੇ ਸ਼ਰਸ਼ਾਰ ਹੋਇਆ ਖੜ੍ਹਾ ਸੀ।

ਇਤਨੇ ਨੂੰ ਕਿਸੇ ਨੇ ਆ ਕੇ ਹਰਦੇਵ ਦਾ ਮੋਢਾ ਥਾਪੜਿਆ। ਇਕ ਵਧੀਆ ਸਲੀਕੇ ਨਾਲ ਬੰਨ੍ਹੀ ਪੱਗ ਵਾਲਾ ਸਰਦਾਰ ਖੜ੍ਹਾ ਸੀ। ਦਾਹੜੀ ਬੰਨ੍ਹੀ ਹੋਈ ਅਤੇ ਮੁੱਛਾਂ ਉਸ ਨੇ ਖੂੰਡੇ ਵਾਂਗ ਉਪਰ ਨੂੰ ਚੁੱਕੀਆਂ ਹੋਈਆਂ ਸਨ। ਪਤਲਾ, ਛਾਂਟਿਆ ਸਰੀਰ ਅਤੇ ਦਰਮਿਆਨੇ ਕੱਦ ਦਾ ਮਾਲਕ ਉਹ ਹਰਦੇਵ ਨੂੰ ਦੇਖ ਕੇ ਮੁਸਕਰਾਈ ਜਾ ਰਿਹਾ ਸੀ।

-"ਆਪਣਾ ਨਾਂ ਈਂ...?"

-"ਹਰਦੇਵ ਸਿੰਘ...।" ਹਰਦੇਵ ਨੇ ਉਸ ਦੀ ਗੱਲ ਵੀ ਪੂਰੀ ਨਾ ਹੋਣ ਦਿੱਤੀ।

-"ਮੈਨੂੰ ਰਣਜੀਤ ਭਾਅ ਜੀ ਨੇ ਫ਼ੋਨ ਕੀਤਾ ਸੀ!"

-"ਹਾਂ ਜੀ! ਹਾਂ ਜੀ! ਮੈਂ ਈ ਆਂ! ਮੇਰੇ ਬਾਰੇ ਈ ਫ਼ੋਨ ਕੀਤਾ ਸੀ ਬਾਈ ਜੀ ਨੇ!" ਹਰਦੇਵ ਨੇ ਦੱਸਿਆ।

-"ਆ ਜਾਹ ਫੇਰ!" ਉਹ ਅਗਵਾਈ ਦਿੰਦਾ ਹਰਦੇਵ ਦੇ ਅੱਗੇ ਲੱਗ ਤੁਰਿਆ।

'ਬਾਨਹੋਫ਼' ਤੋਂ ਬਾਹਰ ਆ ਕੇ ਉਹ ਕਾਰ ਵਿਚ ਬੈਠ ਗਏ। ਕਾਰ ਨਿੱਘੀ ਸੀ। ਹਰਦੇਵ ਨੇ ਗੋਰੀ ਵਾਲ਼ਾ ਕੰਬਲ਼ ਲਾਹ ਕੇ ਕਾਰ ਦੀ ਪਿਛਲੀ ਸੀਟ 'ਤੇ ਸੁੱਟ ਦਿੱਤਾ ਅਤੇ ਖੁੱਲ੍ਹ ਕੇ ਬੈਠ ਗਿਆ।

-"ਕੌਣ ਕਹਿੰਦੈ ਬਾਈ ਜੀ, ਬਈ ਰੱਬ ਹੈਨ੍ਹੀ?" ਹਰਦੇਵ ਨੇ ਅਚਾਨਕ ਕਿਹਾ।

_"ਮੈਂ ਤਾਂ ਨਹੀਂ ਕਿਹਾ ਬਈ ਰੱਬ ਹੈਨ੍ਹੀ!" ਉਸ ਨੇ ਹੈਰਾਨੀ ਨਾਲ ਉਤਰ ਦਿੱਤਾ।

-"ਮੈਂ ਤੁਹਾਨੂੰ ਨ੍ਹੀ ਕਹਿੰਦਾ ਬਾਈ ਜੀ! ਮੈਂ ਤਾਂ ਊਂਈਂ ਗੱਲ ਕੀਤੀ ਸੀ-ਕੀ ਨਾਂ ਐਂ ਆਪਣਾ?"

-"ਮੇਰਾ ਨਾਂ ਜੁਗਰਾਜ ਸਿੰਘ ਐ-ਊਂ ਲੋਕ ਮੈਨੂੰ ਫ਼ੌਜੀ-ਫ਼ੌਜੀ ਈ ਆਖ ਦਿੰਦੇ ਐ!"

-"ਕਿਹੜਾ ਏਰੀਆ ਐ...?"

-"ਤੂੰ ਏਰੀਏ ਨੂੰ ਛੱਡ ਯਾਰ-ਮੇਰਾ ਪਿੰਡ ਲੋਪੋ ਐ...!"

-"ਅੱਛਾ! ਅੱਛਾ! ਲੋਪੋ-ਬੱਧਨੀ ਕਲਾਂ ਕੋਲੇ...?"

-"ਜਮਾਂ ਈ ਓਥੇ...!" ਫ਼ੌਜੀ ਹੱਸ ਪਿਆ।

ਫ਼ੌਜੀ ਉਸ ਨੂੰ ਆਪਣੇ ਫ਼ਲੈਟ ਵਿਚ ਲੈ ਗਿਆ। ਦੋ ਕਮਰਿਆਂ ਦਾ ਬੜਾ ਵਧੀਆ ਫ਼ਲੈਟ ਸੀ। ਦੇਖਣ ਪਰਖਣ ਤੋਂ ਲੱਗਦਾ ਸੀ ਕਿ ਫ਼ੌਜੀ ਵੀ ਇੱਕਲਾ ਹੀ ਰਹਿੰਦਾ ਸੀ।

-"ਕੀ ਖਾਣਾ ਪੀਣੈਂ...?" ਫ਼ੌਜੀ ਜੁਗਰਾਜ ਨੇ ਫ਼ੌਜੀਆਂ ਵਾਲੀ ਫੁਰਤੀ ਨਾਲ ਪੁੱਛਿਆ।

-"ਕੁਛ ਹੋਵੇ ਬਾਈ ਜੀ...! ਰਾਤ ਦੇ ਨੇ ਡੱਕਾ ਨ੍ਹੀ ਖਾਧਾ! ਉਹ ਤਾਂ ਜਿਉਂਦੀ ਰਹੇ ਬੁੱਢੀ ਗੋਰੀ-ਜੀਹਨੇ ਮੈਨੂੰ ਭੁੱਖੇ ਤਿਹਾਏ ਨੂੰ ਕੋਲਾ ਪੀਣ ਨੂੰ ਦਿੱਤਾ! ਰੱਬ ਉਹਨੂੰ ਰਾਜ਼ੀ ਖ਼ੁਸ਼ੀ ਰੱਖੇ! ਜਿਉਂਦੀ ਵਸਦੀ ਰਹੇ ਵਿਚਾਰੀ...!" ਹਰਦੇਵ ਦੀਆਂ ਆਂਦਰਾਂ ਅਸੀਸਾਂ ਦੇਈ ਜਾ ਰਹੀਆਂ ਸਨ।

-"ਲੈ ਛਕ ਵੀਰਿਆ! ਮੇਰੇ ਕੋਲ਼ੇ ਤਾਂ ਐਹੋ ਜਿਆ ਕੁਛ ਈ ਮਿਲੂ ਮਿੱਤਰਾ! ਰੋਟੀ ਰਾਟੀ ਮੈਥੋਂ ਨ੍ਹੀ ਪੱਕਦੀ-ਕਦੇ ਕਦੇ ਐਤਵਾਰ ਨੂੰ ਗੁਰਦੁਆਰੇ ਜਾ ਕੇ ਲੰਗਰ ਛਕ ਆਈਦੈ ਤੇ ਰੋਟੀ ਆਲ਼ੀ ਭਲ਼ ਪੂਰੀ ਹੋ ਜਾਂਦੀ ਐ-ਕਾਹਨੂੰ ਸਰਦੈ ਬਾਈ ਸਿਆਂ ਰੋਟੀ ਬਿਨਾ ਆਪਣਾ ਪੰਜਾਬੀਆਂ ਦਾ?" ਫ਼ੌਜੀ ਨੇ ਉਸ ਨੂੰ ਆਂਡੇ ਤੜਕ ਦਿੱਤੇ। ਟੋਸਟ ਬਰੈੱਡ ਅੱਗੇ ਰੱਖ ਦਿੱਤੀ। ਫ਼ੌਜੀ ਇਨਸਾਨੀਅਤ ਨੂੰ ਪ੍ਰੇਮ ਕਰਨ ਵਾਲਾ ਬੰਦਾ ਸੀ। 'ਗਿੱਦੜਮਾਰ' ਬੰਦਿਆਂ ਨੂੰ ਉਹ ਦਿਲੋਂ ਘ੍ਰਿਣਾਂ ਕਰਦਾ।

-"ਧੰਨ ਐਂ ਬਾਈ ਫ਼ੌਜੀਆ...! ਆਪਾਂ ਨੂੰ ਤਾਂ ਇਹ ਹੀ ਛੱਤੀ ਪਦਾਰਥ ਐ!" ਭੁੱਖਾ ਹਰਦੇਵ ਖਾਣੇ ਨੂੰ ਟੁੱਟ ਕੇ ਪੈ ਗਿਆ। ਫ਼ੌਜੀ ਦੇ ਮਨ ਨੂੰ ਕੁਝ ਤਸੱਲੀ ਮਹਿਸੂਸ ਹੋਈ। ਭੁੱਖੇ ਦਾ ਮੂੰਹ ਗੁਰੂ ਦੀ ਗੋਲਕ। ਹਰਦੇਵ ਨੂੰ ਖਾਣਾ ਖੁਆ ਕੇ ਉਸ ਨੇ ਭਾਂਡੇ ਚੁੱਕ ਲਏ।

-"ਤੂੰ ਹਰਦੇਵ ਸਿਆਂ ਅੱਜ ਇਉਂ ਕਰ! ਅੱਜ ਕਰ ਅਰਾਮ! ਤੇ ਕੱਲ੍ਹ ਨੂੰ ਤੇਰਾ ਕੋਈ ਨਾ ਕੋਈ ਬੰਨ੍ਹ ਸੁੱਬ ਕਰਾਂਗੇ-ਮੈਂ ਚੱਲਿਐਂ ਹੁਣ ਕੰਮ 'ਤੇ-ਤੇ ਤੂੰ ਮਾਰ ਲੇਟਾ...!" ਫ਼ੌਜੀ ਨੇ ਆਖਿਆ।

-"ਤੂੰ ਬਾਈ ਫ਼ੌਜੀਆ ਕਿੰਨੇ ਕੁ ਵਜੇ ਆਵੇਂਗਾ...?"

-"ਮੈਂ ਆਜੂੰ ਕੋਈ ਪੰਜ ਕੁ ਵਜੇ ਦੇ ਏੜ ਗੇੜ! ਤੂੰ ਘਰੇ ਈ ਰਹੀਂ ਕਿਤੇ ਜਾਈਂ ਨਾ!"

-"ਮੈਂ ਤਾਂ ਬਾਈ ਕਿੱਥੇ ਜਾਣੈਂ-!"

-"ਚਾਹ ਚੂਹ ਦਾ ਸਮਾਨ ਕਿਚਨ 'ਚ ਪਿਐ-ਜੇ ਲੋੜ ਪਈ ਤਾਂ ਬਣਾ ਲਈਂ-ਹੀਟਰ ਬੰਦ ਕਰਨਾ ਨਾ ਭੁੱਲੀਂ!"

-"ਚੰਗਾ ਬਾਈ...!"

ਫ਼ੌਜੀ ਆਪਣਾ ਸੰਦ ਵਲੇਂਵਾਂ ਲੈ ਕੇ ਕੰਮ 'ਤੇ ਚਲਾ ਗਿਆ।

ਹਰਦੇਵ ਫ਼ੌਜੀ ਵਾਲੇ ਬੈੱਡ 'ਤੇ ਹੀ ਕੰਬਲ਼ ਲੈ ਕੇ ਪੈ ਗਿਆ।

ਦੋ ਰਾਤਾਂ ਦਾ ਅਨੀਂਦਰਾ ਹੋਰਣ ਕਾਰਨ, ਪੈਣ ਸਾਰ ਹੀ ਉਸ ਨੂੰ ਨੀਂਦ ਨੇ ਦੱਬ ਲਿਆ।

## ਕਾਂਡ 5

ਫ਼ੌਜੀ ਸ਼ਾਮ ਨੂੰ ਸਾਢੇ ਕੁ ਪੰਜ ਵਜੇ ਹੀ ਕੰਮ ਤੋਂ ਆ ਗਿਆ।

ਉਸ ਦੇ ਹੱਥ ਵਿਚ ਖਾਣ ਪੀਣ ਦਾ ਸਮਾਨ ਅਤੇ ਦੰਦਾਂ ਵਾਲਾ ਬੁਰਸ਼ ਫੜਿਆ ਹੋਇਆ ਸੀ। ਉਸ ਨੇ ਸਾਰਾ ਸਮਾਨ ਰਸੋਈ ਵਿਚ ਆ ਰੱਖਿਆ। ਉਹ ਸਵੇਰ ਵਾਂਗ ਤਾਜ਼ਾ ਤਾਜ਼ਾ ਹੀ ਸੀ। ਚਿਹਰੇ 'ਤੇ ਥਕਾਵਟ ਦਾ ਕੋਈ ਨਿਸ਼ਾਨ ਨਹੀਂ ਸੀ।

-"ਹਾਂ ਬਈ ਹਰਦੇਵ ਸਿਆਂ! ਕੁਛ ਖਾਧਾ ਪੀਤਾ?"

-"ਅਜੇ ਤਾਂ ਬਾਈ ਫ਼ੌਜੀਆ, ਉਠਿਆ ਈ ਐਂ! ਬਾਹਲ਼ਾ ਅਨੀਂਦਰਾ ਸੀ!"

-"ਚਲ ਵਧੀਆ ਕੀਤਾ! ਲੈ ਫਿਰ ਬੁਰਸ਼ ਕਰਲਾ...!" ਉਸ ਨੇ ਨਵਾਂ ਬੁਰਸ਼ ਅੱਗੇ ਕਰ ਦਿੱਤਾ।

ਹਰਦੇਵ ਨੇ ਬੁਰਸ਼ ਕਰ ਲਿਆ।

-"ਪੀਣੀ ਚਾਹ ਈ ਐ ਜਾਂ ਪੈੱਗ ਸ਼ੈੱਗ ਲਾਵੇਂਗਾ?"

-"ਪੈੱਗ ਸ਼ੈੱਗ ਈ ਲਾ-ਲਾਂਗੇ, ਬਾਈ!"

ਉਹਨਾਂ ਨੇ ਬੋਤਲ ਖੋਲ੍ਹ ਲਈ। ਫ਼ੌਜੀ ਬੜਾ ਦਿਲਦਾਰ ਬੰਦਾ ਸੀ। ਅਠਾਰਾਂ ਸਾਲ ਫ਼ੌਜ ਵਿਚ ਨੌਕਰੀ ਕੀਤੀ। ਭਾਂਤ ਭਾਂਤ ਦੇ ਬੰਦਿਆਂ ਨਾਲ ਵਾਹ ਪਿਆ। ਘਾਟ ਘਾਟ ਦਾ ਪਾਣੀ ਪੀਤਾ ਹੋਇਆ ਸੀ। ਚੰਗੇ ਮੰਦੇ ਦੀ ਨਿਰਖ਼ ਪਰਖ਼ ਸੀ।

ਉਹ ਪੀਣ ਲੱਗ ਪਏ।

-"ਐਥੇ ਕੰਮ ਕੁੰਮ ਦਾ ਕੀ ਜੁਗਾੜ ਐ, ਬਾਈ?" ਹਰਦੇਵ ਨੇ ਹੀ ਪਹਿਲ ਕੀਤੀ।

-"ਕੰਮ ਦਾ ਜੁਗਾੜ ਤਾਂ ਇਹ ਐ! ਬਈ ਜੇ ਤਾਂ ਥੋਨੂੰ ਕੋਈ ਜਾਣਦੈ, ਤਾਂ-ਤਾਂ ਕਿਸੇ ਜਾਣਕਾਰ ਨੂੰ ਕਹਿ ਕੁਹਾ ਕੇ ਕੰਮ 'ਤੇ ਲੁਆ ਦਿੰਦੈ-ਤੇ ਨਹੀਂ ਤਾਂ ਬਾਈ ਰੱਬ ਈ ਰਾਖਾ! ਐਥੇ ਆਪਣੇ ਦੇਸੀ ਭਾਈਬੰਦ ਬੰਦੇ ਨੂੰ ਕੰਮ 'ਤੇ ਰੱਖ ਲੈਂਦੇ ਐ-ਕੋਈ ਸ਼ੱਕ ਨ੍ਹੀ-ਉਹਨਾਂ ਨੂੰ ਵੀ ਪਤਾ ਹੁੰਦੈ ਬਈ ਬੰਦੇ ਕੋਲ਼ੇ ਕੋਈ ਕਾਗਜ਼ ਪੱਤਰ ਹੈਨ੍ਹੀ-ਬੰਦਾ ਫ਼ਸਿਆ ਮਾਰ ਖਾਊਗਾ-ਪੀਜ਼ੇ ਪੂਜੇ 'ਚ ਕੰਮ ਦੇ ਦਿੰਦੇ ਐ-ਪੀਜ਼ੇ ਦੇ ਉਪਰ ਕਮਰਾ ਤੇ ਦੋ ਚਾਰ ਸੌ ਮਾਰਕ ਮਹੀਨੇ ਦਾ ਮਸਾਂ ਈ ਦਿੰਦੇ ਐ-ਰੋਟੀ ਪਾਣੀ ਪੀਜ਼ੇ 'ਚ ਫ਼ਰ੍ਹੀ ਹੁੰਦਾ ਈ ਐ-ਚੱਲ ਮੇਰੇ ਭਾਈ ਬੰਦਾ ਆਬਦਾ ਰੇਹੜਾ ਧੱਕੀ ਜਾਂਦੈ-।"

-"ਪਰ ਬਾਈ ਜ਼ਾਹਲ੍ਹੀ ਬੰਦੇ ਨੂੰ ਕੰਮ 'ਤੇ ਕਿਹੜਾ ਕੋਈ ਛੇਤੀ ਕੀਤੇ ਰੱਖਦੈ? ਇਹ ਵੀ ਰਿਸਕ ਈ ਐ!"

-"ਛੋਟੇ ਭਾਈ! ਹਾਥੀ ਜਿਉਂਦਾ ਲੱਖ ਦਾ ਤੇ ਮਰਿਆ ਸਵਾ ਲੱਖ ਦਾ! ਲੋੜ ਤਾਂ ਇਹਨਾਂ ਨੂੰ ਵੀ ਬੰਦਿਆਂ ਦੀ ਹੁੰਦੀ ਐ-ਜੇ ਕੋਈ ਤਜਰਬੇ ਆਲ਼ਾ ਤੇ ਕਾਗਜ਼ਾਂ ਪੱਤਰਾਂ ਆਲ਼ਾ ਬੰਦਾ ਰੱਖਦੇ ਐ-ਇਕ ਤਾਂ ਉਹ ਪੈਂਦੈ ਮਹਿੰਗਾ-ਟੈਕਸ ਤੇ ਇੰਸ਼ੋਰੈਂਸ ਭਰਨੀ ਪੈਂਦੀ ਐ-ਅਗਲਾ ਪੈਸੇ ਲੈਂਦੈ ਠੋਕ ਕੇ! ਤੇ ਦੂਜਾ ਅਗਲਾ ਓਨੀ ਧੰਗੇੜ੍ਹ ਨ੍ਹੀ ਝੱਲਦਾ-ਜਿੰਨੀ ਜਾਅਲੀ ਬੰਦੇ ਝੱਲੀ ਜਾਂਦੇ ਐ-।"

-"ਇਹ ਤਾਂ ਖ਼ੈਰ ਹੈ! ਨੂੰਹ ਧੀ 'ਚ ਫ਼ਰਕ ਤਾਂ ਹੁੰਦਾ ਈ ਐ, ਬਾਈ।"

-"ਲੈ, ਤੂੰ ਹੋਰ ਗੱਲ ਸੁਣਲਾ! ਐਥੇ ਆਪਣੇ ਸ਼ਹਿਰ 'ਚ ਇਕ ਪਾਕਿਸਤਾਨੀ ਐਂ-ਉਹ ਹਮੇਸ਼ਾ ਈ ਜਾਅਲੀ ਬੰਦੇ ਕੰਮ 'ਤੇ ਰੱਖਦੈ-ਅਗਲੇ ਸਵੇਰੇ ਦਸ ਵਜੇ ਕੰਮ ਸ਼ੁਰੂ ਕਰਦੇ ਐ ਤੇ ਰਾਤ ਨੂੰ ਬਾਰ੍ਹਾਂ ਵਜੇ ਉਹਨਾਂ ਦਾ ਖਹਿੜ੍ਹਾ ਛੁੱਟਦੈ-ਚੌਦਾਂ ਘੰਟੇ ਕੰਮ! ਕਦੇ ਆਹ ਕਰਲੋ-ਕਦੇ ਜੌਹ ਕਰਲੋ! ਸਫ਼ਾਈ ਤੇ ਭਾਂਡੇ ਧੋਣ ਤੋਂ ਲੈ ਕੇ, ਪੀਜ਼ੇ ਬਣਾਉਣ ਤੱਕ ਸਾਰਾ ਕੰਮ ਵਿਚਾਰੇ ਜਾਅਲੀ ਬੰਦੇ ਈ ਕਰਦੇ ਐ-ਆਪਣੇ ਬੰਦੇ ਫ਼ਸੇ ਫ਼ਸਾਏ ਮਾਰ ਖਾਈ ਜਾਂਦੇ ਐ-ਅਗਲੇ ਸੋਚਦੇ ਐ, ਜਾਂਦੇ ਚੋਰ ਦੀ ਤੜਾਗੀ ਈ ਸਹੀ! ਬਈ ਜਿਹੜਾ ਦੋ ਚਾਰ ਸੌ ਮਿਲ਼ਦੈ-ਉਹ ਹੀ ਬਾਧੂ ਐ-ਵਿਹਲੇ ਵੀ ਅਗਲੇ ਕੀ ਕਰਨ...? ਐਨਾਂ ਕੰਮ ਪੱਕੇ ਬੰਦੇ ਕਦੋਂ ਕਰਦੇ ਐ? ਉਹ ਤਾਂ ਅਗਲੇ ਕਾਨੂੰਨੀ ਤੌਰ 'ਤੇ ਅੱਠ ਘੰਟੇ ਕੰਮ ਕਰਦੇ ਐ ਤੇ ਬਾਕੀ ਘੰਟੇ ਲੈਂਦੇ ਐ, ਓਵਰਟਾਈਮ!"

-"ਪਰ ਬਾਈ, ਜੇ ਐਹੋ ਜੇ ਬੰਦੇ ਵੀ ਜਾਅਲੀ ਬੰਦਿਆਂ ਨੂੰ ਮੋਢਾ ਨਾ ਦੇਣ, ਤਾਂ ਨਵੇਂ ਬੰਦਿਆਂ ਦਾ ਬਣੇ ਕੀ?"

-"ਛੋਟੇ ਭਾਈ, ਸੈਹਾ ਆਬਦੇ ਦਾਅ ਨੂੰ ਤੇ ਕੁੱਤਾ ਆਬਦੇ ਦਾਅ ਨੂੰ ਜਾਂਦੈ! ਉਹ ਵੀ ਗੌਰਮਿੰਟ ਤੋਂ ਟੈਕਸ ਬਚਾਉਂਦੇ ਐ-ਇੰਸ਼ੋਰੈਂਸ ਬਚਾਉਂਦੇ ਐ-ਉਹ ਨਵੇਂ ਮੁੰਡਿਆਂ ਦੀ ਮੱਦਤ ਮੁੱਦਤ ਨ੍ਹੀ ਕਰਦੇ! ਉਹ ਤਾਂ ਗੌਰਮਿੰਟ ਤੋਂ ਟੈਕਸ ਤੇ ਬੀਮਾਂ ਬਚਾਉਣ ਵਾਸਤੇ ਸਾਰਾ ਕੁਛ ਕਰਦੇ ਐ-ਐਥੇ ਕਮਲ਼ਿਆ ਲੋਕ ਪੈਸੇ ਬਿਨਾ ਰੱਬ ਨੂੰ ਮੱਥਾ ਨ੍ਹੀ ਟੇਕਦੇ-ਇਹ ਯੂਰਪ ਐ ਛੋਟੇ ਭਾਈ! ਐਥੇ ਤਾਂ ਸਕੀ ਮਾਂ ਜੁਆਕ ਨੂੰ ਬਿਲਕਦੇ ਨੂੰ ਛੱਡ ਕੇ ਭੱਜ ਜਾਂਦੀ ਐ...!"

-"ਹੈ ਤਾਂ ਐਥੇ ਨ੍ਹੇਰ ਈ ਬਾਈ...!"

-"ਤੂੰ ਨ੍ਹੇਰ ਦੀ ਗੱਲ ਸੁਣ ਲੈ, ਹਰਦੇਵ!" ਫ਼ੌਜੀ ਨੇ ਪੈੱਗ ਪਾ ਲਿਆ।

-"ਐਥੇ ਆਗਰੇ ਦੇ ਦੋ ਭਰਾ ਰਹਿੰਦੇ ਸੀ-ਉਹਦਾ ਛੋਟਾ ਭਾਈ ਰਾਤ ਨੂੰ ਕਾਰ ਐਕਸੀਡੈਂਟ 'ਚ ਮਾਰਿਆ ਗਿਆ-ਪੁਲਸ ਨੇ ਉਸ ਮੁੰਡੇ ਦੀ ਜੇਬ 'ਚੋਂ ਕਾਗਜ ਪੱਤਰ ਕੱਢ ਕੇ ਦੇਖੇ ਤੇ ਉਹਦੇ ਘਰੇ ਪਹੁੰਚ ਗਏ-ਪਹੁੰਚਣਾ ਈ ਸੀ? ਤੇ ਜਦੋਂ ਪੁਲਸ ਘਰੇ ਗਈ ਤਾਂ ਅੱਗੇ ਉਹਦਾ ਵੱਡਾ ਭਰਾ ਸੁੱਤਾ ਉਠਾਲ਼ ਲਿਆ-ਉਹਨੂੰ ਨਾਲ ਲੈ ਕੇ ਹਸਪਤਾਲ ਆ ਗਏ-ਜਿੱਥੇ ਉਹਦੇ ਭਰਾ ਦੀ ਲਾਸ਼ ਰੱਖੀ ਵੀ ਸੀ!"

-"ਅੱਛਾ...!"

-"ਤੇ ਛੋਟੇ ਭਾਈ, ਪੁਲਸ ਨੇ ਪੁੱਛਿਆ ਬਈ ਤੂੰ ਇਹਨੂੰ ਬੰਦੇ ਨੂੰ ਜਾਣਦੈਂ? ਕਹਿੰਦਾ ਅਖੇ ਹਾਂ ਜਾਣਦੈਂ-ਮੇਰੇ ਨਾਲ ਕਮਰੇ 'ਚ ਰਹਿੰਦੈ।"

-"ਅੱਛਾ...! ਇਹ ਨ੍ਹੀ ਦੱਸਿਆ ਬਈ ਮੇਰਾ ਭਾਈ ਐ...?" ਹਰਦੇਵ ਦਾ ਮੂੰਹ ਅੱਡਿਆ ਗਿਆ।

-"ਕਾਹਨੂੰ...! ਤੂੰ ਸੁਣ ਤਾਂ ਸਹੀ...!"

-"......।"

-"ਪੁਲਸ ਨੇ ਪੁੱਛਿਆ ਬਈ ਇਹ ਕੌਣ ਐਂ? ਤਾਂ ਪੈਂਦੀ ਸੱਟੇ ਕਹਿੰਦਾ, ਅਖੇ ਮੈਨੂੰ ਤਾਂ ਪਤਾ ਨ੍ਹੀ! ਖੜ੍ਹਾ ਖੜੋਤਾ ਈ ਮੁੱਕਰ ਗਿਆ, ਛੋਕਰੀ ਯਾਹਵਾ! ਸਾਹਮਣੇ ਸਕੇ ਭਰਾ ਦੀ ਲਾਸ਼ ਪਈ ਐ-ਸਾਹਮਣੇ ਲਾਅਸ਼ ਪਈ ਦੇਖ ਕੇ ਈ ਮੁੱਕਰ ਗਿਆ-ਐਡਾ ਭੈਣ ਦਾ ਲੱਕੜ ਐ...।" ਫ਼ੌਜੀ ਨਾਲ ਦੀ ਨਾਲ ਗਿਲਾਸੀ ਵੀ ਚਾਹੜਦਾ ਸੀ।

-"ਕਾਹਤੋਂ...?"

-"ਕਾਹਤੋਂ ਕੀ...? ਬਈ ਜੇ ਮੈਂ ਦੱਸ ਦਿੱਤਾ ਬਈ ਮੇਰਾ ਭਰਾ ਐ ਤਾਂ ਮੈਥੋਂ ਸਸਕਾਰ ਦਾ-ਜਾਂ ਲਾਅਸ਼ ਇੰਡੀਆ ਭੇਜਣ ਦਾ ਖਰਚਾ ਮੰਗਣਗੇ!"

-"ਹੈਅ ਤੇਰੀ ਮਾਂ ਦੀ...ਤੇਰੇ ਦੁਸ਼ਟ ਦੀ! ਫੇਰ...?"

-"ਫੇਰ ਭਾਈ ਪੁਲਸ ਨੇ ਆਪਣੇ ਪੰਜਾਬੀ ਭਾਈਬੰਦ 'ਕੱਠੇ ਕਰ ਕੇ ਉਸ ਮੁੰਡੇ ਦੀ ਲਾਅਸ਼ ਦੀ ਸ਼ਨਾਖ਼ਤ ਕਰਵਾਈ ਤੇ ਆਪਣੇ ਦੇਸੀ ਮੁੰਡਿਆਂ ਨੇ ਪੈਸੇ 'ਕੱਠੇ ਕਰਕੇ ਉਹਦਾ ਵਿਚਾਰੇ ਦਾ ਸਸਕਾਰ ਕੀਤਾ ਤੇ ਉਹਦੇ ਓਸੇ ਭਾਈ ਨੂੰ ਈ ਉਹਦੇ ਫੁੱਲ ਦੇ ਕੇ ਆਗਰੇ ਨੂੰ ਤੋਰਿਆ! ਹੋਰ ਫੁੱਲ ਲੈ ਕੇ ਜਾਂਦਾ ਵੀ ਕੌਣ...? ਭਰਾ ਦਾ ਈ ਫ਼ਰਜ ਬਣਦਾ ਸੀ? ਉਹਨੂੰ, ਉਹਦੇ ਭਰਾ ਨੂੰ ਵੀ ਮੁੰਡਿਆਂ ਨੇ ਆਉਣ ਜਾਣ ਦੀ, ਜਹਾਜ ਦੀ ਟਿਕਟ ਆਪਦੇ ਪੱਲਿਓਂ ਲੈ ਕੇ ਦਿੱਤੀ।"

-"ਵਾਹ ਜੀ ਵਾਹ...! ਆਪਣੇ ਪੰਜਾਬੀ ਹੈ ਤਾਂ ਬੜੇ ਦਲੇਰ ਤੇ ਦਿਲ ਦਰਿਆ, ਬਾਈ।"

-"ਤੂੰ ਅੱਗੇ ਤਾਂ ਸੁਣ! ਆਬਦਾ ਈ ਘੋੜ੍ਹਾ ਭਜਾ ਲੈਨੈਂ, ਵਿਚਦੀ?" ਫ਼ੌਜੀ ਨੂੰ ਵਿਸਕੀ ਦਾ ਸਰੂਰ ਆ ਗਿਆ ਸੀ। ਉਸ ਨੇ ਹਰਦੇਵ ਨੂੰ ਟੋਕਣਾ ਸ਼ੁਰੂ ਕਰ ਦਿੱਤਾ।

-"......।" ਹਰਦੇਵ ਚੁੱਪ ਹੋ ਗਿਆ।

-"ਫੁੱਲ ਆਗਰੇ ਲੈ ਗਿਆ-ਉਥੇ ਜਾ ਕੇ ਉਹਦੇ ਘਰਆਲ਼ੀ ਤੋਂ ਖਰਚਾ ਮੰਗਣ ਲੱਗ ਪਿਆ-ਅਖੇ ਮੈਂ ਇਹਦਾ ਸਸਕਾਰ ਕੀਤਾ-ਫੁੱਲ ਲੈ ਕੇ ਆਇਐਂ-ਮੇਰਾ ਸਾਰਾ ਖ਼ਰਚਾ ਦਿਓ...।"

-"ਅੱਛਾ ਜੀ...! ਲੈ ਬੰਦਾ ਰੱਬ ਤੋਂ ਈ ਨ੍ਹੀ ਡਰਦਾ ਫੇਰ?"

-"ਹਾਂ...! ਤੇ ਹੋਰ...! ਉਹ ਵਿਚਾਰੀ ਗਰੀਬਣੀ ਖਰਚਾ ਕਿੱਥੋਂ ਦੇਵੇ? ਉਹਦੇ ਕੋਲ਼ੇ ਤਾਂ ਅੱਗੇ ਡੱਕਾ ਨ੍ਹੀ ਸੀ-ਉਹਨੇ ਭਾਈ ਕਹਿ ਕੂਹ ਕੇ ਵਕਤੀ ਤੌਰ 'ਤੇ ਖਹਿੜਾ ਤਾਂ ਲਿਆ, ਛੁਡਾ-ਤੇ ਉਹਦੇ ਘਰਆਲ਼ੇ ਦਾ ਕਿਸੇ ਪੰਜਾਬੀ ਮੁੰਡੇ ਨਾਲ ਚੰਗਾ ਆਉਣ ਜਾਣ ਸੀ-ਜਦੋਂ ਉਹ ਪੰਜਾਬੀ ਮੁੰਡਾ ਇੰਡੀਆ ਆਉਂਦਾ-ਉਹਨਾਂ ਨੂੰ ਆਗਰੇ ਮਿਲ਼ ਕੇ ਜਾਂਦਾ-ਤੇ ਜਦੋਂ ਇਹ ਵਿਚਾਰਾ ਮਰਨ ਆਲ਼ਾ ਮੁੰਡਾ ਇੰਡੀਆ ਆਉਂਦਾ-ਉਹ ਵੀ ਉਹਦੇ ਪ੍ਰੀਵਾਰ ਨੂੰ ਪੰਜਾਬ ਮਿਲ਼ ਕੇ ਜਾਂਦਾ!"

-"......।"

-"ਤੇ ਚੱਲ ਭਾਈ, ਉਹਦੇ ਘਰਆਲ਼ੀ ਆਬਦੇ ਘਰਆਲ਼ੇ ਨਾਲ ਪੰਜਾਬ ਉਹਨਾਂ ਦੇ ਘਰ ਆਉਂਦੀ ਜਾਂਦੀ ਰਹੀ ਸੀ-ਉਹ ਪੰਜਾਬ ਉਹਨਾਂ ਦੇ ਘਰੇ ਚਲੀ ਗਈ ਤੇ ਸਾਰੀ ਗੱਲ ਦੱਸੀ-ਉਸ ਮੁੰਡੇ ਦੇ ਘਰ ਆਲ਼ਿਆਂ ਨੇ ਆਪਣੇ ਮੁੰਡੇ ਨੂੰ ਐਥੇ ਜਰਮਨ ਫ਼ੋਨ ਮਾਰਿਆ-ਬਈ ਜਿਹੜਾ ਮੁੰਡਾ ਤੁਸੀਂ ਫੁੱਲ ਦੇ ਕੇ ਭੇਜਿਐ-ਉਹ ਆਉਣ ਜਾਣ ਤੇ ਸਸਕਾਰ ਦਾ ਸਾਰਾ ਖ਼ਰਚਾ ਮੰਗਦੈ-ਤੇ ਜਰਮਨ ਆਲ਼ਾ ਮੁੰਡਾ ਮੂਹਰਿਓਂ ਭੂਸਰ ਗਿਆ-!"

-"ਭੂਸਰਨਾ ਈ ਸੀ! ਗੱਲ ਈ ਭੂਸਰਨ ਆਲ਼ੀ ਸੀ, ਬਾਈ...!"

-"ਉਹ ਕਹਿੰਦਾ ਇਹਨੂੰ ਮਾਂ ਦੇ ਯਾਰ ਨੂੰ ਕਾਹਦਾ ਖਰਚਾ? ਉਹਨੂੰ ਛਿੱਤਰ ਲਵੋ ਲਾਹ, ਤੇ ਟੋਟਣ 'ਚ ਮਾਰੋ ਸੌ ਛਿੱਤਰ ਉਹਦੇ! ਉਹ ਕਹਿੰਦਾ ਬਈ ਇਹ ਤਾਂ ਭਰਾ ਦੀ ਲਾਅਸ਼ ਦੇਖ ਕੇ ਸਾਲ਼ਾ ਖਰਚੇ ਤੋਂ ਡਰਦਾ ਖੜ੍ਹਾ ਈ

ਲਾਅਸ਼ ਪਛਾਨਣ ਤੋਂ ਵੀ ਮੁਕਰ ਗਿਆ ਸੀ-ਖਰਚਾ ਅਸੀਂ ਸਾਰਿਆਂ ਨੇ ਕਰਕੇ, ਇਹਨੂੰ ਭੈਣ ਚੋਦ ਨੂੰ ਟਿਕਟ ਵੀ ਕੋਲੋਂ ਖਰਚ ਕੇ, ਉਹਦੇ ਵਿਚਾਰੇ ਦੇ ਫੁੱਲ ਦੇ ਕੇ ਤੋਰਿਐ-ਤੇ ਐਥੇ ਇਹ ਖਰਚਾ ਕਾਹਦਾ ਮੰਗਦੈ? ਉਹ ਮੂਹਰਿਓਂ ਦੁਖੀ ਹੋ ਗਿਆ-ਚਲੋ ਜਦੋਂ ਉਹ ਫੁੱਲ ਤਾਰ ਕੇ ਵਾਪਸ ਮੁੜਿਆ ਤਾਂ ਐਥੇ ਆਪਣੇ ਦੇਸੀ ਬੰਦਿਆਂ ਨੇ ਕੁੱਟ ਕੇ ਧੂੰਆਂ ਕੱਢਤਾ-ਨਾਸਾਂ 'ਚੋਂ ਕੱਢਤਾ, ਲਹੂ! ਫੇਰ ਗੁਰਦੁਆਰੇ ਜਾ ਕੇ ਮੁਆਫ਼ੀ ਮੰਗਵਾਈ ਤਾਂ ਆਪਣੇ ਪੰਜਾਬੀ ਮੁੰਡਿਆਂ ਨੇ ਜਾ ਕੇ ਉਹ ਛੱਡਿਆ-ਓਸ ਤੋਂ ਬਾਅਦ ਪਤਾ ਨ੍ਹੀ ਕਿੱਧਰ ਦਫ਼ਾ ਹੋ ਗਿਆ? ਮੁੜ ਕੇ ਨ੍ਹੀ ਦੇਖਿਆ! ਐਥੇ ਤਾਂ ਛੋਟੇ ਭਾਈ ਦੁਨੀਆਂ ਐਹੋ ਜੀ ਭੈਣ ਦੇਣੀਂ ਐਂ...!" ਫ਼ੌਜੀ ਨੇ ਪੈੱਗ ਸੂਤ ਧਰਿਆ।

ਹਰਦੇਵ ਦੁਖੀ ਜਿਹਾ ਹੋਇਆ ਸੁਣੀਂ ਜਾ ਰਿਹਾ ਸੀ।

ਦੇਰ ਰਾਤ ਗਈ ਤੋਂ ਉਹ "ਪੈਸਟਾ" ਖਾ ਕੇ ਸੌਂ ਗਏ।

ਅਗਲੇ ਦਿਨ ਲੋਪੋ ਵਾਲ਼ੇ ਫ਼ੌਜੀ ਨੇ ਹਰਦੇਵ ਦੀ ਆਪਣੇ ਵਕੀਲ ਰਾਹੀਂ ਰਾਜਸ਼ੀ-ਸ਼ਰਨ ਦੀ ਅਰਜ਼ੀ ਭਿਜਵਾ ਦਿੱਤੀ। ਬੰਬੇ ਪੀਜ਼ਾ ਵਾਲਿਆਂ ਕੋਲ਼ ਉਸ ਨੂੰ ਕੰਮ 'ਤੇ ਰਖਵਾ ਦਿੱਤਾ। ਖਾਣ ਪੀਣ ਪੀਜ਼ੇ ਵਾਲ਼ਿਆਂ ਵੱਲੋਂ। ਕਮਰਾ ਮੁਫ਼ਤ ਅਤੇ ਚਾਰ ਸੌ ਮਾਰਕ ਮਹੀਨੇ ਦੀ ਤਨਖ਼ਾਹ! ਹਰਦੇਵ ਨੂੰ ਕੁਝ ਸੁਖ ਦਾ ਸਾਹ ਆਇਆ। ਉਹ ਰਣਜੀਤ ਸਿੰਘ, ਚੱਕ ਤਾਰੇਵਾਲ ਦਾ ਦੇਣ ਨਹੀਂ ਦੇ ਸਕਦਾ ਸੀ। ਜਿਸ ਨੇ ਉਸ ਡੁਬਦੇ ਨੂੰ ਤਿਣਕਾ ਬਣ ਕੇ ਨਹੀਂ, ਇਕ ਤਰ੍ਹਾਂ ਨਾਲ ਬੇੜੀ ਦਾ ਮਲਾਹ ਬਣ, ਸਹਾਰਾ ਦਿੱਤਾ ਸੀ।

ਹਰਦੇਵ ਸਵੇਰੇ ਗਿਆਰਾਂ ਵਜੇ ਕੰਮ 'ਤੇ ਜਾਂਦਾ ਅਤੇ ਦੋ ਵਜੇ ਤੋਂ ਪੰਜ ਵਜੇ ਤੱਕ ਵਿਹਲਾ ਹੁੰਦਾ। ਸ਼ਾਮ ਛੇ ਵਜੇ ਤੋਂ ਰਾਤ ਗਿਆਰਾਂ ਵਜੇ ਤੱਕ ਫਿਰ ਕੰਮ! ਪੂਰੇ ਅੱਠ ਘੰਟੇ ਕੰਮ! ਬੰਬੇ ਪੀਜ਼ਾ ਵਾਲੇ ਬੰਦੇ ਮਾੜੇ ਨਹੀਂ ਸਨ। ਲੋੜਵੰਦ ਦੀ ਮੱਦਦ ਕਰਨ ਵਾਲੇ ਪੰਜਾਬੀ ਬੰਦੇ ਸਨ। ਆਮ ਮਾਲਕਾਂ ਵਾਂਗ ਕਾਮੇਂ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਮੁੰਨਣ ਵਾਲੇ ਨਹੀਂ ਸਨ। ਕੰਮ ਹਰਦੇਵ ਨੂੰ ਸਾਰਾ ਹੀ ਕਰਨਾ ਪੈਂਦਾ। ਸਫ਼ਾਈ ਤੋਂ ਲੈ ਕੇ ਭਾਂਡੇ ਧੋਣ ਤੱਕ! ਹੌਲ਼ੀ ਹੌਲ਼ੀ ਬੰਬੇ ਪੀਜ਼ੇ ਦੇ ਮਾਲਕ ਨੇ ਹਰਦੇਵ ਨੂੰ ਪੀਜ਼ਾ ਬਣਾਉਣ ਦੇ ਗੁਰ ਵੀ ਸਿਖਾਉਣੇ ਸ਼ੁਰੂ ਕਰ ਦਿੱਤੇ। ਵੱਖੋ ਵੱਖ ਪੀਜ਼ਾ ਬਣਾਉਣ ਦੇ ਵੱਖਰੇ ਹੀ ਢੰਗ! ਉਹਨਾਂ ਵਿਚ ਰਹਿ ਕੇ ਹਰਦੇਵ ਦਾ ਬਾਹਵਾ ਦਿਲ ਲੱਗ ਗਿਆ ਸੀ। ਵੱਡੀ ਗੱਲ ਤਾਂ ਇਹ ਸੀ ਕਿ ਉਸ ਨੂੰ ਰਹਿਣ ਨੂੰ ਕਮਰਾ, ਖਾਣ ਪੀਣ ਮੁਫ਼ਤ ਅਤੇ ਕੰਮ ਮਿਲ ਗਿਆ ਸੀ। ਉਹ ਸਾਢੇ ਦਸ ਵਜੇ ਹੀ ਕੰਮ 'ਤੇ ਆ ਜਾਂਦਾ। ਮਾਲਕ ਵੀ ਹਰਦੇਵ ਤੋਂ ਖ਼ੁਸ਼ ਸਨ।

ਹਫ਼ਤੇ ਕੁ ਬਾਅਦ ਸ਼ਰਨਾਰਥੀ ਦਫ਼ਤਰ ਵੱਲੋਂ ਹਰਦੇਵ ਨੂੰ ਇੰਟਰਵਿਊ ਦੀ ਚਿੱਠੀ ਆ ਗਈ।

ਉਸ ਨੇ ਲੋਪੋ ਵਾਲੇ ਫ਼ੌਜੀ ਨੂੰ ਫ਼ੋਨ ਕੀਤਾ।

ਫ਼ੌਜੀ ਨੇ ਆਪਣੇ ਵਕੀਲ ਨਾਲ ਗੱਲ ਕੀਤੀ ਅਤੇ ਸਮਾਂ ਲੈ ਲਿਆ।

ਵਕੀਲ ਨੇ ਹਰਦੇਵ ਨੂੰ ਇੰਟਰਵਿਊ ਦੇ ਕਈ ਨੁਕਤੇ ਅਤੇ ਅਫ਼ਸਰ ਵੱਲੋਂ ਕੀਤੇ ਜਾਣ ਵਾਲੇ ਸੁਆਲਾਂ ਦੇ ਉਤਰ ਦੱਸੇ।

ਦੁਭਾਸ਼ੀਏ ਦੇ ਜ਼ਰੀਏ ਹਰਦੇਵ ਦੀ ਇੰਟਰਵਿਊ ਹੋ ਗਈ। ਇੰਟਰਵਿਊ ਸਮੇਂ ਹਰਦੇਵ ਸਬੰਧਿਤ ਅਫ਼ਸਰ ਨੂੰ ਕੋਈ ਬਹੁਤਾ ਸੰਤੁਸ਼ਟ ਨਾ ਕਰ ਸਕਿਆ। ਪਰ ਫਿਰ ਵੀ ਅਫ਼ਸਰ ਨੇ ਹਰਦੇਵ 'ਤੇ ਨਿੱਜੀ ਤੌਰ 'ਤੇ ਵਿਸ਼ਵਾਸ਼ ਕਰ ਕੇ ਇੰਟਰਵਿਊ ਦੀ ਕਾਪੀ ਉਪਰਲੇ ਅਫ਼ਸਰ ਨੂੰ ਫ਼ੈਸਲੇ ਲਈ ਭੇਜ ਦਿੱਤੀ।

ਉਹ ਫਿਰ ਕੰਮ 'ਤੇ ਆ ਲੱਗਿਆ। ਦੋਭਾਸ਼ੀਏ ਤੋਂ ਉਸ ਨੂੰ ਪਤਾ ਜ਼ਰੂਰ ਲੱਗ ਗਿਆ ਸੀ ਕਿ ਉਸ ਦੀ ਇੰਟਰਵਿਊ ਨਾਲ ਅਫ਼ਸਰ ਦੀ ਤਸੱਲੀ ਨਹੀਂ ਹੋਈ ਸੀ। ਹੋ ਸਕਦੈ ਕਿ ਉਸ ਦਾ ਕੇਸ ਫ਼ੇਲ੍ਹ ਹੋ ਜਾਵੇ? ਹਰਦੇਵ ਰਾਤ ਨੂੰ ਫ਼ੌਜੀ ਕੋਲ ਚਲਾ ਗਿਆ। ਉਸ ਨੇ ਫ਼ੌਜੀ ਨੂੰ ਸਾਰੀ ਗੱਲ ਦੱਸੀ।

-"ਕੋਈ ਚਿੰਤਾ ਨਾ ਕਰ! ਪਹਿਲੀ ਸੱਟੇ ਇਹ ਕਿਸੇ ਨੂੰ ਸਟੇਅ ਨਹੀਂ ਦਿੰਦੇ-ਇਕ ਵਾਰੀ ਤਾਂ ਨਾਂਹ ਕਰਦੇ ਈ ਕਰਦੇ ਐ-।" ਫ਼ੌਜੀ ਨੇ ਬੜੇ ਅਰਾਮ ਨਾਲ ਕਿਹਾ ਸੀ। ਚਿਹਰੇ 'ਤੇ ਕੋਈ ਫ਼ਿਕਰ ਦੀ ਝਲਕ ਨਹੀਂ ਸੀ।

-"ਜੇ ਨਾਂਹ ਹੋ ਗਈ ਬਾਈ ਤੇ ਫੇਰ...?" ਹਰਦੇਵ ਦੀ ਕੌਡੀ ਧੜਕੀ ਜਾ ਰਹੀ ਸੀ। ਵਿਸਕੀ ਦੇ ਪੈੱਗ ਨੇ ਵੀ ਉਸ ਨੂੰ ਕੋਈ ਤਰਾਰਾ ਨਹੀਂ ਦਿਖਾਇਆ ਸੀ।

-"ਫੇਰ ਕੀ ਉਤੇ ਕੰਧ ਆ ਡਿੱਗੂ? ਫੇਰ ਆਪਾਂ ਵਕੀਲ ਰਾਹੀਂ ਅਪੀਲ ਕਰ ਦਿਆਂਗੇ।"

-"......।" ਹਰਦੇਵ ਚੁੱਪ ਚਾਪ ਸੁਣ ਰਿਹਾ ਸੀ।

-''ਇੱਥੇ ਸਾਰਿਆਂ ਨਾਲ ਈ ਇਉਂ ਹੁੰਦੀ ਐ ਛੋਟੇ ਭਾਈ! ਤੂੰ ਚਿੰਤਾ ਕਾਹਦੀ ਕਰਦੈਂ?''

-''......।''

-''ਇਕ ਵਾਰੀ ਅਪੀਲ ਕੀਤੀ-ਸਾਲ ਸਾਲ ਤਾਂ ਅਪੀਲ ਈ ਨ੍ਹੀ ਨਿਕਲ਼ਦੀ-ਤੂੰ ਬੇਫ਼ਿਕਰ ਹੋ ਕੇ ਕੰਮ ਕਾਰ ਕਰ! ਜਦੋਂ ਕੋਈ ਉਤਰ ਪਤਾ ਆਇਆ-ਫੇਰ ਦੇਖਾਂਗੇ-।''

-''ਉਹ ਦੁਭਾਸ਼ੀਆ ਤਾਂ ਕਹਿੰਦਾ ਸੀ ਬਈ ਤੇਰਾ ਕੇਸ ਫ਼ੇਲ੍ਹ ਐ?''

-''ਦੁਭਾਸ਼ੀਆ ਹੈ ਕੌਣ ਸੀ?''

-''ਨਿੱਕੇ ਜੇ ਕੱਦ ਦਾ ਇਕ ਬੁੱਲ੍ਹੜ ਜਿਆ ਸੀ-ਹਿੰਦੀ ਬੋਲਦਾ ਸੀ।''

-''ਭੈੜ੍ਹੀਆਂ ਜੀਆਂ ਅੱਖਾਂ ਆਲ਼ਾ...?''

-''ਆਹੋ...!''

-''ਉਹ ਦਿੱਲੀ ਦਾ ਭਾਪੈ! ਬੜਾ ਭੈਣ ਚੋਦ ਐ! ਸਾਰਿਆਂ ਨੂੰ ਈ ਇਉਂ ਆਖਦੈ-ਉਹਦੀ ਗੱਲ ਬਾਹਲ਼ੀ ਦਿਲ 'ਤੇ ਲਾਉਣ ਦੀ ਲੋੜ ਨ੍ਹੀ, ਛੋਟੇ ਭਾਈ! ਤੂੰ ਚਿੰਤਾ ਕਾਹਦੀ ਕਰਦੈਂ? ਆਹ ਦੇਖਗਾਂ ਤੇਰਾ ਬਾਈ ਫ਼ੌਜੀ ਬੈਠਾ!'' ਫ਼ੌਜੀ ਹਰਦੇਵ ਅੱਗੇ ਸੱਬਲ਼ ਵਾਂਗ ਗੱਡਿਆ ਬੈਠਾ ਸੀ।

-''ਤੇਰਾ ਗੁਣ ਬਾਈ ਫ਼ੌਜੀਆ ਪਤਾ ਨ੍ਹੀ ਕਿਹੜੇ ਜੁੱਗ ਦਿਊਂ?'' ਹਰਦੇਵ ਭਾਵੁਕ ਹੋ ਗਿਆ।

-''ਉਏ ਇਹ ਗੱਲਾਂ ਨ੍ਹੀ ਸੋਚੀਦੀਆਂ-ਬੰਦਾ ਬੰਦੇ ਦੀ ਦਾਰੂ ਐ!''

-''ਬਾਈ ਉਹ ਵੀ ਬੰਦਾ ਈ ਸੀ-ਜਿਹੜਾ ਮੈਨੂੰ ਬਾਨਹੋਫ਼ 'ਤੇ ਪੈਂਦੀਆਂ ਬਰਫ਼ਾਂ 'ਚ ਲਾਹ ਕੇ ਭੱਜ ਗਿਆ ਸੀ-ਉਹ ਤਾਂ ਭਲਾ ਹੋਵੇ ਬਾਈ ਰਣਜੀਤ ਦਾ-ਜੀਹਨੇ ਮੇਰੀ ਬਾਂਹ ਤੈਨੂੰ ਫੜਾਤੀ-ਮੇਰੇ ਨਾਲ ਚਾਹੇ ਕੁਛ ਬੀਤੇ-ਪਰ ਮੈਂ ਬਾਈ ਰਣਜੀਤ ਦਾ ਤੇ ਤੇਰਾ ਗੁਣ ਸਾਰੀ ਉਮਰ ਨ੍ਹੀ ਦੇ ਸਕਦਾ।''

-''ਉਏ ਤੂੰ ਕਿਉਂ ਬੱਕੜਵਾਹ ਕਰਨ ਲੱਗ ਪਿਆ...? ਚੱਲ ਚੱਕ ਪੈੱਗ ਖਿੱਚ...!''

ਉਹਨਾਂ ਨੇ ਪੈੱਗ ਧੁਰ ਲਾ ਦਿੱਤੇ।

-''ਕੱਲ੍ਹ ਨੂੰ ਆਪਾਂ ਗੁਰਦੁਆਰੇ ਚੱਲਾਂਗੇ-ਅਰਦਾਸ ਕਰੀਂ! ਸਾਰਾ ਕੁਛ ਠੀਕ ਹੋਜੂਗਾ-ਰੱਬ 'ਤੇ ਡੋਰੀਆਂ ਰੱਖੀਏ-ਘਬਰਾਈਏ ਨਾ-ਜਿਹੜਾ ਕੁਛ ਗੁਰੂ ਕਰਦੈ-ਚੰਗਾ ਈ ਕਰਦੈ-ਆਪਾਂ ਤਾਂ ਐਵੇਂ ਚੰਘਿਆੜਾਂ ਮਾਰਨ ਲੱਗ ਜਾਨੇ ਐਂ!''

ਗੱਲਾਂ ਕਰਦੇ ਉਹ ਫ਼ਿਰ ਸੌਂ ਗਏ।

## ਕਾਂਡ 6

ਅਗਲੇ ਦਿਨ ਉਹ ਗੁਰਦੁਆਰੇ ਚਲੇ ਗਏ। ਐਤਵਾਰ ਦਾ ਦਿਨ ਸੀ। ਸਵੇਰਾ ਦਾ ਹੀ ਮੌਕਾ ਸੀ। ਭਰਪੂਰ ਸਰਦੀ ਤੋਂ ਬਾਅਦ ਅੱਜ ਕਈ ਦਿਨਾਂ ਬਾਅਦ ਧੁੱਪ ਨਿਕਲੀ ਸੀ। ਕੋਸੀ-ਕੋਸੀ ਧੁੱਪ ਵਾਂਗ ਹੀ ਇਕ ਗੱਲ ਸਾਰੇ ਭਾਈਚਾਰੇ ਵਿਚ ਮਘ ਰਹੀ ਸੀ। ਗੁਰਦੁਆਰੇ ਕਾਫ਼ੀ ਗਹਿਮਾਂ ਗਹਿਮੀਂ ਸੀ। ਸਾਰੇ ਹਫ਼ਤੇ ਦੇ ਪਾਪ ਖੱਟਦੇ ਲੋਕ ਇੱਥੇ ਆ ਕੇ ਪਾਪ ਬਖ਼ਸ਼ਾਉਂਦੇ ਅਤੇ ਆਤਮਾ ਦਾ ਸੁਖ ਪ੍ਰਾਪਤ ਕਰਦੇ ਸਨ। ਉਹਨਾਂ ਗੁਰਬਾਣੀਂ ਅਤੇ ਫਿਰ ਕੀਰਤਨ ਸਰਵਣ ਕੀਤਾ। ਭੁੱਜਦੇ ਹਿਰਦੇ ਸੀਤ ਹੋ ਗਏ ਸਨ। ਉਹਨਾਂ ਨੇ ਲੰਗਰ ਛਕਿਆ ਅਤੇ ਗੁਰੂ ਘਰ ਦੀ ਗਰਾਊਂਡ ਵਿਚ ਆ ਗਏ। ਇੱਥੇ ਮੁੰਡੇ ਅਤੇ ਬਾਬੇ ਰਲ਼ ਕੇ ਬਾਲੀਬਾਲ ਖੇਡਦੇ। ਸਾਰੇ ਹਫ਼ਤੇ ਦਾ ਥਕੇਂਵਾਂ ਲੱਥ ਜਾਂਦਾ ਸੀ।

ਉਹਨਾਂ ਨੇ ਗਰਾਊਂਡ ਵਿਚ ਬਾਹਵਾ ਇਕੱਠ ਹੋਇਆ ਦੇਖਿਆ।

ਕੋਈ ਗੁੱਝੀ ਗੱਲ ਚੱਲ ਰਹੀ ਸੀ।

ਫ਼ੌਜੀ ਵੀ ਗੱਲ ਸੁਣਨ ਲਈ ਔਹਲ਼ਿਆ।

-"ਕੀ ਗੱਲ ਹੋ ਗਈ, ਪ੍ਰਧਾਨਾ...?" ਫ਼ੌਜੀ ਨੇ ਪੁੱਛਿਆ।

-"ਜੁਆਕਾਂ ਨੇ ਰਾਤ ਕੋਤਲ ਕੁੱਟ ਧਰਿਆ...!" ਗੱਲ ਅੱਗ ਵਾਂਗ ਫ਼ੈਲੀ ਹੋਈ ਸੀ।

ਸਾਰੇ ਮਿਊਨਿਖ ਵਿਚ ਤਾਂ ਕੀ? ਸਾਰੇ ਜਰਮਨ ਵਿਚ ਇੱਕ ਹੀ ਗੱਲ ਚੱਲ ਰਹੀ ਸੀ। ਕਿਉਂ...? ਕਾਹਤੋਂ...? ਕੀ ਗੱਲ...? ਸਾਰੀ ਦੁਨੀਆਂ ਇੱਕ ਹੀ ਸੁਆਲ ਪੁੱਛ ਰਹੀ ਸੀ! ਕਿਸੇ ਨੂੰ ਕਿਸੇ ਗੱਲ ਦਾ ਪੂਰਾ ਪਤਾ ਨਹੀ ਸੀ। ਕੀ ਗੁਰਦੁਆਰਾ, ਕੀ ਮੰਦਰ, ਦੁਨੀਆਂ ਇਕੱਠੀ ਹੋਈ ਆਪੋ ਆਪਣੇ ਕਿਆਫ਼ੇ ਜ਼ਰੂਰ ਲਾ ਰਹੀ ਸੀ।

-"ਆਖਰ ਕੁੱਟਿਆ ਕਾਹਤੋਂ ਬਈ-ਇਹ ਤਾਂ ਪਤਾ ਲੱਗੇ...?" ਗਿਆਨੀ ਨੇ ਜਾਇਜ਼ਾ ਲੈਣਾ ਚਾਹਿਆ। ਉਹ ਗੁਰਦੁਆਰੇ ਦੇ ਬਾਹਰ, ਗਰਾਊਂਡ ਵਿਚ ਸੰਗਤ ਵਿਚ ਸਾਰਿਆਂ ਨਾਲ਼ੋਂ ਉੱਚਾ ਹੋਇਆ ਖੜ੍ਹਾ ਸੀ।

-"ਕੋਈ ਗੱਲ ਤਾਂ ਆਖਰ ਹੋਊ-ਜੁਆਕ ਕਿਤੇ ਕਮਲ਼ੇ ਐ?" ਗੁਦਾਵਰ ਪ੍ਰਧਾਨ ਨੇ ਆਖਿਆ।

-"ਬਈ ਰੱਬ ਜਾਣੇਂ...!" ਕਿਸੇ ਨੇ ਕਿਹਾ।

-"ਔਹ ਆਉਂਦੈ ਤੁਰਦਾ ਫਿਰਦਾ ਲਾਹੌਰ ਰੇਡੀਓ ਸਟੇਸ਼ਨ-ਉਹ ਦਿਊ ਖਬਰਾਂ ਦਿੱਲੀ ਦੱਖਣ ਦੀਆਂ!" ਸੁਖਦੇਵ ਗ੍ਰੰਥੀ ਨੇ ਦੂਰੋਂ ਆਉਂਦੇ ਚੂਹੜ ਕੰਗ ਵੱਲ ਇਸ਼ਾਰਾ ਕਰਕੇ ਆਖਿਆ।

-"ਇਹ ਕੱਢੂ ਕੋਈ ਸੱਪ...!"

-"ਨਾਲੇ ਕੱਢੂ ਖੜੱਪਾ...!"

-"ਕੌਡੀਆਂ ਆਲਾ...! ਇਹਦਾ ਨਾਂ ਕੰਗ ਐਂਵੇਂ ਨ੍ਹੀ! ਕੋਈ ਨਾ ਕੋਈ ਕੰਗ ਖੜ੍ਹੀ ਈ ਰੱਖਦੈ!"

ਚੂਹੜ ਨੇੜੇ ਆ ਗਿਆ।

ਗੱਲਾਂ ਬੰਦ ਹੋ ਗਈਆਂ।

-"ਬਈ ਚੂਹੜ...!"

-"ਹਾਂ ਬਾਈ...?"

-"ਜੁਆਕਾਂ ਨੇ ਕੋਤਲ ਕਿਉਂ ਕੁੱਟਿਆ-ਤੈਨੂੰ ਤਾਂ ਪਤਾ ਹੋਣੈਂ...?"

-"ਮੈਨੂੰ ਤਾਂ ਕੀ...? ਇਹ ਤਾਂ ਸਾਰੇ ਜਹਾਨ ਨੂੰ ਈ ਪਤੈ-ਕੱਲ੍ਹ ਦੀ ਤਾਂ ਬੂ-ਬੂ ਹੋਈ ਪਈ ਐ-ਜਿੱਥੇ ਖੜ੍ਹਜੋ, ਉਥੇ ਇਹੀ ਗੱਲ ਹੁੰਦੀ ਐ-ਜਿਵੇਂ ਲੋਕਾਂ ਨੂੰ ਹੋਰ ਸਾਰਾ ਕੁਛ ਭੁੱਲ ਈ ਗਿਆ ਹੁੰਦੈ...!" ਚੂਹੜ ਨੇ ਦੰਦੀਆਂ ਜਿਹੀਆਂ ਕੱਢੀਆਂ।

-"ਤਾਂ ਵੀ ਕੁੱਟਣ ਦਾ ਕਾਰਨ ਵੀ ਪਤਾ ਲੱਗੇ-ਤੈਨੂੰ ਤਾਂ ਸਾਰੀ ਬਿੜਕ ਰਹਿੰਦੀ ਐ?"

-"ਤੁਰਦਾ ਫਿਰਦਾ ਰਹਿੰਨੈਂ...।" ਬਿੱਲੂ ਬੱਲ ਨੇ ਵਿਅੰਗ ਨਾਲ ਆਖਿਆ।

-"ਕਹਿੰਦਾ ਅਖੇ ਹਮੇ ਸਿਹਰੇ ਬਾਂਧ ਕਰ ਘੋੜੀ ਪਰ ਬਿਠਾਓ...!" ਚੂਹੜ ਨੇ ਗੱਲ ਪੈਰਾਂ 'ਚ ਮਾਰੀ।

ਇਕ ਚੁੱਪ ਛਾ ਗਈ!

-"ਵਾਹ ਜੀ ਵਾਹ...! ਕਹਿ ਅਜੇ ਚਾਰ ਸਾਲ ਹੋਰ ਅੜਕ ਜਾਹ, 'ਕੱਠਾ ਈ ਬਿਠਾ ਦਿਆਂਗੇ!" ਰਬਿੰਦਰ ਰੈਂਸੀ ਬੋਲਿਆ।

-"ਸ਼ਰਮ ਈ ਲਾਹਤੀ...! ਬਈ ਗੱਲ ਬਾਤ ਕਰਨ ਦੀ ਵੀ ਕੋਈ ਉਮਰ ਹੁੰਦੀ ਐ-ਸੱਠਾਂ ਸਾਲਾਂ ਦਾ ਤੂੰ ਹੋਇਆ ਪਿਐਂ।" ਟੱਲੇਵਾਲ਼ੀਆ ਹਰਚੰਦ ਨੇ ਕਿਹਾ।

-"ਤੇ ਕੁੱਟਿਆ ਕੀਹਨੇ-ਕੀਹਨੇ ਬਈ...?" ਪ੍ਰਸ਼ੋਤਮ 'ਲਾਲਾ' ਐਨਕਾਂ ਵਿਚੋਂ ਦੀ ਤਿੱਤਰ ਫੁੰਡਣ ਵਾਂਗ, ਅੱਖਾਂ ਦੀ ਸ਼ਿਸ਼ਤ ਬੰਨ੍ਹੀ ਖੜ੍ਹਾ ਸੀ।

-"ਹੱਥ ਤਾਂ ਸਾਰਿਆਂ ਜੁਆਕਾਂ ਨੇ ਈ ਤੱਤੇ ਕੀਤੇ ਐ-ਪਰ ਉਹ ਜਿਹੜਾ ਸੁੱਕੀ ਜ੍ਹੀ ... ਆਲਾ ਉਹਦਾ ਬੱਡਾ ਮੁੰਡੈ-ਉਹਨੇ ਤਾਂ ਕਹਿੰਦੇ ਛਿੱਤਰਾਂ ਨਾਲ ਮੂੰਹ ਈ ਮੂੰਹ ਭੰਨਿਆਂ।" ਕਿਸੇ ਨੇ ਭਾਖਿਆ ਦਿੱਤੀ।

-"ਚੱਜ ਦੇ ਬੋਲ ਬੋਲਪਾ...!" ਲੋਪੋ ਵਾਲ਼ੇ ਫ਼ੌਜੀ ਨੇ ਉਸ ਨੂੰ ਟੋਕਿਆ।

-"ਉਹਦੇ ਬਾਰੇ ਥੋਨੂੰ ਪਤੈ ਕੁਛ...?"

-"ਨਹੀਂ-?"
-"ਉਹਦੀ ਰੀੜ੍ਹ ਦੀ ਹੱਡੀ 'ਚ ਨੁਕਸ ਪਤਾ ਕਿਉਂ ਐਂ?"
-"ਬਈ ਪਤਾ ਨ੍ਹੀਂ...!"
-"ਉਹ ਸਕੂਲਾਂ ਕਾਲਜਾਂ 'ਚ 'ਬੈਕ ਮਾਰਦਾ' ਰਿਹੈ!"
-"ਲੈ...?"
-"ਲੈ ਕੀ...? ਉਹਦੇ ਨਾਲ ਪੜ੍ਹਦੇ ਮੁੰਡੇ ਮੈਂ ਗਵਾਹ ਪੇਸ਼ ਕਰ ਸਕਦੈਂ-ਉਹਨੇ ਤਾਂ ਲੰਘਾਤੇ ਹੋਣਗੇ ਆਬਦੇ ਉਤੋਂ ਦੀ ਕੋਈ ਵੀਹ ਮੁੰਡੇ...!"
-"ਵਾਹ ਜੀ ਵਾਹ...! ਸਾਰਾ ਟੱਬਰ ਈ ਇਹੋ ਜਿਐ...?"
-"ਆਵਾ ਈ ਊਤਿਆ ਵਿਐ ਭਾਈ...!"
-"ਗੁਰਦੁਆਰੇ ਦੇ ਬਾਹਰ ਖੜ੍ਹੈਂ-ਕੋਈ ਚੰਗੀ ਗੱਲ ਕਰਲਾ...!" ਬਾਬੇ ਅਜਮੇਰ ਨੇ ਵਰਜਿਆ।
-"ਤੇ ਤੂੰ ਕਿਹੜਾ ਬਾਬਾ ਮੈਂ ਕਹਿੰਨੈਂ, ਆਨੰਦ ਸਾਹਬ ਦਾ ਪਾਠ ਕਰਦਾ ਹੋਵੇਂਗਾ?"
-"ਚੱਲੋ ਛੱਡੋ-ਕੰਮ ਦੀ ਗੱਲ ਕਰੋ! ਤੇ ਕੁੜੀ...? ਕੁੜੀ ਨੇ ਵੀ ਨਾਲ ਈ ਝੁੱਟੀ ਲਾਈ...?"
-"ਕੁੜੀ ਕਿਹੜਾ ਘੱਟ ਸੀ? ਕਹਿੰਦੇ ਪੈਂਤਰੇ ਲੈ-ਲੈ ਕੇ ਉਹ ਪੈਂਦੀ ਸੀ! ਗੰਜੇ ਸਿਰ 'ਚ ਚਿੱਬ ਤਾਂ ਉਹਦੇ ਉਚੀ ਅੱਡੀ ਆਲ਼ੇ ਸੈਂਡਲਾਂ ਨਾਲ ਈ ਪਏ...!"
-"ਸਾਰੇ ਈ ਸੋਲ੍ਹਾਂ ਕਲਾਂ ਸੰਪੂਰਨ ਐ ਭਾਈ...!"
ਇੱਕ ਹਾਸੜ ਪੈ ਗਈ!
-"ਮਾੜੀ ਗੱਲ ਐ ਬਈ...!" ਭੋਗਲ ਨੇ ਬੁਰਾ ਜਿਹਾ ਮਨਾਇਆ।
-"ਗੱਲ ਕਿਤੋਂ ਤਾਂ ਸੁਰੂ ਹੋਈ ਹੋਊ...? ਜੁਆਕ ਐਵੇਂ ਤਾਂ ਨ੍ਹੀ ਕੁੱਟਣ ਪੈਗੇ?" ਸੁਮਿੱਤਰ ਨੂੰ ਗੱਲ ਦੀ ਤਹਿ ਹਾਲੀਂ ਤੱਕ ਲੱਭੀ ਨਹੀਂ ਸੀ। ਉਹ ਜਾਣਕਾਰੀ-ਦਫ਼ਤਰ ਵਿਚ ਕਨਸੋਅ ਲੈਣ ਵਾਲਿਆਂ ਵਾਂਗ, ਸਾਰਿਆਂ ਦੇ ਚਿਹਰਿਆਂ ਦੀ ਜਾਂਚ ਕਰ ਰਿਹਾ ਸੀ।
-"ਆਹੋ...! ਗੱਲ ਤੁਰੀ ਕਿੱਥੋਂ...?" ਪ੍ਰਸ਼ੋਤਮ ਨੇ ਵੀ ਤਸੱਲੀ ਕਰਨੀ ਚਾਹੀ। ਉਹ ਸੈੱਲ ਫ਼ੋਨ ਨੂੰ ਹੱਥ ਵਿਚ ਕਾਟੋ ਵਾਂਗ ਘੁੱਟੀ ਖੜ੍ਹਾ ਸੀ।
-"ਦੇਖੋ ਬਾਈ ਜੀ...! ਜਿਉਂਦੇ ਬੰਦੇ ਨਾਲ ਬੰਦੇ ਦੇ ਵੀਹ ਗੁੱਸੇ ਗਿਲੇ ਹੁੰਦੇ ਐ-ਮਰੇ ਨਾਲ ਕਾਹਦਾ ਰੋਸਾ...? ਮਰਿਆ ਬੰਦਾ ਰੱਬ ਦਾ ਜੀਅ-!" ਜੋਗੇ ਬੈਂਸ ਨੇ ਗੱਲ ਲੰਮੀ ਕਰ ਲਈ।
-"ਤੂੰ ਗੱਲ ਛੇਤੀ ਨਬੇੜ-ਗਿੱਲਾ ਪੀਹਣ ਨਾ ਪਾਅ...!" ਪੰਮੇ ਵਿਰਕ ਨੇ ਆਖਿਆ।
-"ਤੈਨੂੰ ਪਤੈ ਬਈ ਇਹਦੀ 'ਵੈਫ' ਤਾਂ ਦੋ ਕੁ ਸਾਲ ਹੋਗੇ ਵਿਚਾਰੀ ਚੜ੍ਹਾਈ ਕਰਗੀ ਸੀ-ਇਹ ਦੂਜਾ ਵਿਆਹ ਕਰਵਾਉਣ ਨੂੰ ਕਹਿੰਦਾ ਸੀ ਤੇ ਜੁਆਕ ਮੰਨਦੇ ਨ੍ਹੀ ਸੀ-ਤੇ ਇਹ ਪੀ ਕੇ ਲਾਹਣ-ਆਬਦੀ ਘਰਵਾਲੀ ਦੀ ਫੋਟੂ 'ਤੇ ਛਿੱਤਰ ਲੱਗ ਪਿਆ ਮਾਰਨ ਤੇ ਜੁਆਕਾਂ ਨੇ ਢਾਹ ਲਿਆ-!" ਜੋਗੇ ਬੈਂਸ ਨੇ ਗੱਲ ਸਿਰੇ ਲਾਈ।
-"ਬੁਰੀ ਗੱਲ ਐ ਬਈ! ਹੱਦੋਂ ਬੁਰੀ...!" ਕਿਸੇ ਨੇ ਸੱਚ ਹੀ ਬੁਰਾ ਮੰਨਿਆਂ।
-"ਮਰੇ ਬੰਦੇ ਦੀ ਫ਼ੋਟੋ 'ਤੇ ਜੁੱਤੀਆਂ ਮਾਰਨ ਨਾਲ ਕੀ ਮਿਲਜੂ?"
-"ਜੁਆਕਾਂ ਨੂੰ ਡਰਾਉਂਦਾ ਹੋਊ!"
-"ਗਾਜੀਆਣੇ ਆਲਾ ਕੁੰਢਾ ਸਿਉਂ ਬਣ ਕੇ ਦਿਖਾਉਂਦਾ ਸੀ...?"
-"ਆਹੋ...! ਸਾਰੀ ਗੱਲ ਤਾਂ ਹਾਅ ਸੀ!"
-"ਨਹੀਂ ਬਈ ਇਹ ਸਰਾਸਰ ਗਲਤ ਐ! ਫ਼ੋਟੋ 'ਤੇ ਛਿੱਤਰ ਨ੍ਹੀ ਮਾਰਨੇ ਚਾਹੀਦੇ ਸੀ।"
-"ਮਰੇ ਇਨਸਾਨ ਨਾਲ ਕਾਹਦਾ ਰੰਜ?"
-"ਫੇਰ ਬਈ...? ਮਤਲਬ ਕੀ, ਫੇਰ ਕੀ ਹੋਇਆ? ਭਲਿਆ ਮਾਣਸਾ ਗੱਲ ਤਾਂ ਪੱਲੇ ਪਾਅ...!" ਬਾਵਾ ਸਿੰਘ ਨੂੰ ਹੁਣ ਨਜ਼ਾਰਾ ਜਿਹਾ ਆਉਣ ਲੱਗਿਆ ਸੀ। ਉਹ ਭੀੜ੍ਹ ਦੇ ਹੋਰ ਨੇੜੇ ਹੋ ਗਿਆ। ਬਰੀਕ ਅੱਖਾਂ ਨਾਲ ਉਹ ਅਗਲੇ ਦੀ ਫ਼ੋਟੋ ਲਾਹੁੰਣ ਤੱਕ ਜਾਂਦਾ ਸੀ।

-"ਫੇਰ ਕੀ...? ਉਹਨੇ ਛਿੱਤਰ ਖਾ ਕੇ, ਚੱਕਿਆ ਟੈਚੀ ਤੇ ਜਿੱਥੇ ਕੰਮ ਕਰਦੈ ਪੀਜ਼ੇ ਆਲਿਆਂ ਦੇ ਉਥੇ ਜਾ ਵੱਜਿਆ!"

-"ਲੇਕਿਨ, ਉਥੇ ਕਿਉਂ ਜਾ ਵੱਜਿਆ? ਘਰੇ ਕਿਉਂ ਨਹੀਂ ਰਿਹਾ?" ਸੁੱਖੀ ਰੰਧਾਵੇ ਨੇ ਗਲ਼ ਬੋਕ ਵਾਂਗ ਉਪਰ ਚੁੱਕਿਆ ਹੋਇਆ ਸੀ।

-"ਘਰੇ...? ਉਹਨੂੰ ਪਤੈ...!"

-"ਮਤਲਬ ਕੀ, ਕੀ ਪਤੈ...? ਭਲਿਆ ਮਾਣਸਾ ਤੂੰ ਗੱਲ ਪੂਰੀ ਕਰਿਆ ਕਰ...!"

-"ਪਤੈ ਬਈ ਜੁਆਕ ਫੇਰ ਨਾ ਕਿਤੇ ਸਿਹਰੇ ਬੰਨ੍ਹ ਕੇ ਘੋੜੀ 'ਤੇ ਚਾੜ੍ਹ ਦੇਣ!"

-"ਘੋੜੀ 'ਤੇ ਨਾ ਕਹਿ ਭਲਿਆ ਮਾਣਸਾ! ਮਤਲਬ ਕੀ, ਇਉਂ ਕਹਿ ਬਈ 'ਗੱਡੀ' ਨਾ ਚਾੜ੍ਹ ਦੇਣ!"

ਬਾਵਾ ਸਿੰਘ ਦੇ ਆਖਣ 'ਤੇ ਫੇਰ ਹਾਸੜ ਪੈ ਗਈ!

ਲੋਕ ਗੁਰਦੁਆਰੇ ਦੇ ਬਾਹਰ ਧੁੱਪੇ ਗੋਲ ਦਾਇਰਾ ਘੱਤੀ ਖੜ੍ਹੇ ਸਨ।

ਵਾਹਵਾ ਇਕੱਠ ਬੱਝ ਗਿਆ ਸੀ। ਰੌਣਕ ਲੱਗੀ ਹੋਈ ਸੀ।

ਭਾਂਤ-ਭਾਂਤ ਦੀਆਂ ਗੱਲਾਂ ਹੋ ਰਹੀਆਂ ਸਨ।

ਲੋਕਾਂ ਨੂੰ ਟਾਈਮ ਪਾਸ ਕਰਨ ਦਾ ਵਿਸ਼ਾ ਲੱਭ ਗਿਆ ਸੀ।

-"ਮਤਲਬ ਕੀ, ਭਲਿਆ ਮਾਣਸਾ, ਗੱਲ ਸੁਣ...!" ਬਾਵਾ ਸਿੰਘ ਨੇ ਰੰਧਾਵੇ ਦੇ ਬਹੁਤਾ ਹੀ ਨੇੜੇ ਹੋ ਕੇ ਕਿਹਾ।

ਦੇਗ ਲੈਣ ਵਾਲਿਆਂ ਵਾਂਗ ਸਾਰੇ ਉਸ ਦੇ ਨੇੜੇ ਹੋ ਗਏ।

-"ਇਹ ਜਾਤ ਪਤਾ ਕਿਹੜੀ ਐ? ਇਹਨਾਂ ਨੇ ਤਾਂ ਸ਼ਿਵ ਜੀ ਮਹਾਰਾਜ ਨ੍ਹੀ ਬਖ਼ਸ਼ਿਆ ਸੀ!" ਬਾਵਾ ਸਿੰਘ ਕੋਤਲ 'ਤੇ ਕੁਝ ਜ਼ਿਆਦਾ ਹੀ ਖਾਰ ਖਾਂਦਾ ਸੀ। ਦਿਲੋਂ ਲੱਗਦਾ ਸੀ।

-"ਉਹ ਕਿਵੇਂ...?" ਰੰਧਾਵੇ ਨੇ ਖ਼ਰਗੋਸ਼ ਵਾਂਗ ਕੰਨ ਚੁੱਕ ਲਏ।

-"ਲੈ ਸੁਣ ਫੇਰ...!" ਜਿਵੇਂ ਉਸ ਨੂੰ ਕਿੜ੍ਹ ਕੱਢਣ ਦਾ ਮਸਾਂ ਹੀ ਮੌਕਾ ਮਿਲਿਆ ਸੀ।

-"ਚੱਲ ਛੱਡ ਕਾਹਨੂੰ! ਇਹ ਬੇਮਤਾਜ ਲਾਣਾ ਐ ਬਾਈ...! ਕੀਤੇ ਦਾ ਗੁਣ ਨ੍ਹੀ ਜਾਣਦੇ! ਇਹ ਅਕ੍ਰਿਤਘਣ ਲੋਕ ਐ!"

-"ਅਕ੍ਰਿਤਘਣ ਨੂੰ ਤਾਂ ਜਾਨਵਰ ਵੀ ਨ੍ਹੀ ਖਾਂਦੇ!" ਸੁਖਦੇਵ ਗ੍ਰੰਥੀ ਬੋਲਿਆ।

-"ਮਤਲਬ ਕੀ, ਉਹ ਕਿਵੇਂ? ਭਲਿਆ ਮਾਣਸਾ ਜਾਂ ਤਾਂ ਕੋਈ ਸਾਖੀ ਸੁਣਾ-!"

-"ਲੈ ਸੁਣ ਫੇਰ...! ਇਕ ਵਾਰੀ ਬਾਬਾ ਨਾਨਕ, ਭਾਈ ਬਾਲਾ ਤੇ ਮਰਦਾਨਾ ਜੀ ਜੰਗਲ 'ਚ ਤੁਰੇ ਜਾਣ!"

-"ਅੱਛਾ...!" ਬਾਵਾ ਸਿੰਘ ਨੇ ਹੁੰਗਾਰਾ ਭਰਨਾ ਸ਼ੁਰੂ ਕਰ ਦਿੱਤਾ।

-"ਕੀ ਦੇਖਿਆ...? ਜੰਗਲ 'ਚ ਇਕ ਲਾਅਸ਼ ਪਈ ਤੇ ਉਸ ਲਾਅਸ਼ ਦੇ ਆਸੇ ਪਾਸੇ ਗਿਰਝਾਂ ਬੈਠੀਆਂ-ਪਰ ਗਿਰਝਾਂ ਉਸ ਮੁਰਦਾਰ ਨੂੰ ਖਾ ਨਹੀਂ ਸੀ ਰਹੀਆਂ-ਜਦੋਂ ਕਿ ਗਿਰਝਾਂ ਦਾ ਕਰਮ ਈ ਮੁਰਦਾਰ ਨੂੰ ਸਮੇਟਣਾ ਹੁੰਦੈ-ਭਾਈ ਬਾਲੇ ਨੇ ਘੋਰ ਹੈਰਾਨ ਹੋ ਕੇ ਪੁੱਛਿਆ, ਗੁਰੂ ਜੀ, ਕੋਲ ਮੁਰਦਾਰ ਪਿਆ ਹੋਵੇ ਤੇ ਸਿਰ੍ਹਾਣੇਂ ਬੈਠੀਆਂ ਗਿਰਝਾਂ ਉਸ ਨੂੰ ਖਾਣ ਨ੍ਹਾਂ...? ਇਹ ਕੀ ਕੌਤਕ ਐ...? ਤਾਂ ਬਾਬੇ ਨਾਨਕ ਨੇ ਅੰਤਰ ਦ੍ਰਿਸ਼ਟੀ ਨਾਲ ਦੇਖਿਆ ਤਾਂ ਬੋਲੇ, ਭਾਈ ਬਾਲਾ ਜੀ! ਇਹ ਮੁਰਦਾ ਇਕ ਬਹੁਤ ਵੱਡਾ ਅਕ੍ਰਿਤਘਣ, ਵਿਸ਼ਵਾਸਘਾਤੀ ਅਤੇ ਚੁਗਲਖ਼ੋਰ ਸੀ! ਚੁਗਲੀ ਦਾ ਖੱਟਿਆ ਖਾਣ ਵਾਲ਼ਾ ਤੇ ਨਿੰਦਿਆ ਚੁਗਲੀ ਕਰ ਕੇ, ਘਰੋ ਘਰੀ ਪੁਆੜੇ ਖੜ੍ਹੇ ਕਰਕੇ, ਨਹੁੰਆਂ ਨਾਲੋਂ ਮਾਸ ਵੱਖ ਕਰਨ ਵਾਲ਼ਾ ਅਕ੍ਰਿਤਘਣ! ਇਹ ਗਿਰਝਾਂ ਹੁਣ ਇਸ ਮੁਰਦਾਰ ਦਾ ਮਾਸ ਸਮੇਟਣ ਤੋਂ ਇਸ ਕਰਕੇ ਇਨਕਾਰੀ ਹਨ, ਕਿ ਜੇ ਅਸੀਂ ਇਸ ਚੁਗਲਖ਼ੋਰ ਅਤੇ ਵਿਸ਼ਵਾਸਘਾਤੀ ਦਾ ਮਾਸ ਖਾ ਲਿਆ, ਤਾਂ ਅਸੀਂ ਕਲੰਕੀ ਹੋ ਜਾਂਵਾਂਗੀਆਂ! ਵਿਸ਼ਵਾਸਘਾਤੀ ਤੇ ਚੁਗਲਖ਼ੋਰ ਦਾ ਅੰਤ ਐਨਾ ਮਾੜਾ ਹੁੰਦੈ! ਦੇਖੋ, ਇਕ ਬੰਦਾ ਕਿਸੇ 'ਤੇ ਵਿਸ਼ਵਾਸ ਕਰ ਕੇ ਉਸ ਨੂੰ ਆਪਣੇ ਦਿਲ ਦਾ ਸਾਰਾ ਗੁੱਝਾ ਰਹੱਸ ਬਿਆਨ ਕਰਦੈ-ਤੇ ਦੂਜਾ ਉਸ ਦੇ ਕੀਤੇ ਵਿਸ਼ਵਾਸ ਦਾ ਪਹਿਲਾਂ ਤਾਂ ਘਾਤ ਕਰਦੈ-ਤੇ ਫੇਰ ਅੱਗੇ ਚੁਗਲੀ ਵੀ ਕਰਦੈ-ਇਹ ਦੋ ਦੋਸ਼ ਗੁਰਬਾਣੀ ਵਿਚ ਅਤੀਅੰਤ ਘ੍ਰਿਣਤ ਗਿਣੇ ਗਏ ਨੇ-ਉਹਨੂੰ ਰੱਬ ਦੇ ਬੰਦਿਆਂ ਨੇ ਜਾਂ ਅਕਾਲ ਪੁਰਖ਼ ਨੇ ਤਾਂ ਕੀ ਗਲ਼ ਨਾਲ ਲਾਉਣੈਂ? ਅਕ੍ਰਿਤਘਣ ਉਹ

ਹੁੰਦੈ, ਜਿਹੜਾ ਕਿਸੇ ਦੀ ਕੀਤੀ ਕਿਰਤ ਜਾਂ ਕੀਤੇ ਗੁਣ ਦਾ ਘਾਣ ਕਰੇ-ਉਹਨੂੰ ਤਾਂ ਗਿਰਝਾਂ ਵੀ ਸਮੇਟਣੋਂ ਮੁਨੱਕਰ ਹੋ ਜਾਂਦੀਐਂ....!"

-"ਉਏ ਕੋਤਲ ਦਾ ਤਾਂ ਸਾਰਾ ਟੱਬਰ ਈ ਇਹੋ ਜਿਐ-ਕਿਸੇ ਦਾ ਗੁਣ ਨ੍ਹੀ ਪਾਉਣ ਆਲ਼ੇ ਇਹੇ! ਜਦੋਂ ਏਸ ਜਾਤ ਕੋਲ ਚਾਰ ਪੈਸੇ ਆ ਜਾਣ-ਟਟੀਹਰੀ ਮਾਂਗੂੰ ਟੰਗਾਂ ਅਸਮਾਨ ਵੱਲ ਨੂੰ ਚੱਕ ਕੇ ਸੌਂਦੇ ਐ!" ਪੰਮਾ ਵਿਰਕ ਬੋਲਿਆ। ਉਹ ਕਾਫ਼ੀ ਦੇਰ ਦਾ ਕੁਝ ਆਖਣ ਲਈ ਮੱਝ ਵਾਂਗ ਵੱਟ ਜਿਹਾ ਕਰ ਰਿਹਾ ਸੀ।

-"ਹੁਣ ਰੱਜ ਕੇ ਰੋਟੀ ਜਿਉਂ ਖਾਣ ਲੱਗਪੇ-ਕਜਾਤ ਤਾਂ ਦਿਖਾਉਣਗੇ ਈ? ਇਹ ਤਾਂ ਭੁੱਖੇ ਮਰਦੇ ਨ੍ਹੀ ਮਾਨ ਹੁੰਦੇ!"

-"ਸਿਆਣਿਆਂ ਦੇ ਆਖਣ ਮਾਂਗੂੰ-ਇਹ ਤਾਂ ਬਿਗਾਨੇ ਸੁਹਾਗੇ 'ਤੇ ਨ੍ਹੀ ਲੋਟ ਆਉਂਦੇ।"

-"ਇਹਨਾਂ ਦੀ ਤਾਂ ਉਹ ਗੱਲ ਐ-ਮਾਮੇਂ ਦੇ ਕੰਨੀਂ ਨੱਤੀਆਂ ਤੇ ਭਾਣਜਾ ਆਕੜਿਆ ਫਿਰੇ।"

-"ਹੁਣ ਲਾੜਾ ਸਾਹਬ ਹੈ ਕਿੱਥੇ...?"

-"ਪੀਜ਼ੇ ਆਲਿਆਂ ਦੇ ਈ ਹੋਊ! ਹੋਰ ਉਹਨੇ ਹਰੀ ਕੇ ਪੱਤਣ ਜਾਣੈਂ?"

-"ਚਲ ਜੁਆਕਾਂ ਨੇ ਤਾਂ ਜੋ ਕੁਛ ਕੀਤਾ ਸੀ, ਕੀਤਾ ਈ ਸੀ! ਪਰ ਇਹਨੂੰ ਕੰਜਰ ਨੂੰ ਤਾਂ ਸੋਚਣਾ ਚਾਹੀਦਾ ਸੀ-ਸਿਆਣਾ ਬਿਆਣਾ ਹੈਗੈ-ਚੱਕ ਕੇ ਟੈਚੀ ਪੀਜ਼ੇ ਆਲਿਆਂ ਦੇ ਜਾ ਵੱਜਿਆ? ਜੁਆਕਾਂ ਬਾਰੇ ਤਾਂ ਕੁਛ ਸੋਚਦਾ?"

-"ਨਾਲੇ ਕੁਛ ਸਮਝ ਕਰੇ! ਕੁੜੀ ਕੋਠੇ ਜਿੱਡੀ ਹੋਈ ਪਈ ਐ-ਵਿਆਹੁੰਣ ਵਰਨ ਆਲੀ ਐ...!"

-"ਤੈਨੂੰ ਦੱਸੀ ਤਾਂ ਜਾਨੈਂ-ਬਈ ਇਹਨਾਂ ਨੂੰ ਕੁੱਤੀਆਂ ਜਾਤਾਂ ਫੇਰ ਕੌਣ ਕਹੇ?"

-"ਇਹਨਾਂ ਦੀ ਕਜਾਤ ਊਂ ਨ੍ਹੀ ਪਛਾਣੀ ਜਾਂਦੀ-ਐਥੋਂ ਪਛਾਣੀਂ ਜਾਂਦੀ ਐ-ਹੋਰ ਇਹਨਾਂ ਦੇ ਸਿਰ 'ਤੇ ਸਿੰਗ ਨ੍ਹੀ ਹੁੰਦੇ!"

-"ਢੇਡ ਇਹਨਾਂ ਨੂੰ ਐਮੇਂ ਨ੍ਹੀ ਕਹਿੰਦੇ...!"

-"ਇਕ ਗੱਲ ਥੋਨੂੰ ਮੈਂ ਦੱਸਾਂ...?" ਆਹਲੂਵਾਲੀਏ 'ਤਾਊ' ਨੇ ਕਾਫ਼ੀ ਦੇਰ ਬਾਅਦ ਚੁੱਪ ਤੋੜੀ ਸੀ।

-"......।" ਸਾਰੇ ਉਸ ਵੱਲ ਦੇਖਣ ਲੱਗ ਪਏ।

-"ਜਿਹੜੇ ਇਹਨੇ ਯੁਗੋਸਲਾਵੀਆ ਆਲੇ ਮੀਰੋਸਲਾਵ ਤੋਂ ਬਿਨਾ ਗੱਲੋਂ ਨਿਹੱਕਾ ਪੰਦਰਾਂ ਹਜਾਰ ਮਾਰਕ ਲਿਐ ਨ੍ਹਾ? ਅਦਾਲਤ 'ਚ ਗਲਤ ਬਿਆਨਬਾਜੀ ਕਰਕੇ? ਉਹ ਹਰਾਮ ਦਾ ਲਿਆ ਪੰਦਰਾਂ ਹਜਾਰ ਮਾਰਕ ਇਹਦੇ ਘਰ ਨੂੰ ਉਜਾੜ ਕੇ ਛੱਡੂ!"

-"ਹਰਾਮ ਦਾ ਪੈਸਾ ਚੌਗਣੇ ਲੈ ਕੇ ਨਿਕਲਦੈ!"

-"ਉਹ ਤਾਂ ਬਾਬੇ ਨਾਨਕ ਨੇ ਨ੍ਹੀ ਕਿਹਾ? ਹੱਕ ਪਰਾਇਆ ਨਾਨਕਾ-ਉਸ ਸੂਅਰ ਉਸ ਗਾਇ! ਗੁਰ ਪੀਰ ਹਾਮਾ ਤਾ ਭਰੈ-ਜੇ ਮੁਰਦਾਰ ਨਾ ਖਾਇ-ਹਰਾਮ ਦੀ ਕਮਾਈ ਨੂੰ ਗੁਰਬਾਣੀ ਮੁਰਦਾਰ ਖਾਣਾ ਆਖਦੀ ਐ!"

-"ਪਾਪ ਦਾ ਬੇੜਾ ਭਰ ਕੇ ਡੁੱਬਦੈ, ਬਾਈ ਸਿਆਂ...!"

-"ਘਰ ਤਾਂ ਉਜੜ ਗਿਆ! ਘਰਆਲੀ ਵਿਚਾਰੀ ਅਣਆਈ ਮੌਤ ਮਾਰੀ ਗਈ-ਜੁਆਕ ਛਿੱਤਰ ਫੇਰਨ ਲੱਗਪੇ-ਹੋਰ ਐਦੂੰ ਤਬਾਹੀ ਹੋਰ ਕੀ ਹੋਊ...? ਜਦੋਂ ਬੰਦੇ ਦੇ ਜੁਆਕਾਂ ਵੱਲੀਂਓਂ ਈ ਛਿੱਤਰ ਪੌਲਾ ਹੋਣ ਲੱਗਪੇ, ਹੋਰ ਤਬਾਹੀ ਕੀ ਹੁੰਦੀ ਐ?"

-"ਅਜੇ ਤਾਂ ਤਬਾਹੀ ਇਹਦੇ ਖਾਨਦਾਨ ਦੀ ਹੋਊਗੀ! ਉਸ ਬੁੱਢੇ ਯੁਗੋਸਲਾਵੀਅਨ, ਮੀਰੋਸਲਾਵ ਦੇ ਵਿਚਾਰੇ ਦੇ ਮਨ 'ਤੇ ਐਹੋ ਜਿਆ ਬੁਰਾ ਅਸਰ ਪਿਆ-ਉਸ ਕੇਸ ਤੋਂ ਬਾਅਦ ਉਹ ਉਠਿਆ ਈ ਨ੍ਹੀ-ਥੋੜੇ ਚਿਰ ਬਾਅਦ ਈ 'ਚੜ੍ਹਾਈ' ਕਰ ਗਿਆ-ਉਹਦੇ ਪੈਸੇ ਇਹਦੇ ਖਾਨਦਾਨ ਨੂੰ ਲੈ ਡੁੱਬਣਗੇ-ਮੇਰੀ ਅੱਜ ਦੀ ਗੱਲ ਲਿਖ ਲੈ...!"

-"ਮਤਲਬ ਕੀ, ਮੀਰੋਸਲਾਵ ਉਹਦਾ ਨਾਂ ਸੀ?"

-"ਆਹੋ...! ਹੋਰ ਕੀ ਸੀ...?"

...ਅਸਲ ਵਿਚ ਕੋਤਲ, ਕਾਦਰ ਅਤੇ ਆਹਲੂਵਾਲੀਆ ਇੱਕੋ ਰੈਸਟੋਰੈਂਟ ਵਿਚ ਯੁਗੋਸਲਾਵੀਅਨ ਮੀਰੋਸਲਾਵ ਨਾਲ ਕੰਮ ਕਰਦੇ ਸਨ। ਸਾਰੇ ਇਕ ਪਾਸੇ ਬਰਤਨ ਧੋਣ ਦਾ ਕੰਮ ਕਰਦੇ ਸਨ। ਮੀਰੋਸਲਾਵ ਖਾਣ-ਪੀਣ ਵਾਲਾ ਅਤੇ ਲਹਿਰੀ ਬੰਦਾ ਸੀ। ਕੋਤਲ ਮੀਸਣਾਂ, ਕਮਚੋਰ ਅਤੇ ਹੱਡ-ਰੱਖ, ਸ਼ੈਤਾਨ ਦਿਮਾਗ ਸੀ। ਜਿਸ ਕਰਕੇ

ਮੀਰੋਸਲਾਵ ਉਸ ਨੂੰ ਸਮੇਂ-ਸਮੇਂ ਕੰਮ ਕਰਨ ਨੂੰ ਠੋਕਰਦਾ ਰਹਿੰਦਾ ਸੀ। ਪਰ ਕੋਤਲ ਉਸ ਦੀ ਗੱਲ ਸੁਣ ਕੇ ਕੰਨ-ਮੁੱਢ ਮਾਰ ਛੱਡਦਾ। ਕੰਮ ਕਰਨ ਨੂੰ ਉਹ ਮੌਲਾ ਬਲ਼ਦ ਹੀ ਸੀ, ਪੂਛੋਂ ਫੜ ਕੇ ਖੜ੍ਹਾ ਕਰਨ ਵਾਲਾ! ਕਾਦਰ, ਆਹਲੂਵਾਲੀਆ ਅਤੇ ਮੀਰੋਸਲਾਵ ਕੰਮ ਦੇ ਗੇੜੇ ਖੁਆਈ ਰੱਖਦੇ, ਪਰ ਕੰਮਚੋਰ ਕੋਤਲ ਆਪਣੀ ਚਮੜੀ ਬਚਾਉਂਦਾ, ਕਦੇ ਟੁਆਇਲਟ ਵਿਚ ਜਾ ਕੇ ਬੈਠ ਜਾਂਦਾ ਅਤੇ ਕਦੇ ਕੰਟੀਨ ਵਿਚ ਕੋਕਾ-ਕੋਲਾ ਲੈ ਕੇ ਬੈਠਾ ਰਹਿੰਦਾ! ਕਦੇ ਸਿਰ ਦੁਖਦੇ ਦਾ ਬਹਾਨਾ ਮਾਰਦਾ ਅਤੇ ਕਦੇ ਬਿਮਾਰੀ ਦਾ ਬਹਾਨਾ ਲਾ ਕੇ ਘਰੇ ਹੀ ਰਹਿ ਪੈਂਦਾ। ਉਸ ਦਾ ਸਾਰਾ ਕੰਮ ਇਹਨਾਂ ਤਿੰਨਾਂ ਨੂੰ ਹੀ ਕਰਨਾ ਪੈਂਦਾ। ਮੀਰੋਸਲਾਵ ਅਤੀਅੰਤ ਖਿਝਦਾ, ਕਾਦਰ ਹੋਰਾਂ ਨੂੰ ਉਲਾਂਭੇ ਦਿੰਦਾ ਰਹਿੰਦਾ, "ਥੋਡਾ ਬੰਦਾ ਮਹਾਂ ਨਲਾਇਕ ਤੇ ਆਲਸੀ...!" ਪਰ ਕਾਦਰ ਹੋਰੀਂ ਕੋਤਲ ਦੀ ਕਬੀਲਦਾਰੀ ਬਾਰੇ ਸੋਚ ਕੇ ਹੀ, ਘੇਸਲ ਮਾਰ ਛੱਡਦੇ। ਉਹ ਸੋਚਦੇ ਬਈ ਜੇ ਇਸ ਨੂੰ ਮਾਲਕਾਂ ਨੇ ਕੱਢ ਦਿੱਤਾ ਤਾਂ ਵਿਚਾਰੇ ਦੇ ਜੁਆਕ ਭੁੱਖੇ ਮਰ ਜਾਣਗੇ! ਉਹ ਰੱਬ ਦੇ ਨਾਂ ਨੂੰ 'ਚੱਲ-ਹੋਊ' ਕਰ ਛੱਡਦੇ।

ਇਕ ਦਿਨ ਕੁਦਰਤੀਂ ਮੀਰੋਸਲਾਵ ਅਤੇ ਕੋਤਲ ਵਿਚ ਇਸੇ ਗੱਲ ਤੋਂ ਹੀ "ਤੂੰ-ਤੂੰ, ਮੈਂ-ਮੈਂ" ਹੋ ਗਈ। ਪਰ ਕਾਦਰ ਹੋਰਾਂ ਨੇ ਹਟਾ ਦਿੱਤੇ। ਪਰ ਕੋਤਲ ਕੁਝ ਜ਼ਿਆਦਾ ਹੀ ਤੱਤਾ ਹੋ ਰਿਹਾ ਸੀ। ਅਸਲ ਵਿਚ ਕੰਮਚੋਰ ਆਦਮੀ ਬਹਾਨੇ ਘੜ੍ਹਨ ਵਿਚ ਉਸਤਾਦ ਹੁੰਦਾ ਹੈ। ਜਿਹੜੇ ਬੰਦੇ ਕੋਲ ਦਲੀਲ ਨਾ ਹੋਵੇ, ਉਹ ਜ਼ਿਆਦਾ ਕਰੋਧੀ ਹੁੰਦਾ ਹੈ। ਮੀਰੋਸਲਾਵ ਇਕ ਹੋਰ ਗੱਲ ਤੋਂ ਅਤੀਅੰਤ ਚਿੜਦਾ ਸੀ, ਉਹ ਇਹ ਸੀ ਕਿ ਕੋਤਲ ਨੂੰ ਨਾਸਾਂ ਵਿਚੋਂ ਚੂਹੇ ਕੱਢਣ ਅਤੇ ਚਿੱਤੜ ਖੁਰਕਣ ਦੀ ਬੁਰੀ ਆਦਤ ਸੀ। ਮੀਰੋਸਲਾਵ ਜਰਮਨ ਭਾਸ਼ਾ ਵਿਚ ਉਸ ਨੂੰ ਕਦੇ 'ਸੂਰ' ਅਤੇ ਕਦੇ 'ਭੱਦਾ-ਕੁੱਤਾ' ਆਖਦਾ। ਮੀਰੋਸਲਾਵ ਕੋਤਲ ਕੋਲ ਬੈਠ ਕੇ ਰੋਟੀ ਨਾ ਖਾ ਸਕਦਾ। ਉਸ ਦਾ ਗੁੱਸਾ ਸੀ ਵੀ ਜਾਇਜ। ਕਿਹੜਾ ਅਜਿਹੇ ਭੱਦੇ ਕਾਰੇ ਕਰਨ ਵਾਲਿਆਂ ਕੋਲ ਬੈਠ ਕੇ ਰੋਟੀ ਖਾ ਸਕਦਾ ਹੈ? ਮੀਰੋਸਲਾਵ ਉਸ ਦੀਆਂ ਅਜਿਹੀਆਂ ਕਰਤੂਤਾਂ ਦੂਜੇ ਕਾਮਿਆਂ ਨੂੰ ਦੱਸਦਾ ਰਹਿੰਦਾ। ਸਾਰੇ ਕੋਤਲ ਨੂੰ ਘਿਰਣਾ ਕਰਦੇ।

ਇਕ ਦਿਨ ਕਾਦਰ ਅਤੇ ਆਹਲੂਵਾਲੀਆ ਕੰਟੀਨ ਵਿਚ ਖਾਣਾ ਖਾਣ ਗਏ ਹੋਏ ਸਨ ਤਾਂ ਮੀਰੋਸਲਾਵ ਦੀ ਫਿਰ ਨੱਕ ਵਿਚੋਂ ਚੂਹੇ ਕੱਢਣ ਤੋਂ ਕੋਤਲ ਨਾਲ ਖੜਕ ਪਈ। ਮੀਰੋਸਲਾਵ ਨੇ ਉਸ ਨੂੰ ਸੌ-ਸੌ ਗਾਲ੍ਹ ਕੱਢੀ। ਲੜਦਿਆਂ-ਲੜਦਿਆਂ ਕੋਤਲ ਦੀ ਉਂਗਲ ਭਾਂਡੇ ਧੋਣ ਵਾਲੀ ਮਸ਼ੀਨ ਵਿਚ ਆ ਗਈ। ਉਂਗਲ ਟੁੱਟ ਗਈ। ਉਦੋਂ ਨੂੰ ਕਾਦਰ ਅਤੇ ਆਹਲੂਵਾਲੀਆ ਵੀ ਕੰਟੀਨ ਵਿਚੋਂ ਖਾਣਾ ਖਾ ਕੇ ਆ ਗਏ। ਕੋਤਲ ਉਂਗਲ ਫੜੀ ਭਾਂਡੇ ਧੋਣ ਵਾਲੀ ਮਸ਼ੀਨ ਕੋਲ, ਭੁੰਜੇ ਹੀ ਬੈਠਾ ਬਹੁੜੀਆਂ ਪਾ ਰਿਹਾ ਸੀ।

-"ਕੋਤਲਾ ਕੀ ਹੋ ਗਿਆ ਈ, ਅੱਲਾ ਖ਼ੈਰ ਕਰੇ?" ਪਾਕਿਸਤਾਨੀ ਮੁੰਡੇ ਕਾਦਰ ਨੇ ਬੱਗੇ ਫੂਸ ਹੋਏ ਕੋਤਲ ਨੂੰ ਪੁੱਛਿਆ।

-"ਐਹਨੇ ਭੈਣ ਚੋਦ ਨੇ ਮੇਰੇ ਪਲੇਟ ਮਾਰੀ।" ਕੋਤਲ ਨੇ ਕੋਲ ਚੁੱਪ ਚਾਪ ਖੜ੍ਹੇ ਮੀਰੋਸਲਾਵ ਵੱਲ ਹੱਥ ਕਰ ਕੇ ਕਿਹਾ।

-"ਤੂੰ ਇਹਦੇ ਪਲੇਟ ਕਿਉਂ ਮਾਰੀ?" ਕਾਦਰ ਨੇ ਮੀਰੋਸਲਾਵ ਨੂੰ ਜਰਮਨ ਭਾਸ਼ਾ ਵਿਚ ਪੁੱਛਿਆ।

-"ਕੀ? ਮੈਂ ਇਹਦੇ ਪਲੇਟ...?" ਦਿਲੋਂ ਸੱਚਾ ਮੀਰੋਸਲਾਵ ਅੰਦਰੋਂ ਥਿੜਕ ਗਿਆ। ਉਸ ਉਪਰ ਸਰਾਸਰ ਝੂਠਾ ਇਲਜ਼ਾਮ ਕੋਤਲ ਵੱਲੋਂ ਠੋਸਿਆ ਜਾ ਰਿਹਾ ਸੀ। ਪਰ ਸੱਚਾ ਬੰਦਾ ਸੱਚਾਈ ਨਹੀਂ ਬਣ ਸਕਦਾ।

-"ਹਾਂ...! ਹਰਾਮਜ਼ਾਦਿਆ! ਤੂੰ ਮੇਰੇ ਪਲੇਟ ਨਹੀਂ ਮਾਰੀ...?" ਝੂਠਾ ਕੋਤਲ ਉਲਟਾ ਉਸ ਨੂੰ ਖਾਣ ਆਇਆ। ਵਿੰਗੀ ਟੇਢੀ ਜਰਮਨ ਭਾਸ਼ਾ ਵਿਚ ਉਹ ਮੀਰੋਸਲਾਵ ਨੂੰ ਗਾਲ੍ਹਾਂ ਕੱਢੀ ਜਾ ਰਿਹਾ ਸੀ।

-"ਕਾਦਰ, ਮੈਂ ਰੱਬ ਦੀ ਸਹੁੰ ਖਾ ਕੇ ਆਖਦੈਂ - ਮੈਂ ਕੋਤਲ ਦੇ ਪਲੇਟ ਨਹੀਂ ਮਾਰੀ-ਇਹਦਾ ਹੱਥ ਮਸ਼ੀਨ 'ਚ ਆ ਗਿਆ...!" ਘਾਬਰੇ ਮੀਰੋਸਲਾਵ ਨੇ ਦੁੱਧ ਵਰਗੀ ਸੱਚਾਈ ਕਾਦਰ ਅੱਗੇ ਰੱਖਣੀ ਚਾਹੀ।

ਪਰ ਉਸ ਦੀ ਸੱਚਾਈ ਸੁਣਨੀ ਕਿਸ ਨੇ ਸੀ? ਕਾਦਰ ਪਾਕਿਸਤਾਨੀ ਅਤੇ ਆਹਲੂਵਾਲੀਆ ਇੰਡੀਅਨ, ਦੇਸੀ ਬੰਦੇ, ਉਹਨਾਂ ਨੇ ਕੁਦਰਤੀ ਹੀ ਕੋਤਲ ਦੀ ਹਮਾਇਤ ਕਰਨੀ ਸੀ।

ਕਾਦਰ ਗੁੱਸੇ ਵਿਚ ਕਿਚਨ-ਸ਼ੈੱਫ਼ ਨੂੰ ਬੁਲਾ ਲਿਆਇਆ।

ਕੋਤਲ ਦੀ ਗੱਲ ਸੁਣ ਕੇ ਕਿਚਨ-ਸ਼ੈੱਫ਼ ਪੈਰਾਂ ਹੇਠੋਂ ਮਿੱਟੀ ਕੱਢਣ ਲੱਗ ਪਿਆ। ਕੰਮ 'ਤੇ ਲੜਾਈ ਤਾਂ ਇੱਥੇ ਮਹਾਂ ਮੂਰਖਤਾ ਸੀ। ਸਿੱਧਾ ਹੀ ਜ਼ੁਰਮ! ਉਸ ਨੇ ਪੁਲੀਸ ਨੂੰ ਫ਼ੋਨ ਕਰ ਦਿੱਤਾ ਅਤੇ ਕੋਤਲ ਨੂੰ ਐਂਬੂਲੈਂਸ ਬੁਲਾ ਕੇ

ਹਸਪਤਾਲ ਤੋਰ ਦਿੱਤਾ। ਪੁਲੀਸ ਨੇ ਕਾਦਰ ਅਤੇ ਆਹਲੂਵਾਲੀਆ ਦੇ ਬਿਆਨਾਂ ਦੇ ਆਧਾਰ 'ਤੇ ਬਿਲਕੁਲ ਨਿਰਦੋਸ਼ ਮੀਰੋਸਲਾਵ ਦੇ ਖ਼ਿਲਾਫ਼ ਫ਼ੌਜਦਾਰੀ ਦਾ ਕੇਸ ਦਰਜ਼ ਕਰ ਲਿਆ ਅਤੇ ਕਿਚਨ-ਸ਼ੈਫ਼ ਨੇ ਮੀਰੋਸਲਾਵ ਨੂੰ ਲੜਾਈ ਦਾ ਆਧਾਰ ਬਣਾ ਕੇ ਕੰਮ ਤੋਂ ਦਫ਼ਾ ਕਰ ਦਿੱਤਾ। ਮੀਰੋਸਲਾਵ ਨੇ ਬਹੁਤ ਮਿੰਨਤਾਂ ਕੀਤੀਆਂ, ਸਫ਼ਾਈ ਦੇਣੀ ਚਾਹੀ। ਪਰ ਸੁਣਨੀ ਕਿਸ ਨੇ ਸੀ? ਕਬੀਲਦਾਰ ਬੰਦਾ ਬਗੈਰ ਕੰਮ ਤੋਂ ਇਕ ਤਰ੍ਹਾਂ ਨਾਲ ਸੜਕ 'ਤੇ ਆ ਗਿਆ ਸੀ।

-"ਸਾਲਾ ਕੁੱਤੇ ਦਾ! ਅੱਜ ਇਹਨੇ ਕੋਤਲ ਦੇ ਪਲੇਟ ਮਾਰੀ ਐ-ਕੱਲ੍ਹ ਨੂੰ ਭੂਸਰਿਆ ਕਿਸੇ ਦੇ ਹੋਰ ਮਾਰੂ-ਇਹਨੂੰ ਨਰੜਾਇਆ ਈ ਚੰਗੈ-ਨਾਲੇ ਕੋਤਲ ਆਪਣਾ ਦੇਸੀ ਭਾਈ ਐ-ਇਹ ਯੁਗੋਸਲਾਵੀਅਨ ਕਜਾਤ ਆਪਣਾ ਲੱਗਦਾ ਵੀ ਕੀ ਐ?" ਕਾਦਰ ਨੇ ਅੰਦਰਲੀ ਭੜ੍ਹਾਸ ਕੱਢੀ।

-"ਪਰ ਕਾਦਰਾ! ਇਹ ਮੈਨੂੰ ਪਲੇਟ ਮਾਰਨ ਆਲਾ ਲੱਗਦਾ ਨ੍ਹੀ-ਮੈਨੂੰ ਮੈਦ ਐ-ਸੱਟ ਕੋਤਲ ਦੇ ਕਿਸੇ ਤਰ੍ਹਾਂ ਹੋਰ ਵੱਜਗੀ ਤੇ ਲਾਉਂਦਾ ਉਹ ਇਹਦੇ ਮੀਰੋਸਲਾਵ ਦੇ ਸਿਰ ਐ?" ਆਹਲੂਵਾਲੀਏ ਨੇ ਆਪਣੇ ਮਨ ਦੀ ਸ਼ੰਕਾ ਦੱਸੀ।

ਅਗਲੇ ਦਿਨ ਰੋਣਹਾਕਾ ਹੋਇਆ ਮੀਰੋਸਲਾਵ ਫਿਰ ਉਹਨਾਂ ਪਾਸ ਆ ਗਿਆ। ਕਿਚਨ-ਸ਼ੈੱਫ਼ ਤੋਂ ਚੋਰੀ!

-"ਕਾਦਰਾ...! ਤੂੰ ਮੁਸਲਮਾਨ ਭਾਈ ਐਂ-ਤੇ ਮੈਂ ਵੀ ਮੁਸਲਮਾਨ ਐਂ-ਅੱਲਾ ਤਾਲਾ ਦੀ ਕਸਮ-ਮੈਂ ਕੋਤਲ ਦੇ ਪਲੇਟ ਨਹੀਂ ਮਾਰੀ-ਉਹਦਾ ਹੱਥ ਮਸ਼ੀਨ 'ਚ ਆ ਗਿਆ ਤੇ ਝੂਠਾ ਇਲਜ਼ਾਮ ਮੇਰੇ 'ਤੇ ਲਾ ਧਰਿਆ-।" ਉਸ ਨੇ ਤਰਲਾ ਕੀਤਾ।

ਪਰ ਕਾਦਰ ਨੇ ਸੱਚ ਨਾ ਮੰਨਿਆ। ਉਸ ਦਾ ਦੇਸੀ ਭਾਈ ਜ਼ਖਮੀ ਹੋਇਆ ਸੀ, ਜਿਸ ਕਰ ਕੇ ਉਹ ਨੱਕ ਵਿਚੋਂ ਬਰੂਦ ਸੁੱਟ ਰਿਹਾ ਸੀ।

-"ਕੋਤਲ ਝੂਠ ਬੋਲਦੈ...?" ਕਾਦਰ ਬੋਲਿਆ।

-"ਅੱਲਾ ਤਾਲਾ ਨੂੰ ਹਾਜ਼ਰ ਸਮਝ ਕੇ ਕਹਿੰਨੈਂ-ਉਹ ਬਿਲਕੁਲ ਈ ਝੂਠ ਬੋਲ ਰਿਹੈ।"

ਇਸ ਤੋਂ ਪਹਿਲਾਂ ਮੀਰੋਸਲਾਵ ਹੋਰ ਸਪੱਸ਼ਟੀਕਰਨ ਦਿੰਦਾ, ਕਿਚਨ-ਸ਼ੈਫ਼ ਨੇ ਆ ਕੇ ਮੀਰੋਸਲਾਵ ਨੂੰ ਬਾਹੋਂ ਫ਼ੜਿਆ ਅਤੇ ਬਾਹਰ ਕੱਢ ਦਿੱਤਾ।

-"ਮੁੜ ਕੇ ਸਾਡੇ ਰੈਸਟੋਰੈਂਟ ਵਿਚ ਨਾ ਆ ਜਾਵੀਂ-ਪੁਲਸ ਬੁਲਾ ਕੇ ਗ੍ਰਿਫ਼ਤਾਰ ਕਰਵਾ ਦਿਆਂਗਾ-ਸਮਝਿਆ...!" ਸ਼ੈੱਫ਼ ਕਰੋਧ ਵਿਚ ਬੋਲਿਆ।

-"ਸ਼ੈਫ਼! ਮੈਂ ਬਿਲਕੁਲ ਸੱਚਾ ਅਤੇ ਨਿਰਦੋਸ਼ ਹਾਂ-ਕਿਰਪਾ ਕਰਕੇ ਮੇਰੀ ਗੱਲ ਤਾਂ ਸੁਣ!"

-"ਦਫ਼ਾ ਹੋਜਾ ਇੱਥੋਂ-ਹਰਾਮਜ਼ਾਦਾ...!" ਸ਼ੈੱਫ਼ ਨੇ ਉਸ ਨੂੰ ਦੁਰਕਾਰ ਦਿੱਤਾ।

-"ਸ਼ੈਫ਼-ਮੇਰੇ ਛੋਟੇ ਛੋਟੇ ਬੱਚੇ ਨੇ-ਕਿਰਪਾ ਕਰੋ! ਮੇਰੀ ਗੱਲ ਤਾਂ ਸੁਣ ਲਓ-?"

-"ਮੈਂ ਕਿਹਾ, ਦਫ਼ਾ ਹੋਜਾ ਇੱਥੋਂ...!"

ਮੀਰੋਸਲਾਵ ਅਤੀਅੰਤ ਉਦਾਸ ਹੋਇਆ ਬਾਹਰ ਨਿਕਲ ਗਿਆ। ਪੱਲੜੇ ਝਾੜ ਕੇ, ਖਾਲੀ ਹੱਥ ਤੁਰੇ ਵਪਾਰੀ ਵਾਂਗ। ਨਿੱਕੇ-ਨਿੱਕੇ ਬੱਚਿਆਂ ਦੇ ਚਿਹਰੇ ਉਸ ਦੇ ਦਿਮਾਗ ਵਿਚ ਕੀਰਨੇ ਪਾ ਰਹੇ ਸਨ।

ਕੇਸ ਦਰਜ਼ ਹੋਇਆ ਹੋਣ ਕਰਕੇ ਮੀਰੋਸਲਾਵ ਨੇ ਕਾਦਰ ਅਤੇ ਆਹਲੂਵਾਲੀਏ ਦੀਆਂ ਬਹੁਤ ਮਿੰਨਤਾਂ ਕੀਤੀਆਂ। ਚਾਹੇ ਕੇਸ ਬਿਲਕੁਲ ਬੇਹੂਦਾ ਅਤੇ ਨਿਰਮੂਲ ਅਰਥਾਤ ਝੂਠਾ ਦਰਜ਼ ਹੋਇਆ ਸੀ, ਪਰ ਦੋ 'ਚਸ਼ਮਦੀਦ' ਗਵਾਹਾਂ ਕਰਕੇ ਮੀਰੋਸਲਾਵ ਦਾ ਦਿਲ ਘਟਦਾ ਰਹਿੰਦਾ। ਬੇਰੁਜ਼ਗਾਰੀ ਬੜੀ ਮਾੜੀ ਚੀਜ਼ ਹੈ। ਘਰ ਦੀਆਂ ਕਿਸ਼ਤਾਂ ਦਾ ਬੋਝ ਅਤੇ ਉਤੋਂ ਉਸ ਨੂੰ ਕੇਸ ਦੀ ਲਟਕਦੀ ਤਲਵਾਰ ਡਰਾਉਂਦੀ ਰਹਿੰਦੀ ਅਤੇ ਉਹ ਸਾਰੀ-ਸਾਰੀ ਰਾਤ ਸੌਂ ਨਾ ਸਕਦਾ। ਨਾਬਾਲਗ ਬੱਚੇ ਸਾਰੀ ਰਾਤ ਉਸ ਦੀ ਹਿੱਕ 'ਤੇ ਚੜ੍ਹੇ ਰਹਿੰਦੇ। ਉਸ ਨੇ ਦਿਲ ਜਿਹਾ ਟਿਕਾਉਣ ਲਈ ਦਾਰੂ ਪੀਣੀ ਸ਼ੁਰੂ ਕਰ ਦਿੱਤੀ। ਉਹ ਸਵੇਰੇ ਉਠਣ ਸਾਰ ਹੀ ਘਰਵਾਲੀ ਤੋਂ ਚੋਰੀ ਗਿਲਾਸੀ ਅੰਦਰ ਸੁੱਟੀ ਰੱਖਦਾ।

ਇਕ ਦਿਨ ਉਸ ਦੇ ਦਿਲ ਵਿਚ ਚੀਸ ਉਠੀ ਤਾਂ ਘਰਵਾਲੀ ਨੇ ਬੂ-ਪਾਹਰਿਆ ਕਰਕੇ ਐਂਬੂਲੈਂਸ ਸੱਦ ਲਈ ਅਤੇ ਮੀਰੋਸਲਾਵ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ। ਖ਼ੈਰ ਦਿਲ ਦਾ ਛੋਟਾ ਜਿਹਾ ਦੌਰਾ ਪਿਆ ਸੀ, ਜਿਸ ਕਰਕੇ ਡਾਕਟਰਾਂ ਨੇ ਉਸ ਨੂੰ ਸਾਂਭ ਲਿਆ ਅਤੇ ਕਈ ਦਿਨ ਹਸਪਤਾਲ਼ ਰੱਖ ਕੇ, ਖਾਣ-ਪੀਣ ਦੀਆਂ ਕੁਝ ਬੰਦਿਸ਼ਾਂ ਰੱਖ ਕੇ ਉਸ ਨੂੰ ਘਰ ਨੂੰ ਤੋਰ ਦਿੱਤਾ।

ਦੋ ਕੁ ਮਹੀਨੇ ਬਾਅਦ ਮੀਰੋਸਲਾਵ ਦਾ ਕੇਸ ਨਿਕਲ ਆਇਆ। ਪਾਕਿਸਤਾਨੀ ਮੁੰਡੇ ਕਾਦਰ ਅਤੇ ਤਾਊ ਆਹਲੂਵਾਲੀਏ ਦੀ 'ਚਸ਼ਮਦੀਦ' ਗਵਾਹੀ! ਟੁੱਟੀ ਉਂਗਲ ਦੀ ਡਾਕਟਰੀ ਰਿਪੋਰਟ ਸਾਹਮਣੇ! ਔਰਤ ਜੱਜ ਨੇ ਮੀਰੋਸਲਾਵ ਨੂੰ ਦੋਸ਼ੀ ਠਹਿਰਾ ਦਿੱਤਾ ਅਤੇ ਉਸ ਨੂੰ ਦੋ ਸਾਲ ਲਈ ਨੇਕ ਚਾਲ ਚੱਲਣ 'ਤੇ ਬੰਨ੍ਹ ਲਿਆ। ਅਦਾਲਤ ਦੇ ਖਰਚੇ ਤੋਂ ਇਲਾਵਾ ਪੰਦਰਾਂ ਹਜ਼ਾਰ ਮਾਰਕ ਕੋਤਲ ਨੂੰ ਪੀੜ-ਮੁਆਵਜ਼ਾ! ਮੀਰੋਸਲਾਵ ਸੁਣ ਕੇ ਸੁੰਨ ਹੋ ਗਿਆ। ਨਿਰਦੋਸ਼ ਬੰਦਾ ਇਲਜ਼ਾਮ ਦਾ ਸ਼ਿਕਾਰ ਹੋ ਚੁੱਕਿਆ ਸੀ। ਖਰਚੇ ਦੀ ਮਾਰ ਵੱਖਰੀ ਸੀ। ਖ਼ੈਰ, ਉਸ ਨੇ ਅਦਾਲਤ ਨਾਲ ਕਿਸ਼ਤਾਂ ਬੰਨ੍ਹ ਲਈਆਂ ਅਤੇ ਕੋਤਲ ਨੂੰ ਕਿਸ਼ਤਾਂ ਵਿਚ ਪੈਸੇ ਦੇਣੇ ਸ਼ੁਰੂ ਕਰ ਦਿੱਤੇ। ਅਜੇ ਉਸ ਨੇ ਆਖਰੀ ਕਿਸ਼ਤ ਤਾਰੀ ਹੀ ਸੀ ਕਿ ਉਸ ਨੂੰ ਬੈਂਕ ਵਿਚ ਹੀ ਦਿਲ ਦਾ ਦੌਰਾ ਪਿਆ ਅਤੇ ਮੀਰੋਸਲਾਵ ਕੋਤਲ ਦੇ ਪੈਸੇ ਪੂਰੇ ਕਰ ਸੁਆਸ ਤਿਆਗ ਗਿਆ! ਮਰਨ ਲੱਗੇ ਨੇ ਉਸ ਨੇ ਬੈਂਕ ਵਾਲੀ ਕੁੜੀ ਨੂੰ ਭਰੇ ਪੈਸਿਆਂ ਵਾਲੀ ਪਰਚੀ ਦਿਖਾ ਕੇ ਸਿਰਫ਼ ਇਤਨਾ ਹੀ ਕਿਹਾ ਸੀ, "ਮੈਂ ਨਿਰਦੋਸ਼ ਸੀ...!" ਤੇ ਉਹ ਅੱਖਾਂ ਮੀਟ ਗਿਆ ਸੀ। ਸਦਾ ਵਾਸਤੇ...!

ਇਸ ਘਟਨਾ ਦੀ ਚਰਚਾ ਲੋਕਾਂ ਵਿਚ ਆਮ ਚੱਲਦੀ ਰਹੀ ਸੀ। ਜਦੋਂ ਕਾਦਰ ਅਤੇ ਆਹਲੂਵਾਲੀਏ ਨੂੰ ਪਤਾ ਲੱਗਾ ਕਿ ਕੋਤਲ ਨੇ ਉਹਨਾਂ ਤੋਂ ਸਰਾਸਰ ਝੂਠੀ ਗਵਾਹੀ ਦਿਵਾਈ ਸੀ, ਤਾਂ ਉਹਨਾਂ ਨੇ ਹਿੱਕ ਪਿੱਟ ਲਈ। ਉਹਨਾਂ ਨੇ ਬਿਨਾ ਗੱਲੋਂ ਇਕ ਨਿਰਦੋਸ਼ ਬੰਦਾ ਨਰੜਾ ਧਰਿਆ ਸੀ। ਜੋ ਅੱਜ ਇਸ ਦੁਨੀਆਂ 'ਤੇ ਵੀ ਨਹੀਂ ਸੀ, ਜਿਸ ਤੋਂ ਮੁਆਫ਼ੀ ਮੰਗੀ ਜਾ ਸਕੇ! ਅਸਲ ਵਿਚ ਕੋਤਲ ਹੀ ਪੀ ਕੇ ਕਿਸੇ ਕੋਲ ਸੱਚ ਬਕ ਉਠਿਆ ਸੀ ਕਿ ਮੀਰੋਸਲਾਵ ਨੇ ਉਸ ਦੇ ਕੋਈ ਪਲੇਟ ਨਹੀਂ ਮਾਰੀ ਸੀ। ਮੈਂ ਤਾਂ ਬੱਸ ਉਸ ਨੂੰ ਸਬਕ ਸਿਖਾਉਣ ਵਾਸਤੇ ਇਹ ਢੌਂਗ ਰਚਿਆ ਸੀ! ਲੋਕ ਦੁਰ-ਦੁਰ ਕਰਨ ਲੱਗ ਪਏ ਸਨ! ਅਤੇ ਹੁਣ ਉਹੀ ਗਵਾਹ ਉਸ ਨੂੰ ਆਪਣੀ ਕੀਤੀ ਦਾ ਫ਼ਲ ਮਿਲਿਆ ਬਿਆਨ ਰਹੇ ਸਨ। ਗੱਲ ਝੂਠ ਵੀ ਨਹੀਂ ਸੀ। ਬੰਦਾ, ਬੰਦੇ ਤੋਂ ਓਹਲਾ ਰੱਖ ਸਕਦੈ, ਪਰ ਰੱਬ ਤੋਂ ਭੱਜ ਕੇ ਕਿੱਥੇ ਜਾਊ...?

## ਕਾਂਡ 7

ਜਿਸ ਗੱਲ ਦਾ ਡਰ ਸੀ, ਉਹ ਹੀ ਹੋਈ! ਸ਼ਰਨਾਰਥੀ ਦਫ਼ਤਰ ਵੱਲੋਂ ਖ਼ਤ ਆ ਗਿਆ। ਹਰਦੇਵ ਦਾ ਕੇਸ ਫ਼ੇਲ੍ਹ ਹੋ ਗਿਆ ਸੀ! ਉਸ ਦੀ ਦਿੱਤੀ ਇੰਟਰਵਿਊ ਦੇ ਅਧਾਰ 'ਤੇ ਉਸ ਨੂੰ ਸ਼ਰਨ ਦੇਣ ਵੱਲੋਂ ਦਫ਼ਤਰ ਵਾਲਿਆਂ ਦੀ ਕੋਰੀ ਹੀ 'ਨਾਂਹ' ਸੀ! ਉਸ ਨੂੰ ਚਾਰ ਹਫ਼ਤੇ ਅਪੀਲ ਕਰਨ ਲਈ ਸਮਾਂ ਦਿੱਤਾ ਗਿਆ ਸੀ ਅਤੇ ਜਾਂ ਫ਼ਿਰ ਦੇਸ਼ ਛੱਡਣ ਦੇ ਆਦੇਸ਼ ਸਨ! ਫ਼ੈਸਲੇ ਨੇ ਹਰਦੇਵ ਦੇ ਸਾਹ ਸੂਤ ਲਏ। ਉਸ ਨੂੰ ਇਕ ਵਾਰ ਫਿਰ ਆਪਣੇ ਭਵਿੱਖ ਦਾ ਖ਼ਤਰਾ ਪੈ ਗਿਆ।

ਫ਼ੌਜੀ ਉਸ ਨੂੰ ਆਪਣੇ ਵਕੀਲ ਕੋਲ ਲੈ ਗਿਆ।

ਤਿੰਨ ਸੌ ਮਾਰਕ ਦੇ ਕੇ ਵਕੀਲ ਕੋਲੋਂ ਅਪੀਲ ਕਰਵਾ ਦਿੱਤੀ।

ਹਰਦੇਵ ਕੰਮ ਨਿਰੰਤਰ ਕਰਦਾ ਰਿਹਾ। ਹਰ ਮਹੀਨੇ ਉਸ ਨੂੰ ਤਨਖਾਹ ਮਿਲਦੀ ਰਹੀ। ਜੋ ਉਹ ਫ਼ੌਜੀ ਰਾਹੀਂ ਪਿੰਡ ਬਾਪੂ ਨੂੰ ਭਿਜਵਾ ਛੱਡਦਾ। ਹਰ ਮਹੀਨੇ ਪਹੁੰਚਦੇ ਪੈਸੇ ਨਾਲ ਬਾਪੂ ਵੀ ਬਾਹਵਾ ਰੰਗਾਂ ਵਿਚ ਹੋ ਗਿਆ ਸੀ। ਚਾਹੇ ਪੈਸੇ ਘੱਟ ਹੀ ਮਿਲਦੇ ਸਨ, ਪਰ ਉਸ ਦਾ ਫ਼ਿਕਰ ਕਾਫ਼ੀ ਹੱਦ ਤੱਕ ਨਵਿਰਤ ਹੋ ਗਿਆ ਸੀ। ਉਸ ਨੂੰ ਹਰਦੇਵ ਦੇ ਕੇਸ ਬਾਰੇ ਕੋਈ ਇਲਮ ਨਹੀਂ ਸੀ। ਭਾਰਤ ਬੈਠਿਆਂ ਨੂੰ ਜਰਮਨ ਦੇ ਕਾਇਦੇ ਕਾਨੂੰਨਾਂ ਦਾ ਕੀ ਪਤਾ? ਬਾਪੂ ਦੇ ਭਾਅ ਦਾ ਤਾਂ ਹਰਦੇਵ ਸਿਉਂ ਦੇ ਬਾਹਰ ਪੈਰ ਲੱਗ ਗਏ ਸਨ। ਹਰਦੇਵ ਵੀ ਹਰ ਚਿੱਠੀ ਵਿਚ ਬੇਫ਼ਿਕਰ ਹੋਣ ਲਈ ਹੀ ਲਿਖਦਾ ਸੀ।

ਛੇ ਮਹੀਨੇ ਬਾਅਦ ਹਰਦੇਵ ਦੀ ਅਪੀਲ ਨਿਕਲ ਆਈ। ਪਰ ਫ਼ੈਸਲਾ ਫਿਰ ਵੀ ਨਾਂਹ ਪੱਖੀ ਹੀ ਹੋਇਆ।

ਹੁਣ ਹਰਦੇਵ ਨੂੰ ਸਿਰਫ਼ ਦੋ ਹਫ਼ਤੇ ਦਾ ਟਾਈਮ ਦਿੱਤਾ ਗਿਆ ਸੀ। ਜਾਂ ਤਾਂ ਦੋ ਹਫ਼ਤੇ ਦੇ ਵਿਚ-ਵਿਚ ਇਸ ਫ਼ੈਸਲੇ ਖ਼ਿਲਾਫ਼ ਆਖਰੀ ਅਪੀਲ ਕਰੇ ਅਤੇ ਜਾਂ ਫਿਰ ਇੰਡੀਆ ਜਾਣ ਲਈ ਤਿਆਰ ਰਹੇ!

ਦੋ ਹਫ਼ਤੇ ਦੇ ਅੰਦਰ ਅੰਦਰ ਅਪੀਲ ਫਿਰ ਕੀਤੀ ਗਈ।

ਇਹ ਜ਼ਾਹਿਰਾ ਤੌਰ 'ਤੇ ਹਰਦੇਵ ਦੀ ਆਖਰੀ ਅਪੀਲ ਸੀ।

ਪਰ ਮੰਤਰਾਲਾ ਆਪਣੇ ਪਹਿਲੇ ਫ਼ੈਸਲੇ 'ਤੇ ਹੀ ਬਜ਼ਿਦ ਰਿਹਾ! ਉਸ ਨੇ ਖੁੱਲ੍ਹੇਆਮ ਹਰਦੇਵ ਨੂੰ ਹਫ਼ਤੇ ਦੇ ਅੰਦਰ ਅੰਦਰ ਦੇਸ਼ ਨਿਕਾਲ਼ੇ ਦੇ ਹੁਕਮ ਸੁਣਾ ਦਿੱਤੇ! ਫ਼ੈਸਲਾ ਸੁਣ ਕੇ ਹਰਦੇਵ ਸੁੰਨ ਹੋ ਗਿਆ। ਉਸ ਨੂੰ ਆਪਣੇ ਗ਼ਰੀਬ ਘਰ ਦੀ ਤਸਵੀਰ ਅੱਖਾਂ ਅੱਗੇ ਵੈਣ ਪਾਉਂਦੀ ਲੱਗੀ। ਛੋਟੇ ਭੈਣ ਭਰਾਵਾਂ ਦੇ ਚਿਹਰੇ ਕੀਰਨੇ ਪਾਉਂਦੇ ਦਿਸੇ। ਪਰ ਉਸ ਦੇ ਵੱਸ ਕੋਈ ਨਹੀਂ ਸੀ! ਉਹ ਕੱਟੇ ਹੋਏ ਖੰਭਾਂ ਵਾਲੇ ਪੰਛੀ ਵਾਂਗ ਬੇਵੱਸ ਸੀ। ਕੁਝ ਕਰ ਨਹੀਂ ਸਕਦਾ ਸੀ। ਉਹ ਤਾਂ ਕੀ...? ਮੰਤਰਾਲੇ ਦੇ ਫ਼ੈਸਲੇ 'ਤੇ ਕੋਈ ਵੀ ਕੁਝ ਨਹੀਂ ਕਰ ਸਕਦਾ ਸੀ। ਵਕੀਲ ਨੇ ਵੀ ਝੱਗਾ ਚੁੱਕ ਦਿੱਤਾ। ਵਕੀਲ ਨੇ ਕਿਹੜਾ ਮੰਤਰਾਲੇ 'ਤੇ ਤੋਪ ਚਲਾ ਦੇਣੀ ਸੀ? ਵਕੀਲ ਨੇ ਵੀ ਕਾਨੂੰਨ ਦੇ ਅਧਾਰ 'ਤੇ ਹੀ ਲੜਨਾ ਸੀ! ਕਾਨੂੰਨ ਹੁਣ ਅੱਗੇ ਅਪੀਲ ਕਰਨ ਲਈ ਇਜਾਜ਼ਤ ਨਹੀਂ ਦਿੰਦਾ ਸੀ। ਸਾਰੇ ਰਾਹ ਬੰਦ ਕਰ ਦਿੱਤੇ ਗਏ ਸਨ। ਹਰਦੇਵ ਦੀ ਭਾਰਤ ਦੀ ਵਾਪਿਸੀ ਪੱਕੀ ਸੀ!

ਫ਼ੈਸਲਾ ਪੜ੍ਹ ਕੇ ਬੰਬੇ ਪੀਜ਼ਾ ਵਾਲਿਆਂ ਨੇ ਵੀ ਉਸ ਨੂੰ ਕੰਮ ਤੋਂ ਹਟਾ ਦਿੱਤਾ। ਉਹ ਆਪ ਕਿਸੇ ਪੰਗੇ ਵਿਚ ਨਹੀਂ ਪੈਣਾ ਚਾਹੁੰਦੇ ਸਨ। ਜਾਅਲੀ ਬੰਦੇ ਨੂੰ ਨਜਾਇਜ ਕੰਮ ਦੇਣਾ, ਕਾਨੂੰਨ ਦੀ ਇਕ ਘੋਰ ਉਲੰਘਣਾਂ ਸੀ। ਇਹ ਹਿੰਮਤ ਹੀ ਨਹੀਂ, ਦੇਸ਼ ਨਾਲ ਹਿਮਾਕਤ ਵੀ ਸੀ। ਜ਼ੁਰਮਾਨਾ ਤਾਂ ਜਿਹੜਾ ਮੋਟਾ ਹੋਣਾ ਸੀ, ਹੋਣਾ ਹੀ ਸੀ, ਪੁਲੀਸ ਉਹਨਾਂ ਦੇ ਪੀਜ਼ੇ ਦਾ ਲਾਈਸੰਸ ਜ਼ਬਤ ਕਰ ਕੇ, ਪੀਜ਼ਾ ਸੀਲ ਵੀ ਕਰ ਸਕਦੀ ਸੀ। ਉਹ ਆਪਣੇ ਆਪਦੇ ਪਾਲ਼ੇ ਤੋਂ ਡਰਦੇ ਸਨ। ਵੱਸ ਉਹਨਾਂ ਦੇ ਵੀ ਕੋਈ ਨਹੀਂ ਸੀ। ਹਰਦੇਵ ਇਕ ਸਮੇਂ ਦਾ ਪਾਬੰਦ ਅਤੇ ਈਮਾਨਦਾਰ ਲੜਕਾ ਸੀ। ਉਸ ਨੂੰ ਉਹ ਹੱਥੋਂ ਗੁਆਉਣਾ ਤਾਂ ਨਹੀਂ ਚਾਹੁੰਦੇ ਸਨ। ਪਰ ਉਹਨਾਂ ਦੀ ਕੋਈ ਵਾਹ ਵੀ ਨਹੀਂ ਚੱਲਦੀ ਸੀ।

ਸ਼ਾਮ ਨੂੰ ਹਰਦੇਵ ਫ਼ੌਜੀ ਕੋਲ਼ ਬੈਠਾ ਸੀ।

ਜਦੋਂ ਦਾ ਉਸ ਨੂੰ ਪੀਜ਼ੇ ਵਾਲਿਆਂ ਨੇ ਜਵਾਬ ਦਿੱਤਾ ਸੀ। ਉਹ ਫ਼ੌਜੀ ਕੋਲ ਹੀ ਆ ਗਿਆ ਸੀ। ਉਸ ਕੋਲ ਹੀ ਰਾਤ ਕੱਟਦਾ ਸੀ। ਉਹ ਪੀ ਰਹੇ ਸਨ।

-"ਬਾਈ ਫ਼ੌਜੀਆ! ਮੇਰਾ ਹੁਣ ਕੀ ਬਣੂੰ?"

-"ਦੇਖ ਛੋਟੇ ਭਾਈ! ਮੈਂ ਜਿੰਨੀ ਜੋਕਰਾ ਸੀ-ਤੇਰਾ ਕੰਮ ਕਰਦਾ ਰਿਹਾ।"

-"ਕੋਈ ਹੋਰ ਰਾਹ?"

-"ਹੋਰ ਰਾਹ ਤਾਂ ਸਿਰਫ਼ ਇਕ ਵਿਆਹ ਦਾ ਐ-ਤੇ ਐਡੀ ਛੇਤੀ ਕੋਈ ਗੋਰੀ ਮਿਲਣੀ ਮੁਸ਼ਕਿਲ ਐ-ਅੱਜ ਕੱਲ੍ਹ ਗੋਰੀਆਂ ਵੀ ਸਾਵਧਾਨ ਹੋਈਆਂ ਵੀਐਂ ਆਪਣੇ ਦੇਸੀ ਬੰਦਿਆਂ ਤੋਂ-।"

-"ਉਹ ਕਾਹਤੋਂ?"

-"ਉਏ ਤੈਨੂੰ ਪਤਾ ਈ ਐ ਆਪਣੇ ਦੇਸੀਆਂ ਦਾ? ਤੂੰ ਜੁਆਕ ਥੋੜੋ ਐਂ? ਵਿਆਹ ਕਰਵਾ ਲੈਂਦੇ ਐ-ਪੈਸੇ ਪੂਸੇ ਮੁੜਕੇ ਦਿੰਦੇ ਨ੍ਹੀ-ਜਿਹੜਾ ਵਾਅਦਾ ਕੀਤਾ ਹੁੰਦੈ-ਤੇ ਅਗਲੀਆਂ ਜਾ ਕੇ ਰੋਣ ਕਿੱਥੇ? ਗੌਰਮਿੰਟ ਦੀਆਂ ਨਜਰਾਂ 'ਚ ਤਾਂ ਉਹ ਵਿਆਹੀਆਂ ਵਰੀਆਂ-ਰੰਗੀਂ ਵਸਦੀਐਂ-ਪਰ ਹੁੰਦੀਆਂ ਵਿਚਾਰੀਆਂ ਅੰਦਰੋਂ ਖਾਲੀ ਖੋਖਾ ਈ ਐ।"

-"......।"

-"ਆਪਣੇ ਦੇਸੀ ਪੱਕੇ ਹੋ ਕੇ ਬੇਫ਼ਿਕਰ ਹੋ ਜਾਂਦੇ ਐ-ਪੈਸਾ ਧੇਲਾ ਦਿੰਦੇ ਕੋਈ ਨ੍ਹੀ! ਹੁਣ ਤਾਂ ਗੋਰੀਆਂ ਵੀ ਆਪਣਿਆਂ ਤੋਂ ਡਰਨ ਲੱਗਪੀਆਂ, ਛੋਟੇ ਭਾਈ।"

-"ਹੁਣ ਬਾਈ ਮੈਨੂੰ ਇੰਡੀਆ ਭੇਜਣਗੇ?"

-"ਇਹ ਤਾਂ ਛੋਟੇ ਭਾਈ ਦਿਸੀ ਈ ਜਾਂਦੈ-ਐਥੋਂ ਦੀ ਪੁਲਸ ਤੋਂ ਭੱਜ ਕੇ ਬੰਦਾ ਜਾਊ ਕਿੱਥੇ? ਇਹ ਤਾਂ ਬੰਦੇ ਨੂੰ ਲੱਭਣ ਲੱਗੇ ਪੱਟ ਦਿੰਦੇ ਐ, ਖੁਰਗੋ!"

-"ਮੈਨੂੰ ਇਕ ਗੱਲ ਸਮਝ ਨ੍ਹੀ ਆਉਂਦੀ ਬਾਈ ਫ਼ੌਜੀਆ-ਬਈ ਮੈਂ ਹੁਣ ਉਥੇ ਜਾ ਕੇ ਕਰੂੰ ਕੀ?" ਹਰਦੇਵ ਨੂੰ ਸਹੇ ਨਾਲੋਂ ਪਹੇ ਦਾ ਖ਼ਤਰਾ ਵਧਿਆ ਪਿਆ ਸੀ।

-"ਇਕ ਗੱਲ ਦੱਸਾਂ...?"

-"......।" ਹਰਦੇਵ ਨੇ ਅੱਖਾਂ ਉਪਰ ਚੁੱਕੀਆਂ। ਉਹ ਕਦੋਂ ਦਾ ਨੀਵੀਂ ਪਾਈ ਬੈਠਾ ਰਿਹਾ ਸੀ।

-"ਚੁੱਪ ਚਾਪ ਆਬਦੇ ਪ੍ਰੀਵਾਰ 'ਚ ਜਾਹ! ਅਜੇ ਤੂੰ ਕਿਹੜਾ ਬੁੜ੍ਹਾ ਹੋ ਗਿਆ? ਹੋ ਸਕਦੈ ਕਿਸੇ ਬਾਹਰਲੀ ਬੂਹਰਲੀ ਨਾਲ ਵਿਆਹ ਸ਼ਾਦੀ ਈ ਹੋਜੇ...?" ਫ਼ੌਜੀ ਨੇ ਆਖਿਆ।

ਗੱਲ ਹਰਦੇਵ ਦੇ ਦਿਲ ਲੱਗੀ। ਪਰ ਇਹ ਵੀ ਇਕ ਮਨ ਨੂੰ ਧਰਵਾਸ ਦੇਣ ਵਾਲ਼ੀ ਹੀ ਗੱਲ ਸੀ। ਇਕ ਆਸ ਅਤੇ ਫ਼ੋਕਾ ਦਿਲਾਸਾ ਉਸ ਦੇ ਦਿਮਾਗ ਵਿਚ ਵਦਾਣ ਮਾਰੀ ਜਾ ਰਿਹਾ ਸੀ। ਉਹ ਕਦੇ ਬਾਪੂ ਬੇਬੇ ਬਾਰੇ ਸੋਚਦਾ ਅਤੇ ਕਦੇ ਆਪਣੇ ਭੈਣ ਭਰਾਵਾਂ ਬਾਰੇ! ਉਸ ਦਾ ਦਿਮਾਗ ਗੇੜੀਂ ਪਿਆ ਹੋਇਆ ਸੀ।

ਤੀਜੇ ਦਿਨ ਫ਼ੈਡਰਲ ਪੁਲੀਸ ਨੇ ਹਰਦੇਵ ਨੂੰ ਗ੍ਰਿਫ਼ਤਾਰ ਕਰ ਲਿਆ।

ਵਕੀਲ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ। ਉਸ ਦਾ ਕੇਸ ਫ਼ੇਲ੍ਹ ਹੋ ਚੁੱਕਿਆ ਸੀ ਅਤੇ ਜਰਮਨ ਮੰਤਰਾਲੇ ਵੱਲੋਂ ਦੇਸ਼ ਨਿਕਾਲੇ ਦੇ ਪ੍ਰਵਾਨੇ ਜਾਰੀ ਹੋ ਚੁੱਕੇ ਸਨ। ਹੁਕਮ ਅਨੁਸਾਰ ਉਸ ਨੂੰ ਭਾਰਤ ਪਰਤਣਾ ਹੀ ਪੈਣਾ ਸੀ। ਉਥੇ ਵਕੀਲ ਕੀ ਕਰਦਾ? ਭਾਰਤੀ ਅੰਬੈਸੀ ਤੋਂ 'ਆਊਟ-ਪਾਸ' ਬਣਦਿਆਂ ਤਿੰਨ ਕੁ ਦਿਨ ਲੱਗ ਗਏ ਅਤੇ ਚੌਥੇ ਦਿਨ ਪੁਲੀਸ ਨੇ ਹਰਦੇਵ ਨੂੰ ਫ਼ੜ ਕੇ ਦਿੱਲੀ ਜਾਣ ਵਾਲੇ ਜਹਾਜ ਵਿਚ ਬਿਠਾ ਦਿੱਤਾ!

ਆਉਣ ਬਾਰੇ ਉਸ ਨੇ ਕਿਸੇ ਨੂੰ ਨਹੀਂ ਦੱਸਿਆ ਸੀ। ਮੁਲਾਕਾਤ ਕਰਨ ਗਏ ਫ਼ੌਜੀ ਨੇ ਉਸ ਨੂੰ ਤਿੰਨ ਸੌ ਮਾਰਕ ਅਤੇ ਪੰਜ ਸੌ ਭਾਰਤੀ ਰੁਪਏ ਆਪਣੇ ਵੱਲੋਂ ਦੇ ਦਿੱਤੇ ਸਨ। ਉਹ ਪੈਸੇ ਉਸ ਨੇ ਨਜਾਇਜ ਹਥਿਆਰ ਵਾਂਗ ਲਕੋਏ ਹੋਏ ਸਨ।

ਉਹ ਦਿੱਲੀ ਏਅਰਪੋਰਟ 'ਤੇ ਉਤਰਿਆ ਤਾਂ ਇੰਮੀਗਰੇਸ਼ਨ ਅਫ਼ਸਰ ਨੇ ਉਸ ਨੂੰ ਆਊਟ-ਪਾਸ 'ਤੇ ਆਉਣ ਦਾ ਕਾਰਨ ਪੁੱਛਿਆ ਤਾਂ ਹਰਦੇਵ ਨੇ ਸਿੱਧੀ ਹੀ ਸੁਣਾ ਦਿੱਤੀ।

-"ਸਟੇਅ ਬਾਰੇ ਅਪਲਾਈ ਕੀਤਾ ਸੀ, ਸਰ! ਕੇਸ ਫ਼ੇਲ੍ਹ ਹੋ ਗਿਆ-ਤੇ ਉਹਨਾਂ ਨੇ ਮੈਨੂੰ ਆਹ ਸਲਿੱਪ ਜੀ ਦੇ ਕੇ ਜਹਾਜ ਚਾੜ੍ਹਤਾ!" ਉਸ ਨੇ ਕੋਈ ਵਲ਼ ਫੇਰ ਨਹੀਂ ਰੱਖਿਆ ਸੀ। ਵਲ਼ ਫ਼ੇਰ ਰੱਖਣ ਦਾ ਫ਼ਾਇਦਾ ਵੀ ਕੀ ਸੀ? ਆਉਟ-ਪਾਸ ਜਾਂ ਐਮਰਜੈਂਸੀ-ਸਲਿੱਪ 'ਤੇ ਕਿਹੜਾ ਕੋਈ ਚਾਅ ਨਾਲ ਆਉਂਦੈ? ਕੋਈ ਵਖ਼ਤਾਂ ਦਾ ਮਾਰਿਆ ਹੀ ਆਉਂਦੈ! ਇੰਮੀਗਰੇਸ਼ਨ ਅਫ਼ਸਰ ਨੇ ਉਸ ਨੂੰ ਬਾਹਰ ਜਾਣ ਦੀ ਇਜਾਜ਼ਤ ਦੇ ਦਿੱਤੀ। ਆਊਟ-ਪਾਸ ਆਪਣੇ ਕੋਲ ਰੱਖ ਲਿਆ।

ਬਾਹਰ ਆ ਕੇ ਹਰਦੇਵ ਨੇ ਕੋਚ ਫੜੀ ਅਤੇ ਮੋਗੇ ਜਾ ਉਤਰਿਆ। ਫ਼ੌਜੀ ਦੇ ਦਿੱਤੀ ਭਾਰਤੀ ਕਰੰਸੀ ਉਸ ਦੇ ਕੰਮ ਆ ਗਈ ਸੀ। ਮਾਰਕ ਉਸ ਨੇ ਕੋਟ ਦੀ ਅੰਦਰਲੀ ਜੇਬ ਵਿਚ ਛੁਪਾ ਕੇ ਪਾਏ ਹੋਏ ਸਨ। ਮੋਗੇ ਤੋਂ ਪਿੰਡ ਤੱਕ ਉਸ ਨੇ ਟੈਕਸੀ ਕਰ ਲਈ। ਫਿਰ ਵੀ ਮੁੰਡਾ 'ਬਾਹਰੋਂ' ਆਇਆ ਸੀ! ਕੋਈ ਲੱਲੋ-ਪੱਤੋ ਗੱਲ ਨਹੀਂ ਸੀ! ਚਾਹੇ ਉਹ ਮਜਬੂਰੀ ਵੱਸ, ਡਿਪੋਰਟ ਹੋ ਕੇ ਹੀ ਆਇਆ ਸੀ। ਪਰ ਆਇਆ ਤਾਂ ਬਾਹਰੋਂ ਹੀ ਸੀ! ਆਪਣੀ ਹੈਸੀਅਤ ਅਨੁਸਾਰ, ਤਮਾਨ ਜੋਗੇ ਪੈਸੇ ਉਹ ਬਾਪੂ ਨੂੰ ਭੇਜਦਾ ਰਿਹਾ ਸੀ। ਉਸ ਤੋਂ ਵੱਧ ਉਸ ਦੇ ਵੱਸ ਦਾ ਰੋਗ ਨਹੀਂ ਸੀ!

ਰਾਤ ਨੂੰ ਜਦੋਂ ਉਹ ਪਿੰਡ ਪਹੁੰਚਿਆ ਤਾਂ ਘਰ ਵਿਚ ਖ਼ੁਸ਼ੀ ਪਸਰ ਗਈ। ਛੋਟੇ ਭੈਣ ਭਾਈ ਵੀਰ ਦੇ ਗੋਡਿਆਂ ਨੂੰ ਚਿੰਬੜ ਗਏ। ਬੇਬੇ ਨੇ ਪੁੱਤ ਨੂੰ ਬੁੱਕਲ਼ ਵਿਚ ਲੈ ਕੇ ਹੰਝੂਆਂ ਰਾਹੀਂ ਦਿਲ ਦੀ ਜਿਲਬ ਧੋ ਲਈ। ਬੇਬੇ ਦੀਆਂ ਜੋਤਹੀਣ ਅੱਖਾਂ 'ਚੋਂ ਝੜੀ ਲੱਗ ਗਈ ਸੀ। ਬਾਪੂ ਨੇ ਵੀ ਪੁੱਤ ਨੂੰ ਜੱਫ਼ੀ ਵਿਚ ਲਿਆ ਸੀ। ਕਿਸੇ ਨੇ ਉਸ ਨੂੰ ਇਤਨੀ ਜਲਦੀ ਅਤੇ ਅਚਾਨਕ ਆਉਣ ਬਾਰੇ ਨਹੀਂ ਪੁੱਛਿਆ ਸੀ।

ਕੋਲ ਲਿਆਂਦੀ ਬੋਤਲ ਵਿਚੋਂ ਉਸ ਨੇ ਦੋ-ਚਾਰ ਕਰੜੇ ਪੈੱਗ ਚਾੜ੍ਹ ਲਏ ਅਤੇ ਦਿਲ ਸਖ਼ਤ ਜਿਹਾ ਕਰਕੇ ਬੈਠ ਗਿਆ।

ਕਿਸੇ ਨੇ ਕੋਈ ਗੱਲ ਨਾ ਕੀਤੀ।

ਬੇਬੇ ਦੀਆਂ ਪੱਕੀਆਂ ਰੋਟੀਆਂ ਖਾਣ ਲਈ ਤਾਂ ਹਰਦੇਵ ਹਾਬੜਿਆ ਪਿਆ ਸੀ। ਦਾਰੂ ਦੇ ਨਸ਼ੇ ਅਤੇ ਭੁੱਖ ਵਿਚ ਪਤਾ ਨਹੀਂ ਉਹ ਕਿੰਨੀਆਂ ਕੁ ਰੋਟੀਆਂ ਰਗੜ ਗਿਆ ਸੀ? ਮੱਕੀ ਦੀ ਰੋਟੀ ਅਤੇ ਸਰ੍ਹੋਂ ਦਾ ਸਾਗ ਉਸ ਨੂੰ ਨਿਆਮਤ ਜਾਪੇ ਸਨ। ਉਹ ਪੂਰੀ ਰਾਤ ਦਾ ਅਨੀਂਦਰਾ ਸੀ। ਪੈਣ ਸਾਰ ਹੀ ਘੁਰਾੜ੍ਹੇ ਮਾਰਨ ਲੱਗ ਪਿਆ।

ਸਵੇਰ ਹੋਈ।

ਚਾਹ ਪੀਤੀ।

ਉਸ ਨੂੰ ਮਹਿਸੂਸ ਹੋਇਆ ਕਿ ਸ਼ਾਇਦ ਬਾਪੂ ਆਉਣ ਦਾ ਕਾਰਨ ਜਾਨਣਾ ਚਾਹੁੰਦਾ ਹੈ! ਕਾਰਨ ਤਾਂ ਬਾਪੂ ਨੇ ਪੁੱਛਣਾ ਹੀ ਸੀ! ਹੁਣ ਉਹ ਬਾਪੂ ਨੂੰ ਖ਼ੁਸ਼ ਰੱਖਣ ਵਾਸਤੇ ਬਾਪੂ ਕੋਲ ਝੂਠ ਬੋਲੇ? ਪਰ ਹਰਦੇਵ ਸਿਆਂ, ਇਹ ਝੂਠ ਚੱਲੂ ਕਿੰਨੇ ਕੁ ਦਿਨ? ਫ਼ੋਕੇ ਫ਼ਾਇਰ ਕਿੰਨੇ ਕੁ ਦਿਨ ਚਲਾਵੇਂਗਾ? ਕੂੜ ਨਿਖੁੱਟੇ ਨਾਨਕਾ ਓੜਕ ਸਚ ਰਹੀ। ਇਕ ਨਾ ਇਕ ਦਿਨ ਸੱਚ ਨੇ ਉਜਾਗਰ ਹੋ ਹੀ ਜਾਣਾ ਹੈ! ਆਖਰ ਪੁੱਤ ਬਸੰਤਿਆ ਤੂੰ ਹੱਟੀ ਬਹਿਣਾ! ਇਕ ਨਾ ਇਕ ਦਿਨ ਤਾਂ ਸੱਚ ਦੱਸਣਾ ਹੀ ਪਊ! ਜੇ ਅੱਜ ਬਾਪੂ ਕੋਲ ਝੂਠ ਬੋਲਿਆ? ਤਾਂ ਅਸਲੀਅਤ ਪਤਾ ਲੱਗਣ 'ਤੇ ਬਾਪੂ ਕਿੰਨਾਂ ਦੁਖੀ ਹੋਵੇਗਾ? ਉਸ ਦਾ ਦਿਲ ਵਾਧੀ ਦੁਖੀ ਹੋਊ! ਸ਼ਾਇਦ ਬੋਲ ਕਬੋਲ ਵੀ ਕਰੇ? ਪਰ ਮੇਰੇ ਵੀ ਤਾਂ ਕੋਈ ਵੱਸ ਨਹੀਂ ਸੀ! ਮੇਰਾ ਕਿਹੜਾ ਉਥੋਂ ਆਉਣ ਨੂੰ ਜੀਅ ਕਰਦਾ ਸੀ? ਮੈਂ ਵੀ ਤਨਦੇਹੀ ਨਾਲ ਬਾਪੂ ਦੀ ਕਬੀਲਦਾਰੀ ਵਿਚ ਹੱਥ ਵਟਾਉਣਾ ਚਾਹੁੰਦਾ ਸੀ। ਮੈਂ ਤਾਂ ਜਿੰਨੇ ਜੋਕਰਾ ਸੀ, ਬਾਪੂ ਨੂੰ ਆਸਰਾ ਦਿੰਦਾ ਰਿਹਾ ਹਾਂ। ਇਕ ਪੈਸਾ ਵੀ ਖ਼ਰਾਬ ਨਹੀਂ ਕੀਤਾ। ਸਾਰੀ ਤਨਖ਼ਾਹ ਹੀ ਬਾਪੂ ਨੂੰ ਭੇਜਦਾ ਰਿਹਾ। ਲੋਪੋ ਵਾਲਾ ਫ਼ੌਜੀ ਮੇਰਾ ਗਵਾਹ ਹੈ!

-''ਲਿਆ ਹਰ ਕੁਰੇ, ਲੱਸੀ ਲਿਆ ਐਥੋਂ!'' ਹਰਦੇਵ ਦੇ ਬਾਪੂ ਜਾਗਰ ਸਿੰਘ ਨੇ ਆਖਿਆ। ਉਹ ਚਾਦਰੇ ਦਾ ਲੜ ਚੁੱਕ ਕੇ ਮੰਜੇ 'ਤੇ ਹਰਦੇਵ ਦੇ ਬਰਾਬਰ ਬੈਠ ਗਿਆ।

ਹਰਦੇਵ ਵੀ ਸੁਚੇਤ ਹੋ ਗਿਆ ਸੀ।

-''ਹੋਰ ਬਈ ਹਰਦੇਵ ਸਿਆਂ-ਕਿੰਨੀ ਕੁ ਛੁੱਟੀ ਐ ਹੁਣ?'' ਬਾਪੂ ਨੇ ਸੁਆਲ ਦੀ ਸੱਬਲ਼ ਉਸ ਵੱਲ ਵਗ੍ਹਾਈ।

-''ਹੁਣ ਤਾਂ ਛੁੱਟੀਆਂ ਈ ਛੁੱਟੀਐਂ, ਬਾਪੂ!'' ਹਰਦੇਵ ਨੇ ਵੀ ਸਿੱਧੀ ਹੀ ਸੁਣਾ ਦਿੱਤੀ।

-''ਪੱਕੇ ਈ ਆ ਗਿਐਂ...?''

-''ਆਇਆ ਨਹੀਂ ਬਾਪੂ, ਭੇਜਤਾ ਉਹਨਾਂ ਨੇ! ਕੇਸ ਫ਼ੇਲ੍ਹ ਹੋ ਗਿਅ ਸੀ ਮੇਰਾ।''

-''ਕੇਸ ਕਿਸੇ ਵਕੀਲ ਵਕੂਲ ਨੂੰ ਚਾਰ ਪੈਸੇ ਦੇ ਕੇ ਸਿੱਧਾ ਕਰਵਾ ਲੈਣਾ ਸੀ।''

-''ਵਕੀਲ ਵੀ ਕੀਤਾ ਸੀ, ਬਾਪੂ-ਪਰ ਮੰਤਰਾਲੇ ਨੇ ਤਿੰਨ ਵਾਰੀ ਨਾਂਹ ਕਰਤੀ ਤੇ ਪੁਲਸ ਨੇ ਫ਼ੜ ਕੇ ਮੈਨੂੰ ਐਧਰ ਨੂੰ ਚਾੜ੍ਹਤਾ।''

-''ਚਾਰ ਛਿਲੜ ਪੁਲਸ ਨੂੰ ਝੋਕ ਦੇਣੇ ਸੀ, ਕਮਲ਼ਿਆ...! ਉਹ ਜਾਣੇਂ, ਓਸ ਗੱਲ ਦੇ ਆਖਣ ਮਾਂਗੂੰ ਜੇ ਲੈ ਦੇ ਕੇ ਕਾਰਜ ਰਾਸ ਆਉਂਦਾ ਹੋਵੇ...!''

ਹਰਦੇਵ ਹੱਸ ਪਿਆ।

-''ਉਥੇ ਆਪਣੇ ਆਲ਼ੀ ਪੁਲ਼ਸ ਨ੍ਹੀ, ਬਾਪੂ! ਉਥੇ ਨ੍ਹੀ ਕੋਈ ਪੈਸਾ ਦਿੰਦਾ-ਨਾ ਈ ਪੁਲ਼ਸ ਆਲ਼ੇ ਲੈ ਸਕਦੇ ਐ।''

-''ਪੈਸਾ ਕਿਸੇ ਨੇ ਤਿਆਗਿਐ...? ਚਾਹੇ ਕੋਈ ਵੀ ਪੁਲ਼ਸ ਹੋਵੇ...!''

-''ਬਾਪੂ ਸਾਡੇ ਨਾਲ ਇਕ ਮੁੰਡਾ ਫੜਿਆ ਵਿਆ ਸੀ-ਉਹਨੂੰ ਜਦੋਂ ਪੁਲ਼ਸ ਆਲ਼ਿਆਂ ਨੇ ਟਰੇਨ 'ਚੋਂ ਗ੍ਰਿਫ਼ਤਾਰ ਕੀਤਾ ਤਾਂ ਰੱਬ ਜਾਣੇ ਉਹ ਉਹਨਾਂ ਨੂੰ ਪੈਸੇ ਦਿਖਾ ਕੇ ਜੁਰਮਾਨਾ ਦੇਣ ਬਾਰੇ ਇਸ਼ਾਰੇ ਕਰਦਾ ਰਿਹਾ? ਪਤਾ ਨ੍ਹੀ, ਸੱਚੀਂ ਰਿਸ਼ਵਤ ਦੇਣ ਲੱਗਿਆ ਸੀ? ਬੋਲੀ ਉਹਨੂੰ ਆਉਂਦੀ ਨ੍ਹੀ ਸੀ-ਉਹਦੇ 'ਤੇ ਪੁਲਸ ਆਲ਼ਿਆਂ ਨੇ ਰਿਸ਼ਵਤ ਦੇਣ ਦਾ ਕੇਸ ਵੀ ਬਣਾਤਾ-ਉਹ ਤਾਂ ਕੋਈ ਆਪਣਾ ਦੇਸੀ ਦੋਭਾਸ਼ੀਆਂ ਈ ਚੰਗਾ ਸੀ-ਬਰਾੜ ਬਰਾੜ ਨਾਂ ਸੀ ਉਹਦਾ-ਜੀਹਨੇ ਉਹਨੂੰ ਕਹਿ ਕੁਹਾ ਕੇ ਇਹ ਅਖਵਾ ਦਿੱਤਾ ਬਈ ਮੈਂ ਤਾਂ ਜੁਰਮਾਨਾ ਦੇਣ ਵਾਸਤੇ ਪੁਲ਼ਸ ਨੂੰ ਪੈਸੇ ਦਿਖਾਏ ਸੀ-ਰਿਸ਼ਵਤ ਦੇਣ ਵਾਸਤੇ ਨਹੀਂ! ਜੇ ਉਹ ਮੋਗੇ ਵੱਲੀਂ ਦਾ ਬਰਾੜ ਨਾ ਹੁੰਦਾ, ਤਾਂ ਉਹ ਮੁੰਡਾ ਤਾਂ ਗਿਆ ਸੀ ਸਿੱਧਾ ਈ ਛੇ ਮਹੀਨਿਆਂ ਵਾਸਤੇ ਅੰਦਰ, ਰਿਸ਼ਵਤ ਦੇਣ ਦੇ ਕੇਸ 'ਚ...!''

ਬਾਪੂ ਚੁੱਪ ਕਰ ਗਿਆ।

ਪੰਜਾਬ ਪੁਲੀਸ ਵਿਚ ਮੁਣਸ਼ੀ ਰਿਹਾ ਹੋਣ ਕਰਕੇ ਜਾਗਰ ਸਿਉਂ ਐਡੀ ਇਮਾਨਦਾਰੀ ਬਾਰੇ ਸੋਚ ਹੀ ਨਹੀਂ ਸਕਦਾ ਸੀ, ਕਿ ਕਿਸੇ ਦੇਸ਼ ਦੀ ਪੁਲੀਸ ਰਿਸ਼ਵਤ ਨਹੀਂ ਲੈਂਦੀ। ਜੇ ਕੋਈ ਬਾਪੂ ਨੂੰ ਆਖ ਦਿੰਦਾ ਕਿ ਫ਼ਲਾਨਾ ਮਰ ਕੇ ਜਿਉਂਦਾ ਹੋ ਗਿਆ। ਜਾਂ ਅੱਜ ਸੂਰਜ ਪੁੱਠੇ ਪਾਸਿਓਂ ਚੜ੍ਹਿਆ ਸੀ। ਤਾਂ ਬਾਪੂ ਫ਼ੁੱਟ ਮੰਨ ਲੈਂਦਾ। ਪਰ ਜੇ ਕੋਈ ਕਹੇ ਕਿ

ਫ਼ਲਾਨੇ ਦੇਸ਼ ਦੀ ਪੁਲ਼ਸ ਰਿਸ਼ਵਤ ਨਹੀਂ ਲੈਂਦੀ, ਤਾਂ ਬਾਪੂ ਪੈਰਾਂ 'ਤੇ ਪਾਣੀ ਨਾ ਪੈਣ ਦਿੰਦਾ। ਉਹ, "ਛੱਡਿਆ ਕਰੋ, ਯਾਰ! ਨਿਰਾ ਈ ਝੂਠ!" ਆਖ ਕੇ ਅਗਲੇ ਨੂੰ ਚੁੱਪ ਕਰਵਾ ਦਿੰਦਾ। ਪਰ ਜਰਮਨ ਵਿਚ ਰਹੇ ਪੁੱਤ ਦੀ ਗੱਲ ਉਹ ਕਿਵੇਂ ਮੋੜਦਾ? ਉਸ ਦੇ ਨਿੱਜੀ ਤਜ਼ਰਬੇ ਨੂੰ ਕਿਵੇਂ ਨਿਕਾਰਦਾ?

-"ਹੁਣ ਤੇਰਾ ਅਗਲਾ ਵਿਚਾਰ ਕੀ ਐ, ਹਰਦੇਵ ਸਿਆਂ...?"

-"ਬਾਪੂ...! ਮੈਂ ਤੇਰੀ ਈ ਕਸਮ ਖਾ ਕੇ ਆਖਦੈਂ-ਬਈ ਜਿੰਨੇ ਵੀ ਕਮਾਉਂਦਾ ਰਿਹੈਂ-ਸਾਰੇ ਤੈਨੂੰ ਈ ਭੇਜਦਾ ਰਿਹੈਂ-ਸਹੁੰ ਖਾਣ ਨੂੰ ਵੀ ਇਕ ਪੈਸਾ ਨ੍ਹੀ ਸੀ ਵਰਤਿਆ-ਕੀ ਕਦੇ ਇਕ ਅੱਧੀ ਪੈਂਟ ਜਾਂ ਜੁੱਤੀ ਲੈ ਲਈ-ਇਹ ਵੱਖਰੀ ਗੱਲ ਐ-।"

-"ਉਹ ਤਾਂ ਪੁੱਤ ਮੈਨੂੰ ਪਤੈ, ਸ਼ੇਰਾ...! ਸਰੀਰਕ ਲੋੜਾਂ ਵੀ ਬੰਦੇ ਨੇ ਪੂਰੀਆਂ ਕਰਨੀਆਂ ਈ ਹੁੰਦੀਐਂ।"

-"ਬਾਪੂ ਐਥੇ ਰਹਿ ਕੇ ਬਣਨਾ ਬਣਾਉਣਾ ਕੱਖ ਨ੍ਹੀ-ਠੂਠੇ ਨਾਲ ਕੁਨਾਲ ਈ ਵੱਜੂ-ਮੈਂ ਤਾਂ ਉਡਾਰੀ ਬਾਹਰ ਨੂੰ ਈ ਮਾਰੂੰ! ਜਦੋਂ ਮਰਜੀ ਐ ਮਾਰਲਾਂ...।" ਉਸ ਨੇ ਸੌ ਹੱਥ ਰੱਸੇ ਦੇ ਸਿਰੇ ਤੋਂ ਬਾਪੂ ਸਾਹਮਣੇ ਗੰਢ ਖੋਲ੍ਹ ਦਿੱਤੀ। ਹਨ੍ਹੇਰੇ ਵਿਚ ਉਹ ਬਾਪੂ ਨੂੰ ਕਦਾਚਿੱਤ ਨਹੀਂ ਰੱਖਣਾ ਚਾਹੁੰਦਾ ਸੀ।

ਹਰਦੇਵ ਦਾ ਫ਼ੈਸਲਾ ਸੁਣ ਕੇ ਬਾਪੂ ਚੁੱਪ ਕਰ ਗਿਆ।

ਉਸ ਨੇ ਕੋਈ ਵੀ ਚੰਗਾ-ਮੰਦਾ ਪ੍ਰਤੀਕਰਮ ਨਹੀਂ ਦਿੱਤਾ ਸੀ। ਪੁੱਤ 'ਤੇ ਉਸ ਨੂੰ ਕੋਈ ਸ਼ਕਾਇਤ ਨਹੀਂ ਸੀ। ਕੋਈ ਗਿ਼ਲਾ ਨਹੀਂ ਸੀ। ਉਸ ਨੂੰ ਵੀ ਪ੍ਰਤੱਖ ਪਤਾ ਸੀ ਕਿ ਹਰਦੇਵ ਜਿੰਨੀ ਕਮਾਈ ਕਰਦਾ ਰਿਹਾ ਸੀ। ਸਾਰੀ ਪਿੰਡ ਨੂੰ ਹੀ ਆਉਂਦੀ ਰਹੀ ਸੀ। ਉਸ ਵਿਚ ਉਸ ਨੇ ਕੋਈ ਖ਼ਿਆਨਤ ਨਹੀਂ ਕੀਤੀ ਸੀ। ਤਨਖ਼ਾਹ ਈਮਾਨਦਾਰੀ ਨਾਲ ਘਰੇ ਹੀ ਭੇਜਦਾ ਰਿਹਾ ਸੀ। ਫਿਰ ਐਹੋ ਜਿਹੇ ਲਾਇਕ ਪੁੱਤ ਨੂੰ ਬਾਪੂ ਆਖਦਾ ਵੀ ਕੀ?

ਹਰਦੇਵ ਦੀ ਬੇਬੇ ਹਰ ਕੌਰ ਕਦੇ ਹਰਦੇਵ ਦੇ ਬਾਪੂ ਦੇ ਬਰਾਬਰ ਨਹੀਂ ਬੈਠੀ ਸੀ। ਜਾਗਰ ਸਿੰਘ ਬੜਾ ਹੀ ਤੱਲਖ਼ ਇਨਸਾਨ ਸੀ। ਆਪਣੀ ਕਹੀ ਗੱਲ ਪੁਗਾਉਣ ਵਾਲਾ, ਜਿੱ਼ਦੀ ਬੰਦਾ! ਹੁਣ ਬੱਚੇ ਬਰਾਬਰ ਦੇ ਹੋਏ ਹੋਣ ਕਾਰਨ ਜਾਗਰ ਸਿੰਘ ਵਿਚ ਥੋੜਾ ਬਹੁਤਾ ਸੁਧਾਰ ਜ਼ਰੂਰ ਆ ਗਿਆ ਸੀ। ਨਹੀਂ ਪਹਿਲਾਂ ਜੁਆਨੀ ਵੇਲੇ ਤਾਂ "ਹੱਟ ਕੁੱਤੀਏ...!" ਨਹੀਂ ਕਹਿਣ ਦਿੰਦਾ ਸੀ।

-"ਕੋਈ ਨਾ ਹਰਦੇਵ ਸਿਆਂ ਪੁੱਤ, ਤੂੰ ਐਸ਼ ਕਰ-ਜਿੱਦੇਂ ਕੋਈ ਬੰਨ੍ਹ ਸੁੱਬ ਹੋਇਆ-ਜ਼ਰੂਰ ਕਰਾਂਗੇ!"

ਹਰਦੇਵ ਘਰ ਦੇ ਕੰਮ ਵਿਚ ਰੁੱਝ ਗਿਆ। ਖੇਤੋਂ ਪੱਠੇ ਲਿਆਉਣੇ। ਮੱਝਾਂ ਛੱਪੜ 'ਤੇ ਲੈ ਕੇ ਜਾਣੀਆਂ। ਪੱਠੇ ਕੁਤਰਨੇ ਅਤੇ ਫਿਰ ਪਸ਼ੂਆਂ ਨੂੰ ਪਾਉਣੇ। ਲੋਪੋ ਵਾਲਾ ਜੁਗਰਾਜ ਫ਼ੌਜੀ ਉਸ ਨੂੰ ਬੜਾ ਯਾਦ ਆਉਂਦਾ। ਫ਼ੌਜੀ ਵਾਕਿਆ ਹੀ ਸੱਤਯੁਗੀ ਬੰਦਾ ਸੀ। ਜਦੋਂ ਮਹੀਨਾ ਕੁ ਹੋਇਆ, ਹਰਦੇਵ ਬਾਹਰ ਨਾ ਗਿਆ ਤਾਂ ਪਿੰਡ ਦੇ ਲੋਕਾਂ ਨੇ ਉਸ ਨੂੰ ਪੁੱਛਣਾ ਗਿੱਛਣਾ ਸ਼ੁਰੂ ਕਰ ਦਿੱਤਾ।

-"ਉਏ ਹਰਦੇਵ ਸਿਆਂ-ਕਦੋਂ ਜਾਣੈਂ ਬਈ ਤੂੰ?"

-"ਬੱਸ ਥੋੜਾ ਚਿਰ ਈ ਰਹਿੰਦੈ, ਚਾਚਾ!" ਉਹ ਗੱਲ ਛੇਤੀ ਹੀ ਨਬੇੜ ਦਿੰਦਾ।

-"ਹੁਣ ਤਾਂ ਸੁੱਖ ਨਾਲ ਤੈਨੂੰ ਮਹੀਨੇ ਤੋਂ ਵੀ ਉਪਰ ਹੋ ਗਿਆ ਆਏ ਨੂੰ?"

ਹਰਦੇਵ ਖਿਝ ਜਾਂਦਾ ਕਿ ਲੋਕ ਬੰਦੇ ਨੂੰ ਨਾ ਤਾਂ ਭੁੱਖਾ ਮਰਨ ਦਿੰਦੇ ਨੇ ਅਤੇ ਨਾ ਹੀ ਰੱਜ ਕੇ ਰੋਟੀ ਖਾਣ! ਉਹ ਅੱਕ ਕੇ ਲੋਕਾਂ ਨੂੰ ਪੁੱਛਣਾ ਚਾਹੁੰਦਾ ਸੀ ਕਿ ਮੈਂ ਕਿਹੜਾ ਤੁਹਾਡੇ ਤੋਂ ਕੁਛ ਲੈ ਕੇ ਖਾਨੈ? ਜਾਂ ਮੈਂ ਕਿਹੜਾ ਕਿਸੇ ਤੋਂ ਕੁਛ ਮੰਗਣ ਆਉਨੈ? ਪਰ ਉਹ ਆਪਣੀ ਆਦਤ ਮੁਜਵ ਚੁੱਪ ਰਹਿਣਾ ਹੀ ਬਿਹਤਰ ਸਮਝਦਾ। ਦੁਨੀਆਂ ਕਿਸੇ ਨੇ ਜਿੱਤੀ ਐ? ਇਹ ਤਾਂ ਆਪਣਾ ਮਨ ਜਿੱਤ ਲਵੋ ਤਾਂ ਆਪੇ ਜੱਗ ਜਿੱਤਿਆ ਜਾਂਦਾ ਹੈ। ਇਕ ਚੁੱਪ ਸੌ ਸੁਖ! ਗੱਲ ਕਹਿੰਦੀ ਐ ਕਿ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕੱਢ ਕੇ ਦਿਖਾਉਂਦੀ ਹਾਂ!

ਉਹ ਆਪਣੇ ਘਰੇਲੂ ਕੰਮ ਕਾਰ ਵਿਚ ਹੀ ਮਸ਼ਰੂਫ਼ ਰਹਿੰਦਾ।

ਘਰੋਂ ਬਹੁਤਾ ਬਾਹਰ ਨਾ ਨਿਕਲ਼ਦਾ।

# ਕਾਂਡ 8

ਹਰਦੇਵ ਦੇ ਬਾਪ ਜਾਗਰ ਸਿੰਘ ਦੀ ਪੁਰਾਣਾ ਘੁਲਾਟੀਆ ਹੋਣ ਕਰਕੇ ਪਟੜੀਫ਼ੇਰ ਬਹੁਤ ਬਣਦੀ ਸੀ। ਪੁਲੀਸ ਦਾ ਪੁਰਾਣਾ ਕਰਮਚਾਰੀ ਰਿਹਾ ਹੋਣ ਕਰਕੇ, ਤੁਰਿਆ ਫਿਰਿਆ ਬੰਦਾ ਸੀ। ਦੁਨੀਆਂ ਜਾਣਦੀ ਸੀ। ਇਕ ਦਿਨ ਉਸ ਦਾ ਕੋਈ ਪੁਰਾਣਾ ਮਿੱਤਰ ਜਾਗਰ ਸਿੰਘ ਨੂੰ ਮਿਲਣ ਆਇਆ। ਵੈਸੇ ਉਹ ਜਾਗਰ ਸਿੰਘ ਦੀ ਦੂਰ ਦੀ ਰਿਸ਼ਤੇਦਾਰੀ ਵਿਚੋਂ ਮਾੜਾ ਮੋਟਾ ਰਿਸ਼ਤੇਦਾਰ ਵੀ ਸੀ। ਦੇਖਣ ਪਰਖਣ ਤੋਂ ਉਹ ਕੋਈ ਸਾਊ ਬੰਦਾ ਨਜ਼ਰ ਨਹੀਂ ਆਉਂਦਾ ਸੀ। ਉਸ ਨੇ ਕਰੜ ਬਰੜੀ ਦਾਹੜੀ ਦੇ ਖ਼ਤ ਕੱਢੇ ਹੋਏ ਸਨ ਅਤੇ ਮੁੱਛਾਂ ਛਾਂਗ ਕੇ ਗੰਨੇ ਦੇ ਆਗਾਂ ਵਰਗੀਆਂ ਬਣਾਈਆਂ ਹੋਈਆਂ ਸਨ। ਲਾਲ ਅੱਖਾਂ ਬੈਟਰੀ ਵਾਂਗ ਜਗਦੀਆਂ ਸਨ ਅਤੇ ਉਸ ਦੇ ਮੂੰਹ ਵਿਚੋਂ ਰਾਤ ਦੀ ਪੀਤੀ ਦਾਰੂ ਦੀ ਹਵਾੜ੍ਹ ਮਾਰ ਰਹੀ ਸੀ। ਉਸ ਦੀ ਤੱਕਣੀਂ ਸ਼ੈਤਾਨ ਸੀ ਅਤੇ ਉਸ ਦੀਆਂ ਚੁਸਤ ਨਜ਼ਰਾਂ ਚਾਰ ਚੁਫ਼ੇਰੇ ਘੁਕੀ ਜਾ ਰਹੀਆਂ ਸਨ। ਉਹ ਚਾਦਰੇ ਦਾ ਲੜ ਵਾਰ-ਵਾਰ ਗੋਡਿਆਂ ਦੇ ਸੰਨ੍ਹ ਵਿਚ ਦਿੰਦਾ ਸੀ।

ਚਾਹ ਪਾਣੀ ਪਿਆਉਣ ਤੋਂ ਬਾਅਦ ਹਰਦੇਵ ਉਸ ਬੰਦੇ ਨੂੰ ਆਪਣੇ ਬਾਪੂ ਕੋਲ਼ ਖੇਤ ਲੈ ਗਿਆ। ਬਾਪੂ ਆਮ ਖੇਤ ਹੀ ਗੁਜ਼ਾਰਦਾ ਸੀ। ਚਾਹ ਦਾ ਫ਼ਾਣਸ ਕਰਨ ਲਈ ਉਸ ਨੇ ਖੇਤ ਹੀ ਇਕ ਗਾਂ ਰੱਖੀ ਹੋਈ ਸੀ। ਕਦੇ ਕਦੇ ਉਹ ਖੇਤ ਹੀ ਸੌਂ ਜਾਂਦਾ। ਜੇ ਘਰੇ ਆਉਣਾ ਹੁੰਦਾ ਤਾਂ ਰਾਤ ਨੂੰ ਗਾਂ ਵੀ ਨਾਲ ਹੱਕੀ ਆਉਂਦਾ।

-"ਸਾਸਰੀਕਾਲ ਬਈ ਜਾਗਰ ਸਿਆਂ...!" ਉਸ ਨੇ ਲਲਕਾਰ ਕੇ ਜਿਹੇ ਕਿਹਾ।

-"ਉਏ ਆ ਬਈ ਜੁਗਾੜ ਸਿਆਂ, ਬੇਲੀਆ ਕਾਫ਼ੀ ਦੇਰ ਬਾਅਦ ਦਰਸ਼ਣ ਦਿੱਤੇ...! ਕਿਹੜੀਂ ਕੂਟੀਂ ਚੜ੍ਹ ਗਿਆ ਸੀ...? ਪਤੰਦਰਾ, ਈਦ ਦਾ ਚੰਦ ਈ ਹੋ ਗਿਆ-ਕਦੇ ਦਿਖਾਈ ਨ੍ਹੀ ਦਿੱਤੀ...?" ਹਰਦੇਵ ਦਾ ਬਾਪੂ ਉਸ ਨੂੰ ਜੱਫ਼ੀ ਵਿਚ ਲੈ ਕੇ ਮਿਲਿਆ। ਨਾਂ ਤਾਂ ਉਸ ਦਾ ਜੁਗਰਾਜ ਸਿੰਘ ਸੀ। ਪਰ ਸਾਰੇ ਪੁਲ਼ਸ ਵਾਲੇ ਉਸ ਨੂੰ "ਜੁਗਾੜ ਸਿਉਂ" ਹੀ ਆਖਦੇ।

-"ਉਏ ਕਾਹਦੀ ਗੱਲ ਐ, ਜਾਗਰਾ! ਇਕ ਬੰਦੇ ਦੇ ਮੈਥੋਂ ਝਰੀਟਾਂ ਜੀਆਂ ਵੱਜਗੀਆਂ ਸੀ-ਸਾਲ਼ਿਆਂ ਨੇ ਛੱਬੀ ਦਾ ਪਰਚਾ ਕਟਵਾਤਾ-ਤੇ ਬੱਸ, ਛੇ ਕੁ ਮਹੀਨੇ ਸਹੁਰੀਂ ਲਾ ਕੇ ਆਇਐਂ...।" ਜੁਗਾੜ ਸਿਉਂ ਜੇਲ੍ਹ ਨੂੰ "ਸਹੁਰਾ ਘਰ" ਹੀ ਆਖਦਾ ਹੁੰਦਾ।

-"ਤੇਰੀਆਂ ਝਰੀਟਾਂ ਦਾ ਵੀ ਮੈਨੂੰ ਪਤੈ! ਬਥੇਰਾ ਵਾਹ ਰਿਹੈ ਆਪਣਾ! ਅਗਲੇ ਦੇ ਸਿਰ 'ਚ ਪਾਉਣਾ ਮਧਾਣੀ ਚੀਰਾ ਤੇ ਦੱਸਣੀਆਂ ਝਰੀਟਾਂ? ਤੂੰ ਤਾਂ ਬੰਦਾ ਮਾਰ ਕੇ ਆਖਦੇਂ, ਐਵੇਂ ਧੌਣ 'ਚ ਘਰੂਟ ਜਿਆ ਵੱਜ ਗਿਆ ਸੀ! ਕਿਹੜੀ ਜੇਲ੍ਹ 'ਚ ਰਿਹੈਂ...?" ਜਾਗਰ ਨੂੰ ਕੋਈ ਬਹੁਤਾ ਮਹਿਸੂਸ ਨਹੀਂ ਹੋਇਆ ਸੀ। ਕਿਉਂਕਿ ਜੁਗਾੜ ਸਿਉਂ ਸਾਲ ਵਿਚ ਛੇ ਕੁ ਮਹੀਨੇ ਜੇਲ੍ਹ ਯਾਤਰਾ 'ਤੇ ਹੀ ਰਹਿੰਦਾ ਸੀ। ਘਰੋਂ, ਘਰਵਾਲ਼ੀ ਅਤੇ ਜੁਆਕ ਜੱਲੇ ਵੱਲੋਂ ਉਹ ਬੇਪ੍ਰਵਾਹ ਹੀ ਸੀ। ਘਰਵਾਲ਼ੀ ਅਤੇ ਜੁਆਕ ਵੀ ਉਸ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ ਸਨ। ਜਿਹੋ ਜੀ ਨੰਦੋ ਬਾਹਮਣੀਂ ਤੇ ਉਹੋ ਜਿਆ ਘੁੱਦੂ ਜੇਠ, ਵਾਲੀ ਗੱਲ ਸੀ! ਜੁਗਾੜ ਸਿਉਂ ਦੇ ਸਹੁਰੇ ਬੜੇ ਤਕੜੇ, ਖਾਂਦੇ ਪੀਂਦੇ ਸਨ। ਜੁਗਾੜ ਸਿਉਂ ਦੇ ਪ੍ਰੀਵਾਰ ਦੀਆਂ ਲੋੜਾਂ ਉਹ ਪੂਰੀਆਂ ਕਰਦੇ। ਜੁਗਾੜ ਸਿਉਂ ਤਾਂ ਆਪਣੇ ਕੰਮ ਵਿਚ ਹੀ ਮਸਤ ਸੀ। ਬੈਲੀਆਂ ਨਾਲ ਬੈਠਣੀਂ ਉਠਣੀਂ ਸੀ। ਸਦਾ ਦਿਵਾਲ਼ੀ ਸਾਧ ਦੀ ਤੇ ਚੋਰਾਂ ਦੀਆਂ ਰਾਤਾਂ ਵਾਲ਼ੀ ਗੱਲ ਸੀ।

-"ਪਰੋਜਪੁਰ! ਮਾੜੇ ਧੀੜੇ ਥਾਂ ਆਪਾਂ ਜਾਨੇ ਐਂ? ਤੂੰ ਤਾਂ ਆਪ ਸਿਆਣੈਂ! ਕਿੰਨਾ ਆਪਣਾ ਵਾਹ ਰਿਹੈ...?" ਉਹ ਹੱਥ 'ਤੇ ਹੱਥ ਮਾਰ ਕੇ ਪਾਗਲਾਂ ਵਾਂਗ ਹੱਸਿਆ ਅਤੇ ਫਿਰ ਉਸ ਨੇ ਉਂਗਲਾਂ ਦੇ ਭੜ੍ਹਾਕੇ ਪਾਏ।

-"ਤੇਰੇ ਯਾਰ ਦਾ ਕੀ ਹਾਲ ਐ...?"

-"ਯਾਰ ਬਾਹਲ਼ੇ ਐ! ਕਿਹੜੇ ਦੀ ਗੱਲ ਕਰਦੈਂ...?"

-"ਉਏ ਜਿਹੜਾ ਤੇਰੇ ਨਾਲ ਇਕ ਆਰੀ ਹਵਾਲਾਟ 'ਚ ਖਹਿਬੜ ਪਿਆ ਸੀ-ਕੀ ਨਾਂ ਸੀ ਉਹਦਾ, ਭਲਾ ਜਿਆ...?" ਜਾਗਰ ਸਿੰਘ ਨੇ ਮੱਥੇ 'ਤੇ ਹੱਥ ਮਾਰਿਆ।

-"ਜਗਤਾ...?"

-"ਆਹੋ, ਜਗਤਾ...! ਕੀ ਹਾਲ ਐ ਉਹਦਾ?"

–"ਉਏ, ਉਹ ਤਾਂ ਸਾਲ਼ਾ ਪੋਰ ਨਿਕਲਿਆ-ਡੱਕੇ ਦਾ ਬੰਦਾ ਨ੍ਹੀ, ਯਾਰ ਜਾਗਰਾ!"

–"ਕਿਉਂ? ਕੀ ਹੋ ਗਿਆ? ਕਿਤੇ ਫੇਰ ਤਾਂ ਨ੍ਹੀ ਝਗੜ ਪਿਆ...?"

–"ਉਏ ਨਹੀਂ...! ਝਗੜਨਾ ਤਾਂ ਉਹਦਾ ਪਹਿਲਾ ਕਰਮ ਐਂ-ਨਾਲੇ ਤੈਨੂੰ ਪਤੈ-ਮੈਂ ਉਹਨੂੰ ਕਿੰਨਾਂ ਮੋਹ ਕਰਦੈਂ-ਪਰ ਖਹਿਬੜਦਾ ਵੀ ਕੰਜਰ ਮੇਰੇ ਨਾਲ ਈ ਐ-ਮੈਂ ਬਥੇਰਾ ਕਿਹਾ ਬਈ ਕੰਜਰ ਦਿਆ ਪੁੱਤਾ, ਮੇਰੇ ਨਾਲ ਨਾ ਲੜਿਆ ਕਰ-ਕੋਈ ਹੋਰ ਸਾਮੀਂ ਭਾਲ਼ ਲਿਆ ਕਰ-ਪਰ ਕਾਹਨੂੰ...!"

–"ਤੂੰ ਉਹਦੇ 'ਤੇ ਖਿਝਿਆ ਕਿਉਂ ਐਂ? ਇਹ ਤਾਂ ਦੱਸ...! ਉਹ ਤਾਂ ਤੇਰੀ ਹਿੱਕ ਦਾ ਵਾਲ਼ ਸੀ?"

–"ਯਾਰ ਜਾਗਰਾ! ਧੀਆਂ ਭੈਣਾਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਐਂ-ਨਾਲੇ ਤੈਨੂੰ ਤਾਂ ਪਤਾ ਈ ਐ ਬਈ ਮੇਰਾ ਜਗਤੇ ਨਾਲ ਕਿੰਨਾ ਤੇਹ ਐ-।"

–"ਆਹੋ, ਉਹ ਤਾਂ ਪਤੈ...!" ਜਾਗਰ ਨੇ ਦਿਲੋਂ ਮੰਨਿਆਂ।

–"ਚਾਹੇ ਲੜਦੇ ਭਿੜਦੇ ਰਹੀਦੈ-ਪਰ ਦਿਲ 'ਚ ਕਦੇ ਵੱਟ ਨ੍ਹੀ ਰੱਖਿਆ।"

–"ਖ਼ੈਰ...!"

–"ਉਹਦੀ ਗੁੱਡੀ ਬਿਆਹੀ ਵੀ ਸੀ ਇੰਗਲੈਂਡ-ਬਿਆਹੀ ਨੂੰ ਤਾਂ ਚਿਰ ਹੋ ਗਿਆ-ਕੋਈ ਬਾਲ ਬੱਚਾ ਹੋਇਆ ਨਾ ਬਿਚਾਰੀ ਦੇ-ਬਿਆਹੀ ਤਾਂ ਮੈਨੂੰ ਮੈਦ ਐ ਬਈ ਉਹ ਦਸ ਸਾਲ ਰਹੀ ਐ-ਇਕ ਵੱਡੀ ਹੋਈ ਦਾ ਬਿਆਹ ਕੀਤਾ ਸੀ-ਜੁਆਕ ਜੱਲਾ ਕੁੜੀ ਨੂੰ ਹੋਇਆ ਨਾ-ਤੇ ਅਗਲਿਆਂ ਨੇ ਉਹ ਛੱਡਤੀ...।"

–"ਫੇਰ...?"

–"ਫੇਰ ਕੀ...? ਕੁੜੀ ਪੱਕੀ ਐ-ਸਾਰਾ ਕੁਛ ਕੋਲੇ ਐ-ਉਹ ਬਿਚਾਰੀ ਦੁਖੀ ਹੋਈ ਸਾਰਾ ਕੁਛ ਛੱਡ ਛੁਡਾ ਕੇ ਐਥੇ ਆਗੀ-ਮੈਂ ਤਾਂ ਜਗਤੇ ਨੂੰ ਆਖਿਆ ਸੀ ਬਈ ਅੱਗੇ ਕਿਹੜਾ ਮਖ਼ਮਲਾਂ ਦੇ ਗੱਦਿਆਂ 'ਤੇ ਈ ਸੌਂਦੇ ਰਹੇ ਐਂ-ਧੀ ਧਿਆਣੀ ਛੱਡ ਤਾਂ ਦਿੱਤੀ-ਹੁਣ ਸਾਲ਼ਿਆਂ ਨੂੰ ਇੰਗਲੈਂਡ ਆਲ਼ਿਆਂ ਨੂੰ ਤਾਂ ਕੋਈ ਸਬਕ ਸਿਖਾਈਏ? ਉਹ ਜਾਣੇ, ਚਾਰ ਸਾਲ ਅੰਦਰ ਲਾ ਆਵਾਂਗੇ-ਸਾਲ਼ਾ ਮੋਕ ਈ ਮਾਰ ਗਿਆ-ਜਮਾਂ ਈ ਕਰਾੜ ਐ ਸਾਲ਼ਾ ਕੁੱਤਿਆਂ ਦਾ...!"

–"ਕਾਹਤੋਂ...?"

–"ਉਏ ਊਂ ਗੱਲ ਤਾਂ ਜਗਤੇ ਦੀ ਵੀ ਸਹੀ ਐ-ਅਗਲੇ ਦਸ ਸਾਲ ਕੁੜੀ ਦੇ ਮੂੰਹ ਵੱਲ ਝਾਕੀ ਗਏ-ਉਹਨਾਂ ਨੂੰ ਵੀ ਭਾਈ ਜਾਗਰਾ ਆਬਦੀ ਕੁਲ਼ ਦਾ ਫ਼ਿਕਰ ਐ-ਜੁਆਕ ਜੱਲਾ ਹੋਇਆ ਨ੍ਹੀ-ਤੇ ਅਗਲਿਆਂ ਨੇ ਸੋਚਿਆ ਬਈ ਜਦੋਂ ਦਸਾਂ ਸਾਲਾਂ 'ਚ ਜੁਆਕ ਨ੍ਹੀ ਹੋਇਆ, ਹੁਣ ਕਿੱਥੋਂ ਹੋਜੂ? ਬੋਤੇ ਦੇ ਬੁੱਲ੍ਹ ਦੀ ਉਹਨਾਂ ਨੇ ਉਡੀਕ ਨਾ ਕੀਤੀ-ਅਗਲਿਆਂ ਨੇ ਤਲਾਕ ਦੇ ਕੇ ਪਰ੍ਹਾਂ ਮਾਰਿਆ!"

–"ਗੱਲ ਤਾਂ ਇਹ ਵੀ ਸਮਝਣ ਆਲ਼ੀ ਐ-ਅਗਲਾ ਮੁੰਡਾ ਵਿਆਹੁੰਦੈ ਬਈ ਸਾਡੀ ਕੁਲ਼ ਅੱਗੇ ਤੁਰੂਗੀ-ਤੇ ਜੇ ਅਗਲੇ ਦੀ ਕੁਲ਼ ਈ ਨਾ ਅੱਗੇ ਤੁਰੀ? ਫੇਰ ਬਿਆਹ ਕਰਾਏ ਦਾ ਕੀ ਫ਼ਾਇਦਾ? ਅਗਲਿਆਂ ਨੇ ਸੋਚਿਆ ਹੋਣੈਂ ਬਈ ਹੁਣ ਮੁੰਡਾ ਦੂਜੇ ਵਿਆਹ ਦੇ ਕਾਬਲ ਐ-ਹੁਣ ਮੌਕੈ-ਵਿਆਹ ਲਵੋ-ਫੇਰ ਸੱਠਾਂ ਦਾ ਹੋ ਕੇ ਤਾਂ ਉਹ ਭਾਪਾ ਜੀ ਬਣਨੋਂ ਰਿਹਾ?"

–"ਗੱਲਾਂ ਤਾਂ ਯਾਰ ਜਾਗਰਾ ਸਾਰੀਆਂ ਈ ਠੀਕ ਐ-!"

–"ਕੁੜੀ ਦੀ ਉਮਰ ਕਿੰਨੀ ਕੁ ਐ?" ਜਾਗਰ ਇੰਗਲੈਂਡ ਦੇ ਨਾਂ ਨੂੰ ਸੁਚੇਤ ਹੋ ਗਿਆ।

–"ਹੋਊਗੀ ਕੋਈ ਚਾਲ੍ਹੀਆਂ ਕੁ ਦੀ-ਊਂ ਯਾਰ ਜਗਤਾ ਬਿਚਾਰਾ ਹੋ ਘਾਊਂ ਮਾਊਂ ਜਿਆ ਈ ਗਿਆ-ਦੇਖਲਾ ਜੁਆਨ ਨੱਕ 'ਤੇ ਮੱਖੀ ਨ੍ਹੀ ਸੀ ਬੈਠਣ ਦਿੰਦਾ-ਉਏ ਨ੍ਹੀ ਸੀ ਕਹਾਉਂਦਾ ਕਿਸੇ ਕੰਜਰ ਤੋਂ-ਹੁਣ ਕੱਖੋਂ ਹੌਲ਼ਾ ਹੋਇਆ ਬੈਠੈ।"

–"ਧੀਆਂ ਦੇ ਦੁੱਖ ਬੁਰੇ ਹੁੰਦੇ ਐ, ਬਾਈ ਮੇਰਿਆ...!" ਜਾਗਰ ਨੇ ਕਿਹਾ। ਇੰਗਲੈਂਡ ਤੋਂ ਆਈ ਕੁੜੀ ਅਤੇ ਜਗਤੇ ਦੀ ਮਜਬੂਰੀ...? ਜਾਗਰ ਸਿਆਂ ਇਸ ਦਾ ਭਰਪੂਰ ਫ਼ਾਇਦਾ ਉਠਾਇਆ ਜਾ ਸਕਦੈ। ਮਾਰ ਕੋਈ ਕੱਦੂ 'ਚ ਤੀਰ...! ਤੂੰ ਫੇਰ ਵੀ ਪੁਰਾਣਾ ਖਿਡਾਰੀ ਐਂ...! ਜਗਤੇ ਵਰਗੇ ਬਥੇਰੇ ਵੇਚ-ਵੇਚ ਕੇ ਖਾਧੇ ਵੇ ਐ...! ਤੂੰ ਇਹਦੇ, ਜੁਗਾੜ ਸਿਉਂ ਦੇ ਈ ਕੋਈ ਕੁਤਕੁਤੀ ਕੱਢ! ਇਹਨੂੰ ਪਲੋਸ! ਜੁਗਾੜ ਸਿਉਂ ਤਾਂ ਲਵੇਰੀ ਮੱਝ ਐ, ਜੇ ਚਾਟ ਪਾਵੇਂਗਾ, ਦੁੱਧ ਆਲ਼ੀ 'ਨ੍ਹੇਰੀ ਲਿਆਦੂ...! ਤੂੰ ਇਹਨੂੰ ਪਲੋਸ ਜਾਗਰ ਸਿਆਂ...! ਰੱਬ ਨੇ ਦਿੱਤੀਆਂ ਗਾਜਰਾਂ ਤੇ ਵਿਚੇ ਰੰਬਾ

ਰੱਖ...! ਓਏ ਜਾਗਰ ਸਿਆਂ ਮਾਰ ਇਹਦੇ ਕੰਜਰ ਦੇ ਥਾਪੀ ਤੇ ਪਸਮਾਅ ਇਹਨੂੰ...! ਮੁੰਡੇ ਦੀ ਗੱਲ ਚਲਾ ਇਹਦੇ ਨਾਲ...! ਕੁੜੀ ਨਾਲ ਮੁੰਡਾ ਨਰੜ ਕੇ, ਤੇ ਵਲੈਤ ਭੇਜ! ਇਕ ਵਾਰ ਤਾਂ ਘਰ ਦੀਆਂ ਕੁੱਖਾਂ ਕੱਢ ਦਿਊ ਜਿਉਣ ਜੋਕਰਾ...! ਉਹਨੇ ਤਾਂ ਕੱਚੇ ਨੇ ਜਰਮਨ 'ਚੋਂ ਨਾਂਅਵੇਂ ਦੀ 'ਨ੍ਹੇਰੀ ਲਿਆਤੀ ਸੀ। ਹੁਣ, ਜੇ ਐਹੋ ਜੀ ਕੁੜੀ ਹੱਥ ਲੱਗ ਗਈ, ਤਾਂ ਪੌਂ ਬਾਰ੍ਹਾਂ ਈ ਹੋ ਜਾਣਗੀਆਂ...! ਪੁੱਤ ਪੋਤਿਆਂ ਦੀਆਂ ਰੋਟੀਆਂ ਬਣ ਜਾਣਗੀਆਂ! ਦਸ, ਪੰਦਰਾਂ ਸਾਲ ਵੱਡੀ ਉਮਰ ਦਾ ਕੀ ਹੁੰਦੈ...? ਬਾਂਝ ਕੁੜੀ ਐ, ਆਪਣਾ ਹਰਦੇਵ ਸਿਉਂ ਜਰਵਾਣਾ ਮੁੰਡੈ, ਉਹ ਤਾਂ ਖੁਆ ਦਿਊ ਚਾਲੀਆਂ ਸਾਲਾਂ ਆਲ਼ੀ ਦੇ ਗੇੜੇ...! ਉੜਾ ਦਿਊ ਤੂਸ਼ਕੇ...! ਜਾਗਰ ਸਿਆਂ, ਊਠ ਅੜਾਂਦੇ ਈ ਲੱਦੀਦੇ ਐ! ਇਹਦੇ ਕੰਜਰ ਦੇ ਖਰਖਰਾ ਕਰ ਕੇ, ਕੁੜੀ ਮੁੰਡੇ ਦਾ ਨਰੜ ਕਰਵਾ! ਢਾਈ ਕਿੱਲਿਆਂ ਦੇ ਮਾਲਕ, ਤੇਰੇ ਮੁੰਡੇ ਨੂੰ ਟਾਟੇ ਦੀ ਕੁੜੀ ਤਾਂ ਮਿਲਣੋਂ ਰਹੀ! ਕੋਈ ਟੋਭੇ ਫੂਕ ਈ ਮਿਲੂ! ਨਾਲੇ ਇੰਗਲੈਂਡ 'ਚ ਪੱਕੀ ਕੁੜੀ ਤੈਨੂੰ ਕਿਤੋਂ ਮਿਲਣੀ ਐਂ...? ਤੂੰ ਐਸ ਬਿੱਜੂ ਨੂੰ ਪਲੋਸ, ਤੇ ਕੁੜੀ ਆਲ਼ੀ ਗੱਲ ਚਲਾ...! ਜੇ ਕੁੜੀ ਦੀ ਉਮਰ ਚਾਲੀਆਂ ਸਾਲਾਂ ਦੀ ਐ, ਤੂੰ ਕਿਹੜਾ ਉਹਤੋਂ ਚੱਕੀ ਪਿਹਾਉਣੀ ਐਂ...? ਮੁੰਡਾ ਸੈੱਟ ਕਰ, ਬਾਕੀ ਪ੍ਰਮਾਤਮਾ ਆਪੇ ਭਲੀ ਕਰੂ...! ਇਹਨੂੰ ਘੁੱਟ ਲੁਆ ਕੇ, ਇਹਦੇ ਮੂਹਰੇ ਬੰਸਰੀ ਵਜਾ ਕੋਈ...! ਇਹ ਰਿੱਛ ਤੈਨੂੰ ਬੜਾ ਕੰਮ ਦਿਊਗਾ, ਜਾਗਰ ਸਿਆਂ...! ਪੀ ਕੇ ਇਹ ਸਾਲ਼ਾ ਬੋਤੇ ਜਿੰਨਾਂ ਕੰਮ ਦਿੰਦੈ! ਇਹਨੂੰ ਘੁੱਟ ਲੁਆ ਕੇ ਕੰਡੇ 'ਚ ਕਰ ਤੇ ਮਾਰ ਰੇਖ 'ਚ ਮੇਖ...!

-"ਕੀ ਸੇਵਾ ਕੀ ਕਰਾਂ...? ਜੁਗਾੜ ਸਿਆਂ ਮੈਂ ਤਾਂ ਗੱਲਾਂ ਬਾਤਾਂ 'ਚ ਭੁੱਲ ਈ ਗਿਆ ਸੀ!" ਜਾਗਰ ਨੇ ਕਿਹਾ।

-"ਕੋਈ ਸੀਸੀ ਹੈਗੀ ਐ ਤਾਂ ਕੱਢਲਾ! ਹੋਰ ਸੇਵਾ ਨੂੰ ਮੈਂ ਕਿਹੜਾ ਲੱਤਾਂ ਘੁਟਵਾਉਣੀਐਂ?" ਜੁਗਾੜ ਸਿਉਂ ਨੇ ਗਿੱਟੇ ਖੁਰਕੇ। 'ਕਰਚ-ਕਰਚ' ਦੀ ਅਵਾਜ਼ ਸਾਫ਼ ਸੁਣਾਈ ਦਿੱਤੀ। ਗਿੱਟਿਆਂ 'ਤੇ ਖੁਸ਼ਕੀ ਦੀਆਂ ਚਿੱਟੀਆਂ ਲੀਕਾਂ ਪੈ ਗਈਆਂ। ਜਿਵੇਂ ਹਵਾ ਦੇ ਘੱਟ ਦਬਾਓ ਕਾਰਨ ਅਸਮਾਨ ਵਿਚ ਧੂੰਏਂ ਨਾਲ ਜਹਾਜ ਪਾਉਂਦੈ!

-"ਆਪਾਂ ਕਿਤੋਂ ਲੈਣ ਜਾਣੀਂ ਐਂ...? ਤੂੰ ਜਾਨ ਮੰਗ ਜਾਨ ਹਾਜਰ ਐ!" ਜਾਗਰ ਖੂੰਜਿਓਂ ਬੋਤਲ ਕੱਢ ਲਿਆਇਆ।

ਉਹ ਬੋਤਲ ਨੂੰ ਕੁੱਕੜ ਵਾਂਗ ਕੱਛ 'ਚ ਦੇਈ ਆਉਂਦਾ ਸੀ।

-"ਲੈ ਦੇਖ ਤਰਾਰੇ ਬੱਝਦੇ...! ਅਜੇ ਕੱਲ੍ਹ ਈ ਅੱਠ ਬੋਤਲਾਂ ਕੱਢੀਐਂ।" ਜਾਗਰ ਨੇ ਬੋਤਲ ਦੇ ਮੂੰਹ 'ਚੋਂ ਮੱਕੀ ਦਾ ਗੁੱਲ ਕੱਢਦਿਆਂ ਕਿਹਾ।

-"ਨਹੀਂ ਰੀਸਾਂ! ਸਦਕੇ ਤੇਰੇ...!" ਜੁਗਾੜ ਸਿਉਂ ਨੇ ਬੋਤਲ ਝਿਣਕ ਕੇ ਮਣਕਾ ਬੰਨ੍ਹਿਆਂ।

ਜਾਗਰ ਖੇਤੋਂ ਗਾਜਰਾਂ ਪੱਟਣ ਉਠ ਗਿਆ।

ਉਹ ਪੀਣ ਲੱਗ ਪਏ।

-"ਖੁੱਲ੍ਹ ਕੇ ਪੀ...! ਬਥੇਰੀ ਅੱਗ ਲੱਗਦੀ ਐ!" ਜਾਗਰ ਨੇ ਆਖਿਆ।

-"ਜਿੰਨੀ ਲੋੜ ਹੋਈ-ਜਰੂਰ ਪੀਮਾਂਗੇ।" ਜੁਗਾੜ ਸਿਉਂ ਗਿਲਾਸ ਭਰ ਕੇ ਇੰਜ ਅੰਦਰ ਮਾਰਿਆ, ਜਿਵੇਂ ਸ਼ਰਬਤ ਹੁੰਦੀ ਹੈ।

ਬੋਤਲ ਉਹਨਾਂ ਅੱਗੇ ਤੂਫ਼ਾਨ ਬਣਦੀ ਜਾ ਰਹੀ ਸੀ। ਉਸ ਦੀਆਂ ਅੱਖਾਂ ਦਾ ਰੰਗ ਰੱਤਾ ਹੁੰਦਾ ਜਾ ਰਿਹਾ ਸੀ। ਦੇਸੀ ਦਾਰੂ ਨਾਲ ਜੁਗਾੜ ਸਿਉਂ ਗਾਜਰਾਂ ਇੰਜ ਚੱਬਦਾ ਸੀ, ਜਿਵੇਂ ਝੋਟਾ ਕੜਬ ਚੱਬਦੈ!

-"ਹੈ ਪੂਰੀ ਖਰੀ ਬਈ ਬੇਲੀਆ...!"

-"ਮੈਖਿਆ, ਪੂਰੀ ਖੱਟਰ ਐ...!"

-"ਸੰਘੇੜਿਆਂ ਸਾਲ਼ੀ ਅਤਰੀ ਅਰਗੀ...!"

-"ਸੱਚ ਤੇਰੀ ਪੁਰਾਣੀ ਬੇਲਣ ਦਾ ਕੀ ਹਾਲ ਚਾਲ ਐ?"

-"ਓਏ ਛੱਡ! ਹੁਣ ਤਾਂ ਬੁੱਢੇ ਹੋ ਗਏ, ਜਾਗਰਾ!" ਉਹ ਗੱਲ ਦੱਬ ਗਿਆ। ਜਾਗਰ ਵੀ ਗੱਲ ਵਧਾਉਣੀ ਨਹੀਂ ਚਾਹੁੰਦਾ ਸੀ। ਉਸ ਅੱਗੇ ਸਾਰਾ ਛੋਪ ਕੱਤਣ ਵਾਲਾ ਪਿਆ ਸੀ। ਅਜੇ ਤਾਂ ਪੂਣੀਂ ਨੂੰ ਵੀ ਹੱਥ ਨਹੀਂ ਲਾਇਆ ਸੀ। ਉਹ ਦਾਰੂ ਦੇ ਨਸ਼ੇ ਵਿਚ ਜੁਗਾੜ ਸਿਉਂ ਤੋਂ ਇਕ ਵਾਰੀ 'ਹਾਂ' ਕਰਵਾਉਣੀ ਚਾਹੁੰਦਾ ਸੀ। ਉਸ ਨੂੰ ਪੂਰਾ ਵਿਸ਼ਵਾਸ ਸੀ ਕਿ ਜੇ ਇਸ ਪੋਪਲ਼ ਨੇ ਹਾਂ ਕਰ ਦਿੱਤੀ, ਫਿਰ ਲੱਤ ਨਹੀਂ ਚੁੱਕਦਾ। ਜੁਗਾੜ ਸਿਉਂ ਜ਼ੁਬਾਨ ਦਾ ਬੜਾ

ਪੱਕਾ ਬੰਦਾ ਸੀ। ਗੱਲ ਕਹਿ, ਕਰ ਕੇ ਮੁਕਰਦਾ ਨਹੀਂ ਸੀ!

'ਖੱਟਰ-ਖਰੀ' ਕਰਦਿਆਂ ਉਹਨਾਂ ਨੇ ਬੋਤਲ ਖਤਮ ਕਰ ਦਿੱਤੀ। ਨਸ਼ਾ ਦੋਹਾਂ ਦੀਆਂ ਅੱਖਾਂ ਵਿਚ ਹੀ ਦੀਵੇ ਦੀ ਲਾਟ ਵਾਂਗ ਡੋਲਣ ਲੱਗ ਪਿਆ ਸੀ। ਜਾਗਰ ਆਪਣੇ ਨਿਸ਼ਾਨੇ ਪ੍ਰਤੀ ਸੁਚੇਤ ਸੀ। ਉਹ ਕਦੋਂ ਦਾ ਸ਼ਿਸ਼ਤ ਬੰਨ੍ਹੀ ਬੈਠਾ ਸੀ। ਜਦੋਂ ਦਾਅ ਲੱਗਣਾ ਸੀ, ਉਸ ਨੇ ਜੁਗਾੜ ਸਿਉਂ ਨੂੰ ਫੁੰਡ ਕੇ ਰੱਖ ਦੇਣਾ ਸੀ। ਜਾਗਰ ਕਿਵੇਂ ਨਾ ਕਿਵੇਂ ਮੋੜ ਘੋੜ ਕੇ ਖੋਤੀ ਬੋਹੜ ਹੇਠਾਂ ਲਿਆਉਣਾ ਚਾਹੁੰਦਾ ਸੀ। ਪਰ ਉਸ ਨੂੰ ਗੱਲ ਦਾ ਸਿਰਾ ਨਹੀਂ ਲੱਭ ਰਿਹਾ ਸੀ। ਉਸ ਦਾ ਦਿਮਾਗ ਰੇਡੀਓ ਵਰਗਾ ਸੀ। ਪਰ ਪੀਤੀ ਹੋਈ ਦਾਰੂ ਦੇ ਬਾਵਜੂਦ ਵੀ ਉਸ ਦਾ ਰੇਡੀਓ ਦਿਮਾਗ ਕੋਈ ਕੰਮ ਦਾ ਸਟੇਸ਼ਨ ਨਹੀਂ ਫੜ ਰਿਹਾ ਸੀ। ਉਸ ਨੇ ਆਪਣੇ ਦਿਮਾਗ 'ਤੇ ਦੋ-ਤਿੰਨ ਵਾਰ ਧੱਫ਼ਾ ਜਿਹਾ ਮਾਰਿਆ। ਜਿਵੇਂ 'ਘਿਰੜ੍ਹ-ਘਿਰੜ੍ਹ' ਕਰਦੇ ਰੇਡੀਓ ਦੇ ਮਾਰੀਦੈ!

-"ਜੁਗਾੜ ਸਿਆਂ...!" ਜਾਗਰ ਨੇ ਗੱਲ ਚਲਾਈ।

-"ਹੁਕਮ...?" ਉਹ ਪਟਿਆਲ਼ੇ ਵਾਲ਼ਾ ਭੂਪਾ ਬਣਿਆਂ ਬੈਠਾ ਸੀ।

-"ਜਗਤੇ ਨੇ ਕੁੜੀ ਦਾ ਕੋਈ ਬੰਨ੍ਹ ਸੁੱਬ ਨ੍ਹੀ ਕੀਤਾ...?" ਉਸ ਨੇ ਉਲਝੇ ਤਾਣੇ ਦੀ ਸਿਰੇ ਦੀ ਤੰਦ ਫੜ ਲਈ ਅਤੇ ਜੁਗਾੜ ਸਿਉਂ ਦਾ ਬੁੱਚੜ ਚਿਹਰਾ ਨਿਰਖਣ ਲੱਗ ਪਿਆ। ਉਹ ਤੁੱਕਿਆਂ ਵੱਲ ਝਾਕਦੇ ਬੋਕ ਵਾਂਗ ਉਸ ਵੱਲ ਮੂੰਹ ਚੁੱਕੀ ਬੈਠਾ ਸੀ।

-"ਕਿਹੜੀ ਗੱਲ ਕਰਤੀ, ਜਾਗਰਾ? ਉਹਨੇ ਖਸਮਾਂ ਨੂੰ ਖਾਣੇ ਨੇ ਕੁਛ ਨ੍ਹੀ ਕਰਨਾ...! ਇਹ ਤਾਂ ਕੁਛ ਆਪਾਂ ਨੂੰ ਈ ਕਰਨਾ ਪਊ-ਲੱਖ ਅੜਬ ਐ-ਪਰ ਹੈ ਤਾਂ ਮਿੱਤਰ...!"

-"ਊਂ ਹੈ ਯਾਰਾਂ ਦਾ ਯਾਰ! ਇਹ ਗੱਲ ਮੰਨਣੀਂ ਪਊ...!" ਜਾਗਰ ਨੇ ਕਿਹਾ।

-"ਇਹਦੇ 'ਚ ਕੋਈ ਸ਼ੱਕ ਨ੍ਹੀ! ਉਏ ਉਹਤੋਂ ਅੜਬ ਸੁਭਾਅ ਕਰਕੇ ਪਾਸਾ ਵੱਟਦੇ ਐਂ-ਬਈ ਭਰਾ ਐ, ਕਿਤੇ ਊਂ ਨਾ ਪੀਤੀ ਖਾਧੀ 'ਚ ਉਹਦੀ ਪੁੜਪੜੀ 'ਚ ਚਿੱਬ ਪੈਜੇ-ਸਹੁਰੇ ਲੋਕ ਕੀ ਆਖਣਗੇ? ਬਈ ਕੱਲ੍ਹ 'ਕੱਠੇ ਖਾਂਦੇ ਪੀਂਦੇ ਸੀ-ਅੱਜ ਤਰੀਕਾਂ ਭੁਗਤਦੇ ਫਿਰਦੇ ਐ!" ਜੁਗਾੜ ਸਿਉਂ ਨੇ ਆਪਣੇ ਦਿਲ ਦੀ ਭੜ੍ਹਾਸ ਕੱਢੀ।

-"ਇਕ ਗੱਲ ਜਰੂਰ ਐ-ਅੜਬ ਬੰਦਾ ਦਿਲ ਦਾ ਕਦੇ ਮਾੜਾ ਨ੍ਹੀ ਹੁੰਦਾ-ਦਿਲ ਦੇ ਮਾੜੇ ਹੁੰਦੇ ਐ, ਗਿੱਦੜਮਾਰ ਬੰਦੇ!"

-"ਮੈਂ ਇਕ ਨਤੀਜਾ ਕੱਢਿਐ-ਬਈ ਅੜਬ ਬੰਦੇ ਦਾ ਕਦੇ ਗੁੱਸਾ ਨਾ ਕਰੋ-ਮੂੰਹ ਫ਼ੱਟ ਬੰਦਾ ਦਿਲ 'ਚ ਗੱਲ ਰੱਖ ਨ੍ਹੀ ਸਕਦਾ-ਸਿੱਧੀ ਰੋੜੇ ਮਾਂਗੂੰ ਮੂੰਹ 'ਤੇ ਮਾਰਦੈ! ਤੇ ਜਿਹੜੇ ਹੁੰਦੇ ਐ ਗਿੱਦੜਮਾਰ ਬੰਦੇ-ਉਹ ਓਸ ਗੱਲ ਦੇ ਆਖਣ ਮਾਂਗੂੰ-ਗੱਲ ਦਿਲ 'ਚ ਰੱਖਣੀ ਤੇ ਮੂੰਹੋਂ ਮਿੱਠੇ ਰਹਿਣਾ-ਤੇ ਸਮਾਂ ਪਾ ਕੇ ਗੁੱਝੀ ਆਰੀ ਚਲਾਉਣੀ! ਤੇ ਉਹ ਵੀ ਪਿੱਠ ਪਿੱਛੋਂ ਦੀ...!" ਜੁਗਾੜ ਸਿਉਂ ਵੀ ਧਾਈ ਨਾਲ ਧਾਈ ਜੋੜਦਾ ਜਾ ਰਿਹਾ ਸੀ।

-"ਯਾਰ ਜੁਗਾੜ ਸਿਆਂ! ਤੇਰੇ ਨਾਲ ਦਿਲ ਦੀ ਸਾਰੀ ਗੱਲ ਕਰ ਲਈਦੀ ਐ-ਆਪਾਂ ਹਰ ਘੁੰਡੀ ਦੀ ਮੁੱਠ ਰੱਖੀ ਐ-ਹਰਦੇਵ ਸਿਉਂ ਦੀ ਬੇਬੇ ਤਾਂ ਕੁੜੀ ਯਹਾਵੇ ਦੀ ਉਦੋਂ ਦੀ ਪੰਡਤਾਂ ਪਾਧਿਆਂ ਮਗਰ ਈ ਤੁਰੀ ਫਿਰਦੀ ਐ।"

-"ਕਦੋਂ ਦੀ...?"

-"ਉਏ ਆਹ, ਜਦੋਂ ਦਾ ਉਹ ਜਰਮਨ ਤੋਂ ਵਾਪਸ ਆਇਐ...।"

-"ਭਰਜਾਈ ਨੂੰ ਆਖਣਾ ਸੀ ਬਈ ਸਾਡੇ ਨਾਲੋਂ ਵੱਡਾ ਪੰਡਤ ਪਾਧਾ ਕੌਣ ਐਂ? ਤੂੰ ਸਾਨੂੰ ਸਿੱਧ ਕਰਕੇ ਦੇਖ, ਭਰਿੰਡਾਂ ਮਾਂਗੂੰ ਖੜ੍ਹੇ ਖੱਖਰ ਨਾ ਲਾ ਦੇਈਏ...!" ਜੁਗਾੜ ਸਿਉਂ ਹੱਸ ਪਿਆ।

-"ਆਹੀ ਸਲਾਹ ਤਾਂ ਤੇਰੇ ਨਾਲ ਕਰਨੀ ਸੀ-।" ਗੱਲ ਕਰਦਾ ਕਰਦਾ ਜਾਗਰ ਰੁਕ ਗਿਆ।

-"ਤੂੰ ਰੁਕ ਕਾਹਨੂੰ ਗਿਆ? ਅੱਗੇ ਤੁਰ...! ਦਾਈਆਂ ਤੋਂ ਬਾਈ ਜਾਗਰਾ ਪੇਟ ਨ੍ਹੀ ਲੁਕਾਈਦੇ!"

-"ਯਾਰ ਗੱਲ ਵੱਡੀ ਐ, ਤੇ ਮੂੰਹ ਛੋਟੈ-ਨਾਲੇ ਤੇਰੇ ਕੋਲੇ ਕਾਹਦਾ ਲੁਕਾ ਐ...?" ਉਸ ਨੇ ਗੱਲ ਨੂੰ ਵਲ਼ ਪਾ ਲਿਆ।

-"ਤੂੰ ਮੂੰਹੋਂ ਤਾਂ ਕੱਢ...! ਦੇਖ, ਤੇਰੇ ਮੂਹਰੇ ਤੇਰਾ ਯਾਰ ਬੈਠੈ, ਗੰਧਾਲ਼ੇ ਅਰਗਾ!" ਉਸ ਨੇ ਆਪਣਾ ਵੱਡਾ ਸਾਰਾ ਹੱਥ ਹਿੱਕ 'ਚ ਮਾਰਿਆ। ਹੱਥ ਦੁਰਮਟ ਵਾਂਗ ਛਾਤੀ 'ਤੇ ਵੱਜਿਆ ਸੀ। ਢੋਲਕੀ ਵਾਂਗ 'ਧੰਮ੍ਹ' ਦੀ ਅਵਾਜ਼ ਆਈ ਸੀ।

-"ਯਾਰ ਆਪਣਾ ਹਰਦੇਵ ਸਿਉਂ ਐਂ ਨਾ-?"

-"ਆਹੋ...!"

-"ਉਹ ਜਰਮਨ ਤੋਂ ਆਇਐ, ਮੁੜ! ਤੇ ਹੁਣ ਮੈਂ ਵੀ ਕੋਈ ਬਾਹਰਲੀ ਕੁੜੀ ਦੇਖਦੈਂ, ਉਹਦੇ ਵਾਸਤੇ! ਚਾਹੇ ਕੋਈ ਲੂਲ੍ਹੀ ਲੰਗੜੀ ਈ ਮਿਲਜੇ! ਤੇਰੇ ਕੋਲੇ ਕਾਹਦਾ ਲਕੋਅ ਐ? ਜਰਮਨ 'ਚੋਂ ਬਾਹਵਾ ਪੈਸੇ ਪੂਸੇ ਭੇਜਦਾ ਰਿਹੈ ਬੱਤੀ ਸੁਲੱਖਣਾ-ਹੁਣ ਮੈਂ ਸੋਚਦੈਂ ਬਈ ਜੇ ਇਹਨੂੰ ਕੋਈ ਲੋੜਵੰਦ ਕੁੜੀ ਵੀ ਮਿਲਜੇ-ਇਹਦਾ ਜੁਗਾੜ ਸੈੱਟ ਹੋਜੇ-ਘਰ ਦੇ ਹਾਲਾਤਾਂ ਦਾ ਤੈਨੂੰ ਬਾਈ ਮੇਰਿਆ ਪਤਾ ਈ ਐ-ਹੋਰ ਦੱਸ ਮੈਂ ਤੈਨੂੰ ਕੀ ਆਖਾਂ? ਤੂੰ ਧਰਮ ਦਾ ਭਰਾ ਐਂ...!"

ਜੁਗਾੜ ਸਿਉਂ ਸੋਚਾਂ ਵਿਚ ਪੈ ਗਿਆ।

ਜਾਗਰ ਉਸ ਦੇ ਸਕੋੜ੍ਹੇ ਚਿਹਰੇ ਨੂੰ ਪਰਖ਼ਦਾ ਰਿਹਾ।

-"ਗੱਲ ਇਕ ਐ-!" ਉਸ ਨੇ ਜਾਗਰ ਦੇ ਪੱਟ 'ਤੇ ਧੱਫ਼ਾ ਜਿਹਾ ਮਾਰਿਆ।

-"ਬੋਲ...!"

-"ਆਪਾਂ ਸਾਰੇ ਧੀਆਂ ਭੈਣਾਂ ਆਲ਼ੇ ਐਂ, ਜਾਗਰਾ! ਆਖਣ ਨੂੰ ਕੀ ਕਹਿਣੈ? ਜਗਤਾ ਤਾਂ ਬਿਚਾਰਾ ਆਪ ਖ਼ਿੜਕਿਆ ਫਿਰਦੈ! ਉਹ ਤਾਂ ਇਹ ਚਾਹੁੰਦੈ ਬਈ ਮੇਰੀ ਬੂਹੇ ਬੈਠੀ ਧੀ ਨੂੰ ਕੋਈ ਵਸਾ ਲਵੇ-।"

-"ਨਾਲੇ ਗੱਲ ਹੋਰ ਐ, ਮੈਂ ਤੇਰੀ ਗੱਲ ਕੱਟਦੈਂ...।"

-"ਦੱਸ...?"

-"ਨਾਲੇ ਆਪਾਂ ਕਿਹੜਾ ਆਪਣੇ ਹਰਦੇਵ ਸਿਉਂ ਨੂੰ ਘੋੜ੍ਹੀ ਚਾੜ੍ਹਨੈਂ...? ਗੁਰਦੁਆਰੇ ਈ ਦੋ ਭੁਆਟਣੀਆਂ ਦੇ ਦੇਵਾਂਗੇ-ਦੋਨੋਂ ਧਿਰਾਂ ਖ਼ੁਸ਼! ਆਬਦਾ ਵਸਣ ਰਸਣ, ਮੌਜਾਂ ਕਰਨ! ਉਹਦੀ ਧੀ ਵਸਜੂ ਤੇ ਓਸ ਗੱਲ ਦੇ ਆਖਣ ਮਾਂਗੂੰ, ਆਪਣਾ ਮੁੰਡਾ ਕਿਸੇ ਤਣ ਪੱਤਣ ਲੱਗਜੂ-ਨਾਲੇ ਬਾਈ ਮੇਰਿਆ, ਪੀਰ ਖ਼ੁਸ਼ ਤੇ ਨਾਲੇ ਕਾਜੀ...!" ਜਾਗਰ ਦੇ ਮਨ ਨੂੰ ਸੰਤੁਸ਼ਟੀ ਸੀ ਕਿ ਉਸ ਦਾ ਤੀਰ ਬਿਲਕੁਲ ਨਿਸ਼ਾਨੇ 'ਤੇ ਹੀ ਵੱਜਿਆ ਸੀ।

-"......।" ਜੁਗਾੜ ਸਿਉਂ ਚੁੱਪ ਚਾਪ ਸੁਣ ਰਿਹਾ ਸੀ। ਜਾਗਰ ਨੂੰ ਉਸ ਦੀ ਚੁੱਪ ਤੋਂ ਭੈਅ ਆਇਆ।

-"ਤੂੰ ਗੁੰਗੂ ਈ ਹੋ ਗਿਆ? ਕੋਈ ਗੌਂਗਾ ਈ ਨ੍ਹੀ ਗੌਲ਼ਿਆ ਮੇਰੀ ਗੱਲ ਦਾ...!" ਜਾਗਰ ਨੇ ਉਸ ਦੀ ਚੁੱਪ ਤੋੜੀ।

-"ਗੱਲ ਇਹ ਐ-!"

-"......।" ਜਾਗਰ ਬੜੀ ਤੇਜ਼ੀ ਨਾਲ ਜੁਗਾੜ ਸਿਉਂ ਦੇ ਪ੍ਰੀਤਕਰਮ ਨੂੰ ਜਾਂਚ ਰਿਹਾ ਸੀ। ਜੁਗਾੜ ਸਿਉਂ ਵੱਲੋਂ ਆਉਣ ਵਾਲਾ ਬਿਆਨ ਉਸ ਦੇ ਹੌਲ ਪਾਈ ਜਾ ਰਿਹਾ ਸੀ ਕਿ ਪਤਾ ਨਹੀਂ ਕੀ ਆਖੂ?

-"ਇਹ ਗੱਲ ਚਲਾਉਨੈਂ, ਮੈਂ!"

-"ਤੇ ਹੋਰ ਬਾਬਾ ਬਖਤੌਰਾ ਚਲਾਊ? ਤੂੰ ਈ ਤਾਂ ਚਲਾਉਣੀ ਐਂ! ਆਬਦਾ ਕਰਕੇ ਤਾਂ ਮੈਂ ਤੇਰੇ ਕੋਲ਼ੇ ਦਿਲ ਫ਼ਰੋਲ਼ਿਐ।" ਜਾਗਰ ਨੇ ਆਪਣੇ ਵੱਲੋਂ ਪੂਰੀ ਅਪਣੱਤ ਜਤਾ ਕੇ ਜੁਗਾੜ ਸਿਉਂ ਨੂੰ ਚਿੱਤ ਕਰ ਦਿੱਤਾ।

-"ਓਹੀ ਤਾਂ ਤੈਨੂੰ ਮੈਂ ਆਖਦੈਂ! ਜਗਤਾ ਹੋਇਆ ਪਿਐ ਬਿਚਾਰਾ ਕਮਲ਼ਾ-ਨਾਲੇ ਤੈਨੂੰ ਚੰਗਾ ਭਲਾ ਪਤੈ, ਜਾਗਰਾ! ਬਈ ਅੱਧਖੜ੍ਹ ਧੀ ਛੇਤੀ ਕੀਤੇ ਕੌਣ ਘਰੇ ਵਸਾਉਂਦੈ? ਘਰੇ ਬੈਠੀ ਛੱਡੀ ਛਡਾਈ ਧੀ ਵਿਹੜੇ 'ਚ ਬੈਠੀ ਚਿਖ਼ਾ ਮਾਂਗੂੰ ਧੁਖ਼ੀ ਜਾਂਦੀ ਐ-ਧੀਆਂ ਭੈਣਾਂ ਦੇ ਦੁੱਖ ਦਾ ਤੈਨੂੰ ਪਤਾ ਈ ਐ-ਤੂੰ ਤੁਰਿਆ ਫ਼ਿਰਦਾ ਬੰਦੈਂ-ਪੁਲ਼ਸ 'ਚ ਨੌਕਰੀ ਕੀਤੀ ਐ-ਉਹਦੇ ਕੋਲ਼ੇ ਮੈਂ ਕੱਲ੍ਹ ਨੂੰ ਈ ਜਾਨੈਂ-ਤੂੰ ਮੇਰੇ ਕਿਰਾਏ ਭਾੜ੍ਹੇ ਦਾ ਬੰਦੋਬਸਤ ਕਰ।" ਉਸ ਨੇ ਆਪਣਾ ਪੱਲਾ ਦਿਖਾਇਆ। ਜੁਗਾੜ ਸਿਉਂ ਵੀ ਮੁਫ਼ਤੋ ਮੁਫ਼ਤੀ ਵਿਚ ਫ਼ਰਾਂ ਥੱਲੇ ਆਉਣ ਵਾਲਾ ਬੰਦਾ ਨਹੀਂ ਸੀ।

ਮਨ ਹੀ ਮਨ ਅੰਦਰ ਜਾਗਰ ਨੇ ਉਸ ਨੂੰ ਗਾਲ੍ਹ ਕੱਢੀ, "ਮੇਰਾ ਸਾਲ਼ਾ ਊਤ...! ਆ ਗਿਆ ਨ੍ਹਾਂ ਉਹਨਾਂ ਕਮੀਨੀਆਂ ਗੱਲਾਂ 'ਤੇ...?" ਪਰ ਉਹ ਮੂੰਹੋਂ ਚੁੱਪ ਅਤੇ ਮਨੋਂ ਸੰਤੁਸ਼ਟ ਸੀ। ਜਾਗਰ ਸਿਆਂ, ਅੱਗੇ ਤਿੰਨ ਲੱਖ ਏਜੰਟ ਨੂੰ ਵੀ ਝੋਕ ਹੀ ਦਿੱਤਾ ਸੀ...! ਜੇ ਇਹ ਬੋਕ ਪੰਜ-ਸੱਤ ਸੌ ਵਿਚੋਂ ਛਕ ਵੀ ਜਾਊ, ਕੀ ਫ਼ਰਕ ਪੈਂਦੈ...? ਅੱਜ ਕੱਲ੍ਹ ਤਾਂ ਪੈਸੇ ਬਿਨਾ ਬੰਦਾ ਰੱਬ ਨੂੰ ਮੱਥਾ ਨਹੀਂ ਟੇਕਦਾ...? ਜਾਗਰ ਸਿਆਂ, ਤੂੰ ਇਹਨੂੰ ਧੂਤੂ ਨੂੰ ਖ਼ੁਸ਼ ਰੱਖ...! ਇਹ ਤੈਨੂੰ ਪੰਜਾਬ ਐਂਡ ਸਿੰਧ ਬੈਂਕ ਦਾ ਚੈੱਕ ਬਣ ਕੇ ਮਿਲਿਐ...! ਤੂੰ ਇਹਨੂੰ ਨਾ ਹੱਥੋਂ ਗੁਆ ਲਵੀਂ...! ਬੈਲੀ ਬੰਦੇ ਪੈਸੇ

ਬਿਨਾ ਸਿੱਧੇ ਰਾਗ ਨਹੀਂ ਗਾਉਂਦੇ...! ਇਹਦੇ ਅੱਗੇ ਕੋਈ ਸੁਰ ਕੱਢ...! ਕੋਈ ਤਾਲ ਵਜਾ...! ਸੱਪ ਨੂੰ ਫੜਨਾ ਹੋਵੇ, ਤਾਂ ਉਹਦੇ ਮੂਹਰੇ ਵੀ ਬੀਨ ਦੇ ਲਹਿਰੇ ਕੱਢਣੇ ਪੈਂਦੇ ਐ...! ਬੀਨ ਸੁਣ ਕੇ ਪਟੱਕ ਦੇਣੇ ਖੁੱਡ 'ਚੋਂ ਨਿਕਲ਼ ਆਉਂਦੈ...! ਨਹੀਂ ਜੋਰ ਲਾ ਲਵੋ, ਜਮਾਂ ਦਿਖਾਈ ਨ੍ਹੀ ਦਿੰਦਾ...! ਜਾਗਰ ਸਿਆਂ! ਜੇ ਬੋਤਾ "ਇੱਛ-ਇੱਛ" ਕਰੇ ਤੋਂ ਨਾ ਬੈਠੇ, ਤਾਂ ਉਹਦਾ ਕੀ ਵਿਗਾੜ ਲਈਏ...? ਬੋਤੇ ਨੂੰ ਫੜ ਕੇ ਤਾਂ ਮੂਧਾ ਪਾਉਣੋਂ ਰਹੇ...? ਤੂੰ ਇਹਦੇ ਮੂਹਰੇ ਧੂਫ਼ ਧੁਖ਼ਾਅ...! ਦੋਨੋਂ ਹੱਥ ਜੋੜ ਕੇ ਸਾਸਰੀਕਾਲ ਬੁਲਾ...! ਇਹਦਾ ਕਿਹਾ 'ਸਤਿ ਬਚਨ' ਕਰਕੇ ਮੰਨ...! ਜੇ ਭਗਵਾਨ ਰਾਮ ਨੂੰ ਪਾਉਣਾ ਹੋਵੇ, ਤਾਂ ਪਹਿਲਾਂ ਹਨੂੰਮਾਨ ਜੀ ਖ਼ੁਸ਼ ਕਰਨੇ ਪੈਂਦੇ ਐ...! ਜੇ ਜਗਤੇ ਨੂੰ ਆਨੇ ਆਲ਼ੀ ਥਾਂ 'ਤੇ ਲਿਆਉਣੈਂ, ਤਾਂ ਇਹਦੇ ਅੱਗੇ ਡੰਡਾਉਤਾਂ ਕੱਢਣੀਆਂ ਈ ਪੈਣਗੀਆਂ...! ਜਗਤੇ ਨਾਲ ਚਾਹੇ ਇਹ ਵੀਹ ਵਾਰੀ ਖਹਿਬੜਿਐ, ਪਰ ਪ੍ਰੇਮ ਦੋਹਾਂ ਦਾ ਓਨਾ ਈ ਐਂ...! ਭੀੜ ਪੈਣ 'ਤੇ ਭਰਿੰਡਾਂ ਮਾਂਗੂੰ 'ਕੱਠੇ ਹੋ ਜਾਂਦੇ ਐ...! ਦੁਖਦੇ ਸੁਖਦੇ ਟਿੱਚ ਬਟਣਾਂ ਮਾਂਗੂੰ ਜੁੜ ਜਾਂਦੇ ਐ...! ਇਹਦੇ ਨਾਲ ਸਲਾਹ ਕੀਤੀ ਬਿਨਾ ਜਗਤਾ ਕੁੜੀ ਜਮਾਂ ਨ੍ਹੀ ਤੋਰਦਾ...! ਤੂੰ ਇਕ ਵਾਰ ਇਹਨੂੰ ਕਿਸੇ ਨਿੱਗਰ ਕਿੱਲੇ ਨਾਲ ਨਰੜ...! ਮੁੜ ਕੇ ਆਪਾਂ ਇਹਨੂੰ ਕੀ ਦਬਾਲ਼ ਐਂ...? ਦਿਨ ਗਿਆ ਟਿਕਾਣੇ ਤੇ ਬਾਬੇ ਦਾ......ਜਾਣੇਂ! ਕੁੜੀਆਂ ਸਿੱਠਣੀਆਂ ਗਾਉਂਦੀਆਂ ਹੁੰਦੀਐਂ, ਕੁੜਮੋਂ ਕੁੜਮੀਂ ਵਰਤਣਗੇ, ਵਿਚੋਲੇ ਬੈਠੇ ਤਰਸਣਗੇ...! ਤੂੰ ਆਪਣੇ ਸੰਗਲ਼ 'ਚੋਂ ਇਹਦੇ ਆਲ਼ੀ ਕੜੀ ਨਾ ਕੱਢੀਂ...! ਸਾਰਾ ਸੰਗਲ਼ ਈ ਨਿਕਾਰਾ ਹੋਜੂ...! ਇਹਨੂੰ ਤਾਂ ਅਜੇ ਮੋਟੀ, ਸੁਹਾਗੇ ਆਲ਼ੀ ਚਾਲ ਵਰਤਣੈਂ...!

ਉਸ ਦਾ ਮਨ ਉਸ ਨੂੰ ਬਹਿਵਤਾਂ ਦੇਈ ਜਾ ਰਿਹਾ ਸੀ!

-"ਤੂੰ ਕਿਰਾਏ ਭਾੜ੍ਹੇ ਤੇ ਖਰਚੇ ਬਰਚੇ ਦੀ ਕਾਹਦੀ ਚਿੰਤਾ ਕਰਦੈਂ? ਤੇਰੇ ਤੋਂ ਬਾਈ ਜੁਗਾੜ ਸਿਆਂ, ਆਪਣੀ ਜਿੰਦ ਲੁਟਾਦੀਏ...!" ਜਾਗਰ ਨੇ ਉਸ ਨੂੰ ਤਸੱਲੀ ਕਰਵਾਈ। ਉਸ ਦੇ ਮਨ ਨੇ ਫਿਰ ਉਸ ਨੂੰ ਤਿੱਖੀਆਂ ਨਸੀਹਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਾਗਰ ਸਿਆਂ...! ਜੇ ਰੱਬ ਤੋਂ ਕੁਛ ਲੈਣਾ ਹੋਵੇ, ਤਾਂ ਵੀ ਬਾਈ ਸਿਆਂ, ਕੋਈ ਸੁੱਖ ਸੁੱਖਣੀਂ ਪੈਂਦੀ ਐ...! ਤੂੰ ਇਹਤੋਂ ਦੁਨੀਆਂ ਦੇ ਚੋਰ ਤੋਂ ਮੁਖ਼ਤੀ ਕੰਮ ਭਾਲਦੈਂ...? ਇਹਦਾ ਤਾਂ ਇਕ ਤਰ੍ਹਾਂ ਤੇਰੇ ਘਰ 'ਤੇ ਹੁਣ ਦਾਅ ਲੱਗਿਐ...। ਪਰ ਜੇ ਚਾਰ ਪੈਸੇ ਖਰਚਾ ਕਰਕੇ ਵੀ ਕੰਮ ਰਾਸ ਆਜੇ? ਇਹਦੇ ਨਾਲ ਦੀ ਵੀ ਰੀਸ ਨ੍ਹੀ...! ਤੂੰ ਵੀ ਪੁਲ਼ਸ ਆਲ਼ੀਆਂ ਨੀਤੀਆਂ ਵਰਤਣ ਲੱਗ ਪਿਆ...! ਜਾਗਰ ਸਿਆਂ, ਉਹ ਪੁਲਸ ਦੀ ਨੌਕਰੀ ਆਲ਼ਾ ਸਮਾਂ ਹੁਣ ਕਿਤੇ ਦੂਰ ਗਿਆ...! ਹੁਣ ਲੈਣ ਦਾ ਨਹੀਂ, ਦੇਣ ਦਾ ਮੌਸਮ ਆ ਗਿਆ, ਬਾਈ ਸਿਆਂ...! ਇਹਨੂੰ ਤੇ ਜਗਤੇ ਨੂੰ ਪਹਿਲਾਂ ਮੈਂ ਕਿਹੜਾ ਘੱਟ ਮੁੰਨਿਐਂ? ਬਥੇਰੀ ਛਿੱਲ ਪੱਟੀ ਇਹਨਾਂ ਵਿਚਾਰਿਆਂ ਦੀ ਵੀ...! ਠਾਣੇਦਾਰਾਂ ਦਾ ਵੇਰਵਾ ਪਾ ਕੇ ਬਥੇਰੀ ਲੱਪਰੀ ਲਾਹੀ...! ਕਦੇ ਦਾਦੇ ਦੀਆਂ, ਕਦੇ ਪੋਤੇ ਦੀਆਂ...! ਇਹ ਇਕ ਦੁਨਿਆਵੀ ਦਸਤੂਰ ਐ...! ਗਲਤੀ ਕੀਤੀ, ਜਗਤੇ ਨਾਲ ਜਾ ਕੇ ਸਿੱਧੀ ਗੱਲ ਈ ਕਰ ਲੈਣੀਂ ਸੀ...। ਇਹਨੂੰ ਬਿੱਜੂ ਨੂੰ ਕਾਹਤੋਂ ਵੇਰਵਾ ਪਾਇਆ...? ਪਰ ਗਈ ਨੂੰ ਘੋੜ੍ਹੇ ਨਹੀਂ ਮਿਲ਼ਦੇ...! ਹੁਣ ਜੇ ਤੂੰ ਇਹਦੇ ਕੋਲ਼ੇ ਬਾਤ ਪਾ ਈ ਦਿੱਤੀ...। ਹੁਣ ਚਾਰ ਪੈਸਿਆਂ ਖਾਤਰ ਇਹਦੇ ਨਾਲ ਨਾ ਵਿਗਾੜ...। ਫੇਰ ਵੀ ਦੁਖਦੇ ਸੁਖਦੇ ਕੰਮ ਆਉਣ ਆਲ਼ਾ ਬੰਦੈ...! ਜੇ ਉਖਲ਼ੀ 'ਚ ਸਿਰ ਈ ਦੇ ਦਿੱਤਾ, ਤਾਂ ਹੁਣ ਮੂੰਗਲ਼ਿਆਂ ਤੋਂ ਨਾ ਝਿਜਕ...! ਇਹਦੇ ਕਤੀੜ੍ਹ ਦੇ ਪੰਜ ਸੱਤ ਸੌ ਪੱਲੇ ਪਾਅ, ਤੇ ਸਿਆਸਤ ਨਾਲ ਕੰਮ ਕੱਢ...! ਅੱਜ ਕੱਲ੍ਹ ਦੁਨੀਆਂ ਦਲੀਲ ਦੀ ਐ...! ਜੇ ਥੋਡੇ ਕੋਲ਼ੇ ਦਲੀਲ ਐ, ਸਾਰੇ ਜਹਾਨ ਨੂੰ ਵੱਢ ਕੇ ਖਾ ਜਾਓ, ਕੋਈ ਨ੍ਹੀ ਪੁੱਛਦਾ...! ਦੁਨੀਆਂ ਬਾਗੋਬਾਗ...! ਮੰਤਰੀ ਦਲੀਲਾਂ ਨਾਲ ਈ ਜਨਤਾ ਨੂੰ ਲੁਟਦੇ ਤੇ ਛਕਦੇ ਐ...! ਹੋਰ ਉਹ ਘਰੋਂ ਖਾਣ ਤਾਂ ਗਿੱਝੇ ਈ ਨ੍ਹੀ, ਮੰਨੋਂ ਦੇ ਜਾਣੇ...! ਦੇਖਲਾ ਕਮਲ਼ੀ ਦੁਨੀਆਂ, ਨਾਲੇ ਪੱਲਿਓਂ ਖੁਆਉਂਦੀ ਐ ਤੇ ਨਾਲੇ ਪੈਰਾਂ ਹੇਠ ਹੱਥ ਦਿੰਦੀ ਐ...! ਜੁੱਲ ਕੰਧੋਲ਼ੇ ਮੌਜਾਂ ਮਾਨਣ, ਆਕੜ ਪਾਲ਼ੇ ਮਰਦੀ ਐ...! ਜੇ ਥੋਡੇ ਕੋਲ਼ੇ ਦਲੀਲ ਈ ਹੈਨ੍ਹੀ, ਤਾਂ ਥੋਨੂੰ ਕੋਈ ਕੰਜਰ ਨ੍ਹੀ ਪੁੱਛਦਾ, ਡੰਡਿਆਂ ਨੂੰ ਥਾਂ ਬਾਧੂ ਦਾ...! ਖੂਹ 'ਚ ਡਿੱਗੀ ਇੱਟ ਕਦੇ ਸੁੱਕੀ ਨਿਕਲੀ ਐ...? ਗਿੱਲੀ ਤਾਂ ਮਾੜੀ ਮੋਟੀ ਹੋਣੀਂ ਈ ਹੋਣੀਂ ਐਂ...! ਇਹ ਤੇਰੇ ਕੋਲੇ ਕਿਸੇ ਕੰਮ ਈ ਆਇਆ ਹੋਣੈਂ...! ਉਂ ਇਹ ਹਰੜਬੋਕ ਜਮਾਂ ਨ੍ਹੀ ਆਉਂਦਾ...! ਇਹਨੂੰ ਹਰਾਮਜ਼ਾਦੇ ਨੂੰ ਲੋਕਾਂ ਦੀਆਂ ਕੰਧਾਂ ਕੌਲ਼ਿਆਂ 'ਤੇ ਲੱਤ ਚੱਕ ਕੇ ਮੂਤਣ ਦੀ ਬੁਰੀ ਬਾਣ ਐਂ...! ਖਾਲੀ ਹੱਥ ਇਹ ਜਮਾਂ ਨ੍ਹੀ ਜਾਂਦਾ...! ਤੂੰ ਇਹਦੀ ਜੇਬ 'ਚ ਮਾੜੀ ਮੋਟੀ ਰੌਣਕ ਲਾ ਕੇ, ਇਹਨੂੰ ਵੱਸ 'ਚ ਕਰ...! ਜੀਹਦੇ ਆਬਦੇ ਜੁਆਕ ਨ੍ਹੀ ਕੁਛ ਲੱਗਦੇ, ਉਹਦਾ ਹੋਰ ਕੌਣ ਕੁਛ ਲੱਗਦੈ...? ਜਿਹੜਾ ਆਬਦੇ ਜੁਆਕਾਂ ਦੀ ਬਾਤ ਨ੍ਹੀ ਪੁੱਛਦਾ, ਉਹ ਤੇਰਾ ਕੰਮ ਮੁਖ਼ਤੀ ਕਿਵੇਂ ਕਰੂ...? ਬੈਲੀ ਬੰਦੇ ਤੇ ਠਾਣੇਦਾਰ ਨਾਲ ਕਦੇ ਨਾ ਵਿਗੜੋ...! ਵਡਿਆਏ ਤੇ ਵੱਸ 'ਚ ਕੀਤੇ ਵੀਹ ਕੰਮ ਦੇਣਗੇ...! ਜੇ ਵਿਗੜ

ਗਏ...? ਖਸਮਾਂ ਨੂੰ ਖਾਣੇਂ ਨਿਰੀ ਪਰੇਸ਼ਾਨੀ ਦਾ ਘਰ...!

-''ਤੇਰੇ ਬੈਠੇ ਤੋਂ ਮੈਨੂੰ ਕਿਰਾਏ ਭਾੜ੍ਹੇ ਦੀ ਕਾਹਦੀ ਚਿੰਤਾ ਹੋਣੀ ਐਂ? ਤੂੰ ਮੇਰਾ ਕੰਮ ਸਾਰ ਬਾਈ...! ਤੇ ਮੈਂ ਤਾਂ ਗੱਲ ਬਿੱਜੜੇ ਆਲ੍ਹਣੇਂ ਮਾਂਗੂੰ ਚਿਣਦੂੰ!'' ਜੁਗਾੜ ਸਿਉਂ ਤੋਤਲਾ ਬੋਲਿਆ। ਨਸ਼ੇ ਵਿਚ ਉਸ ਦੀਆਂ ਅੱਖਾਂ ਲਾਲ ਗੇਰੂ ਹੋ ਗਈਆਂ ਸਨ। ਰੱਤ ਚੋਂਦੀ ਲੱਗਦੀ ਸੀ। ਜਾਗਰ ਸਿੰਘ ਉਸ ਦੇ ਕਹਿਣ 'ਤੇ ਮਨ ਵਿਚ ਹੱਸ ਪਿਆ, ''ਮੇਰੇ ਬੈਠੇ ਤੋਂ ਚਿੰਤਾ, ਸਾਲ਼ਿਆ ਕੁੱਤਿਆਂ ਦਿਆ, ਮੈਂ ਤੇਰਾ ਬਾਪੂ ਲੱਗਦੈਂ?'' ਪਰ ਜਾਗਰ ਮੂੰਹੋਂ ਚੁੱਪ ਸੀ। ਪੁਲ਼ਸੀਆ ਸੁਭਾਅ ਦਾ ਹੋਣ ਦੇ ਬਾਵਜੂਦ ਵੀ ਉਹ ਬੜੀ ਸਮਾਈ ਤੋਂ ਕੰਮ ਲੈ ਰਿਹਾ ਸੀ।

-''ਇਹ ਗੱਲ ਜਿੰਨਾਂ ਚਿਰ ਸਿਰੇ ਨ੍ਹੀ ਲੱਗਦੀ-ਆਪਣੇ ਦੋਨਾਂ ਭਰਾਵਾਂ 'ਚ ਈ ਰਹੇ!'' ਜਾਗਰ ਨੇ ਕੰਮ ਕੀਤੇ। ਉਸ ਨੂੰ ਸਹੇ ਨਾਲੋਂ ਪਹੇ ਦਾ ਫ਼ਿਕਰ ਜ਼ਿਆਦਾ ਵੱਢ-ਵੱਢ ਖਾ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਵਲਾਇਤ ਤੋਂ ਆਈ ਕੁੜੀ, ਜੇ ਕਿਸੇ ਨੂੰ ਪਤਾ ਲੱਗ ਗਿਆ, ਕਿਤੇ ਹਰਦੇਵ ਸਿਉਂ ਵਾਲ਼ਾ ਕੰਮ ਵਿਚ ਹੀ ਨਾ ਰਹਿ ਜਾਵੇ! ਦੁਨੀਆਂ ਤਾਂ ਵਲਾਇਤ ਪਿੱਛੇ ਹਲ਼ਕੀ ਫਿਰਦੀ ਐ! ਕੁੜੀ ਚਾਹੇ ਚਾਲ਼ੀਆਂ ਸਾਲਾਂ ਦੀ ਐ। ਜੇ ਕੋਈ ਬੁੜ੍ਹੀ ਵੀ ਹੁੰਦੀ, ਲੋਕ ਉਸ ਦੇ ਮਗਰ ਲਾਲ਼ਾਂ ਸੁੱਟਦੇ ਤੁਰੇ ਫਿਰਦੇ! ਵਲਾਇਤ ਦਾ ਨਾਂ ਹੀ ਵੱਡੈ! ਨਿੱਤ ਸੁਣੀਂ ਪੜ੍ਹੀਦਾ ਐ, ਫ਼ਲਾਨੇ ਪਿੰਡ ਦਾ ਵਲੈਤੀਆ ਆਪ ਤੋਂ ਅੱਧੀ ਉਮਰ ਦੀ ਵਿਆਹ ਕੇ ਲੈ ਗਿਆ। ਫ਼ਲਾਨੇ ਪਿੰਡ ਦੇ ਪ੍ਰੀਵਾਰ ਨੇ ਕੈਨੇਡਾ ਕੁੜੀ ਵਿਆਹੁੰਣ ਖਾਤਰ ਪੰਜਾਹ ਲੱਖ ਰੁਪਈਆ ਦਾਜ ਦਿੱਤਾ। ਕਾਹਦੇ ਲਈ? ਬਈ ਸਾਰਾ ਟੱਬਰ ਕੈਨੇਡਾ ਚਲਿਆ ਜਾਊ! ਸੱਠ ਸੱਠ ਸਾਲਾਂ ਦੇ ਕੰਜਰ ਬੁੱਢੇ ਪੱਚੀ-ਪੱਚੀ ਸਾਲਾਂ ਦੀਆਂ ਵਿਆਹ-ਵਿਆਹ ਲਈ ਜਾਂਦੇ ਐ। ਜੇ ਸਾਡੇ ਆਲ਼ਾ ਹਰਦੇਵ ਸਿਉਂ ਵੱਡੀ ਉਮਰ ਦੀ ਵਲਾਇਤਣ ਨਾਲ ਨਰੜਾਅ ਕਰ ਲਊ, ਕਿਹੜੀ ਪਰਲੋਂ ਆ ਚੱਲੀ ਐ? ਟੱਬਰ ਤਾਂ ਰੱਜ ਕੇ ਖਾਊ! ਉਹ ਉਧੇੜਬੁਣ ਵਿਚ ਫ਼ਸਿਆ, ਸੋਚੀ ਜਾ ਰਿਹਾ ਸੀ!

-''ਜਾਗਰਾ, ਬਾਈ ਤੂੰ ਮੈਨੂੰ ਕਿਤੇ ਜਾਣਦਾ ਨ੍ਹੀ?'' ਸ਼ਰਾਬੀ ਹੋਏ ਜੁਗਾੜ ਸਿਉਂ ਦੀ ਜ਼ੁਬਾਨ ਮੂੰਹ ਅੰਦਰ 'ਡੱਕ-ਡੱਕ' ਵੱਜਣ ਲੱਗ ਪਈ ਸੀ। ਭੂਸਰ ਕੇ ਖ਼ੁਰਗੋ ਪੱਟਦੇ ਸਾਹਣ ਵਾਂਗ ਉਸ ਦੀਆਂ ਅੱਖਾਂ ਪੁੱਠੀਆਂ ਹੋ ਗਈਆਂ ਸਨ।

-''ਮੈਂ ਤਾਂ ਬਾਈ ਜਾਗਰਾ ਕੱਚ ਹਜਮ ਕਰਜਾਂ, ਕੱਚ! ਤੂੰ ਤਾਂ ਮੈਨੂੰ ਜਾਣਦਾ ਈ ਐਂ! ਭੁੱਲਿਐਂ ਤੂੰ ਮੈਨੂੰ? ਨਿੱਤ ਤਾਂ ਤੇਰੇ ਕੋਲ਼ੇ ਹਵਾਲਾਤ 'ਚ ਰਾਤਾਂ ਕੱਟੀਦੀਆਂ ਸੀ? ਛਿੱਤਰ ਖਾਈਦੇ ਸੀ! ਦੇਖਲਾ, ਕਿੰਨਾ ਕਿੰਨਾ ਮਾਲ ਖਪਾ ਕੇ ਕਦੇ ਭਿਣਕ ਨ੍ਹੀ ਸੀ ਨਿਕਲਣ ਦਿੱਤੀ! ਨਿਕਲਣ ਕੀ ਦੇਣੀ ਸੀ? ਇਕ ਆਰੀ ਉਹ ਥਥਲ਼ਾ ਠਾਣੇਦਾਰ ਨ੍ਹੀ ਸੀ ਮੇਰੇ ਬਾਦ ਪੈ ਗਿਆ? ਅਖੇ ਭਗਤੇ ਭਾਈ ਕੇ ਆਲ਼ਾ ਮਾਲ ਤੂੰ ਐਧਰ ਓਧਰ ਕੀਤੈ! ਮੈਂ ਵੀ ਅੱਗਿਓਂ ਆਕੜ ਪਿਆ, ਬਈ ਜੇ ਕੀਤੈ ਤਾਂ ਕੀਤਾ ਸਹੀ, ਤੂੰ ਮੇਰਾ... ਫੜਨੈਂ? ਫੇਰ, ਤੇਰੇ ਸਾਹਮਣੇ ਈ ਐ? ਜੋਰ ਲਾ ਲਿਆ ਕੁੱਟ ਕੇ-ਆਪਾਂ ਨ੍ਹੀ ਜੁਮਕੇ-ਤੇਰੇ ਮੂਹਰੇ ਮੈਂ ਗੰਦੀਆਂ ਗਾਲਾਂ ਕੱਢਦਾ ਰਿਹੈਂ ਠਾਣੇਦਾਰ ਨੂੰ-ਬਈ ਜਿਹੜਾ ਮੈਨੂੰ ਸਕੀ ਦਾ ਸਾਕ ਦੇਣਾ ਹੋਇਆ, ਦੇ ਲਈਂ-ਮਾਲ ਮੇਰੇ ਕੋਲ਼ੇ ਕੋਈ ਨ੍ਹੀ! ਜਿਹੜਾ ਹੁਣ ਤੂੰ ਜੋਰ ਲਾਉਣੈਂ, ਲਾ ਕੇ ਹਟੀਂ! ਬੱਸ, ਭੈਣ ਚੋਦ ਆਪੇ ਹੰਭ ਹਫ਼ ਕੇ ਹਟ ਗਿਆ! ਹੋਰ, ਤੇਰੇ ਆਲ਼ੀ ਗੱਲ ਤਾਂ ਮੈਂ ਕੀਹਦੇ ਕੋਲ਼ੇ ਕਰਨੀ ਸੀ! ਤੂੰ ਇਹ ਚਿੰਤਾ ਬਾਈ ਜਾਗਰਾ ਦਿਲੋਂ ਨਵਿਰਤ ਕਰ! ਮੈਂ ਤੇਰਾ ਭਰਾ ਐਂ ਕੋਈ ਦੁਸ਼ਮਣ ਤਾਂ ਨ੍ਹੀ? ਤੈਨੂੰ ਮੇਰੇ 'ਤੇ ਕੋਈ 'ਤਬਾਰ ਈ ਨ੍ਹੀ, ਬਾਈ?'' ਬੱਕੜਵਾਹ ਕਰਦੇ ਅਤੇ ਆਪਣੇ 'ਗੁਣ' ਗਾਉਂਦੇ ਜੁਗਾੜ ਸਿਉਂ ਨੇ ਆਖਰ ਰੋਣਾ ਸ਼ੁਰੂ ਕਰ ਦਿੱਤਾ। ਜਾਗਰ ਉਸ ਨੂੰ ਥਾਪੜਦਾ ਰਿਹਾ। ਹੁਣ ਜਾਗਰ ਨੂੰ ਤਸੱਲੀ ਸੀ।

ਉਸ ਰਾਤ ਜੁਗਾੜ ਸਿਉਂ ਜਾਗਰ ਕੋਲ਼ ਹੀ ਰਿਹਾ। ਜਾਗਰ ਨੇ ਹਰਦੇਵ ਨੂੰ ਕਹਿ ਕੇ ਇਕ ਮੰਜਾ ਬਿਸਤਰਾ ਖੇਤ ਹੀ ਮੰਗਵਾ ਲਿਆ ਸੀ। ਜੁਗਾੜ ਸਿਉਂ ਦੇ ਡਰਾਉਣੇ ਘਰਾੜ੍ਹੇ ਸੁਣ ਕੇ ਜਾਗਰ ਦੀ ਡਰਾਕਲ਼ ਗਾਂ ਤ੍ਰਭਕ-ਤ੍ਰਭਕ ਉਠਦੀ ਰਹੀ ਸੀ। ਜਾਗਰ ਨੂੰ ਗਾਂ ਦੇ ਰੱਸੇ ਦਾ ਫ਼ਿਕਰ ਖਾਈ ਗਿਆ ਸੀ ਕਿ ਕਿਤੇ ਤੁੜਾ ਨਾ ਜਾਵੇ!

ਸਵੇਰੇ ਜਾਗਰ ਨੇ ਉਸ ਨੂੰ ਪੰਜ ਸੌ ਰੁਪਈਆ ਦੇ ਕੇ ਜਗਤੇ ਵੱਲ ਨੂੰ ਵਿਦਾਅ ਕਰ ਦਿੱਤਾ। ਤੁਰਦਾ ਤੁਰਦਾ ਜੁਗਾੜ ਸਿਉਂ ਸਵੇਰੇ ਸਾਝਰੇ ਵੀ ਦੋ ਪੈੱਗ ਸੜ੍ਹਾਕ ਗਿਆ ਸੀ।

-''ਯਾਰ ਰਾਤ ਦੀ ਪੀਤੀ ਕਰਕੇ ਸਾਲ਼ਾ ਦਿਲ ਘਾਊਂ ਮਾਊਂ ਜਿਆ ਹੋਈ ਜਾਂਦੈ।'' ਉਹ ਉਤਨਾ ਚਿਰ ਆਖਣੋਂ ਨਹੀਂ ਹਟਿਆ, ਜਿੰਨਾਂ ਚਿਰ ਜਾਗਰ ਨੇ ਉਸ ਦੇ ਸਾਹਮਣੇ ਬੋਤਲ ਨਹੀਂ ਲਿਆ ਰੱਖੀ ਸੀ। ਮੰਗ ਕੇ ਪੀਣੀ ਜੁਗਾੜ ਸਿਉਂ ਇਕ ਤਰ੍ਹਾਂ ਨਾਲ ਗੁਨਾਂਹ ਸਮਝਦਾ ਸੀ।

# ਕਾਂਡ 9

ਸਵੇਰ ਦਾ ਹੀ ਮੌਕਾ ਸੀ।

ਸਰਦੀ ਕੁਝ ਜ਼ਿਆਦਾ ਹੀ ਦੰਦੀਆਂ ਵੱਢਣ ਲੱਗ ਪਈ ਸੀ। ਜਾਗਰ ਸਿੰਘ ਅਜੇ ਚਾਹ ਪੀ ਕੇ ਹੀ ਹਟਿਆ ਸੀ। ਧੁੱਪ ਉਸ ਨੂੰ ਕੁਝ ਜ਼ਿਆਦਾ ਹੀ ਨਿੰਘੀ-ਨਿੰਘੀ ਲੱਗ ਰਹੀ ਸੀ। ਉਹ ਸੋਚ ਰਿਹਾ ਸੀ ਕਿ ਜੁਗਾੜ ਸਿਉਂ ਨੂੰ ਗਏ ਨੂੰ ਤਿੰਨ ਦਿਨ ਹੋ ਗਏ। ਕੰਜਰ ਅਜੇ ਤੱਕ ਨਹੀਂ ਬਹੁੜਿਆ। ਕਿਤੇ ਪੰਜ ਸੌ ਲੈ ਕੇ ਤਿੱਤਰ ਹੀ ਨਾ ਹੋ ਗਿਆ ਹੋਵੇ? ਬੈਲੀ ਬੰਦਿਆਂ ਦਾ ਕੀ ਇਤਬਾਰ? ਨਾਲੇ ਜੁਗਾੜ ਸਿਉਂ ਦਾ ਤਾਂ ਕੋਈ ਪਤਾ ਟਿਕਾਣਾ ਵੀ ਨਹੀਂ ਸੀ, ਜਿੱਥੋਂ ਉਸ ਬਾਰੇ ਪੁੱਛ ਪੜਤਾਲ਼ ਹੋ ਸਕਦੀ? ਓਡਾਂ ਦੀ ਗੱਦੋਂ ਦਾ ਕੀ ਭਰੋਸਾ? ਬਾਬੇ ਦੇ ਯਾਰ, ਗਿੱਦੜ ਤੇ ਬਘਿਆੜ! ਉਹਦੇ ਮਿੱਤਰ-ਬੇਲੀ ਵੀ ਉਹਦੇ ਵਰਗੇ ਹੀ ਹਨ! ਕੀ ਪਤਾ ਕਿੱਥੇ ਟਿਕਾਣਾ ਕਰ ਲੈਣ? ਉਹ ਅਜੇ ਸੋਚ ਹੀ ਰਿਹਾ ਸੀ ਕਿ ਬਾਹਰੋਂ ਕਿਸੇ ਨੇ ਅਵਾਜ਼ ਮਾਰੀ।

_"ਜਾਗਰ ਸਿਆਂ ਘਰੇ ਈ ਐਂ...?"

ਉਸ ਨੇ ਪਿੱਠ ਭੁਆ ਕੇ ਦੇਖਿਆ ਤਾਂ ਜੰਗੀਰ ਚੌਂਕੀਦਾਰ ਡਾਂਗ ਲਈ ਦਰਵਾਜੇ ਵਿਚ ਅੜਿਆ ਜਿਹਾ ਖੜ੍ਹਾ ਸੀ।

-"ਉਏ ਆ ਬਈ ਜੰਗੀਰ...! ਕਿਵੇਂ ਸਾਝਰੇ ਈ ਦਰਸ਼ਣ ਦਿੱਤੇ? ਆ ਜਾਹ ਬੈਠ, ਚਾਹ ਪੀ...!"

-"ਨਹੀਂ ਜਾਗਰ ਸਿਆਂ, ਗੁਰੂ ਜਾਅਦੇ ਦੇਵੇ-ਮੈਂ ਕਾਹਲ਼ੀ 'ਚ ਐਂ!"

-"ਕੋਈ ਕੰਮ ਆਇਆ ਸੀ...?"

-"ਤੈਨੂੰ ਪੰਚੈਤ 'ਚ ਸੱਦਿਐ...।" ਚੌਂਕੀਦਾਰ ਨੇ ਦੱਸਿਆ।

-"ਕਿਉਂ...?" ਜਾਗਰ ਘੋਰ ਹੈਰਾਨ ਹੋ ਗਿਆ।

-"ਉਥੇ ਪੰਚੈਤ 'ਕੱਠੀ ਹੋਣੀ ਐਂ ਅੱਜ-ਤੈਨੂੰ ਪਤਾ ਈ ਨ੍ਹੀ...?" ਅੱਗਿਓਂ ਚੌਂਕੀਦਾਰ ਵੀ ਹੈਰਾਨ ਸੀ।

-"ਨ੍ਹਾ...! ਸਹੁੰ ਗੁਰੂ ਦੀ! ਕੀ, ਗੱਲ ਕੀ ਐ...?" ਜਾਗਰ ਦਾ ਮੂੰਹ ਗਿੱਦੜ ਦੀ ਖੱਡ ਵਾਂਗ ਖੁੱਲ੍ਹਾ ਸੀ।

-"ਸਾਰੇ ਪਿੰਡ 'ਚ ਤਾਂ ਬੂਅ-ਬੂਅ ਹੋਈ ਪਈ ਐ, ਜਾਗਰ ਸਿਆਂ-ਕਿੱਥੇ ਰਹਿੰਨੈਂ?"

-"ਰਹੀਦਾ ਤਾਂ ਪਿੰਡ 'ਚ ਈ ਐ-ਪਰ ਕਿਸੇ ਗੱਲ ਦਾ ਨ੍ਹੀ ਪਤਾ-ਸਹੁੰ ਦੁਆ ਲੈ!"

-"ਉਹ ਵੱਡੇ ਘਰ ਆਲ਼ੇ ਹਰਮਨ ਸਿਉਂ ਦੀ ਕੁੜੀ ਦਾ ਰੌਲ਼ਾ ਜਿਆ ਚੱਲਦੈ ਨਾ, ਕਨੇਡੇ ਆਲ਼ੇ ਪ੍ਰਾਹੁਣੇ ਨਾਲ਼।"

-"ਅੱਛਾ...! ਉਹ ਅਜੇ ਨਿੱਬੜਿਆ ਈ ਨ੍ਹੀ...?"

-"ਕਾਹਨੂੰ...! ਨਿੱਬੜੂ ਕਿੱਥੋਂ? ਅਗਲਾ ਤੀਹ ਲੱਖ ਦੀ ਢੂਹੀ ਮਾਰ ਕੇ ਗੱਡੀ ਬਣਿਆਂ! ਬਿਚਾਰੀ ਕੁੜੀ ਦੀ ਖੁਆਰੀ ਬਾਧੂ ਹੋਈ। ਐਹੋ ਜੇ ਪ੍ਰਾਹੁਣੇ ਦੇ ਤਾਂ ਜਾਗਰ ਸਿਆਂ ਸੱਥ 'ਚ ਖੜ੍ਹਾ ਕੇ ਗੋਲ਼ੀ ਮਾਰੇ...!"

-"ਨਾਲ਼ੇ ਕਸੂਰ 'ਕੱਲੇ ਪ੍ਰਾਹੁਣੇ ਦਾ ਈ ਨ੍ਹੀ-ਇਹਨਾਂ ਦਾ ਆਬਦਾ ਕਸੂਰ ਵੀ ਬਥੇਰੈ! ਤੂੰ ਬੈਠ! ਚਾਹ ਪਾਣੀ ਤਾਂ ਪੀਅ! ਕਾਹਨੂੰ ਭੱਜੂੰ ਭੱਜੂੰ ਕਰਦੈਂ...?"

-"ਨਹੀਂ ਜਾਗਰ ਸਿਆਂ, ਮੈਂ ਹੋਰ ਘਰੀਂ ਵੀ ਸੁਨੇਹੇਂ ਦੇਣੇ ਐਂ-ਮੈਂ ਬਹੁਤ ਕਾਹਲ਼ੀ 'ਚ ਐਂ!"

-"ਚੱਲ ਠੀਕ ਐ! ਪੰਚੈਤ ਕਿੰਨੇ ਵਜੇ 'ਕੱਠੀ ਹੋਣੀ ਐਂ?"

-''ਬੱਸ ਤੂੰ ਤੁਰ ਪਾ...! ਅੱਗੇ ਈ ਲੇਟ ਐਂ।'' ਤੇ ਚੌਂਕੀਦਾਰ ਆਪਣੀ ਡਾਂਗ ਸੰਭਾਲ਼ਦਾ ਤੁਰ ਗਿਆ।

ਜਾਗਰ ਸਿੰਘ ਸੋਚਾਂ ਵਿਚ ਪੈ ਗਿਆ।

......ਅਸਲ ਵਿਚ ਇਸ ਪਿੰਡ ਦੀ ਇਕ ਕੁੜੀ ਕੈਨੇਡਾ ਦੇ 'ਮੁੰਡੇ' ਨੂੰ ਵਿਆਹੀ ਹੋਈ ਸੀ। ਪਚਵੰਜਾ ਸਾਲਾਂ ਦਾ 'ਮੁੰਡਾ' ਜਦੋਂ ਕੈਨੇਡਾ ਤੋਂ ਪੰਜਾਬ ਆਇਆ ਤਾਂ ਉਸ ਨੇ ਪੰਜਾਬੀ ਦੇ ਇਕ ਮਸ਼ਹੂਰ ਅਖ਼ਬਾਰ ਵਿਚ ''ਜੀਵਨ ਸਾਥਣ ਦੀ ਲੋੜ'' ਦਾ ਇਸ਼ਤਿਹਾਰ ਦਿੱਤਾ। ਉਸ ਇਸ਼ਤਿਹਾਰ ਵਿਚ ਉਸ ਦੀ ਇਕ ਸਖ਼ਤ ਸ਼ਰਤ ਇਹ ਸੀ ਕਿ ਕੁੜੀ ''ਬਾਂਝ'' ਹੋਣੀਂ ਚਾਹੀਦੀ ਹੈ! ਗੱਲ ਕੀ? ਕੁੜੀਆਂ ਦਾ ਤਾਂਤਾ ਲੱਗ ਗਿਆ। ਮੁੰਡਾ ਫਿਰ ਵੀ ਕੈਨੇਡਾ ਤੋਂ ਆਇਆ ਹੋਇਆ ਸੀ। ਕੋਈ ਲੱਲੋ-ਪੱਤੋ ਗੱਲ ਤਾਂ ਨਹੀਂ ਸੀ? ਪਰ ਉਸ ਬੁੱਢੇ ਲਾੜੇ ਨੂੰ ਕੋਈ 'ਬਾਂਝ' ਕੁੜੀ ਨਹੀਂ ਮਿਲ਼ ਰਹੀ ਸੀ। ਮਿਲ਼ਦੀ ਵੀ ਕਿੱਥੋਂ? ਕੁੜੀ ਦੇ ਤਾਂ ਵਿਆਹ ਤੋਂ ਬਾਅਦ ਹੀ ਪਤਾ ਲੱਗਣਾ ਸੀ ਕਿ ਕੁੜੀ ਬੱਚਾ-ਬੱਚੀ ਜੰਮਣ ਦੇ ਕਾਬਲ ਹੈ ਵੀ ਕਿ ਨਹੀਂ? ਕੁਆਰੀ ਕੁੜੀ ਬਾਰੇ ਕਿੱਥੋਂ ਪਤਾ ਲੱਗ ਜਾਂਦਾ? ਇਸ਼ਤਿਹਾਰ ਦੇਣ ਵਾਲਾ ਵੀ ਬੇਵਕੂਫ਼ ਸੀ! ਜਾਂ ਤਾਂ ਉਹ ਇਸ਼ਤਿਹਾਰ ਵਿਚ ਇਹ ਵੇਰਵਾ ਪਾਉਂਦਾ ਕਿ ਛੱਡੀ ਛੁਡਾਈ ਜਾਂ ਤਲਾਕਸ਼ੁਦਾ ਬਾਂਝ 'ਔਰਤ' ਦੀ ਲੋੜ ਹੈ। ਗੱਲ ਫਿਰ ਵੀ ਸਮਝ ਵਿਚ ਆਉਣ ਵਾਲ਼ੀ ਸੀ।

ਪਰ ਪੜ੍ਹੀਆਂ ਲਿਖੀਆਂ, ਵੀਹ-ਵੀਹ, ਬਾਈ-ਬਾਈ ਸਾਲ ਦੀਆਂ ਕਾਲਜੀਏਟ ਕੁੜੀਆਂ ਬਗੈਰ ਕਿਸੇ ਤਹਿਕੀਕਾਤ ਤੋਂ ਉਸ ਲਾੜੇ ਵੱਲ ਨੂੰ ਵਹੀਰਾਂ ਘੱਤ ਕੇ ਤੁਰ ਪਈਆਂ! ਸੋਚਣ ਦੀ ਕਿਸੇ ਨੇ ਕੋਈ ਜ਼ਰੂਰਤ ਹੀ ਨਹੀਂ ਸਮਝੀ ਸੀ! ਉਹ ਤਾਂ ਕੈਨੇਡਾ ਦਾ ਨਾਂ ਪੜ੍ਹ ਕੇ ਹੀ ਬੌਰੀਆਂ-ਬਾਂਵਰੀਆਂ ਹੋ ਤੁਰੀਆਂ। ਉਹਨਾਂ ਕੁੜੀਆਂ ਦੀ ਕਤਾਰ ਵਿਚ ਇਸ ਪਿੰਡ ਦੀ ਮਾਲੂਕ ਉਮਰ ਦੀ ਪੜ੍ਹੀ ਲਿਖੀ ਕੁੜੀ ਸੀਤਲ ਵੀ ਸੀ। ਜਦ ਉਸ ਨੇ ਇਹ ਇਸ਼ਤਿਹਾਰ ਆਪਣੇ ਮਾਂ-ਬਾਪ ਨੂੰ ਪੜ੍ਹਾਇਆ, ਤਾਂ ਉਹ ਵੀ ਦੁਬਿਧਾ ਵਿਚ ਪੈ ਗਏ। ਪਰ ਕੈਨੇਡਾ ਵਸਣ ਦੀ ਲਾਲਸਾ ਨੂੰ ਉਹਨਾਂ ਨੇ ਵੀ ਨਾ ਤਿਆਗਿਆ। ਹੁਣ ਵੱਡਾ ਰੌਲ਼ਾ ਤਾਂ 'ਬਾਂਝ' ਸਾਬਤ ਕਰਨ ਦਾ ਸੀ!

ਉਹਨਾਂ ਦੇ ਘਰ ਵਿਚ ਰਾਤ ਨੂੰ ਇਕ 'ਪ੍ਰੀਵਾਰਕ-ਮੀਟਿੰਗ' ਹੋਈ। ਸਾਰੇ ਪ੍ਰੀਵਾਰ ਨੂੰ ਕੈਨੇਡਾ ਦਾ ਰਿਸ਼ਤਾ ਹੱਥੋਂ ਨਿਕਲ਼ ਜਾਣ ਦੇ ਡਰੋਂ ਗਸ਼ ਪੈਣ ਵਾਲ਼ੀ ਹੋਈ ਪਈ ਸੀ।

-''ਤੁਸੀਂ ਇਕ ਕੰਮ ਕਰੋ...!'' ਕੁੜੀ ਦੇ ਭਰਾ ਬਿੱਲੂ ਨੇ ਸ਼ੁਰੂਆਤ ਕੀਤੀ।

-''ਹਾਂ ਬੋਲ...?'' ਸਾਰੇ ਗਿੱਦੜ ਹੁਆਂਕਣ ਵਾਂਗ ਉਸ ਵੱਲ ਝਾਕੇ।

-''ਤੁਸੀਂ ਜਾ ਕੇ ਮੁੰਡੇ ਦਾ ਮੂੰਹ ਸੁੰਘੋ!''

-''ਭਲਿਓ ਮਾਣਸੋ, ਬਾਜ ਆ ਜਾਓ...! ਜਦੋਂ ਅਗਲੇ ਨੇ ਸ਼ਰਤ ਈ ਬਾਂਝ ਦੀ ਰੱਖੀ ਐ-ਤੁਸੀਂ ਅੱਡੀਆਂ ਚੱਕ ਕੇ ਜਰੂਰੀ ਫ਼ਾਹਾ ਲੈਣੈਂ...?'' ਸੀਤਲ ਦੇ ਦਾਦੇ ਨੇ ਸਿਆਣੀਂ ਗੱਲ ਕੀਤੀ। ਉਹ ਫ਼ੌਜ ਵਿਚੋਂ ਕਰਨਲ ਪੈਨਸ਼ਨ ਆਇਆ ਹੋਇਆ ਸੀ।

-''ਬਾਪੂ ਤੂੰ ਚੁੱਪ ਕਰ ਜਿਆ ਕਰ...! ਤੈਨੂੰ ਪਤਾ ਨ੍ਹੀ ਸੁਤਾ ਨ੍ਹੀ-ਵਿਚ ਆਬਦਾ ਈ ਘੋੜ੍ਹਾ ਭਜਾ ਤੁਰਦੈਂ-ਤੈਥੋਂ ਜਾ ਕੇ ਪਿਆ ਨ੍ਹੀ ਜਾਂਦਾ? ਬੈਠਾ ਬੁੜ੍ਹੀਆਂ ਦੀਆਂ ਕੱਛਾਂ ਸੁੰਘੀ ਜਾਨਾ ਰਹਿੰਨੈਂ?'' ਉਸ ਦੀ ਨੂੰਹ ਨੇ ਮੀਸਣਾਂ ਹਾਸਾ ਹੱਸ ਕੇ ਬਾਬੇ ਦੀ ਤਹਿ ਲਾ ਦਿੱਤੀ।

-''ਉਏ ਕਮਲ਼ਿਆ ਟੱਬਰਾ...! ਫੇਰ ਵੀ ਧੀ ਦਾ ਧਨ ਐਂ-ਕੁਛ ਤਾਂ ਸੋਚੋ! ਕਨੇਡਾ ਦਾ ਨਾਂ ਪੜ੍ਹ ਕੇ ਕਾਹਤੋਂ ਕਮਲ਼ੇ ਹੋ ਗਏ? ਆਪਣੇ ਘਰੇ ਕਾਹਦਾ ਘਾਟੈ?'' ਬਜ਼ੁਰਗ ਨੇ ਦੁਹਾਈ ਦਿੱਤੀ। ਉਸ ਨੂੰ ਪੋਤੀ ਦੀ ਹੋਣੀਂ ਤੋਂ ਭੈਅ ਆਇਆ ਸੀ।

-''ਬਾਪੂ, ਤੈਨੂੰ ਬੇਇੱਜ਼ਤੀ ਕਰਵਾਉਣ ਦਾ ਕੋਈ ਚਾਅ ਐ? ਚੁੱਪ ਕਰਕੇ ਜਾ ਕੇ ਪਿਆ ਨ੍ਹੀ ਜਾਂਦਾ...?'' ਉਸ ਦੇ ਪੁੱਤ ਹਰਮਨ ਸਿੰਘ ਨੇ ਵੀ ਆਪਣੀ ਘਰਵਾਲ਼ੀ ਪਰਮ ਕੌਰ ਦਾ ਪੱਖ ਹੀ ਪੂਰਿਆ ਤਾਂ ਬਜ਼ੁਰਗ ''ਸੱਚੇ ਪਾਤਿਸ਼ਾਹ ਸਮੱਤ ਬਖ਼ਸ਼ ਇਹਨਾਂ ਨੂੰ'' ਆਖ ਕੇ ਸੌਣ ਚਲਾ ਗਿਆ। ਪਰ ਉਸ ਦੇ ਹੱਥ ਵਾਲੀ ਡੰਗੋਰੀ ਜ਼ਰੂਰ ਕੰਬੀ ਸੀ!

-''ਲਓ, ਭਾਨੀਮਾਰ ਤਾਂ ਗਿਆ, ਚਲਿਆ-ਹੁਣ ਆਪਾਂ ਗੱਲ ਕਰੋ...!'' ਮੁੰਡੇ ਬਿੱਲੂ ਨੇ ਆਖਿਆ।

-''ਇਹਨੂੰ ਹਰ ਕੰਮ 'ਚ ਲੱਤ ਅੜਾਉਣ ਦਾ ਬਾਹਲ਼ਾ ਈ ਚਾਅ ਚੜ੍ਹਿਆ ਰਹਿੰਦੈ-ਪਤਾ ਨ੍ਹੀ ਮਰ ਕੇ ਕਦੋਂ ਮਗਰੋਂ ਲਹੂ? ਇਹਦੇ ਭਾਅ ਦਾ ਅਸੀਂ ਸਾਰੇ ਕਮਲ਼ੇ ਈ ਤੁਰੇ ਫ਼ਿਰਦੇ ਐਂ!'' ਬਾਬੇ ਦੀ ਨੂੰਹ ਪਰਮ ਕੌਰ ਗੁੱਝਾ ਜਿਹਾ

ਹਾਸਾ ਹੱਸ ਕੇ ਬੋਲੀ।

–"ਪਾਪਾ ਜੀ ਈ ਬਾਹਲ਼ੀ ਚਾਪਲੂਸੀ ਕਰਨ ਲੱਗ ਜਾਂਦੇ ਐ–ਨਹੀਂ ਬਾਪੂ ਜੀ ਨੂੰ ਤਾਂ ਤਲੈਂਬੜ ਚਾਹੀਦੇ ਐ।" ਬਾਬੇ ਦਾ ਪੋਤਾ ਬਿੱਲੂ ਬਦਤਮੀਜ਼ਾਂ ਵਾਂਗ ਬੋਲਿਆ ਤਾਂ ਸਾਰੇ ਹੱਸ ਪਏ।

–"ਗੱਲ ਕਰਨ ਆਲ਼ੀ ਕਰੋ...!" ਸੀਤਲ ਦੇ ਪੜ੍ਹੇ ਲਿਖੇ ਬਾਪ ਹਰਮਨ ਸਿੰਘ ਨੇ ਆਖਿਆ। ਉਹ ਖੇਤੀਬਾੜੀ ਮਹਿਕਮੇਂ ਵਿਚ ਇੰਸਪੈਕਟਰ ਲੱਗਿਆ ਹੋਇਆ ਸੀ ਅਤੇ ਉਸ ਦੇ ਘਰਵਾਲ਼ੀ ਪਰਮ ਕੌਰ ਹਾਈ ਸਕੂਲ ਵਿਚ ਹੈੱਡ-ਮਾਸਟਰਨੀ ਸੀ। ਗੱਲ ਕੀ, ਸਾਰਾ ਪ੍ਰੀਵਾਰ ਹੀ ਪੜ੍ਹਿਆ ਲਿਖਿਆ ਹੋਇਆ ਸੀ। ਸੀਤਲ ਨੇ ਵੀ ਡਬਲ ਐੱਮ. ਏ. ਕਰ ਕੇ ਹੁਣ ਬੀ. ਐੱਡ ਕਰ ਰਹੀ ਸੀ। ਉਸ ਦਾ ਭਰਾ ਬਿੱਲੂ ਐੱਮ. ਐੱਸ. ਸੀ. ਕਰ ਰਿਹਾ ਸੀ।

–"ਤੁਸੀਂ ਕੱਲ੍ਹ ਨੂੰ ਉਸ ਤੋਂ ਅਪਾਇੰਟਮੈਂਟ ਲਵੋ ਤੇ ਸਾਰੀ ਗੱਲ ਦੀ ਕਨਸੋਅ ਕੱਢੋ!" ਬਿੱਲੂ ਕੈਨੇਡਾ ਜਾਣ ਲਈ ਕੁਝ ਜ਼ਿਆਦਾ ਹੀ 'ਤੱਤਾ' ਸੀ।

–"ਪਰ ਗੱਲ ਹੋਰ ਐ–!" ਪਾਪਾ ਜੀ ਨੇ ਆਖਿਆ।

–"ਕੀ...?" ਉਸ ਦੇ ਘਰਵਾਲ਼ੀ ਬੋਲੀ।

–"ਹੁਣ ਤੁਸੀਂ ਨਾ ਬਾਪੂ ਜੀ ਵਾਂਗੂੰ ਕੋਈ ਨਵਾਂ ਸੱਪ ਕੱਢ ਲਿਓ! ਐਹੋ ਜੇ ਰਿਸ਼ਤੇ ਨਿੱਤ ਨਿੱਤ ਨ੍ਹੀ ਮਿਲ਼ਦੇ, ਜਨਾਬ!" ਉਹ ਆਪਣੇ ਘਰਵਾਲ਼ੇ ਵੱਲ ਇੰਜ ਝਾਕ ਰਹੀ ਸੀ। ਜਿਵੇਂ ਗੁਰਦੁਆਰੇ ਦਾ ਕੁੱਤਾ ਰੋਟੀ ਵਾਸਤੇ ਗਿਆਨੀ ਵੱਲ ਝਾਕਦੈ।

–"ਉਏ, ਨਹੀਂ...! ਮੇਰੀ ਗੱਲ ਤਾਂ ਸੁਣ ਲਓ...!"

–"ਦੱਸੋ...?"

–"ਆਪਣੀ ਸੀਤਲ ਦੀ ਉਮਰ ਹੈਗੀ ਐ ਤੇਈ ਸਾਲ ਦੀ–ਤੇ ਇਸ਼ਤਿਹਾਰ ਅਨੁਸਾਰ ਉਸ ਮੁੰਡੇ ਦੀ ਉਮਰ ਲਿਖੀ ਐ ਪਚਵੰਜਾ ਸਾਲ!"

–"ਫੇਰ...? ਕੀ ਮਤਲਬ...?" ਸਾਰੇ ਉਸ ਵੱਲ ਵੱਢਖਾਣੀ ਝਾਕਣੀ ਝਾਕੇ। ਜਿਵੇਂ ਪਾਪਾ ਜੀ ਰਿਸ਼ਤੇ ਲਈ 'ਨਾਂਹ' ਕਰਨ ਲੱਗੇ ਸਨ।

–"ਮਤਲਬ ਇਹ ਐ ਬਈ ਕੁੜੀ ਮੁੰਡੇ ਦਾ ਬੱਤੀ ਸਾਲ ਦਾ ਫ਼ਰਕ ਐ–।"

–"ਫੇਰ ਕੀ ਲੋਹੜ੍ਹਾ ਆ ਗਿਆ ਜੀ? ਤੁਸੀਂ ਵੀ ਬਣਦੇ ਕੰਮ ਵਿਗਾੜਨ ਆਲ਼ੇ ਓਂ–ਮੈਂ ਵੀ ਤੁਹਾਡੇ ਨਾਲੋਂ ਦਸ ਸਾਲ ਵੱਡੀ ਹੀ ਹਾਂ–ਆਪਾਂ ਵੀ ਤਾਂ ਬੜਾ ਵਧੀਆ ਵਸਦੇ ਰਸਦੇ ਆਂ?" ਉਸ ਨੇ 'ਰਸਦੇ' 'ਤੇ ਕਾਫ਼ੀ ਜ਼ੋਰ ਦਿੱਤਾ ਸੀ।

–"ਉਏ ਪਰਮ ਕੌਰੇ! ਮੁੰਡਾ ਹੈਗਾ ਪਚਵੰਜਾ ਸਾਲਾਂ ਦਾ–ਤੇ ਮੈਂ ਹੈਗਾਂ ਛਪੰਜਾ ਸਾਲਾਂ ਦਾ! ਕਹਿਣ ਦਾ ਮਤਲਬ, ਮੇਰਾ ਤੇ ਉਸ ਲੜਕੇ ਦਾ ਸਿਰਫ਼ ਇਕ ਸਾਲ ਦਾ ਈ ਫ਼ਰਕ ਐ–!"

–"ਫੇਰ ਕੀ ਪਰਲੋਂ ਆ ਗਈ?" ਘਰਵਾਲ਼ੀ ਤੁਰੰਤ ਬੋਲੀ।

–"ਵ੍ਹਾਏ ਆਰ ਯੂ ਸੋ ਮੈਡ, ਮੈਨ? ਲੋਕ ਕੀ ਆਖਣਗੇ? ਪ੍ਰਾਹੁਣਾਂ ਪਿਉ ਦੀ ਉਮਰ ਦਾ ਐ?"

–"ਲੋਕਾਂ ਦੇ ਮਾਰੋ ਗੋਲ਼ੀ...! ਆਪਾਂ ਪਿੰਡ 'ਚ ਵਿਆਹ ਕਰਨਾ ਈ ਨ੍ਹੀ! ਆਪਾਂ ਵਿਆਹ ਕਰਾਂਗੇ ਈ ਮੈਰਿਜ ਪੈਲਿਸ ਦੇ ਵਿਚ, ਸ਼ਹਿਰ...! ਗੱਲ ਮੁੱਕੀ ਰਾਂਦ ਕੱਟੀ!" ਪਰਮ ਕੌਰ ਨੇ ਉਸ ਦੀ ਅਗਲੀ ਮੁਸ਼ਕਿਲ ਵੀ ਹੱਲ ਕਰ ਦਿੱਤੀ।

–"ਤੇ ਅਗਲੀ ਗੱਲ–!"

–"ਅਗਲੀ ਗੱਲ ਕੀ? ਹੁਣ ਹੋਰ ਕੀ ਰਹਿ ਗਿਆ, ਪਾਪਾ ਜੀ...?" ਸੀਤਲ ਬੋਲੀ। ਉਹ ਵੀ ਆਪਣੇ ਆਪ ਨੂੰ ਕੈਨੇਡਾ ਵਾਲੇ ਜਹਾਜ ਵਿਚ ਬੈਠੀ ਮਹਿਸੂਸ ਕਰ ਰਹੀ ਸੀ। ਜਿਹੜਾ ਵੈਨਕੂਵਰ ਜਾਂ ਟਰਾਂਟੋ ਉਡਾਰੀ ਮਾਰਨ ਲਈ ਤਿਆਰ ਸੀ।

–"ਇਸ਼ਤਿਹਾਰ ਵਿਚ ਸਾਫ਼ ਲਿਖਿਆ ਹੈ ਕਿ ਉਸ ਨੂੰ ਬਾਂਝ ਕੁੜੀ ਦੀ ਲੋੜ ਐ।"

–"ਦੇਖੋ ਜੀ...! ਅਗਲੇ ਦੀਆਂ ਵੀਹ ਮਜਬੂਰੀਆਂ ਹੁੰਦੀਐਂ–ਆਪਾਂ ਨੂੰ ਕੀ? ਆਪਾਂ ਅਗਲੇ ਦੀ ਪ੍ਰਾਈਵੇਸੀ 'ਚ ਕਿਉਂ ਦੇਖੀਏ? ਖਾਵੇ ਖਸਮਾਂ ਨੂੰ! ਅਗਲੇ ਦਾ ਪਹਿਲਾਂ ਵਿਆਹ ਕਰਵਾਇਆ ਹੋਣੈਂ? ਤੇ ਬੱਚੇ ਜੁਆਨ ਹੋਣਗੇ?

ਅਗਲਾ ਇਹ ਈ ਸੋਚਦਾ ਹੋਊ ਬਈ ਅਗਲੀ ਦੇ ਕੋਈ ਬੱਚਾ ਨਾ ਹੋਵੇ-ਤਾਂ ਕਿ ਪਹਿਲੀ ਔਲ਼ਾਦ ਦਾ ਹਿੱਸਾ ਨਾ ਮਾਰਿਆ ਜਾਵੇ-ਮਤਲਬ ਪਹਿਲੀ ਔਲ਼ਾਦ ਦਾ ਕੋਈ ਸ਼ਰੀਕ ਨਾ ਜੰਮੇਂ-ਆਪਾਂ ਬੱਚੇ ਤੋਂ ਕਰਵਾਉਣਾ ਵੀ ਕੀ ਐ? ਬਥੇਰੀ ਦੁਨੀਆਂ ਬਗੈਰ ਔਲ਼ਾਦ ਤੋਂ ਫਿਰਦੀ ਐ-ਉਹ ਕਿਤੇ ਮਰ ਜਾਂਦੇ ਐ...?"

-"ਪਾਪਾ ਜੀ ਇਕ ਗੱਲ ਦੱਸਾਂ...? ਟੂ ਬੀ ਵੈਰ੍ਹੀ ਫ਼ਰੈਂਕ...! ਕੈਨੇਡਾ ਜਾਣ ਲਈ ਮੈਂ ਆਪਣੀ ਬੱਚੇਦਾਨੀ ਕਢਵਾਉਣ ਲਈ ਤਿਆਰ ਹਾਂ...!" ਕੁੜੀ ਨੇ ਅਜੀਬ ਹੀ ਭਾਖ਼ਿਆ ਦਿੱਤੀ।

-"......।" ਸਾਰੇ ਉਸ ਦੇ ਕਹਿਣ 'ਤੇ ਦੰਗ ਰਹਿ ਗਏ। ਆਪ ਕੈਨੇਡਾ ਪਹੁੰਚਣ ਅਤੇ ਪ੍ਰੀਵਾਰ ਨੂੰ ਕੈਨੇਡਾ ਪਹੁੰਚਾਉਣ ਲਈ ਸੀਤਲ ਸੂਲ਼ੀ 'ਤੇ ਚੜ੍ਹਨ ਲਈ ਤਿਆਰ ਖੜ੍ਹੀ ਸੀ!

-"ਮੇਰੇ ਬੇਸ 'ਤੇ ਤੁਸੀਂ ਸਾਰਾ ਪ੍ਰੀਵਾਰ ਕੈਨੇਡਾ ਪਹੁੰਚ ਜਾਵੋਂਗੇ-ਸੈੱਟਲ ਹੋ ਜਾਵੋਂਗੇ-ਦੁਨੀਆਂ ਆਪਣੇ ਭੈਣਾਂ ਭਰਾਵਾਂ ਲਈ ਆਪਣੀ ਕੁਰਬਾਨੀ ਦਿੰਦੀ ਆਈ ਐ-ਮੈਂ ਕੈਨੇਡਾ ਪਹੁੰਚਣ ਤੇ ਤੁਹਾਨੂੰ ਕੈਨੇਡਾ ਪਹੁੰਚਾਣ ਲਈ ਆਪਣੀ ਬੱਚੇਦਾਨੀ ਦੀ ਬਲੀ ਦਿਆਂਗੀ!"

-"ਉਏ ਹਟਜੋ! ਉਏ ਦੁਸ਼ਟੋ...!!" ਪਾਸੇ ਇਕ ਖੂੰਜੇ ਵਿਚ ਖੜ੍ਹਾ ਬਜ਼ੁਰਗ ਚੀਕਿਆ। ਉਸ ਨੇ ਪਾਸੇ ਖੜ੍ਹ ਕੇ ਸਾਰੀਆਂ ਗੱਲਾਂ ਹੀ ਸੁਣ ਲਈਆਂ ਸਨ। ਬੱਚੇਦਾਨੀ ਕਢਵਾਉਣ ਵਾਲੀ ਮਨਹੂਸ ਗੱਲ ਉਸ ਤੋਂ ਜਰੀ ਨਹੀਂ ਗਈ ਸੀ।

-"ਉਏ, ਉਏ ਹਰਮਨ ਸਿਆਂ...! ਰੱਬ ਔਰਤ ਨੂੰ ਸਰਿਸ਼ਟੀ ਅੱਗੇ ਤੋਰਨ ਵਾਸਤੇ ਬੱਚੇਦਾਨੀ ਇਕ ਵਰਦਾਨ, ਇਕ ਦਾਤ ਵਜੋਂ ਬਖ਼ਸ਼ਦੈ! ਜੀਹਦੇ ਔਲ਼ਾਦ ਨਹੀਂ ਹੁੰਦੀ-ਲੋਕ ਉਸ ਔਰਤ ਨੂੰ ਡੈਣ ਆਖ ਕੇ ਦੁਰਕਾਰਦੇ ਐ! ਤੇ ਤੁਸੀਂ? ਤੁਸੀਂ ਆਪ ਇਹ ਦੁਰਕਾਰ ਹੱਥੀਂ ਕਬੂਲਣ ਦੀ ਗੱਲ ਕਰਦੇ ਓਂ? ਨਾ ਉਏ...! ਨਾ ਇਹ ਜ਼ੁਲਮ ਕਰੋ! ਨਾ ਰੱਬ ਦੇ ਸ਼ਰੀਕ ਬਣੋਂ ਉਏ! ਨਾ ਇਹ ਕਹਿਰ ਕਰੋ! ਉਹਤੋਂ ਡਰੋ...!" ਬਜ਼ੁਰਗ ਫਿਰ ਕੁਰਲਾਇਆ। ਉਹ ਵੀ ਪੜ੍ਹਿਆ ਲਿਖਿਆ, ਤੁਰਿਆ ਫਿਰਿਆ ਇਨਸਾਨ ਸੀ। ਰੱਬ ਨੂੰ ਮੰਨਣ ਵਾਲ਼ਾ ਬੰਦਾ ਸੀ।

-"ਇਹਨੂੰ ਤੋਰੋ ਤੁਸੀਂ! ਨਹੀਂ ਮੈਥੋਂ ਕੁਛ ਵੱਜੂ ਇਹਦੇ ਔਜ...!" ਪਰਮ ਕੌਰ ਨੇ ਆਪਣੇ ਘਰਵਾਲ਼ੇ ਨੂੰ ਆਖਿਆ।

-"ਬਾਪੂ, ਤੈਥੋਂ ਜਾ ਕੇ ਪਈਦਾ ਨ੍ਹੀ..? ਆਪਣੀ ਛੋਤ ਲੁਹਾਉਣ ਦਾ ਚਾਅ ਐ ਕੋਈ ਤੈਨੂੰ...?"

-"ਉਏ ਮੈਂ ਤਾਂ ਤੁਰ ਜਾਨੈਂ! ਪਰ ਤੁਸੀਂ ਐਡਾ ਕਹਿਰ ਨਾ ਕਮਾਓ! ਸਾਰੇ ਪਛਤਾਵੋਂਗੇ...!" ਉਹ ਫ਼ਿੱਟ੍ਹ ਲਾਹਣਤ ਜਿਹੀ ਪਾ ਕੇ ਸੌਣ ਤੁਰ ਗਿਆ। ਗੱਲ ਸੁਣ ਕੇ ਬਜ਼ੁਰਗ ਨੂੰ ਔਚਵੀ ਹੀ ਤਾਂ ਲੱਗ ਗਈ ਸੀ।

-"ਤੁਸੀਂ ਗੱਲ ਕਰੋ! ਮੂਡ੍ਹ ਈ ਖ਼ਰਾਬ ਕਰਤਾ!" ਪਰਮ ਕੌਰ ਖਿਝ ਗਈ ਸੀ।

-"ਹਾਂ, ਤੁਸੀਂ ਈ ਦੱਸੋ ਮਾਲਕੋ!" ਹਰਮਨ ਸਿੰਘ ਨੇ ਪਰਮ ਕੌਰ ਨੂੰ ਕਿਹਾ।

-"ਕੱਲ੍ਹ ਨੂੰ ਮੁੰਡੇ ਨਾਲ ਅਪਾਇੰਟਮੈਂਟ ਬਣਾਓ! ਤੇ ਸਾਰੀ ਗੱਲ ਦਾ ਜਾਇਜ਼ਾ ਲਵੋ!" ਪਰਮ ਕੌਰ ਨੇ ਆਪ ਹੀ ਗੱਲ ਨਬੇੜ ਦਿੱਤੀ।

ਹਰਮਨ ਸਿੰਘ ਨੇ ਬੜੀ ਵੱਡੀ ਕੋਠੀ ਆਪਣੇ ਪਿੰਡ, ਖੇਤਾਂ ਵਿਚ ਹੀ ਬਣਾਈ ਹੋਈ ਸੀ। ਪੈਸੇ ਦੀ ਕੋਈ ਕਮੀ ਨਹੀਂ ਸੀ। ਪ੍ਰਦੂਸ਼ਣ ਦੇ ਡਰੋਂ ਉਹ ਸ਼ਹਿਰ ਵਸਣੋਂ ਸੰਕੋਚ ਹੀ ਕਰ ਗਿਆ ਸੀ। ਗੱਲ ਅਗਲੇ ਦਿਨ 'ਤੇ ਛੱਡ ਕੇ ਸਾਰੇ ਸੌਂ ਗਏ। ਸੀਤਲ ਸਾਰੀ ਰਾਤ ਕੈਨੇਡਾ ਵਾਲ਼ੇ 'ਮੁੰਡੇ' ਦੀ ਬੁੱਕਲ਼ ਵਿਚ ਵੜੀ ਗੁੜ ਭੋਰਦੀ ਰਹੀ ਸੀ। ਆਪਣੇ ਕੈਨੇਡੀਅਨ ਲਾੜੇ ਨਾਲ ਡਲਹੌਜ਼ੀ ਦੀਆਂ ਪਹਾੜੀਆਂ ਵਿਚ 'ਹਨੀਮੂਨ' ਮਨਾਉਂਦੀ ਰਹੀ ਸੀ। ਕਦੇ ਦਿੱਲੀ ਦੇ ਏਅਰਪੋਰਟ 'ਤੇ ਫ਼ਲਾਈਟ ਦੀ ਉਡੀਕ ਕਰਦੀ ਸੀਤਲ ਆਪਣੇ ਆਪ ਨੂੰ 'ਵੇਟਿੰਗ-ਰੂਮ' ਵਿਚ ਬੈਠੀ ਦੇਖਦੀ।

ਸਵੇਰੇ ਜਦ ਮਾਂ ਨੇ ਉਸ ਨੂੰ ਉਠਾਇਆ ਤਾਂ ਉਹ ਕੈਨੇਡੀਅਨ ਲਾੜੇ ਦੀਆਂ ਮਾਲੂਕ ਬਾਂਹਾਂ ਦੀ ਜਗਾਹ ਮਾਂ ਨੂੰ ਦੇਖ ਕੇ ਮੁਸਕਰਾ ਪਈ।

ਅਗਲੇ ਦਿਨ ਸੀਤਲ ਦੇ ਬਾਪ ਹਰਮਨ ਸਿੰਘ ਨੇ ਕੈਨੇਡੀਅਨ ਲਾੜੇ ਨਾਲ ਅਪਾਇੰਟਮੈਂਟ ਬਣਾ ਲਈ। ਅਗਲੇ ਦਿਨ ਚੰਡੀਗੜ੍ਹ ਦੇ ਫ਼ਾਈਵ ਸਟਾਰ ਹੋਟਲ ਵਿਚ ਮਿਲਣ ਦਾ, ਸਵੇਰੇ ਦਸ ਵਜੇ ਦਾ ਸਮਾਂ ਮਿਲ ਗਿਆ। ਹਰਮਨ ਸਿੰਘ ਨੇ ਆਪਣੀ ਕਾਰ ਧੋ ਸੁਆਰ ਲਈ। ਚੰਡੀਗੜ੍ਹ ਜਾਣ ਦੀ ਤਿਆਰੀ ਜੰਗੀ ਪੱਧਰ 'ਤੇ ਹੋ ਗਈ।

ਮਾਂ ਦੇ ਆਖਣ 'ਤੇ ਅਗਲੇ ਦਿਨ ਸਾਝਰੇ ਹੀ ਸੀਤਲ 'ਬਿਊਟੀ ਪਾਰਲਰ' ਵੀ ਜਾ ਆਈ। ਉਹ ਤਾਂ ਵੈਸੇ ਹੀ

ਬਹੁਤ ਸੁੰਦਰ ਸੀ। ਸੁਨੱਖੀ ਸੀ। ਬਿਊਟੀ ਪਾਰਲਰ ਜਾਣ ਦੀ ਤਾਂ ਉਸ ਨੂੰ ਵੈਸੇ ਵੀ ਕੋਈ ਜ਼ਰੂਰਤ ਨਹੀਂ ਸੀ। ਪਰ ਕੈਨੇਡੀਅਨ ਲਾੜੇ ਨੂੰ ਖ਼ੁਸ਼ ਕਰਨਾ ਸੀ। ਉਸ ਦੀ ਮਾਂ ਪਰਮ ਕੌਰ ਵੀ ਉਸ ਦੇ ਨਾਲ ਬਿਊਟੀ ਪਾਰਲਰ ਗਈ ਸੀ। ਜਿਵੇਂ ਮੰਡੀ 'ਤੇ ਲਿਜਾਣ ਤੋਂ ਪਹਿਲਾਂ ਬੁੱਢੀ ਮੱਝ ਦੇ, ਕਾਲ਼ੇ ਤੇਲ ਨਾਲ ਸਿੰਗ ਚੋਪੜ ਕੇ, ਰੰਗੀਲੀਆਂ ਨੱਥਾਂ ਪਾਈਦੀਐਂ! ਸੀਤਲ ਦੇ ਬਹਾਨੇ ਪਰਮ ਕੌਰ ਨੇ ਵੀ ਆਪਣੇ ਮੁਖੜੇ 'ਤੇ ਪਏ ਚਿੱਬ ਸਿੱਧੇ ਕਰਵਾ ਲਏ ਸਨ! ਦੇਖ ਕੇ ਹਰਮਨ ਦੰਗ ਰਹਿ ਗਿਆ।

-"ਪਰਮ, ਤੂੰ ਤਾਂ ਬਈ ਅੱਜ ਜਮਾਂ ਈ...! ਬਚ ਕੇ ਮੋੜ ਤੋਂ...!" ਉਸ ਨੇ ਘਰਵਾਲ਼ੀ ਨੂੰ ਛੇੜਿਆ, ਤਾਂ ਪਰਮ ਬੁੱਢੀ ਘੋੜ੍ਹੀ ਲਾਚੜ ਗਈ।

-"ਮੈਂ ਬੁੜ੍ਹੀ ਲੱਗਦੀ ਕਦੋਂ ਸੀ?" ਉਸ ਨੇ ਪਾਇਆ ਹੋਇਆ ਸੁਰਮਾਂ ਮਟਕਾਇਆ।

ਬਿੱਲੂ, ਸੀਤਲ, ਪਰਮ ਕੌਰ ਅਤੇ ਹਰਮਨ ਸਿੰਘ ਚੰਡੀਗੜ੍ਹ ਨੂੰ ਰਵਾਨਾ ਹੋ ਗਏ।

ਉਹਨਾਂ ਦੀ ਕਾਰ ਉਡੀ ਜਾ ਰਹੀ ਸੀ।

ਤਕਰੀਬਨ ਸਾਢੇ ਕੁ ਨੌਂ ਵਜੇ ਉਹ ਚੰਡੀਗੜ੍ਹ ਪਹੁੰਚ ਗਏ।

ਫ਼ਾਈਵ ਸਟਾਰ ਹੋਟਲ ਲੱਭਦਿਆਂ ਉਹਨਾਂ ਨੂੰ ਕੋਈ ਦੇਰ ਨਾ ਲੱਗੀ। ਹਰਮਨ ਲੱਗਭੱਗ ਸਾਰੇ ਚੰਡੀਗੜ੍ਹ ਤੋਂ ਹੀ ਵਾਕਿਫ਼ ਸੀ। ਉਹਨਾਂ ਨੇ ਹੋਟਲ ਦੀ ਪਾਰਕਿੰਗ ਵਿਚ ਕਾਰ ਖੜ੍ਹੀ ਕਰ ਦਿੱਤੀ। ਦਰਬਾਨ ਨੇ ਉਹਨਾਂ ਨੂੰ ਸਲੂਟ ਮਾਰਿਆ ਅਤੇ ਕਾਰ ਦਾ ਦਰਵਾਜਾ ਖੋਲ੍ਹਿਆ।

-"ਕੋਈ ਹੁਕਮ ਸਰ...?" ਦਰਬਾਨ ਨੇ ਬੜੀ ਨਿਮਰਤਾ ਨਾਲ ਲਿਫ਼ ਕੇ ਅਰਜ਼ ਕੀਤੀ।

-"ਅਸੀਂ ਮਿਸਟਰ ਬਲਰਾਜ ਬਰਾੜ ਨੂੰ ਮਿਲਣੈਂ!"

-"ਆ ਜਾਓ ਸਰ...!" ਦਰਬਾਨ ਉਹਨਾਂ ਨੂੰ ਅਗਵਾਈ ਦਿੰਦਾ ਹੋਇਆ ਅੱਗੇ ਲੱਗ ਤੁਰਿਆ। ਲਿਫ਼ਟ ਵਿਚ ਉਹਨਾਂ ਨੂੰ ਉਪਰ ਪਹੁੰਚਣ ਲਈ ਕੋਈ ਬਹੁਤਾ ਸਮਾਂ ਨਾ ਲੱਗਿਆ। ਤੀਜੀ ਮੰਜ਼ਿਲ 'ਤੇ ਪਹੁੰਚ ਕੇ ਦਰਬਾਨ ਨੇ ਇਕ 'ਸੁਈਟ' ਦੀ ਡੋਰ-ਬੈੱਲ ਖੜਕਾਈ। ਜਦੋਂ ਕਿਸੇ ਨੇ ਦਰਵਾਜਾ ਖੋਲ੍ਹਿਆ ਤਾਂ ਹਰਮਨ ਸਿੰਘ ਨੇ ਦਰਬਾਨ ਦਾ ਧੰਨਵਾਦ ਕਰਦਿਆਂ ਉਸ ਵਿਅਕਤੀ ਨੂੰ "ਮਿਸਟਰ ਬਲਰਾਜ ਬਰਾੜ" ਹੀ ਆਖਿਆ ਤਾਂ ਉਹ ਸਮਝ ਗਿਆ।

-"ਓਹ, ਯੈੱਸ...! ਮਿਸਟਰ ਬਲਰਾਜ ਬਰਾੜ? ਯੈੱਸ! ਆਓ-ਆਓ! ਪਲੀਜ਼ ਕਮ ਇੰਨ-ਪਲੀਜ਼ ਕਮ ਇੰਨ, ਸਰ!" ਉਹ ਸੋਹਣਾ ਸੁਨੱਖਾ ਵਿਅਕਤੀ ਦਰਬਾਨ ਨਾਲੋਂ ਵੀ ਜ਼ਿਆਦਾ ਲਿਫ਼-ਲਿਫ਼ ਪੈਂਦਾ ਸੀ।

ਜਦ ਉਹ ਅੱਗੇ 'ਲਾਊਂਜ' ਵਿਚ ਗਏ ਤਾਂ ਦਰਵਾਜਾ ਖੋਲ੍ਹਣ ਵਾਲੇ ਬੰਦੇ ਨੇ ਅੱਗੇ ਜਾਣ ਦਾ ਇਸ਼ਾਰਾ ਕਰ ਦਿੱਤਾ। ਇਕ ਅੱਧਖੜ੍ਹ ਆਦਮੀ ਬਾਲਕੋਨੀ ਵਿਚ ਬੈਠਾ ਕੌਫ਼ੀ ਪੀ ਰਿਹਾ ਸੀ। ਸਿਰ 'ਤੇ ਨਾਈਕੀ-ਟੋਪੀ, ਕੋਟ ਪੈਂਟ ਪਾਇਆ ਹੋਇਆ, ਟਾਈ ਲਾਈ ਹੋਈ ਅਤੇ ਧੁੰਦਲੇ ਜਿਹੇ ਮੌਸਮ ਵਿਚ ਵੀ ਉਸ ਨੇ ਕਾਲੀਆਂ ਐਨਕਾਂ ਲਾਈਆਂ ਹੋਈਆਂ ਸਨ। ਦੇਖਣ ਪਾਖਣ ਤੋਂ ਉਹ ਵਾਕਿਆ ਹੀ ਕੋਈ ਅਮੀਰ ਬੰਦਾ ਲੱਗਦਾ ਸੀ।

ਉਸ ਨੇ ਉਠ ਕੇ ਬਿੱਲੂ ਅਤੇ ਹਰਮਨ ਸਿੰਘ ਨਾਲ ਹੱਥ ਮਿਲਾਇਆ।

ਹਰਮਨ ਨੇ ਆਪਣੇ ਪ੍ਰੀਵਾਰ ਦੀ ਜਾਣ-ਪਹਿਚਾਣ ਕਰਵਾਈ।

-"ਆਈ ਐੱਮ ਬਲਰਾਜ ਬਰਾੜ! ਹਾਓ ਆਰ ਯੂ...?" ਉਸ ਨੇ ਪੁੱਛਿਆ। ਦੇਖਣ ਤੋਂ ਤਾਂ ਹੱਟਾ ਕੱਟਾ, ਪਰ ਬੋਲਣ ਤੋਂ ਉਹ ਦਮੇਂ ਦਾ ਮਰੀਜ਼ ਜਿਹਾ ਲੱਗਦਾ ਸੀ। ਜਦ ਉਸ ਨੇ ਆਪਣੀ ਟੋਪੀ ਲਾਹ ਕੇ ਸਿਰ 'ਤੇ ਹੱਥ ਫੇਰਿਆ ਤਾਂ ਉਸ ਦਾ ਗੰਜ ਲਾਲਟੈਨ ਵਾਂਗ ਜਗਿਆ। ਗਿੱਚੀ ਪਿਛਲੇ ਵਾਲ਼ ਉਸ ਨੇ ਕਾਲ਼ੇ ਕੀਤੇ ਹੋਏ ਸਨ। ਉਸ ਨੇ ਕਾਲੀਆਂ ਐਨਕਾਂ ਲਾਹੀਆਂ ਤਾਂ ਚਿੱਤ-ਕਬਰੀਆਂ ਜਿਹੀਆਂ ਅੱਖਾਂ ਪਰਮ ਕੌਰ ਨੂੰ ਦੇਖ ਕੇ ਬੈਟਰੀ ਵਾਂਗ ਇਕ ਦਮ ਚਮਕੀਆਂ। ਕੈਨੇਡੀਅਨ ਹਰਮਨ ਦੀ ਘਰਵਾਲ਼ੀ ਨੂੰ ਨਿੱਖਰੀ ਤਿੱਖਰੀ ਦੇਖ ਕੇ ਹੀ ਬਾਂਦਰ ਵਾਂਗ ਲਾਚੜ ਗਿਆ ਸੀ। ਉਸ ਨੇ ਪਰਮ ਕੌਰ ਨੂੰ ਹੀ 'ਲਾੜੀ' ਸਮਝ ਲਿਆ ਸੀ।

-"ਇਹ ਲੜਕੀ...?" ਅਜੇ ਉਸ ਨੇ ਜ਼ੁਬਾਨ ਖੋਲ੍ਹੀ ਹੀ ਸੀ ਕਿ ਹਰਮਨ ਸਿੰਘ ਹਲ਼ਕਿਆਂ ਵਾਂਗ ਬੋਲ ਉਠਿਆ।

-"ਇਹ ਤਾਂ ਮੇਰੀ ਵਾਈਫ਼ ਹੈ, ਬਰਾੜ ਸਾਹਿਬ! ਅਸੀਂ ਤਾਂ ਆਪਣੀ ਆਹ ਲੜਕੀ ਤੁਹਾਨੂੰ ਦਿਖਾਉਣ ਆਏ ਸੀ।" ਹਰਮਨ ਨੇ ਸੀਤਲ ਵੱਲ ਹੱਥ ਕੀਤਾ ਤਾਂ ਕੈਨੇਡੀਅਨ ਦੀਆਂ ਅੱਖਾਂ ਵਿਚ ਫ਼ੁੱਲਝੜੀਆਂ ਜਗਣ ਬੁਝਣ ਲੱਗ

ਪਈਆਂ। ਦਿਮਾਗ ਵਿਚ ਘੰਟੀਆਂ ਖੜਕੀਆਂ।

-"ਓਹ ਯੈਅ! ਔਲ ਰਾਈਟ! ਔਲ ਰਾਈਟ! ਪਰ ਤੁਸੀਂ ਪੂਰਾ ਇਸ਼ਤਿਹਾਰ ਨਹੀਂ ਪੜ੍ਹਿਆ ਹੋਣਾ? ਮੈਂ ਉਸ ਵਿਚ ਬਾਂਝ ਕੁੜੀ ਬਾਰੇ ਲਿਖਿਆ ਸੀ-ਨਾ ਕਿ ਕੁਆਰੀ ਕੁੜੀ ਵਾਸਤੇ!" ਸ਼ਾਇਦ ਕੈਨੇਡੀਅਨ ਲਾੜਾ ਕੁੜੀ ਦੀ ਜ਼ਿੰਦਗੀ ਬਰਬਾਦ ਕਰਨ ਤੋਂ ਜਰਕਦਾ ਸੀ। ਉਹ ਹਰਮਨ ਅਤੇ ਸੀਤਲ ਵੱਲ ਦੇਖ ਕੇ ਹੱਸ ਪਿਆ।

-"ਕੈਨ ਆਈ ਟਾਕ ਟੂ ਯੂ, ਸਰ...?" ਸੀਤਲ ਨੇ ਠੰਢੀ ਸੀਤ ਅਵਾਜ਼ ਹੀ ਤਾਂ ਕੱਢੀ ਸੀ।

-"ਓਹ ਯੈੱਸ...! ਸ਼ੁਅਰ-ਸ਼ੁਅਰ! ਗੋ ਔਨ...! ਸਪੀਕ...!" ਕੈਨੇਡੀਅਨ ਬੇਸੁਰਤ ਹੋਣ ਵਾਲਾ ਹੀ ਤਾਂ ਹੋ ਗਿਆ ਸੀ।

-"ਅਸੀਂ ਆਪਣੇ ਘਰ ਰੈਅ ਕੀਤੀ ਸੀ-।"

-"ਕੀ...?" ਉਸ ਨੇ ਫਿਰ ਕਾਲੀਆਂ ਐਨਕਾਂ ਚਾੜ੍ਹ ਲਈਆਂ। ਉਹ ਖੂਹ 'ਤੇ ਜੋੜੇ ਬੋਤੇ ਵਰਗਾ ਲੱਗਣ ਲੱਗ ਪਿਆ ਸੀ।

-"ਮੈਂ ਕੁਆਰੀ ਕੁੜੀ ਹਾਂ-ਬਾਂਝ ਹੋਣ ਜਾਂ ਨਾ ਹੋਣ ਦਾ ਮੈਨੂੰ ਕੋਈ ਪਤਾ ਨਹੀਂ-ਪਰ ਮੈਂ ਆਪ ਦੀ ਸ਼ਰਤ ਪੂਰੀ ਕਰਨ ਲਈ ਆਪਣੀ ਬੱਚੇਦਾਨੀ ਕਢਵਾ ਸਕਦੀ ਹਾਂ!" ਸੀਤਲ ਨੇ ਗੱਲ ਪੂਰੀ ਕੀਤੀ ਤਾਂ ਕੈਨੇਡੀਅਨ ਕੁੜੀ ਦੇ ਅਨੋਖੇ ਅਤੇ ਭਿਆਨਕ ਫ਼ੈਸਲੇ 'ਤੇ ਸਤੰਭ ਰਹਿ ਗਿਆ।

-"ਵਾਅਟ? ਇਤਨਾ ਵੱਡਾ ਫ਼ੈਸਲਾ ਕਿਉਂ?" ਕੈਨੇਡੀਅਨ ਨੇ ਹੈਰਾਨ ਹੋ ਕੇ ਪੁੱਛਿਆ ਤਾਂ ਗੱਲ ਸੀਤਲ ਦੀ ਮਾਂ ਨੇ ਆਪਣੇ ਹੱਥ ਲੈ ਲਈ।

-"ਬਰਾੜ ਸਾਹਬ ਗੱਲ ਇਹ ਐ-ਕਿ ਸੀਤਲ ਬੜੀ ਪੜ੍ਹੀ ਲਿਖੀ ਕੁੜੀ ਹੈ-ਡਬਲ ਐੱਮ. ਏ. ਕਰਕੇ ਬੀ. ਐੱਡ ਕਰ ਰਹੀ ਹੈ-ਇਸ ਦੀ ਸਿਰਫ਼ ਇਕ ਹੀ ਸ਼ਰਤ ਕਹਿ ਲਵੋ ਜਾਂ ਜ਼ਿਦ ਆਖ ਲਵੋ ਕਿ ਜੇ ਵਿਆਹ ਕਰਵਾਉਣਾ ਹੈ, ਤਾਂ ਕਿਸੇ ਕੈਨੇਡੀਅਨ ਮੁੰਡੇ ਨਾਲ ਹੀ ਕਰਵਾਉਣਾ ਹੈ, ਨਹੀਂ ਤਾਂ, ਨਹੀਂ...!" ਪਰਮ ਕੌਰ ਨੇ ਸਾਫ਼ ਗੱਲ ਆਖ ਦਿੱਤੀ।

-"ਠੀਕ ਹੈ! ਆਈ ਕੈਨ ਅੰਡਰਸਟੈਂਡ ਦੈਟ! ਪਰ ਇਹ ਸੋਹਣੀ ਸੁਨੱਖੀ ਕੁੜੀ ਐ-ਇਹਨੂੰ ਤਾਂ ਬਹੁਤ ਸੋਹਣੇ ਸੁਨੱਖੇ ਜੁਆਨ ਮੁੰਡੇ ਮਿਲ ਜਾਣਗੇ-ਮੇਰੀ ਉਮਰ ਦਾ ਆਪ ਨੂੰ ਪਤਾ ਹੀ ਹੈ?" ਕੈਨੇਡੀਅਨ ਸੀਤਲ ਨਾਲ ਵਿਆਹ ਕਰਵਾਉਣ ਤੋਂ ਮੁਨੱਕਰ ਸੀ। ਪਰ ਮਾਪੇ ਉਸ ਨੂੰ ਕੈਨੇਡੀਅਨ ਨਾਲ 'ਨਰੜਨ' ਲਈ ਮੁੱਠੀਆਂ ਵਿਚ ਥੁੱਕੀ ਬੈਠੇ ਸਨ। ਪੱਬਾਂ ਭਾਰ ਹੋਏ ਪਏ ਸਨ!

-"ਯੈੱਸ! ਆਈ ਨੋਅ ਅਬਾਊਟ ਯੁਅਰ ਏਅਜ! ਡੋਂਟ ਵਰੀ ਅਬਾਊਟ ਦੈਟ, ਸਰ! ਆਈ ਵਾਂਟ ਟੂ ਮੈਰੀ ਯੂ!" ਸੀਤਲ ਨੇ ਉਸ ਨੂੰ ਅੰਗਰੇਜ਼ੀ ਵਿਚ ਉਤਰ ਦਿੱਤਾ। ਜਦ ਕਿ ਕੈਨੇਡੀਅਨ ਪੰਜਾਬੀ ਬੋਲਣ ਵਿਚ ਹੀ ਮਾਣ ਮਹਿਸੂਸ ਕਰਦਾ ਸੀ।

-"ਮੇਰੀ ਉਮਰ ਪਚਵੰਜਾ ਸਾਲ ਦੀ ਐ-ਮੇਰੀ ਪਹਿਲੀ ਘਰਵਾਲ਼ੀ ਹਾਰਟ ਅਟੈਕ ਹੋਣ ਕਾਰਨ ਐਕਸਪਾਇਰ ਹੋ ਚੁੱਕੀ ਐ-ਮੇਰੇ ਤਿੰਨ ਬੱਚੇ ਨੇ-ਉਹਨਾਂ ਦੀ ਉਮਰ ਬੱਤੀ ਸਾਲ ਤੋਂ ਅਠਾਈ ਸਾਲਾਂ ਦੇ ਵਿਚਕਾਰ ਹੈ-ਮੇਰੇ ਤਾਂ ਬੱਚੇ ਵੀ ਤੁਹਾਡੇ ਨਾਲੋਂ ਵੱਡੇ ਐ-।"

-"ਆਈ ਡੋਂਟ ਕੇਅਰ, ਬਰਾੜ ਸਾਹਿਬ...! ਬਿਲੀਵ ਮੀ...! ਮੈਨੂੰ ਕੋਈ ਫ਼ਰਕ ਨਹੀਂ-ਤੁਸੀਂ ਮੇਰੇ 'ਤੇ ਵਿਸ਼ਵਾਸ ਕਰੋ!" ਸੀਤਲ ਨੇ ਅੰਗਰੇਜ਼ੀ ਅਤੇ ਪੰਜਾਬੀ ਵਿਚ ਆਖਰੀ ਫ਼ੈਸਲਾ ਸੁਣਾ ਦਿੱਤਾ।

ਬਰਾੜ ਹੱਸ ਪਿਆ।

ਉਸ ਨੂੰ ਕੁੜੀ ਦੇ ਘਾਤਿਕ ਫ਼ੈਸਲੇ ਬਾਰੇ ਮਹਿਸੂਸ ਕਰ ਲਿਆ ਸੀ।

-"ਆਪਾਂ ਇਉਂ ਕਰਦੇ ਐਂ...! ਤੁਸੀਂ ਕੱਲ੍ਹ ਆ ਜਾਓ-ਫੇਰ ਕੋਈ ਫ਼ੈਸਲਾ ਕਰ ਲਵਾਂਗੇ...! ਹੋ ਸਕਦੈ, ਉਸ ਤੋਂ ਪਹਿਲਾਂ ਮੈਨੂੰ ਮੇਰੀ ਇੱਛਾ ਅਨੁਸਾਰ ਕੋਈ ਕੁੜੀ ਮਿਲ ਜਾਵੇ..?" ਬਰਾੜ ਨੇ ਕਿਹਾ। ਉਹ ਪੜ੍ਹੀ ਲਿਖੀ ਕੁੜੀ ਨਾਲ ਖਿਲਵਾੜ੍ਹ ਕਦਾਚਿੱਤ ਨਹੀਂ ਕਰਨਾ ਚਾਹੁੰਦਾ ਸੀ। ਸਾਰੇ ਮਾਯੂਸ ਜਿਹੇ ਹੋ ਗਏ। ਉਹਨਾਂ ਦੀਆਂ ਆਸਾਂ 'ਤੇ ਪਾਣੀ ਫਿਰਦਾ ਨਜ਼ਰ ਆਉਂਦਾ ਸੀ।

-"ਕਦੋਂ ਆਈਏ ਬਰਾੜ ਸਾਹਿਬ...?" ਸੀਤਲ ਉਸ ਦਾ ਖਹਿੜ੍ਹਾ ਨਹੀਂ ਛੱਡ ਰਹੀ ਸੀ।

-"ਸਾਨੂੰ ਪੱਕਾ ਟਾਈਮ ਦੇ ਦਿਓ...!" ਸੀਤਲ ਦੀ ਮਾਂ ਪਰਮ ਕੌਰ, ਚੋਰ ਨਾਲੋਂ ਪੰਡ ਕਾਹਲ਼ੀ ਸੀ।

-"ਤੁਸੀਂ ਪਰਸੋਂ ਦਸ ਵਜੇ ਹੀ ਆ ਜਾਓ...! ਵਿਚਾਰ ਕਰ ਲਵਾਂਗੇ...।"

ਉਹ ਨਿਰਾਸ਼ ਜਿਹੇ ਹੋ ਕੇ ਮੁੜ ਆਏ।

ਉਹਨਾਂ ਦੀ ਮਨ ਵਿਚ ਚਿਤਵੀ ਖ਼ੁਸ਼ੀ ਪੂਰੀ ਨਹੀਂ ਹੋਈ ਸੀ। ਉਹ ਤਾਂ ਸਾਰਾ ਟੱਬਰ ਹੀ ਰੰਗੀਲੇ ਸੁਪਨੇ ਲੈ ਰਿਹਾ ਸੀ। ਪਰ ਸੁਪਨੇ ਤਾਂ ਅਧੂਰੇ ਹੀ ਰਹਿੰਦੇ ਨਜ਼ਰ ਪੈ ਰਹੇ ਸਨ। ਸਾਰੇ ਪ੍ਰੀਵਾਰ ਨੂੰ ਕੈਨੇਡਾ ਜਾਣ ਦਾ ਜਨੂੰਨ ਸਿਰ ਨੂੰ ਚੜ੍ਹਿਆ ਹੋਇਆ ਸੀ। ਬਾਹਰ ਵਸਣ ਦੀ ਅੱਚਵੀ ਜਿਹੀ ਲੱਗੀ ਹੋਈ ਸੀ। ਕੈਨੇਡਾ ਪਹੁੰਚਣ ਦਾ ਝੱਲ ਸੀ! ਕੁੜੀ ਚਾਹੇ ਡਿੱਗੇ ਅੰਨ੍ਹੇ ਬੋਲ਼ੇ ਖੂਹ 'ਚ! ਨਾਲੇ ਕੁੜੀ ਕਿਹੜਾ ਘੱਟ ਸੀ? ਉਹ ਕੈਨੇਡੀਅਨ ਦੀ ਪਤਨੀ ਬਣਨ ਲਈ ਆਪਣੀ ਬੱਚੇਦਾਨੀ ਦੀ ਬਲੀ ਦੇਣ ਲਈ ਤਿਆਰ ਸੀ। ਸਿਰਫ਼ ਇਕ ਵਾਰ ਕੈਨੇਡੀਅਨ, ਬਰਾੜ ਦੀ 'ਹਾਂ' ਦੀ ਹੀ ਲੋੜ ਸੀ! ਉਧਰ ਕੈਨੇਡੀਅਨ ਫਿਰ ਵੀ ਇਸ ਪੱਖੋਂ ਮਾੜਾ ਨਹੀਂ ਸੋਚ ਰਿਹਾ ਸੀ। ਉਹ ਕੁੜੀ ਦਾ ਖ਼ੁਸ਼ਹਾਲ ਜੀਵਨ ਬਰਬਾਦ ਨਹੀਂ ਕਰਨਾ ਚਾਹੁੰਦਾ ਸੀ। ਉਹ ਨਹੀਂ ਚਾਹੁੰਦਾ ਸੀ ਕਿ ਸੀਤਲ ਆਪਣੀ ਬੱਚੇਦਾਨੀ ਕਢਵਾਵੇ! ਪ੍ਰਮਾਤਮਾ ਔਰਤ ਨੂੰ ਵੇਲ ਵਧਾਉਣ ਲਈ ਬੱਚੇਦਾਨੀ ਦਾ ਵਰ, ਇਕ ਸਾਧਨ ਪ੍ਰਦਾਨ ਕਰਦਾ ਹੈ। ਪਰ ਸੀਤਲ ਦੀ ਸੁੰਦਰਤਾ ਦੇਖ ਕੇ ਉਹ ਡੋਲ ਜ਼ਰੂਰ ਗਿਆ ਸੀ। ਸੁੰਦਰਤਾ ਦੇਖ ਕੇ ਤਾਂ ਦੇਵਤੇ ਅਤੇ ਸਾਧ ਸੰਤ ਡੋਲ ਜਾਂਦੇ ਹਨ। ਫਿਰ ਕੈਨੇਡੀਅਨ, ਬਰਾੜ ਤਾਂ ਕਿਹੜੇ ਬਾਗ਼ ਦੀ ਮੂਲ਼ੀ ਸੀ?

ਤੀਜੇ ਦਿਨ ਹਰਮਨ ਸਿੰਘ ਹੋਰੀਂ ਦਿੱਤੇ ਸਮੇਂ ਅਨੁਸਾਰ ਬਰਾੜ ਕੋਲ਼ ਭੂਤ ਵਾਂਗ ਜਾ ਵੱਜੇ! ਵਿਚਕਾਰਲਾ ਸਮਾਂ ਉਹਨਾ ਦਾ ਮਸਾਂ ਹੀ ਬੀਤਿਆ ਸੀ। ਰੁਕਿਆ ਸਮਾਂ ਉਹਨਾਂ ਨੇ 'ਰੱਬ-ਰੱਬ' ਕਰਕੇ ਲੰਘਾਇਆ ਸੀ। ਜਿਵੇਂ ਟਾਈਮ ਉਹਨਾਂ ਦਾ ਵੈਰੀ ਸੀ। ਜਿਹੜਾ ਜਲਦੀ ਨਹੀਂ ਬੀਤਦਾ ਸੀ।

ਬਰਾੜ ਨੇ ਉਹਨਾਂ ਦਾ ਸੁਆਗਤ ਕੀਤਾ।

ਗੱਲਾਂ ਬਾਤਾਂ ਹੋਈਆਂ ਤਾਂ ਸੀਤਲ ਦੀ ਮਾਂ ਪਰਮ ਕੌਰ ਨੇ ਇੱਕੋ ਵਿਚ ਹੀ ਗੱਲ ਨਬੇੜ ਦਿੱਤੀ।

-"ਬਰਾੜ ਸਾਹਿਬ, ਗੱਲ ਇਹ ਐ! ਬਈ ਜੇ ਅਸੀਂ ਆਪਣੀ ਸੀਤਲ ਵਿਆਹੁੰਣੀ ਹੈ ਤਾਂ ਸਿਰਫ਼ ਤੁਹਾਡੇ ਨਾਲ ਹੀ ਵਿਆਹੁੰਣੀਂ ਐਂ-ਨਹੀਂ ਅਸੀਂ ਕੁੜੀ ਦੀ ਸ਼ਾਦੀ ਹੀ ਨਹੀਂ ਕਰਨੀ! ਅਸੀਂ ਸੀਤਲ ਦੀ ਬੱਚੇਦਾਨੀ ਵਿਆਹ ਤੋਂ ਪਹਿਲਾਂ ਪਹਿਲਾਂ ਕਢਵਾ ਦਿਆਂਗੇ।"

-"......।" ਬਰਾੜ ਚੁੱਪ ਰਿਹਾ।

-"ਇਕ ਵਾਅਦਾ ਤੁਹਾਡੇ ਨਾਲ ਕਰਦੀ ਐਂ-ਜੇ ਤੁਸੀਂ ਮੈਨੂੰ ਸਵੀਕਾਰ ਨਾ ਕੀਤਾ-ਤਾਂ ਮੈਂ ਕੁਛ ਖਾ ਕੇ ਮਰ ਜਾਂਵਾਂਗੀ! ਦੇਖ ਲਓ ਤੁਹਾਡੀ ਖਾਤਰ ਕਿੱਡੀ ਕੁਰਬਾਨੀ ਕਰਨ ਨੂੰ ਤਿਆਰ ਹਾਂ-ਤੁਹਾਨੂੰ ਅਜੇ ਵੀ ਮੇਰੇ 'ਤੇ ਇਤਬਾਰ ਨਹੀਂ?" ਜਦ ਸੀਤਲ ਨੇ ਆਪਣਾ ਬਚਨ ਸੁਣਾਇਆ, 'ਕੁਰਬਾਨੀ' ਰੜਕਾਈ ਤਾਂ ਬਰਾੜ ਹੈਰਾਨ ਰਹਿ ਗਿਆ।

-"ਗੱਲ ਇਹ ਐ!" ਬਰਾੜ ਨੇ ਆਪਣਾ ਮੂੰਹ ਖੋਲ੍ਹਿਆ।

-"......।" ਸਾਰਿਆਂ ਨੇ ਭਵਿੱਖਬਾਣੀ ਲਈ ਆਪਣੇ ਕੰਨ ਚੁੱਕੇ। ਇਹ ਪ੍ਰਤੱਖ ਉਹਨਾਂ ਦੇ ਭਵਿੱਖ ਦਾ ਸੁਆਲ ਸੀ। ਉਹਨਾਂ ਦੇ ਦਿਲ ਫੜੇ ਕਬੂਤਰ ਵਾਂਗ 'ਫ਼ੜੱਕ-ਫ਼ੜੱਕ' ਵੱਜ ਰਹੇ ਸਨ।

-"ਸੀਤਲ, ਤੇਰੇ ਜਿੱਡੇ ਜਿੱਡੇ, ਆਈ ਮੀਨ ਤੇਰੇ ਜਿੱਡੇ ਜਿੱਡੇ ਤਾਂ ਕੀ...? ਮੇਰੇ ਤਾਂ ਬੱਚੇ ਵੀ ਤੇਰੇ ਤੋਂ ਉਮਰ 'ਚ ਕਾਫ਼ੀ ਵੱਡੇ ਐ।" ਬਰਾੜ ਨੇ ਸੱਚ ਕਿਹਾ।

-"ਫਿਰ ਕੀ ਹੋ ਗਿਆ, ਬਰਾੜ ਸਾਹਿਬ? ਮੈਂ ਇਹਨਾਂ ਤੋਂ ਪੂਰੇ ਦਸ ਸਾਲ ਵੱਡੀ ਐਂ-ਸਾਡਾ ਬੜਾ ਵਧੀਆ ਨਿਭਾਅ ਹੋਈ ਜਾਂਦੈ-ਕਦੇ ਉਨੀਂ ਇੱਕੀ ਨਹੀਂ ਹੋਈ।" ਪਰਮ ਕੌਰ ਬੋਲੀ।

-"ਬਰਾੜ ਸਾਹਿਬ, ਇਹ ਦਿਲ ਮਿਲ਼ਿਆਂ ਦਾ ਮੇਲੈ! ਕੌਣ ਗੁਰੂ ਤੇ ਕੌਣ ਚੇਲਾ? ਮੈਂ ਤੁਹਾਡੇ ਨਾਲ ਇਕ ਵਾਅਦਾ ਕਰਦੀ ਐਂ ਕਿ ਮੇਰੇ ਵੱਲੋਂ, ਮੇਰੇ ਵੱਲੋਂ ਕੀ? ਸਾਡੇ ਸਾਰੇ ਪ੍ਰੀਵਾਰ ਵੱਲੋਂ ਤੁਹਾਨੂੰ ਕੋਈ ਉਲਾਂਭਾ ਨਹੀਂ ਆਵੇਗਾ।" ਸੀਤਲ ਨੇ ਭੌਣ ਤੋਂ ਵੱਢ ਦਿੱਤੀ। ਉਸ ਦੀ ਸੀਤ ਅਵਾਜ਼ ਸੁਣ ਕੇ ਬਰਾੜ ਬੇਹੇ ਪਾਣੀ ਵਿਚ ਬੈਠ ਗਿਆ। ਉਸ ਨੂੰ ਕੁਝ ਸੁੱਝ ਨਹੀਂ ਰਿਹਾ ਸੀ।

-"ਜੇ ਸੀਤਲ ਨੂੰ ਇਜਾਜ਼ਤ ਹੋਵੇ, ਤਾਂ ਮੈਂ ਅੱਧਾ ਕੁ ਘੰਟਾ ਇਹਦੇ ਨਾਲ ਅੰਦਰ ਜਾ ਕੇ 'ਕੱਲਾ ਕੋਈ ਗੱਲ ਕਰ ਸਕਦੈਂ..? ਕੋਈ ਪ੍ਰਾਈਵੇਸੀ ਐ..!" ਬਰਾੜ ਨੇ ਇਜਾਜ਼ਤ ਮੰਗੀ।

-''ਕਿਉਂ ਨਹੀਂ...? ਜਾਓ...!'' ਹਰਮਨ ਸਿੰਘ ਦੀ ਥਾਂ ਪਰਮ ਕੌਰ ਨੇ ਵਾਰੀ ਲਈ।

-''ਸਿਰਫ਼ ਅੱਧਾ ਘੰਟਾ...!'' ਬਰਾੜ ਨੇ ਫਿਰ ਦੁਹਰਾਇਆ।

-''ਚਾਹੇ ਘੰਟਾ ਲਾਓ ਜੀ...! ਗੱਲਾਂ ਬਾਤਾਂ ਕਰਕੇ ਅੰਡਰਸਟੈਂਡਿੰਗ ਹੋ ਜਾਂਦੀ ਐ।'' ਹਰਮਨ ਸਿੰਘ ਬੋਲਿਆ।

ਉਹ ਅੰਦਰ ਚਲੇ ਗਏ।

ਸੀਤਲ ਬਰਾੜ ਦੇ ਇਕ ਤਰ੍ਹਾਂ ਨਾਲ ਪੈਰ ਮਿੱਧਦੀ ਗਈ ਸੀ। ਕੈਨੇਡੀਅਨ ਬਰਾੜ ਨੇ ਉਸ ਨੂੰ ਇਕੱਲੀ ਨੂੰ ਸਮਾਂ ਦਿੱਤਾ ਸੀ। ਕੋਈ ਐਰੀ ਗੈਰੀ ਗੱਲ ਨਹੀਂ ਸੀ। ਉਹ ਬਰਾੜ ਦੀ ਧੰਨਵਾਦਣ ਸੀ। ਸ਼ੁਕਰਗੁਜ਼ਾਰ ਸੀ!

ਬਰਾੜ ਉਸ ਨੂੰ ਇਕ ਹੋਰ ਵਿਸ਼ਾਲ ਕਮਰੇ ਵਿਚ ਲੈ ਗਿਆ। ਅੰਦਰ ਜਾ ਕੇ ਉਸ ਨੇ ਵਿਸਕੀ ਦੀ ਬੋਤਲ ਨੂੰ ਹੱਥ ਪਾ ਲਿਆ।

-''ਸੀਤਲ, ਮੈਂ ਸ਼ਰਾਬ ਪੀਨੈਂ।''

-''ਤੁਸੀਂ ਕੀ? ਸਾਰੀ ਦੁਨੀਆਂ ਈ ਪੀਂਦੀ ਐ ਬਰਾੜ ਸਾਹਿਬ! ਬੰਦੇ ਪੀਂਦੇ ਈ ਹੁੰਦੇ ਐ।''

ਉਹ ਹੱਸ ਪਿਆ ਅਤੇ ਇਕ ਤਕੜਾ ਪੈੱਗ ਲਾ ਕੇ ਸੀਤਲ ਦੇ ਸਾਹਮਣੇ ਬੈਠ ਗਿਆ।

-''ਸੀਤਲ! ਮੇਰੇ ਤਿੰਨ ਬੱਚੇ ਐ।''

-''ਉਹ ਤਾਂ ਤੁਸੀਂ ਪਹਿਲਾਂ ਵੀ ਦੱਸ ਚੁੱਕੇ ਹੋ! ਵਾਰ ਵਾਰ ਰਿਪੀਟ ਕਿਉਂ ਕਰਦੇ ਹੋ!''

-''ਮੇਰੀ ਲੜਕੀ ਤੇ ਇਕ ਲੜਕਾ ਡਾਕਟਰ ਨੇ-ਦੂਜਾ ਲੜਕਾ ਇਸਟੇਟ ਏਜੰਟ ਐ।''

-''ਔਲ ਰਾਈਟ...!''

-''ਉਹਨਾਂ ਦੀ ਉਮਰ ਤੈਥੋਂ ਕਿਤੇ ਵੱਡੀ ਐ।''

-''ਫੇਰ ਕੀ ਹੋਇਆ...?'' ਉਸ ਨੇ ਲਾਪ੍ਰਵਾਹੀ ਦਿਖਾਈ। ਉਹ ਤੱਟ ਫ਼ੱਟ ਉਤਰ ਮੋੜ ਰਹੀ ਸੀ।

-''ਇਕ ਹੋਰ ਸੱਚੀ ਗੱਲ-!''

-''......।'' ਸੀਤਲ ਨੇ ਨਵੀਂ ਖ਼ਬਰ ਲਈ ਅੱਖਾਂ ਉਪਰ ਚੁੱਕੀਆਂ।

-''ਮੇਰੇ ਘਰਵਾਲੀ ਮਰੀ ਨਹੀਂ-ਉਹ ਸਹੀ ਸਲਾਮਤ ਐ! ਉਸ ਨਾਲ ਮੇਰਾ ਤਲਾਕ ਜ਼ਰੂਰ ਹੋਇਐ-ਪਰ ਜਦੋਂ ਤੋਂ ਉਹ ਐਕਸੀਡੈਂਟ ਹੋਣ ਕਾਰਨ ਵੀਲ-ਚੇਅਰ 'ਤੇ ਬੈਠੀ ਐ-ਉਦੋਂ ਤੋਂ ਮੈਂ ਫਿਰ ਉਸ ਦੇ ਨਾਲ ਹੀ ਰਹਿੰਨੈਂ।''

-''......।'' ਸੀਤਲ ਚੁੱਪ ਚਾਪ ਸੁਣ ਰਹੀ ਸੀ। ਲਾਪ੍ਰਵਾਹੀ ਨਾਲ!

-''ਸਿਰਫ਼ ਇਸ ਕਰਕੇ, ਕਿ ਉਸ ਨੇ ਸਾਰੀ ਉਮਰ ਮੇਰਾ ਸਾਥ ਦਿੱਤਾ-ਦੁਖਦੇ ਸੁਖਦੇ ਨਾਲ ਨਿਭੀ-ਮੇਰਾ ਉਸ ਨਾਲ ਝਗੜਾ ਰਹਿੰਦਾ ਸੀ-ਤਲਾਕ ਹੋ ਗਿਆ! ਪਰ ਜਦੋਂ ਤੋਂ ਉਸ ਦਾ ਐਕਸੀਡੈਂਟ ਹੋਇਐ-ਉਹ ਵੀਲ-ਚੇਅਰ ਨਾਲ ਜੁੜੀ ਐ-ਮੈਂ ਉਸ ਦੇ ਨਾਲ ਹੀ ਰਹਿਣ ਲੱਗ ਪਿਐਂ-ਮੈਂ ਤਾਂ ਉਸ ਨੂੰ ਇਹ ਕਹਿ ਕੇ ਆਇਆ ਸੀ ਕਿ ਮੈਂ ਤੇਰੇ ਲਈ ਕੋਈ ਸੇਵਾਦਾਰਨੀ ਲੈ ਕੇ ਆਊਂਗਾ-ਜਿਹੜੀ ਤੇਰੀ ਸੇਵਾ ਕਰੂਗੀ-ਸੋ, ਇਸ ਲਈ ਮੈਂ ਬਾਂਝ ਔਰਤ ਦਾ ਇਸ਼ਤਿਹਾਰ ਅਖ਼ਬਾਰਾਂ ਵਿਚ ਦਿੱਤਾ ਸੀ-ਮੈਂ ਹੋਰ ਕੋਈ ਬੱਚਾ ਨਹੀਂ ਚਾਹੁੰਦਾ-ਕਿਉਂਕਿ, ਯੂ ਨੋਅ, ਆਦਮੀ ਨੂੰ ਸਰੀਰਕ ਤ੍ਰਿਪਤੀ ਕਰਨ ਲਈ ਵੀ ਕੁਛ ਚਾਹੀਦੈ-ਡੂ ਯੂ ਅੰਡਰਸਟੈਂਡ, ਵਾਅਟ ਆਈ ਮੀਂਨ? ਆਹ ਸਾਡੇ ਤਲਾਕ ਦੇ ਕਾਗਜ਼ਾਤ ਐ!'' ਉਸ ਨੇ ਤਲਾਕ ਦੇ ਕਾਗਜ਼ ਸੀਤਲ ਨੂੰ ਦਿਖਾਉਂਦਿਆਂ ਕਿਹਾ।

-''ਯੈੱਸ! ਆਈ ਅੰਡਰਸਟੈਂਡ ਯੂ! ਆਈ ਅੰਡਰਸਟੈਂਡ ਯੂ ਵੈਰ੍ਹੀ ਵੈੱਲ, ਬਰਾੜ ਸਾਹਿਬ!'' ਬਰਾੜ ਦੀ ਪਹਿਲੀ ਪਤਨੀ ਬਾਰੇ ਸੁਣ ਕੇ ਵੀ ਸੀਤਲ ਦੇ ਮਨ 'ਤੇ ਕੋਈ ਪ੍ਰਭਾਵ ਨਾ ਪਿਆ! ਉਸ ਨੂੰ ਤਾਂ ਅਗਾਊਂ ਹਰ ਸ਼ਰਤ ਮਨਜੂਰ ਸੀ। ਬੱਸ, ਕੈਨੇਡਾ ਦਿਸਣਾ ਚਾਹੀਦਾ ਸੀ।

-''ਹਰ ਮਰਦ ਦੀ ਕਮਜ਼ੋਰੀ ਉਸ ਦੀ ਸਰੀਰਕ ਭੁੱਖ ਹੁੰਦੀ ਐ, ਸੀਤਲ! ਜੇ ਆਦਮੀ ਦੀ ਸਰੀਰਕ ਸੰਤੁਸ਼ਟੀ ਨਾ ਹੋਵੇ ਤਾਂ ਆਦਮੀ ਪਾਗਲ ਹੋ ਜਾਵੇ-ਮੈਂ ਆਪਣੀ ਪਹਿਲੀ ਔਰਤ ਦੀ ਕਦਰ ਜਰੂਰ ਕਰਦੈਂ-ਪਰ ਉਹ ਮੇਰੀ ਸਰੀਰਕ ਤ੍ਰਿਪਤੀ ਨਹੀਂ ਕਰ ਸਕਦੀ-ਸਰੀਰਕ ਭੁੱਖ ਤਾਂ ਉਹਨੇ ਮੇਰੀ ਕੀ ਦੂਰ ਕਰਨੀ ਸੀ? ਉਹ ਤਾਂ ਵਿਚਾਰੀ ਆਪ ਉਠਣੋਂ ਬੈਠਣੋਂ ਆਹਰੀ ਐ! ਇਕ ਉਥੋਂ ਦੇ ਬੱਚੇ ਐਹੋ ਜਿਹੇ ਹੀ ਐ-ਮਾਂ ਬਾਪ ਦੀ ਕੋਈ ਸੇਵਾ ਸੂਵਾ ਨਹੀਂ ਕਰਦੇ-ਆਪਣੀ ਇੰਜੁਆਏਮੈਂਟ ਵਿਚ ਹੀ ਬਿਜ਼ੀ ਰਹਿੰਦੇ ਐ-ਆਪਣੇ ਕੰਮ ਨਾਲ ਈ ਮਤਲਬ ਰੱਖਦੇ ਐ-ਕੋਈ ਮਰੇ ਕੋਈ ਜੀਵੇ! ਇਸ ਲਈ ਮੈਂ ਇਹ ਦੂਜੇ ਵਿਆਹ ਦਾ ਪੰਗਾ ਸ਼ੁਰੂ ਕੀਤੈ।''

-"ਕੋਈ ਗੱਲ ਨਹੀਂ, ਬਰਾੜ ਸਾਹਿਬ! ਆਪਾਂ ਰਲ਼ ਮਿਲ਼ ਕੇ ਸਾਰੀ ਕਵਰੇਜ ਕਰ ਲਵਾਂਗੇ-ਸਾਰੇ ਧੋਣੇ ਧੋ ਦਿਆਂਗੇ।" ਸੀਤਲ ਕੈਨੇਡੀਅਨ ਅੱਗੇ ਹਲਾਲ ਹੋਣ ਵਾਲ਼ੀ ਮੁਰਗੀ ਵਾਂਗ ਖ਼ੁਦ ਹੀ ਸਿਰ ਝੁਕਾਈ ਬੈਠੀ ਸੀ! ਜਦੋਂ ਬਰਾੜ ਨੇ ਦੂਜਾ ਪੈੱਗ ਲਾ ਕੇ ਸੀਤਲ ਦੀ ਪਿੱਠ ਨੂੰ ਪਲੋਸਿਆ ਤਾਂ ਸੀਤਲ ਤਾਂ ਜਿਵੇਂ ਪਹਿਲਾਂ ਹੀ ਤਿਆਰ ਬੈਠੀ ਸੀ? ਉਸ ਨੂੰ ਅੰਦਰੋਂ ਝਰਨਾਹਟ ਉਠੀ, ਜੋ ਬਿਜਲੀ ਦੇ ਕਰੰਟ ਵਾਂਗ ਸਾਰੇ ਸਰੀਰ ਵਿਚ ਦੀ, ਕਿਸੇ ਲਹਿਰ ਵਾਂਗ ਲੰਘ ਗਈ। ਪਰ ਉਸ ਨੇ ਬਰਾੜ ਦਾ ਹੱਥ ਬਿਲਕੁਲ ਨਾ ਰੋਕਿਆ। ਸਾਰੀ ਹਕੀਕਤ ਸਮਝ ਕੇ ਬਰਾੜ ਨੇ ਦਰਵਾਜੇ ਦੀ ਕੁੰਡੀ ਚਾੜ੍ਹ ਦਿੱਤੀ। ਮੁੜਦਿਆਂ ਉਸ ਨੇ ਆਪਣੇ ਹੱਥਾਂ ਨਾਲ ਸੀਤਲ ਦੀਆਂ ਅਛੂਹ ਛਾਤੀਆਂ ਦਾ ਭਾਰ ਤੋਲਿਆ। ਜਿਵੇਂ ਕਿਸਾਈ ਬੱਕਰੇ ਨੂੰ ਖਰੀਦਣ ਤੋਂ ਪਹਿਲਾਂ ਉਸ ਨੂੰ ਪੂਛੋਂ ਉਗੀਸ ਕੇ ਜੋਂਹਦੈ! ਬਰਾੜ ਨੇ ਹਲਾਲ ਹੋਣ ਵਾਲ਼ੀ ਮੁਰਗੀ ਦੇ ਖੰਭ ਪੱਟ ਸੁੱਟੇ। ਸਰੀਰ ਦਾ ਅੰਗ-ਅੰਗ ਖੁਰਚ ਦਿੱਤਾ। ਖ਼ੈਰ, ਖੁੰਢਾ ਛੁਰਾ ਮੁਰਗੀ ਨੂੰ ਪੂਰੀ ਤਰ੍ਹਾਂ ਹਲਾਲ ਤਾਂ ਨਾ ਕਰ ਸਕਿਆ। ਪਰ ਉਸ ਨੇ ਸੀਤਲ ਨੂੰ ਇਕ ਤਰ੍ਹਾਂ ਨਾਲ਼ ਘਾਇਲ ਜਰੂਰ ਕਰ ਦਿੱਤਾ ਸੀ। ਬਰਾੜ ਨੇ ਆਪਣੇ ਮਨ ਦੀ ਸੰਤੁਸ਼ਟੀ ਕਰ ਕੇ ਸੀਤਲ ਨੂੰ ਛੱਡ ਦਿੱਤਾ। ਸੀਤਲ ਇਕ ਜਵਾਲਾ ਮੁਖੀ ਸੀ। ਜਿਸ ਨੂੰ ਬਰਾੜ ਪੂਰਨ ਤੌਰ 'ਤੇ ਸ਼ਾਂਤ ਨਾ ਕਰ ਸਕਿਆ। ਸਗੋਂ ਉਸ ਨੇ ਸੀਤਲ ਦੇ ਅੰਦਰੂਨੀ ਲਾਵੇ ਨੂੰ ਹੋਰ ਭੜ੍ਹਕਾਅ ਜ਼ਰੂਰ ਦਿੱਤਾ ਸੀ। ਵੇਦਨਾ ਦੇ ਸਮੁੰਦਰ ਵਿਚ ਰੋੜ੍ਹੀ ਕੁੜੀ ਅੰਦਰ ਲਾਟਾਂ ਦਾ ਜਹਾਦ ਛਿੜਿਆ ਹੋਇਆ ਸੀ ਅਤੇ ਉਸ ਤਾਅ ਵਿਚ ਆਈ ਨੇ ਬਰਾੜ ਦੀ ਗੱਲ੍ਹ 'ਤੇ ਦੰਦੀ ਵੱਢੀ।

-"ਆਪਣੇ ਕੋਲ ਅੱਧਾ ਘੰਟਾ ਹੀ ਟਾਈਮ ਸੀ।" ਬਰਾੜ ਨੇ ਗੱਲ੍ਹ ਪਲੋਸ ਕੇ ਚੇਤਾ ਕਰਵਾਇਆ।

-"ਗੋਲ਼ੀ ਮਾਰੋ ਟਾਈਮ ਨੂੰ...! ਕਮ ਔਨ ਬਰਾੜ...!" ਕਿਸੇ ਇੱਛਾ ਵਿਚ ਪਾਗ਼ਲ ਹੋਈ ਸੀਤਲ ਨੇ ਬਰਾੜ ਨੂੰ ਕੰਬਲ਼ ਵਾਂਗ ਫਿਰ ਉਪਰ ਨੂੰ ਖਿੱਚਣਾ ਚਾਹਿਆ। ਪਰ ਬਰਾੜ ਵਿਚੋਂ ਸਾਹ-ਸਤ ਨਿਕਲ਼ ਚੁੱਕਿਆ ਸੀ। ਉਹ ਤੋੜੀ ਹੋਈ ਢੂਹੀ ਵਾਲ਼ੇ ਸਾਹਨੇ ਵਾਂਗ ਸਪਾਲ਼ ਪਿਆ ਸੀ। ਉਹ ਜਿੰਨੀ ਕੁ ਜੋਕਰਾ ਸੀ। ਉਸ ਨੇ ਆਪਣੇ ਤਰਾਰੇ ਦਿਖਾ ਦਿੱਤੇ ਸਨ। ਉਸ ਤੋਂ ਬੁੱਢੇ ਸਾਹਣ ਵਾਂਗ ਮੁੜ ਕੇ ਸੰਭਲਿਆ ਨਾ ਗਿਆ। ਝੱਟ ਹੀ ਬੂਥ ਜਿਹੀ ਸੁੱਟ ਕੇ, ਆਖਰੀ ਠੁੰਗਾਂ-ਠੰਗੋਰਾਂ ਜਿਹੀਆਂ 'ਤੇ ਆ ਗਿਆ ਸੀ। ਬਰਾੜ ਦੀ ਮੱਝ ਦੀ ਜੀਭ ਵਰਗੀ ਕਾਲੀ ਜੀਭ ਸੀਤਲ ਦੇ ਨਿਰਵਸਤਰ ਪਿੰਡੇ 'ਤੇ ਸੱਪ ਵਾਂਗ ਫਿਰਦੀ ਸੀ।

ਬਰਾੜ ਨੇ ਸੀਤਲ ਨੂੰ ਠੰਢੇ ਪਾਣੀ ਦਾ ਗਿਲਾਸ ਪੀਣ ਲਈ ਦਿੱਤਾ।

ਗੜੇ ਵਰਗੇ ਪਾਣੀ ਨਾਲ ਸੀਤਲ ਦੀ ਭੜ੍ਹਕਦੀ ਅੱਗ ਕੁਝ ਕੁ ਮੱਧਮ ਹੋ ਗਈ। ਜੁਆਲਾ-ਮੁਖ਼ੀ ਦੀ ਲਾਟ ਮੱਠੀ ਪੈ ਗਈ। ਸੀਤਲ ਨੇ ਵੀ ਮਹਿਸੂਸ ਕਰ ਲਿਆ ਸੀ ਕਿ ਬਰਾੜ ਦਾ ਹਥਿਆਰ ਚੱਲ ਚੁੱਕਾ ਸੀ ਅਤੇ ਹੁਣ ਉਹ ਸਿਰਫ਼ ਬਾਇਰਲ ਵਿਚ ਦੀ ਹੀ ਝਾਤੀਆਂ ਮਾਰ ਰਿਹਾ ਸੀ। ਐਵੇਂ ਵਾਧੂ ਸ਼ਿਸ਼ਤਾਂ ਹੀ ਬੰਨ੍ਹ ਰਿਹਾ ਸੀ। ਉਸ ਨੇ ਆਪਣੇ ਤਮਾਮ ਨਗਨ ਸਰੀਰ ਨੂੰ ਢਕ ਲਿਆ ਅਤੇ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ। ਉਸ ਨੂੰ ਆਪਣੇ ਆਪ 'ਚੋਂ ਸੇਕ ਮਾਰ ਰਿਹਾ ਸੀ। ਬੁੱਲ੍ਹ ਮੱਚਦੇ ਜਾਪਦੇ ਸਨ। ਸਰੀਰ ਭੱਠੀ ਵਾਂਗ ਤਪਦਾ ਮਹਿਸੂਸ ਹੁੰਦਾ ਸੀ! ਕੈਨੇਡਾ ਦੇ ਲਾਲਚ ਵੱਸ ਸੀਤਲ ਬਰਾੜ ਨੂੰ ਆਪਣਾ ਆਪ ਸਮਰਪਣ ਕਰ ਚੁੱਕੀ ਸੀ। ਬਰਾੜ ਤਾਂ ਸੰਤੁਸ਼ਟ ਹੋ ਗਿਆ ਸੀ। ਪਰ ਸੀਤਲ ਅੰਦਰੋਂ ਅਜੇ ਵੀ ਕੋਈ ਉਬਾਲ਼ ਉਠਦਾ ਸੀ। ਉਸ ਦਾ ਦਿਲ ਕਰਦਾ ਸੀ ਕਿ ਹੁਣ ਕੋਈ ਤੁਰੰਤ ਉਸ ਦਾ ਹਾਣੀ ਆਵੇ ਅਤੇ ਉਸ ਦਾ ਸਾਰਾ ਜਿਸਮ ਨਿੰਬੂ ਵਾਂਗ ਨਿਚੋੜ ਸੁੱਟੇ! ਅਤੇ ਮਰੋੜ ਸੁੱਟੇ ਉਸ ਦੀਆਂ ਤਮਾਮ ਹੱਡੀਆਂ! ਪਰ ਉਮਰ ਦੇ ਤਕਾਜ਼ੇ ਮੁਤਾਬਿਕ ਬਰਾੜ ਦਾ ਇੰਜਣ 'ਲੋਢ' ਮੰਨ ਕੇ ਕੱਚਾ ਧੂੰਆਂ ਮਾਰਨ ਲੱਗ ਪਿਆ ਸੀ। ਜਦ ਕਿ ਚੜ੍ਹਦੀ ਉਮਰ ਦੀ ਸੀਤਲ ਮੋਮਬੱਤੀ ਵਾਂਗ ਬਲ਼ ਅਤੇ ਢਲ਼ ਰਹੀ ਸੀ!

ਕੱਪੜੇ ਪਾਉਣੇ ਤੋਂ ਬਾਅਦ ਬਰਾੜ ਨੇ ਉਸ ਨੂੰ ਬੜੀ ਗਹੁ ਨਾਲ ਤੱਕਿਆ।

ਕੱਪੜੇ ਠੀਕ ਠਾਕ ਸਨ। ਕੋਈ ਵਲ਼ ਨਹੀਂ ਸੀ।

ਵਾਪਰੇ 'ਭਾਣੇਂ' ਦੀ ਕੋਈ ਨਿਸ਼ਾਨੀ ਨਹੀਂ ਸੀ।

-"ਲੈ, ਹੁਣ ਤੂੰ ਰਿਲੈਕਸ ਹੋ!" ਉਸ ਨੇ ਇਕ ਗਿਲਾਸ ਹੋਰ ਪਾਣੀ ਦੇ ਦਿੱਤਾ।

-"......।" ਸੀਤਲ ਕਿਸੇ ਉਮੰਗ ਵਿਚ ਬੇਸੁਰਤ ਜਿਹੀ ਹੋਈ ਪਈ ਸੀ। ਜਿਵੇਂ ਮਧੋਲ਼ੀ ਹੋਈ ਹੋਵੇ! ਉਸ ਦੀਆਂ ਅੱਖਾਂ ਅੱਧੀਆਂ ਖੁੱਲ੍ਹੀਆਂ ਸਨ ਅਤੇ ਦਿਮਾਗ 'ਤੇ ਕੋਈ ਅਜੀਬ ਭਾਰ ਜਿਹਾ ਲੱਦਿਆ ਪਿਆ ਸੀ।

-"ਆਪਣੀ ਕਿਸੇ ਗੱਲ ਦਾ ਕਿਸੇ ਨੂੰ ਕੋਈ ਸ਼ੱਕ ਨਾ ਹੋਵੇ, ਸੀਤਲ!"

-''ਤੁਸੀਂ ਮੇਰੇ ਨਾਲ ਵਿਆਹ ਤਾਂ ਕਰਵਾਵੋਂਗੇ ਨ੍ਹਾ...?'' ਉਸ ਦੇ ਉਦਾਸ, ਪਰ ਕੇਸੂ ਬੁੱਲ੍ਹ ਹਿੱਲੇ ਸਨ। ਉਹ ਸੁੰਦਰਤਾ ਦੀ ਮਿਸਾਲ ਬਣੀ ਬਰਾੜ ਦੇ ਸਾਹਮਣੇ ਖੜ੍ਹੀ, ਮਿਸ਼ਾਲ ਵਾਂਗ ਜਗ ਰਹੀ ਸੀ।

-''ਪੱਕਾ...!'' ਉਸ ਨੇ ਕੁੜੀ ਦੀ ਕੀਤੀ ਖੇਹ ਖਰਾਬੀ ਦਾ ਮੁੱਲ ਇਕ ਸ਼ਬਦ ਵਿਚ ਹੀ ਮੋੜ ਦਿੱਤਾ। ਸੀਤਲ ਸੰਤੁਸ਼ਟ ਹੋ ਗਈ। ਹੁਣ ਉਸ ਨੂੰ ਕੋਈ ਗਿ਼ਲਾ ਨਹੀਂ ਰਹਿ ਗਿਆ ਸੀ। ਸਾਰੇ ਧੋਣੇ ਧੋਤੇ ਗਏ ਸਨ। ਸੀਤਲ ਨੇ ਆਪਣੀ ਸੀਤਲਤਾ ਅਤੇ ਨਿਰਮਲਤਾ ਗੁਆ ਕੇ ਕੈਨੇਡੀਅਨ ਨੂੰ ਜਿੱਤ ਲਿਆ ਸੀ। ਉਸ ਦੇ ਸਾਰੇ ਗਿ਼ਲੇ ਸਿ਼ਕਵੇ ਨਵਿਰਤ ਹੋ ਗਏ ਸਨ। ਸੀਤਲ ਕੋਲ਼ ਇਕੋ ਇਕ ਬਾਣ ਆਪਣੀ ਸੁੰਦਰਤਾ ਅਤੇ ਜੋਬਨ ਦਾ ਸੀ, ਉਹ ਉਸ ਨੇ ਬਰਾੜ ਨੂੰ ਚਿੱਤ ਕਰਨ ਵਾਸਤੇ ਭੱਥੇ ਵਿੱਚੋਂ ਚਲਾ ਹੀ ਦਿੱਤਾ ਸੀ!

ਸੀਤਲ ਨੇ ਪਾਣੀ ਪੀ ਲਿਆ ਅਤੇ ਉਹ ਬਾਹਰ ਆ ਗਏ।

ਸੀਤਲ ਦੇ ਚਿਹਰੇ 'ਤੇ ਕੋਈ ਬਹੁਤੇ ਹਾਵ ਭਾਵ ਨਹੀਂ ਸਨ। ਅੰਤਰੀਵ ਪੀੜ ਉਸ ਨੇ ਚਿਹਰੇ 'ਤੇ ਨਹੀਂ ਆਉਣ ਦਿੱਤੀ ਸੀ। ਚਾਹੇ ਉਸ ਦੀ ਆਪਣੀ ਸਰੀਰਕ ਸੰਤੁਸ਼ਟੀ ਨਹੀਂ ਹੋਈ ਸੀ। ਪਰ ਬਰਾੜ ਦੇ ਫ਼ੈਸਲੇ ਨੇ ਉਸ ਨੂੰ ਫੁੱਲ ਵਾਂਗ ਟਹਿਕਦੀ ਕਰ ਦਿੱਤਾ ਸੀ। ਚੇਤਨਤਾ ਵਿਚ ਖੇੜਾ ਲਿਆ ਦਿੱਤਾ ਸੀ। ਆਉਂਦੀ ਸੀਤਲ ਨੇ ਗੁੱਝੀ ਅੱਖ ਮਾਰ ਕੇ ਮਾਂ ਨੂੰ ਇਸ਼ਾਰੇ ਨਾਲ ਅੰਦਰ ਹੋਏ 'ਕਾਂਡ' ਬਾਰੇ ਜਾਣੂੰ ਕਰਵਾ ਦਿੱਤਾ। ਪਿਛਲੀ ਰਾਤ ਸੀਤਲ ਨੂੰ ਉਸ ਦੀ ਮਾਂ ਪਰਮ ਕੌਰ ਨੇ ਸਿੱਧਾ ਹੀ ਕੰਨ ਵਿਚ ਸਮਝਾ ਦਿੱਤਾ ਸੀ ਕਿ, ਜੇ ਬੰਦੇ ਨੂੰ ਆਪਣੇ ਅਨੁਸਾਰ ਵੱਸ ਕਰਨਾ ਹੋਵੇ ਤਾਂ ਚੁੱਪ ਚਾਪ ਉਸ ਨਾਲ ਬਿਨਾ ਝਿਜਕ ਸਰੀਰਕ ਸਬੰਧ ਬਣਾ ਲਵੋ, ਤੁਹਾਡੀ ਜਿੱਤ ਲਾਜ਼ਮੀ ਹੈ! ਇਹ ਕੰਮ ਸੀਤਲ ਨੇ ਆਪਣੀ ਮਾਂ ਦੀ ਨਸੀਹਤ ਮਗਰ ਲੱਗ ਕੇ ਸਿਰੇ ਲਾ ਦਿੱਤਾ ਸੀ। ਉਸ ਦੀ ਮਾਂ ਨੇ ਹੋਰ ਵੀ ਕਿਹਾ ਸੀ, ''ਇਕ ਵਾਰੀ ਇਸ ਦੇ ਘਨ੍ਹੇੜੇ ਚੜ੍ਹ ਕੇ ਕੈਨੇਡਾ ਚਲੀ ਜਾਹ, ਸੀਤਲ! ਉਥੇ ਹੋਰ ਬਥੇਰੇ ਕਿਨਾਰੇ ਮਿਲ਼ ਜਾਣਗੇ! ਤੂੰ ਇਸ ਬੁੱਢੇ ਨਾਲ ਜਰੂਰੀ ਘੋਲ਼ ਕਰਨੈਂ? ਇਹ ਤੈਨੂੰ ਸੁੱਖ ਕੇ ਨਹੀਂ ਦਿੱਤਾ! ਸੋਚ ਰੱਖੀਂ...!''

ਸੀਤਲ ਦੀ 'ਸੇਵਾ' ਨੂੰ ਫ਼ਲ਼ ਲੱਗਿਆ।

ਗੱਲ ਪੱਕੀ ਹੋ ਗਈ! ਬਰਾੜ ਨੇ ਤੀਹ ਲੱਖ ਰੁਪਏ ਦੀ ਮੰਗ ਕੀਤੀ। ਜੋ ਤੁਰੰਤ ਸਰਬ ਸੰਮਤੀ ਨਾਲ ਹੀ ਮੰਨ ਲਈ ਗਈ। ਤੀਹ ਲੱਖ ਰੁਪਏ ਦੀ ਕੀ ਗੱਲ ਸੀ? ਚਾਹੇ ਪੈਂਤੀ ਲੱਖ ਮੰਗ ਲੈਂਦਾ! ਸਾਰੇ ਪ੍ਰੀਵਾਰ ਨੇ ਹੀ ਬਾਹਰ ਚਲਿਆ ਜਾਣਾ ਸੀ! ਸਾਰੇ ਧੋਣੇ ਧੋਤੇ ਜਾਣੇ ਸਨ।

ਪਰਮ ਕੌਰ ਨੇ ਬਰਾੜ ਦੇ ਮੂੰਹ ਨੂੰ ਮਠਿਆਈ ਲਾਈ।

ਬਰਾੜ ਬੋਤੇ ਵਾਂਗ ਉਗਾਲ਼ਾ ਜਿਹਾ ਕਰਨ ਲੱਗ ਪਿਆ।

ਮੁੱਖ ਸ਼ਰਤ ਅਨੁਸਾਰ ਹਫ਼ਤੇ ਦੇ ਅੰਦਰ ਅੰਦਰ ਆਪ੍ਰੇਸ਼ਨ ਕਰਵਾ ਕੇ ਸੀਤਲ ਨੇ ਬੱਚੇਦਾਨੀ ਕਢਵਾ ਕੇ ਬਾਹਰ ਮਾਰੀ ਸੀ। ਇਤਨਾ ਵੱਡਾ ਫ਼ੈਸਲਾ ਲੈਂਦੀ ਨੇ ਸੀਤਲ ਨੇ ਕੁਝ ਵੀ ਸੋਚਿਆ ਨਹੀਂ ਸੀ ਕਿ ਉਹ ਰੱਬ ਵੱਲੋਂ ਬਖ਼ਸਿ਼ਸ਼ ਕੀਤਾ ਹੋਇਆ, ਮਾਂ ਬਣਨ ਦਾ ਅਮੋਲਕ ਵਰਦਾਨ ਆਪਣੇ ਹੱਥੀਂ ਤਬਾਹ ਕਰ ਰਹੀ ਹੈ! ਦੋ ਕੁ ਹਫ਼ਤੇ ਸੀਤਲ ਨੂੰ ਠੀਕ ਹੋਣ ਨੂੰ ਲੱਗ ਗਏ। ਪੂਰੀ ਰਿਪੋਰਟ ਬਿੱਲੂ ਰਾਹੀਂ ਬਰਾੜ ਨੂੰ ਪੁੱਜਦੀ ਕਰ ਦਿੱਤੀ ਗਈ। ਉਹ ਸੰਤੁਸ਼ਟ ਹੋ ਗਿਆ। ਜਿਹੜੀ ਹੁਣ ਹੀ ਐਨੀਆਂ ਸ਼ਰਤਾਂ ਮੰਨੀ ਜਾਂਦੀ ਐ, ਫੇਰ ਤਾਂ ਆਪਣੇ ਸਾਰੀ ਉਮਰ ਲੱਤ ਹੇਠ ਰਹੂ! ਇਹਨੂੰ ਜਿਵੇਂ ਮਰਜ਼ੀ ਐ, ਚਲਾਈ ਚੱਲਾਂ! ਜਨਾਨੀ ਛੇਤੀ ਕੀਤੇ ਬੱਚੇਦਾਨੀ ਨਹੀਂ ਕਢਵਾਉਂਦੀ। ਹਾਂ, ਦੋ ਚਾਰ ਬੱਚੇ ਜੰਮ ਕੇ ਕਢਵਾ ਦੇਵੇ, ਇਹ ਇਕ ਵੱਖਰੀ ਗੱਲ ਐ!

ਸਾਰੀਆਂ ਸ਼ਰਤਾਂ ਪੂਰੀਆਂ ਹੋਣ 'ਤੇ ਸੀਤਲ ਅਤੇ ਬਰਾੜ ਦਾ ਵਿਆਹ ਹੋ ਗਿਆ। ਮੰਗ ਅਨੁਸਾਰ ਤੀਹ ਲੱਖ ਰੁਪਏ ਦੇ ਦਿੱਤੇ ਗਏ। ਵਿਆਹ ਤਾਂ ਕਾਹਦਾ ਸੀ? ਇਹ ਤਾਂ ਸਿਰਫ਼ ਇਕ 'ਨਰੜ' ਸੀ। ਪਚਵੰਜਾ ਸਾਲ ਦਾ ਲਾੜਾ ਅਤੇ ਤੇਈ ਸਾਲ ਦੀ ਲਾੜੀ! ਬੱਤੀ ਸਾਲ ਦਾ ਫ਼ਰਕ! ਇਹ ਕੁੜੀ ਨੂੰ ਫ਼ਾਹਾ ਨਹੀਂ ਤਾਂ ਹੋਰ ਕੀ ਸੀ? ਪਤਾ ਲੱਗਣ 'ਤੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਸਾਕ ਸਬੰਧੀਆਂ ਨੇ ਬੁੱਲ੍ਹ ਟੇਰੇ। ਨਿਹੋਰੇ ਦਿੱਤੇ। ਪਰ ਹਰਮਨ ਸਿੰਘ ਦੇ ਪ੍ਰੀਵਾਰ ਦੇ ਕਿਸੇ ਮੈਂਬਰ ਨੂੰ ਕਿਸੇ ਕੰਜਰ ਦੇ ਨਿਹੋਰਿਆਂ ਦੀ ਕੋਈ ਪ੍ਰਵਾਹ ਹੀ ਨਹੀਂ ਸੀ। ਉਹਨਾਂ ਦੀ ਜਾਣਦੀ ਸੀ, ਜੁੱਤੀ! ਉਹ ਤਾਂ ਹੁਣ ਕੈਨੇਡੀਅਨ ਸਨ!

-''ਕੁੜੀ ਸਾਡੀ! ਵਿਆਹ ਅਸੀਂ ਕੀਤੈ! ਲੋਕਾਂ ਦੇ ਪਤਾ ਨ੍ਹੀ ਕੀ ਸੱਪ ਲੜਦੈ?'' ਸੀਤਲ ਦੀ ਮਾਂ ਨੇ ਸਾਰੇ ਸਿ਼ਕਵੇ ਢਾਕ ਤੋਂ ਦੀ ਮਾਰੇ ਸਨ। ਉਹ ਤਾਂ ਅੱਜ ਪੂਰੀ ਖੱਬੀ ਖਾਨ ਸੀ!

ਜਿਲ੍ਹਾ ਕਚਿਹਰੀਆਂ ਵਿਚ ਜਾ ਕੇ ਮੈਰਿਜ ਰਜਿਸਟਰ ਕਰਵਾ ਲਈ। ਸਾਰੇ ਕਾਗਜ਼ ਪੱਤਰ ਸਿੱਧੇ ਕਰਨ ਤੋਂ ਬਾਅਦ ਸੀਤਲ ਅਤੇ ਬਰਾੜ ਦਿੱਲੀ ਕੈਨੇਡਾ ਦੀ ਅੰਬੈਸੀ ਨੂੰ ਹੋ ਤੁਰੇ। ਬਿਨਾ ਕਿਸੇ ਹੀਲ ਹੁੱਜਤ ਤੋਂ ਸੀਤਲ ਨੂੰ ਕੈਨੇਡਾ ਦਾ ਵੀਜ਼ਾ ਮਿਲ ਗਿਆ। ਮਿਲਣਾ ਹੀ ਸੀ! ਪਤੀ ਦੇਵ ਕੋਲ਼ ਇਤਨੀ ਜ਼ਾਇਦਾਦ ਅਤੇ ਪੈਸਾ! ਪਹਿਲੇ ਵਿਆਹ ਦੇ ਤਲਾਕ ਦੇ ਕਾਗਜ਼ ਕੋਲ! ਮੌਜੂਦਾ ਵਿਆਹ ਦੀ ਰਿਜਸਟਰੇਸ਼ਨ ਮੌਜੂਦ! ਕਿਸੇ ਕਾਗਜ਼ ਦੀ ਕਮੀ ਨਹੀਂ ਸੀ। ਹਰ ਲੋੜੀਂਦੀ 'ਫ਼ਾਰਮਿਲਟੀ' ਹਾਜ਼ਰ ਸੀ। ਪਰ ਸੀਤਲ ਦੀ ਇੰਟਰਵਿਊ ਕਰਨ ਵਾਲੇ ਅਫ਼ਸਰ ਨੇ ਜ਼ਰੂਰ ਉਸ ਵੱਲ ਘੋਖ਼ ਭਰੀਆਂ ਨਜ਼ਰਾਂ ਨਾਲ ਤੱਕਿਆ ਸੀ। ਸੀਤਲ ਦੀ ਬਲ਼ਦੀ ਮਿਸ਼ਾਲ ਵਰਗੀ ਜੁਆਨੀ ਹਰ ਇਕ ਦਾ ਕਾਲ਼ਜਾ ਹੀ ਤਾਂ ਕੱਢਦੀ ਸੀ! ਉਹ ਹੈਰਾਨ ਹੋਇਆ ਸੀ ਜਾਂ ਦੁਖੀ? ਸੀਤਲ ਦੀ ਸੁੰਦਰਤਾ 'ਤੇ ਝੁਰਿਆ ਸੀ ਜਾਂ ਉਸ ਨੇ ਸੀਤਲ ਅਤੇ ਬਰਾੜ ਦੀ ਅਜੋੜ ਜੋੜੀ 'ਤੇ ਉਦਾਸੀ ਪ੍ਰਗਟ ਕੀਤੀ ਸੀ? ਇਹ ਰੱਬ ਨੂੰ ਪਤਾ ਸੀ! ਉਸ ਨੇ ਸੀਤਲ ਨੂੰ ਇੰਟਰਵਿਊ ਵਿਚ ਪਾਸ ਜ਼ਰੂਰ ਕਰ ਦਿੱਤਾ ਸੀ ਅਤੇ ਸੀਤਲ ਨੂੰ ਵੀਜ਼ਾ ਮਿਲ਼ ਗਿਆ ਸੀ।

ਤੀਜੇ ਹਫ਼ਤੇ ਸੀਤਲ ਬਰਾੜ ਨਾਲ ਕੈਨੇਡਾ ਉਡਾਰੀ ਮਾਰ ਗਈ।

ਕੈਨੇਡਾ ਆ ਕੇ ਸੀਤਲ ਨੂੰ ਨਵਾਂ ਹੀ ਤਜ਼ਰਬਾ ਹੋਇਆ। ਨਵੀਂ ਦੁਨੀਆਂ। ਨਵਾਂ ਮਾਹੌਲ। ਅਜੀਬ ਆਵਾਗੌਣ ਦਾ ਚੱਕਰ। ਨਵਾਂ ਸੱਭਿਆਚਾਰ। ਮਸ਼ੀਨਾਂ ਨਾਲ ਮਸ਼ੀਨ ਹੋਈ ਖ਼ਲਕਤ। ਕੰਪਿਊਟਰ ਯੁੱਗ ਵਿਚ ਖੋਖਲ਼ੇ ਹੋਏ ਦਿਮਾਗ। ਤੇਜ਼ ਰੌਸ਼ਨੀਆਂ ਵਿਚ ਅੰਨ੍ਹਾਂ ਹੋਇਆ ਇੱਥੋਂ ਦਾ ਜਗਤ। ਅਮੀਰੀ ਅਤੇ ਸ਼ੁਹਰਤ ਲਈ ਭੱਜ ਦੌੜ। ਇਕ ਦੂਜੇ ਨੂੰ ਪਿੱਛੇ ਛੱਡਣ ਦੀ ਅਮੁੱਕ ਮੰਜ਼ਿਲ। ਹਾਉਮੈਂ ਵਿਚ ਗਰਕਿਆ ਭਾਈਚਾਰਾ। ਆਪਣੀ ਅਮੀਰੀ ਦਿਖਾਉਣ ਲਈ ਕੀਤੇ ਜਾਂਦੇ ਸ਼ੋਸ਼ੇ! ਤੁਰਦਾ ਫ਼ਿਰਦਾ ਮੀਆਂ ਮਿੱਠੂ ਸੰਸਾਰ! ਆਪਣਾ ਗੌਂਅ ਕੱਢ ਕੇ ਅਗਲੇ ਨੂੰ ਖੱਡੇ ਵਿਚ ਸੁੱਟਣ ਵਾਲੇ ਅਕ੍ਰਿਤਘਣ ਲੋਕ! ਕਿਸੇ ਦੇ ਘਰੇ ਲੱਗੀ ਅੱਗ ਨੂੰ ਬਸੰਤਰ ਸਮਝ ਕੇ ਮਜ਼ਾਕ ਉਡਾਉਣ ਵਾਲ਼ੀ ਜਨਤਾ! ਦਿਖਾਵਾਕਾਰੀ ਵਿਚ ਮਲੰਗ ਹੁੰਦੀ ਅਤੇ ਅੰਦਰਲਾ ਪੋਲ ਲਕਾਉਣ ਵਾਲੀ ਲੋਕਤਾਈ! ਆਪਣੀਆਂ ਕੱਛ 'ਚ ਤੇ ਦੂਜੇ ਦੀਆਂ ਹੱਥ 'ਚ ਰੱਖਣ ਵਾਲ਼ੇ ਚਤਰ ਸਿਆਣੇ!

ਉਸ ਦਾ ਕੰਮਾਂ ਕਾਰਜਾਂ ਵਿਚ ਮਸ਼ਰੂਫ਼ ਰਹਿਣ ਵਾਲਾ ਪਤੀ ਦੇਵ, ਬਰਾੜ ਸਾਰਾ ਸਾਰਾ ਦਿਨ ਬਾਹਰ ਹੀ ਰਹਿੰਦਾ ਅਤੇ ਉਸ ਦੀ ਵੀਲ-ਚੇਅਰ ਵਿਚ ਬੈਠੀ ਤਲਾਕਸ਼ੁਦਾ ਪਤਨੀ ਨਿੰਮੀਂ ਸੀਤਲ ਨੂੰ ਸਾਰਾ ਸਾਰਾ ਦਿਨ ਊਰੀ ਵਾਂਗ ਘੁਕਾਈ ਰੱਖਦੀ। ਨਿੰਮੀ ਵੀ ਜਦ ਕੈਨੇਡਾ ਆਈ ਸੀ ਪਤਲੀ ਛਮਕ ਵਰਗੀ ਸੀ। ਬੜੀ ਹੀ ਹੱਸਮੁੱਖ! ਪਰ ਕੈਨੇਡਾ ਦੇ ਖਾਣ ਪਹਿਨਣ ਅਤੇ ਘਰ ਦੇ ਖੁੱਲ੍ਹੇ ਡੁੱਲ੍ਹੇ ਵਾਤਾਵਰਣ ਨੇ ਉਸ ਨੂੰ ਹੁਣ ਪੂਰੇ ਕੁਇੰਟਲ਼ ਦੀ ਤੀਮੀ ਬਣਾ ਧਰਿਆ ਸੀ। ਜਦੋਂ ਉਹ ਮੋਟੀ ਹੁੰਦੀ ਗਈ ਤਾਂ ਕਈ ਵਾਰ ਪਾਰਟੀਆਂ ਵਿਚ ਆਪਣੇ ਲੱਕ 'ਤੇ ਹੱਥ ਰੱਖ ਕੇ ਉਹ ਟਿੱਚਰ ਨਾਲ ਕਹਿੰਦੀ, "ਭੈਣ ਜੀ ਪਹਿਲਾਂ ਤਾਂ ਆਹ ਮੇਰੀ ਕਮਰ ਸੀ-ਤੇ ਹੁਣ ਬਣ ਗਿਆ ਕਮਰਾ!" ਲੋਕ ਉਸ ਦੇ ਵਿਅੰਗ 'ਤੇ ਹੱਸ ਪੈਂਦੇ। ਪਰ ਜਦੋਂ ਉਹ ਪੂਰੇ ਸੋਫ਼ੇ 'ਤੇ ਇਕੱਲੀ ਹੀ ਬੈਠਣ ਲੱਗ ਪਈ ਤਾਂ ਉਸ ਦੀਆਂ ਸਹੇਲੀਆਂ ਉਸ ਨੂੰ ਮਜ਼ਾਕ ਕਰਦੀਆਂ, "ਕੁੜ੍ਹੇ ਨਿੰਮੀ, ਹੁਣ ਤੇਰੀ ਕਮਰ, ਕਮਰਾ ਕੁਮਰਾ ਨਹੀਂ, ਹੁਣ ਤਾਂ ਭੈਣੇ ਵਰਾਂਡਾ ਈ ਬਣਗੀ ਐ!" ਪਰ ਨਿੰਮੀ ਕਿਸੇ ਦਾ ਗੁੱਸਾ ਨਾ ਕਰਦੀ। ਉਹ ਗੱਲ ਹੋਰ ਉਤੋਂ ਦੀ ਪਾਉਂਦੀ, "ਹੁਣ ਵਰਾਂਡਾ ਵੀ ਨ੍ਹੀ, ਹੁਣ ਤਾਂ ਹਾਲ ਈ ਬਣ ਚੱਲੀ ਐ!" ਹੋਰ ਹਾਸੜ ਪੈ ਜਾਂਦੀ। ਪਰ ਹੁਣ ਐਕਸੀਡੈਂਟ ਹੋਣ ਤੋਂ ਬਾਅਦ, ਵੀਲ-ਚੇਅਰ ਵਿਚ ਬੈਠਣ ਕਰਕੇ ਉਸ ਦਾ ਸੁਭਾਅ ਬੜਾ ਚਿੜਚੜਾ ਹੋ ਗਿਆ ਸੀ। ਉਸ ਦੇ ਮੱਥੇ 'ਤੇ ਹਮੇਸ਼ਾ ਤਿਊੜੀ ਅਤੇ ਮੂੰਹ 'ਤੇ ਘੂਰ ਹੀ ਜੰਮੀ ਰਹਿੰਦੀ ਸੀ। ਖ਼ਾਸ ਕਰਕੇ ਉਹ ਹੁਣ ਬਹੁਤਾ ਚੁੱਪ ਜਿਹਾ ਹੀ ਰਹਿੰਦੀ। ਨਿੰਮੀਂ ਆਪਣੇ ਡਾਕਟਰੀ ਸਹੂਲਤਾਂ ਵਾਲ਼ੇ ਕਰਮੇ ਵਿਚ ਵੱਖ ਹੀ ਰਹਿੰਦੀ। ਬਰਾੜ ਹੇਠਾਂ ਅੱਡ ਕਮਰੇ ਵਿਚ ਸੌਂਦਾ। ਨਿੰਮੀਂ ਦੇ ਕਮਰੇ ਵਿਚ ਇਕ ਘੰਟੀ ਲੱਗੀ ਹੋਈ ਸੀ। ਜਿਸ ਦਾ ਬਟਣ ਦਬਾਉਣ 'ਤੇ ਉਹ ਘੰਟੀ ਸੀਤਲ ਦੇ ਬੇਸਮੈਂਟ ਵਿਚ ਖੜਕਦੀ ਅਤੇ ਸੀਤਲ ਨੂੰ ਅੱਧੀ ਅੱਧੀ ਰਾਤੋਂ ਉਠ ਕੇ ਵੀ ਨਿੰਮੀ ਦੀ ਸੇਵਾ ਵਿਚ ਹਾਜ਼ਰ ਹੋਣਾ ਪੈਂਦਾ। ਸੀਤਲ ਨੌਕਰਾਣੀਂ ਸੀ ਅਤੇ ਨਿੰਮੀਂ ਮਾਲਕ! ਖ਼ਿਦਮਤ ਤਾਂ ਕਰਨੀ ਹੀ ਪੈਣੀਂ ਸੀ!

ਬਰਾੜ ਦੇ ਜੁਆਕ ਵਾਕਿਆ ਹੀ ਸੀਤਲ ਤੋਂ ਉਮਰ ਵਿਚ ਵੱਡੇ ਸਨ। ਸਗੋਂ ਕਾਫ਼ੀ ਵੱਡੇ ਸਨ। ਵੱਡੇ ਮੁੰਡੇ ਦੇ ਤਾਂ ਗੰਜ ਨਿਕਲ ਆਇਆ ਸੀ। ਉਹਨਾਂ ਦੀਆਂ ਨਜ਼ਰਾਂ ਵਿਚ ਤਾਂ ਸੀਤਲ ਉਹਨਾਂ ਦੀ 'ਦਾਸੀ' ਸੀ। ਉਹਨਾਂ ਦੀ ਨੌਕਰਾਣੀਂ ਸੀ। ਕਿਉਂਕਿ ਬਰਾੜ ਨੇ ਆਉਣਸਾਰ ਇਹ ਹੀ ਕਿਹਾ ਸੀ ਕਿ ਉਸ ਨੇ ਭਾਰਤ ਤੋਂ ਨਿੰਮੀਂ ਲਈ ਇਕ 'ਸੇਵਾਦਾਰਨੀ' ਲਿਆਂਦੀ ਹੈ!

ਸੀਤਲ ਸਾਰੀ ਸਾਰੀ ਦਿਹਾੜੀ ਕੰਮ ਅਤੇ ਸਫ਼ਾਈਆਂ ਕਰਦੀ ਅੱਕਲ਼ਕਾਨ ਹੋਈ ਰਹਿੰਦੀ। ਕਦੇ ਬਾਹਰ ਗਾਰਡਨ ਵਿਚ ਘਾਹ ਕੱਟਣ ਲੱਗ ਜਾਂਦੀ। ਉਹ ਆਪਣੇ ਆਪ ਵਿਚ 'ਬਿਜ਼ੀ' ਰਹਿਣ ਦੀ ਕੋਸ਼ਿਸ਼ ਕਰਦੀ ਰਹਿੰਦੀ। ਉਹ ਬਰਾੜ ਦੇ ਵਿਸ਼ਾਲ ਘਰ ਦੇ 'ਬੇਸਮਿੰਟ' ਵਿਚ ਹੀ ਰਹਿੰਦੀ ਅਤੇ ਸੌਂਦੀ ਸੀ। ਅੱਧੀ ਕੁ ਰਾਤ ਨੂੰ ਬਰਾੜ ਨਿੰਮੀ ਤੋਂ ਚੋਰੀ ਉਸ ਦੇ ਕਮਰੇ ਵਿਚ ਆ ਘੁਸੜਦਾ। ਉਹ ਸੀਤਲ ਦੀ ਜਿਸਮਾਨੀ ਲਾਟ ਭੜ੍ਹਕਾ ਤਾਂ ਦਿੰਦਾ। ਪਰ ਉਸ ਤੋਂ ਉਸ ਦੇ ਮੱਚਦੇ ਜਿਸਮ ਦਾ ਤਪਾੜ ਠੰਢਾ ਨਹੀਂ ਹੁੰਦਾ ਸੀ। ਜੰਗਲ ਦੀ ਭਿਆਨਕ ਅੱਗ ਪਾਣੀ ਦੀਆਂ ਚੂਲ਼ੀਆਂ ਨਾਲ ਕਿੱਥੋਂ ਬੁਝਦੀ...? ਬਰਾੜ ਹੰਭੇ, ਮੌਲੇ ਝੋਟੇ ਵਾਂਗ ਉਸ ਉਪਰ ਲਾਲ਼ਾਂ ਸੁੱਟਦਾ ਸੁੱਟਦਾ ਦਾਰੂ ਨਾਲ ਰੱਜ ਕੇ ਘੁਰਾੜ੍ਹੇ ਮਾਰਨ ਲੱਗ ਪੈਂਦਾ।

ਸਵੇਰ ਤੋਂ ਫਿਰ ਸੀਤਲ ਦਾ ਉਹ ਹੀ ਮਧਾਣੀ ਗੇੜਾ ਸ਼ੁਰੂ ਹੋ ਜਾਂਦਾ।

ਸੀਤਲ ਸਾਰੇ ਪ੍ਰੀਵਾਰ ਨੂੰ ਨਾਸ਼ਤਾ ਬਣਾ ਕੇ ਦਿੰਦੀ। ਨਿੰਮੀ ਨੂੰ ਬੁਰਸ਼ ਕਰਵਾਉਂਦੀ, ਨਹਾਉਂਦੀ। ਉਸ ਨੂੰ ਦੁਆਈਆਂ ਬਗੈਰਾ ਦਿੰਦੀ। ਬਰਾੜ ਦੇ ਵਿਸ਼ਾਲ ਘਰ ਵਿਚ ਮਹਿਮਾਨਾਂ ਦਾ ਤਾਂਤਾ ਲੱਗਿਆ ਰਹਿੰਦਾ। ਸੀਤਲ ਸੇਵਾ ਵਿਚ ਜੁਟੀ ਰਹਿੰਦੀ। ਮਹਿਮਾਨਾਂ ਨੂੰ ਕਦੇ 'ਚਿਕਨ' ਬਣਾ ਕੇ ਪੇਸ਼ ਕਰਦੀ ਅਤੇ ਮੱਛੀ 'ਫ਼ਰਾਈ' ਕਰ ਕੇ ਦਿੰਦੀ। ਕਦੇ 'ਮਟਨ' ਦੇ ਪਕੌੜੇ ਕੱਢਦੀ ਅਤੇ ਕਦੇ ਮੁਰਗਾ-ਸਾਗ ਬਣਾ ਕੇ ਪੇਸ਼ ਕਰਦੀ। ਪਰ ਫਿਰ ਵੀ ਉਸ ਦੀ ਨੋਕਾ-ਝੋਕੀ ਹੁੰਦੀ ਰਹਿੰਦੀ। ਮਹਿਮਾਨ ਉਸ ਨੂੰ ''ਫ਼ਰੈਸ਼ੀ'' ਹੀ ਦੱਸਦੇ। ਪਹਿਲਾਂ ਪਹਿਲ ਤਾਂ ਸੀਤਲ ਨੂੰ 'ਫ਼ਰੈਸ਼ੀ' ਦੀ ਸਮਝ ਨਾ ਆਈ ਕਿ 'ਫ਼ਰੈਸ਼ੀ' ਕੀ ਬਲਾਅ ਹੁੰਦੀ ਹੈ? ਪਰ ਜਦੋਂ ਉਸ ਨੂੰ ਸਮਝ ਪਈ ਤਾਂ ਉਹ ਅਤੀਅੰਤ ਦੁਖੀ ਹੋ ਗਈ। 'ਫ਼ਰੈਸ਼ੀ' ਲਫ਼ਜ਼ ਦਾ ਅਸਲ ਅਰਥ ਉਸ ਨੂੰ ਬਰਾੜ ਦੀ ਗੁਆਂਢਣ ਤੋਂ ਪਤਾ ਲੱਗਿਆ ਸੀ। ਜਦੋਂ ਉਸ ਨੇ ਸੀਤਲ ਨੂੰ ਪੁੱਛਿਆ, ''ਕੁੜ੍ਹੇ ਤੂੰ ਫ਼ਰੈਸ਼ੀ ਐਂ?'' ਤਾਂ ਸੀਤਲ ਨੇ ਨਿੱਤ ਦੇ ਇਸ ਲਫ਼ਜ਼ ਤੋਂ ਅੱਕ ਕੇ ਪੁੱਛ ਹੀ ਲਿਆ, ''ਦੀਦੀ ਜੀ ਇਹ ਫ਼ਰੈਸ਼ੀ ਕੀ ਹੁੰਦਾ ਹੈ?'' ਤਾਂ ਦੀਦੀ ਨੇ ਹੱਸ ਕੇ ਦੱਸਿਆ ਸੀ ਕਿ ਫ਼ਰੈਸ਼ੀ ਉਸ ਨੂੰ ਆਖਦੇ ਨੇ, ਜੋ ਭਾਰਤ ਤੋਂ ਨਵਾਂ ਨਵਾਂ ਆਇਆ ਹੁੰਦੈ! ਇੱਥੋਂ ਦੇ ਲੋਕ ਉਸ ਨੂੰ ਟਿੱਚਰਾਂ ਤਾਂ ਕਰਦੇ ਨੇ ਕਿ ਉਸ ਨੂੰ ਕੈਨੇਡੀਅਨ ਸੱਭਿਆਚਾਰ ਬਾਰੇ ਕੋਈ ਸੂਝ, ਕੋਈ ਗਿਆਨ ਨਹੀਂ ਹੁੰਦਾ, ਲੋਕ ਉਸ ਨੂੰ ਇਕ ਤਰ੍ਹਾਂ ਨਾਲ 'ਮੂਰਖ' ਹੀ ਸਮਝਦੇ ਨੇ ਅਤੇ ਖਰ ਦਿਮਾਗ ਇੰਡੀਅਨ ਅਤੇ ਸਿਰਫ਼ ਰੋਟੀਆਂ ਦਾ ਖੌਅ ਸਮਝ ਕੇ ਟਿੱਚਰਾਂ ਕਰਦੇ ਨੇ! ਦੀਦੀ ਦੀ ਗੱਲ ਸੁਣ ਕੇ ਸੀਤਲ ਨੂੰ ਚੇਹ ਚੜ੍ਹ ਗਈ ਸੀ ਕਿ 'ਫ਼ਰੈਸ਼ੀ' ਬੰਦੇ ਨਹੀਂ ਹੁੰਦੇ? ਮੈਂ ਭਾਰਤ ਵਿਚ ਇਤਨੀ ਪੜ੍ਹੀ ਲਿਖੀ, ਇੱਥੇ ਆ ਕੇ ਖ਼ਸਮਾਂ ਨੂੰ ਖਾਣੀ 'ਫ਼ਰੈਸ਼ੀ' ਬਣ ਗਈ? ਐਥੋਂ ਦੀਆਂ ਤਾਂ ਦਸ ਸਾਲ ਪੜ੍ਹ ਕੇ ਕੰਮਾਂ 'ਤੇ ਲੱਗ ਜਾਂਦੀਐਂ। ਮੈਂ ਤਾਂ ਡਬਲ ਐੱਮ. ਏ. ਕਰਕੇ ਬੀ. ਐੱਡ ਕੀਤੀ ਹੋਈ ਐ! ਐਥੋਂ ਦੀਆਂ ਕੁੱਤੀਆਂ ਮੇਰੀ ਕੀ ਰੀਸ ਕਰਨਗੀਆਂ? ਉਹ ਆਪਣੀ ਉਚੇਚ ਨਾਲ਼ ਕੀਤੀ ਪੜ੍ਹਾਈ ਵਿਚ ਹੀ ਉਲ਼ਝ ਕੇ ਰਹਿ ਜਾਂਦੀ। ਪਰ ਉਸ ਸੀਤਲ ਵਿਚਾਰੀ ਨੂੰ ਕੌਣ ਦੱਸਦਾ ਕਿ ਇੱਥੇ ਪੜ੍ਹਾਈ ਦੀ ਕਦਰ ਜ਼ਰੂਰ ਹੈ। ਪਰ ਤੁਹਾਨੂੰ ਲੋਕਾਂ ਵਿਚ ਜਾ ਕੇ ਆਪਣਾ ਆਪ ਉਜਾਗਰ ਕਰਨਾ ਪੈਂਦੈ! ਕਿ ਤੁਸੀਂ ਕੌਣ ਅਤੇ ਕੀ ਹੋ? ਘਰੇ ਬੈਠੀ ਦੀ ਉਸ ਦੀ ਪੜ੍ਹਾਈ ਕਿਸੇ ਕੰਮ ਦੀ ਨਹੀਂ!

ਪਰ ਉਹ ਦਬੜੂ ਘੁਸੜੂ ਵਿਚ ਟਾਈਮ ਪਾਸ ਕਰਦੀ ਰਹੀ। ਗੁਆਂਢਣ 'ਦੀਦੀ' ਉਸ ਨਾਲ ਕਾਫ਼ੀ ਹਮਦਰਦੀ ਰੱਖਣ ਲੱਗ ਪਈ ਸੀ। ਇਕ ਦਿਨ ਜਦੋਂ ਬਰਾੜ ਆਪਣੀ ਪਹਿਲੀ ਘਰਵਾਲ਼ੀ ਨਿੰਮੀ ਨੂੰ ਹਸਪਤਾਲ ਚੈੱਕ-ਅੱਪ ਲਈ ਲੈ ਕੇ ਗਿਆ ਤਾਂ ਸੀਤਲ ਨੇ ਗਾਰਡਨ ਵਿਚ ਖੜ੍ਹ ਕੇ ਦੀਦੀ ਨੂੰ ਸਾਰੀ ਗੱਲ ਦੱਸੀ ਤਾਂ ਸਾਧੂ ਸੁਭਾਅ ਦੀਦੀ ਅਤੀਅੰਤ ਦੁਖੀ ਹੋ ਗਈ। ਉਹ ਸੱਠ-ਪੈਂਹਟ ਸਾਲ ਦੀ ਬੜੀ ਦਿਆਲੂ ਔਰਤ ਸੀ। ਸਾਰੀ ਜ਼ਿੰਦਗੀ ਦੱਬ ਕੇ ਕਮਾਈ ਕੀਤੀ ਅਤੇ ਹੁਣ ਪੈਨਸ਼ਨ ਲੈ ਕੇ ਐਸ਼ ਕਰ ਰਹੀ ਸੀ। ਦੋ ਬੱਚੇ ਆਪੋ ਆਪਣੇ ਘਰੇ, ਵਿਆਹੇ ਵਰੇ ਸਨ। ਚਾਹੇ ਉਹਨਾਂ ਨੇ ਆਪਣੀ ਮਰਜ਼ੀ ਨਾਲ, ਗ਼ੈਰ ਜ਼ਾਤਾਂ ਵਿਚ ਹੀ ਸ਼ਾਦੀ ਕੀਤੀ ਸੀ। ਆਪਣੇ ਜੀਵਨ ਸਾਥੀਆਂ ਦੀ ਖ਼ੁਦ ਚੋਣ ਕੀਤੀ ਸੀ। ਪਰ ਦੋਨੋਂ ਆਪਣੇ ਘਰੇ ਸੁਖੀ ਸਨ। ਖਾਂਦੇ ਪੀਂਦੇ ਅਤੇ ਮੌਜਾਂ ਮਾਣਦੇ ਸਨ!

-''ਕੀ ਨਾਂ ਐਂ ਤੇਰਾ...?'' ਦੀਦੀ ਨੇ ਪੁੱਛਿਆ।

-''ਸੀਤਲ ਐ, ਦੀਦੀ...!''

-''ਗੱਲ ਸੁਣ ਸੀਤਲ...! ਆਪਣੇ ਵਿਚ ਈ ਗੱਲ ਐ-ਚਾਹੇ ਇਹ ਤੈਨੂੰ ਆਬਦੀ ਤੀਮੀਂ ਬਣਾ ਕੇ ਈ ਲਿਆਇਐ-ਪਰ ਤੇਰੀ ਐਸ ਘਰੇ ਕਿੰਨ੍ਹੀ ਕੁ ਦੱਸ ਪੁੱਛ ਐ? ਇਹਦੇ ਬਾਰੇ ਤੈਨੂੰ ਪਤਾ ਈ ਐ!'' ਉਸ ਨੇ ਆਸਾ ਪਾਸਾ ਦੇਖ ਕੇ ਗੱਲ ਅੱਗੇ ਤੋਰੀ।

-"ਇਕ ਤੈਨੂੰ ਗੱਲ ਦੱਸਦੀਂ ਐਂ, ਸੀਤਲ! ਚੁੱਪ ਕਰਕੇ ਆਬਦੀ ਪੱਕੀ ਮੋਹਰ ਲੁਆ ਤੇ ਕਿਤੇ ਹੋਰ ਕਿਨਾਰਾ ਕਰ! ਐਥੇ ਬਥੇਰੇ ਕੱਚੇ ਮੁੰਡੇ ਸੋਹਣੇ ਸੁਨੱਖੇ ਤੁਰੇ ਫਿਰਦੇ ਐ-ਅਗਲੇ ਪੱਕੇ ਹੋਣ ਦੀ ਖਾਤਰ ਤੇਰੀਆਂ ਲ੍ਹੇਲੜੀਆਂ ਕੱਢਣਗੇ...!"

-"ਪਰ ਦੀਦੀ, ਨਿੰਮੀ ਭੈਣ ਜੀ ਨੂੰ ਤਾਂ ਇਹ ਵੀ ਨ੍ਹੀ ਪਤਾ ਬਈ ਬਰਾੜ ਸਾਹਿਬ ਨਾਲ ਮੇਰੀ ਸ਼ਾਦੀ ਹੋਈ ਐ?"

-"ਜੇ ਉਹਨੂੰ ਪਤਾ ਹੁੰਦਾ! ਹੁਣ ਨੂੰ ਤੈਨੂੰ ਧੱਕੇ ਮਾਰ ਕੇ ਨਾ ਘਰੋਂ ਕੱਢ ਦਿੰਦੀ?"

-"ਉਹ ਕਾਹਤੋਂ? ਇਹਨਾਂ ਦੋਨਾਂ ਦਾ ਤਾਂ ਤਲਾਕ ਹੋਇਐ! ਮੈਂ ਤਲਾਕ ਦੇ ਕਾਗਜ ਖੁਦ ਦੇਖੇ ਐ, ਦੀਦੀ!"

-"ਸੀਤਲ! ਤੂੰ ਭੋਲੀ ਐਂ! ਪੜ੍ਹੀ ਲਿਖੀ ਜਰੂਰ ਐਂ-ਪਰ ਤੈਨੂੰ ਅਜੇ ਕੈਨੇਡਾ ਦਾ ਪਾਹ ਨ੍ਹੀ ਲੱਗਿਆ-ਐਥੇ ਦੁਨੀਆਂ ਬਹੁਤ ਗਾਂਹਾਂ ਲੰਘੀ ਵੀ ਐ-ਜਦੋਂ ਤੈਨੂੰ ਭੇਤ ਆ ਗਿਆ-ਸਭ ਕੁਛ ਪਤਾ ਲੱਗਜੂ-ਐਥੇ ਤਾਂ ਜਿਹਨਾਂ ਨੂੰ ਸੂੰਹ ਆ ਗਈ ਐ-ਉਹ ਤਾਂ ਅਨਪੜ੍ਹ ਵੀ ਪੜ੍ਹਿਆਂ ਲਿਖਿਆਂ ਦੇ ਕੰਨ ਕੁਤਰਦੇ ਐ! ਅਣਪੜ੍ਹ ਐਥੇ ਮੌਜਾਂ ਕਰਦੇ ਐ ਤੇ ਪੜ੍ਹੇ ਲਿਖੇ ਬੇਰੀਆਂ ਤੋੜੀ ਜਾਂਦੇ ਐ-ਤੇਰੀ ਪੜ੍ਹਾਈ ਲਿਖਾਈ ਨੇ ਐਥੇ ਕੱਖ ਨ੍ਹੀ ਖੋਹਣਾਂ...! ਪੜ੍ਹਾਈ ਲਿਖਾਈ ਤਾਂ ਤੇਰੇ ਤਾਂ ਈ ਕੰਮ ਆਊ-ਜੇ ਇਹ ਕੰਜਰ ਤੈਨੂੰ ਕਿਸੇ ਦਫ਼ਤਰ ਲੈ ਕੇ ਜਾਊ? ਕਿਸੇ ਨੂੰ ਤੇਰੇ ਸਰਟੀਫ਼ਿਕੇਟ ਦਿਖਾਊ? ਤੂੰ ਤਾਂ ਟੋਭੇ ਦਾ ਕੱਛੂਕੁੰਮਾਂ ਬਣਾਈ ਵੀ ਐਂ ਬਰਾੜ ਨੇ-ਕੰਮ ਕਰ ਛੱਡਦੀ ਐਂ ਤੇ ਰੋਟੀ ਖਾ ਛੱਡਦੀ ਐਂ-ਦਿੱਤੈ ਇਹਨੇ ਤੈਨੂੰ ਕਦੇ ਇਕ ਆਨਾ...?"

-"......।" ਸੀਤਲ ਅਵਾਕ ਸੁਣਦੀ ਰਹੀ। ਗੱਲ ਦੀਦੀ ਦੀ ਬਿਲਕੁਲ ਸੱਚੀ ਸੀ। ਉਸ ਨੂੰ ਪੈਸਾ ਤਾਂ ਕੀ? ਕਦੇ ਬਰਾੜ ਜਾਂ ਨਿੰਮੀ ਨੇ ਕੋਈ ਕੱਪੜਾ ਵੀ ਨਹੀਂ ਲੈ ਕੇ ਦਿੱਤਾ ਸੀ। ਉਹ ਤਾਂ ਬਰਾੜ ਦੀ ਡਾਕਟਰ ਕੁੜੀ ਦੇ ਅਣਫ਼ਿੱਟ ਕੀਤੇ ਜਾਂ ਲਾਹੇ ਕੱਪੜੇ ਹੀ ਤਾਂ ਪਾਉਂਦੀ ਸੀ।

-"ਜੇ ਇਹਨਾਂ ਨੂੰ ਮੁਫ਼ਤੋ ਮੁਫ਼ਤੀ 'ਚ ਤੇਰੇ ਅਰਗੀ ਨੌਕਰਾਣੀ ਮਿਲੀ ਵੀ ਐ-ਹੋਰ ਇਹਨਾਂ ਨੇ ਕੀ ਲੈਣੈਂ? ਮੈਂ ਤਾਂ ਇਕੋ ਈ ਰੈਅ ਦਿੰਨੀ ਐਂ ਬਈ ਆਬਦੀ ਪੱਕੀ ਮੋਹਰ ਲੁਆ-ਤੇ ਕੋਈ ਮੁੰਡਾ ਖੁੰਡਾ ਭਾਲ ਕੇ ਨਿਗਾਹ 'ਚ ਰੱਖ! ਮੇਰਾ ਨਾਂ ਨਾ ਲੈ ਦੇਈਂ! ਮੈਂ ਤਾਂ ਤੇਰੇ ਭਲੇ ਦੀ ਗੱਲ ਈ ਕੀਤੀ ਐ-ਹੋਰ ਨਾ ਮੈਨੂੰ ਵੀ ਘਰੋਂ ਛਿੱਤਰਾਂ ਨੂੰ ਥਾਂ ਕਰਦੀਂ! ਤੇਰਾ ਅੰਕਲ ਤਾਂ ਅੱਗੇ ਨ੍ਹੀ ਮਾਨ-ਉਹ ਤਾਂ ਮੈਨੂੰ ਐਵੇਂ ਈ ਦੂਸ਼ਣ ਲਾਈ ਜਾਊ-ਅਖੇ ਤੂੰ ਲੋਕਾਂ ਦੀਆਂ ਚੁਗਲੀਆਂ ਕਰਦੀ ਐਂ! ਲੈ ਦੱਸ? ਬਈ ਮੈਂ ਕੀਹਦੀ ਚੁਗਲੀ ਕੀਤੀ ਐ? ਜੇ ਤੈਨੂੰ ਤੇਰੇ ਭਲੇ ਬਾਰੇ ਕੁਛ ਦੱਸਤਾ-ਤਾਂ ਕੀ ਕੋਈ ਚੁਗਲੀ ਹੋ ਗਈ? ਲੈ, ਬਾਹਰੋਂ ਡੋਰ-ਬੈੱਲ ਹੋਈ ਐ-ਤੇਰਾ ਅੰਕਲ ਈ ਹੋਊ-ਮੈਂ ਜਾਨੀ ਐਂ-ਨਹੀਂ ਤਾਂ ਹਾਲ ਹਾਲ ਕਰੂ-ਮੇਰੀ ਗੱਲ ਨਾ ਕਿਸੇ ਕੋਲੇ ਕਰੀਂ!" ਆਖ ਕੇ ਦੀਦੀ ਗਾਰਡਨ ਵਿਚੋਂ ਹੀ ਪਿਛਾਂਹ ਮੁੜ ਗਈ।

ਸੀਤਲ ਵੀ ਅੰਦਰ ਚਲੀ ਗਈ।

ਸੀਤਲ ਨੂੰ ਮਾਂ ਬਾਪ ਦੀ ਚਿੱਠੀ ਨਿੱਤ ਵਾਂਗ ਹੀ ਆਉਂਦੀ। ਉਹ ਆਪਣੇ ਬਾਰੇ ਚਿੰਤਤ ਸਨ। ਉਹ ਹੈਰਾਨ ਸਨ ਕਿ ਸੀਤਲ ਉਹਨਾਂ ਨੂੰ ਰਾਹਦਾਰੀ ਕਿਉਂ ਨਹੀਂ ਭੇਜ ਰਹੀ ਸੀ? ਮਾਂ ਦੇ ਉਸ ਨੂੰ ਨਿਹੋਰੇ ਵੀ ਦਿੱਤੇ ਹੁੰਦੇ ਸਨ ਕਿ ਉਹ ਆਪ ਤਾਂ ਸਵਰਗ ਵਿਚ ਪਹੁੰਚ ਗਈ, ਪਰ ਸਾਡੇ ਬਾਰੇ ਤੈਨੂੰ ਕੋਈ ਫ਼ਿਕਰ ਨਹੀਂ! ਖ਼ਤ ਪੜ੍ਹ ਕੇ ਸੀਤਲ ਦਾ ਧਾਹ ਮਾਰਨ ਨੂੰ ਦਿਲ ਕਰਦਾ। ਉਸ ਦਾ ਅੰਦਰਲਾ ਮਨ ਕੀਰਨਾ ਪਾਉਂਦਾ। ਉਹ ਉਡ ਕੇ ਆਪਣੇ ਮਾਂ ਬਾਪ ਕੋਲ ਪੁੱਜ ਜਾਣਾ ਚਾਹੁੰਦੀ ਸੀ। ਪਰ ਸੜੇ ਖੰਭਾਂ ਵਾਲ਼ੇ ਪੰਛੀ ਵਾਂਗ ਮਜਬੂਰ ਸੀ। ਘਰੇ ਉਸ ਨੇ ਕਦੇ ਪਾਣੀ ਦਾ ਗਿਲਾਸ ਆਪ ਚੁੱਕ ਕੇ ਨਹੀਂ ਪੀਤਾ ਸੀ। ਇੱਥੇ ਉਸ ਨੂੰ ਸਾਰੇ ਟੱਬਰ ਦਾ ਗੋਰਖ ਧੰਦਾ ਕਰਨਾ ਪੈਂਦਾ ਸੀ। ਗੋਰਖ ਧੰਦਾ ਤਾਂ ਜਿਹੜਾ ਸੀ, ਉਹ ਤਾਂ ਸੀ ਹੀ...! ਉਸ ਨੂੰ ਸਾਰੀ ਦਿਹਾੜੀ ਬਿਨਾਂ ਗੱਲੋਂ ਲਾਹਣਤਾਂ ਵੀ ਪਈ ਜਾਂਦੀਆਂ ਸਨ। ਕਦੇ ਬਰਾੜ ਦੇ ਬੱਚਿਆਂ ਵੱਲੋਂ ਅਤੇ ਕਦੇ ਉਸ ਦੀ ਤੀਮੀਂ ਨਿੰਮੀਂ ਵੱਲੋਂ! ਕਦੇ ਉਸ ਨਾਲ ਕਿਸੇ ਨੇ ਦੁਖ ਸੁਖ ਨਹੀਂ ਕੀਤਾ ਸੀ। ਕਦੇ ਉਸ ਨੂੰ ਉਸ ਦੇ ਪਿੰਡ ਜਾਂ ਉਸ ਦੇ ਸ਼ਹਿਰ ਬਾਰੇ ਨਹੀਂ ਪੁੱਛਿਆ ਸੀ। ਕਦੇ ਉਸ ਦੇ ਪ੍ਰੀਵਾਰ ਬਾਰੇ ਪੁੱਛਣ ਦੀ ਤਕਲੀਫ਼ ਨਹੀਂ ਕੀਤੀ ਸੀ। ਉਹ ਇਸ ਘਰ ਵਿਚ ਇਕ ਗੁਲਾਮ, ਇਕ ਦਾਸੀ ਹੀ ਤਾਂ ਬਣ ਕੇ ਰਹਿ ਗਈ ਸੀ! ਕੀ ਦੱਸਦੀ ਉਹ ਆਪਣੇ ਮਾਂ ਬਾਪ ਨੂੰ? ਬਈ ਉਹ ਦਿਨ ਰਾਤ ਕਿਣਕਾ ਕਿਣਕਾ ਕਰਕੇ ਮਰਦੀ ਜਾ ਰਹੀ ਹੈ...? ਕੀ ਦੱਸਦੀ ਉਹ? ਕਿ ਉਹ ਦਿਨੇ ਬੁੱਢੀ ਵੱਲੋਂ ਅਤੇ ਰਾਤ ਨੂੰ ਬੁੱਢੇ ਵੱਲੋਂ ਮਧੋਲ਼ੀ ਅਤੇ ਚੂੰਡੀ ਜਾ ਰਹੀ ਹੈ...? ਕੀ ਦੱਸਦੀ? ਬਈ ਉਸ ਨੂੰ ਪੜ੍ਹੀ ਲਿਖੀ ਨੂੰ ਆਪਣੇ ਆਪਦੇ ਦੇਸੀ ਲੋਕ 'ਫ਼ਰੈਸ਼ੀ' ਹੀ ਦੱਸਦੇ ਨੇ...? ਕੀ ਦੱਸਦੀ? ਕਿ

ਉਹ ਇਸ ਘਰ ਵਿਚ ਪਤਨੀ ਨਹੀਂ, ਇਕ ਸੇਵਾਦਾਰਨੀ ਬਣ ਕੇ ਦਿਨ ਕੱਟ ਰਹੀ ਹੈ...? ਕੀ ਦੱਸਦੀ? ਕਿ ਹੁਣ ਤਾਂ ਉਸ ਨੂੰ ਬਰਾੜ ਦੇ ਜੁਆਕ ਵੀ ਧੌਲ਼ ਧੱਫ਼ਾ ਕਰਨ ਲੱਗ ਪਏ ਹਨ? ਅਤੇ ਉਸ ਨੂੰ ਕਮਚੋਰ, ਨਾਲਾਇਕ, ਬਲੱਡੀ, ਫ਼ਰੈਸ਼ੀ ਅਤੇ ਹੋਰ ਪਤਾ ਨਹੀਂ ਕੀ ਕੀ ਬਕਵਾਸ ਕਰਦੇ ਹਨ...? ਕੀ ਦੱਸਦੀ? ਕਿ ਜਦ ਉਹ ਨਿੰਮੀਂ ਨੂੰ ਪਾਣੀ ਦਾ ਗਿਲਾਸ ਫੜਾਉਂਦੀ ਹੈ ਤਾਂ ਉਹ ਤੱਤੇ ਠੰਢੇ ਦਾ ਨੁਕਸ ਕੱਢ ਕੇ ਪਾਣੀ ਉਸ ਦੇ ਮੂੰਹ 'ਤੇ ਡੋਲ੍ਹ ਦਿੰਦੀ ਹੈ ਅਤੇ ਉਸ ਨੂੰ ਆਪਣੀ ਛੜੀ ਨਾਲ ਧੇਹ-ਧੇਹ ਕੁੱਟਦੀ ਐ...? ਉਸ ਦਾ ਮਨ ਮਛਕ ਵਾਂਗ ਭਰ ਭਰ ਕੇ ਉਛਲ਼ਦਾ ਰਹਿੰਦਾ।

ਇਕ ਰਾਤ ਅਤੀ ਮਾਯੂਸ ਅਤੇ ਘੋਰ ਦੁਖੀ ਹੋਈ ਨੇ ਉਸ ਨੇ ਬਰਾੜ ਕੋਲ ਗੱਲ ਛੇੜ ਹੀ ਲਈ।

-"ਬਰਾੜ ਸਾਹਿਬ...!" ਉਸ ਨੇ ਗੱਡੇ ਵਾਂਗ ਪਾਸ ਜਿਹੇ ਵੱਜੇ ਪਏ ਬਰਾੜ ਨੂੰ ਹਲੂਣਿਆਂ। ਉਸ ਦੀ ਅਵਾਜ਼ ਇਉਂ ਮੱਧਮ ਸੀ, ਜਿਵੇਂ ਕੋਈ ਮੁਰਦਾ ਬੋਲਿਆ ਹੋਵੇ।

-"ਹਾਂ...?" ਉਹ ਅਤੀਅੰਤ ਅੱਕਰਾ ਬੋਲਿਆ। ਬਦਮਗਜਾਂ ਵਾਂਗ!

-"ਨਿੰਮੀ ਦੀਦੀ ਨੂੰ ਹੁਣ ਤੱਕ ਨਹੀਂ ਪਤਾ ਬਈ ਆਪਣਾ ਵਿਆਹ ਹੋਇਐ!"

-"ਤੇ ਤੂੰ ਦੱਸ ਕੇ ਚੁਪੇੜਾਂ ਖਾਣੀਐਂ...?" ਬੁਖ਼ਲਾਇਆ ਬਰਾੜ ਉਠ ਕੇ ਬੈਠ ਗਿਆ। ਬਰਾੜ ਨੂੰ ਉਤਨਾ ਡਰ ਨਿੰਮੀਂ ਤੋਂ ਨਹੀਂ, ਜਿੰਨਾਂ ਆਪਣੇ ਬੱਚਿਆਂ ਤੋਂ ਸੀ। ਜੇ ਬਰਾੜ ਦੇ ਬੱਚਿਆਂ ਨੂੰ ਪਤਾ ਚੱਲ ਜਾਂਦਾ ਕਿ ਉਹ ਸੀਤਲ ਨਾਲ਼ ਵਿਆਹ ਕਰਵਾ ਕੇ ਉਸ ਨੂੰ ਲੈ ਕੇ ਆਇਆ ਹੈ, ਤਾਂ ਉਹਨਾਂ ਨੇ ਤਾਂ ਘਰੇ ਤੜਥੱਲੀ ਮਚਾ ਦੇਣੀ ਸੀ। ਨਿੰਮੀ ਨੇ ਅੱਡ ਜੁਆਕਾਂ ਦੀ ਪੂਛ 'ਤੇ ਤੇਲ ਝੱਸਣਾ ਸੀ ਕਿ ਥੋਡਾ ਪਿਉ, ਥੋਡੇ ਸਰੀਕ ਦੀ ਮਾਂ ਘਰੇ ਲਿਆਈ ਬੈਠਾ ਹੈ! ਭੇਦ ਖੁੱਲ੍ਹ ਗਿਆ ਤਾਂ ਘਰ ਵਿਚ ਤਾਂ ਜਹਾਦ ਛਿੜ ਜਾਣਾ ਸੀ। ਬਰਾੜ ਇਸ ਗੱਲ ਨੂੰ ਦੱਬੀ ਹੀ ਰਹਿਣ ਦੇਣੀਂ ਚਾਹੁੰਦਾ ਸੀ। ਮੁੱਠੀ ਖੁੱਲ੍ਹ ਗਈ ਤਾਂ ਉਸ ਦੀ ਆਪਣੀ ਹੀ ਹੇਠੀ ਅਤੇ ਬੇਇੱਜ਼ਤੀ ਸੀ! ਉਹ ਕੈਨੇਡਾ ਦਾ ਇੱਜ਼ਤਦਾਰ ਬੰਦਾ ਸੀ! ਝੱਗਾ ਚੁੱਕ ਕੇ ਉਹ ਆਪਣੇ ਜੁਆਕਾਂ ਵਿਚ ਨੰਗਾ ਨਹੀਂ ਹੋਣਾ ਚਾਹੁੰਦਾ ਸੀ। ਉਹ ਸੀਤਲ ਜਾਂ ਨਿੰਮੀ ਨੂੰ ਛੱਡ ਸਕਦਾ ਸੀ। ਪਰ ਆਪਣੇ ਬੱਚਿਆਂ ਨੂੰ ਕਦਾਚਿੱਤ ਨਹੀਂ!

ਸੀਤਲ ਨੂੰ ਬਰਾੜ ਦੇ ਬਿਕਰਾਲ਼ ਚਿਹਰੇ ਤੋਂ ਡਰ ਲੱਗਿਆ। ਉਸ ਦਾ ਕਾਲਜਾ ਧੱਕ ਕਰਕੇ ਹੀ ਤਾਂ ਰਹਿ ਗਿਆ ਸੀ। ਬਰਾੜ ਕਿਸੇ ਪ੍ਰੇਤ ਵਾਂਗ ਸੀਤਲ ਵੱਲ ਝਾਕ ਰਿਹਾ ਸੀ।

-"ਪਰ ਮੈਨੂੰ ਆਹ ਦਸੌਂਟਾ ਕਿੰਨਾ ਕੁ ਚਿਰ ਕੱਟਣਾ ਪਊ?"

-"ਆਹ ਦਸੌਂਟੈ ਭੈਣ ਚੋਦ ਦੀਏ, ਕੁੱਤੀਏ...? ਖਾਨੀਂ ਐਂ ਪੀਨੀ ਐਂ, ਟੀਟਣੇਂ ਤੂੰ ਮਾਰਦੀ ਐਂ!" ਬਰਾੜ ਨੂੰ ਕਰੋਧ ਚੜ੍ਹ ਗਿਆ। ਉਸ ਦੇ ਗੁੱਝੇ ਭੇਦ ਉਤੋਂ ਤਾਂ ਚਾਦਰ ਖਿਸਕਣ ਲੱਗ ਪਈ ਸੀ। ਉਹ ਇਸ ਸੱਚ ਨੂੰ ਸਿਰੀ ਤੋਂ ਹੀ ਚਿੱਪ ਦੇਣਾ ਚਾਹੁੰਦਾ ਸੀ। ਉਹ ਆਪਣੇ ਬੱਚਿਆਂ ਤੋਂ 'ਫ਼ਿੱਟ੍ਹੇ ਮੂੰਹ' ਨਹੀਂ ਸਹਾਰ ਸਕਦਾ ਸੀ। ਇਹ ਰਾਜ ਲੁਕਾਉਣ ਲਈ ਉਹ ਕੋਈ ਵੀ ਹੱਦ ਬੰਨਾਂ ਪਾਰ ਕਰ ਸਕਦਾ ਸੀ। ਸਾਰੀ ਉਮਰ ਵਿਚ ਤਿੰਨ ਜੁਆਕਾਂ ਦੀ ਖੱਟੀ, ਖੱਟੀ? ਜੇ ਉਹ ਹੀ ਝੱਗਾ ਚੁੱਕ ਕੇ ਤੁਰ ਗਏ, ਤਾਂ ਮੈਂ ਕਿਹੜੇ ਪਾਸੇ ਦਾ ਰਹਿ ਗਿਆ? ਪਰ ਸੀਤਲ ਦੀਆਂ ਭਾਵਨਾਵਾਂ ਦੀ ਉਸ ਨੂੰ ਕੋਈ ਪ੍ਰਵਾਹ ਨਹੀਂ ਸੀ। ਜਿਹੜੀ ਹਰ ਰੋਜ ਤੁਪਕਾ ਤੁਪਕਾ ਕਰਕੇ ਰੇਗਿਸਤਾਨ ਵਿਚ ਸਮਾਈ ਜਾ ਰਹੀ ਸੀ। ਤਿੜਕੀ ਸੁਰਾਹੀ ਵਾਂਗ!

ਸੀਤਲ ਬਰਾੜ ਦੀ ਗਾਲ਼ ਸੁਣ ਕੇ ਸੁੰਨ ਹੋ ਗਈ। ਉਸ ਨੇ ਹੁਣ ਤੱਕ ਕਦੇ ਉਸ ਨੂੰ ਮੰਦਾ ਬੋਲ ਨਹੀਂ ਬੋਲਿਆ ਸੀ। ਜੇ ਮੰਦਾ ਨਹੀਂ ਬੋਲਿਆ ਸੀ ਤਾਂ ਹੁਣ ਕਦੇ ਚੰਗਾ ਬੋਲ ਵੀ ਨਹੀਂ ਬੋਲਿਆ ਸੀ। ਉਹ ਨਿੰਮੀ ਅਤੇ ਬੱਚਿਆਂ ਸਾਹਮਣੇ ਕਦੇ ਸੀਤਲ ਨਾਲ ਜ਼ੁਬਾਨ ਵੀ ਸਾਂਝੀ ਨਹੀਂ ਕਰਦਾ ਸੀ। ਉਹ ਸਾਰੇ ਪ੍ਰੀਵਾਰ ਨਾਲ਼ ਇਕ ਮੇਜ਼ 'ਤੇ ਬੈਠ ਕੇ ਬੜੀ ਠਾਠ ਨਾਲ਼ ਖਾਣਾਂ ਖਾਂਦਾ ਅਤੇ ਸੀਤਲ ਨੌਕਰਾਂ ਵਾਂਗ ਵਰਤਾਉਂਦੀ ਰਹਿੰਦੀ। ਉਸ ਦਾ ਦੁਖੀ ਦਿਲ ਪੁੱਛਿਆ ਹੀ ਜਾਣਦਾ ਸੀ। ਹਿੱਕ ਦਾ ਨਾਸੂਰ ਦਿਨੋਂ ਦਿਨ ਘਾਤਿਕ ਹੁੰਦਾ ਜਾ ਰਿਹਾ ਸੀ।

ਸੀਤਲ ਨੇ ਕੰਨ ਲਪੇਟ ਲਏ ਅਤੇ ਮੂੰਹ ਬੰਦ ਕਰ ਲਿਆ। ਬਰਾੜ ਸੀਤਲ ਦੀ ਚੁੱਪ ਤੋਂ ਭੈਅ ਖਾ ਗਿਆ।

-"ਗੱਲ ਸੁਣ ਮੇਰੀ ਇਕ, ਕੰਨ ਖੋਲ੍ਹ ਕੇ...!" ਉਸ ਨੇ ਬਾਹੋਂ ਫ਼ੜ ਕੇ ਸੀਤਲ ਨੂੰ ਬੈਠੀ ਕਰ ਲਿਆ।

-"ਜੇ ਕਦੇ ਨਿੰਮੀ ਕੋਲ਼ੇ ਜਾਂ ਮੇਰੇ ਜੁਆਕਾਂ ਕੋਲ਼ੇ ਕੋਈ ਭੇਦ ਖੋਲ੍ਹਿਆ-ਤਾਂ ਉਹ ਦੁਰਗਤੀ ਕਰੂੰਗਾ ਕਿ ਤੂੰ ਜ਼ਿੰਦਗੀ ਭਰ ਯਾਦ ਰੱਖੇਂਗੀ!" ਉਸ ਨੇ ਸੀਤਲ ਨੂੰ ਸਪੱਸ਼ਟ ਧਮਕੀ ਦੇ ਮਾਰੀ।

-"ਫਿਰ ਮੇਰੇ ਨਾਲ਼ ਵਿਆਹ ਦਾ ਢੌਂਗ ਕਾਹਤੋਂ ਕੀਤਾ...?" ਆਪਣੇ ਅੰਦਰ ਬਣੇ ਨਾਸੂਰ ਦੇ ਦਰਦ ਕਰਕੇ

ਕੁੜੀ ਅੱਗਿਓਂ ਬੋਲ ਪਈ। ਉਸ ਦੇ ਕੋਈ ਵੱਸ ਨਹੀਂ ਰਿਹਾ ਸੀ।

-"ਵਿਆਹ ਮੈਂ ਕੀਤੈ ਕੁੱਤੀਏ...? ਵਿਆਹ ਮੈਂ ਕੀਤੈ ਹਰਾਮਜ਼ਾਦੀਏ...? ਖਹਿੜਾ ਤਾਂ ਮੇਰਾ ਤੇਰੇ ਸਾਰੇ ਪ੍ਰੀਵਾਰ ਨੇ ਨ੍ਹੀ ਛੱਡਿਆ? ਮੈਂ ਤਾਂ ਬਥੇਰੀ ਮਗਜ ਖਪਾਈ ਕੀਤੀ-ਤੇਰੇ ਨਾਲ ਵੀ ਤੇ ਤੇਰੇ ਪ੍ਰੀਵਾਰ ਨਾਲ ਵੀ! ਤੁਸੀਂ ਤਾਂ ਦਿੰਦੇ ਸੀ ਗੇੜਾ ਤੇ ਮੇਰੇ ਚਰਨੀਂ ਆ ਡਿੱਗਦੇ ਸੀ-ਮੇਰੀ ਕਿਸੇ ਭੈਣ ਚੋਦ ਨੇ ਪੇਸ਼ ਜਾਣ ਦਿੱਤੀ? ਤੂੰ ਤਾਂ ਝੱਟ ਸਾਰਾ ਕੁਛ ਲਾਹ ਕੇ ਮੇਰੇ ਥੱਲੇ ਲਿਟਗੀ ਸੀ? ਮੈਂ ਕੀ ਕਰਦਾ...? ਤੈਨੂੰ ਐਥੇ ਕੈਨੇਡਾ ਲੈ ਆਇਆ, ਇਸ ਕਰਕੇ ਹੁਣ ਤੂੰ ਮੈਨੂੰ ਆਨੇ ਕੱਢਦੀ ਐਂ? ਤੇਰੀ ਤਾਂ ਜਿਹੜੀ ਗੱਲ ਸੀ, ਉਹ ਤਾਂ ਸੀਗੀ! ਜੇ ਮੈਂ ਤੇਰੀ ਮਾਂ ਨਾਲ ਕੁਛ ਕਰਨਾ ਚਾਹੁੰਦਾ ਤਾਂ ਉਹਨੇ ਵੀ ਢਿੱਲ ਨ੍ਹੀ ਸੀ ਕਰਨੀ-ਉਹ ਵੀ ਫ਼ੱਟ ਦੇਣੇ ਬੁੱਕਲ਼ 'ਚ ਆ ਵੜਦੀ! ਤੂੰ ਸਮਝਦੀ ਐਂ ਬਈ ਮੈਂ ਕਮਲੈਂ? ਮੈਂ ਸਾਰੀ ਦੁਨੀਆਂ ਵੇਚ ਵੱਟ ਕੇ ਖਾਧੀ ਵੀ ਐ! ਘਾਟ ਘਾਟ ਦਾ ਪਾਣੀ ਪੀਤੈ! ਤੇ ਤੂੰ ਭੈਣ ਚੋਦ ਦੀਏ ਬਦਤਮੀਜ਼ ਕੁੱਤੀਏ, ਅੱਜ ਦੇਣ ਤੁਰਪੀ ਮੱਤਾਂ ਮੈਨੂੰ, ਬਰਾੜ ਨੂੰ! ਜੇ ਕਿਤੇ ਆਪਣੇ ਵਿਆਹ ਦਾ ਕਿਸੇ ਕੋਲ਼ ਵੀ ਭੋਗ ਪਾਇਆ-ਤਾਂ ਮਾਰ ਕੇ ਨਿਆਗਰਾ ਫ਼ਾਲ ਸਿਟਵਾ ਦਿਊਂ, ਸੁਣ ਗਿਆ?" ਉਸ ਨੇ ਸੀਤਲ ਦੇ ਮਾਲੂਕੜੇ ਦਿਲ 'ਤੇ ਬੋਲਾਂ ਦੀਆਂ ਬਰਛੀਆਂ ਦਾਗ਼ ਦਿੱਤੀਆਂ ਅਤੇ ਉਸ ਨੂੰ ਜੁੰਡਿਆਂ ਤੋਂ ਫੜ ਕੇ ਹਲੂਣਿਆਂ।

ਸੀਤਲ ਫ਼ੱਟੜ ਸੱਪ ਵਾਂਗ ਵਿਹੁ ਘੋਲ਼ ਕੇ ਰਹਿ ਗਈ। ਉਸ ਦਾ ਇੱਥੇ ਸੀ ਵੀ ਕੌਣ? ਜਿਸ ਕੋਲ ਮਨ ਹੀ ਹੌਲ਼ਾ ਕਰ ਲੈਂਦੀ? ਕੀਹਦੇ ਕੋਲ ਦੁੱਖ ਰੋਂਦੀ? ਦਿਲ ਦਾ ਚੁੱਪ ਦਰਦ ਸਮਾਂ ਪਾ ਕੇ ਕੈਂਸਰ ਬਣ ਜਾਂਦੈ!

ਅਗਲੇ ਦਿਨ ਉਸ ਨੇ ਅੱਖ ਬਚਾ ਕੇ ਸਾਰੀ ਗੱਲ ਦੀਦੀ ਕੋਲ ਕਰ ਦਿੱਤੀ। ਦੀਦੀ ਬੜੀ ਦੁਖੀ ਹੋਈ।

-"ਤੇਰੀ ਪੱਕੀ ਮੋਹਰ ਕਦੋਂ ਲੱਗੂ...?" ਦੀਦੀ ਨੇ ਪੁਰਾਣਾ ਘਸਿਆ ਹੋਇਆ ਸੁਆਲ ਕੀਤਾ।

-"ਮੈਨੂੰ ਕੀ ਪਤੈ, ਦੀਦੀ? ਜੇ ਕੋਈ ਗੱਲ ਪੁੱਛਦੀ ਐਂ ਤਾਂ ਕੁੱਟਣ ਆਉਂਦੈ!" ਸੀਤਲ ਫਿਰ ਡੁਸਕ ਪਈ।

-"ਤੂੰ ਆਨੇ ਬਹਾਨੇ ਇਹ ਤਾਂ ਪਤਾ ਕਰਲਾ! ਸੀਤਲ ਜਿੰਨਾਂ ਚਿਰ ਤੇਰੀ ਪੱਕੀ ਮੋਹਰ ਨ੍ਹੀ ਲੱਗਦੀ-ਥੋਡੇ ਟੱਬਰ ਦਾ ਸਾਰਾ ਕੀਤਾ ਕਰਾਇਆ ਖ਼ੂਹ 'ਚ ਐ! ਤੀਹ ਲੱਖ ਰੁਪਈਆ ਵੀ ਦਿੱਤਾ-ਦਲਿੱਦਰ ਵੀ ਸਹਿਆ-ਬੁੜ੍ਹੇ ਦੀ ਧੰਗੇੜ੍ਹ ਵੀ ਸਹੀ-ਲਾਲ਼ਾਂ ਵੀ ਚੱਟੀਆਂ-ਨਿੰਮੀ ਦਾ ਗੰਦ ਸਾਫ਼ ਕੀਤਾ-ਸਾਰੇ ਟੱਬਰ ਦਾ ਗੋਲਪੁਣਾ ਕੀਤਾ-ਪਰ ਖੱਟਿਆ ਕੀ? ਸੋਚ...! ਕੁਛ ਨਾ ਕੁਛ ਲੈ ਕੇ ਤਾਂ ਡਿੱਗ...! ਲੋਕ ਤੈਨੂੰ ਮੂਰਖ ਆਖਣਗੇ...! ਵੈਸੇ ਵੀ ਤੂੰ ਕਾਨੂੰਨੀ ਤੌਰ 'ਤੇ ਅੱਧ ਦੀ ਮਾਲਕ ਐਂ!" ਦੀਦੀ ਨੇ ਉਸ ਨੂੰ ਬੜੀ ਇਮਾਨਦਾਰੀ ਨਾਲ ਸੱਚੀ ਮੱਤ ਦਿੱਤੀ।

-"ਪਰ ਦੀਦੀ! ਜਿੱਦੇਂ ਬਰਾੜ ਮੇਰਾ ਕੈਨੇਡਾ ਦਾ ਵੀਜ਼ਾ ਲੁਆਉਣ ਦਿੱਲੀ ਆਇਆ ਸੀ-ਉਸ ਦਿਨ ਵੀਜ਼ਾ ਲੁਆਉਣ ਤੋਂ ਪਹਿਲਾਂ ਹੀ ਉਸ ਨੇ ਮੈਥੋਂ ਦਸਖ਼ਤ ਕਰਵਾ ਲਏ ਸੀ ਕਿ ਮੈਂ ਉਸ ਦੀ ਚੱਲ ਅਚੱਲ ਜਾਇਦਾਦ 'ਚੋਂ ਕੁਛ ਨਹੀਂ ਲਵਾਂਗੀ ਅਤੇ ਨਾ ਹੀ ਮੈਂ ਹੱਕਦਾਰ ਹਾਂ-ਉਸ ਦੀ ਸਾਰੀ ਜਾਇਦਾਦ ਦੇ ਮਾਲਕ ਸਿਰਫ਼ ਅਤੇ ਸਿਰਫ਼ ਉਸ ਦੇ ਤਿੰਨ ਬੱਚੇ ਹੀ ਹੋਣਗੇ-ਉਸ ਨੇ ਇਸ ਸਹਿਮਤੀ 'ਤੇ ਮੈਥੋਂ ਇਕ ਨਹੀਂ, ਬਹੁਤ ਸਾਰੇ ਕਾਗਜ਼ਾਂ 'ਤੇ ਦਸਖ਼ਤ ਕਰਵਾਏ ਐ-ਤੇ ਮੇਰੇ ਉਹ ਦਸਖ਼ਤ ਇਲਾਕਾ ਮਜਿਸਟਰੇਟ ਤੋਂ ਬਕਾਇਦਾ ਤਸਦੀਕ ਵੀ ਹੋਏ ਵੇ ਐ।" ਸੀਤਲ ਨੇ ਸਾਰੀ ਗੱਲ ਦੱਸੀ।

-"ਬੜਾ ਢੰਗੀ ਐ ਹਰਾਮਜ਼ਾਦਾ...!" ਦੀਦੀ ਵੀ ਖ਼ਿਝ ਗਈ। ਬਰਾੜ ਵਾਕਿਆ ਹੀ ਕੋਈ ਕੱਚਾ ਖਿਡਾਰੀ ਨਹੀਂ ਸੀ।

ਰਾਤ ਨੂੰ ਸੀਤਲ ਨੇ ਬਰਾੜ ਤੋਂ ਪੱਕੀ ਮੋਹਰ ਬਾਰੇ ਬਗੈਰ ਕਿਸੇ ਭੂਮਿਕਾ ਤੋਂ, ਸਿੱਧਾ ਹੀ ਪੁੱਛ ਲਿਆ।

-"ਕਿਉਂ ਹਰਾਮਜ਼ਾਦੀਏ, ਕੁੱਤੀਏ? ਤੂੰ ਕਿਸੇ ਭੈਣ ਦੇ ਖ਼ਸਮ ਨਾਲ ਘਰੋਂ ਭੱਜਣੈਂ...? ਮੇਰੇ ਨਾਲ਼ ਵਿਆਹ ਤੋਂ ਪਹਿਲਾਂ ਕਿਸੇ ਭੈਣ ਚੋਦ ਨਾਲ਼ ਕੁੰਡਾ ਪਸਾਇਆ ਹੋਣੈਂ? ਲੀੜੇ ਲਾਹੁੰਣ ਲੱਗੀ ਨੇ ਤਾਂ ਤੂੰ ਮੇਰੇ ਵਾਰੀ ਮਿੰਟ ਨ੍ਹੀ ਸੀ ਲਾਇਆ-ਆਬਦੇ ਹਾਣ ਦੇ ਨਾਲ਼ ਤਾਂ ਤੂੰ ਕੀ ਭਲੀ ਗੁਜਾਰਨੀ ਸੀ...?" ਉਹ ਰੇਲ ਦੇ ਕੰਨ ਵਾਂਗ ਸਿੱਧਾ ਸਲੋਟ ਹੀ ਉਠਿਆ ਸੀ।

ਸੀਤਲ ਚੁੱਪ ਵੱਟ ਗਈ।

-"ਇਕ ਗੱਲ ਸੁਣਲੀਂ ਮੇਰੀ ਧਿਆਨ ਦੇ ਕੇ...! ਤੇਰੇ ਮਨ 'ਚ ਕੋਈ ਭਰਮ ਨਾ ਰਹੇ!" ਬਰਾੜ ਨੇ ਵੱਡੀ ਸਾਰੀ ਉਂਗਲ਼ ਸੀਤਲ ਦੀਆਂ ਨਾਸਾਂ ਕੋਲ਼ ਕਰ ਕੇ ਆਖਿਆ।

-"ਜੇ ਕਦੇ ਐਸ ਘਰੋਂ ਕਿਸੇ ਖ਼ਸਮ ਨਾਲ ਭੱਜਣ ਬਾਰੇ ਸੋਚਿਆ ਵੀ-ਤਾਂ ਸਮਝ ਲੈ ਤੇਰਾ ਤੇ ਅਗਲੇ ਦਾ

ਉਹ ਆਖਰੀ ਦਿਨ ਹੋਊਗਾ! ਤੈਨੂੰ ਪਤੈ ਮੇਰੇ ਕੋਲ ਐਥੇ ਕਿੰਨੇ ਖ਼ਤਰਨਾਕ ਬੰਦੇ ਐ? ਮੇਰੇ ਕੋਲ ਐਹੋ ਜੇ ਖ਼ੌਫ਼ਨਾਕ ਗੁੰਡੇ ਐ-ਅਗਲਿਆਂ ਨੇ ਥੋਨੂੰ ਮਾਰ ਕੇ ਮੁਸ਼ਕ ਵੀ ਬਾਹਰ ਨ੍ਹੀ ਨਿਕਲਣ ਦੇਣਾ!"

-"......।" ਸੀਤਲ ਬੋਲਾਂ ਦੇ ਤੀਰ ਘੁੱਟ ਵੱਟੀ ਸੀਨੇ 'ਤੇ ਜਰੀ ਜਾ ਰਹੀ ਸੀ। ਉਸ ਦੇ ਦਿਮਾਗ ਅੰਦਰ ਬੱਦਲ਼ ਗੱਜੀ ਜਾ ਰਹੇ ਸਨ।

-"ਇਕ ਆਖਰੀ ਗੱਲ ਹੋਰ ਸੁਣ ਲੈ...! ਤੇਰਾ ਤਾਂ ਕੀ ਮੁਸ਼ਕ ਨਿਕਲਣੈਂ? ਤੇਰੇ ਤਾਂ ਮਾਂ ਬਾਪ ਤੇ ਬਾਕੀ ਸਾਰੇ ਟੱਬਰ ਦਾ ਵੀ ਖੁਰਾ ਖੋਜ ਨ੍ਹੀ ਮਿਲਣਾ! ਕਿਹੜੀ ਦੁਨੀਆਂ 'ਚ ਫਿਰਦੀ ਐਂ? ਤੇਰਾ ਵਾਹ ਬਰਾੜ ਨਾਲ ਪਿਐ-ਕਿਸੇ ਐਰੇ ਗੈਰੇ ਨਾਲ ਨ੍ਹੀ...!" ਬਰਾੜ ਦੀ ਅਗਲੀ ਧਮਕੀ ਨੇ ਸੀਤਲ ਦੇ ਸਾਹ ਸੁਕਾ ਦਿੱਤੇ। ਇਸ ਚੋਭ ਨੇ ਉਸ ਨੂੰ ਬੇਹੋਸ਼ ਹੋਣ ਵਾਲ਼ੀ ਕਰ ਦਿੱਤਾ। ਉਸ ਨੂੰ ਕਦਾਚਿੱਤ ਉਮੀਦ ਨਹੀਂ ਸੀ ਕਿ ਬਰਾੜ ਐਡਾ ਕਮੀਨਾ ਅਤੇ ਨਿਰਦਈ ਨਿਕਲੇਗਾ ਕਿ ਉਸ ਦੇ ਟੱਬਰ ਨੂੰ ਵੀ ਆਪਣੀ ਹਿੱਟ ਲਿਸਟ 'ਤੇ ਚਾੜ੍ਹ ਲਵੇਗਾ? ਧਮਕੀਆਂ ਸੁਣ ਕੇ ਸੀਤਲ ਦੇ ਹਰਾਸ ਮਾਰੇ ਗਏ ਸਨ। ਉਸ ਨੂੰ ਕਰੋਧੀ ਬਰਾੜ ਦੇ ਕਰੂਪ ਚਿਹਰੇ ਤੋਂ ਡਰ ਲੱਗਣ ਲੱਗ ਪਿਆ ਅਤੇ ਉਸ ਦੇ ਸਿਰ ਵਿਚ ਘੜ੍ਹਿਆਲ਼ ਖੜਕੀ ਜਾ ਰਹੇ ਸਨ।

ਰੁਲ਼ਦੀ ਖੁਲ਼ਦੀ ਅਤੇ ਜ਼ਿਆਦਤੀਆਂ ਸਹਿੰਦੀ ਸੀਤਲ ਨੂੰ ਪੂਰਾ ਸਾਲ ਬੀਤ ਗਿਆ ਸੀ। ਗਾਹਲਾਂ, ਮੁਸ਼ੱਕਤਾਂ ਅਤੇ ਤਸ਼ੱਦਦ ਦਾ ਦੌਰ ਹਰ ਰੋਜ਼ ਵਾਂਗ ਹੀ ਜਾਰੀ ਸੀ। ਸੀਤਲ ਦੇ ਨੱਕ ਵਿਚ ਦਮ ਆ ਚੁੱਕਾ ਸੀ। ਉਸ ਨੂੰ ਕੋਈ ਰਸਤਾ ਨਹੀਂ ਲੱਭਦਾ ਸੀ, ਜਿੱਧਰ ਉਹ ਭੱਜ ਕੇ ਜਾ ਸਕਦੀ। ਹੁਣ ਉਸ ਨੂੰ ਭਾਰਤ ਤੋਂ ਆਈ ਉਸ ਦੇ ਮਾਂ ਬਾਪ ਦੀ ਚਿੱਠੀ ਵੀ ਨਾ ਦਿੱਤੀ ਜਾਂਦੀ। ਪੜ੍ਹ ਕੇ ਬਰਾੜ ਚਿੱਠੀ ਕੂੜੇ ਵਿਚ ਹੀ ਸੁੱਟ ਛੱਡਦਾ। ਲਿਖਣ ਵਾਲ਼ਿਆਂ ਨੂੰ ਅਵਾ ਤਵਾ ਬੋਲਦਾ ਅਤੇ ਸਾਰੇ ਟੱਬਰ 'ਤੇ ਤਾਹਨੇ ਕਸਦਾ।

ਅਚਾਨਕ ਦੀਦੀ ਅਤੇ ਅੰਕਲ ਵੀ ਤਿੰਨ ਮਹੀਨੇ ਵਾਸਤੇ ਭਾਰਤ ਚਲੇ ਗਏ ਸਨ। ਹੁਣ ਸੀਤਲ ਦਾ ਕੋਈ ਵਾਲੀ ਵਾਰਸ ਨਹੀਂ ਰਹਿ ਗਿਆ ਸੀ। ਕੋਈ ਹਮਦਰਦ ਨਹੀਂ ਸੀ। ਕੋਈ ਦਰਦ ਸੁਣਨ ਵਾਲਾ ਨਹੀਂ ਸੀ। ਕੋਈ ਦਰਦ ਵੰਡਾਉਣ ਵਾਲ਼ਾ ਨਹੀਂ ਸੀ। ਉਹ ਮਾਨਸਿਕ ਪੱਖੋਂ ਬਿਮਾਰ ਰਹਿਣ ਲੱਗ ਪਈ। ਕਦੇ ਕਦੇ ਉਸ ਨੂੰ ਕਹਿਰਾਂ ਦਾ ਡਰ ਲੱਗਦਾ। ਕਦੇ ਕਦੇ ਉਸ ਨੂੰ ਕੋਈ ਭਿਆਨਕ ਸੁਪਨਾ ਆਉਂਦਾ ਅਤੇ ਉਹ ਸੁੱਤੀ ਪਈ ਚੀਕ ਕੇ ਉਠ ਬੈਠਦੀ। ਬਰਾੜ ਉਸ ਨੂੰ ਗਾਹਲਾਂ ਦੇ ਕੇ ਅਤੇ ਕਦੇ ਕਦੇ ਚੁਪੇੜ ਮਾਰ ਕੇ ਫਿਰ ਪਾ ਦਿੰਦਾ। ਜੇ ਉਹ ਨਾ ਪੈਂਦੀ ਤਾਂ ਉਸ ਦੇ ਸਿਰ ਵਿਚ ਛਿੱਤਰ ਵਰ੍ਹਨ ਲੱਗ ਪੈਂਦੇ ਅਤੇ ਬਰਾੜ ਉਸ ਨੂੰ ਧੱਕਾ ਦੇ ਕੇ ਬੈੱਡ 'ਤੇ ਸੁੱਟ ਦਿੰਦਾ। ਸੀਤਲ ਸਰੀਰਕ ਪੱਖੋਂ ਅੱਧੀ ਰਹਿ ਗਈ ਸੀ। ਉਸ ਨੂੰ ਨਾ ਖਾਣ ਦੀ ਹੋਸ਼ ਸੀ ਅਤੇ ਨਾ ਪੀਣ ਦੀ। ਹੁਣ ਤਾਂ ਬਰਾੜ ਦੇ ਘਰਵਾਲ਼ੀ ਨਿੰਮੀ ਵੀ ਸੀਤਲ ਤੋਂ ਬੁਰੀ ਤਰ੍ਹਾਂ ਖਿਝਣ ਲੱਗ ਪਈ ਸੀ। ਕਿਉਂਕਿ ਸੀਤਲ ਉਸ ਦਾ ਖਿਆਲ ਨਹੀਂ ਰੱਖਦੀ ਸੀ! ਸੀਤਲ ਵੀ ਕੀ ਕਰਦੀ? ਉਸ ਨੂੰ ਤਾਂ ਆਪਣੀ ਹੋਸ਼ ਨਹੀਂ ਸੀ। ਉਸ ਦੇ ਆਪਣੇ ਹਾਲਾਤ ਭਾਰੀ ਪੈਂਦੇ ਜਾ ਰਹੇ ਸਨ। ਨਿੰਮੀ ਦਾ ਖਿਆਲ ਉਹ ਕੀ ਸੁਆਹ ਰੱਖਦੀ?

ਹੁਣ ਕਦੇ ਕਦੇ ਸੀਤਲ ਬੈਠੀ ਬੈਠੀ ਅਚਾਨਕ ਬਿਨਾ ਗੱਲੋਂ ਹੀ ਹੱਸਣ ਲੱਗ ਪੈਂਦੀ ਅਤੇ ਕਦੇ ਉਚੀ ਉਚੀ ਰੋਣ ਲੱਗ ਪੈਂਦੀ। ਉਹ ਕਮਲ਼ਿਆਂ ਵਾਂਗ ਸਿਰ ਖੁਰਕਦੀ ਅਤੇ ਕਦੇ ਕੱਪੜੇ ਵੀ ਨਾ ਬਦਲਦੀ। ਨਿੰਮੀ ਅਤੇ ਜੁਆਕ ਉਸ ਤੋਂ ਅਲ਼ਕਤ ਮੰਨਣ ਲੱਗ ਪਏ। ਨਹਾਉਣ ਜਾਂ ਵਾਲ਼ ਵਾਹੁੰਣ ਦਾ ਤਾਂ ਸੀਤਲ ਨੂੰ ਚੇਤਾ ਹੀ ਭੁੱਲ ਗਿਆ ਸੀ। ਜਦੋਂ ਸੀਤਲ ਦੀ ਹਾਲਤ ਕੁਝ ਜ਼ਿਆਦਾ ਹੀ ਵਿਗੜ ਗਈ, ਜਦੋਂ ਉਹ ਹੁਣ ਬਹੁਤਾ ਹੀ ਕਮਲ਼ ਜਿਹਾ ਮਾਰਨ ਲੱਗ ਪਈ ਤਾਂ ਬਰਾੜ ਆਪਣੇ ਸਾਰੇ ਪ੍ਰੀਵਾਰ ਦੇ ਦਬਾਅ ਹੇਠ ਆ ਕੇ ਸੀਤਲ ਨੂੰ ਡਾਕਟਰ ਕੋਲ ਲੈ ਗਿਆ। ਡਾਕਟਰ ਉਸ ਦੀ ਹਿੱਕ ਦਾ ਵਾਲ਼ ਸੀ। ਜਿਗਰੀ ਮਿੱਤਰ! ਡਾਕਟਰ ਨੇ ਉਸ ਦਾ ਮੁਆਇਨਾ ਕਰ ਕੇ ਉਸ ਨੂੰ ਡਿਪਰੈਸ਼ਨ ਦੀ ਬਿਮਾਰੀ ਦੱਸੀ। ਦੁਆਈ ਬੂਟੀ ਲਿਖ ਦਿੱਤੀ ਅਤੇ ਅਗਲੇ ਹਫ਼ਤੇ ਫਿਰ ਆਉਣ ਬਾਰੇ ਹਦਾਇਤ ਕੀਤੀ।

ਉਸ ਰਾਤ ਬਰਾੜ ਸੀਤਲ ਨਾਲ ਬੜੇ ਪਿਆਰ ਨਾਲ ਬੋਲਿਆ।

ਪਰ ਸੀਤਲ ਦੇ ਮਨ 'ਤੇ ਕੋਈ ਅਸਰ ਨਾ ਹੋਇਆ। ਉਹ ਬੈੱਡ 'ਤੇ ਪਈ, ਬੌਰਿਆਂ ਵਾਂਗ ਸਿੱਧੀ ਸਲੋਟ ਹੀ ਦੇਖੀ ਗਈ।

-"ਸੀਤਲ, ਆਪਾਂ ਕੱਲ੍ਹ ਨੂੰ ਮੇਰੇ ਵਕੀਲ ਕੋਲ ਚੱਲਾਂਗੇ-ਤੇਰੀ ਪੱਕੀ ਮੋਹਰ ਦੀ ਖਾਤਰ!" ਬਰਾੜ ਨੇ ਕਿਹਾ ਸੀ। ਪਰ ਸੀਤਲ ਫਿਰ ਉਸ ਨੂੰ ਅਵਾਕ ਤੱਕੀ ਗਈ ਸੀ। ਉਸ ਨੂੰ ਕੋਈ ਖ਼ੁਸ਼ੀ ਨਹੀਂ ਹੋਈ ਸੀ। ਖ਼ੁਸ਼ੀ ਤਾਂ, ਤਾਂ

ਹੁੰਦੀ, ਜੇ ਉਹ ਦਿਮਾਗੀ ਤੌਰ 'ਤੇ ਸਥਿਰ ਹੁੰਦੀ? ਦਿਮਾਗੀ ਤੌਰ 'ਤੇ ਤਾਂ ਉਹ ਇਕ ਤਰ੍ਹਾਂ ਨਾਲ ਖ਼ਤਮ ਹੋ ਚੁੱਕੀ ਸੀ! ਉਸ ਲਈ ਖ਼ੁਸ਼ੀ ਗ਼ਮੀ ਇਕ ਬਰਾਬਰ ਹੋ ਤੁਰੀ ਸੀ। ਹੁਣ ਤਾਂ ਉਹ ਇਕ ਮਾਨਸਿਕ ਰੋਗਣ ਬਣ ਗਈ ਸੀ। ਉਸ ਦਾ ਰੋਗ ਇਕ ਭਿਆਨਕ ਰੂਪ ਧਾਰਨ ਕਰ ਗਿਆ ਸੀ। ਉਸ ਦੇ ਮਨ 'ਤੇ ਕਿਸੇ ਖ਼ੁਸ਼ੀ ਜਾਂ ਗ਼ਮ ਦਾ ਕੋਈ ਝਲਕਾਰਾ ਨਹੀਂ ਪੈਂਦਾ ਸੀ। ਕੋਈ ਹਾਵ ਭਾਵ ਨਹੀਂ ਆਉਂਦਾ ਸੀ। ਉਹ ਚੁੱਪ ਗੜੁੱਪ ਹੀ ਹੋ ਗਈ ਸੀ। ਇਕ ਤਰ੍ਹਾਂ ਨਾਲ਼ ਸਿਲ਼-ਪੱਥਰ! ਉਹ ਪੱਥਰਾਈਆਂ ਅੱਖਾਂ ਨਾਲ ਅਗਲੇ ਵੱਲ ਦੇਖਦੀ ਨਹੀਂ, ਝਾਕਦੀ ਸੀ।

ਅਗਲੇ ਦਿਨ ਬਰਾੜ ਸੀਤਲ ਨੂੰ ਆਪਣੇ ਵਕੀਲ ਕੋਲ਼ ਲੈ ਗਿਆ। ਵਕੀਲ ਉਸ ਦਾ ਪ੍ਰਮ-ਮਿੱਤਰ ਸੀ। ਹਮ ਪਿਆਲਾ - ਹਮ ਨਿਵਾਲਾ! ਬਰਾੜ ਨੇ ਸੀਤਲ ਨੂੰ ਬਾਹਰ ਵੇਟਿੰਗ-ਰੂਮ ਵਿਚ ਬਿਠਾ ਕੇ ਵਕੀਲ ਮਿੱਤਰ ਨਾਲ ਕੋਈ ਗੱਲ ਕੀਤੀ। ਸੀਤਲ ਸਾਊ ਬਲ਼ਦ ਵਾਂਗ ਬੈਠੀ ਰਹੀ ਸੀ। ਕਾਫ਼ੀ ਸਮਾਂ ਗੁਫ਼ਤਗੂ ਕਰਨ ਤੋਂ ਬਾਅਦ ਵਕੀਲ ਨੇ ਸੀਤਲ ਨੂੰ ਅੰਦਰ ਬੁਲਾ ਲਿਆ ਅਤੇ ਕਈ ਕਾਗਜ਼ਾਂ 'ਤੇ ਦਸਤਖ਼ਤ ਕਰਵਾ ਲਏ। ਜ਼ਾਹਿਰਾ ਤੌਰ 'ਤੇ ਇਹ ਤਲਾਕ ਦੇ ਕਾਗਜ਼ਾਂ 'ਤੇ ਦਸਤਖ਼ਤ ਹੋਏ ਸਨ! ਜਿਸ ਦਾ ਸੀਤਲ ਨੂੰ ਪਤਾ ਹੀ ਨਹੀਂ ਸੀ, ਸ਼ਾਇਦ!

ਵਕੀਲ ਦੀ ਮਿਹਰਬਾਨੀ ਸਦਕਾ ਦੋ ਕੁ ਹਫ਼ਤੇ ਬਾਅਦ ਫ਼ੈਮਿਲੀ ਕੋਰਟ ਵਿਚ ਤਾਰੀਖ਼ ਪਈ ਤਾਂ ਬਰਾੜ ਨੇ ਸੀਤਲ ਨੂੰ ਮਾਨਸਿਕ ਤੌਰ 'ਤੇ ਬੀਮਾਰ ਅਥਵਾ ਕਮਲ਼ੀ ਸਾਬਤ ਕਰ ਕੇ ਤਲਾਕ ਲੈ ਲਿਆ। ਸਬੂਤ ਵਜੋਂ ਡਾਕਟਰੀ ਰਿਪੋਰਟ ਨਾਲ ਨੱਥੀ ਸੀ। ਤੀਜੇ ਕੁ ਦਿਨ ਬਰਾੜ ਨੇ ਸੀਤਲ ਦੇ ਮਾਂ ਬਾਪ ਨੂੰ ਸਿਰਫ਼ ਇਤਨਾ ਆਖ ਕੇ ਫ਼ੋਨ ਕੀਤਾ ਕਿ ਸੀਤਲ ਕੁਝ ਬੀਮਾਰ ਹੈ ਅਤੇ ਉਹ ਕੁਝ ਕੁ ਹਫ਼ਤਿਆਂ ਲਈ ਤੁਹਾਡੇ ਕੋਲ਼ ਆ ਰਹੀ ਹੈ, ਉਸ ਨੂੰ ਦਿੱਲੀ ਤੋਂ ਆ ਕੇ ਲੈ ਜਾਵੋ! ਫ਼ਲਾਈਟ ਨੰਬਰ ਅਤੇ ਫ਼ਲਾਈਟ ਪਹੁੰਚਣ ਦਾ ਸਮਾਂ ਉਸ ਨੇ ਹਰਮਨ ਸਿੰਘ ਨੂੰ ਲਿਖਵਾ ਦਿੱਤਾ ਸੀ।

ਅਗਲੀ ਰਾਤ ਬਰਾੜ ਨੇ ਸੀਤਲ ਨੂੰ ਟਰਾਂਟੋ ਦੇ ਹਵਾਈ ਅੱਡੇ ਤੋਂ ਦਿੱਲੀ ਵਾਲੇ ਜਹਾਜ ਵਿਚ ਬਿਠਾ ਦਿੱਤਾ ਅਤੇ 'ਬਲਾਅ' ਗਲੋਂ ਲਾਹ ਦਿੱਤੀ...! ਅਤੇ ਆਪ ਸੁਰਖ਼ਰੂ ਹੋ ਕੇ ਘਰ ਆ ਗਿਆ......!

......ਜਦੋਂ ਹਰਦੇਵ ਦਾ ਬਾਪੂ ਸੱਥ ਵਿਚ ਪਹੁੰਚਿਆ ਤਾਂ ਪੰਚਾਇਤ ਵਿਚ ਕਾਫ਼ੀ ਗਰਮਾ ਗਰਮੀ ਹੋ ਰਹੀ ਸੀ। ਸੀਤਲ ਦਾ ਬਾਪ ਹਰਮਨ ਸਿੰਘ ਪੰਚਾਇਤ ਵਿਚਕਾਰ ਦੋਸ਼ੀਆਂ ਵਾਂਗ ਬੈਠਾ ਸੀ। ਉਸ ਦਾ ਸਿਰ ਸੁੱਟਿਆ ਹੋਇਆ ਸੀ ਅਤੇ ਉਹ ਕਿਸੇ ਨਾਲ ਬਹੁਤੀ ਗੱਲ ਨਹੀਂ ਕਰ ਰਿਹਾ ਸੀ। ਇੰਜ ਲੱਗਦਾ ਸੀ, ਜਿਵੇਂ ਉਹ ਰੋ ਕੇ ਹਟਿਆ ਸੀ।

-"ਆ ਜਾਹ, ਆ ਜਾਹ ਜਾਗਰ ਸਿਆਂ, ਤੇਰੀ ਅਸੀਂ 'ਡੀਕ ਕਰੀ ਜਾਨੇ ਐਂ!" ਸਰਪੰਚ ਨੇ ਆਖਿਆ। ਉਹ ਬਹਿਸ ਕਰਕੇ ਕਾਫ਼ੀ 'ਭਖ਼ਿਆ' ਲੱਗਦਾ ਸੀ।

-"ਮੈਨੂੰ ਤਾਂ ਜਦੋਂ ਈ ਚੌਂਕੀਦਾਰ ਨੇ ਸੁਨੇਹਾ ਦਿੱਤਾ-ਮੈਂ ਤਾਂ ਉਦੋਂ ਈ ਐਧਰ ਨੂੰ ਤੁਰ ਪਿਆ, ਸਰਪੈਂਚਾ।"

-"ਉਹ ਤੇਰੇ ਕੋਲ਼ੇ ਸੁਨੇਹਾਂ ਲੈ ਕੇ ਈ ਲੇਟ ਪਹੁੰਚਿਐ-ਪੰਚੈਤ ਤਾਂ ਬਹੁਤ ਚਿਰ ਦੀ 'ਡੀਕੀ ਜਾਂਦੀ ਐ!"

-"ਆਹ ਦੱਸ ਮਸਲਾ ਕਿਵੇਂ ਹੱਲ ਕਰੀਏ? ਨਾ ਮੁੰਡੇ ਦੇ ਕਿਸੇ ਪਿੰਡ ਦਾ ਪਤੈ-ਨਾ ਕੋਈ ਟਿਕਾਣਾ ਜਾਣਦੇ ਐਂ-ਨਾ ਈ ਉਹਦਾ ਕੋਈ ਜਾਣਕਾਰ ਐਥੇ ਰਹਿੰਦੈ-ਜਿਹੜੇ ਹੋਟਲ਼ 'ਚ ਉਹਨੂੰ ਇਹ ਹਰਮਨ ਸਿਉਂ ਹੋਰੀਂ ਮਿਲ਼ੇ ਸੀ-ਉਹ ਹੋਟਲ਼ ਆਲ਼ੇ ਕਹਿੰਦੇ, ਅਖੇ ਸਾਡੇ ਕੋਲ਼ੇ ਤਾਂ ਜੀ ਐਹੋ ਜਿਹੇ ਮਹਿਮਾਨ ਨਿੱਤ ਆਉਂਦੇ ਐ-ਅਸੀਂ ਕੀਹਦਾ ਕੀਹਦਾ ਪਿੰਡ ਪੁੱਛੀ ਜਾਈਏ? ਜਿਹੜਾ ਰਜ਼ਿਸਟਰ 'ਚ ਉਹਦਾ 'ਡਰੈਸ ਲਿਖਿਐ-ਉਹ ਕਨੇਡੇ ਦਾ ਐ! ਤੀਹ ਲੱਖ ਰੁਪਈਏ ਦੀ ਉਹ ਕੰਜਰ ਇਹਦੇ ਨਾਲ ਠੱਗੀ ਮਾਰ ਗਿਆ-ਤੀਹ ਲੱਖ ਦੀ ਲਿਖਤ ਪੜ੍ਹਤ ਇਹਦੇ ਕੋਲ਼ੇ ਕੋਈ ਨ੍ਹੀ-ਕੁੜੀ ਦੀ ਬੱਚੇਦਾਨੀ ਕਢਵਾ ਕੇ ਪਰ੍ਹੇ ਮਾਰੀ-ਅੱਗਾ ਪਿੱਛਾ ਉਹਦਾ ਨ੍ਹੀ ਪੁੱਛਿਆ-ਕਨੇਡੇ ਦੇ ਲਾਲਚ ਨੂੰ ਹੱਥੀਂ ਪਾਲ਼ੀ ਪੋਸੀ ਧੀ ਧਿਆਣੀ, ਉਹਦੇ ਬੱਤੀ ਸਾਲ ਵੱਡੇ ਬੁੱਢੇ ਮਲੰਗ ਨਾਲ ਤੋਰਤੀ! ਉਏ, ਕੁਛ ਤਾਂ ਅਕਲ ਕਰਦੇ? ਅਸੀਂ ਹੁਣ ਦੱਸੋ ਕੀ ਭੈਣ ਗੜ੍ਹਾਈਏ...?" ਸਰਪੰਚ ਨੇ ਦੁਹਾਈ ਦਿੱਤੀ, ਮੱਥਾ ਪਿੱਟਿਆ।

ਸੀਤਲ ਦਾ ਬਾਪ ਹਰਮਨ ਸਿੰਘ ਉਪਰ ਸਿਰ ਨਹੀਂ ਚੁੱਕ ਰਿਹਾ ਸੀ।

ਕਸੂਰ ਪੰਚਾਇਤ ਦਾ ਨਹੀਂ, ਕਸੂਰ ਤਾਂ ਉਸ ਦਾ ਆਪਣਾ ਸੀ।

-"ਬੱਸ...! ਇਹਨਾਂ ਨੇ ਤਾਂ ਕਨੇਡੇ ਦਾ ਨਾਂ ਸੁਣ ਲਿਆ ਤੇ ਸਾਰੇ ਟੱਬਰ ਦੇ ਡਮਾਕ 'ਚ ਈ ਫ਼ਰਕ ਪੈ ਗਿਆ-ਉਹਦੇ ਮੂਹਰੇ ਗਾਂਧੀ ਬਣ ਕੇ ਹੱਥ ਜੋੜੀ ਗਏ ਹੋਣੇ ਐਂ-ਅਗਲੇ ਤਾਂ ਐਹੋ ਜੀਆਂ ਸਾਮੀਆਂ ਭਾਲ਼ਦੇ ਐ-ਐਹੋ ਜੀ ਮੂਰਖ ਸਾਅਮੀਂ ਉਹਨਾਂ ਨੂੰ ਕਿਤੋਂ ਮਿਲਣੀ ਐਂ? ਲਓ, ਜਾ ਵੜੋ ਕਨੇਡੇ! ਲਾਹ ਲਓ ਚਾਅ! ਅਗਲਾ ਤੀਹ ਲੱਖ

ਨੂੰ ਥੁੱਕ ਲਾ ਕੇ ਤੇ ਧੀ ਧਿਆਣੀ ਨੂੰ ਖੇਹ ਖਰਾਬ ਕਰਕੇ ਕਨੇਡੇ ਈ ਦੜ ਗਿਆ! ਅਗਲੇ ਨੇ ਪਾਸਪੋਰਟ ਤੇ ਤਲਾਕ ਦੇ ਕਾਗਜ ਪੱਤਰ ਕੁੜੀ ਦੇ ਹੱਥ ਫੜਾਤੇ ਤੇ ਐਧਰ ਨੂੰ ਜਹਾਜ ਚਾੜ੍ਹਤੀ-ਫੜ ਲਓ ਪੂਛ...!"

-"......।" ਹਰਮਨ ਸਿੰਘ ਚੁੱਪ ਸੀ। ਉਹ ਦੋਸ਼ ਵੀ ਕਿਸ ਨੂੰ ਦਿੰਦਾ? ਦੋਸ਼ ਤਾਂ ਉਸ ਦਾ, ਖ਼ੁਦ ਆਪ ਦਾ ਸੀ!

-"ਬਹੁੜੀ ਉਏ ਪਿੰਡਾ...! ਆਪਾਂ ਐਥੇ ਪੰਜਾਬ 'ਚ ਵੀ ਰਿਸ਼ਤਾ ਕਰਦੇ ਐਂ-ਤਾਂ ਬੀਹ ਦਾਦੀਆਂ ਨਾਨੀਆਂ ਪੁੱਛਦੇ ਐਂ-ਤੇ ਇਹਨਾਂ ਨੇ...?" ਸਰਪੰਚ ਨੇ ਸਿਰ ਫੇਰਿਆ।

-"ਉਏ ਬੰਦਾ ਬਿਨਾਂ ਤਸੱਲੀ ਕਰੇ ਬੱਸ ਨ੍ਹੀ ਚੜ੍ਹਦਾ-ਤੇ ਇਹਨਾਂ ਨੇ ਤੀਹ ਲੱਖ ਰੁਪਈਆ ਤੇ ਨਾਲ ਹੱਥ ਬੰਨ੍ਹ ਕੇ ਜੁਆਨ ਜਹਾਨ ਕੁੜੀ ਤੋਰਤੀ-ਬਈ ਤੁਸੀਂ ਕਿਸੇ ਨਾਲ ਸਲਾਹ ਮਛਬਰਾ ਈ ਕਰਲੋ! ਨਾਂਅ...! ਬਾਹਲ਼ਾ ਪੜ੍ਹਿਆ ਲਿਖਿਆ ਇਉਂ ਈ ਤਾਂ ਅੰਬਰਸਰ ਦੀ ਥਾਂ ਮੁਕਸਰ ਪਹੁੰਚ ਜਾਂਦੈ! ਇਹਨਾਂ ਨੇ ਤਾਂ ਕਨੇਡੇ ਦਾ ਨਾਂ ਲਿਆਂ ਸੁਣ-ਤੇ ਚੱਕ ਮੇਰੇ ਭਾਈ! ਸਾਰਾ ਟੱਬਰ ਈ ਕਮਲ਼ਾ ਹੋ ਗਿਆ-ਬਈ ਐਹੋ ਜਿਆ ਕਨੇਡੇ ਆਲ਼ਾ ਮੁੰਡਾ ਸਾਨੂੰ ਮਿਲਣੈਂ? ਮੈਰਜ ਪੈਲਸ ਗਏ ਤੇ ਬਾਹਰੋ ਬਾਹਰ ਈ ਕਰ ਕੇ 'ਨੰਦ ਕਾਰਜ-ਫ਼ਾਹਾ ਵੱਢਤਾ-ਕਰ ਲਓ ਘਿਉ ਨੂੰ ਭਾਂਡਾ! ਇਹਦਾ ਪਿਉ ਤਾਂ ਉਦੇਂ ਦਾ ਘਰੇ ਨ੍ਹੀ ਆਇਆ ਬਿਚਾਰਾ-ਪਤਾ ਨ੍ਹੀ ਕਿਹੜੇ ਖੂਹ ਟੋਭੇ ਪੈ ਗਿਆ...?" ਸਰਪੰਚ ਨੂੰ ਅਥਾਹ ਚੇਹ ਚੜ੍ਹੀ ਹੋਈ ਸੀ।

-"ਚਲੋ, ਜਿਹੜੀ ਹੋ ਗਈ-ਉਹਦੇ 'ਤੇ ਮਿੱਟੀ ਪਾਓ...!" ਮੈਂਬਰ ਨੇ ਕਿਹਾ।

-"ਚਲੋ ਛੱਡੋ ਸਰਪੈਂਚਾ! ਇਕ ਤਾਂ ਬਿਚਾਰੇ ਨਾਲ ਧੱਕਾ ਹੋਇਆ-ਦੂਜਾ ਹੁਣ ਆਪਾਂ ਇਹਦਾ ਗਲ਼ ਘੁੱਟਣ ਆਲ਼ਿਆਂ ਮਾਂਗੂੰ ਮਗਰ ਪੈਗੇ-ਗੱਲ ਤਾਂ ਉਹ ਹੋਈ, ਇਕ ਤਾਂ ਜੁਆਕ ਦਰਵਾਜੇ ਦੀ ਝੀਥ 'ਚ ਹੱਥ ਦੇ ਲੈਂਦੈ ਤੇ ਦੂਜਾ ਘਰਦੇ ਛਿੱਤਰੀਂ ਡਹਿ ਜਾਂਦੇ ਐ, ਬਈ ਸਾਲ਼ਿਆ ਹੱਥ ਦਿੱਤਾ ਤਾਂ ਕਿਉਂ ਦਿੱਤਾ? ਦੂਹਰੀ ਮਾਰ! ਇਹ ਗੱਲ ਢਕੋ ਅਤੇ ਅੱਗੇ ਦੀ ਸੋਚੋ...!" ਕਿਸੇ ਹੋਰ ਨੇ ਇਕੱਠ 'ਚੋਂ ਆਖਿਆ।

-"ਅੱਗੇ ਸੋਚੀਏ ਕੀ? ਇਹ ਤਾਂ ਦੱਸ? ਡੁੱਬੀ ਤਾਂ, ਤਾਂ ਜੇ ਸਾਹ ਨਾ ਆਇਆ? ਆਪਾਂ ਕੋਈ ਪਸੂ ਖਰੀਦਦੇ ਐਂ-ਉਹਦੀਆਂ ਵੀ ਬੀਹ ਨਸਲਾਂ ਛਾਣ ਮਾਰਦੇ ਐਂ! ਇਹ ਤਾਂ ਫੇਰ ਵੀ ਧੀ ਧਿਆਣੀ ਤੇ ਪਿੰਡ ਦੀ ਇੱਜਤ ਦਾ ਸੁਆਲ ਸੀ! ਮਿੰਬਰਾ, ਤੂੰ ਦੱਸ ਲੈ, ਕੀ ਕਰੀਏ? ਹੁਣ ਕਨੇਡੇ ਜਾ ਕੇ ਉਹਦੀ, ਕੰਜਰ ਦੀ ਪੈੜ ਦੱਬੀਏ...?" ਸਰਪੰਚ ਮੈਂਬਰ ਵੱਲ ਨੂੰ ਹੋ ਗਿਆ। ਪਰ ਮੈਂਬਰ ਕੀ ਦੱਸਦਾ? ਉਹ ਵੀ ਚੁੱਪ ਹੋ ਗਿਆ। ਵੱਸ ਤਾਂ ਕਿਸੇ ਦੇ ਵੀ ਨਹੀਂ ਸੀ! ਸਰਪੰਚ ਨੂੰ ਸਮਝ ਨਹੀਂ ਆ ਰਹੀ ਸੀ ਕਿ ਪੰਚਾਇਤ ਇਕੱਠੀ ਕਿਉਂ ਕੀਤੀ ਸੀ? ਫ਼ਾਇਦਾ ਕੀ ਹੋਣਾਂ ਜਾਂ ਕੀ ਹੋਇਆ ਸੀ? ਵਾਧੂ ਦੀ 'ਤੋਏ-ਤੋਏ' ਹੀ ਕਰਵਾਈ ਸੀ?

-"ਇਕ ਕੰਮ ਕਰੋ!" ਪਿੰਡ ਵਿਚੋਂ ਕੋਈ ਸੁਲਝਿਆ ਹੋਇਆ ਬੰਦਾ ਬੋਲਿਆ।

ਉਹ ਕਾਫ਼ੀ ਦੇਰ ਤੋਂ ਤਮਾਸ਼ਾ ਦੇਖ ਰਿਹਾ ਸੀ।

-"ਹਾਂ ਦੱਸ...?"

-"ਠਾਣੇ ਕੇਸ ਦਰਜ ਕਰਵਾਓ ਤੇ ਉਸ ਕੇਸ ਦੀ ਨਕਲ ਕੈਨੇਡਾ ਦੀ ਅੰਬੈਸੀ ਨੂੰ ਭੇਜੋ!" ਉਸ ਨੇ ਰਾਇ ਦਿੱਤੀ।

-"ਫ਼ੈਦਾ ਕੀ ਹੋਊ?" ਸਰਪੰਚ ਨੇ ਪੁੱਛਿਆ।

-"ਹਰਮਨ ਸਿਉਂ ਨੂੰ ਤਾਂ ਫ਼ਾਇਦਾ ਹੋਵੇ, ਨਾ ਹੋਵੇ! ਪਰ ਮੇਰੀ ਨਜ਼ਰ ਵਿਚ ਇਹ ਕੇਸ ਅੰਬੈਸੀ ਦੇ ਰਿਕਾਰਡ 'ਚ ਜ਼ਰੂਰ ਬਰ ਜ਼ਰੂਰ ਲਿਆਉਣਾ ਚਾਹੀਦੈ-ਇਹਦੇ ਨਾਲ ਕਿਸੇ ਹੋਰ ਦਾ ਭਲਾ ਹੋ ਸਕਦੈ-ਅੰਬੈਸੀ ਅਜਿਹੇ ਕੇਸਾਂ ਪ੍ਰਤੀ ਸੁਚੇਤ ਹੋਜੂਗੀ-ਜੇ ਉਹ ਤੀਹ ਲੱਖ ਆਲ਼ਾ ਕਦੇ ਐਧਰ ਆਇਆ-ਉਹਨੂੰ ਹੱਥ ਵੀ ਪਾ ਸਕਦੇ ਐਂ-ਨਹੀਂ ਤਾਂ ਅੰਬੈਸੀ ਉਸ ਦੇ ਹੱਕ 'ਚ ਈ ਖੜੂ-ਉਹਨਾਂ ਨੇ ਆਖਣੈਂ ਬਈ ਸਾਨੂੰ ਉਦੋਂ ਕਿਉਂ ਨ੍ਹੀ ਖ਼ਬਰ ਕੀਤੀ? ਹੁਣ ਇਹਨੂੰ ਕਿਉਂ ਉਲਝਣ 'ਚ ਪਾਉਨੇ ਐਂ? ਜੇ ਉਹ ਕਦੇ ਆਪਣੇ ਹੱਥ ਲੱਗ ਗਿਆ-ਉਲਟਾ ਅੰਬੈਸੀ ਆਪਾਂ ਨੂੰ ਪਊ-ਜੇ ਅੰਬੈਸੀ ਨੂੰ ਰਿਪੋਰਟ ਦਿੱਤੀ ਹੋਊ-ਤਾਂ ਆਪਾਂ ਉਹਨੂੰ ਛਿੱਤਰ ਫੇਰ ਕੇ ਸੱਚੇ ਤਾਂ ਰਹਾਂਗੇ...? ਗਿੱਝੀ ਲੂੰਬੜੀ ਨਿੱਤ ਮੰਡੇ ਭਾਲ਼ਦੀ ਐ! ਉਹ ਗਿੱਝਿਆ ਗਿਝਾਇਆ ਐਧਰ ਕਦੇ ਫੇਰ ਗੇੜਾ ਮਾਰੂ-ਦੇਖ ਲਿਓ...!"

ਅਜੇ ਉਹ ਰੈਆਂ ਕਰ ਹੀ ਰਹੇ ਸਨ ਕਿ ਚੌਂਕੀਦਾਰ ਹਫ਼ਿਆ ਹੋਇਆ, ਹਾਕਾਂ ਮਾਰਦਾ, ਭੱਜਿਆ ਆਉਂਦਾ

ਸੀ।

-"ਸਰਪੈਂਚਾ...! ਸਰਪੈਂਚਾ...!!"

-"ਉਏ ਹੁਣ ਤੈਨੂੰ ਕੀ ਗੋਲ਼ੀ ਵੱਜਗੀ, ਖਸਮਾਂ...?" ਸਰਪੰਚ ਨੇ ਹਰਮਨ ਦਾ ਗੁੱਸਾ ਚੌਂਕੀਦਾਰ 'ਤੇ ਕੱਢਿਆ।

-"ਸਰਪੈਂਚਾ, ਹਰਮਨ ਦੀ ਘਰਾਂਆਲ਼ੀ ਤੇ ਕੁੜੀ ਨੇ ਕੀੜਿਆਂ ਆਲ਼ੀ ਦੁਆਈ ਪੀ ਲਈ...!" ਉਸ ਨੇ ਮਸਾਂ ਹੀ ਗੱਲ ਪੂਰੀ ਕੀਤੀ ਸੀ। ਉਸ ਦਾ ਸਾਹ ਨਾਲ ਸਾਹ ਨਹੀਂ ਰਲ਼ਦਾ ਸੀ!

ਸਾਰਿਆਂ ਦੇ ਔਸਾਣ ਮਾਰੇ ਗਏ।

ਪੈਰਾਂ ਹੇਠੋਂ ਮਿੱਟੀ ਨਿਕਲ ਗਈ।

ਸਾਰਾ ਪਿੰਡ ਸਿਰ ਤੋੜ ਹਰਮਨ ਦੀ ਕੋਠੀ ਨੂੰ ਦੌੜ ਪਿਆ। ਜਦ ਉਹਨਾਂ ਨੇ ਜਾ ਕੇ ਦੇਖਿਆ ਤਾਂ ਦੋਵੇਂ ਮਾਵਾਂ ਧੀਆਂ ਵਿਹੜੇ ਵਿਚ ਸ਼ਾਂਤ ਚਿੱਤ ਪਈਆਂ ਸਨ। ਜਿਵੇਂ ਕਦੋਂ ਦੀਆਂ ਸੁੱਤੀਆਂ ਪਈਆਂ ਸਨ। ਉਹਨਾਂ ਦੇ ਮੂੰਹੋਂ ਝੱਗ ਵਗ ਕੇ ਰੁਕ ਚੁੱਕੀ ਸੀ। ਬੜੀ ਤੇਜ਼ੀ ਨਾਲ ਪਿੰਡ ਦੇ ਡਾਕਟਰ ਨੂੰ ਬੁਲਾਇਆ ਗਿਆ। ਡਾਕਟਰ ਨੇ ਆ ਕੇ ਉਹਨਾਂ ਦੀ ਮੌਤ ਦੀ ਪੁਸ਼ਟੀ ਕਰ ਦਿੱਤੀ। ਹਰਮਨ ਧਾਹ ਮਾਰ ਕੇ ਦੋਵਾਂ ਦੀਆਂ ਲਾਅਸ਼ਾਂ 'ਤੇ ਡਿੱਗ ਪਿਆ।

ਸਾਰਾ ਪਿੰਡ ਸੋਗ ਵਿਚ ਡੁੱਬ ਗਿਆ!

ਜਿਵੇਂ ਸਾਰਾ ਪਿੰਡ ਗੂੰਗਾ ਅਤੇ ਬੋਲ਼ਾ ਹੋ ਗਿਆ ਸੀ।

ਜਿਵੇਂ ਸਾਰਾ ਪਿੰਡ ਮਰ ਗਿਆ ਸੀ।

ਜਿਵੇਂ ਸਾਰੇ ਪਿੰਡ ਦਾ ਉਜਾੜਾ ਹੋ ਗਿਆ ਸੀ।

-"ਮੇਰੀ ਮੰਨੋ! ਹੁਣ ਇਹਨਾਂ ਦੀ ਮਿੱਟੀ ਦੀ ਖੇਹ ਖਰਾਬੀ ਨਾ ਕਰੋ-ਤੇ ਸਸਕਾਰ ਕਰ ਦਿਓ! ਕੀ ਖਿਆਲ ਐ?" ਸਰਪੰਚ ਨੇ ਸਾਰਿਆਂ ਦੀ ਸਲਾਹ ਪੁੱਛੀ।

-"ਬਿਲਕੁਲ ਦਰੁਸਤ ਐ! ਜੇ ਪੁਲ਼ਸ ਨੂੰ ਖਬਰ ਕਰਾਂਗੇ-ਉਹ ਬੀਹ ਕਾਨੂੰਨ ਛਾਂਟਣਗੇ-ਕਰ ਆਪਾਂ ਕੁਛ ਸਕਦੇ ਨ੍ਹੀ-ਬੱਸ ਇਹ ਈ ਠੀਕ ਐ-ਚੁੱਪ ਚਾਪ ਸਸਕਾਰ ਕਰ ਦਿਓ...!" ਪੰਚਾਇਤ ਵਿਚੋਂ ਮੈਂਬਰ ਨੇ ਵੀ ਹਮਾਇਤ ਕੀਤੀ।

-"ਕਿਉਂ ਪਿੰਡਾ...? ਕੀ ਖਿਆਲ ਐ?" ਸਰਪੰਚ ਨੇ ਬੇਥਵੀ ਗੱਲ ਸੁੱਟੀ।

ਉਹ ਇਕੱਲਾ ਜ਼ਿੰਮੇਵਾਰੀ ਓਟਣ ਲਈ ਤਿਆਰ ਨਹੀਂ ਸੀ।

-"ਠੀਕ ਐ, ਸਰਪੈਂਚ ਸਾਹਬ!"

-"ਜਿਵੇਂ ਤੁਸੀਂ ਚਾਹੁੰਦੇ ਓਂ-ਸਾਨੂੰ ਮਨਜੂਰ ਐ।"

-"ਅਸੀਂ ਵੀ ਹਾਂਮੀਂ ਭਰਦੇ ਐਂ।" ਕਈ ਅਵਾਜ਼ ਆਈਆਂ।

-"ਕਿਉਂ ਜਾਗਰ ਸਿਆਂ...?" ਸਰਪੰਚ ਨੇ ਆਖਰੀ ਸਲਾਹ ਪੁੱਛੀ।

-"ਸਸਕਾਰ ਕਰੋ ਸਰਪੈਂਚਾ! ਇਹਨਾਂ ਦੀ ਵਿਚਾਰੀਆਂ ਦੀ ਮਿੱਟੀ ਖਰਾਬ ਨਾ ਕਰੋ-ਅੱਗੇ ਈ ਬਹੁਤ ਕਹਿਰ ਝੱਲਿਐ।" ਜਾਗਰ ਨੇ ਅਕਹਿ ਦੁੱਖ ਨਾਲ ਸਿਰ ਫ਼ੇਰਿਆ।

ਸੀਤਲ ਅਤੇ ਪਰਮ ਕੌਰ ਦਾ ਸਸਕਾਰ ਕਰ ਦਿੱਤਾ ਗਿਆ।

ਹਰਮਨ ਸਿੰਘ ਨੀਮ ਪਾਗ਼ਲ ਜਿਹਾ ਹੋ ਗਿਆ ਸੀ। ਦੁਖੀ ਹੋ ਕੇ ਬਾਪੂ ਪਤਾ ਨਹੀਂ ਕਿੱਧਰ ਚਲਾ ਗਿਆ ਸੀ? ਹੁਣ ਸੀਤਲ ਅਤੇ ਪਰਮ ਕੌਰ ਤੁਰ ਗਈਆਂ ਸਨ। ਵਸਦਾ ਰਸਦਾ, ਹੱਸਦਾ ਖੇਡਦਾ ਘਰ ਖੰਡਰ ਬਣ ਗਿਆ ਸੀ। ਕੀ ਖੱਟਿਆ? ਸਿਰਫ਼ ਕੈਨੇਡਾ ਦਾ ਨਾਂ? ਕੈਨੇਡਾ ਜਾਣ ਦੇ ਲਾਲਚ ਨੇ ਸਾਰਾ ਕੁਝ ਹੀ ਸਾੜ ਕੇ ਸੁਆਹ ਕਰ ਦਿੱਤਾ। ਕੁੜੀ ਨੇ ਕੀ-ਕੀ ਦਸੌਂਟੇ ਕੱਟੇ, ਕਿੰਨਾਂ ਤਸ਼ੱਦਦ ਸਰੀਰ 'ਤੇ ਜਰਿਆ। ਦਿਮਾਗੀ ਪੱਖੋਂ ਬਿਮਾਰ ਹੋ ਕੇ ਜਾਨ ਦੇ ਦਿੱਤੀ। ਮਾਂ ਨੇ ਧੀ ਦਾ ਦੁੱਖ ਨਾ ਸਹਾਰਿਆ। ਉਹ ਵੀ ਧੀ ਦੇ ਨਾਲ ਹੀ ਮੌਤ ਦੇ ਮਾਰਗ ਤੁਰ ਗਈ। ਸਾਰਾ ਟੱਬਰ ਉੱਜੜ ਗਿਆ। ਹੁਣ ਹਰਮਨ ਸਿਆਂ ਰਹਿ ਗਿਆ ਤੂੰ ਤੇ ਤੇਰਾ ਪੁੱਤ ਬਿੱਲੂ! ਹੁਣ ਰਲ਼ ਮਿਲ਼ ਕੇ ਦਿਨ ਕੱਟ! ਐਸ਼ ਕਰਦੇ ਸੀ। ਚਿੜੀ ਚੂਕਦੀ ਨਹੀਂ ਸੁਣਦੀ ਸੀ। ਹੁਣ ਰੱਬ ਦਾ ਭਾਣਾ ਮਿੱਠਾ ਕਰ ਕੇ ਮੰਨ! ਸਿਆਣੇ ਆਖਦੇ ਐ ਕਿ ਜ਼ਿਆਦਾ ਮੂੰਹ ਅੱਡੀਏ ਤਾਂ ਮੱਖੀਆਂ ਹੀ ਪੈਂਦੀਐਂ। ਕੀ ਘਾਟਾ ਸੀ ਘਰੇ? ਸਭ ਕੁਝ ਰੱਬ ਦਾ ਦਿੱਤਾ ਹੋਇਆ ਸੀ। ਚੰਗਾ ਖਾਂਦੇ ਸੀ,

ਮੰਦਾ ਬੋਲਦੇ ਸੀ। ਪਤਾ ਨਹੀਂ ਕਿਸ ਚੰਦਰੇ ਦੀ ਹਾਅ ਲੱਗ ਗਈ? ਪਤਾ ਨਹੀਂ ਕਿਸ ਦੁਸ਼ਟ ਦੀ ਨਜ਼ਰ ਖਾ ਗਈ ਸਾਡੇ ਘਰ ਨੂੰ? ਪੰਚਾਇਤ ਵਾਲ਼ੇ ਜਾਂ ਸਰਪੰਚ ਸੱਚ ਹੀ ਤਾਂ ਆਖ ਰਿਹਾ ਸੀ? ਸਿਆਣੇ ਕਹਿੰਦੇ ਐ ਕਿ ਕਦੇ ਕਦੇ ਕੰਧਾਂ ਦੀ ਰਾਇ ਵੀ ਲੈਣੀਂ ਪੈਂਦੀ ਐ! ਪਰ ਤੂੰ ਕੈਨੇਡਾ ਦੇ ਜਨੂੰਨ ਵਿਚ ਫ਼ਸ ਕੇ ਕਿਸੇ ਦੀ ਸਲਾਹ ਤਾਂ ਕੀ? ਬਾਤ ਵੀ ਨਹੀਂ ਪੁੱਛੀ! ਹੁਣ ਪਿੰਡ ਜਾਂ ਪੰਚਾਇਤ ਵਾਲ਼ੇ ਤੈਨੂੰ ਦੋਸ਼ੀ ਨੂੰ ਕਿਵੇਂ ਨਿਰਦੋਸ਼ ਕਰਾਰ ਦੇ ਦੇਣ? ਫੇਰ ਵੀ ਪਿੰਡ ਦੀ ਇੱਜ਼ਤ ਦਾ ਸੁਆਲ ਹੈ!

ਉਹ ਸੋਚਾਂ ਵਿਚ ਡੁੱਬਿਆ, ਨਿਘਰਦਾ ਜਾ ਰਿਹਾ ਸੀ।

ਪਿੰਡ ਵਾਲ਼ੇ ਅਰਥੀਆਂ 'ਤੇ ਆਖਰੀ ਡੱਕੇ ਸੁੱਟ, ਹਰਮਨ ਸਿੰਘ ਅਤੇ ਉਸ ਦੇ ਪੁੱਤਰ ਬਿੱਲੂ ਨੂੰ ਧਰਵਾਸ ਦਿੰਦੇ, ਘਰਾਂ ਨੂੰ ਚੱਲ ਪਏ! ਹਰਮਨ ਸਿੰਘ ਅਤੇ ਬਿੱਲੂ ਅਜੇ ਸਿਵਿਆਂ ਵਿਚ ਹੀ ਖੜ੍ਹੇ ਆਪਣੀ ਮਾੜੀ ਕਿਸਮਤ ਨੂੰ ਕੋਸ ਰਹੇ ਸਨ! ਘੁੱਗ ਵਸਦਾ ਘਰ ਖੋਲ਼ਾ ਬਣ ਗਿਆ ਸੀ। ਜਿਹੜੇ ਘਰੇ ਕੰਨ ਪਾਈ ਨਹੀਂ ਸੁਣਦੀ ਸੀ, ਹੁਣ ਉਸ ਘਰੇ ਉਲੂ ਬੋਲਿਆ ਕਰਨਗੇ!

## ਕਾਂਡ 10

ਜੁਗਾੜ ਸਿਉਂ ਪੂਰੇ ਦਸਾਂ ਦਿਨਾਂ ਬਾਅਦ ਮੁੜਿਆ।

ਉਹ ਜਗਤੇ ਕੋਲ਼ ਹੀ ਰਿਹਾ ਸੀ। ਜਗਤਾ ਵੀ ਵਿਚਾਰਾ ਇਕ ਤਰ੍ਹਾਂ ਨਾਲ਼ ਦਿਲੋਂ ਹਿੱਲਿਆ ਫ਼ਿਰਦਾ ਸੀ। ਉਸ ਦੇ ਵੀ ਕੋਈ ਵੱਸ ਨਹੀਂ ਸੀ। ਜੁਆਨ ਕੁੜੀ ਵਿਹੜੇ ਬੈਠੀ ਸੀ। ਉਸ ਨੂੰ ਚਾਲ੍ਹੀਆਂ ਸਾਲਾਂ ਦੀ ਅਧੇੜ੍ਹ ਧੀ ਦਾ ਝੋਰਾ ਮਾਰੀ ਜਾ ਰਿਹਾ ਸੀ। ਜੇ ਪੱਚੀਆਂ-ਤੀਹਾਂ ਸਾਲਾਂ ਦੀ ਹੁੰਦੀ ਤਾਂ ਵੀ ਕੋਈ ਬੰਨ੍ਹ ਸੁੱਬ ਹੋ ਸਕਦਾ ਸੀ। ਹੁਣ ਤਾਂ ਇਹਨੂੰ ਕੋਈ ਲੋੜਵੰਦ ਅਤੇ ਚਾਰ ਜੁਆਕਾਂ ਦਾ ਪਿਉ ਹੀ ਸਾਂਭੂ! ਬਾਪੂ ਦੇ ਦਿਲ ਵਿਚ ਸੁਨਾਮੀਂ ਲਹਿਰਾਂ ਵਾਂਗ ਉਤਰਾਅ ਚੜ੍ਹਾਅ ਆਉਂਦੇ ਰਹਿੰਦੇ।

ਜੁਗਾੜ ਸਿਉਂ ਜਗਤੇ ਲਈ ਰੱਬ ਬਣਕੇ ਬਹੁੜਿਆ ਸੀ।

ਉਸ ਨੇ ਬਗੈਰ ਕਿਸੇ ਭੂਮਿਕਾ ਦੇ ਜਗਤੇ ਨੂੰ ਜਾਗਰ ਸਿੰਘ ਦੇ ਲੜਕੇ ਹਰਦੇਵ ਬਾਰੇ ਬਾਤ ਪਾ ਦਿੱਤੀ ਸੀ। ਜਗਤਾ ਇਕ ਤਰ੍ਹਾਂ ਨਾਲ਼ ਟਹਿਕ ਉਠਿਆ ਸੀ। ਜਾਗਰ ਸਿਉਂ ਨੂੰ ਜਗਤਾ ਕਿਤੇ ਭੁੱਲਿਆ ਹੋਇਆ ਸੀ? ਵੀਹ ਵਾਰੀ ਤਾਂ ਉਸ ਦਾ ਉਸ ਨਾਲ਼ ਵਾਹ ਪਿਆ ਸੀ। ਵੀਹ ਵਾਰੀ ਉਹਨਾਂ ਨੇ ਇਕੱਠਿਆਂ ਖਾਧਾ ਪੀਤਾ ਸੀ।

-''ਜੁਗਾੜ ਸਿਆਂ, ਮੈਂ ਤਾਂ ਸੋਚਿਆ ਸੀ ਬਈ ਜਾਗਰ ਦਾ ਮੁੰਡਾ ਕਿਤੇ ਬਾਹਰ ਗਿਐ...?'' ਜਗਤੇ ਨੇ ਜੁਗਾੜ ਸਿਉਂ ਨੂੰ ਆਖਿਆ।

-''ਉਹ ਕੱਚਾ ਸੀ-ਪੈਰ ਪੂਰ ਨੀ ਲੱਗੇ ਬਿਚਾਰੇ ਦੇ-ਤੇ ਜਰਮਨ ਤੋਂ ਵਾਪਿਸ ਮੁੜ ਆਇਐ! ਜਾਗਰ ਤਾਂ ਬਿਚਾਰਾ ਬਾਹਲ਼ਾ 'ਦਾਸ ਜਿਆ ਸੀ-ਮੈਂ ਆਪਣੀ ਮੀਤੀ ਬਾਰੇ ਗੱਲ ਚਲਾ ਦਿੱਤੀ-ਉਹ ਤਾਂ ਆਪਣੇ ਰਿਸ਼ਤੇ ਨੂੰ ਇਉਂ ਪਿਆ-ਜਿਵੇਂ ਕੁਕੜੀ ਦਾਣੇ ਨੂੰ ਪੈਂਦੀ ਐ...!'' ਗੱਲਾਂ ਗੱਲਾਂ ਵਿਚ ਜੁਗਾੜ ਸਿਉਂ ਆਪਣੇ ਪੈਰ ਪੱਕੇ ਕਰ ਗਿਆ। ਫਿਰ ਵੀ ਪੁਰਾਣਾ ਬੈਲੀ ਬੰਦਾ ਸੀ। ਹਰ ਗੱਲ ਵਿਚ ਪੈਰ ਉਸ ਨੂੰ ਰੱਖਣੇ ਆਉਂਦੇ ਸਨ।

-''ਅੱਛਾ...? ਯਾਰ ਜੁਗਾੜ ਸਿਆਂ! ਆਹ ਕੁੜੀ ਆਲ਼ਾ ਕੰਮ ਸਿਰੇ ਲੱਗਜੇ ਨ੍ਹਾਂ-ਬੱਸ ਆਪਾਂ ਬੇਫ਼ਿਕਰ ਐਂ-ਕੋਹੜੀ ਵੀ ਦਾ ਮਸਾਂ ਬਿਆਹ ਕੀਤਾ ਸੀ-ਆਹ ਪਿਛਲੀ ਉਮਰ ਸਹੁਰੀ ਫੇਰ ਘਰੇ ਬਹਿਗੀ-ਕੀ ਕਰੀਏ?'' ਜਗਤੇ ਨੇ ਮੱਥੇ 'ਤੇ ਹੱਥ ਮਾਰਿਆ।

-''ਤੂੰ ਚਿੰਤਾ ਨਾ ਕਰ! ਮੈਂ ਦੇਖਗਾਂ ਬੈਠਾ? ਇਕ ਗੱਲ ਮੇਰੀ ਸੁਣਲੀਂ ਧਿਆਨ ਨਾਲ-ਅੱਜ ਕੱਲ੍ਹ ਜਾਗਰ ਕੋਈ ਐਹੋ ਜਿਆ ਰਿਸ਼ਤਾ ਈ ਭਾਲ਼ਦੈ-ਉਹ ਤਾਂ ਕਹਿੰਦਾ ਸੀ ਬਈ ਕੋਈ ਅੰਨ੍ਹੀਂ ਕਾਣੀਂ ਹੋਵੇ-ਸਾਰੀਆਂ ਈ ਕਬੂਲ ਐ-ਉਹ ਆਬਦਾ ਮੁੰਡਾ ਬਾਹਰ ਭੇਜਣ ਨੂੰ ਫਿਰਦੈ-ਤੇ ਆਪਾਂ ਫਿਰਦੇ ਐਂ ਕੁੜੀ ਵਸਾਉਣ ਨੂੰ-ਜਾਗਰ ਵੀ ਲੋੜਬੰਦ ਤੇ ਆਪਾਂ ਵੀ ਲੋੜਬੰਦ-ਆਪਾਂ ਦੋਨੋਂ ਧਿਰਾਂ ਈ ਲੋੜਬੰਦ ਐਂ! ਮੇਰੀ ਮੰਨਦੇ ਐਂ ਤਾਂ ਪਾਧਾ ਨਾ ਪੁੱਛੋ-ਗੱਲ ਬਾਤ ਚਲਾ ਕੇ ਨੰਦ ਕਾਰਜ ਕਰ ਦਿਓ!''

-''ਕੁੜੀ ਨੂੰ ਵੀ ਪੁੱਛਣਾ ਪਊ-ਇਕ ਉਹ ਬਾਹਰਲੇ ਮੁਲਕ ਜਾ ਕੇ ਊਂ ਈਂ ਬਾਹਲ਼ੇ ਛੋਛੇ ਜਿਹੇ ਕਰਨ ਲੱਗ ਪਈ-ਕਹਿੰਦੀ ਅਖੇ ਬਾਪੂ ਹੁਣ ਮੈਂ ਬਿਆਹ ਨ੍ਹੀ ਕਰਵਾਉਣਾ-ਅਖੇ ਤੇਰੇ ਕੋਲ਼ੇ ਈ ਰਹਿ ਕੇ ਦਿਨ ਤੋੜਲੂੰ-।'' ਜਗਤੇ ਨੇ ਆਖਿਆ।

-''ਲੈ ਇਉਂ ਕਿਵੇਂ ਦਿਨ ਤੋੜਲੂ? ਚਲ ਅੱਜ ਤਾਂ ਤੂੰ ਹੈਂ? ਤੇ ਕੱਲ੍ਹ ਨੂੰ ਜਦੋਂ ਤੂੰ ਨਾ ਹੋਇਆ ਫੇਰ? ਬੰਦੇ ਦੇ ਐਥੇ ਕੀ ਕਿੱਲੇ ਗੱਡੇ ਵੇ ਐ? ਫੇਰ ਉਹਦਾ ਕੋਈ ਬਾਲੀਬਾਰਸ? ਧੀਆਂ ਨੂੰ ਤਾਂ ਰਾਜੇ ਰਾਣੇ ਨ੍ਹੀ ਰੱਖ ਸਕੇ ਜਗਤਾ ਸਿਆਂ-ਆਪਾਂ ਕੌਣ ਬਾਗ ਦੀ ਮੂਲ਼ੀ ਐਂ? ਮੀਤੀ ਹੈ ਕਿੱਥੇ...?'' ਜੁਗਾੜ ਸਿਉਂ ਨੇ ਵਿਹੜੇ 'ਚ ਨਜ਼ਰ ਘੁੰਮਾਈ। ਪਰ ਉਸ ਨੂੰ ਮੀਤੀ ਨਾ ਦਿਸੀ।

-''ਉਹ ਆਬਦੀ ਮਾਸੀ ਕੋਲ਼ੇ ਗਈ ਵੀ ਐ-ਕੱਲ੍ਹ ਪਰਸੋਂ ਤੱਕ ਆਜੂਗੀ।''

ਅਸਲ ਵਿਚ ਮੀਤੀ ਦੀ ਮਾਂ ਉਸ ਦੇ ਇੰਗਲੈਂਡ ਜਾਣ ਤੋਂ ਥੋੜਾ ਅਰਸਾ ਬਾਅਦ ਹੀ ਮਰ ਗਈ ਸੀ। ਮੀਤੀ ਦਾ ਰਿਸ਼ਤਾ ਜਾਗਰ ਸਿਉਂ ਨੇ ਇੰਗਲੈਂਡ ਤੋਂ ਆਏ ਮੁੰਡੇ ਨਾਲ਼ ਕੀਤਾ ਸੀ। ਮੀਤੀ ਦੀ ਮਾਸੀ ਹੀ ਉਸ ਨੂੰ ਚਿੱਠੀ ਪੱਤਰ ਪਾਉਂਦੀ ਅਤੇ ਉਸ ਦੀ ਸੁੱਖ ਮਨਾਉਂਦੀ ਸੀ। ਮੀਤੀ ਵੀ ਆਪਣੀ ਮਾਸੀ ਦਾ ਦਿਲੋਂ ਮੋਹ ਕਰਦੀ। ਹੁਣ ਜਦੋਂ ਦੀ ਮੀਤੀ ਇਗਲੈਂਡ ਤੋਂ ਇੰਡੀਆ ਪਰਤ ਆਈ ਸੀ। ਉਸ ਦੀ ਸਭ ਤੋਂ ਜ਼ਿਆਦਾ ਚਿੰਤਾ ਉਸ ਦੀ ਮਾਸੀ ਨੂੰ ਸੀ। ਹੁਣ ਵੀ ਮਾਸੀ ਮੀਤੀ ਨੂੰ ਆਪਣੇ ਨਾਲ਼ ਲੈ ਗਈ ਸੀ। ਉਹ ਮੀਤੀ ਦਾ ਦਿਲ ਲੁਆਉਣਾ, ਪ੍ਰਚਾਉਣਾ ਚਾਹੁੰਦੀ ਸੀ।

ਮਾਸੀ ਬੜੇ ਪੁਰਾਣੇ ਖ਼ਿਆਲਾਂ ਦੀ ਔਰਤ ਸੀ। ਮੀਤੀ ਦੀ ਮਾਂ ਮਰਨ ਤੋਂ ਬਾਅਦ ਉਹ ਮੀਤੀ ਨੂੰ ਅਜੀਬ ਅਜੀਬ ਨਸੀਹਤਾਂ ਦਿੰਦੀ ਰਹਿੰਦੀ। ਕਿਉਂਕਿ ਮੀਤੀ ਨੂੰ ਬੱਚਾ ਬੱਚੀ ਨਹੀਂ ਹੋਇਆ ਸੀ। ਮੀਤੀ ਦੇ ਸਹੁਰੇ ਉਸ ਤੋਂ ਘੋਰ ਮਾਯੂਸ ਹੋ ਗਏ ਸਨ। ਅੱਠ ਸਾਲ ਬੀਤ ਗਏ ਸਨ। ਮੀਤੀ ਦੀ ਕੁੱਖ ਸੁਲੱਖਣੀਂ ਨਹੀਂ ਹੋਈ ਸੀ। ਇੰਗਲੈਂਡ ਦੇ ਇਸ ਰੰਗੀਨ ਅਤੇ ਮਿਲਣਸਾਰ ਵਾਤਾਵਰਣ ਤੋਂ ਵੀ ਉਸ ਦਾ ਮਨ ਉਚਾਟ ਹੋ ਗਿਆ ਸੀ।

ਮਾਸੀ ਨੂੰ ਚਿੱਠੀ ਵਿਚ ਸਾਰਾ ਬ੍ਰਿਤਾਂਤ ਲਿਖ ਕੇ ਉਹ ਹਾਲਾਤਾਂ ਤੋਂ ਜਾਣੂੰ ਕਰਵਾਉਂਦੀ ਰਹਿੰਦੀ। ਮਾਸੀ ਉਸ ਨੂੰ ਕਿਸੇ ਸਾਧ ਸੰਤ ਨੂੰ ਮਿਲਣ ਲਈ ਲਿਖਵਾਉਂਦੀ ਅਤੇ ਜਾਂ ਕਦੇ ਕਿਸੇ ਤੋਂ ਟੂਣਾਂ-ਟਾਮਣ ਕਰਵਾ ਲੈਣ ਲਈ ਹਦਾਇਤ ਕਰਦੀ। ਕਦੇ ਕਦੇ ਉਸ ਨੂੰ ਮਿਹਣੇ ਜਿਹੇ ਵੀ ਦਿੰਦੀ ਕਿ ਮੀਤੀ ਉਸ ਦੀ ਗੱਲ 'ਤੇ ਕੰਨ ਕਿਉਂ ਨਹੀਂ ਧਰਦੀ ਸੀ? ਉਹ ਅਕਸਰ ਮੀਤੀ ਦੀ ਮਾਸੀ ਸੀ, ਕੋਈ ਦੁਸ਼ਮਣ ਤਾਂ ਨਹੀਂ ਸੀ! ਉਸ ਦਾ ਭਲਾ ਹੀ ਸੋਚਦੀ ਸੀ। ਮਾਸੀ ਉਸ ਨੂੰ ਆਪਣੀ ਮੱਤ ਗ੍ਰਹਿਣ ਕਰਨ ਲਈ ਤਾਕੀਦ ਕਰਦੀ ਅਤੇ ਨਾ ਕਰਨ 'ਤੇ ਫਿਰ ਵਾਧੂ ਪਛਤਾਉਣ ਦਾ ਡਰ ਦਿੰਦੀ।

ਦਿਨੋਂ ਦਿਨ ਉਦਾਸ ਅਤੇ ਮਾਯੂਸ ਹੁੰਦੀ ਜਾ ਰਹੀ ਮੀਤੀ ਨੇ ਇਕ ਦਿਨ ਮਾਸੀ ਦੀ ਚਿੱਠੀ ਪੜ੍ਹ ਕੇ ਸੋਚਿਆ ਕਿ ਸਿਆਣੇ ਆਖਦੇ ਹੁੰਦੇ ਨੇ ਕਿ ਜੇ ਕਾਜ਼ੀ ਸਬਕ ਨਾ ਦਿਊ ਤਾਂ ਮੁੰਡਾ ਤਾਂ ਨਹੀਂ ਰੱਖ ਲਊ? ਉਸ ਨੇ ਕਿਸੇ ''ਸਿਆਣੇ'' ਕੋਲ਼ ਜਾਣ ਦਾ ਮਨ ਬਣਾ ਲਿਆ। ਅਜਿਹੇ ਸਿਆਣਿਆਂ ਦੇ ਲੋਕਲ ਅਖ਼ਬਾਰਾਂ ਵਿਚ ਆਮ ਹੀ ਇਸ਼ਤਿਹਾਰ ਆਉਂਦੇ ਸਨ। ਅਤੇ ਉਹ ਵੀ ਪੂਰੇ ਪੂਰੇ ਸਫ਼ੇ 'ਤੇ! ਉਹ ਵੀ ਸੋਚਣ ਲੱਗ ਪਈ ਕਿ ਸਾਰੇ ਲੋਕ ਕਮਲ਼ੇ ਹੀ ਤਾਂ ਨਹੀਂ? ਜਿਹੜੇ ਇਹਨਾਂ ਬਾਬਿਆਂ ਕੋਲ਼ ਜਾਂਦੇ ਨੇ! ਅਜਿਹੀਆਂ ਗੱਲਾਂ 'ਤੇ ਪਹਿਲਾਂ ਉਹ ਵਿਸ਼ਵਾਸ ਨਹੀਂ ਕਰਦੀ ਸੀ। ਉਹ ਸਾਧਾਂ ਸੰਤਾਂ ਨੂੰ ਬੂਬਨੇ, ਪਾਖੰਡੀ ਅਤੇ ਠੱਗ ਬਾਬੇ ਦੱਸਦੀ! ਪਰ ਜਦ ਹੁਣ ਉਹ ਮਾਯੂਸ ਅਤੇ ਨਿਰਾਸ਼ ਹੋਣ ਲੱਗ ਪਈ ਤਾਂ ਉਸ ਨੇ ਬਾਬਿਆਂ ਦੇ ਇਸ਼ਤਿਹਾਰ ਬੜੀ ਗੌਰ ਨਾਲ਼ ਪੜ੍ਹਨੇ ਸ਼ੁਰੂ ਕਰ ਦਿੱਤੇ।

ਕਈ ਇਸ਼ਤਿਹਾਰਾਂ ਵਿਚ ਬਿਮਾਰੀ ਤੋਂ ਖਹਿੜ੍ਹਾ ਛੁਡਾ ਕੇ ਨੌਂ-ਬਰ-ਨੌਂ ਹੋਏ ਲੋਕਾਂ ਨੇ ਬਾਬਿਆਂ ਨੂੰ ਚਿੱਠੀਆਂ ਵੀ ਲਿਖੀਆਂ ਹੁੰਦੀਆਂ। ਬਾਬਿਆਂ ਦਾ ਅਥਾਹ ਧੰਨਵਾਦ ਵੀ ਕੀਤਾ ਹੁੰਦਾ ਅਤੇ ਸ਼ੁਕਰਾਨੇ ਵਜੋਂ ਪੈਸੇ ਵੀ ਭੇਜੇ ਹੋਏ ਹੁੰਦੇ। ਕਈਆਂ ਦੀ ਬਾਬਿਆਂ ਨੇ ਸਾਲਾਂ ਤੋਂ 'ਬੰਨ੍ਹੀ' ਕੁੱਖ 'ਖੋਲ੍ਹੀ' ਸੀ। ਕਈਆਂ ਦੇ ਕਾਰੋਬਾਰ ਨਹੀਂ ਚੱਲਦੇ ਸਨ ਅਤੇ

ਬਾਬਿਆਂ ਦੀ ਅਪਾਰ ਕਿਰਪਾ ਸਦਕਾ ਉਹਨਾਂ ਦਾ ਕੰਮ ਧੰਦਾ ਚੜ੍ਹਦੀਆਂ ਕਲਾਵਾਂ ਵਿਚ ਚੱਲਣ ਲੱਗ ਪਿਆ ਸੀ। ਕਈਆਂ ਦੇ ਘਰੇ ਔਲ਼ਾਦ ਵਿਗੜੀ ਹੋਈ ਸੀ ਅਤੇ ਬਾਬਿਆਂ ਨੇ ਮੰਤਰ ਮਾਰ ਕੇ ਵਿਗੜੀ ਔਲ਼ਾਦ ਤੱਕਲ਼ੇ ਵਰਗੀ ਸਿੱਧੀ ਕਰ ਮਾਰੀ ਸੀ। ਕਈਆਂ ਦੇ ਪਤੀ ਸ਼ਰਾਬ ਪੀਂਦੇ ਅਤੇ ਬਿਗਾਨੀ ਔਰਤ ਦੇ ਚੁੰਗਲ ਵਿਚ ਫ਼ਸੇ ਹੋਏ ਸਨ। ਪਰ ਬਾਬਿਆਂ ਦੇ ਕਾਲੇ ਇਲਮ ਤੋਂ ਬੰਦਾ ਭੱਜ ਕੇ ਕਿੱਥੇ ਜਾਵੇ? ਬਾਬਿਆਂ ਨੇ ਪਤੀ ਦੇਵ ਦੇ ਸਾਰੇ ਵਲ਼ ਕੱਢ ਕੇ ਘਰੇ ਲਹਿਰਾਂ ਬਹਿਰਾਂ ਕਰ ਦਿੱਤੀਆਂ ਸਨ! ਕਈਆਂ ਦੇ ਘਰੇ ਪੈਸਾ ਨਹੀਂ ਖੜ੍ਹਦਾ ਸੀ। ਚਿਉਂਦੇ ਪਾਣੀ ਵਾਂਗ ਪੱਤਰਾ ਵਾਚ ਜਾਂਦਾ ਸੀ। ਪਰ ਧੰਨ ਬਾਬਿਆਂ ਦਾ ਤਵੀਤ! ਭੱਜਦੇ ਪੈਸੇ ਨੂੰ ਐਸਾ ਬੰਨ੍ਹ ਲਾਇਆ, ਮੁੜ ਕੇ ਪੈਸਾ ਘਰ ਦੀ ਦੇਹਲ਼ੀ ਨਹੀਂ ਟੱਪਿਆ! ਇਹ ਸਾਰੇ ਲੋਕ ਪਾਗ਼ਲ ਤਾਂ ਨਹੀਂ ਸਨ? ਮੀਤੀ ਸੋਚਦੀ ਅਤੇ ਬਾਬਿਆਂ ਦੇ ਇਸ਼ਤਿਹਾਰਾਂ ਨੂੰ ਉਹ ਹਰ ਹਫ਼ਤੇ ਵਾਰ ਵਾਰ ਪੜ੍ਹਦੀ। ਭੂਤ, ਪ੍ਰੇਤ, ਜੰਤਰ, ਮੰਤਰ ਹੈ ਤਾਂ ਜ਼ਰੂਰ, ਪਰ ਦੁਨੀਆਂ ਮੰਨਦੀ ਨਹੀਂ! ਪਰ ਅਗਲੇ ਦੇ ਘਰੇ ਲੱਗੀ ਅੱਗ ਬਸੰਤਰ ਲੱਗਦੀ ਐ। ਕੇੜਾ ਤਾਂ ਉਦੋਂ ਚੜ੍ਹਦੈ, ਜਦੋਂ ਆਪਦੇ ਘਰ ਨੂੰ ਆ ਪੈਂਦੀ ਐ! ਉਹ ਸਾਰਾ ਦਿਨ ਸੋਚਾਂ ਵਿਚ ਉਲ਼ਝੀ ਰਹਿੰਦੀ।

ਇਕ ਦਿਨ ਮੀਤੀ ਨੇ ਵੀ ਇਕ ਬਾਬੇ ਨੂੰ ਫ਼ੋਨ ਘੁੰਮਾ ਹੀ ਦਿੱਤਾ। ਫ਼ੋਨ ਘੁੰਮਾਉਂਦੀ ਮੀਤੀ ਨੂੰ ਪਸੀਨਾ ਆ ਗਿਆ ਸੀ। ਫ਼ੋਨ ਦਾ ਰਿਸੀਵਰ ਹੱਥ ਵਿਚ ਕੰਬੀ ਜਾ ਰਿਹਾ ਸੀ, ਜਿਸ ਨੂੰ ਉਸ ਨੇ ਕਾਟੋ ਵਾਂਗ ਘੁੱਟ ਕੇ ਫੜ ਰੱਖਿਆ ਸੀ। ਕੀ ਦੱਸਾਂਗੀ ਬਾਬੇ ਨੂੰ? ਕਿ ਮੈਨੂੰ ਬੱਚਾ ਨਹੀਂ ਹੁੰਦਾ? ਉਹ ਪੁੱਛੂਗਾ ਕਿ ਚੈੱਕ ਕਰਵਾਇਆ? ਕੀ ਦੱਸਾਂਗੀ? ਬਈ ਮੇਰੇ ਘਰ ਵਾਲ਼ਾ ਠੀਕ ਠਾਕ ਹੈ ਅਤੇ ਮੇਰੇ ਵਿਚ ਹੀ ਨੁਕਸ ਹੈ? ਬਾਬਾ ਮੇਰਾ ਫ਼ੋਨ ਕਿਸੇ ਨੂੰ ਦੱਸ ਨਾ ਦੇਵੇ? ਮੇਰੀ ਤਾਂ ਸਾਰੇ ਜੱਗ ਵਿਚ ਬੇਇੱਜ਼ਤੀ ਹੋ ਜਾਵੇਗੀ! ਮੈਂ ਕਿਸ ਨੂੰ ਆਪਣਾ ਮੂੰਹ ਦਿਖਾਊਂ? ਕਸੂਰ ਤਾਂ ਸਾਰਾ ਮੇਰਾ ਹੈ! ਮੇਰੇ ਘਰ ਵਾਲ਼ੇ ਦਾ ਕੋਈ ਕਸੂਰ ਨਹੀਂ! ਉਹਨਾਂ ਨੇ ਤਾਂ ਆਪਣੀ ਕੁਲ਼ ਖਾਤਰ ਸੋਚਣਾ ਹੀ ਹੋਇਆ! ਉਹ ਵਿਚਾਰਾ ਬਿਲਕੁਲ ਦੋਸ਼ੀ ਨਹੀਂ! ਜੇ ਸਹੁਰੇ ਮੈਨੂੰ ਮਿਹਣੇ ਮਾਰਦੇ ਨੇ, ਤਾਂ ਉਹ ਵੀ ਸੱਚੇ ਹੀ ਮਿਹਣੇ ਤਾਅਨੇ ਮਾਰਦੇ ਐ! ਜੁਆਕ ਜੰਮਣ ਦਾ ਗੁਣ ਤਾਂ ਮੇਰੇ ਵਿਚ ਨਹੀਂ, ਮੇਰੇ ਪਤੀ ਦਾ ਕੀ ਕਸੂਰ? ਉਸ ਦਾ ਕੋਈ ਕਸੂਰ ਨਹੀਂ! ਕਾਣੇ ਨੂੰ ਅਗਰ ਕੋਈ ਕਾਣਾ ਕਹਿੰਦਾ ਹੈ, ਤਾਂ ਅਗਲਾ ਸੱਚੀ ਗੱਲ ਕਹਿੰਦਾ ਹੈ! ਅਗਰ ਕਾਣਾ ਗੁੱਸਾ ਕਰੇ, ਉਸ ਵਿਚ ਸੱਚ ਆਖਣ ਵਾਲ਼ੇ ਦਾ ਕੋਈ ਕਸੂਰ ਨਹੀਂ! ਪਰ ਬਾਬੇ ਤੋਂ ਇਹ ਗੱਲ ਕਿਵੇਂ ਲੁਕਾਵਾਂ? ਪਰ ਬਾਬੇ ਨੂੰ ਫ਼ੋਨ ਕਰ ਕੇ ਦੇਖ ਤਾਂ ਲਵਾਂ...? ਆਪਣਾ ਨਾਂ ਸਹੀ ਨਹੀਂ ਦੱਸਦੀ! ਪਰ ਬਾਬੇ ਤਾਂ ਜਾਣੀ ਜਾਣ ਐਂ! ਉਹਨਾਂ ਤੋਂ ਕੀ ਛੁਪਿਐ? ਜਿਹੜੇ ਐਨੀ ਦੁਨੀਆਂ ਨੂੰ ਦਾਤਾਂ ਬਖ਼ਸ਼ੀ ਜਾ ਰਹੇ ਨੇ, ਉਹਨਾਂ ਮੂਹਰੇ ਝੂਠ ਕਿਵੇਂ ਚੱਲੂ? ਜੇ ਬਾਬੇ ਨੂੰ ਕੋਈ ਗ਼ਲਤ ਨਾਂ ਦੱਸ ਦਿੱਤਾ, ਤਾਂ ਬਾਬੇ ਨੇ ਗ਼ਲਤ ਨਾਂ 'ਤੇ ਹੀ ਤਵੀਤ ਦੇਣੈਂ! ਉਹ ਤਵੀਤ ਮੇਰੇ 'ਤੇ ਕੀ ਕੰਮ ਕਰੂ? ਜੇ ਉਹਨੇ ਕੋਈ ਮੰਤਰ ਪੜ੍ਹਨਾ ਹੋਇਆ, ਤਾਂ ਵੀ ਮੇਰੇ ਨਾਂ 'ਤੇ ਈ ਪੜ੍ਹੂ! ਜੇ ਗਲਤ ਨਾਂ ਦੱਸ ਦਿੱਤਾ ਤਾਂ ਬਾਬੇ ਦਾ ਮੰਤਰ ਮੇਰੇ 'ਤੇ ਅਸਰ ਕਿਵੇਂ ਕਰੂ? ਉਹ ਖ਼ਿਆਲਾਂ ਵਿਚ ਗੁਆਚੀ ਹੋਈ ਸੀ। ਪਤਾ ਨਹੀਂ ਉਸ ਨੇ ਅੱਧੋਗਤੀ ਜਿਹੀ ਵਿਚ ਬਾਬੇ ਨੂੰ ਕਦੋਂ ਫ਼ੋਨ ਮਿਲਾ ਲਿਆ...?

-"ਹੈਲੋ...!" ਉਧਰੋਂ ਅਮਲੀਆਂ ਵਰਗੀ ਅਵਾਜ਼ ਆਈ।

ਮੀਤੀ ਦਾ ਸਾਰਾ ਸਰੀਰ ਮੁੜ੍ਹਕੇ ਨਾਲ ਗੱਚ ਹੋ ਗਿਆ।

-"ਬਾਬਾ ਜੀ...!" ਉਹ ਸਿਰਫ਼ ਐਨਾ ਹੀ ਆਖ ਸਕੀ! ਉਸ ਦਾ ਮਨ ਭਰ ਆਇਆ ਸੀ।

-"ਹਾਂ ਪੁੱਤ...! ਬੋਲ ਕੀ ਦੁੱਖ ਐ ਤੈਨੂੰ? ਕੀ ਤਕਲੀਫ਼ ਐ ਮੇਰੀਏ ਧੀਏ? ਤੂੰ ਬੋਲ ਤਾਂ ਸਹੀ! ਮਾਪਿਆਂ ਕੋਲ਼ ਧੀਆਂ ਰੋ ਜਰੂਰ ਪੈਂਦੀਐਂ-ਪਰ ਦੁੱਖ ਨਹੀਂ ਲਕੋਂਦੀਆਂ! ਬੋਲ ਮੇਰੀ ਸਿਆਣੀ ਧੀ! ਬੋਲ ਪੁੱਤ...!" ਬਾਬੇ ਦੇ ਪਿਆਰੇ ਅਤੇ ਮਿੱਠੇ ਬੋਲ ਮੀਤੀ ਦੇ ਸੜਦੇ ਦਿਲ 'ਤੇ ਸੀਤ ਛੜਾਕਾ ਬਣ ਕੇ ਵਰ੍ਹੇ ਤਾਂ ਮੀਤੀ ਦਾ ਰੋਣ ਨਿਕਲ਼ ਗਿਆ। ਉਸ ਤੋਂ ਬੋਲ ਨਾ ਹੋਇਆ।

-"ਧੀਏ ਮੇਰੀਏ...! ਜੇ ਬਾਪ ਕੋਲ਼ੇ ਦਰਦ ਈ ਨ੍ਹੀ ਦੱਸੇਂਗੀ-ਤੇਰਾ ਦੁੱਖ ਨਵਿਰਤ ਕਿਵੇਂ ਹੋਊ? ਬੋਲ ਕੇ ਦੱਸੀਦਾ ਹੁੰਦੈ ਪੁੱਤ! ਦੱਸ ਸ਼ੇਰ ਬਣਕੇ...! ਤੂੰ ਇਕ ਵਾਰ ਮੈਨੂੰ ਆਪਣਾ ਦੁੱਖ ਦੱਸ! ਤੇਰਾ ਦੁੱਖ ਜੇ ਨਾ ਡਾਂਗਾਂ ਮਾਰ ਮਾਰ ਕੇ ਬਾਹਣੀਂ ਪਾ ਦਿੱਤਾ-ਮੈਨੂੰ ਆਪਣਾ ਧਰਮ ਦਾ ਬਾਪ ਨਾ ਜਾਣੀਂ-ਕੋਈ ਹਰਾਮੀ ਜਾਣੀਂ! ਬੋਲ ਮੇਰੀ ਸਿਆਣੀ ਧੀ! ਦੁੱਖ ਦੱਸ ਮੇਰਾ ਪੁੱਤ ਬਣਕੇ...!"

-"......।" ਬਾਬਾ ਜੀ ਦੀਆਂ ਗੱਲਾਂ ਨੇ ਮੀਤੀ ਦੇ ਜ਼ਖ਼ਮਾਂ 'ਤੇ ਇਕ ਤਰ੍ਹਾਂ ਨਾਲ ਮੱਲ੍ਹਮ ਦਾ ਕੰਮ ਕੀਤਾ।

-"ਦੇਖ ਮੇਰਿਆ ਪੁੱਤਾ! ਜਦੋਂ ਆਪਾਂ ਹਕੀਮ ਕੋਲ਼ੇ ਜਾਨੇ ਐਂ-ਪਹਿਲਾਂ ਉਸ ਨੂੰ ਆਪਣੀ ਬਿਮਾਰੀ ਦੱਸਦੇ ਐਂ-ਹਕੀਮ ਬਾਅਦ ਵਿਚ ਤੁਹਾਡੀ ਨਬਜ਼ ਦੇਖਦੈ-ਉਹ ਬਿਮਾਰੀ ਦੇ ਹਿਸਾਬ ਨਾਲ ਤੁਹਾਨੂੰ ਦੁਆਈ ਦਿੰਦੈ-ਪ੍ਰਹੇਜ਼ ਦੱਸਦੈ-ਉਹ ਹੀ ਕੰਮ ਮੇਰਾ ਐ ਧੀਏ...! ਮੈਂ ਪਹਿਲਾਂ ਰੋਗ ਜਾਂ ਦੁੱਖ ਪੁੱਛਦੈਂ-ਫੇਰ ਉਹਨੂੰ ਕਾਲ਼ੇ ਇਲਮਾਂ ਨਾਲ, ਸ਼ਹਿਰ ਜਾਂ ਪਿੰਡ ਦੀ ਨਹੀਂ, ਦੇਸ਼ ਦੀ ਜੂਹ ਟਪਾ ਕੇ ਆਉਨੈਂ! ਜੇ ਕਿਸੇ ਨੇ ਤੇਰੇ 'ਤੇ ਕਾਲੇ ਇਲਮ ਦਾ ਜਾਦੂ ਕੀਤੈ-ਤਾਂ ਮੈਂ ਤਵੀਤ ਦਿੰਨੈਂ-ਉਹ ਕਾਲ਼ਾ ਜਾਦੂ ਅਗਲੇ 'ਤੇ, ਭਾਵ ਕਰਵਾਉਣ ਵਾਲ਼ੇ 'ਤੇ ਪੁੱਠਾ ਪੈਂਦੈ ਧੀਏ! ਤੂੰ ਇਕ ਵਾਰੀ ਬੋਲ ਕੇ ਤਾਂ ਦੇਖ-ਜੇ ਨਾ ਅਸਮਾਨ ਨੂੰ ਟਾਕੀ ਲਾ ਦਿੱਤੀ-ਤਾਂ ਆਖੀਂ...!" ਬਾਬੇ ਨੇ ਆਪਣੇ ਵੱਲੋਂ ਕੋਕੇ ਜੜ ਦਿੱਤੇ।

-"ਬਾਬਾ ਜੀ...!" ਮੀਤੀ ਨੇ ਆਪਣੇ ਆਪ ਨੂੰ ਸਥਿਰ ਕਰ ਕੇ ਆਖਿਆ।

-"ਹਾਂ ਬੋਲ ਧੀਏ! ਸ਼ਾਬਾਸ਼...! ਤੂੰ ਇਕ ਵਾਰੀ ਦੁੱਖ ਮੂੰਹੋਂ ਤਾਂ ਕੱਢ! ਤੇਰਾ ਦੁੱਖ ਤੇਰੀ ਜ਼ਿੰਦਗੀ 'ਚੋਂ ਕੱਢਣਾ ਮੇਰਾ ਕੰਮ!"

-"ਬਾਬਾ ਜੀ, ਮੈਨੂੰ ਅੱਠ ਸਾਲ ਹੋ ਗਏ ਵਿਆਹੀ ਆਈ ਨੂੰ-।"

-"ਹਾਂ, ਹਾਂ! ਅੱਗੇ ਬੋਲ...! ਅੱਗੇ ਬੋਲ ਮੇਰਾ ਸ਼ੇਰ ਬਣਕੇ!" ਬਾਬੇ ਨੇ ਉਸ ਨੂੰ ਹੱਲਾਸ਼ੇਰੀ ਦਿੱਤੀ।

-"ਮੇਰੇ ਕੋਈ ਬੱਚਾ ਨਹੀਂ ਹੋਇਆ-।" ਕਹਿ ਕੇ ਮੀਤੀ ਫਿਰ ਫ਼ਿਸ ਪਈ।

-"ਬੱਸ! ਐਨਾ ਈ ਕੰਮ ਸੀ...? ਵਾਹ ਜੀਵਾਹ! ਐਵੇਂ ਧੀ ਮੇਰੀਏ ਰੋਈ ਜਾਨੀ ਐਂ? ਤੂੰ ਮੇਰੇ ਦੱਸੇ ਉਪਾਅ ਕਰ-ਜੇ ਅਗਲੇ ਸਾਲ ਤੇਰੇ ਗੋਦੀ ਮੁੰਡਾ ਨਾ ਹੋਇਆ-ਮੈਨੂੰ ਫੜ ਲਈਂ...!"

-"ਦੱਸੋ ਬਾਬਾ ਜੀ...!"

-"ਇਕ ਤਾਂ ਧੀਏ ਆਪਦਾ ਨਾਂ ਦੱਸ-ਤੇ ਦੂਜਾ ਆਪਣੀ ਇਕ ਫ਼ੋਟੋ ਭੇਜ ਮੈਨੂੰ! ਤੇ ਤੀਜਾ ਉਪਾਅ ਕਰਨ ਵਾਸਤੇ ਸੌ ਪੌਂਡ ਇਕ ਖਾਖੀ ਲਫ਼ਾਫ਼ੇ ਵਿਚ ਪਾ ਕੇ ਮੈਨੂੰ ਅੱਜ ਈ ਪੋਸਟ ਕਰ ਦੇਹ-ਤੇਰੇ ਕੋਲ਼ੇ ਐਡਰੈੱਸ ਤਾਂ ਮੇਰਾ ਹੈਗਾ ਨ੍ਹਾਂ...?" ਉਸ ਨੇ ਕਈ ਗੱਲਾਂ ਇਕੋ ਸਾਹ ਹੀ ਆਖ ਦਿੱਤੀਆਂ।

-"ਐੱਡਰੈੱਸ ਤਾਂ ਬਾਬਾ ਜੀ ਆਹੀ ਐ-ਜਿਹੜਾ ਅਖ਼ਬਾਰ 'ਤੇ ਛਪਿਆ ਹੋਇਐ।"

-"ਨਹੀਂ! ਇਹ ਨਹੀਂ ਧੀਏ...! ਤੈਨੂੰ ਮੈਂ ਇਕ ਹੋਰ ਐਡਰੈੱਸ ਦਿੰਨੈਂ! ਪੈੱਨ ਹੈਗਾ?"

-"ਨਹੀਂ, ਮੈਂ ਲੱਭ ਕੇ ਲਿਆਉਨੀ ਐਂ, ਬਾਬਾ ਜੀ।"

-"ਲੱਭ ਲਿਆ ਭਾਈ...!"

-"ਹਾਂ ਲਿਖਾਓ ਬਾਬਾ ਜੀ।" ਮੀਤੀ ਨੇ ਪੈੱਨ ਚਲਾ ਕੇ ਦੇਖਿਆ। ਚੱਲਦਾ ਸੀ। ਬਾਬੇ ਨੇ ਉਸ ਨੂੰ ਇਕ ਹੋਰ ਐਡਰੈੱਸ ਲਿਖਵਾ ਦਿੱਤਾ। ਮੀਤੀ ਨੇ ਨੋਟ ਕਰ ਲਿਆ।

-"ਪਰ ਬਾਬਾ ਜੀ, ਇਕ ਗੱਲ ਹੋਰ ਐ! ਮੇਰਾ ਨਾਂ ਜਾਂ ਪਤਾ ਕਿਸੇ ਨੂੰ ਪਤਾ ਨਾ ਲੱਗੇ! ਮੈਂ ਤਾਂ ਥੋਡੇ 'ਤੇ ਇਤਬਾਰ ਕਰਕੇ ਸਾਰਾ ਕੁਛ ਦੱਸਿਐ-ਇਹ ਗੱਲ ਆਪਣੇ ਦੋਹਾਂ 'ਚ ਈ ਐ...!" ਉਸ ਨੇ ਆਖਿਆ।

-"ਕੀ ਗੱਲ ਕਰਦੀ ਐਂ ਧੀਏ? ਤੇਰਾ ਕੇਸ ਮੇਰੇ ਕੋਲ਼ੇ ਕੋਈ ਪਹਿਲਾ ਨਹੀਂ! ਮੇਰਾ ਮੂੰਹ ਸਦਾ ਲਈ ਬੰਦ ਹੋ ਸਕਦੈ-ਪਰ ਕਿਸੇ ਅੱਗੇ ਖੁੱਲ੍ਹ ਨਹੀਂ ਸਕਦਾ-ਨਾਲ਼ੇ ਐਹੋ ਜੇ ਭੇਦ ਦੱਸਣ ਆਲ਼ੇ ਹੁੰਦੇ ਐ, ਕਮਲ਼ੀਏ ਧੀਏ? ਮੈਂ ਤਾਂ ਕੱਚ ਖਾ ਕੇ ਡਕ੍ਹਾਰ ਨਾ ਮਾਰਾਂ! ਤੂੰ ਕਿਹੜੀ ਗੱਲ ਕਰ ਦਿੱਤੀ? ਤੈਨੂੰ ਆਪਣੇ ਐਸ ਧਰਮ ਦੇ ਪਿਉ 'ਤੇ ਕੋਈ ਇਤਬਾਰ ਨ੍ਹੀਂ...?"

-"ਬਾਬਾ ਜੀ, ਇਤਬਾਰ ਕਰ ਕੇ ਤਾਂ ਮੈਂ ਥੋਡੇ ਕੋਲ਼ੇ ਦਿਲ ਦਾ ਭੇਦ ਖੋਲ੍ਹਦੀ ਐਂ-ਮੈਂ ਤੇ ਮੇਰੇ ਘਰਵਾਲ਼ੇ ਨੇ ਡਾਕਟਰ ਤੋਂ ਚੈੱਕ ਅੱਪ ਕਰਵਾਈ ਸੀ-ਮੇਰੇ ਘਰਵਾਲ਼ਾ ਤਾਂ ਠੀਕ ਠਾਕ ਐ-ਮੇਰੇ 'ਚ ਈ ਨੁਕਸ ਐ-ਮੈਂ ਈ ਬੱਚਾ ਜੰਮਣ ਦੇ ਕਾਬਲ ਨਹੀਂ-।" ਉਸ ਨੇ ਅਜੇ ਗੱਲ ਵੀ ਪੂਰੀ ਨਹੀਂ ਕੀਤੀ ਸੀ ਕਿ ਬਾਬਾ ਵਿਚੋਂ ਹੀ ਬੋਲ ਪਿਆ।

-"ਕੀ ਗੱਲਾਂ ਕਰਦੀ ਐਂ ਪੁੱਤ...? ਤੂੰ ਮੇਰੇ ਰਿਕਾਰਡ 'ਚ ਪਹਿਲੀ ਕੁੜੀ ਨਹੀਂ-ਜੀਹਨੂੰ ਆਹ ਬੱਚੇ ਆਲ਼ਾ ਦੁੱਖ ਐ! ਮੇਰੇ ਕੋਲ਼ੇ ਨਿੱਤ ਈ ਐਹੋ ਜਿਹੇ ਕੇਸ ਆਉਂਦੇ ਐ-ਜੇ ਅਸੀਂ ਐਹੋ ਜਿਹੇ ਦੁੱਖ ਦੂਰ ਨਾ ਕੀਤੇ? ਫੇਰ ਸਾਡਾ ਫ਼ਾਇਦਾ ਕੀ ਐ, ਉਸਤਾਦਾਂ ਕੋਲ਼ੇ ਮੁਸ਼ੱਕਤਾਂ ਕੀਤੀਆਂ ਦਾ? ਇਕ ਕੁੜੀ ਸੀ ਤੇਰੇ ਅਰਗੀ, ਆਹ ਪਿਛਲੇ ਸਾਲ ਦੀ ਈ ਗੱਲ ਐ! ਉਹਦਾ ਵੀ ਆਹੀ ਦੁਖਾਂਤ ਸੀ-ਮੈਂ ਮੰਤਰ ਛੱਡੇ-ਹੋਰ ਵੀ ਕਈ ਉਪਾਅ ਕੀਤੇ ਕਰਵਾਏ-ਉਹਦੇ 'ਕੱਠੇ

ਈ ਦੋ ਬੱਚੇ ਹੋਏ-ਇਕ ਮੁੰਡਾ ਤੇ ਇਕ ਕੁੜੀ! ਜੇ ਤੂੰ ਸਾਡੇ ਕੋਲ਼ ਕਦੇ ਆਈ-ਤੈਨੂੰ ਉਸ ਕੁੜੀ ਦਾ ਨੰਬਰ ਤੇ ਐਡਰੈੱਸ ਵੀ ਦਿਆਂਗਾ-ਚਾਹੇ ਜਾ ਕੇ ਮਿਲ ਆਈਂ! ਤੇ ਆਬਦੀ ਤਸੱਲੀ ਕਰ ਲਈਂ! ਉਹ ਕੁੜੀ ਤਾਂ ਦਾਅਵੇ ਨਾਲ ਆਖਦੀ ਐ ਕਿ ਬਾਬਾ ਜੀ ਮੇਰਾ ਐਡਰੈੱਸ ਤੇ ਟੈਲੀਫ਼ੋਨ ਨੰਬਰ ਲੋਕਾਂ ਨੂੰ ਦਿਓ-ਕਿਸੇ ਦਾ ਹੋਰ ਵੀ ਭਲਾ ਹੋਵੇ-ਪਰ ਅਸੀਂ ਪੁੱਤਰਾ ਆਪਣੀ ਫ਼ੋਕੀ ਬੱਲੇ ਬੱਲੇ ਨਹੀਂ ਚਾਹੁੰਦੇ! ਪਰ ਜਦੋਂ ਤੇਰੇ ਅਰਗੇ ਕਿਸੇ ਦੁਖੀ ਧੀ ਪੁੱਤ ਦਾ ਫ਼ੋਨ ਆ ਜਾਂਦੈ-ਤਾਂ ਫੇਰ ਨ੍ਹੀ ਭਲਾ ਕਰਨੋ ਰਿਹਾ ਜਾਂਦਾ! ਸੋਚੀਦੈ, ਬਈ ਪਤਾ ਨ੍ਹੀ ਕਦੋਂ ਰੱਬ ਵੱਲੋਂ ਸੱਦਾ ਆ ਜਾਣੈਂ? ਕੋਈ ਕਰਮ ਤਾਂ ਚੰਗਾ ਕਰ ਲਈਏ? ਬੱਸ ਹੁਣ ਤੇਰਾ ਪਹਿਲਾ ਕੰਮ ਇਹ ਐ ਬਈ ਮੈਨੂੰ ਖਾਖੀ ਲਿਫ਼ਾਫ਼ੇ 'ਚ ਪਾ ਕੇ ਸੌ ਪੌਂਡ ਪੋਸਟ ਕਰ ਤੇ ਫੇਰ ਦੇਖ ਮੇਰੇ ਹੱਥ...! ਜੇ ਨੌਂ ਨਿਧਾਂ ਤੇ ਬਾਰਾਂ ਸਿਧਾਂ ਨਾ ਹੋ ਗਈਆਂ-ਸਾਨੂੰ ਪਹੁੰਚੇ ਹੋਏ ਫ਼ਕੀਰ ਕੀਹਨੇ ਆਖਣੈਂ...? ਕੀ ਨਾਂ ਐਂ ਤੇਰਾ? ਤੇ ਨਾਲੇ ਦੱਸ ਮੈਨੂੰ ਆਬਦੀ ਜਨਮ ਤਰੀਕ-ਦੇਖ ਅਗਲੇ ਸਾਲ ਕਿਵੇਂ ਮੁੰਡਾ ਵਿਹੜੇ 'ਚ ਕਿਲਕਾਰੀਆਂ ਮਾਰਦੈ! ਤੈਨੂੰ ਅੱਠ ਸਾਲ ਹੋ ਗਏ, ਧੀਏ-ਆਪਣੇ ਐਸ ਧਰਮ ਦੇ ਪਿਉ ਨੂੰ ਪਹਿਲਾਂ ਕਦੇ ਕਿਉਂ ਨ੍ਹੀ ਯਾਦ ਕੀਤਾ...?"

-"ਬੱਸ ਬਾਬਾ ਜੀ-ਘਰਾਂ ਦੇ ਬੀਹ ਝਮੇਲੇ ਹੁੰਦੇ ਐ-।" ਉਹ ਗੱਲ ਬੋਚ ਗਈ।

-"ਇਕ ਗੱਲ ਪੁੱਤ ਹੋਰ ਐ...?"

-"ਕੀ ਬਾਬਾ ਜੀ...?"

-"ਹਿੰਦੂ ਹੈਂ ਕਿ ਸਿੱਖ...?"

-"ਸਿੱਖ ਹਾਂ, ਬਾਬਾ ਜੀ!"

-"ਨਾਂ ਕੀ ਐ...?"

-"ਮਨਜੀਤ ਕੌਰ...!"

-"ਮਨਜੀਤ! ਪੁੱਤ ਇਉਂ ਕਰਨੈਂ...! ਹੋਊ ਮੁੰਡਾ ਈ...! ਇਹ ਮੇਰੀ ਗਰੰਟੀ ਐ-ਤੇ ਮੁੰਡੇ ਦਾ ਨਾਂ ਗੁਰਭੇਜ ਸਿੰਘ ਰੱਖਣੈਂ...!"

-"ਜੋ ਹੁਕਮ ਬਾਬਾ ਜੀ...! ਮੈਂ ਹੁਣੇ ਹੀ ਨੋਟ ਕਰ ਲਿਆ-ਗੁਰਭੇਜ ਸਿੰਘ।"

-"ਤੇ ਤੂੰ ਆਹ ਕਰਨ ਆਲ਼ਾ ਕੰਮ ਕਰ! ਇਕ ਆਬਦੀ ਫ਼ੋਟੋ ਤੇ ਸੌ ਪੌਂਡ ਲਫ਼ਾਫ਼ੇ 'ਚ ਪਾ ਕੇ ਭੇਜ!"

-"ਜੇ ਚੈੱਕ ਜਾਂ ਡਰਾਫ਼ਟ ਬਣਾ ਕੇ ਭੇਜ ਦਿਆਂ ਬਾਬਾ ਜੀ?"

-"ਨਹੀਂ ਪੁੱਤਰ...! ਤੂੰ ਸਮਝਣ ਦੀ ਕੋਸ਼ਿਸ਼ ਕਿਉਂ ਨ੍ਹੀ ਕਰਦੀ? ਨਕਦ ਸੌ ਪੌਂਡ ਪਾਉਣੇ ਐਂ-ਚੈੱਕ ਜਾਂ ਡਰਾਫ਼ਟ ਨਹੀਂ ਪਾਉਣਾ! ਤੇ ਨਾਲੇ ਆਬਦੀ ਫ਼ੋਟੋ ਭੇਜਣੀ ਵੀ ਨੀ ਭੁੱਲਣੀਂ! ਮੈਂ ਤੇਰੀ ਫ਼ੋਟੋ ਨਾਲ਼ ਤੇਰੇ ਲੇਖ ਮਿਲ਼ਾ ਕੇ ਦੇਖਣੇ ਐਂ!"

-"ਨਕਦ ਪੌਂਡ ਕਿਤੇ ਗੁੰਮ ਨਾ ਹੋ ਜਾਣ, ਬਾਬਾ ਜੀ?"

-"ਧੀਏ, ਸਾਡੇ ਕੋਲ਼ ਆਉਣ ਆਲ਼ੇ ਪੌਂਡ ਗੁੰਮ ਕਿਵੇਂ ਹੋ ਜਾਣਗੇ? ਹੈ ਕਮਲ਼ੀ ਧੀ! ਤੂੰ ਕੱਲ੍ਹ ਨੂੰ ਇਹ ਦੋਵੇਂ ਚੀਜਾਂ ਪੋਸਟ ਕਰ ਕੇ ਮੈਨੂੰ ਚੌਥੇ ਫ਼ੋਨ ਕਰ ਲਈਂ! ਭੁੱਲੀਂ ਨਾ ਧੀ ਮੇਰੀਏ! ਦੇਖੀਂ ਤੇਰਾ ਮੂਧਾ ਵੱਜਿਆ ਘਰ ਕਿਵੇਂ ਸਿੱਧਾ ਹੁੰਦੈ! ਤੂੰ ਪਿਉ ਆਪਣੇ ਨੂੰ ਯਾਦ ਕਰੇਂਗੀ, ਧੀ ਰਾਣੀਏਂ...!"

ਮੀਤੀ ਨੇ ਆਪਣਾ ਨਾਂ ਅਤੇ ਜਨਮ ਤਾਰੀਖ਼ ਬਾਬੇ ਨੂੰ ਨੋਟ ਕਰਵਾ ਦਿੱਤੀ। ਸੌ ਪੌਂਡ ਅਗਲੇ ਦਿਨ ਭੇਜਣ ਦਾ ਬਚਨ ਦੇ ਦਿੱਤਾ। ਬਾਬਾ ਉਸ ਨੂੰ ਤਸੱਲੀਆਂ ਅਤੇ ਧਰਵਾਸ ਦਿੰਦਾ ਰਿਹਾ। ਮੀਤੀ ਨੂੰ ਵੀ ਇਕ ਤਰ੍ਹਾਂ ਨਾਲ਼ ਕਿਨਾਰਾ ਮਿਲ਼ ਗਿਆ ਸੀ। ਉਸ ਦੇ ਮਨ ਨੂੰ ਅਥਾਹ ਤਸੱਲੀ ਮਿਲ਼ ਗਈ ਸੀ। ਆਸਰਾ ਮਿਲ਼ ਗਿਆ ਸੀ। ਉਸ ਨੂੰ ਆਪਣੇ ਆਪ 'ਤੇ ਖਿਝ ਆ ਰਹੀ ਸੀ ਕਿ ਉਸ ਨੇ ਪਹਿਲਾਂ ਮਾਸੀ ਦੀ ਗੱਲ ਕਿਉਂ ਨਾ ਮੰਨ ਲਈ? ਉਹ ਤਾਂ ਸਭ ਤੋਂ ਵੱਡੀ ਬੇਵਕੂਫ਼ ਸੀ! ਜਿਹੜੀ ਹੁਣ ਤੱਕ ਅੱਠ ਸਾਲ ਭਵਸਾਗਰ ਵਿਚ ਲੋਟ ਪੋਟ ਅਤੇ ਸਾਹੋ ਸਾਹ ਹੁੰਦੀ ਰਹੀ ਸੀ। ਜੇ ਮਾਸੀ ਆਖੇ ਲੱਗ ਕੇ ਪਹਿਲਾਂ ਕਿਤੇ ਬਾਬੇ ਨਾਲ਼ ਗੱਲ ਕਰ ਲੈਂਦੀ ਤਾਂ ਸ਼ਾਇਦ ਉਸ ਦਾ ਮੁੰਡਾ ਹੁਣ ਨੂੰ ਦੂਜੀ ਜਮਾਤ ਵਿਚ ਪੜ੍ਹਦਾ ਹੁੰਦਾ! ਉਸ ਨੇ ਆਪਣੇ ਆਪ ਨੂੰ ਬੇਥਾਹ ਫ਼ਿਟਕਾਰਾਂ ਪਾਈਆਂ। ਆਪਣੀ ਸੌੜੀ ਸੋਚ 'ਤੇ ਝੁਰੀ! ਦੁਨੀਆਂ ਕਿਤੇ ਕਮਲ਼ੀ ਐ...? ਜਿਹੜੀ ਬਾਬਿਆਂ ਨੂੰ ਪੂਜਦੀ ਫਿਰਦੀ ਐ? ਜਿਹੜੀ ਬਾਬਿਆਂ ਦੇ ਚਰਨ ਪਰਸਦੀ ਫਿਰਦੀ ਐ? ਜੇ ਬਾਬਿਆਂ ਵਿਚ ਕੋਈ ਕਰਾਮਾਤ ਹੈ, ਤਾਂ ਹੀ ਲੋਕ ਇਹਨਾਂ ਦੇ ਚਰਨੀਂ ਡਿੱਗਦੇ ਐ! ਨਹੀਂ ਤਾਂ ਅਗਲਾ ਕਿਸੇ

ਨੂੰ 'ਸਾਸਰੀਕਾਲ' ਨਹੀਂ ਬੁਲਾਉਂਦਾ। ਜੇ ਲੋਕਾਂ ਦੇ ਕੰਮ ਰਾਸ ਆਉਂਦੇ ਐ, ਤਾਂ ਹੀ ਲੋਕ ਇਕ ਦੂਜੇ ਕੋਲ਼ ਇਹਨਾਂ ਬਾਬਿਆਂ ਦੀਆਂ ਸਿਫ਼ਤਾਂ ਕਰਦੇ ਐ?

ਪਰ ਤਰਕਸ਼ੀਲ ਸੁਸਾਇਟੀ ਵਾਲ਼ੇ ਤਾਂ ਪਿਛਲੇ ਸਾਹਿਤਕ ਪ੍ਰੋਗਰਾਮ 'ਤੇ ਇਹਨਾਂ ਨੂੰ ਵੰਗਾਰੀ ਜਾਂਦੇ ਸੀ? ਅਖੇ ਕੋਈ ਕਰਾਮਾਤ ਨਹੀਂ, ਕੋਈ ਭੂਤ ਨਹੀਂ, ਕੋਈ ਪ੍ਰੇਤ ਨਹੀਂ...! ਪਰ ਤਰਕਸ਼ੀਲਾਂ ਦਾ ਕੀ ਐ? ਉਹ ਤਾਂ ਨਾਸਤਿਕ ਐ! ਉਹ ਤਾਂ ਕਹਿੰਦੇ ਐ ਅਖੇ ਰੱਬ ਵੀ ਹੈਨ੍ਹੀ! ਉਹਨਾਂ ਦਾ ਕੀ ਸੱਚ ਮੰਨੀਏਂ? ਉਹ ਤਾਂ ਵਾਧੂ ਆਪ ਦੀ ਮਗਜ਼ਮਾਰੀ ਕਰੀ ਜਾਂਦੇ ਐ! ਸਾਰੀ ਦੁਨੀਆਂ ਰੱਬ ਨੂੰ ਮੰਨਦੀ ਐ! ਇਹ ਵੱਖਰੀ ਗੱਲ ਐ ਕਿ ਕੋਈ ਗੁਰਦੁਆਰੇ ਜਾਂਦੈ, ਕੋਈ ਮੰਦਰ ਅਤੇ ਕੋਈ ਚਰਚ ਜਾਦੈ! ਪਰ ਜਾਂਦੇ ਤਾਂ ਰੱਬ ਨੂੰ ਪੂਜਣ ਹੀ ਨੇ? ਢਾਈ ਕੁ ਕਾਮਰੇਡ ਜਾਂ ਤਰਕਸ਼ੀਲ ਸੱਚੇ ਹੋ ਗਏ ਅਤੇ ਕਰੋੜਾਂ ਦੁਨੀਆਂ ਝੂਠੀ ਹੋ ਗਈ? ਜਿਹੜੀ ਰੱਬ ਨੂੰ ਮੰਨੀ ਜਾਂਦੀ ਐ? ਜੇ ਰੱਬ ਹੈਗਾ ਤਾਂ ਭੂਤ ਪ੍ਰੇਤ ਵੀ ਹੈਗੇ ਐ! ਜੇ ਭੂਤ ਪ੍ਰੇਤ ਐ ਤਾਂ ਬਾਬਿਆਂ 'ਚ ਕਰਾਮਾਤਾਂ ਵੀ ਜ਼ਰੂਰ ਐ! ਦੁਨੀਆਂ ਵਿਚ ਹਰ ਕਲਾ ਦਾ ਵਿਰੋਧੀ ਤੱਤ ਮੌਜੂਦ ਹੈ! ਰੱਬ ਨੇੜੇ ਕਿ ਘਸੁੰਨ...? ਡਾਕਟਰ ਤਾਂ ਕਹਿੰਦੇ ਅਖੇ ਤੁਹਾਡੇ ਬੱਚਾ ਨਹੀਂ ਹੋ ਸਕਦਾ! ਡਾਕਟਰ ਨੂੰ ਪੁੱਛੇ ਬਈ ਤੂੰ ਰੱਬ ਐਂ...? ਬਚਪਨ ਤੋਂ ਕਹਾਣੀਆਂ ਸੁਣਦੇ ਹੀ ਆਏ ਐਂ ਕਿ ਫ਼ਲਾਨੇ ਫ਼ਲਾਨੇ ਦੇਵਤੇ ਨੇ ਫ਼ਲਾਨੀ ਬੇਔਲ਼ਾਦ ਔਰਤ ਨੂੰ ਕੰਨ ਰਾਹੀਂ ਕਿੱਡਾ ਬਲੀ ਪੁੱਤਰ ਬਖ਼ਸ਼ਿਆ। ਇਹ ਕਹਾਣੀਆਂ ਝੂਠ ਤਾਂ ਨਹੀਂ! ਦੁਨੀਆਂ ਮੰਨੇ ਚਾਹੇ ਨਾ ਮੰਨੇ...! ਮੈਂ ਕਿਹੜਾ ਬਾਬਿਆਂ ਨੂੰ ਮੰਨਦੀ ਸੀ? ਉਹ ਤਾਂ ਭਲਾ ਹੋਵੇ ਬੰਤੀ ਮਾਸੀ ਦਾ, ਜੀਹਨੇ ਮੈਨੂੰ ਐਸ ਪਾਸੇ ਵੱਲ ਤੋਰਿਆ। ਬਾਬਿਆਂ ਵੱਲ ਨੂੰ ਪ੍ਰੇਰਿਆ। ਨਹੀਂ ਮੈਂ ਕਿੱਥੇ ਫ਼ੋਨ ਕਰਨ ਵਾਲ਼ੀ ਸੀ ਬਾਬਿਆਂ ਨੂੰ? ਜਿਉਂਦੀ ਵਸਦੀ ਰਹੇ ਬਿਚਾਰੀ ਮਾਸੀ, ਜਿਹੜੀ ਮੇਰਾ ਐਨਾ ਫ਼ਿਕਰ ਰੱਖਦੀ ਐ! ਨਹੀਂ ਅੱਜ ਕੱਲ੍ਹ ਦੇ ਜ਼ਮਾਨੇ ਵਿਚ ਕੌਣ ਕਿਸੇ ਦਾ ਕਰਦੈ? ਅਗਲੇ ਤੋਂ ਆਪਦਾ ਆਪ ਨ੍ਹੀ ਲੋਟ ਆਉਂਦਾ! ਮਾਸੀ ਬਿਚਾਰੀ ਮੇਰੇ ਬਾਰੇ ਕਿੰਨਾ ਸੋਚਦੀ ਐ! ਜਿਉਂਦੀ ਵਸਦੀ ਰਹੇ ਬਿਚਾਰੀ। ਜਦੋਂ ਦੀ ਮਾਂ ਮਰੀ ਐ, ਮੇਰਾ ਪੂਰਾ ਸਾਥ ਦਿੱਤੈ। ਕਦੇ ਮਾਂ ਨ੍ਹੀ ਚੇਤੇ ਆਉਣ ਦਿੱਤੀ। ਜਿੱਦੇਂ ਮੇਰੇ ਮੁੰਡਾ ਹੋਇਆ, ਮਾਸੀ ਨੂੰ ਛਾਪ ਜ਼ਰੂਰ ਬਣਾ ਕੇ ਦੇਣੀ ਐਂ। ਆਖੂੰਗੀ, ਆਹ ਲੈ ਮਾਸੀ! ਆਹ ਗੁਰਭੇਜ ਦੇ ਜਨਮ 'ਤੇ ਮੈਂ ਤੇਰੇ ਵਾਸਤੇ ਸੁਪੈਸ਼ਲ ਬਣਾ ਕੇ ਲਿਆਂਦੀ ਐ! ਉਹ ਦਿਲ ਨਾਲ਼ ਗੱਲਾਂ ਕਰਦੀ, ਮਾਸੀ ਦੀ ਸ਼ੁਕਰਗੁਜ਼ਾਰ ਬਣੀ ਬੈਠੀ ਸੀ।

ਉਸ ਦੇ ਘਰਵਾਲ਼ਾ ਤਾਂ ਕਦੇ ਘਰੇ ਆਉਂਦਾ ਅਤੇ ਕਦੇ ਆਪਣੇ ਮਾਂ-ਬਾਪ ਕੋਲ਼ ਹੀ ਸੌਂ ਜਾਂਦਾ। ਮੀਤੀ ਵੱਡੇ ਵਿਸ਼ਾਲ ਮਕਾਨ ਵਿਚ ਇਕੱਲੀ ਹੀ ਸ਼ਰਾਪਿਆਂ ਵਾਂਗ ਬੈਠੀ, ਸੋਚਾਂ ਵਿਚ ਡੁੱਬੀ ਰਹਿੰਦੀ।

ਅਗਲੇ ਦਿਨ ਮੀਤੀ ਨੇ ਬਾਬੇ ਦੇ ਹੁਕਮ ਅਨੁਸਾਰ ਖਾਕੀ ਲਫ਼ਾਫ਼ੇ ਵਿਚ ਆਪਣੀ ਪਾਸਪੋਰਟ ਸਾਈਜ਼ ਫ਼ੋਟੋ ਅਤੇ ਸੌ ਪੌਂਡ ਨਕਦ ਪਾ ਕੇ 'ਫ਼ਾਸਟ ਮੇਲ' ਰਾਹੀਂ ਪੋਸਟ ਕਰ ਦਿੱਤੇ।

ਚੌਥੇ ਦਿਨ ਉਸ ਨੇ ਬਾਬੇ ਨੂੰ ਫ਼ੋਨ ਕੀਤਾ।

ਬਾਬੇ ਨੂੰ ਉਸ ਦੀ ਫ਼ੋਟੋ ਅਤੇ ਸੌ ਪੌਂਡ ਮਿਲ਼ ਗਿਆ ਸੀ। ਬਾਬਾ ਵੀ ਅਗਿੱਓਂ ਪੂਰਾ ਬਾਗੋਬਾਗ ਸੀ। ਬਾਬੇ ਨੇ ਉਸ ਨੂੰ ਦੋ ਦਿਨ ਬਾਅਦ ਫਿਰ ਫ਼ੋਨ ਕਰਨ ਲਈ ਆਖਿਆ। ਉਸ ਨੇ ਕੋਈ ਮੰਤਰ ਪੜ੍ਹਨਾ ਸੀ ਅਤੇ ਮੀਤੀ ਦੀ ਫ਼ੋਟੋ ਤੋਂ ਕਿਸੇ ਕਿਸਮ ਦਾ ਜਾਇਜਾ ਲੈਣਾ ਸੀ। ਉਸ ਦੇ ਸਾਰੇ ਕੰਮ ਰਾਸ ਆ ਜਾਣੇ ਸਨ। ਉਸ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਸੀ। ਅਗਲੇ ਸਾਲ ਉਸ ਦੀ ਗੋਦ ਵਿਚ 'ਗੁਰਭੇਜ ਸਿੰਘ' ਨੇ ਖੇਡਣਾ ਸੀ। ਉਸ ਦਾ ਮਾਂ ਬਣਨ ਦਾ ਚਾਅ ਪੂਰਾ ਹੋ ਜਾਣਾ ਸੀ। ਇਸ ਘਰ ਵਿਚ ਉਸ ਦੇ ਪੁੱਤ ਗੁਰਭੇਜ ਦੀਆਂ ਕਿਲਕਾਰੀਆਂ ਵੱਜਣੀਆਂ ਸਨ ਅਤੇ 'ਮੰਮੀ' ਅਖਵਾ ਕੇ ਉਸ ਦੇ ਮਨ ਨੂੰ ਸ਼ਾਂਤੀ ਆ ਜਾਣੀ ਸੀ।

ਜਦ ਉਸ ਨੇ ਦੋ ਦਿਨ ਬਾਅਦ ਬਾਬੇ ਨੂੰ ਫ਼ੋਨ ਕੀਤਾ ਤਾਂ ਬਾਬੇ ਨੇ ਪੰਜ ਸੌ ਇਕਵੰਜਾ ਪੌਂਡ ਅੱਗੇ ਵਾਂਗ ਹੋਰ ਭੇਜਣ ਲਈ ਕਿਹਾ। ਉਸ ਨੇ ਇਹ ਵੀ ਆਖਿਆ ਸੀ ਕਿ ਉਹ ਮੀਤੀ ਨੂੰ ਇਕ ਤਾਵੀਤ ਬਣਾ ਕੇ ਚਿੱਠੀ ਵਿਚ ਭੇਜੇਗਾ ਅਤੇ ਉਹ ਤਾਵੀਤ ਉਸ ਨੇ ਆਪਣੇ ਢਿੱਡ 'ਤੇ ਬੰਨ੍ਹ ਲੈਣਾ ਹੈ ਅਤੇ ਦੂਜਾ ਮੰਤਰ ਬਿਲਕੁਲ ਨਗਨ ਅਵਸਥਾ ਵਿਚ ਉਸ ਨੇ ਆਪ ਮੂੰਹੋਂ ਪੜ੍ਹਨਾ ਹੈ। ਅਗਰ ਉਹ ਘਰੇ ਨਹੀਂ ਕਰ ਸਕਦੀ ਤਾਂ ਉਹ ਇੱਥੇ ਆ ਸਕਦੀ ਹੈ। ਬਾਬੇ ਕੋਲ਼ ਇਕ ਬੀਬੀ ਰੱਖੀ ਹੋਈ ਹੈ। ਉਹ ਬੀਬੀ, ਮੀਤੀ ਨੂੰ ਇਹ ਜਾਪ ਖ਼ੁਦ ਕਰਵਾ ਦਿਆ ਕਰੇਗੀ। ਪਰ ਇਸ ਮੰਤਰ ਦਾ ਜਾਪ ਬਿਲਕੁਲ ਨਗਨ ਅਵਸਥਾ ਵਿਚ ਕਰਨਾ ਪਵੇਗਾ! ਮੀਤੀ ਨੂੰ ਬਾਬੇ ਦੀ ਇਹ ਸ਼ਰਤ ਵੀ ਮਨਜ਼ੂਰ ਸੀ।

ਉਸ ਨੇ ਪੰਜ ਸੌ ਇਕਵੰਜਾ ਪੌਂਡ ਅੱਗੇ ਵਾਂਗ ਹੀ ਬਾਬੇ ਨੂੰ ਚਿੱਠੀ ਵਿਚ ਪਾ ਕੇ ਡਾਕ ਰਾਹੀਂ ਭੇਜ ਦਿੱਤੇ।

ਹਫ਼ਤੇ ਦੇ ਵਿਚ ਵਿਚ ਬਾਬੇ ਵੱਲੋਂ ਦੋ ਖ਼ਤ ਆ ਗਏ। ਪਰ ਖ਼ਤ ਦੇ ਪਿੱਛੇ ਕਿਸੇ ਦਾ ਪਤਾ ਨਹੀਂ ਲਿਖਿਆ ਸੀ! ਇਕ ਖ਼ਤ ਵਿਚ ਤਾਵੀਤ ਸੀ, ਜਿਹੜਾ ਉਸ ਨੇ ਆਪਣੇ ਢਿੱਡ ਉਪਰ ਬੰਨ੍ਹ ਲਿਆ ਅਤੇ ਦੂਜੇ ਖ਼ਤ ਵਿਚ ਲਿਖੇ ਮੰਤਰ ਦੀ ਉਸ ਨੂੰ ਕੋਈ ਸਮਝ ਹੀ ਨਹੀਂ ਆਈ ਸੀ, ਕੀ ਲਿਖਿਆ ਸੀ? ਦੂਜੇ ਪੱਤਰ ਉਪਰ ਉਸ ਨੂੰ 'ਕੁੱਕੜ-ਘਾਂਗੜੇ' ਜਿਹੇ ਹੀ ਦਿਸ ਰਹੇ ਸਨ। ਕੋਈ ਅੱਖਰ ਉਸ ਤੋਂ ਉਠ ਨਹੀਂ ਰਿਹਾ ਸੀ। ਕੋਈ ਅਣਜਾਣ ਭਾਸ਼ਾ ਸੀ।

ਉਸ ਨੇ ਬਾਬੇ ਨੂੰ ਫ਼ੋਨ ਘੁੰਮਾਇਆ। ਹੁਣ ਬਾਬੇ ਨਾਲ਼ ਮੀਤੀ ਦੀ ਬਾਹਵਾ ਬੁੱਕਲ਼ ਖੁੱਲ੍ਹ ਚੁੱਕੀ ਸੀ। ਹੁਣ ਉਸ ਨੂੰ ਬਾਬੇ ਕੋਲ਼ ਗੱਲ ਕਰਦੀ ਨੂੰ ਕੋਈ ਡਰ ਜਾਂ ਭੈਅ ਨਹੀਂ ਆਉਂਦਾ ਸੀ। ਕੋਈ ਸੰਗ ਨਹੀਂ ਲੱਗਦੀ ਸੀ। ਦਿਲ ਸਾਂਝੇ ਹੋ ਗਏ ਸਨ। ਬਾਬਾ ਉਸ ਦਾ ਹਮਦਰਦ ਸੀ। ਬਾਬਾ ਉਸ ਦੇ ਦਿਲਾਂ ਦੀਆਂ ਜਾਨਣ ਵਾਲਾ ਸੀ। ਦਾਈਆਂ ਤੋਂ ਪੇਟ ਕਾਹਦੇ ਵਾਸਤੇ ਲੁਕਾਉਣੇ ਹੋਏ? ਬਾਬਾ ਤਾਂ ਉਸ ਦੇ ਜੀਵਨ ਵਿਚ ਖ਼ੁਸ਼ੀਆਂ ਖੇੜੇ ਲਿਆਉਣ ਵਾਲ਼ਾ ਇਕ ਫ਼ਰਿਸ਼ਤਾ ਸੀ। ਉਸ ਕੋਲੋਂ ਲਕੋ ਵੀ ਕਾਹਦਾ ਰੱਖਣਾ ਸੀ?

ਅੱਗਿਓਂ ਫ਼ੋਨ ਬਾਬੇ ਦੀ ਕਿਸੇ ਚੇਲੀ ਨੇ ਚੁੱਕਿਆ।

-"ਕੌਣ ਬੋਲਦੈ ਜੀ...?" ਉਧਰੋਂ ਕਿਸੇ ਵੰਝਲੀ ਵਰਗੀ ਮਿੱਠੀ ਅਵਾਜ਼ ਆਈ ਸੀ।

-"ਮੈਂ ਬਾਬਾ ਜੀ ਨਾਲ਼ ਗੱਲ ਕਰਨੀ ਐਂ ਜੀ।" ਮੀਤੀ ਆਪਣਾ ਨਾਂ ਉਸ ਔਰਤ ਤੋਂ ਛੁਪਾਅ ਗਈ।

ਉਸ ਨੇ ਅੱਗੇ ਬਾਬੇ ਨੂੰ ਫ਼ੋਨ ਫੜਾ ਦਿੱਤਾ।

ਜਦੋਂ ਬਾਬੇ ਨੇ 'ਹੈਲੋ' ਆਖੀ ਤਾਂ ਮੀਤੀ ਬੋਲ ਪਈ।

-"ਬਾਬਾ ਜੀ ਮੈਂ ਮੀਤੀ ਬੋਲਦੀ ਐਂ...! ਮਨਜੀਤ ਕੌਰ!" ਉਸ ਨੇ ਬੇਝਿਜਕ ਦੱਸਿਆ।

-"ਹਾਂ ਪੁੱਤਰ...? ਬੋਲ ਬੇਟਾ! ਮੇਰਾ ਭੇਜਿਆ ਤਾਵੀਤ ਤੇ ਮੰਤਰ ਮਿਲ਼ ਗਿਆ?"

-"ਮਿਲ਼ ਤਾਂ ਗਿਆ ਬਾਬਾ ਜੀ! ਤਾਵੀਤ ਤਾਂ ਮੈਂ ਥੋਡੇ ਹੁਕਮ ਅਨੁਸਾਰ ਢਿੱਡ 'ਤੇ ਬੰਨ੍ਹ ਲਿਐ-ਪਰ ਮੈਨੂੰ ਥੋਡੇ ਭੇਜੇ ਹੋਏ ਮੰਤਰ ਦੀ ਕੋਈ ਸਮਝ ਨਹੀਂ ਆ ਰਹੀ-ਕਿਹੜੀ ਭਾਸ਼ਾ ਵਿਚ ਹੈ ਇਹ...?"

-"ਜਿਹੜਾ ਮੈਨੂੰ ਡਰ ਸੀ-ਉਹ ਹੀ ਹੋਇਆ ਪੁੱਤਰ...!" ਬਾਬੇ ਦੇ ਆਖਣ 'ਤੇ ਮੀਤੀ ਡਰ ਗਈ।

-"ਕੀ ਬਾਬਾ ਜੀ...?" ਮੀਤੀ ਧੁਰੋਂ ਕੰਬ ਗਈ।

-"ਇਹ ਜਿਹੜੀ ਕੁਲੈਹਣੀਂ ਚੀਜ਼ ਤੇਰੀ ਕੁੱਖ ਨੂੰ ਬੰਨ੍ਹੀ ਬੈਠੀ ਐ-ਇਹਨੇ ਹਰਾਮਖ਼ੋਰ ਨੇ ਤੇਰੀ ਨਜ਼ਰ ਵੀ ਬੰਨ੍ਹ ਧਰੀ ਐ! ਇਸ ਕਰਕੇ ਤੂੰ ਇਹ ਮੇਰਾ ਮੰਤਰ ਪੜ੍ਹ ਨਹੀਂ ਸਕਦੀ-ਆਹ ਜਿਹੜੀ ਕੁੜੀ ਨੇ ਫ਼ੋਨ ਚੱਕਿਆ ਸੀ-ਇਹਦੇ ਨਾਲ਼ ਵੀ ਆਹੀ ਹਾਲ ਉਹ ਦੁਸ਼ਟ ਰੂਹ ਕਰਦੀ ਰਹੀ ਐ! ਇਹ ਉਹੀ ਕੁੜੀ ਐ...! ਜੀਹਦਾ ਮੈਂ ਇਕ ਵਾਰੀ ਤੇਰੇ ਨਾਲ਼ ਫ਼ੋਨ 'ਤੇ ਜ਼ਿਕਰ ਕੀਤਾ ਸੀ!" ਬਾਬੇ ਨੇ ਦੱਸਿਆ।

-"ਉਹ, ਅੱਛਾ...!"

-"ਅੱਛਾ, ਲੈ ਮੈਂ ਤੇਰੀ ਇਹਦੇ ਨਾਲ਼ ਈ ਗੱਲ ਕਰਵਾਉਨੈਂ-ਤੂੰ ਇਹਨੂੰ ਆਪ ਈ ਪੁੱਛ ਲੈ-ਤੇਰਾ ਵਹਿਮ ਵੀ ਨਿਕਲ਼ ਜਾਊ-ਆਹ ਲੈ ਕਰ ਗੱਲ...!" ਬਾਬੇ ਨੇ ਫ਼ੋਨ ਉਸ ਔਰਤ ਦੇ ਹੱਥ ਫੜਾ ਦਿੱਤਾ।

-"ਹਾਂ ਜੀ, ਭੈਣ ਜੀ...?" ਮੀਤੀ ਬੋਲੀ।

-"ਹਾਂ ਜੀ? ਕੀ ਨਾਂ ਐਂ ਤੁਹਾਡਾ...?"

-"ਮਨਜੀਤ ਕੌਰ ਐ ਭੈਣ ਜੀ! ਪਰ ਸਾਰੇ ਮੈਨੂੰ ਮੀਤੀ ਈ ਆਖ ਦਿੰਦੇ ਐ!"

-"ਮੀਤੀ ਗੱਲ ਇਹ ਐ! ਮੇਰੇ ਵੀ ਕੋਈ ਬੱਚਾ ਨਹੀਂ ਹੁੰਦਾ ਸੀ-ਮੇਰੀ ਵੀ ਕਿਸੇ ਨੇ ਕੁੱਖ ਬੰਨ੍ਹੀ ਹੋਈ ਸੀ-ਬਾਬਾ ਜੀ ਨੇ ਤਾਵੀਤ ਭੇਜਿਆ ਤੇ ਇਕ ਮੰਤਰ-ਉਹ ਤਾਵੀਤ ਤਾਂ ਮੈਂ ਬਾਬਾ ਜੀ ਦੇ ਆਖਣ ਮੁਤਾਬਿਕ ਢਿੱਡ 'ਤੇ ਬੰਨ੍ਹ ਲਿਆ-ਪਰ ਮੰਤਰ ਮੈਥੋਂ ਪੜ੍ਹਿਆ ਨਾ ਜਾਵੇ-ਮੈਂ ਬਾਬਾ ਜੀ ਨੂੰ ਫ਼ੋਨ ਕੀਤਾ-ਬਾਬਾ ਜੀ ਨੇ ਮੈਨੂੰ ਵਿਧੀ ਵੀ ਦੱਸੀ-ਪਰ ਮੰਤਰ ਮੈਥੋਂ ਫੇਰ ਨਾ ਪੜ੍ਹਿਆ ਗਿਆ-ਫੇਰ ਮੈਂ ਐਥੇ ਆ ਕੇ ਬਾਬਾ ਜੀ ਦੀ ਗੁਫ਼ਾ ਵਿਚ ਉਹ ਮੰਤਰ ਨਗਨ ਹਾਲਤ ਵਿਚ ਪੜ੍ਹਿਆ-ਹੁਣ ਬਾਬਾ ਜੀ ਦੀ ਕਿਰਪਾ ਨਾਲ਼ ਮੇਰੇ ਕੋਲ਼ੇ ਇਕ ਕੁੜੀ ਤੇ ਸੁੱਖ ਨਾਲ਼ ਇਕ ਮੁੰਡਾ ਐ...।" ਉਸ ਨੇ ਸਾਰੀ ਕਹਾਣੀ ਦੱਸੀ।

-"ਤੁਸੀਂ ਮੈਨੂੰ ਮੰਤਰ ਦਾ ਜਾਪ ਕਰਵਾ ਸਕਦੇ ਓਂ, ਭੈਣ ਜੀ?" ਮੀਤੀ ਨੇ ਤਰਲਾ ਕੀਤਾ।

-''ਦੇਖੋ ਭੈਣ ਜੀ...! ਮੰਤਰ ਦਾ ਜਾਪ ਤਾਂ ਮੈਂ ਕਰਵਾ ਦਿਆਂਗੀ-ਪਰ ਕਈ ਸ਼ਰਤਾਂ ਐਹੋ ਜੀਆਂ ਹੁੰਦੀਐਂ-ਜਿਹੜੀਆਂ ਕਿਸੇ ਨੂੰ ਫ਼ੋਨ 'ਤੇ ਦੱਸੀਆਂ ਨਹੀਂ ਜਾਂਦੀਆਂ! ਜੇ ਤੁਸੀਂ ਬਾਬਾ ਜੀ ਦੇ ਦਿੱਤੇ ਮੰਤਰ ਦਾ ਜਾਪ ਕਰਨਾ ਈ ਐਂ-ਬੱਚਾ ਪਾਉਣਾ ਹੀ ਹੈ-ਤਾਂ ਕਈਆਂ ਗੱਲਾਂ 'ਚ ਅੱਖੀਂ ਦੇਖ ਕੇ ਮੱਖੀ ਵੀ ਚਿੱਥਣੀਂ ਪੈਂਦੀ ਐ-ਤੇ ਖਰਚਾ ਬਰਚਾ ਵੀ ਹੁੰਦੈ-।''

-''ਖਰਚੇ ਬਰਚੇ ਦੀ ਭੈਣ ਜੀ ਮੈਨੂੰ ਕੋਈ ਪ੍ਰਵਾਹ ਨਹੀਂ-ਮੇਰਾ ਕੰਮ ਹੋਣਾ ਚਾਹੀਦੈ-ਤੁਸੀਂ ਦੱਸੋ ਕਿੰਨਾਂ ਕੁ ਚਿਰ ਹੋਰ ਬਾਬਾ ਜੀ ਕੋਲ਼ ਐਂ?'' ਮੀਤੀ ਕਾਹਲ਼ੀ ਪੈ ਗਈ।

-''ਭੈਣ ਜੀ, ਮੈਂ ਆਹ ਵੀਰਵਾਰ ਤੱਕ ਬਾਬਾ ਜੀ ਕੋਲ਼ ਹੀ ਹਾਂ-ਅਗਰ ਤੁਸੀਂ ਵਿਧੀ ਜਾਨਣਾ ਚਾਹੁੰਦੇ ਹੋ-ਤਾਂ ਪਰਸੋਂ ਨਹਾ ਧੋ ਕੇ ਐਥੇ ਆ ਜਾਵੋ-ਐਡਰੈੱਸ ਮੈਂ ਤੁਹਾਨੂੰ ਲਿਖਵਾ ਦਿੰਦੀ ਹਾਂ-ਆਪਾਂ ਜਾਪ ਕਰ ਲਵਾਂਗੇ-ਪਰ ਇਕ ਗੱਲ ਦਾ ਖਿਆਲ ਰੱਖਿਓ-!''

-''ਉਹ ਕਿਹੜੀ ਦਾ ਭੈਣ ਜੀ...?''

-''ਤੁਹਾਨੂੰ ਮੈਨਸਿਜ਼ ਨਾ ਆਏ ਹੋਣ...!''

-''ਨਹੀਂ ਉਹ ਤਾਂ ਲੰਘ ਚੁੱਕੇ ਐ-!''

-''ਫਿਰ ਪਰਸੋਂ ਆ ਜਾਓ-ਤੇ ਗਿਆਰਾਂ ਸੌ ਪੌਂਡ ਨਾਲ਼ ਲੈ ਕੇ ਆਉਣਾ-।''

-''ਉਹ ਤਾਂ ਮੈਂ ਲੈ ਆਊਂ ਭੈਣ ਜੀ-ਪਰ ਆਵਾਂ ਕਿੰਨੇ ਵਜੇ...?''

-''ਦੁਪਿਹਰੇ ਪੂਰੇ ਬਾਰਾਂ ਵਜੇ ਆਪਾਂ ਜਾਪ ਸ਼ੁਰੂ ਕਰਾਂਗੇ...।''

-''ਤੁਹਾਡਾ ਨਾਂ ਕੀ ਐ ਭੈਣ ਜੀ...?''

-''ਐਥੇ ਆਈ ਤੋਂ ਹੀ ਦੱਸ ਦਿਆਂਗੀ...! ਤੁਸੀਂ ਐੱਡਰੈੱਸ ਨੋਟ ਕਰ ਲਵੋ!''

ਉਸ ਔਰਤ ਨੇ ਐੱਡਰੈੱਸ ਲਿਖਵਾ ਕੇ ਫ਼ੋਨ ਰੱਖ ਦਿੱਤਾ।

ਮੀਤੀ ਨੇ ਦੋ ਦਿਨ ਮਸਾਂ ਹੀ ਗੁਜ਼ਾਰੇ।

ਉਸ ਦੇ ਘਰਵਾਲ਼ਾ ਕਦੇ ਕਦੇ ਹੀ ਘਰ ਆਉਂਦਾ ਸੀ। ਉਹ ਜਾਂ ਤਾਂ ਆਪਣੀ ਭੈਣ ਕੋਲ਼ੇ ਅਤੇ ਜਾਂ ਮਾਂ ਬਾਪ ਕੋਲ਼ ਹੀ ਰਾਤ ਨੂੰ ਰਹਿ ਪੈਂਦਾ। ਉਹ ਕਈ ਵਾਰ ਤਲਾਕ ਦਾ ਮਸਲਾ ਮੀਤੀ ਅੱਗੇ ਰੱਖ ਚੁੱਕਾ ਸੀ। ਹੁਣ ਉਹ ਆਪਣੇ ਘਰਵਾਲ਼ੇ ਦੀ ਉਡੀਕ ਹੀ ਕਰ ਰਹੀ ਸੀ ਕਿ ਕਦੋਂ ਆਵੇ, ਅਤੇ ਕਦੋਂ ਮੈਂ ਉਸ ਨੂੰ ਦੱਸਾਂ ਕਿ ਬਾਬਾ ਜੀ ਦੀ ਮਿਹਰ ਹੋ ਚੁੱਕੀ ਹੈ। ਅਗਲੇ ਸਾਲ ਤੱਕ ਗੁਰਭੇਜ ਸਿੰਘ ਮੇਰੀ ਗੋਦ ਵਿਚ ਖੇਡੇਗਾ। ਪਰ ਉਸ ਦੇ ਘਰਵਾਲ਼ਾ ਬਹੁੜਿਆ ਹੀ ਨਹੀਂ ਸੀ। ਉਹ ਉਸ ਦੇ ਅਤੇ ਆਪਣੇ ਮਾੜੇ ਕਰਮਾਂ ਨੂੰ ਦੋਸ਼ ਦੇ ਰਹੀ ਸੀ। ਜਦੋਂ ਸੈਹਾ ਨਿਕਲ਼ਿਆ ਕੁੱਤੇ ਨੂੰ 'ਧਾਰ' ਆ ਗਈ! ਜਦੋਂ ਬਾਬਾ ਜੀ ਦੀ ਮਿਹਰ ਹੋਈ, ਹੁਣ ਘਰਵਾਲ਼ਾ ਦਿਖਾਈ ਨਹੀਂ ਦੇ ਰਿਹਾ ਸੀ! ਉਹ ਉਡੀਕਦੀ ਥੱਕ ਲੱਥੀ ਸੀ।

ਉਪਰਲਾ ਕਮਰਾ ਉਸ ਨੇ ਆਉਣ ਵਾਲ਼ੇ ਗੁਰਭੇਜ ਸਿੰਘ ਲਈ ਹੁਣ ਤੋਂ ਹੀ ਸਜਾਉਣਾ ਸ਼ੁਰੂ ਕਰ ਦਿੱਤਾ ਸੀ। ਉਹ ਖਰੀਦਾ ਫ਼ਰੋਖ਼ਤੀ ਕਰਨ ਗਈ ਤਰ੍ਹਾਂ ਤਰ੍ਹਾਂ ਦੇ ਖਿਡਾਉਣੇ ਖਰੀਦ ਲਿਆਉਂਦੀ। ਗੁਰਭੇਜ ਦੇ ਕੱਪੜੇ ਲੈ ਆਉਂਦੀ। ਉਸ ਦੀਆਂ ਸਹੇਲੀਆਂ ਜਦ ਉਸ ਨੂੰ 'ਪ੍ਰੈਗਨਿੰਟ' ਹੋਣ ਬਾਰੇ ਪੁੱਛਦੀਆਂ ਤਾਂ ਉਹ ਕੁਝ ਨਾ ਦੱਸਦੀ ਅਤੇ ਚੁੱਪ ਚਾਪ ਘਰ ਆ ਜਾਂਦੀ। ਹੁਣ ਸਿਰਫ਼ ਅਤੇ ਸਿਰਫ਼ ਉਹ ਆਪਣੇ ਘਰਵਾਲ਼ੇ ਨੂੰ ਉਡੀਕਦੀ ਰਹਿੰਦੀ। ਹੁਣ ਉਸ ਨੂੰ ਇਹ ਘਰ ਬੜਾ ਹੁਸੀਨ ਲੱਗਣ ਲੱਗ ਪਿਆ ਸੀ। ਆਪਣੇ ਘਰਵਾਲ਼ੇ ਦਾ ਮੋਹ ਆਉਣ ਲੱਗ ਪਿਆ ਸੀ। ਦੁਨੀਆਂ ਦੀ ਹਰ ਸ਼ੈਅ ਚੰਗੀ-ਚੰਗੀ ਲੱਗਣ ਲੱਗ ਪਈ ਸੀ। ਨਹੀਂ ਅੱਗੇ ਤਾਂ ਉਸ ਨੂੰ ਆਪਣੀ ਜ਼ਿੰਦਗੀ ਬੇਰੰਗੀ ਅਤੇ ਫ਼ੋਕੀ ਜਿਹੀ ਹੀ ਜਾਪਦੀ ਸੀ। ਬੰਜਰ ਉਜਾੜ ਅਤੇ ਰੋਹੀ ਬੀਆਬਾਨ! ਜਿਸ ਵਿਚ ਕੋਈ ਰੰਗ ਨਾ ਖੇੜਾ ਸੀ! ਹੁਣ ਉਹ ਆਪਣੇ ਘਰਵਾਲ਼ੇ ਦੀ ਮਾੜੀ ਕਿਸਮਤ ਨੂੰ ਕੋਸਦੀ, ਕਿ ਜਦੋਂ ਹੁਣ ਬਾਬਾ ਜੀ ਦਿਆਲ ਹੋਏ ਸਨ। ਹੁਣ ਟੁੱਟ ਪੈਣਾ ਉਹ ਨਹੀਂ ਆਉਂਦਾ ਸੀ। ਉਹਦੇ ਕਰਮ ਵੀ ਮਾੜੇ ਈ ਨੇ! ਕਹਿੰਦੇ ਹੁੰਦੇ ਐ, ਜਦੋਂ ਰੱਬ ਦਿੰਦੈ ਤਾਂ ਛੱਪਰ ਪਾੜ ਕੇ ਦਿੰਦੈ। ਮਾੜੇ ਕਰਮਾਂ ਵਾਲ਼ਿਆਂ ਕੋਲੋਂ ਦੀ ਕਹਿੰਦੇ ਲਕਸ਼ਮੀ ਮਾਤਾ ਸੁੱਤਿਆਂ ਪਿਆਂ ਹੀ ਲੰਘ ਜਾਂਦੀ ਐ! ਸੁਣੀਆਂ ਕਥਾਵਾਂ ਨੂੰ ਯਾਦ ਕਰ ਕਰ ਉਹ ਆਪਣੇ ਪਤੀ 'ਤੇ ਖਿਝਦੀ ਅਤੇ ਕੁੜ੍ਹਦੀ ਰਹਿੰਦੀ! ਹੁਣ ਜਦੋਂ ਮੰਤਰ ਮਿਲਿਆ, ਜਾਪ ਕਰਨ ਦਾ ਵੇਲ਼ਾ ਆਇਆ, ਤਾਂ ਹੁਣ ਘਰਵਾਲ਼ਾ ਘਰੇ ਪੈਰ ਨਹੀਂ ਪਾਉਂਦਾ। ਉਹ ਉਸ ਦੀ ਕਿਸਮਤ ਨਾਲ਼ ਆਪਣਾ ਮੱਥਾ ਵੀ

ਪਿੱਟ ਲੈਂਦੀ!

ਤੀਜਾ ਦਿਨ ਆਇਆ ਤਾਂ ਉਹ ਸਵੇਰੇ ਸੱਤ ਵਜੇ ਹੀ ਉਠ ਖੜ੍ਹੀ ਹੋਈ। ਨਹਾਤੀ, ਧੋਤੀ ਅਤੇ ਨਾਸ਼ਤਾ ਕਰ ਕੇ ਦਸ ਕੁ ਵਜੇ ਉਹ ਦਿੱਤੇ ਪਤੇ ਵੱਲ ਨੂੰ ਰਵਾਨਾ ਹੋ ਗਈ। ਨਕਸ਼ਾ ਉਸ ਦੇ ਕੋਲ਼ ਸੀ। ਅੱਠ ਸਾਲਾਂ ਤੋਂ ਇੰਗਲੈਂਡ ਵਿਚ ਰਹਿ ਰਹੀ ਮੀਤੀ ਲਈ ਇਹ ਟਿਕਾਣਾ ਲੱਭਣਾ ਕੀ ਮੁਸ਼ਕਿਲ ਸੀ? ਗਿਆਰਾਂ ਕੁ ਵਜੇ ਉਹ ਦਿੱਤੇ ਪਤੇ 'ਤੇ ਪੁੱਜ ਗਈ।

ਕਾਰ ਪਾਰਕ ਕਰ ਕੇ ਮੀਤੀ ਨੇ ਡੋਰ-ਬੈੱਲ ਖੜਕਾਈ।

ਕਿਸੇ ਸੋਹਣੀ ਸੁਨੱਖੀ ਅਠਾਈ ਕੁ ਸਾਲ ਦੀ ਕੁੜੀ ਨੇ ਦਰਵਾਜਾ ਖੋਲ੍ਹਿਆ।

ਉਸ ਕੁੜੀ ਦੀ ਮਿੱਠੀ ਮੁਸਕਰਾਹਟ ਨੇ ਮੀਤੀ ਦਾ ਸਾਰਾ ਦੁੱਖ ਚੂਸ ਲਿਆ ਸੀ।

ਉਹ ਉਸ ਨੂੰ ਬੜੇ ਆਦਰ ਨਾਲ਼ ਅੰਦਰ ਲੈ ਗਈ। ਡਰਾਇੰਗ ਰੂਮ ਵਿਚ ਭਾਂਤ ਭਾਤ ਦੀਆਂ 'ਸੀਨਰੀਆਂ' ਦਿਲ ਨੂੰ ਧੂਹ ਪਾਉਂਦੀਆਂ ਸਨ। ਡਰਾਇੰਗ ਰੂਮ ਦਾ ਫ਼ਰਨੀਚਰ ਹੀ ਲੱਖ ਪੌਂਡ ਦੇ ਕਰੀਬ ਦਾ ਸੀ ਅਤੇ ਵਿਸ਼ਾਲ ਡਰਾਇੰਗ ਰੂਮ ਵਿਚ ਇਕ ਆਦਮ ਕੱਦ ਸਕਰੀਨ ਦਾ ਟੈਲੀਵਿਯਨ ਲੱਗਿਆ ਹੋਇਆ ਸੀ। ਕੁੜੀ ਨੇ ਉਸ ਨੂੰ ਚਾਹ ਪਾਣੀ ਬਾਰੇ ਪੁੱਛਿਆ ਤਾਂ ਮੀਤੀ ਨੇ ਇਨਕਾਰ ਕਰ ਦਿੱਤਾ।

-''ਭੈਣ ਜੀ, ਬਾਬਾ ਜੀ ਕਿੱਥੇ ਐ...?'' ਮੀਤੀ ਨੂੰ ਬਾਬਾ ਕਿਤੇ ਨਜ਼ਰ ਨਾ ਆਇਆ।

-''ਉਹ ਤੁਹਾਡੇ ਲਈ ਪੂਜਾ ਕਰ ਰਹੇ ਨੇ-ਪਰਸੋਂ ਤੋਂ ਲੈ ਕੇ ਅੱਜ ਤੱਕ ਕਿਸੇ ਨਾਲ਼ ਬੋਲੇ ਨਹੀਂ-ਕੁਛ ਖਾਧਾ ਪੀਤਾ ਵੀ ਨਹੀਂ-ਬੱਸ ਉਹਨਾਂ ਦਾ ਕਰੜਾ ਹੁਕਮ ਹੈ ਕਿ ਮੇਰੇ ਕੋਲ਼ੇ ਕੋਈ ਨਾ ਆਵੇ-ਮੈਨੂੰ ਕੋਈ ਬੁਲਾਵੇ ਨਾ-ਮੈਂ ਉਸ ਕੁੜੀ ਮੀਤੀ ਦੀ ਬੰਨ੍ਹੀ ਕੁੱਖ ਛੁਡਵਾਉਣੀ ਐਂ...!'' ਕੁੜੀ ਨੇ ਦੱਸਿਆ ਤਾਂ ਮੀਤੀ ਦਾ ਮਨ ਭਰ ਆਇਆ ਕਿ ਇਸ ਦੁਨੀਆਂ ਵਿਚ ਅਜੇ ਵੀ ਗੁਣੀਂ ਗਿਆਨੀ ਅਤੇ ਦਿਆਲੂ ਪੁਰਖ਼ ਵਸਦੇ ਹਨ! ਨਹੀਂ ਇੱਥੇ ਤਾਂ ਬੰਦਾ ਬਿਨਾ ਲਾਲਚ ਤੋਂ ਰੱਬ ਨੂੰ ਸੀਸ ਨਹੀਂ ਨਿਵਾਉਂਦਾ? ਕੀ ਘਾਟਾ ਐ ਬਾਬਾ ਜੀ ਨੂੰ? ਕਿਤਨਾ ਵੱਡਾ ਮਹਿਲ ਵਰਗਾ ਮਕਾਨ! ਜ਼ਿੰਦਗੀ ਜਿਉਣ ਦੀ ਹਰ ਸਹੂਲਤ ਮੌਜੂਦ! ਕਿੰਨਾ ਕੀਮਤੀ ਫ਼ਰਨੀਚਰ! ਬੋਤੇ ਜਿੱਡਾ ਟੀ. ਵੀ.! ਹੋਰ ਤਾਂ ਹੋਰ, ਡਰਾਇੰਗ ਰੂਮ ਵਿਚ ਲੱਗੀਆਂ ਸੀਨਰੀਆਂ ਹੀ ਪੰਜਾਹ ਹਜ਼ਾਰ ਪੌਂਡ ਦੀਆਂ ਹੋਣਗੀਆਂ। ਸਾਰੇ ਵਿਸ਼ਾਲ ਘਰ ਵਿਚ ਦੋ ਲੱਖ ਪੌਂਡ ਦਾ ਤਾਂ ਫ਼ਰਨੀਚਰ ਹੀ ਹੋਵੇਗਾ! ਕੀ ਲੈਣੈਂ ਐਹੋ ਜਿਹੇ ਰੱਜੇ ਪੁੱਜੇ ਬਾਬਾ ਜੀ ਨੇ ਲੋਕਾਂ ਤੋਂ...? ਜੀਹਦੇ ਕੋਲ਼ ਆਪ ਇਤਨਾ ਪੈਸਾ ਹੈ! ਮਹੱਲ ਵਰਗਾ ਘਰ ਹੈ! ਬਾਬਾ ਕਿਤੇ ਮੇਰੇ ਹਜ਼ਾਰ ਦੋ ਹਜ਼ਾਰ ਪੌਂਡ 'ਤੇ ਨਹੀਂ ਬੈਠਾ! ਉਹ ਤਾਂ ਇਕ ਕਰਮਯੋਗੀ ਅਤੇ ਦਇਆਵਾਨ ਪੁਰਖ਼ ਹੈ। ਦੂਜਿਆਂ ਦੇ ਦੁੱਖ ਦਲਿੱਦਰ ਨਵਿਰਤ ਕਰਨ ਵਾਲ਼ਾ ਉਪਕਾਰੀ ਪੁਰਸ਼, ਜਿਹੜਾ ਮੇਰੇ ਵਰਗੀ ਬੇਔਲ਼ਾਦ ਔਰਤ ਲਈ ਪਰਸੋਂ ਦਾ ਜਾਪ ਕਰ ਰਿਹਾ ਹੈ! ਉਹਨੂੰ ਮੇਰੇ ਪੌਂਡਾਂ ਦੀ ਕੀ ਲੋੜ ਐ...?

-''ਬਾਬਾ ਜੀ ਇੱਥੇ ਇਕੱਲੇ ਈ ਰਹਿੰਦੇ ਐ...?'' ਮੀਤੀ ਨੇ ਪੁੱਛਿਆ।

-''ਹਾਂ...! ਐਥੇ ਤਾਂ ਉਹ ਕਿਸੇ ਨੂੰ ਵੜਨ ਨਹੀਂ ਦਿੰਦੇ! ਬੱਸ, ਜੀਹਦੇ 'ਤੇ ਜ਼ਿਆਦਾ ਹੀ ਦਿਆਲੂ ਹੋ ਜਾਣ-ਉਹਨੂੰ ਐਥੇ ਬੁਲਾਉਂਦੇ ਨੇ! ਐਥੇ ਮਰਦ ਤਾਂ ਪੈਰ ਨਹੀਂ ਪਾ ਸਕਦਾ-ਬਾਬਾ ਜੀ ਕਦੇ ਕਦੇ ਮੈਨੂੰ ਯਾਦ ਕਰ ਲੈਂਦੇ ਨੇ-ਤੇ ਜਾਂ ਅੱਜ ਤੁਹਾਨੂੰ ਐਥੇ ਬੁਲਾਇਐ! ਪਰ ਕਦੇ ਕਦੇ ਬਾਬਾ ਜੀ ਦੱਸਦੇ ਹੁੰਦੇ ਐ ਬਈ ਉਹਨਾਂ ਦੇ ਉਸਤਾਦ ਜੀ ਆਉਂਦੇ ਹੁੰਦੇ ਨੇ-।''

-''ਉਹ ਕੌਣ ਨੇ...?'' ਮੀਤੀ ਦੀ ਉਤਸੁਕਤਾ ਵਧ ਗਈ।

-''ਸੰਸਾਰਕ ਤੌਰ 'ਤੇ ਤਾਂ ਉਹ ਦਸ ਕੁ ਸਾਲ ਪਹਿਲਾਂ ਚੋਲ਼ਾ ਤਿਆਗ ਗਏ ਸੀ-ਪਰ ਬਾਬਾ ਜੀ ਨੂੰ ਅਜੇ ਵੀ ਮਿਲਣ ਆਉਂਦੇ ਰਹਿੰਦੇ ਐ! ਜੇ ਕੋਈ ਕੰਮ ਅੜ ਜਾਵੇ-ਉਹ ਇਹਨਾਂ ਦੇ ਉਸਤਾਦ ਜੀ ਹੀ ਤਾਂ ਕੱਢਦੇ ਨੇ! ਇਹ ਬਾਬਾ ਜੀ ਉਹਨਾਂ ਦੀ ਹੀ ਉਪਾਸਨਾ ਕਰਦੇ ਐ, ਫਿਰ!''

ਮੀਤੀ ਧੰਨ ਹੋ ਗਈ!

ਉਸ ਨੇ ਸ਼ਰਧਾ ਨਾਲ਼ ਉਸਤਾਦ ਜੀ ਨੂੰ ਦਿਲ ਵਿਚ ਹੀ ਨਮਸਕਾਰ ਕੀਤੀ।

-''ਪੌਣੇਂ ਬਾਰਾਂ ਹੋ ਗਏ ਭੈਣ ਜੀ-ਹੁਣ ਤੁਸੀਂ ਮੇਰੇ ਨਾਲ਼ ਗੁਫ਼ਾ 'ਚ ਆਓ...!''

ਮੀਤੀ ਉਠ ਕੇ ਉਸ ਕੁੜੀ ਨਾਲ਼ ਬਾਹਰਲਾ ਗਾਰਡਨ ਟੱਪ ਕੇ 'ਗੁਫ਼ਾ' ਅੰਦਰ ਚਲੀ ਗਈ।

ਗੁਫ਼ਾ ਇਕ ਖੁੱਲ੍ਹਾ ਡੁੱਲ੍ਹਾ ਪਰ ਘੁੱਟਵਾਂ ਜਿਹਾ ਕਮਰਾ ਸੀ। ਅੰਦਰੋਂ ਅਤਰ ਫੁਲੇਲਾਂ ਦੀ ਸੁਗੰਧੀ ਦਿਮਾਗ ਦੀ ਅਸ਼ੁੱਧੀ ਧੋਂਦੀ ਸੀ। ਕੁਝ ਹੱਥੀਂ ਬਣਾਈਆਂ ਮੂਰਤੀਆਂ ਪਈਆਂ ਸਨ। ਗੁਫ਼ਾ ਦੇ ਪਰਦੇ ਸਾਰੇ ਪਾਸਿਆਂ ਤੋਂ ਬੰਦ ਸਨ ਅਤੇ ਇਕ ਪਾਸੇ ਪਾਣੀ ਦਾ ਘੜ੍ਹਾ ਪਿਆ ਸੀ, ਜੋ ਲਾਲ ਕੱਪੜੇ ਅਤੇ ਨਾਰੀਅਲ ਨਾਲ਼ ਢਕਿਆ ਹੋਇਆ ਸੀ। ਇਕ ਪਾਸੇ ਇਕ ਚਿੱਪੀ ਪਈ ਸੀ। ਇਕ ਵੱਡਾ ਬੈੱਡ ਵਿਛਿਆ ਹੋਇਆ ਸੀ ਅਤੇ ਉਸ ਦੇ ਸਿਰਹਾਣੇਂ ਵਾਲ਼ੇ ਪਾਸੇ ਮੁਰਦੇ ਦੀ ਖੋਪੜੀ ਅਤੇ ਹੱਡੀ ਪਈ ਸੀ। ਦੇਖ ਕੇ ਮੀਤੀ ਡਰ ਗਈ।

-''ਡਰਨ ਆਲ਼ੀ ਕੋਈ ਗੱਲ ਨਹੀਂ ਭੈਣ ਜੀ...! ਇਹ ਹੁਣ ਸਾਰੇ ਤੇਰੇ ਸਹਿਯੋਗੀ ਨੇ! ਜਿਹੜਾ ਮੰਤਰ ਬਾਬਾ ਜੀ ਨੇ ਤੁਹਾਨੂੰ ਦਿੱਤਾ ਹੈ-ਜੇ ਤਾਂ ਤੁਸੀਂ ਉਹ ਕਰ ਲਿਆ ਪੂਰੀ ਵਿਧੀ ਨਾਲ-ਫੇਰ ਤਾਂ ਤੁਹਾਡੀਆਂ ਪੌਂ ਬਾਰਾਂ-ਤੇ ਕਈ ਵਾਰ ਪੂਰੀ ਵਿਧੀ ਨਾਲ਼ ਨਾ ਕਰੀਏ-ਤਾਂ ਇਹ ਮੰਤਰ ਆਪਦੇ ਉਪਰ ਪੁੱਠੇ ਵੀ ਪੈ ਸਕਦੇ ਨੇ...!'' ਆਖ ਕੇ ਉਸ ਕੁੜੀ ਨੇ ਮੀਤੀ ਨੂੰ ਹੋਰ ਡਰਾ ਦਿੱਤਾ। ਮੀਤੀ ਦੀਆਂ ਲੱਤਾਂ ਵਿਚ ਝਰਨ-ਝਰਨ ਹੋਣ ਲੱਗ ਪਈ।

-''ਜੇ ਇਹਨਾਂ ਚੀਜ਼ਾਂ ਨੂੰ ਵੱਸ ਕਰ ਲਈਏ-ਤਾਂ ਇਹ ਤੁਹਾਡੀਆਂ ਗੁਲਾਮ ਬਣ ਜਾਂਦੀਐਂ-ਫੇਰ ਇਹਨਾਂ ਤੋਂ ਜਿਹੜਾ ਕੰਮ ਮਰਜੀ ਐ, ਕਰਵਾ ਲਵੋ! ਤੇ ਜੇ ਇਹ ਚੀਜ਼ਾਂ ਵਿਧੀ ਨਾਲ਼ ਸਿੱਧ ਨਾ ਕੀਤੀਆਂ ਜਦ ਸਕਣ-ਤਾਂ ਇਹ ਥੋਡਾ ਮਲ਼ੀਆਮੇਟ ਵੀ ਕਰ ਸਕਦੀਐਂ!''

-''ਉਹ ਕਿਵੇਂ...?'' ਮੀਤੀ ਦੇ ਦਿਮਾਗ ਵਿਚ ਬਿੰਡੇ ਟਿਆਂਕਣ ਲੱਗ ਪਏ।

-''ਸਭ ਤੋਂ ਪਹਿਲਾਂ ਸਾਰਾ ਟੱਬਰ ਫ਼ਨਾਂਹ! ਤੇ ਫੇਰ, ਇਹ ਨਾ ਤੁਹਾਨੂੰ ਮਰਨ ਦਿੰਦੇ ਐ-ਤੇ ਨਾ ਥੋਨੂੰ ਜਿਉਣ ਦਿੰਦੇ ਐ-ਹੋਰ ਤਾਂ ਹੋਰ, ਇਹ ਤਾਂ ਮਰਨ ਮਗਰੋਂ ਵੀ ਕਿਸੇ ਦਾ ਖਹਿੜਾ ਨਹੀਂ ਛੱਡਦੇ! ਸਵਰਗ 'ਚ ਤਾਂ ਇਹਨਾਂ ਨੇ ਕਿਸੇ ਨੂੰ ਕੀ ਵੜਨ ਦੈਣੈਂ? ਇਹ ਤਾਂ ਨਰਕ 'ਚ ਵੀ ਪੈਰ ਨਹੀਂ ਪਾਉਣ ਦਿੰਦੇ! ਕਿਉਂਕਿ ਨਰਕਾਂ 'ਚ ਤਾਂ ਇਹਨਾਂ ਦਾ ਰਾਜ ਐ! ਜੇ ਇਹ ਵਿਰੋਧੀ ਹੋ ਜਾਣ ਤਾਂ ਚੁਰਾਸੀ ਕਰੋੜ ਸਾਲ ਬੰਦੇ ਦੀ ਆਤਮਾ ਨੂੰ ਭਟਕਣਾ ਵਿਚ ਈ ਰੱਖਦੇ ਐ...।''

ਸੁਣ ਕੇ ਮੀਤੀ ਡਿੱਗਣ ਵਾਲ਼ੀ ਹੋ ਗਈ।

-''ਤੁਸੀਂ ਚਿੰਤਾ ਨਾ ਕਰੋ! ਡਰਨਾ ਬਿਲਕੁਲ ਨਹੀਂ...! ਮੈਂ ਤੁਹਾਡੇ ਨਾਲ਼ ਐਂ! ਬਾਰਾਂ ਵੱਜਣ ਆਲ਼ੇ ਐ-ਆਪਾਂ ਜਾਪ ਸ਼ੁਰੂ ਕਰਦੇ ਐਂ-ਤੁਸੀਂ ਸਾਰੇ ਕੱਪੜੇ ਉਤਾਰ ਲਵੋ! ਮੈਂ ਜਲ ਲੈ ਕੇ ਆਉਂਦੀ ਹਾਂ...!'' ਉਹ ਕੁੜੀ ਬਾਹਰ ਨਿਕਲ਼ ਗਈ। ਮੀਤੀ ਆਪਣੇ ਆਪ ਨੂੰ ਕਸੂਤੀ ਫ਼ਸੀ ਮਹਿਸੂਸ ਕਰ ਰਹੀ ਸੀ। ਜੇ ਮੰਤਰ ਸਿੱਧ ਨਾ ਹੋਏ? ਫੇਰ ਮੈਂ ਕੀ ਕਰੂੰਗੀ...? ਉਹ ਅਜੇ ਸੋਚਾਂ ਦੀਆਂ ਕੱਪੜਛੱਲਾਂ ਵਿਚ ਹੀ ਗੁੰਮ ਸੀ ਕਿ ਕੁੜੀ ਫਿਰ ਮੁੜ ਆਈ।

-''ਤੁਸੀਂ ਕੱਪੜੇ ਨਹੀਂ ਲਾਹੇ ਹੁਣ ਤੱਕ? ਭੈਣ ਜੀ, ਬਾਰਾਂ ਵੱਜਣ ਵਾਲ਼ੇ ਹੋ ਗਏ! ਜੇ ਬਾਰਾਂ ਵਜੇ ਜਾਪ ਨਾ ਸ਼ੁਰੂ ਕੀਤਾ ਤਾਂ ਤੁਹਾਨੂੰ ਫਿਰ ਕਦੇ ਆਉਣਾ ਪਊ! ਫੇਰ ਪਤਾ ਨਹੀਂ ਬਾਬਾ ਜੀ ਕਦੋਂ ਸਮਾਂ ਦੇਣ? ਹੋ ਸਕਦੈ, ਨਾ ਹੀ ਦੇਣ! ਨਾਲੇ ਭੇਟਾ ਵਾਲ਼ੇ ਪੈਸੇ ਮੈਨੂੰ ਆਪਣੇ ਖੱਬੇ ਹੱਥ ਨਾਲ਼ ਕੱਢ ਕੇ ਫੜਾ ਦਿਓ!'' ਕੁੜੀ ਨੇ ਕਿਹਾ।

ਮੀਤੀ ਨੇ ਗਿਆਰਾਂ ਸੌ ਪੌਂਡ ਕੱਢ ਕੇ ਖੱਬੇ ਹੱਥ ਨਾਲ਼ ਫੜਾ ਦਿੱਤੇ। ਪਰ ਉਹ ਉਸ ਕੁੜੀ ਦੇ ਸਾਹਮਣੇ ਸਾਰੇ ਕੱਪੜੇ ਲਾਹੁੰਣ ਤੋਂ, ਨਗਨ ਹੋਣ ਤੋਂ ਜਕ ਰਹੀ ਸੀ। ਕੁੜੀ ਸਮਝ ਗਈ।

-''ਤੁਸੀਂ ਕਦੇ ਆਪਣੀ ਮਾਂ ਜਾਂ ਭੈਣ ਦੇ ਸਾਹਮਣੇ ਕੱਪੜੇ ਨਹੀਂ ਲਾਹੇ...?''

-''......।''

-''ਤੇ ਤੂੰ ਮੈਨੂੰ ਆਪਣੀ ਮਾਂ ਜਾਂ ਭੈਣ ਹੀ ਸਮਝ, ਮੀਤੀ...! ਜਲਦੀ ਕਰ, ਨਗਨ ਹੋ! ਟਾਈਮ ਹੋ ਚੱਲਿਐ...!'' ਹੁਣ ਉਸ ਨੇ ਘੜ੍ਹੀ ਵੱਲ ਦੇਖ ਕੇ, ਕੁਝ ਕਰੜੀ ਹੋ ਕੇ ਆਖਿਆ।

-''ਜੇ ਤਾਂ ਜਗਾਉਣੀ ਐਂ ਕੁੱਖ-ਫੇਰ ਤਾਂ ਦੋ ਮਿੰਟਾਂ ਵਿਚ ਨਿਰਵਸਤਰ ਹੋਜਾ-ਨਹੀਂ ਤਾਂ ਮੈਂ ਚੱਲੀ!''

ਮੀਤੀ ਨੇ ਫ਼ੁਰਤੀ ਨਾਲ਼ ਕੱਪੜੇ ਲਾਹ ਸੁੱਟੇ।

ਉਹ ਡਲ਼ੀ ਵਾਂਗ ਨੰਗੀ ਕੁੜੀ ਦੇ ਸਾਹਮਣੇ ਖੜ੍ਹੀ ਸੀ।

-''ਹੁਣ ਔਸ ਬੈੱਡ 'ਤੇ ਪੈ...!'' ਉਸ ਨੇ ਉਂਗਲ ਦੇ ਇਸ਼ਾਰੇ ਨਾਲ਼ ਦੱਸਿਆ।

ਮੀਤੀ ਸਿੱਧੀ ਬੈੱਡ 'ਤੇ ਲੇਟ ਗਈ।

-''ਆਹ ਜਲ ਪੀਅ ਤੇ ਅੱਖਾਂ ਬੰਦ ਕਰ...!''

ਮੀਤੀ ਨੇ ਉਠ ਕੇ ਜਲ ਪੀ ਲਿਆ। ਲੇਟ ਕੇ ਅੱਖਾਂ ਬੰਦ ਕਰ ਲਈਆਂ।

-"ਹੁਣ ਆਪਾਂ ਜਾਪ ਸ਼ੁਰੂ ਕਰਦੇ ਐਂ-ਕੋਈ ਖੜਕਾ ਹੋਵੇ-ਕੋਈ ਕੁਛ ਬੋਲੇ-ਕੁਛ ਹੋਵੇ...! ਤੂੰ ਧਿਆਨ ਨਹੀਂ ਦੇਣਾ! ਕੁਛ ਬੋਲਣਾ ਨਹੀਂ! ਤੂੰ ਚੁੱਪ ਚਾਪ ਅਹਿਲ ਪਈ ਰਹਿਣੈਂ! ਤੂੰ ਸਿਰਫ਼ ਆਪਣੇ ਹੋਣ ਵਾਲ਼ੇ ਮੁੰਡੇ ਦਾ ਧਿਆਨ ਹੀ ਧਰਨੈਂ! ਸ਼ਾਂਤ ਚਿੱਤ...! ਕਿਸੇ ਵੱਲ ਕੋਈ ਧਿਆਨ ਨਹੀਂ ਦੇਣਾ! ਆਪਣੇ ਬੱਚੇ ਵੱਲ ਹੀ ਧਿਆਨ ਕਰਨੈਂ! ਕੋਈ ਖੜਕਾ ਹੋਵੇ-ਕੁਛ ਹੋਵੇ-ਕੋਈ ਕੁਛ ਕਹੇ-ਤੈਨੂੰ ਕੁਛ ਸੁਣੇ-ਸਾਰਾ ਕੁਛ ਅੱਖੋਂ ਪਰੋਖੇ ਕਰਨੈਂ...! ਇਉਂ ਮਹਿਸੂਸ ਕਰਨੈਂ, ਜਿਵੇਂ ਤੂੰ ਜੰਗਲ 'ਚ 'ਕੱਲੀ ਪਈ ਹੁੰਦੀ ਐਂ-ਤੇਰੇ ਨਾਲ਼ ਕੁਛ ਹੋਵੇ-ਬੋਲਣਾ ਨਹੀਂ...! ਬਾਰੂ ਦੇਵਤਾ ਆ ਕੇ ਤੇਰੀ ਕੁੱਖ ਹਰੀ ਕਰੂਗਾ! ਬੋਲਣਾ ਨਹੀਂ-ਚੀਕਣਾ ਨਹੀਂ-ਚੁੱਪ ਚਾਪ ਲੇਟੀ ਰਹਿਣੈਂ! ਬਾਰੂ ਦੇਵਤਾ ਤੇਰੀ ਕੁੱਖ ਹਰੀ ਕਰੂਗਾ...! ਬਾਰੂ ਦੇਵਤਾ ਆਊਗਾ-ਤੇਰੀ ਕੁੱਖ ਹਰੀ ਕਰੂਗਾ-ਬੰਨ੍ਹੀ ਕੁੱਖ ਜਗਾਊਗਾ...!" ਉਹ ਕੁੜੀ ਪਤਾ ਨਹੀਂ ਕਿੰਨਾ ਕੁ ਚਿਰ ਬੋਲਦੀ ਰਹੀ...? ਪਰ ਮੀਤੀ ਨੂੰ ਸੁਣਨਾ ਬੰਦ ਹੋ ਗਿਆ ਸੀ...। ਉਹ ਬੇਹੋਸ਼ਾਂ ਵਾਂਗ ਬੈੱਡ 'ਤੇ ਸਪਾਲ਼ ਪਈ ਸੀ...। ਪਤਾ ਨਹੀਂ ਕਦੋਂ ਉਹ ਬੇਸੁੱਧ ਹੋਈ ਸੀ...? ਪਤਾ ਨਹੀਂ ਕਦੋਂ "ਬਾਰੂ ਦੇਵਤਾ" ਆਇਆ ਅਤੇ ਕਿੰਨਾ ਚਿਰ ਮੀਤੀ ਦੀ ਕੁੱਖ "ਹਰੀ" ਕਰਦਾ ਰਿਹਾ...? ਮੀਤੀ ਬੇਸੁਰਤ ਸੀ...!

ਬਾਰੂ ਦੇਵਤਾ ਸ਼ਾਮ ਤੱਕ ਮੀਤੀ ਦੀ ਕੁੱਖ ਹਰੀ ਕਰਨ ਦਾ ਜੋਰ ਲਾਉਂਦਾ ਰਿਹਾ...। ਪਤਾ ਨਹੀਂ ਬਾਰੂ ਦੇਵਤਾ ਕਦੋਂ ਅਤੇ ਕਿੱਥੋਂ ਆਇਆ ਸੀ...? ਅਤੇ ਕਿੰਨਾ ਚਿਰ ਉਹ ਮੀਤੀ ਦੀ ਕੁੱਖ ਜਗਾਉਣ ਲਈ ਜੱਦੋਜਹਿਦ ਕਰਦਾ ਰਿਹਾ...? ਮੀਤੀ ਨੂੰ ਕੁਝ ਪਤਾ ਨਹੀਂ ਸੀ...!

ਜਦੋਂ ਦਿਨ ਛੁਪਦੇ ਨਾਲ ਮੀਤੀ ਦੀ ਜਾਗ ਖੁੱਲ੍ਹੀ ਤਾਂ ਉਹ ਕੁੜੀ ਮੀਤੀ ਦਾ ਸਰੀਰ ਕਿਸੇ ਸੁਗੰਧੀ ਵਾਲੇ ਪਾਣੀ ਨਾਲ਼ ਧੋ ਰਹੀ ਸੀ। ਹੁਣ ਉਹ ਬੈੱਡ 'ਤੇ ਨਹੀਂ, ਬੈੱਡ ਦੇ ਨਾਲ਼ ਪਏ ਪਲਾਸਟਿਕ ਦੇ ਬੈਂਚ 'ਤੇ ਪਈ ਸੀ। ਮੀਤੀ ਦਾ ਸਾਰਾ ਸਰੀਰ ਸੁਗੰਧੀ ਵਿਚ ਲਪਟਾਂ ਮਾਰ ਰਿਹਾ ਸੀ। ਉਸ ਤੋਂ ਉਠ ਕੇ ਬੈਠਿਆ ਨਾ ਗਿਆ। ਉਸ ਦਾ ਸਾਰਾ ਸਰੀਰ ਟੁੱਟ ਰਿਹਾ ਸੀ। ਅੰਗ ਪੈਰ ਜਵਾਬ ਦੇ ਚੁੱਕੇ ਸਨ। ਉਸ ਨੂੰ ਇੰਜ ਮਹਿਸੂਸ ਹੋ ਰਿਹਾ ਸੀ, ਜਿਵੇਂ ਉਹ ਬੁਖ਼ਾਰ 'ਚੋਂ ਉਠੀ ਹੋਵੇ! ਜਦ ਉਸ ਨੇ ਟੰਗਾਂ ਇਕੱਠੀਆਂ ਕਰਨੀਆਂ ਚਾਹੀਆਂ, ਤਾਂ ਉਸ ਦਾ ਕੁੱਲਾ ਬੁਰੀ ਤਰ੍ਹਾਂ ਚਸਕਾਂ ਮਾਰ ਰਿਹਾ ਸੀ। ਲੱਤਾਂ 'ਚੋਂ ਭਾਫ਼ ਨਿਕਲ਼ ਰਹੀ ਸੀ। ਜਿਵੇਂ ਕਿਸੇ ਨੇ ਉਸ ਦੀਆਂ ਲੱਤਾਂ ਦਾ ਐਂਗਲ ਬਣਾ ਕੇ ਉਸ ਨੂੰ ਵਿਚਕਾਰੋਂ ਕੁੱਟਿਆ ਹੋਵੇ...!

-"ਕੀ ਮਹਿਸੂਸ ਹੋਇਆ ਮੀਤੀ? ਲੱਗਿਆ ਕੁਛ ਪਤਾ?" ਉਹ ਕੁੜੀ ਮੀਤੀ ਸਾਹਮਣੇ ਖੜ੍ਹੀ ਮੁਸਕਰਾ ਰਹੀ ਸੀ। ਉਸ ਨੇ ਸੁਗੰਧੀ ਦੇ ਪਾਣੀ ਦਾ ਟੱਬ ਅਤੇ ਸਪੰਜ ਪਰ੍ਹੇ ਰੱਖ ਦਿੱਤੀ।

-"ਮੈਨੂੰ ਤਾਂ ਭੈਣ ਜੀ ਕੁਛ ਵੀ ਪਤਾ ਨਹੀਂ ਲੱਗਿਆ...।" ਮੀਤੀ ਬੋਲੀ।

-"ਬਾਰੂ ਦੇਵਤਾ ਤੇਰੀ ਕੁੱਖ ਜਗਾ ਗਿਆ...!"

-"ਤੁਸੀਂ ਦੇਖਿਆ?" ਉਹ ਬੇਸੁਰਤੀ ਜਿਹੀ ਵਿਚ ਵੀ ਟਹਿਕ ਪਈ।

-"ਮੈਂ ਤਾਂ ਆਪ ਵੀ ਤੇਰੇ ਨਾਲ਼ ਹੀ ਹੋਸ਼ ਗੁਆ ਬੈਠੀ ਸੀ-ਇਹ ਪੱਕੀ ਨਿਸ਼ਾਨੀ ਐਂ-ਜਦੋਂ ਬਾਰੂ ਦੇਵਤਾ ਆਉਂਦੈ-ਤਾਂ ਉਹਦਾ ਤਪ ਤੇਜ਼ ਈ ਐਨਾ ਐਂ-ਉਦੋਂ ਸਾਰਿਆਂ ਨੂੰ ਨੀਂਦ ਆ ਜਾਂਦੀ ਐ...! ਆਹ ਦੇਖ, ਮੁਰਦੇ ਦੀ ਖੋਪੜੀ ਤੇ ਹੱਡੀ ਥੱਲੇ ਡਿੱਗੀ ਪਈ! ਉਹ ਜਾਣ ਲੱਗਿਆ ਇਹਨੂੰ ਥੱਲੇ ਸੁੱਟ ਜਾਂਦੈ! ਇਹ ਉਹਦੀ ਪੱਕੀ ਨਿਸ਼ਾਨੀ ਐਂ...!" ਕੁੜੀ ਖੋਪੜੀ ਅਤੇ ਹੱਡੀ ਨੂੰ ਪਹਿਲੀ ਥਾਂ 'ਤੇ ਟਿਕਾਉਂਦੀ ਕਿਸੇ ਅਕਹਿ ਵਿਸ਼ਵਾਸ ਨਾਲ਼ ਦੱਸ ਰਹੀ ਸੀ।

ਮੀਤੀ ਨੂੰ ਸੰਤੁਸ਼ਟੀ ਹੋਈ।

-"ਮੀਤੀ, ਜੇ ਮੇਰੇ ਮੂੰਹੋਂ ਕੋਈ ਕੌੜਾ ਬਚਨ ਤੈਨੂੰ ਨਿਕਲ਼ ਗਿਆ ਹੋਵੇ ਤਾਂ ਭੈਣੇ ਮੈਨੂੰ ਮੁਆਫ਼ ਕਰੀਂ! ਅਸਲ 'ਚ ਤਾਂ ਗੱਲ ਇਹ ਐ ਬਈ ਜਦੋਂ ਬਾਰੂ ਦੇਵਤੇ ਨੇ ਆਉਣਾ ਹੁੰਦੈ-ਉਦੋਂ ਕੋਲ ਖੜ੍ਹੇ ਬੰਦੇ ਦੇ ਸੁਭਾਅ 'ਚ ਵੀ ਫ਼ਰਕ ਆ ਜਾਂਦੈ-।"

-"ਹੁਣ ਤਾਂ ਨਹੀਂ ਮੈਨੂੰ ਆਉਣਾ ਪਊ...?" ਮੀਤੀ ਨੇ ਪੁੱਛਿਆ।

-"ਇਹ ਤਾਂ ਬਾਬਾ ਜੀ ਹੀ ਦੱਸ ਸਕਣਗੇ!"

-"ਬਾਬਾ ਜੀ ਕਿੱਥੇ ਐ...?"

-"ਉਹ ਐਸ ਟੈਮ ਕਿਸੇ ਨੂੰ ਨਹੀਂ ਮਿਲਦੇ-ਪੂਜਾ 'ਚ ਮਘਨ ਐਂ-ਤੂੰ ਕੱਲ੍ਹ ਨੂੰ ਉਹਨਾਂ ਨੂੰ ਫ਼ੋਨ ਕਰ ਲਵੀਂ!"

-''ਬਾਬਾ ਜੀ ਸਾਰੀ ਦਿਹਾੜੀ ਈ ਪੂਜਾ ਪਾਠ ਕਰਦੇ ਰਹਿੰਦੇ ਐ?'' ਮੀਤੀ ਹੈਰਾਨ ਸੀ।

-''ਤੂੰ ਸਾਰੀ ਦਿਹਾੜੀ ਦੀ ਗੱਲ ਕਰਦੀ ਐਂ? ਉਹ ਤਾਂ ਕਦੇ-ਕਦੇ ਛੇ-ਛੇ ਮਹੀਨੇ ਪੂਜਾ ਪਾਠ 'ਚ ਲੱਗੇ ਰਹਿੰਦੇ ਐ!''

-''ਕਮਾਲ ਐ...!''

ਮੀਤੀ ਆਪਣੀ ਕਾਰ ਲੈ ਕੇ ਵਾਪਿਸ ਆ ਗਈ। ਉਹ ਸਾਰੇ ਰਾਹ ਸੋਚਦੀ ਆਈ ਸੀ ਕਿ ਕੀ ਕੀਤਾ ਸੀ ਬਾਰੂ ਦੇਵਤੇ ਨੇ ਮੇਰੇ ਨਾਲ਼? ਮੈਨੂੰ ਤਾਂ ਕੁਝ ਪਤਾ ਹੀ ਨਹੀਂ ਚੱਲਿਆ ਸੀ! ਕਿਵੇਂ ਹਰੀ ਕਰਨੀ ਸੀ ਉਸ ਨੇ ਮੇਰੀ ਕੁੱਖ? ਬਾਬਾ ਜੀ ਨੂੰ ਪੁੱਛਾਂਗੀ।

ਰਾਤ ਨੂੰ ਬੈੱਡ ਵਿਚ ਪਈ-ਪਈ ਵੀ ਉਹ ਸੋਚਦੀ ਰਹੀ ਕਿ ਰਾਤ ਨੂੰ ਕਦੇ-ਕਦੇ ਮੈਨੂੰ ਆਪਣੇ ਪਤੀ ਦੀ ਯਾਦ ਆਉਂਦੀ ਸੀ ਅਤੇ ਮਨ ਕਿਸੇ ਭਾਵਨਾ ਨਾਲ਼ ''ਭੜ੍ਹਕ'' ਉਠਦਾ ਸੀ। ਪਰ ਅੱਜ ਇਹ ਤਮੰਨਾ ਵੀ ਨਹੀਂ ਰਹੀ ਸੀ! ਕਿਤੇ ਬਾਰੂ ਦੇਵਤੇ ਨੇ ਮੇਰੇ ਨਾਲ਼...? ਉਸ ਨੇ ਆਪਣੇ ਦੁਸ਼ਟ ਮਨ ਨੂੰ ਲਾਹਣਤ ਜਿਹੀ ਪਾਈ। ਇਕ ਤਰ੍ਹਾਂ ਨਾਲ਼ ਦੁਰਕਾਰਿਆ! ਦੇਵਤਾ ਤੇਰੇ ਨਾਲ਼ ਹੀ ਹਮਬਿਸਤਰ ਹੋਊ? ਉਹ ਮਨ ਮਾਰ ਕੇ ਸੌਣ ਦੀ ਕੋਸ਼ਿਸ਼ ਕਰਦੀ ਰਹੀ।

ਤਿੰਨ ਮਹੀਨਿਆਂ ਵਿਚ ਬਾਬਾ ਜੀ ਨੂੰ ਅੱਠ ਹਜ਼ਾਰ ਪੌਂਡ ਦਿੱਤੇ ਜਾ ਚੁੱਕੇ ਸਨ। ਘੱਟੋ ਘੱਟ ਪੰਜ ਵਾਰ ਉਹ ਬਾਰੂ ਦੇਵਤੇ ਤੋਂ ਕੁੱਖ 'ਹਰੀ' ਕਰਵਾ ਚੁੱਕੀ ਸੀ। ਪਰ ਗੁਰਭੇਜ ਦਾ ਅਜੇ ਤੱਕ ਵੀ ਕੋਈ ਨਾਮੋਂ ਨਿਸ਼ਾਨ ਨਹੀਂ ਸੀ! ਪਰ ਗੁਫ਼ਾ ਵਿਚ ਕੀ ਹੁੰਦਾ ਸੀ? ਬਾਰੂ ਦੇਵਤਾ ਕਦੋਂ ਆਉਂਦਾ ਅਤੇ ਕਦੋਂ ਜਾਂਦਾ ਸੀ? ਉਸ ਨੂੰ ਨਹੀਂ ਪਤਾ ਲੱਗਦਾ ਸੀ! ਉਸ ਨਾਲ਼ ਕੀ ਕਰਦਾ ਸੀ? ਇਸ ਬਾਰੇ ਰਹੱਸ ਹੀ ਬਣਿਆਂ ਹੋਇਆ ਸੀ! ਉਸ ਨੂੰ ਕੁਝ ਵੀ ਪਤਾ ਨਹੀਂ ਚੱਲਦਾ ਸੀ! ਉਸ ਨੂੰ ਕਦੇ-ਕਦੇ ਇਹ ਜ਼ਰੂਰ ਮਹਿਸੂਸ ਹੁੰਦਾ ਸੀ, ਜਿਵੇਂ ਕਿਸੇ ਨੇ ਉਸ ਨਾਲ਼ ਸੰਭੋਗ ਕੀਤਾ ਹੋਵੇ? ਪਰ ਉਹ ਹਰ ਵਾਰ ਆਪਣੇ ਮਨ ਨੂੰ ਲਾਹਣਤ ਜਿਹੀ ਪਾ ਕੇ, ਮਨ ਨੂੰ 'ਪਾਪੀ' ਦੱਸਦੀ! ਜਿਹੜਾ ਅਜਿਹੀਆਂ ਪੁੱਠੀਆਂ ਅਤੇ ਬੇਹੂਦੀਆਂ ਗੱਲਾਂ ਸੋਚਦਾ ਸੀ!

ਜਦੋਂ ਹਰ ਮਹੀਨੇ ਉਸ ਨੂੰ 'ਮੈਨਸਿਜ਼' ਫਿਰ ਆ ਜਾਂਦੇ ਤਾਂ ਉਹ ਘੋਰ ਨਿਰਾਸ਼ ਹੋ ਜਾਦੀ। ਬਾਬਾ ਜੀ ਵੀ ਉਸ ਨੂੰ ਹੁਣ ਹਰ ਰੋਜ਼ ਨਵੀਂ ਨਸੀਹਤ ਦੇਣ ਲੱਗ ਪਏ ਸਨ। ਕਦੇ ਆਖਦੇ ਕਿ ਤੂੰ ਮੰਤਰ ਪੂਰੀ ਵਿਧੀ ਨਾਲ਼ ਨਹੀਂ ਪੜ੍ਹਿਆ। ਕਦੇ ਆਖਦੇ ਤੂੰ ਮੇਰਾ ਮੰਤਰ ਪੂਰੀ ਵਿਧੀ ਨਾਲ਼ ਢਿੱਡ 'ਤੇ ਨਹੀਂ ਬੰਨ੍ਹਿਆਂ। ਕਦੇ ਆਖਦੇ ਤੇਰੀ ਵਿਰੋਧੀ ਰੂਹ ਬੜੀ ਤਕੜੀ ਐ, ਉਸ ਦਾ ਇਲਾਜ਼ ਮੈਨੂੰ ਪਾਕਿਸਤਾਨ ਜਾ ਕੇ ਇਕ ਮਜ਼ਾਰ 'ਤੇ ਕਰਨਾ ਪਊ। ਕਦੇ ਕੁਛ, ਕਦੇ ਕੁਛ...!

ਮੀਤੀ ਹਰ ਰੋਜ਼ ਨਵੀਆਂ ਗੱਲਾਂ ਤੋਂ ਤੰਗ ਆ ਚੁੱਕੀ ਸੀ। ਬਾਬਾ ਜੀ ਵੀ ਉਸ ਤੋਂ ਹੁਣ ਕਿਨਾਰਾ ਜਿਹਾ ਕਰਨ ਲੱਗ ਪਏ ਸਨ। ਪਾਸਾ ਵੱਟਣ ਲੱਗ ਪਏ ਸਨ। ਹੋਰ ਤਾਂ ਹੋਰ, ਹੁਣ ਤਾਂ ਬਾਬਾ ਜੀ ਉਸ ਨੂੰ ਫ਼ੋਨ 'ਤੇ ਵੀ ਕਦੇ-ਕਦੇ ਹੀ ਮਿਲ਼ਦੇ ਸਨ। ਜੇ ਮਿਲ਼ਦੇ ਸਨ, ਤਾਂ ਉਹ ਵੀ ਨਾਮਾਤਰ! ਬਾਬਾ ਜੀ ਦੀ ਚੇਲੀ ਕੁੜੀ ਨਾਲ਼ ਕਈ ਵਾਰ ਮੀਤੀ ਨੇ ਫ਼ੋਨ 'ਤੇ ਗੱਲ ਕਰਨੀ ਚਾਹੀ, ਤਾਂ ਨਵੇਂ ਚੇਲੇ ਨੇ ਦੱਸਿਆ ਕਿ ਉਹ ਤਾਂ ਇੰਗਲੈਂਡ ਛੱਡ ਕੇ ਭਾਰਤ ਵਾਪਸ ਚਲੀ ਗਈ ਸੀ। ਸੱਚ ਕੀ ਸੀ...? ਉਸ ਨੂੰ ਕੁਝ ਪਤਾ ਨਹੀਂ ਸੀ। ਜੋੜਿਆ ਹੋਇਆ ਅੱਠ ਹਜ਼ਾਰ ਪੌਂਡ ਬਾਬਾ ਜੀ ਦੀ ਭੇਟ ਚੜ੍ਹ ਗਿਆ ਸੀ! ਗੁਰਭੇਜ ਬਹੁੜਿਆ ਨਹੀਂ ਸੀ। ਹੁਣ ਉਸ ਦਾ ਕੰਮ ਕਾਰ ਕਰਨ ਨੂੰ ਵੀ ਜੀਅ ਨਹੀਂ ਕਰਦਾ ਸੀ। ਇਤਨਾ ਜ਼ਰੂਰ ਸੀ ਕਿ ਉਹ ਅੱਗੇ ਨਾਲੋਂ ਵੀ ਪ੍ਰੇਸ਼ਾਨ ਅਤੇ ਪਸ਼ੇਮਾਨ ਰਹਿਣ ਲੱਗ ਪਈ ਸੀ। ਇਕ ਤਰ੍ਹਾਂ ਨਾਲ਼ ਬੀਮਾਰ-ਬੀਮਾਰ ਜਿਹੀ...! ਉਸ ਦੇ ਚਿਹਰੇ 'ਤੇ ਪਿਲੱਤਣ ਫਿਰ ਚੱਲੀ ਸੀ ਅਤੇ ਉਹ ਪੀਲ਼ੀਏ ਦੇ ਮਰੀਜ਼ ਵਾਂਗ ਪੈਰ ਘੜ੍ਹੀਸ-ਘੜ੍ਹੀਸ ਕੇ ਤੁਰਦੀ!

ਇਕ ਦਿਨ ਮੀਤੀ ਦਾ ਘਰਵਾਲ਼ਾ ਅਤੀਅੰਤ ਕਰੋਧੀ ਹੋਇਆ ਘਰੇ ਆਇਆ।

-''ਆਹ ਅੱਠ ਹਜ਼ਾਰ ਪੌਂਡ ਕਿੱਥੇ ਖਰਚ ਕੀਤੈ...?'' ਉਸ ਦੇ ਮੂੰਹ 'ਚੋਂ ਲਾਟਾਂ ਅਤੇ ਅੱਖਾਂ 'ਚੋਂ ਚੰਗਿਆੜੇ ਨਿਕਲ ਰਹੇ ਸਨ। ਉਸ ਨੇ ਕਦੇ ਮੀਤੀ ਨੂੰ ਚੰਗਾ ਮੰਦਾ ਨਹੀਂ ਬੋਲਿਆ ਸੀ। ਚੁੱਪ ਜਿਹਾ ਰਹਿਣ ਵਾਲ਼ਾ ਬੰਦਾ ਅੱਜ ਬਦਲੇਖੋਰਾਂ ਵਾਂਗ ਮੀਤੀ ਦੇ ਸਾਹਮਣੇ ਖੜ੍ਹਾ ਫ਼ੁੰਕਾਰੇ ਮਾਰ ਰਿਹਾ ਸੀ।

-''ਮੈਂ ਕੀ ਪੁੱਛਦੈਂ...? ਆਹ ਅੱਠ ਹਜ਼ਾਰ ਪੌਂਡ ਕਿਹੜੇ ਯਾਰ ਨੂੰ ਦਿੱਤੈ? ਸਾਲੀਏ ਬੈਂਕ 'ਚ ਓਵਰ ਡਰਾਫ਼ਟ ਹੋਇਆ ਪਿਐ-ਇਹ ਪੈਸੇ ਕਿਹੜੇ ਖ਼ਸਮ ਨੂੰ ਖੁਆਉਂਦੀ ਰਹੀ ਐਂ ਤੂੰ...?'' ਉਸ ਦੇ ਮੂੰਹ 'ਚੋਂ ਝੱਗ ਡਿੱਗ

ਰਹੀ ਸੀ। ਉਹ ਕਮਲ਼ਾ ਹੋਇਆ ਖੜ੍ਹਾ ਸੀ। ਹੋਣਾ ਹੀ ਸੀ! ਅੱਠ ਹਜ਼ਾਰ ਪੌਂਡ ਦਾ ਸੁਆਲ ਸੀ!

-"......।" ਮੀਤੀ ਕੁਝ ਵੀ ਨਾ ਬੋਲ ਸਕੀ।

-"ਤੇਰੇ ਚਿੱਤ 'ਚ ਸੀ ਬਈ ਮੈਂ ਘਰੇ ਨ੍ਹੀ ਆਉਂਦਾ-ਤੇ ਤੂੰ ਆਪਣੇ ਸਾਂਝੇ ਅਕਾਊਂਟ 'ਚੋਂ ਪੌਂਡ ਕਢਵਾ ਕਢਵਾ ਕੇ ਯਾਰਾਂ ਨਾਲ਼ ਗੁਲਛਰੇ ਉਡਾਉਂਦੀ ਫਿਰੇਂ...?" ਉਸ ਨੇ ਬੈਂਕ ਸਟੇਟਮੈਂਟ ਮੀਤੀ ਦੇ ਮੂੰਹ 'ਤੇ ਮਾਰੀ। ਉਹ ਗੁੱਸੇ ਵਿਚ ਕੰਬੀ ਜਾ ਰਿਹਾ ਸੀ।

-"......।" ਮੀਤੀ ਚੁੱਪ ਸੀ। ਕੀ ਦੱਸਦੀ...? ਕਿ ਇਹ ਅੱਠ ਹਜ਼ਾਰ ਪੌਂਡ ਉਸ ਨੇ ਆਪਣੇ ਗੁਰਭੇਜ ਸਿੰਘ ਲਈ ਖਰਚ ਦਿੱਤੇ ਹਨ? ਕੌਣ ਇਤਬਾਰ ਕਰਦਾ...? ਉਸ ਨੂੰ ਤਾਂ ਬਾਬਾ ਜੀ ਨੇ ਟਿਕਾਅ ਕੇ ਮੁੰਨਿਆਂ ਸੀ ਅਤੇ ਭਾਫ਼ ਵੀ ਬਾਹਰ ਨਹੀਂ ਨਿਕਲਣ ਦਿੱਤੀ ਸੀ! ਬੱਕਰੇ ਦੀ ਜਾਨ ਗਈ ਤੇ ਖਾਣ ਵਾਲ਼ੇ ਨੂੰ ਸੁਆਦ ਨਾ ਆਇਆ, ਵਾਲ਼ੀ ਗੱਲ ਹੋ ਗਈ ਸੀ!

ਘਰ ਵਿਚ ਇਕ ਤਰ੍ਹਾਂ ਨਾਲ਼ ਤੜਥੱਲ ਮੱਚ ਗਿਆ ਸੀ। ਮੀਤੀ ਦਾ ਸਾਰਾ ਸਹੁਰਾ ਟੱਬਰ ਉਸ ਦੇ ਘਰੇ ਆ ਢੇਰੀ ਹੋਇਆ। ਪ੍ਰੀਵਾਰਕ ਯੁੱਧ ਸ਼ੁਰੂ ਹੋ ਚੁੱਕਾ ਸੀ! ਮੀਤੀ ਦੀ ਸੱਸ ਅਤੇ ਸਹੁਰਾ ਤਾਂ ਅੱਗੇ ਹੀ ਮਾਨ ਨਹੀਂ ਸਨ। ਨਣਾਨ ਤਾਂ ਪਹਿਲਾਂ ਹੀ ਅੱਗ ਉਗਲ਼ਦੀ ਸੀ। ਹੱਥੀਂ ਲਾਉਂਦੀ ਅਤੇ ਪੈਰੀ ਬੁਝਾਉਂਦੀ ਸੀ! ਮੀਤੀ ਦੀ ਸੱਸ ਵੀ ਕਲ਼ਾਂ ਦੀ ਮੂਲ਼ ਸੀ! ਉਹਨਾਂ ਨੇ ਇਸ ਵਿਸ਼ੇ ਨੂੰ ਲੈ ਕੇ ਪੜਛੱਤੀ ਸਿਰ 'ਤੇ ਚੁੱਕ ਲਈ। ਮੀਤੀ ਨੂੰ ਮਿਹਣੇ ਤਾਹਨੇ ਵੱਜਣੇ ਸ਼ੁਰੂ ਹੋ ਗਏ। ਸੱਸ ਅਤੇ ਨਣਾਨ ਵੱਲੋਂ ਅਵਾਜ਼ੇ ਕਸੇ ਜਾਣ ਲੱਗ ਪਏ।

-"ਇਹ ਤਾਂ ਭਾਈ ਆਪਹੁਦਰੀ ਹੋ ਗਈ! ਸਾਰੇ ਪੈਸੇ ਇਸ ਕੰਜਰੀ ਨੇ ਆਪਦੇ ਪਿਉ ਨੂੰ ਭੇਜਤੇ ਹੋਣੇ ਐਂ? ਹੋਰ ਐਨੀ ਰਕਮ ਤਿੰਨਾਂ ਮਹੀਨਿਆਂ 'ਚ ਗਈ ਕਿੱਥੇ? ਅਸਮਾਨ 'ਚ ਉਡਗੀ ਜਾਂ ਧਰਤੀ ਖਾਗੀ...? ਬੂਹ ਮੈਂ ਮਰਜਾਂ...! ਅੱਠ ਹਜਾਰ ਪੌਂਡ ਥੋੜ੍ਹੈ, ਕੁੜ੍ਹੇ...? ਸਾਢੇ ਛੇ ਲੱਖ ਰੁਪਈਆ ਬਣ ਗਿਆ-ਇਹਦੇ ਅਰਗੀ ਧੀ ਤਾਂ ਘਰ ਘਰ ਜੰਮੇ! ਜਿਹੜੀ ਸ਼ਰਾਬੀ ਕਬਾਬੀ ਪਿਉ ਦੇ ਮੂੰਹ ਹੱਥ ਰੱਖਦੀ ਐ! ਉਹ ਕੰਜਰ ਕਿਹੜਾ ਕੋਈ ਕੰਮ ਕਾਰ ਕਰਦੈ? ਇਹਦੇ ਪੈਸਿਆਂ 'ਤੇ ਈ ਐਸ਼ ਕਰਦੈ, ਬੁੱਲੇ ਲੁੱਟਦੈ!" ਸੱਸ ਨੇ ਮੀਤੀ ਵੱਲ ਨੂੰ ਬਚਨ ਬਾਣ ਚਲਾਇਆ। ਮੀਤੀ ਦਾ ਸੀਨਾਂ ਝੁਲ਼ਸ ਗਿਆ।

-"ਵੀਰ ਮੇਰਿਆ! ਤੈਨੂੰ ਅੱਗੇ ਕਿੰਨੀ ਆਰੀ ਮੱਤਾਂ ਦਿੰਦੀ ਰਹੀ ਆਂ? ਬਈ ਇਹਨੂੰ ਕਲ਼ਜੋਗਣ ਨੂੰ ਘਰੋਂ ਕੱਢ...! ਜਾਂ ਇਹਤੋਂ ਲੈ ਸਾਰਾ ਹਿਸਾਬ ਕਿਤਾਬ! ਅੱਠ ਹਜਾਰ ਪੌਂਡ ਆਬਦੇ ਪਿਉ ਨੂੰ ਭੇਜ ਕੇ ਹੁਣ ਦੇਵੀ ਬਣੀ ਬੈਠੀ ਐ? ਦੇਵੇ ਖਾਂ ਜਬਾਬ ਹੁਣ! ਬੋਲਦੀ ਨ੍ਹੀ...?" ਨਣਾਨ ਨੇ ਵੀ ਘੱਟ ਨਾ ਕੀਤੀ। ਉਸ ਨੇ ਝੁਲ਼ਸੇ ਸੀਨੇ ਨੂੰ ਭੁੰਨਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਆਪਣਾ ਪੂਰਾ ਤਾਣ ਲਾ ਦਿੱਤਾ ਸੀ।

-"ਆਪਣੇ ਪਿਉ ਨੂੰ ਕਿਉਂ...? ਇਹਨੇ ਕੁੱਤੀ ਨੇ ਕੋਈ ਯਾਰ ਬਣਾਇਆ ਹੋਣੈਂ? ਉਹਨੂੰ ਖੁਆਉਂਦੀ ਹੋਣੀ ਐਂ, ਚਿਕਨ ਬਰਗਰ! ਮੈਂ ਤਾਂ ਘਰੇ ਆਉਂਦਾ ਈ ਨ੍ਹੀ ਸੀ? ਥੋੜੇ ਕੋਲ਼ੇ ਤਾਂ ਸੌਂਦਾ ਰਿਹੈਂ? ਇਹਨੂੰ ਮਿਲ਼ ਗਿਆ, ਮੌਕਾ! ਤੇ ਇਹਨੇ ਗੰਢ ਲਿਆ ਕੋਈ ਯਾਰ...! ਤੇ ਲੱਗ ਪਈ ਸਾਂਝੇ ਖਾਤੇ 'ਚੋਂ ਉਹਦੀ ਟਹਿਲ ਸੇਵਾ ਕਰਨ-ਇਹਦੀ ਮਾਂ ਦੀ...ਕੁੱਤੀ ਦੀ!"

ਮੀਤੀ ਨੂੰ ਭੱਜਣ ਨੂੰ ਕਿਤੇ ਰਾਹ ਨਹੀਂ ਲੱਭਦਾ ਸੀ! ਉਹ ਕਸੂਤੀ ਫ਼ਸ ਗਈ ਸੀ! ਜਵਾਬ ਦਿੰਦੀ, ਤਾਂ ਆਖਰ ਕੀ ਦਿੰਦੀ? ਬਾਬੇ ਦਾ ਵੇਰਵਾ ਪਾਉਂਦੀ ਸੀ, ਤਾਂ ਉਸ ਦੀ ਗੱਲ ਕਿਸੇ ਨੇ ਮੰਨਣੀਂ ਨਹੀਂ ਸੀ। ਮੀਤੀ ਵਿਚਾਰੀ ਕੀ-ਕੀ ਸਪੱਸ਼ਟੀਕਰਨ ਦੇਈ ਜਾਂਦੀ? ਅੱਠ ਹਜਾਰ ਪੌਂਡ ਦੀ ਰਕਮ ਤਾਂ ਇੱਟ ਬਣ, ਖੂਹ ਵਿਚ ਜਾ ਡਿੱਗੀ ਸੀ। ਖੂਹ ਵਿਚ ਡਿੱਗੀ ਇੱਟ ਕਦੇ ਸੁੱਕੀ ਨਿਕਲ਼ਣੀ ਨਹੀਂ ਸੀ! ਬਾਬਾ ਜੀ ਨੇ ਅੱਠ ਹਜਾਰ ਪੌਂਡ ਖਾ ਕੇ ਡਕਾਰ ਵੀ ਨਹੀਂ ਮਾਰਿਆ ਸੀ।

ਮੀਤੀ ਨੇ ਬਾਬਾ ਜੀ ਨੂੰ ਫ਼ੋਨ ਘੁੰਮਾਇਆ। ਚੇਲਾ ਦੱਸ ਰਿਹਾ ਸੀ ਕਿ ਬਾਬਾ ਜੀ ਮਹੀਨਾ, ਦੋ ਮਹੀਨਿਆਂ ਲਈ ਕਿਤੇ ਬਾਹਰ ਗਏ ਹੋਏ ਸਨ। ਇੱਧਰ ਮੀਤੀ ਦੇ ਘਰ ਵਿਚ ਅਜਿਹਾ ਖੱਲੂੜ ਪਿਆ ਕਿ ਉਸ ਦੇ ਘਰਵਾਲ਼ੇ ਨੇ ਤਲਾਕ ਲਈ ਅਰਜ਼ੀ ਦੇ ਦਿੱਤੀ। ਉਸ ਦੀ ਸਿਰਫ਼ ਇਕ ਹੀ ਰਟ ਸੀ ਕਿ ਜਾਂ ਤਾਂ ਮੀਤੀ ਸਾਰੇ ਪੈਸੇ ਦਾ ਹਿਸਾਬ ਕਿਤਾਬ ਸਾਹਮਣੇ ਰੱਖੇ, ਨਹੀਂ ਤਾਂ ਤਲਾਕ ਪੱਕਾ ਹੈ! ਮੀਤੀ ਕੀ ਹਿਸਾਬ ਕਿਤਾਬ ਦਿੰਦੀ? ਕਿੱਥੋਂ ਹਿਸਾਬ ਦਿੰਦੀ? ਕਿਹੜੀ ਰਸੀਦ ਸੀ ਉਸ ਕੋਲ਼? ਕੀ ਸਬੂਤ ਦਿੱਤਾ ਸੀ ਉਸ ਨੂੰ ਬਾਬੇ ਨੇ? ਕੁਝ ਵੀ ਤਾਂ ਨਹੀਂ!

ਮੀਤੀ ਆਪਣੇ ਦੁਖਾਂਤ ਦਾ ਸਾਹਮਣਾ ਕਰਨ ਲਈ ਤਿਆਰ ਹੋ ਗਈ। ਕਸੂਰ ਸਰਾਸਰ ਉਸ ਦਾ ਆਪਣਾ ਸੀ! ਉਸ ਨੇ ਤਲਾਕ ਲੈਣਾ ਹੀ ਠੀਕ ਸਮਝਿਆ। ਬਹੁਤ ਬਰਦਾਸ਼ਤ ਕਰ ਲਿਆ ਸੀ ਉਸ ਨੇ! ਹੁਣ ਬਰਦਾਸ਼ਤ ਕਰਨ ਤੋਂ ਬਾਹਰ ਸੀ। ਉਸ ਨੂੰ ਇੰਜ ਮਹਿਸੂਸ ਹੁੰਦਾ ਸੀ ਕਿ ਜੇ ਮੈਂ ਇਸ ਪ੍ਰੀਵਾਰ ਨਾਲ਼ ਸਾਲ ਜਾਂ ਦੋ ਸਾਲ ਹੋਰ ਰਹਿ ਗਈ, ਮੈਂ ਦਿਮਾਗੀ ਤੌਰ 'ਤੇ ਖ਼ਤਮ ਹੋ ਜਾਵਾਂਗੀ! ਚਾਹੇ ਦੋਸ਼ ਬਿਨਾ ਸ਼ੱਕ ਮੀਤੀ ਦਾ ਸੀ। ਪਰ ਹੁਣ ਉਸ ਵਿਚ ਕਿਸੇ ਦੀ ਗੱਲ ਦਾ ਸਾਹਮਣਾ ਕਰਨ ਲਈ ਸਾਹਸ ਹੀ ਨਹੀਂ ਰਿਹਾ ਸੀ।

ਨਾਲ਼ੇ ਅੱਗੇ ਕਿਹੜਾ ਉਹ ਇਸ ਘਰ ਵਿਚ ਘੁੱਗ ਵਸਦੀ ਸੀ? ਨਿੱਤ ਤਾਂ ਸੱਸ ਅਤੇ ਨਣਾਨ ਤੋਂ ਤਾਹਨੇ ਮਿਹਣੇ ਸੁਣਦੀ ਸੀ! ਸਾਰੇ ਪ੍ਰੀਵਾਰ ਵੱਲੋਂ ਢੁੱਚਰਾਂ ਡਾਹੀਆਂ ਜਾਦੀਆਂ ਸਨ। ਸੱਸ ਅਤੇ ਨਣਾਨ ਉਸ ਨੂੰ ਗੱਲ ਗੱਲ 'ਤੇ "ਕੰਜ ਬੱਕਰੀ" ਜਾਂ "ਫ਼ੰਡਰ ਮੱਝ" ਤੱਕ ਆਖਦੀਆਂ ਸਨ। ਪਰ ਉਹ ਸਭ ਕੁਝ ਸਹਾਰਦੀ ਰਹੀ ਸੀ। ਹਿੱਕ 'ਤੇ ਜਰਦੀ ਰਹੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਬੱਚਾ ਨਾ ਹੋਣ ਵਿਚ ਉਹ ਹੀ ਤਾਂ ਦੋਸ਼ੀ ਸੀ! ਪਰ ਉਹ ਕਰ ਵੀ ਕੀ ਸਕਦੀ ਸੀ? ਉਸ ਨੂੰ ਬਾਂਝਪੁਣੇ ਦੀ ਇਕ ਬਿਮਾਰੀ ਸੀ। ਉਸ ਬਿਮਾਰੀ ਦਾ ਮੀਤੀ ਜਾਂ ਡਾਕਟਰਾਂ ਕੋਲ਼ ਕੋਈ ਇਲਾਜ਼ ਨਹੀਂ ਸੀ। ਉਸ ਦੇ ਕੋਈ ਵੱਸ ਨਹੀਂ ਸੀ। ਪਰ ਮੀਤੀ ਨਿਰਦੋਸ਼ ਹੁੰਦੀ ਹੋਈ ਵੀ ਦੋਸ਼ੀ ਸੀ!

ਬੱਚਾ ਪਾਉਣ ਲਈ ਤਾਂ ਉਸ ਨੇ ਬਾਬਾ ਜੀ ਦੇ ਚਰਨ ਫੜੇ ਸਨ। ਪਰ ਜੇ ਬਾਬਾ ਹੀ ਦਗ਼ਾ ਦੇ ਗਿਆ, ਉਸ ਵਿਚ ਮੀਤੀ ਦਾ ਕੀ ਦੋਸ਼? ਕਦੇ ਕਦੇ ਉਸ ਦਾ ਮਨ ਕਰਦਾ ਕਿ ਮੀਡੀਆ ਅਤੇ ਪੱਤਰਕਾਰਾਂ ਕੋਲ਼ ਜਾ ਕੇ ਧੋਖੇਬਾਜ਼ ਬਾਬੇ ਦੇ ਪਾਜ ਉਧੇੜੇ। ਸਾਰੀ ਹੱਡਬੀਤੀ ਦੱਸੇ! ਬਾਬੇ ਦੇ ਪੋਲ ਖੋਲ੍ਹੇ। ਪਰ ਆਪਣੀ ਪੱਟੀ ਜਾਣ ਵਾਲ਼ੀ ਮਿੱਟੀ ਤੋਂ ਉਹ ਚੁੱਪ ਰਹਿਣ ਵਿਚ ਹੀ ਭਲਾ ਸਮਝਦੀ ਅਤੇ ਚੁੱਪ ਹੀ ਰਹਿਣ ਦਾ ਹੀ ਫ਼ੈਸਲਾ ਕਰ ਲੈਂਦੀ! ਇਕ ਚੁੱਪ ਸੌ ਸੁਖ...! ਆਪਣੀ ਇੱਜ਼ਤ ਆਪਣੇ ਹੱਥ! ਜੇ ਝੱਗਾ ਚੁੱਕੇਂਗੀ ਤਾਂ ਆਪਣਾ ਢਿੱਡ ਹੀ ਨੰਗਾ ਹੋਵੇਗਾ! ਉਹ ਆਪਣੇ ਆਪ ਨੂੰ ਸਮਝਾਉਂਦੀ। ਚੁੱਪ ਚਾਪ ਤਲਾਕ ਲੈ-ਲੈ, ਮੀਤੀ! ਬਾਪੂ ਵੀ ਤਾਂ ਘਰੇ 'ਕੱਲਾ ਹੀ ਐ! ਜਿੱਥੇ ਉਹ ਦੋ ਰੋਟੀਆਂ ਖਾਈ ਜਾਦੈ, ਉਥੇ ਮੈਂ ਖਾਈ ਜਾਊਂ! ਪਿਉ ਧੀ ਰਲ਼ ਮਿਲ਼ ਕੇ ਜ਼ਿੰਦਗੀ ਕੱਟ ਲਵਾਂਗੇ! ਹੋਰ ਮੇਰੀਆਂ ਜ਼ਿੰਦਗੀ ਦੀਆਂ ਲੋੜਾਂ ਵੀ ਕੀ ਐ...? ਮੈਂ ਤਾਂ ਸਿਰਫ਼ ਦੋ ਰੋਟੀਆਂ ਦੀ ਭਾਈਵਾਲ਼ ਐਂ! ਉਹ ਖਿਆਲਾਂ ਦੀਆਂ ਕਪੜਛੱਲਾਂ ਵਿਚ ਹੀ ਗੋਤੇ ਖਾਈ ਜਾਂਦੀ ਰਹਿੰਦੀ!

ਜਦ ਤਲਾਕ ਦੇ ਕੇਸ ਦੀ ਤਾਰੀਖ਼ ਪਈ ਤਾਂ ਮੀਤੀ ਨੇ ਜੱਜ ਦੇ ਸਾਹਮਣੇ ਕੋਈ ਸਪੱਸ਼ਟੀਕਰਨ ਜਾਂ ਜੱਜ ਦੇ ਕਿਸੇ ਸੁਆਲ ਦਾ ਉਤਰ ਨਾ ਦਿੱਤਾ ਅਤੇ ਸ਼ਰੇਆਮ ਤਲਾਕ ਕਬੂਲ ਕਰ ਲਿਆ। ਜੱਜ ਨੇ ਦੋਨਾਂ ਧਿਰਾਂ ਦੀ ਸਹਿਮਤੀ ਦੇ ਦਸਤਖ਼ਤ ਕਰਵਾ ਲਏ ਅਤੇ ਤਲਾਕ ਦੇ ਪ੍ਰਵਾਨੇ ਘਰੇ ਭੇਜਣ ਬਾਰੇ ਆਖ ਦਿੱਤਾ।

ਮੀਤੀ ਦੀ ਸੱਸ ਫਿਰ ਵੀ ਚੁੱਪ ਨਹੀਂ ਹੋਈ ਸੀ।

-"ਬਥੇਰਾ ਪੈਸਾ ਭੇਜਿਐ ਪੁੱਤ ਇਹਨੇ ਆਬਦੇ ਕੰਜਰ ਪਿਉ ਨੂੰ! ਹੁਣ ਉਹਦੇ ਕੋਲ਼ੇ ਬੈਠ ਭੋਰ ਭੋਰ ਕੇ ਖਾਊ! ਇਹ ਬੈਲਣ ਤੇਰੇ ਨਾਲ਼ ਕਿਉਂ ਰਹੂ? ਇੰਗਲੈਂਡ 'ਚ ਪੱਕੀ ਐ-ਐਥੋਂ ਦਾ ਪਾਸਪੋਰਟ ਕੋਲ਼ੇ ਐ-ਇਹ ਤਾਂ ਦੇਖੀਂ ਆਬਦੇ ਨਾਲ਼ੋਂ ਦਸ ਸਾਲ ਛੋਟਾ ਈ ਲੈ ਕੇ ਆਊ! ਇਹਨੂੰ ਹੁਣ ਤੇਰੀ ਕੋਈ ਲੋੜ ਨ੍ਹੀ, ਕਮਲ਼ਿਆ ਪੁੱਤਾ...!" ਸੱਸ ਨੇ ਬੋਲਾਂ ਦੀਆਂ ਹੁੱਝਾਂ ਮੀਤੀ ਦੀ ਵੱਖੀ ਵਿਚ ਮਾਰ ਦਿੱਤੀਆਂ।

-"ਐਸ਼ ਤਾਂ ਇਹ ਹੁਣ ਕਰੂ, ਘੋੜ੍ਹਿਆਂ ਦੀ ਰੰਨ...! ਮਕਾਨ 'ਚੋਂ ਅੱਧ ਇਹਨੂੰ ਮਿਲ਼ ਜਾਣੈਂ-ਬਥੇਰਾ ਪੈਸਾ ਵੱਟ ਲਊ ਇਹ ਤੇਰੇ ਆਲ਼ੇ ਮਕਾਨ 'ਚੋਂ...! ਇਹ ਤਾਂ ਵੀਰ ਮੇਰਿਆ, ਹੁਣ ਨਿੱਤ ਨਵੇਂ ਯਾਰ ਹੰਢਾਇਆ ਕਰੂ ਤੇਰੇ ਪੈਸੇ 'ਤੇ! ਦੇਖਲੀਂ ਭਾਂਤ ਭਾਂਤ ਦੇ ਮਛਟੰਡੇ ਇਹਦੇ ਨਾਲ਼ ਘੁੰਮਦੇ, ਕੁੱਤੀ ਦੇ...! ਨਿੱਤ ਨਵਿਆਂ ਦੀਆਂ ਰਜਾਈਆਂ ਨਿੱਘੀਆਂ ਕਰਿਆ ਕਰੂ, ਇਹ ਕਲ਼ਜੋਗਣ-ਤੇ ਨਾਲ਼ੇ ਕਰੂ ਐਸ਼ ਤੇਰੇ ਪੈਸਿਆਂ 'ਤੇ!" ਨਣਾਨ ਨੇ ਵੀ ਤਾਹਨਿਆਂ ਵਾਲ਼ੀ ਤੋਪ ਚਲਾ ਦਿੱਤੀ ਸੀ। ਪਰ ਮੀਤੀ ਕੰਨ ਲਪੇਟ ਕੇ ਅਦਾਲਤ 'ਚੋਂ ਭੱਜ ਆਈ ਸੀ। ਉਸ ਨੂੰ ਚੋਭਾਂ ਤੇ ਚੋਭਾਂ ਲਾਈਆਂ ਜਾ ਰਹੀਆਂ ਸਨ! ਸਹੁਰੇ ਪ੍ਰੀਵਾਰ ਸਾਹਮਣੇ ਉਸ ਦਾ ਝਾਕਣ ਦਾ ਹੀਆਂ ਨਹੀਂ ਪਿਆ ਸੀ। ਉਹ ਇਕ ਤਰ੍ਹਾਂ ਨਾਲ਼ ਚੋਰਾਂ ਵਾਂਗ ਤੁਰ ਆਈ ਸੀ। ਸਹੁਰੇ ਪ੍ਰੀਵਾਰ ਲਈ ਤਾਂ ਉਹ ਚੋਰ ਹੀ ਸੀ, ਜਿਹੜੀ ਅੱਠ ਹਜ਼ਾਰ ਰੁਪਏ ਦਾ ਹਿਸਾਬ ਨਹੀਂ ਦਿੰਦੀ ਸੀ! ਉਹ ਚੀਕ ਚੀਕ ਕੇ ਕਹਿਣਾ ਤਾਂ ਚਾਹੁੰਦੀ ਸੀ ਕਿ ਲੋਕੋ! ਮੈਨੂੰ ਪਾਖੰਡੀ ਬਾਬੇ ਨੇ ਭਰਮਾ ਕੇ ਦਿਨ ਦੀਵੀ ਲੁੱਟ ਲਿਆ! ਪੱਲੇ ਵੀ ਕੱਖ ਨਹੀਂ ਪਾਇਆ! ਪੈਸਾ ਵੀ ਗਿਆ! ਬਦਨਾਮੀ ਵੀ ਪੱਲੇ ਪੁਆਈ! ਤਲਾਕ ਵੀ ਹੋਇਆ ਅਤੇ ਗਰੀਬ ਪਿਉ ਨੂੰ ਵੀ ਬੋਲ ਕਬੋਲ ਕਰਵਾਏ! ਵਸੇਬਾ ਵੀ ਨਾ ਰਿਹਾ ਅਤੇ ਘਰ ਵੀ ਉਜੜ

ਗਿਆ! ਪਰ ਸੁਣਾਉਂਦੀ ਕਿਸ ਨੂੰ...? ਇਸ ਅੰਨ੍ਹੀ ਬੋਲ਼ੀ ਦੁਨੀਆਂ ਨੂੰ...? ਉਹ ਚੁੱਪ ਹੀ ਹੋ ਗਈ ਸੀ! ਬੋਲਣ ਦਾ ਫ਼ਾਇਦਾ ਵੀ ਕੀ ਸੀ? ਸੱਪ ਤਾਂ ਨਿਕਲ਼ ਚੁੱਕਿਆ ਸੀ। ਹੁਣ ਲੀਹ ਕੁੱਟਣ ਦਾ ਕੋਈ ਲਾਭ ਨਹੀਂ ਸੀ! ਦੜ ਵੱਟ ਕੇ ਜਮਾਨਾ ਕੱਟ ਲੈਣਾ ਹੀ ਹੁਣ ਭਲਮਾਣਸੀ ਸੀ!

ਜਿਸ ਦਿਨ ਮੀਤੀ ਨੂੰ ਅਦਾਲਤ ਵੱਲੋਂ ਤਲਾਕ ਦੇ ਕਾਗਜ਼ ਮਿਲ਼ੇ, ਉਸੇ ਦਿਨ ਹੀ ਉਸ ਨੇ ਮਕਾਨ ਨੂੰ ਜਿੰਦਰਾ ਮਾਰਿਆ ਅਤੇ ਇੰਡੀਆ ਦੀ ਟਿਕਟ ਬੁੱਕ ਕਰਵਾ ਕੇ ਬਾਪੂ ਕੋਲ਼ ਪਿੰਡ ਆ ਗਈ ਸੀ...।

## ਕਾਂਡ 11

ਜੁਗਾੜ ਸਿਉਂ ਦੀਆਂ ਸੇਵਾਵਾਂ ਕੰਮ ਆਈਆਂ। ਮੀਤੀ ਹੀ ਮਾਸੀ ਕੋਲੋਂ ਲੇਟ ਪਿੰਡ ਨੂੰ ਬਹੁੜੀ ਸੀ। ਜੁਗਾੜ ਸਿਉਂ ਨੇ ਵੀ ਢੀਠ ਸਾਧ ਵਾਂਗ ਜਗਤ ਸਿੰਘ ਕੋਲ਼ ਹੀ ਡੇਰੇ ਜਮਾਈ ਰੱਖੇ ਸਨ। ਮੀਤੀ ਨੇ ਤਾਂ ਬਹੁਤ ਜੋਰ ਲਾਇਆ ਸੀ ਕਿ ਮੈਂ ਵਿਆਹ ਨਹੀਂ ਕਰਨਾ। ਉਹ ਖੂਹ ਵਿਚੋਂ ਨਿਕਲ਼ ਕੇ ਖਾਤੇ ਵਿਚ ਨਹੀਂ ਡਿੱਗਣਾ ਚਾਹੁੰਦੀ ਸੀ। ਉਸ ਨੇ ਪਹਿਲਾਂ ਹੀ ਬਹੁਤ ਦੁੱਖ ਕੱਟੇ ਸਨ। ਮੁੜ ਕੇ ਹੁਣ ਉਹ ਫਿਰ ਉਸ ਰੋਹੀ ਵਾਲ਼ੇ ਰਸਤੇ ਨਹੀਂ ਤੁਰਨਾ ਚਾਹੁੰਦੀ ਸੀ। ਵਿਆਹ ਦੇ ਨਾਂ ਤੋਂ ਉਹ 'ਥਰ-ਥਰ' ਕੰਬਦੀ। ਵਿਆਹ ਇਕ ਜ਼ਾ ਸੀ। ਜਿਸ ਵਿਚ ਫ਼ਸਿਆ ਬੰਦਾ ਮੁੜ ਕੇ ਨਿਕਲ਼ ਨਹੀਂ ਸਕਦਾ ਸੀ। ਜੇ ਤਲਾਕ ਦੇ ਜ਼ਰੀਏ ਨਿਕਲ ਵੀ ਜਾਂਦਾ ਸੀ, ਤਾਂ ਪੁਰਾਣੀਆਂ ਝਰੀਟਾਂ ਉਸ ਨੂੰ ਚੋਭਾਂ ਮਾਰਦੀਆਂ ਰਹਿੰਦੀਆਂ ਸਨ। ਵਿਆਹ ਉਸ ਨੂੰ ਇਕ 'ਨਰਕ' ਲੱਗਦਾ ਸੀ।

ਪਰ ਜੁਗਾੜ ਸਿਉਂ ਦੀਆਂ ਸਮਝੌਤੀਆਂ ਨੇ ਮੀਤੀ ਦਾ ਮਨ ਸਥਿਰ ਕਰ ਦਿੱਤਾ ਸੀ।

-"ਗੱਲ ਸੁਣ ਭਾਈ ਕੁੜੀਏ! ਜਾਗਰ ਸਿਉਂ ਨਾਲ਼ ਸਾਡਾ ਮੇਲ ਜੋਲ ਬਚਪਨ ਵੇਲ਼ੇ ਦਾ ਐ-ਜਦੋਂ ਦੀ ਸੁਰਤ ਸੰਭਾਲ਼ੀ ਐ-ਓਦੋਂ ਤੋਂ ਅਸੀਂ ਜਾਗਰ ਸਿਉਂ ਨੂੰ ਜਾਣਦੇ ਐਂ-ਤੇਰੇ ਪਹਿਲੇ ਸਹੁਰਿਆਂ ਦੇ ਤਾਂ ਅਸੀਂ ਕਿਸੇ ਜੀਅ ਨੂੰ ਨਹੀਂ ਜਾਣਦੇ ਸੀ! ਨਹੀਂ ਤੂੰ ਸਾਡਾ ਸੁਭਾਅ ਤਾਂ ਜਾਣਦੀ ਐਂ? ਹੁਣ ਨੂੰ ਕਿਸੇ ਦੇ ਮਗਜ 'ਚ ਮਧਾਣੀ ਚੀਰਾ ਪਾਇਆ ਹੋਣਾ ਸੀ! ਅਸੀਂ ਕਿਹੜਾ ਘੱਟ ਕਰਨੀਂ ਸੀ? ਜੇ ਹਰਦੇਵ ਸਿਉਂ ਕੋਈ ਉਨੀ ਇੱਕੀ ਕਰੂ-ਅਸੀਂ ਫੱਟ ਜਾ ਕੇ ਜਾਗਰ ਸਿਉਂ ਨੂੰ ਫੜ ਲਵਾਂਗੇ-ਨਾਲੇ ਜਾਗਰ ਸਿਉਂ ਭੱਜ ਕੇ ਜਾਊ ਕਿੱਥੇ?"

-"ਚਾਚਾ ਜੀ, ਇੰਗਲੈਂਡ ਦੀ ਧਰਤੀ ਬੜੀ ਮਾੜੀ ਐ! ਐਥੇ ਬੰਦਾ ਕੁਛ ਹੋਰ ਗੱਲਾਂ ਕਰਦੈ-ਤੇ ਉਥੇ ਜਾ ਕੇ ਖੱਬੀ ਖਾਨ ਬਣ ਬਹਿੰਦੈ-ਚਾਚਾ ਜੀ ਥੋਨੂੰ ਨ੍ਹੀ ਪਤਾ-ਉਥੋਂ ਦਾ ਪਾਣੀ ਈ ਮਾੜੈ-ਬੰਦਾ ਆਬਦੇ ਨੂੰ ਆਬਦਾ ਨ੍ਹੀ ਸਮਝਦਾ।" ਮੀਤੀ ਰੋ ਪਈ।

-"ਕੁੜੀਏ, ਗੱਲ ਸੁਣ...!" ਜੁਗਾੜ ਸਿਉਂ ਨੇ ਗੱਲ ਆਪਣੇ ਹੱਥ ਹੀ ਰੱਖੀ।

-"ਤੂੰ ਸਾਨੂੰ ਤਾਂ ਚੰਗੀ ਭਲੀ ਜਾਣਦੀ ਐਂ? ਜਾਣਦੀ ਐਂ ਨ੍ਹਾਂ...?"

-"......।" ਚੁੱਪ ਚਾਪ ਮੀਤੀ ਨੇ 'ਹਾਂ' ਵਿਚ ਸਿਰ ਹਿਲਾਇਆ।

-"ਜੇ ਹਰਦੇਵ ਸਿਉਂ ਨੇ ਤੇਰੇ ਨਾਲ਼ ਕੋਈ ਕੁਪੱਤ ਕੀਤੀ-ਅਸੀਂ ਚੱਪਣੀਆਂ ਨਾ ਭੰਨ ਦਿਆਂਗੇ? ਤੂੰ ਗੱਲਾਂ ਕਿਹੜੀਆਂ ਸੋਚੀ ਜਾਨੀ ਐਂ? ਮੈਂ ਤੇਰੀ ਗੱਲ ਸਮਝਦੈਂ! ਕਹਿੰਦੇ ਗਧੀ ਡਿੱਗ ਪਈ ਸੀ ਭੱਠੇ ਵਿਚ ਤੇ ਦੀਵੇ ਆਲ਼ੇ ਘਰੇ ਨ੍ਹੀ ਸੀ ਵੜਦੀ-ਉਹੀ ਗੱਲ ਤੇਰੀ ਐ...! ਮੈਂ ਇਹ ਵੀ ਮੰਨਦੈਂ ਬਈ ਤੈਨੂੰ ਤੇਰੇ ਪਹਿਲੇ ਸਹੁਰੇ ਪ੍ਰੀਵਾਰ ਨੇ ਤੰਗ ਕੀਤੈ! ਪਰ ਉਥੇ ਸਾਡੀ ਕੋਈ ਪੇਸ਼ ਕੋਈ ਨ੍ਹੀ ਜਾਂਦੀ ਸੀ! ਮੈਂ ਤਾਂ ਬੀਹ ਆਰੀ ਜਗਤ ਸਿਉਂ ਨੂੰ ਕਿਹੈ ਬਈ ਉਹਨਾਂ ਦਾ ਕੋਈ ਥਹੁ ਟਿਕਾਣਾ ਦੱਸ, ਐਥੋਂ ਦਾ! ਫੇਰ ਦੇਖ ਅਸੀਂ ਕਿਮੇ ਘੁਕਾਹਟ ਪਾਉਨੇ ਐਂ-ਪਰ ਜਦੋਂ ਉਹਨਾ ਦੇ ਟੱਬਰ ਦਾ ਕੋਈ ਜੀਅ ਪਰਿੰਦਾ ਐਥੇ ਨਹੀਂ ਰਹਿੰਦਾ-ਦੱਸ ਕੀਹਦੇ ਗਲ਼ ਸਾਅਫ਼ਾ ਜਾ ਪਾਈਏ...?"

-''ਚਾਚਾ ਜੀ, ਹਰਦੇਵ ਸਿਉਂ ਦੇ ਪ੍ਰੀਵਾਰ ਨੂੰ ਪਤੈ ਬਈ ਮੇਰੇ ਕੋਈ ਬੱਚਾ ਬੱਚੀ ਨਹੀਂ ਹੋ ਸਕਦਾ?'' ਕੁੜੀ ਅੱਗ ਦੀ ਫੂਕੀ ਟਟਿਆਣੇਂ ਤੋਂ ਵੀ ਡਰਦੀ ਸੀ।

-''ਬਿਲਕੁਲ ਪਤੈ...!'' ਜੁਗਾੜ ਸਿਉਂ ਮਸ਼ੀਨ ਵਾਂਗ ਬੋਲਿਆ।

-''ਫੇਰ ਉਹਨਾਂ ਦਾ ਕੀ ਵਿਚਾਰ ਐ?''

-''ਦੇਖ ਕੁੜੀਏ! ਹਰਦੇਵ ਸਿਉਂ ਮਾਪਿਆਂ ਦਾ ਕੋਈ 'ਕੱਲਾ ਕਹਿਰਾ ਪੁੱਤ ਨ੍ਹੀ! ਉਹਦੇ ਹੋਰ ਵੀ ਭੈਣ ਭਾਈ ਹੈਗੇ ਐ! ਬੱਚੇ ਦਾ ਲਾਲਚ ਤਾਂ ਬੰਦਾ ਓਦੋਂ ਕਰਦੈ-ਜਦੋਂ ਪੁੱਤ 'ਕੱਲਾ 'ਕੱਲਾ ਹੋਵੇ! ਇਹਨਾਂ ਦੇ ਐਨੀ ਤਾਂ ਸਤੌਲ਼ ਐ-ਜੇ ਇਕ ਦੇ ਨਹੀਂ, ਤਾਂ ਦੂਜੇ ਦੇ ਹੋਜੂ?'' ਜੁਗਾੜ ਸਿਉਂ ਆਪਣੀ ਗੱਲ ਫ਼ਿੱਟ ਕਰਦਾ ਜਾ ਰਿਹਾ ਸੀ।

-''ਚਾਚਾ ਜੀ, ਥੋਨੂੰ ਇੰਗਲੈਂਡ ਦੇ ਕਾਨੂੰਨਾਂ ਬਾਰੇ ਤੇ ਮੁੰਡਿਆਂ ਬਾਰੇ ਨ੍ਹੀ ਪਤਾ! ਉਥੇ ਜਾ ਕੇ ਅਗਲੇ ਪੱਕੀ ਲੁਆਉਂਦੇ ਐ, ਮੋਹਰ! ਤੇ ਅਗਲੀ ਨੂੰ ਲੱਤ ਮਾਰ ਕੇ ਪਾਸੇ ਹੁੰਦੇ ਐ-ਅਗਲੀ ਫਿਰ 'ਕੱਲੀ ਦੀ 'ਕੱਲੀ! ਉਹੋ ਜੀ ਦੀ ਉਹੋ ਜੀ...!'' ਮੀਤੀ ਸਹੇ ਤੋਂ ਨਹੀਂ, ਪਹੇ ਤੋਂ ਡਰਦੀ ਸੀ।

-''ਇਉਂ ਖੇਡ ਐ, ਕੁੜੀਏ? ਅਸੀਂ ਐਥੇ ਕਾਹਦੇ ਆਸਤੇ ਬੈਠੇ ਐਂ? ਸਾਡੇ 'ਤੇ ਤੈਨੂੰ ਕੋਈ 'ਤਬਾਰ ਨ੍ਹੀ? ਤੇਰੇ ਪਿਉ ਨਾਲ਼ ਸਾਡੀ ਕਦੋਂ ਦੀ ਬੁਰਕੀ ਸਾਂਝੀ ਐ-ਇਹਨੂੰ ਅਸੀਂ ਧੋਖਾ ਦੇ ਕੇ ਜਾਣਾ ਕਿੱਥੇ ਐ? ਅਸੀਂ ਇਹਨੂੰ ਪਿੱਛਾ ਕਿਵੇਂ ਦੇ ਦਿਆਂਗੇ?'' ਜੁਗਾੜ ਸਿਉਂ ਦਾ ਤਾਂ ਬਣਿਆਂ ਬਣਾਇਆ ਜੁਗਾੜ ਹਿੱਲ ਚੱਲਿਆ ਸੀ। ਉਸ ਨੇ ਫ਼ੱਟ ਅੱਗਾ ਵਲ਼ਿਆ।

-''ਚਲੋ, ਵਿਆਹ ਮੈਂ ਕਰਵਾ ਲੈਨੀ ਐਂ-ਬਾਪੂ ਜੀ ਦੇ ਫ਼ਿਕਰ ਦੀ ਮੈਨੂੰ ਵੀ ਚਿੰਤਾ ਐ! ਪਰ ਮੇਰੀ ਇਕ ਵਾਰੀ ਉਹਨਾਂ ਨਾਲ਼ ਸਿੱਧੀ ਗੱਲ ਕਰਵਾ ਦਿਓ-!''

-''ਜਦੋਂ ਕਹੇਂ...!'' ਜੁਗਾੜ ਸਿਉਂ ਨੇ ਤੜ੍ਹ ਪਾਈ।

ਉਹ ਜਗਤ ਸਿਉਂ ਤੋਂ ਦੋ ਸੌ ਰੁਪਈਆ ਫੜ ਕੇ ਬੱਸ ਜਾ ਚੜ੍ਹਿਆ।

ਜਾਗਰ ਉਸ ਦੀ ਹੀ ਉਡੀਕ ਕਰ ਰਿਹਾ ਸੀ। ਦਸ ਦਿਨ ਗੁਜ਼ਰ ਗਏ ਸਨ।

-''ਗੱਲ ਜਾਗਰਾ ਆਪਣੇ ਪੂਰੀ ਹੱਥ 'ਚ ਐ! ਤੂੰ ਚਿੰਤਾ ਨਾ ਕਰ!'' ਉਸ ਨੇ ਪੰਜ ਸੌ ਰੁਪਏ ਦਾ ਮੁੱਲ ਮੋੜ ਦਿੱਤਾ।

-''ਫੇਰ ਕੱਚ ਕਾਹਦੈ?'' ਜਾਗਰ ਉਸ ਤੋਂ ਵੀ ਉਤਾਵਲਾ ਸੀ।

-''ਕੱਚ ਇਹ ਐ ਬਈ ਕੁੜੀ ਤੈਨੂੰ ਤੇ ਹਰਦੇਵ ਸਿਉਂ ਨੂੰ ਮਿਲਣਾ ਚਾਹੁੰਦੀ ਐ-।''

-''ਉਹ ਕਾਹਤੋਂ?'' ਜਾਗਰ ਪੈਰੋਂ ਨਿਕਲ਼ ਗਿਆ।

-''ਤੈਨੂੰ ਪਤਾ ਈ ਐ, ਜਾਗਰਾ! ਬਾਹਰੋਂ ਆਈ ਕੁੜੀ ਐ-ਕੋਈ ਨਾ ਕੋਈ ਗੱਲ ਤਾਂ ਖੋਲੂਗੀ-।''

-''ਗੱਲ ਉਹਨੇ ਸਹੁਰੀ ਨੇ ਸਾਡੇ ਨਾਲ਼ ਕੀ ਖੋਲ੍ਹਣੀਂ ਐਂ?''

-''ਤੈਨੂੰ ਪਹਿਲਾਂ ਵੀ ਦੱਸਿਆ ਸੀ-ਉਥੇ ਵਲੈਤ 'ਚ ਕਹਿੰਦੇ ਛੋਕਰੀ ਯਹਾਵਾ ਰਵਾਜ ਈ ਪੁੱਠਾ ਐ-ਕੁੜੀਆਂ ਆਪ ਗੱਲ ਕਰਦੀਐਂ! ਤੇ ਸਾਰੀ ਗੱਲ ਨੇਹਣ ਕੇ ਵਿਆਹ ਸ਼ਾਦੀ ਕਰਵਾਉਂਦੀਐਂ!''

-''ਪਰ ਉਹਨੇ ਮੇਰੇ ਨਾਲ਼ ਗੱਲ ਕਰਨੀ ਕੀ ਐ?''

-''ਤੈਨੂੰ ਓਦਣ ਵੀ ਮੈਂ ਦੱਸਿਆ ਸੀ! ਬਈ ਕੁੜੀ ਦੇ ਕੋਈ ਬੱਚਾ ਬੱਚੀ ਨਹੀਂ ਹੋ ਸਕਦਾ-ਤੇ ਉਹ ਥੋਡੇ ਨਾਲ਼ ਇਹ ਪੱਕ ਕਰਨਾ ਚਾਹੁੰਦੀ ਐ-ਬਈ ਕਿਤੇ ਬਾਂਝ ਦੀ ਆੜ 'ਚ ਤੁਸੀਂ ਕੁੜੀ ਨੂੰ ਫੇਰ ਨਾ ਛੱਡ ਦਿਓਂ!'' ਜੁਗਾੜ ਸਿਉਂ ਨੇ ਮੋਟੇ ਅੱਖਰਾਂ ਵਿਚ ਸਮਝਾਇਆ।

-''ਇਹ ਗੱਲ ਤਾਂ ਮੈਂ ਤੈਨੂੰ ਵੀ ਓਦਣ ਈ ਨਬੇੜਤੀ ਸੀ! ਬਈ ਐਸ ਗੱਲ ਵੱਲੋਂ ਕੁੜੀ ਬੇਫ਼ਿਕਰ ਰਹੇ-ਤੇਰੇ ਕੋਲ਼ੇ ਕੀ ਲਕੋ ਐ, ਜੁਗਾੜ ਸਿਆਂ? ਜੇ ਹਰਦੇਵ ਦਾ ਕੁਛ ਨਾ ਬਣਿਆਂ, ਜਾਂ ਨਾ ਬਣਦਾ-ਮੈਂ ਤਾਂ ਉਹਦਾ ਜੀ. ਟੀ. ਰੋਡ 'ਤੇ ਚਾਹ ਆਲ਼ਾ ਢਾਬਾ ਖੁਲ੍ਹਵਾ ਦੇਣਾ ਸੀ-ਹੋਰ ਦੱਸ ਮੈਥੋਂ ਕੀ ਪੁੱਛਦੈਂ? ਤੂੰ ਤਾਂ ਉਹ ਗੱਲ ਕਰਦੈਂ ਬਈ ਬੁੜ੍ਹੀ ਮਰਨ ਨੂੰ ਫਿਰੇ ਤੇ ਬਾਬਾ...ਨੂੰ ਫਿਰੇ! ਮੈਨੂੰ ਮੇਰੇ ਜੁਆਕਾਂ ਦੀ ਰੋਟੀ ਦੀ ਚਿੰਤਾ ਖਾਈ ਜਾਂਦੀ ਐ-ਤੇ ਤੂੰ ਪੱਪੂ ਹੋਰਾਂ ਬਾਰੇ ਸੋਚੀ ਜਾਨੈ?'' ਜਾਗਰ ਨੇ ਸਾਫ਼ ਹੀ ਨਬੇੜ ਦਿੱਤੀ।

-''ਇਕ ਗੱਲ ਹੋਰ ਵੀ ਐ ਨਾ, ਜਾਗਰਾ! ਉਹਦੇ ਮਨ 'ਚ ਆਹ ਵੀ ਡਬ੍ਹੱਕ ਐ ਬਈ ਮੁੰਡਾ ਕਿਤੇ ਪੱਕਾ ਹੋ

ਕੇ ਨਾ ਟੀਟਣੇ ਮਾਰਨ ਲੱਗ ਜਾਵੇ?"

-"ਸੁਆਹ ਟੀਟਣੇ...! ਟੀਟਣੇ ਕਿਵੇਂ ਮਾਰੂ? ਟੀਟਣਿਆਂ ਆਲ਼ੀ ਟੰਗ ਨਾ ਵੱਢ ਧਰਾਂਗੇ?" ਜਾਗਰ ਨੇ ਕਿਹਾ।

-"ਚੱਲ ਜਿਵੇਂ ਹੋਊ-ਦੇਖੀ ਜਾਊ? ਆਪਾਂ ਉਹਨਾਂ ਦੀ ਸਿੱਧੀ ਗੱਲ ਤਾਂ ਕਰਵਾਈਏ!"

-"ਜੇ ਤੂੰ ਆਖਦੈਂ ਤਾਂ ਕਰਵਾ ਦਿੰਨੇ ਐਂ!" ਜਾਗਰ ਨੇ ਸਹਿਮਤੀ ਦੇ ਦਿੱਤੀ।

ਮੀਤੀ ਅਤੇ ਹਰਦੇਵ ਸਿਉਂ ਦੀ ਸਿੱਧੀ ਗੱਲ ਕਰਵਾ ਦਿੱਤੀ ਗਈ। ਜਾਗਰ ਵੀ ਨਾਲ਼ ਹੀ ਸੀ। ਮੀਤੀ ਨੇ ਵਿਆਹ ਤੋਂ ਬਾਅਦ ਹਰਦੇਵ ਦੀ ਇੰਗਲੈਂਡ ਦੀ ਟਿਕਟ ਖਰਚਣ ਲਈ ਜਾਗਰ ਕੋਲ਼ ਸ਼ਰਤ ਰੱਖੀ। ਕਿਉਂਕਿ ਪੈਸਾ ਤਾਂ ਉਸ ਦੇ ਕੋਲ਼ ਕੋਈ ਹੈ ਨਹੀਂ ਸੀ! ਬਾਪੂ ਦੇ ਘਰ ਵੀ ਭੰਗ ਹੀ ਭੁੱਜਦੀ ਸੀ। ਪਰ ਮੀਤੀ ਨੇ ਇਤਨਾ ਵਾਅਦਾ ਜ਼ਰੂਰ ਕੀਤਾ ਸੀ ਕਿ ਜਦੋਂ ਹਰਦੇਵ ਅਤੇ ਉਹ ਆਪ ਕੰਮ 'ਤੇ ਲੱਗ ਗਏ, ਅਸੀਂ ਇਸ ਦੀ ਟਿਕਟ ਦੇ ਪੈਸੇ ਵਾਪਿਸ ਕਰ ਦਿਆਂਗੇ। ਜਾਗਰ ਨੇ ਸਾਰੀਆਂ ਗੱਲਾਂ ਕੰਨ ਧਰ ਕੇ ਸੁਣੀਆਂ, ਅਤੇ ਫਿਰ ਦਿਮਾਗ ਵਿਚ ਹੀ ਫ਼ਰੋਲ਼ਾ ਫ਼ਰਾਲ਼ੀ ਕੀਤੀਆਂ ਸਨ। ਉਹ ਮੀਤੀ ਦੀ ਹਰ ਗੱਲ ਨਾਲ਼ ਸਹਿਮਤ ਸੀ। ਜੁਆਕਾਂ ਤੋਂ ਉਸ ਨੇ ਕੀ ਕਰਵਾਉਣਾ ਸੀ? ਭੁੱਖਾ ਤਾਂ ਉਸ ਦਾ ਹੁਣ ਵਾਲ਼ਾ ਟੱਬਰ ਮਰਦਾ ਸੀ। ਪੈਨਸ਼ਨ ਨਾਲ਼ ਕੀ ਬਣਦਾ ਸੀ? ਜ਼ਮੀਨ ਦੀ ਕਮਾਈ ਲੱਗੇ ਨਹੀਂ ਮੋੜਦੀ ਸੀ। ਪੋਤਿਆਂ ਤੋਂ ਕੀ ਮੇਹੜ ਪੁਆਉਣੀਂ ਸੀ? ਘਰ ਨਾ ਖਾਣ ਨੂੰ ਦਾਣੇ ਤੇ ਅੰਮਾਂ ਲੁਧਿਆਣੇ...? ਟਿਕਟ ਖਰਚਣ ਲਈ ਵੀ ਜਾਗਰ ਸਿਉਂ ਤਿਆਰ ਸੀ। ਜੇ ਹਰਦੇਵ ਨੂੰ ਕਿਸੇ ਏਜੰਟ ਰਾਹੀਂ ਭੇਜਦੇ, ਤਾਂ ਵੀ ਅਗਲੇ ਨੇ ਚਾਰ ਪੰਜ ਲੱਖ ਤਾਂ ਲੈ ਹੀ ਲੈਣਾ ਸੀ? ਫਿਰ ਵੀ ਟਿਕਾਣੇ ਲੱਗਦਾ, ਪਤਾ ਨ੍ਹੀ, ਅੱਗੇ ਵਾਂਗ ਹੀ ਖੋਟੇ ਪੈਸੇ ਵਾਂਗੂੰ ਮੁੜ ਆਉਂਦਾ? ਪਰ ਹਰਦੇਵ ਦੀ ਮਾਂ ਨੇ ਜ਼ਰੂਰ ਝੋਰਾ ਕੀਤਾ ਸੀ। ਉਸ ਨੂੰ ਪੋਤੇ ਖਿਡਾਉਣ ਦਾ ਚਾਅ ਸੀ। ਪਰ ਜਾਗਰ ਦੀ ਇਕ ਗਾਲ਼ ਨੇ ਹੀ ਉਸ ਨੂੰ ਚੁੱਪ ਕਰਵਾ ਦਿੱਤਾ ਸੀ।

-"ਤੇਰੇ ਕੋਲ਼ੇ ਟਾਟੇ ਆਲ਼ੀ ਢੇਰੀ ਐ ਨ੍ਹਾਂ? ਬਈ ਭੋਰ ਭੋਰ ਕੇ ਖੁਆਈ ਜਾਵੇਂਗੀ? ਸਾਲ਼ੇ ਦੀਏ ਕੁੱਢਰੇ...! ਮੈਂ ਰੋਜੇ ਬਖ਼ਸ਼ਾਉਣ ਨੂੰ ਫਿਰਦੈਂ ਤੇ ਤੂੰ ਨਮਾਜਾਂ ਗਲ਼ ਪਾਈ ਜਾਨੀ ਐਂ! ਜੇ ਇਕ ਅੱਧਾ ਬਾਹਰ ਭੇਜਿਆ ਜਾਂਦੈ-ਮੈਨੂੰ ਭੇਜ ਲੈਣ ਦੇ! ਨਹੀਂ ਮੈਂ ਇਹਦੀ ਸਾਲ਼ੇ ਦੀ ਚਾਹ ਦੀ ਦੁਕਾਨ ਖੁਲ੍ਹਾਅ ਦੇਣੀ ਐਂ, ਕਿਤੇ! ਆਪੇ ਬੈਠੀ ਭਾਂਡੇ ਮਾਂਜੀ ਜਾਇਆ ਕਰੀਂ...! ਨਾਲ਼ੇ ਮਾਂ ਪੁੱਤ ਕੰਮ ਲੱਗਜੋਂਗੇ!"

-"ਪਰ ਆਬਦੀ ਵੇਲ ਵਾਸਤੇ ਤਾਂ ਹਰ ਕੋਈ ਸੋਚਦੈ!" ਮਾਂ ਨੇ ਵੀ ਕੁਲ਼ ਪੱਖੀ ਨਿਹੋਰਾ ਦਿੱਤਾ ਸੀ।

-"ਅੱਗੇ ਵੀ ਵੇਲ ਵਧੀ ਵੀ ਐ! ਕੀ ਇਹਨਾਂ ਨੂੰ ਤੂੰ ਨਿੱਤ ਤਸ਼ਮਈ ਬਣਾ ਕੇ ਖੁਆਉਨੀ ਐਂ? ਭੁੱਖੇ ਨੰਗੇ ਸਾਲ਼ੇ ਇਹ ਤੁਰੇ ਫਿਰਦੇ ਐ-ਜਿੱਥੇ ਇਹ ਤੁਰੇ ਫਿਰਦੇ ਐ-ਉਥੇ ਸਾਲ਼ੇ ਉਹ ਨਲ਼ੀ ਲਮਕਾਉਂਦੇ ਫਿਰਨਗੇ!"

ਜਾਗਰ ਦੀ ਬੱਕੜਵਾਹ ਸੁਣ ਕੇ ਮਾਂ ਚੁੱਪ ਹੋ ਗਈ ਸੀ।

ਉਸ ਨੇ ਸਾਰੀ ਉਮਰ ਅੜਬ ਜਾਗਰ ਮੂਹਰੇ ਸਾਹ ਨਹੀਂ ਕੱਢਿਆ ਸੀ।

ਮੀਤੀ ਅਤੇ ਹਰਦੇਵ ਦੇ ਵਿਆਹ ਦੀ ਸਾਰੀ ਗੱਲ ਬਾਤ ਤਹਿ ਹੋ ਗਈ। ਇਕ ਸਧਾਰਣ ਜਿਹਾ ਵਿਆਹ ਹੋ ਗਿਆ। ਅਗਲੇ ਦਿਨ ਕੁੜੀ ਅਤੇ ਮੁੰਡੇ ਦੇ ਬਾਪ ਨਾਲ਼ ਗਏ ਅਤੇ ਮੋਗੇ ਕਚਿਹਰੀਆਂ ਵਿਚ ਮੀਤੀ ਅਤੇ ਹਰਦੇਵ ਦਾ ਵਿਆਹ ਦਰਜ਼ ਹੋ ਗਿਆ। ਵਿਆਹ ਦੇ ਕਾਗਜ਼ ਲੈ ਕੇ ਉਹ ਘਰ ਆ ਗਏ।

ਹਫ਼ਤੇ ਕੁ ਬਾਅਦ ਉਹਨਾਂ ਨੇ ਦਿੱਲੀ ਜਾ ਕੇ ਹਰਦੇਵ ਦਾ ਵੀਜ਼ਾ ਅਪਲਾਈ ਕਰ ਦਿੱਤਾ। ਮੀਤੀ ਕੋਲ਼ ਪਹਿਲੇ ਤਲਾਕ ਅਤੇ ਮੌਜੂਦਾ ਵਿਆਹ ਦੇ ਕਾਗਜ਼ ਮੌਜੂਦ ਸਨ। ਦੋ ਕੁ ਹਫ਼ਤੇ ਬਾਅਦ ਬਰਤਾਨਵੀ ਦੂਤਘਰ ਨੇ ਹਰਦੇਵ ਨੂੰ ਇੰਟਰਵਿਊ ਲਈ ਬੁਲਾ ਲਿਆ ਗਿਆ। ਇਟਰਵਿਊ ਕੋਈ ਔਖੀ ਨਹੀਂ ਸੀ। ਹਰਦੇਵ ਆਪਣੀ ਪਤਨੀ ਨਾਲ਼ ਹਮੇਸ਼ਾ ਲਈ ਇੰਗਲੈਂਡ ਜਾ ਰਿਹਾ ਸੀ। ਚਾਹੇ ਉਹਨਾਂ ਦਾ ਦਸ ਕੁ ਸਾਲ ਦਾ ਉਮਰ ਦਾ ਫ਼ਰਕ ਸੀ। ਪਰ ਅਫ਼ਸਰ ਨੂੰ ਕੋਈ ਸ਼ੱਕ ਸੁਬਾਹ ਨਹੀਂ ਸੀ।

ਹਰਦੇਵ ਨੂੰ ਇੰਗਲੈਂਡ ਦਾ ਵੀਜ਼ਾ ਮਿਲ਼ ਗਿਆ।

ਸਾਰੇ ਪ੍ਰੀਵਾਰ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਮਾਂ ਨੇ ਵੀ ਚਾਅ ਕੀਤਾ। ਵਕਤੀ ਤੌਰ 'ਤੇ ਉਸ ਨੂੰ ਪੋਤਿਆ ਦੀ ਯਾਦ ਵਿਸਰ ਗਈ। ਹਰਦੇਵ ਦੇ ਵੀਜ਼ੇ ਨੇ ਸਾਰੇ ਪਾਸੇ ਢਕ ਲਏ ਸਨ। ਘਰੇ ਰੌਣਕ ਪਰਤ ਆਈ ਸੀ। ਜੁਗਾੜ ਸਿਉਂ ਨੂੰ ਰੂੜੀ ਮਾਰਕਾ ਨਾਲ਼ ਰਜਾ ਦਿੱਤਾ। ਬੱਕਰੇ ਦੀਆਂ ਸੈਂਖੀਆਂ ਨਾਲ਼ ਜੁਗਾੜ ਸਿਉਂ ਅੱਧੀ ਰਾਤ ਤੱਕ

ਘੋਲ਼ ਕਰਦਾ ਰਿਹਾ ਸੀ। ਮੁਫ਼ਤ ਦੀ ਖਾ ਪੀ ਕੇ ਉਸ ਨੇ ਸਾਰਾ ਮੂੰਹ ਲਬੇੜ ਲਿਆ ਸੀ। ਇਕ ਦੋ ਲਲਕਾਰੇ ਵੀ ਮਾਰ ਦਿੱਤੇ ਸਨ!

ਜਾਗਰ ਨੇ ਹਰਦੇਵ ਦੀ ਇੰਗਲੈਂਡ ਦੀ ਟਿਕਟ ਖਰੀਦਣ ਲਈ ਇਕ ਕਿੱਲਾ ਜ਼ਮੀਨ ਦਾ ਗਹਿਣੇ ਧਰ ਦਿੱਤਾ।

-"ਅਜੇ ਬਾਪੂ ਜੀ ਸਾਨੂੰ ਸੈੱਟ ਹੁੰਦਿਆਂ ਕਰਦਿਆਂ ਨੂੰ ਘੱਟੋ ਘੱਟ ਇਕ ਸਾਲ ਲੱਗ ਜਾਣੈਂ-ਪਰ ਊਂ ਤੁਸੀਂ ਸਾਡਾ ਫ਼ਿਕਰ ਨਾ ਕਰਿਓ।" ਤੁਰਦੀ ਮੀਤੀ ਨੇ ਜਾਗਰ ਸਿੰਘ ਨੂੰ ਆਖਿਆ ਸੀ। ਜਾਗਰ ਨੇ ਵੀ "ਕੋਈ ਗੱਲ ਨਹੀਂ ਭਾਈ" ਕਹਿ ਦਿੱਤਾ ਸੀ। ਉਹ ਆਖਣਾ ਤਾਂ ਇਹ ਚਾਹੁੰਦਾ ਸੀ ਕਿ ਹਰਦੇਵ ਸਿਆਂ, ਤੇਰੇ ਕਰਕੇ ਪੈਲ਼ੀ ਦਾ ਇਕ ਕਿੱਲਾ ਫੂਕਿਐ-ਜਾ ਕੇ ਪੈਸਾ ਧੇਲਾ ਜਲਦੀ ਭੇਜੀਂ, ਘਰ ਦੀ ਹਾਲਤ ਦਾ ਤਾਂ ਤੈਨੂੰ ਪਤਾ ਈ ਐ! ਪਰ ਸਮੇਂ ਦੀ ਨਜ਼ਾਕਤ ਦੇਖ ਕੇ ਉਹ ਚੁੱਪ ਹੀ ਰਿਹਾ ਸੀ।

ਮੀਤੀ ਅਤੇ ਹਰਦੇਵ ਇੰਗਲੈਂਡ ਪੁੱਜ ਗਏ।

ਜਦ ਮੀਤੀ ਨੇ ਆਪਣਾ ਘਰ ਦਾ ਦਰਵਾਜਾ ਖੋਲ੍ਹ ਕੇ ਦੇਖਿਆ ਤਾਂ ਉਸ ਦਾ ਪਹਿਲਾ ਘਰਵਾਲ਼ਾ ਆਪਣਾ ਸਾਰਾ ਸਮਾਨ ਲੈ ਕੇ ਜਾ ਚੁੱਕਾ ਸੀ। ਖਾਲੀ ਜਿਹਾ ਹੋਇਆ ਘਰ ਭਾਂ-ਭਾਂ ਕਰ ਰਿਹਾ ਸੀ। ਅਦਾਲਤ ਵੱਲੋਂ ਇਕ ਖ਼ਤ ਆਇਆ ਪਿਆ ਸੀ ਕਿ ਮਕਾਨ ਬਾਰੇ ਕੋਈ ਫ਼ੈਸਲਾ ਲੈ ਕੇ ਜਲਦੀ ਇਕ ਪਾਸਾ ਕਰੋ! ਲਿਖਣ ਦਾ ਮਤਲਬ ਇਹ ਸੀ ਕਿ ਜੇ ਤੁਸੀਂ ਇਕ ਜਾਣਾ ਮਕਾਨ ਦੇ ਪੈਸੇ ਦਿਓਂਗੇ ਤਾਂ ਦੂਜਾ ਇਹ ਮਕਾਨ ਰੱਖਣ ਦਾ ਹੱਕਦਾਰ ਹੋਵੇਗਾ। ਮੀਤੀ ਨੇ ਅਦਾਲਤ ਨੂੰ ਚਿੱਠੀ ਲਿਖ ਦਿੱਤੀ ਕਿ ਤੁਸੀਂ ਮੈਨੂੰ ਮੇਰੇ ਹਿੱਸੇ ਦੇ ਪੈਸੇ ਹੀ ਦਿਵਾ ਦਿਓ। ਪੈਸੇ ਦੇ ਕੇ ਸਾਰਾ ਮਕਾਨ ਮੇਰਾ ਪਹਿਲਾਂ ਘਰਵਾਲ਼ਾ ਰੱਖ ਲਵੇ! ਕਿਉਂਕਿ ਪੈਸੇ ਦੀ ਮੀਤੀ ਨੂੰ ਸਖ਼ਤ ਜ਼ਰੂਰਤ ਸੀ।

ਮਕਾਨ ਦੇ ਅੱਧੇ ਪੈਸੇ ਮਿਲੇ ਤਾਂ ਮੀਤੀ ਨੇ ਪੈਸੇ ਬੈਂਕ ਵਿਚ ਰੱਖ ਦਿੱਤੇ ਅਤੇ ਹਰਦੇਵ ਸਮੇਤ ਇਕ 'ਬੇਸਮੈਂਟ' ਕਿਰਾਏ 'ਤੇ ਲੈ ਲਿਆ। ਦੋਨੋਂ ਰਹਿਣ ਲੱਗੇ। ਮੀਤੀ ਨੇ ਆਪਣੀ ਪੁਰਾਣੀ ਫ਼ਰਮ ਵਿਚ ਹੀ ਕੰਮ ਸ਼ੁਰੂ ਕਰ ਦਿੱਤਾ। ਹਰਦੇਵ ਨੂੰ ਅਜੇ ਕੋਈ ਕੰਮ ਨਹੀਂ ਮਿਲਿਆ ਸੀ। ਸਭ ਤੋਂ ਪਹਿਲਾਂ ਉਸ ਨੂੰ "ਹੈਬਚੂਅਲ-ਰੈਜ਼ੀਡੈਂਸੀ" ਦਿਖਾਉਣੀ ਪੈਣੀ ਸੀ। ਫਿਰ ਉਸ ਨੂੰ ਜਾ ਕੇ "ਨੈਸ਼ਨਲ ਇੰਸ਼ੋਰੈਂਸ ਨੰਬਰ" ਮਿਲਣਾ ਸੀ। ਉਸ ਤੋਂ ਪਹਿਲਾਂ ਉਹ ਕੰਮ ਨਹੀਂ ਕਰ ਸਕਦਾ ਸੀ। ਹਰਦੇਵ ਦੇ ਕੰਮ ਲਈ ਮੀਤੀ ਨੇ ਆਪਣੀ ਫ਼ਰਮ ਵਿਚ ਹੀ ਅਪਲਾਈ ਕਰ ਦਿੱਤਾ ਸੀ। ਪਰ ਅਜੇ ਕੋਈ ਜਗਾਹ ਖਾਲੀ ਨਹੀਂ ਸੀ। ਹਰਦੇਵ ਦਾ ਪੀ-46 ਫ਼ਾਰਮ ਭਰਿਆ ਪਿਆ ਸੀ। ਜਦ ਜਗਾਹ ਖਾਲੀ ਹੋਣੀ ਸੀ, ਤਾਂ ਜਾ ਕੇ ਫ਼ਰਮ ਵਾਲਿਆਂ ਨੇ ਅੱਗੇ ਭੇਜਣੀ ਸੀ।

ਹਰਦੇਵ ਘਰ ਹੀ ਰਹਿੰਦਾ। ਸਬਜ਼ੀ ਜਾਂ ਦਾਲ਼ ਬਣਾ ਕੇ ਰੱਖ ਦਿੰਦਾ। ਰੋਟੀਆਂ ਲਾਹ ਲੈਂਦਾ। ਹੂਵਰ ਕਰ ਛੱਡਦਾ। ਜੇ ਕਦੇ ਉਸ ਦਾ ਦਿਲ ਨਾ ਲੱਗਦਾ ਤਾਂ ਉਹ ਪਾਰਕ ਵਿਚ ਜਾ ਬੈਠਦਾ। ਲੰਡਨ ਪਾਰਕ ਵਿਚ ਕਾਫ਼ੀ ਦੇਸੀ ਭਾਈਬੰਦ ਬੈਠੇ ਹੁੰਦੇ। ਪੰਜਾਬੀਆਂ ਨਾਲ਼ ਉਸ ਦਾ ਬਾਹਵਾ ਦਿਲ ਲੱਗਿਆ ਰਹਿੰਦਾ। ਮੀਤੀ ਸ਼ਾਮ ਨੂੰ ਸੱਤ ਕੁ ਵਜੇ ਕੰਮ ਛੱਡਦੀ ਅਤੇ ਸਾਢੇ ਕੁ ਸੱਤ ਵਜੇ ਘਰ ਪਹੁੰਚਦੀ ਸੀ। ਹੁਣ ਕੰਮ ਵਿਚ ਉਸ ਦਾ ਦਿਲ ਲੱਗਣ ਲੱਗ ਪਿਆ ਸੀ। ਪਰ ਜਦ ਉਹ ਪਿਛਲੇ ਜ਼ਖ਼ਮਾਂ ਨੂੰ ਯਾਦ ਕਰਦੀ ਤਾਂ ਮੀਤੀ ਇਕ ਤਰ੍ਹਾਂ ਨਾਲ਼ ਕਰਾਹ ਉਠਦੀ ਅਤੇ ਉਹ ਬੀਤ ਚੁੱਕੇ ਸਮੇਂ ਨੂੰ ਇਕ ਭਿਆਨਕ ਸੁਪਨਾ ਸਮਝ ਕੇ ਭੁੱਲਣ ਦੀ ਕੋਸ਼ਿਸ਼ ਕਰਦੀ। ਘਰੇ ਆ ਕੇ ਉਹ ਹਰਦੇਵ ਦੀ ਬਣਾਈ ਸਬਜ਼ੀ ਨਾਲ਼ ਰੋਟੀ ਖਾ ਕੇ ਮਾੜਾ ਮੋਟਾ ਟੈਲੀਵਿਯਨ ਦੇਖਦੀ ਅਤੇ ਥੱਕੀ ਹੰਭੀ ਹੋਈ ਸੌਂ ਜਾਂਦੀ। ਹਰਦੇਵ ਵੀ ਉਸ ਨੂੰ ਕੋਈ ਤੰਗੀ ਨਹੀਂ ਦਿੰਦਾ ਸੀ। ਉਹ ਮੀਤੀ ਦੇ ਜਾਣ ਤੋਂ ਬਾਅਦ ਘਰ ਦਾ ਮਾੜਾ ਮੋਟਾ ਕੰਮ ਨਬੇੜ ਕੇ ਪਾਰਕ ਚਲਿਆ ਜਾਂਦਾ।

ਜਦ ਹਰਦੇਵ ਲੰਡਨ ਵਾਲੀ ਪਾਰਕ ਵਿਚ ਪਹੁੰਚਿਆ ਤਾਂ ਅੱਜ ਫ਼ਿਰ ਪੂਰੀ ਗਹਿਮਾਂ-ਗਹਿਮੀਂ ਸੀ। ਸੋਹਣਾ ਮੌਸਮ ਸੀ। ਫ਼ੌਜੀ, ਸੁੱਖਾ ਘੈਂਟ, ਸੈਦੋ ਵਾਲਾ ਭਲਵਾਨ ਬਸੰਤ, ਬਾਬਾ ਅਜਮੇਰ ਅਤੇ ਕਾਮਰੇਡ ਮੁਛੈਹਰਾ ਸਿੰਘ ਅੱਜ ਸੁਸਤ ਜਿਹੇ ਹੀ ਧੁੱਪ ਸੇਕ ਰਹੇ ਸਨ। ਕਾਮਰੇਡ ਦਾ ਨਾਂ ਤਾਂ ਪਿਸ਼ੌਰਾ ਸਿੰਘ ਸੀ। ਪਰ ਵੱਡੀਆਂ ਵੱਡੀਆਂ ਮੁੱਛਾਂ ਹੋਣ ਕਾਰਨ ਸਾਰੇ ਦੇਸੀ ਭਾਈਬੰਦ ਕਾਮਰੇਡ ਨੂੰ "ਮੁਛੈਹਰਾ ਸਿੰਘ" ਹੀ ਦੱਸਦੇ। ਕਿਸੇ ਨੇ ਕੋਈ ਕੜਕਵੀਂ, ਕਰਾਰੀ ਗੱਲ ਨਹੀਂ ਸੁਣਾਈ ਸੀ, ਜਿਸ ਕਰ ਕੇ ਮਿੱਤਰਾਂ ਦੀ ਮਹਿਫ਼ਲ ਕੁਝ ਬੇਰੰਗੀ ਜਿਹੀ ਹੀ ਸੀ! ਹਰਦੇਵ ਵੀ ਚੁੱਪ ਚਾਪ ਹੀ ਬੈਠਾ ਸੀ।

-"ਕਾਮਰੇਟਾ ਤੂੰ ਗਲਾਸੀ ਤਾਂ ਛੱਡਤੀ-ਪਰ ਕਦੇ ਬੀਰ੍ਹ ਛੀਰ੍ਹ ਤਾਂ ਮਾਰ ਲਿਆ ਕਰ....!" ਆਖਰ ਸੁੱਖੇ

ਘੈਂਟ ਨੇ ਮਹਿਫ਼ਲ ਦੀ ਸੁਸਤੀ ਤੋੜੀ। ਹੱਥ ਵਿਚ ਉਸ ਨੇ ਬੀਅਰ ਦਾ ਡੱਬਾ ਹੈਂਡ-ਗਰਨੇਡ ਵਾਂਗ ਫੜਿਆ ਹੋਇਆ ਸੀ।

-"ਬਥੇਰੀ ਪੀਤੀ ਸੁੱਖਿਆ, ਛੋਟੇ ਭਾਈ! ਕੋਈ ਕਸਰ ਨ੍ਹੀ ਛੱਡੀ! ਮੈਨੂੰ ਤਾਂ ਪਿੰਡ ਵੀ ਗੁਆਂਢੀ ਗੱਡੇ 'ਤੇ ਲੱਦ ਕੇ ਲਿਆਉਂਦੇ ਹੁੰਦੇ ਸੀ-ਪਰ ਜਦੋਂ ਦਾ ਡਾਕਟਰ ਨੇ ਮਨ੍ਹਾਂ ਕੀਤੈ-ਮੈਂ ਹੱਥ ਨ੍ਹੀ ਲਾਇਆ! ਬੀਅਰ ਪੀ ਤਾਂ ਲਈਦੀ ਐ-ਪਰ ਤੰਗ ਬਹੁਤ ਕਰਦੀ ਐ ਸਾਲੀ-ਮੇਰੀ ਤਾਂ ਸ਼ੂਗਰ ਈ ਬਹੁਤ ਵਧ ਜਾਂਦੀ ਐ।"

-"ਮਾੜਾ ਢੱਗਾ ਛੱਤੀ ਰੋਗ! ਪਹਿਲਾਂ ਆਲ਼ੀ ਪੀਤੀ ਹੁਣ ਨਿਕਲਦੀ ਐ ਕਾਮਰੇਡਾ!" ਬਾਬੇ ਅਜਮੇਰ ਨੇ ਵਿਅੰਗ ਕੀਤਾ।

-"ਕਾਮਰੇਟਾ, ਥੋਡੇ ਰੂਸ ਆਲ਼ੇ ਤਾਂ ਕਹਿੰਦੇ ਨਾਸ਼ਤਾ ਵੀ ਵੋਦਕੇ ਨਾਲ ਈ ਕਰਦੇ ਸੀ?" ਸੈਦੋ ਵਾਲੇ ਭਲਵਾਨ ਨੇ ਕਾਮਰੇਡ ਨੂੰ ਬਲ਼ਦ ਵਾਂਗ 'ਆਰ' ਲਾਈ।

-"ਕਿਸੇ ਨੂੰ ਮਾਂਹ ਬਾਦੀ-ਕਿਸੇ ਨੂੰ ਮਾਫ਼ਕ, ਭਲਵਾਨਾ! ਨਾਲੇ ਰੂਸ ਆਲ਼ਿਆਂ ਦੀ ਅਸੀਂ ਕੀ ਰੀਸ ਕਰਲਾਂਗੇ? ਜਿਹੜਾ ਕੁਛ ਰੂਸ ਆਲ਼ਿਆਂ ਨੇ ਖੱਟ ਲਿਆ-ਅਸੀਂ ਅਗਲੇ ਸੌ ਸਾਲਾਂ 'ਚ ਨ੍ਹੀ ਖੱਟ ਸਕਦੇ!"

-"ਹੁਣ ਤਾਂ ਕਾਮਰੇਟਾ ਕਹਿੰਦੇ ਉਹ ਵੀ ਠੂਠਾ ਜਿਆ ਈ ਫੜੀ ਫਿਰਦੇ ਐ?"

-"ਨੰਗਾਂ ਦੇ ਨੰਗ ਪ੍ਰਾਹੁਣੇ...!"

-"ਕੁਛ ਵੀ ਐ...! ਸਰਾਸਰ ਅਮਰੀਕਾ ਦੀਆਂ ਚਾਲਾਂ ਕਰਕੇ ਰੂਸ ਖੱਖੜੀਆਂ ਹੋਇਆ-ਤਾਂ ਐਸ ਨੌਬਤ 'ਤੇ ਆਇਆ! ਕਦੇ ਉਜ਼ਬੇਕ ਆਲ਼ਿਆਂ ਦੇ ਉਂਗਲ ਦੇਹ-ਕਦੇ ਚੈਚਨੀਆਂ ਆਲ਼ਿਆਂ ਦੇ! ਕੀ ਪਹਿਲਾਂ ਨਜ਼ੀਬ-ਉੱਲਾ ਦੇ ਰਾਜ ਵੇਲੇ ਰਾਜ ਪਲਟਾ ਲਿਆਉਣ ਲਈ ਅਫ਼ਗਾਨਿਸਤਾਨ ਦੇ ਤਾਲੀਬਾਨਾਂ ਤੇ ਅਲ-ਕਾਈਦਾ ਨੂੰ ਅਮਰੀਕਾ ਦਾ ਥਾਪੜਾ ਨਹੀਂ ਸੀ? ਓਸਾਮਾ ਬਿਨ ਲਾਦੇਨ ਦੇ ਇਹੋ ਅਮਰੀਕਾ ਬਾਪੂ ਮਾਂਗੂੰ ਨਹੀਂ ਪੈਰੀਂ ਹੱਥ ਲਾਉਂਦਾ ਰਿਹਾ? ਫੇਰ ਉਹਨਾਂ ਦੀ ਅਹੀ ਤਹੀ ਫੇਰਨ ਆਸਤੇ ਕੀ ਇਹਨੇ ਪਾਕਿਸਤਾਨ ਦਾ ਬਿਲੀਅਨਾਂ ਦੇ ਹਿਸਾਬ ਨਾਲ ਖੜ੍ਹਾ ਕਰਜ਼ਾ ਮੁਆਫ ਕਰਕੇ, ਉਹਨੂੰ ਓਨਾਂ ਈ ਹੋਰ ਕਰਜ਼ਾ ਨਹੀਂ ਦਿੱਤਾ? ਕੀ ਅਮਰੀਕਾ ਨੇ ਆਪਣੀ ਹਿੱਕ 'ਤੇ ਪਿੱਪਲ ਲੱਗੇ ਕਿਊਬਾ ਦੇ ਫ਼ੀਦਲ ਕਾਸਤਰੋ ਨੂੰ ਮਰਵਾਉਣ ਲਈ ਸੈਂਕੜੇ ਚਾਲਾਂ ਨਹੀਂ ਚੱਲੀਆਂ? ਫ਼ੀਦਲ ਕਾਸਤਰੋ ਦੇ ਇਮਾਨਦਾਰ ਦੇਸ਼ ਵਾਸੀਆਂ ਤੇ ਉਸ ਦੀ ਚਤਰ ਚਲਾਕ ਇੰਟੈਲੀਜੈਂਸੀ ਕਰਕੇ ਨਹੀਂ ਕਾਮਯਾਬ ਹੋ ਸਕਿਆ, ਇਹ ਇਕ ਵੱਖਰੀ ਗੱਲ ਐ...! ਅਮਰੀਕਾ ਸਿਰਫ਼ ਵਿਰੋਧੀਆਂ ਦੀ ਪਿੱਠ ਲਾਉਣ ਵਾਸਤੇ ਹਮੇਸ਼ਾ ਘਤਿੱਤਾਂ ਕਰਦਾ ਆਇਐ! ਉਹ ਚਾਹੇ ਸਦਾਮ ਹੁਸੈਨ ਸੀ, ਚਾਹੇ ਨਜ਼ੀਬ-ਉਲਾ ਸਰਕਾਰ! ਚਾਹੇ ਇਰਾਨ ਸੀ, ਚਾਹੇ ਚੀਨ! ਹੁਣ ਜਦੋਂ ਗਿਆਰਾਂ ਸਤੰਬਰ ਨੂੰ ਆਬਦੇ ਬੱਖਲ਼ 'ਚ ਵੱਜੀ-ਪਿੱਟ ਉਠਿਆ...! ਦੂਜੇ ਦੇ ਘਰੇ ਲੱਗੀ ਅੱਗ ਬਸੰਤਰ ਦੇਵਤਾ ਦਿਸਦੀ ਐ, ਬਾਈ! ਮਰੋੜਾ ਤਾਂ ਉਦੋਂ ਚੜ੍ਹਦੈ-ਜਦੋਂ ਆਬਦੇ ਘਰ ਨੂੰ ਆ ਪੈਂਦੀ ਐ! ਇਕ ਚੁਗਲ ਤੇ ਦੂਜਾ ਕੰਨਾਂ ਦਾ ਕੱਚਾ, ਜਦੋਂ ਇਹ ਦੋ ਰਲ਼ ਜਾਣ-ਉਦੋਂ ਤਬਾਹੀ ਦੀ ਸਿਖ਼ਰ ਹੁੰਦੀ ਐ! ਇਹਦੇ ਟਾਊਟ ਹੈਗੇ ਐ ਚੁਗਲੀ ਦਾ ਖੱਟਿਆ ਖਾਣ ਆਲ਼ੇ ਤੇ ਆਬਦਾ ਉਲੂ ਸਿੱਧਾ ਰੱਖਣ ਆਲ਼ੇ-ਤੇ ਅਮਰੀਕਾ ਉਹਨਾਂ ਦੇ ਮੋਢੇ 'ਤੇ ਧਰ ਕੇ ਆਬਦਾ ਹਥਿਆਰ ਚਲਾਉਂਦੈ...!"

-"ਪਰ ਇਕ ਗੱਲ ਹੋਰ ਐ! ਇਤਿਹਾਸ ਫ਼ਰੋਲ਼ ਲਓ, ਚੁਗਲੀ ਦਾ ਖੱਟਿਆ ਖਾਣ ਆਲ਼ੇ ਬੰਦੇ ਦਾ ਤਾਂ ਹਸ਼ਰ ਮਾੜਾ ਈ ਮਾੜਾ ਹੁੰਦੈ-ਉਹਦੀ ਸਰਦਾਰੀ ਬਹੁਤਾ ਚਿਰ ਕੈਮ ਨ੍ਹੀ ਰਹਿੰਦੀ! ਚਾਰ ਦਿਨਾਂ ਦੀ ਚਾਂਦਨੀ ਤੇ ਫਿਰ ਹਨ੍ਹੇਰੀ ਰਾਤ, ਆਲ਼ੀ ਗੱਲ ਹੁੰਦੀ ਐ-ਵਕਤੀ ਤੌਰ 'ਤੇ ਅਗਲਾ ਕਿੱਡਾ ਵੀ ਰਾਠ ਬਣ ਕੇ ਆਬਦਾ ਕੰਮ ਕੱਢੀ ਜਾਵੇ-ਜਦੋਂ ਸਾਰੀ ਦੁਨੀਆਂ 'ਚ ਨੰਗਾ ਹੋ ਜਾਂਦੈ-ਫੇਰ ਉਹਨੂੰ ਕੋਈ ਮੂੰਹ ਨ੍ਹੀ ਲਾਉਂਦਾ-ਖੁਰਕ ਪਈ ਆਲ਼ੇ ਕੁੱਤੇ ਮਾਂਗੂੰ ਸਾਰੇ ਦੁਰਕਾਰਦੇ ਐ!"

-"ਇਹਨਾਂ ਅਕ੍ਰਿਤਘਣਾਂ ਕਰਕੇ ਈ ਤਾਂ ਧਰਤੀ ਅਕਾਲ ਪੁਰਖ਼ ਕੋਲ ਜਾ ਕੇ ਕੁਰਲਾਈ ਸੀ; ਭਾਰੇ ਭੂਈ ਅਕ੍ਰਿਤਘਣ ਮੰਦੀ ਹੂੰ ਮੰਦੇ...!" ਫ਼ੌਜੀ ਨੇ ਦੱਸਿਆ।

-"ਚੁਗਲਖ਼ੋਰ ਤੇ ਵਿਸ਼ਵਾਸਘਾਤੀ ਦਾ ਦੂਜਾ ਨਾਂ ਈ ਤਾਂ ਮੁਖ਼ਬਰ ਐ! ਤੇ ਮੁਖ਼ਬਰ ਨੂੰ ਸੋਧਣ ਦਾ ਪਹਿਲਾਂ ਨੈਕਸਲੀਆਂ ਦਾ ਪਹਿਲਾ ਕਰਮ ਰਿਹੈ ਤੇ ਬਾਅਦ 'ਚ ਖਾੜਕੂਆਂ ਨੇ ਵੀ ਮੁਖ਼ਬਰ ਟਿਕਾਅ ਕੇ ਸੋਧੇ ਐ! ਮੁਖ਼ਬਰ ਈ ਜੰਗੀ ਲਹਿਰਾਂ 'ਚ ਰੋੜੇ ਅਟਕਾਉਂਦੇ ਰਹੇ ਐ! ਜੇ ਗੌਰਮਿੰਟ ਦੇ ਗ਼ੱਦਾਰ, ਮੁਖ਼ਬਰ ਨਾ ਹੁੰਦੇ-ਦੇਸ਼ ਭਗਤ ਤਾਂ ਕਦੋਂ ਦੇ

ਮੱਲਾਂ ਮਾਰ ਚੁੱਕੇ ਹੁੰਦੇ! ਸਾਰੀਆਂ ਹਥਿਆਰਬੰਦ ਲਹਿਰਾਂ ਦੀਆਂ ਬੇੜੀਆਂ 'ਚ ਬੱਟੇ ਤਾਂ ਮੁਖ਼ਬਰ ਦੱਲਿਆਂ ਨੇ ਈ ਪਾਏ...!" ਕਾਮਰੇਡ ਦਾ ਪਾਰਾ ਚੜ੍ਹ ਗਿਆ ਸੀ।

-"ਫੇਰ ਮਰੇ ਵੀ ਦੇਖਲਾ ਪ੍ਰੀਵਾਰਾਂ ਸਮੇਤ ਕਿਮੇਂ ਐਂ?" ਫ਼ੌਜੀ ਨੂੰ ਮੁਖ਼ਬਰ ਦੇ ਨਾਂ ਤੋਂ ਹੀ ਚਿੜ੍ਹ ਸੀ!

-"ਕੀ ਖੱਟਿਆ....? ਆਪ ਤਾਂ ਮਰਨਾ ਸੀ ਬਾਹਮਣਾ-ਜਜਮਾਨ ਵੀ ਡੋਬੇ? ਆਪ ਤਾਂ ਮਰਨਾ ਈ ਸੀ-ਆਬਦੇ ਪ੍ਰੀਵਾਰਾਂ ਦੇ ਵੀ ਵੈਰੀ ਬਣ ਤੁਰੇ!" ਬਸੰਤ ਭਲਵਾਨ ਨੇ ਆਪਣੇ ਮਨ ਦੀ ਭਾਫ਼ ਕੱਢੀ।

-"ਤੂੰ ਅੱਜ ਬਾਹਲ਼ਾ ਈ ਚੁੱਪ ਜਿਐਂ, ਹਰਦੇਵ ਸਿਆਂ?"

-"ਨਹੀਂ ਕਾਮਰੇਡ! ਮੈਂ ਤਾਂ ਥੋਨੂੰ ਸੁਣ ਰਿਹੈਂ!" ਹਰਦੇਵ ਬੋਲਿਆ।

-"ਇਉਂ ਲੱਗਦੈ, ਜਿਵੇਂ ਮੁੰਡੇ ਦਾ ਦਿਲ ਨ੍ਹੀ ਲੱਗਿਆ ਹੁੰਦਾ ਇੰਗਲੈਂਡ ਆ ਕੇ?"

-"ਨਹੀਂ, ਦਿਲ ਨੂੰ ਤਾਂ ਕੀ ਐ?" ਹਰਦੇਵ ਨੂੰ ਕੋਈ ਗੱਲ ਨਾ ਔੜੀ।

-"ਕੋਈ ਨਾ! ਬਥੇਰਾ ਦਿਲ ਲੱਗਜੂ ਹਰਦੇਵ ਸਿਆਂ! ਐਵੇਂ ਮਾੜਾ ਮੋਟਾ ਪਿੱਛਾ ਤਾਂ ਯਾਦ ਆਉਂਦਾ ਈ ਐ ਬੰਦੇ ਦੇ!"

-"ਆਹ ਕਿਮੇਂ ਅੱਜ ਚੱਕਵੇਂ ਪੈਰੀਂ ਆਉਂਦੈ?" ਬਾਈ ਅਜੀਤ ਸਿੰਘ ਬਰਾੜ ਨੂੰ ਆਉਂਦਾ ਦੇਖ ਕੇ ਸੁੱਖੇ ਨੇ ਕਿਹਾ।

ਬਾਈ ਬਰਾੜ ਬੀਅਰਾਂ ਫੜੀ ਬਿਨ-ਬਰੇਕੇ ਟਰੱਕ ਵਾਂਗ, ਸੱਚੀਂ ਹੀ ਸਪੀਡ ਫੜੀ ਆਉਂਦਾ ਸੀ।

-"ਕੀ ਹੋ ਗਿਆ....? ਬਾਹਲਾ ਈ ਟਾਪ ਗੇਅਰ 'ਚ ਲੱਗਿਆ ਆਉਨੈਂ?" ਫ਼ੌਜੀ ਨੇ ਪੁੱਛਿਆ।

-"ਮੈਂ ਸੋਚਿਆ, ਲੇਟ ਹੋ ਗਿਆ! ਕਿਤੇ ਕਰਾਰੀਆਂ ਗੱਲਾਂ ਬਾਤਾਂ ਤੋਂ ਵਾਂਝਾ ਨਾ ਰਹਿਜਾਂ....!" ਬਰਾੜ ਨੇ ਬੀਅਰ ਦੇ ਡੱਬੇ ਦੀ ਸੀਲ ਬੜੀ ਬੇਕਿਰਕੀ ਨਾਲ ਪੱਟੀ।

-"ਹੋਰ ਸੁਣਾ ਕੋਈ ਨਵੀਂ ਤਾਜੀ ਬਰਾੜਾ....!" ਫ਼ੌਜੀ ਨੇ ਲੱਤ 'ਤੇ ਲੱਤ ਧਰ ਕੇ ਹੱਥ ਮਸਲ਼ੇ।

-"ਕੀ ਸੁਣਾਵਾਂ ਫ਼ੌਜੀ ਭਾਅ ਜੀ? ਅੱਜ ਮੈਨੂੰ ਮੇਰੇ ਮਿੱਤਰ ਦਾ ਇਕ ਮੁੰਡਾ ਐਥੇ ਛੱਡ ਕੇ ਗਿਐ-।"

-"ਫੇਰ...? ਕੋਈ ਮਾੜੀ ਗੱਲ ਕਰਤੀ?" ਬਾਬੇ ਅਜਮੇਰ ਨੇ ਗੱਲ ਪੂਰੀ ਵੀ ਨਾ ਹੋਣ ਦਿੱਤੀ।

-"ਉਹਦੀ ਕਾਰ 'ਚ ਪੰਜਾਬੀ ਗੀਤ ਲੱਗੇ ਵੇ-ਮੈਨੂੰ ਸੁਣ ਸੁਣ ਕੇ ਹਾਸਾ ਆਈ ਜਾਵੇ, ਬਈ ਆਪਣੇ ਗੀਤਕਾਰ ਭਰਾ ਲਿਖਣ ਲੱਗੇ ਬਿਲਕੁਲ ਈ ਨ੍ਹੀ ਸੋਚਦੇ! ਗਾਉਣ ਆਲ਼ੇ ਕੰਪਣੀਆਂ ਦੇ ਆਖੇ ਲੱਗ ਕੇ 'ਢੱਕਮ-ਢੱਲਾ' ਗਾਈ ਤੁਰੇ ਜਾਂਦੇ ਐ-ਗੀਤ ਦਾ ਕੋਈ ਅਰਥ ਨਿਕਲੇ, ਚਾਹੇ ਨਾ ਨਿਕਲੇ....।"

-"ਚੱਲ ਆਪਾਂ ਕਿਹੜਾ ਕੋਈ ਕੋਰਸ ਪਾਸ ਕਰਨੈਂ?" ਬਾਬੇ ਨੇ ਫਿਰ ਘੋੜ੍ਹਾ ਭਜਾਇਆ।

-"ਸੁਣਾ ਤਾਂ ਸਹੀ ਕੋਈ ਕੋਸੀ ਜੀ....! ਠੰਢੇ ਜੇ ਬੈਠੇ ਐਂ ਬਰਾੜਾ....!" ਸੁੱਖੇ ਨੇ ਬਰਾੜ ਨੂੰ ਪਲੀਤਾ ਲਾਇਆ।

-"ਗੀਤ ਚੱਲਦਾ ਸੀ ਅਖੇ, ਪਿੜ ਵਿਚ ਢੋਲ ਵੱਜਦਾ-ਆਓ ਯਾਰੋ ਨੱਚੀਏ!"

-"ਢੋਲ ਵੱਜੂਗਾ ਤਾਂ ਨੱਚਣਾ ਈ ਐ-ਹੋਰ ਕੀਰਨੇ ਪਾਉਣੇ ਐਂ?"

-"ਜੇ ਕੁੜੀ ਗਾਉਂਦੀ ਹੁੰਦੀ, ਤਾਂ ਵੀ ਸਰ ਜਾਂਦਾ-ਪਰ ਗਾਉਂਦਾ ਮੁੰਡਾ ਸੀ! ਭਲਾ ਗਾਉਣ ਆਲ਼ੇ ਭਲੇ ਮਾਣਸ ਨੂੰ ਪੁੱਛਣਾ ਹੋਵੇ ਬਈ ਬਾਈ ਸਿਆਂ, ਮੁੰਡੇ ਨੱਚਦੇ ਹੁੰਦੇ ਐ? ਨੱਚਦੇ ਜਾਂ ਤਾਂ ਨਚਾਰ ਹੁੰਦੇ ਐ ਜਾਂ ਖੁਸਰੇ! ਤੇ ਜਾਂ ਫੇਰ ਕੁੜੀਆਂ ਨੱਚਦੀਆਂ ਹੁੰਦੀਐਂ!"

-"ਆਹੋ ਠੀਕ ਐ! ਮੁੰਡੇ ਨ੍ਹੀ ਨੱਚਦੇ ਹੁੰਦੇ-ਮੁੰਡੇ ਤਾਂ ਭੰਗੜਾ ਪਾਉਂਦੇ ਹੁੰਦੇ ਐ!" ਸੁੱਖੇ ਘੈਂਟ ਦਾ ਹਾਸਾ ਛੁੱਟ ਪਿਆ।

-"ਨਹੀਂ, ਮੁੰਡੇ ਵੀ ਨੱਚਦੇ ਐ! ਮੁੰਡੇ ਕਿਉਂ ਨ੍ਹੀ ਨੱਚਦੇ? ਕੁੜੀਆਂ ਨੱਚਦੀਆਂ ਵੀ ਐ-ਗਿੱਧਾ ਵੀ ਪਾਉਂਦੀਐਂ-ਕਿੱਕਲੀ ਵੀ ਪਾਉਂਦੀਐਂ-ਤੀਆਂ ਮੌਕੇ ਬੱਲ੍ਹੋ ਵੀ ਪਾਉਂਦੀਐਂ-ਮੁੰਡੇ 'ਕੱਲੇ ਭੰਗੜਾ ਈ ਨ੍ਹੀ ਪਾਉਂਦੇ-ਨੱਚ ਵੀ ਲੈਂਦੇ ਐ! ਹੁਣ ਦੱਸੋ ਬਈ ਦਿਉਰ ਭਰਜਾਈ ਨਾਲ ਵਿਆਹ 'ਚ ਗਿੱਧਾ ਪਾਊ? ਨੱਚੂਗਾ ਈ? ਮੁੰਡੇ ਵੀ ਨੱਚ ਲੈਂਦੇ ਐ, ਫ਼ੌਜੀਆ...!"

-"ਚੱਲ, ਤੇਰੀ ਗੱਲ ਮੰਨ ਲੈਨੇ ਐਂ, ਕਾਮਰੇਟਾ!"

–''ਇਕ ਹੋਰ ਗੀਤ ਸੁਣਿਆਂ-ਅਖੇ, ਰੱਬਾ ਮੈਂ ਪਿਆਰ ਕਰ ਕੇ ਪਛਤਾਇਆ! ਲਓ ਕਰ ਲਓ ਗੱਲ! ਰੱਬ ਜਿਵੇਂ ਇਹਨਾਂ ਦਾ ਪਟਵਾਰੀ ਰੱਖਿਆ ਹੁੰਦੈ! ਗਾਉਣ ਵਾਲੇ ਮਿੱਤਰ ਨੂੰ ਕਹਿਣਾ ਹੋਵੇ ਬਈ ਬਾਈ ਸਿਆਂ, ਪਿਆਰ ਕੋਈ ਉਤਪਾਦਨ ਐਂ, ਬਈ ਜਿਹੜਾ ਕਰਨਾ ਪੈਂਦੈ? ਪਿਆਰ ਤਾਂ ਕੁਦਰਤੀਂ ਭਾਵਨਾ ਐਂ, ਜਿਹੜਾ ਮੱਲੋਮੱਲੀ ਦਿਲੋਂ ਹੋ ਜਾਂਦੈ! ਪਿਆਰ ਕੋਈ ਪਾਖੰਡੀ ਸਾਧ ਆਲਾਂ ਟੂਣਾਂ ਤਬੀਤ ਵੀ ਨਹੀਂ-ਜਿਹੜਾ ਕਰਿਆ ਜਾਂ ਕਰਵਾਇਆ ਜਾਂਦੈ!''

–''ਇਹ ਤਾਂ ਹੈ!'' ਕਾਮਰੇਡ ਨੇ ਹੁੰਗਾਰਾ ਭਰਿਆ।

–''ਇਕ ਗਾਉਣ ਆਲ਼ੇ ਨੇ ਤਾਂ ਪਤੰਦਰ ਨੇ ਕਮਾਲ ਈ ਕਰਤੀ....!''

–''ਕਿਵੇਂ....?'' ਸੁੱਖਾ ਬੀਅਰ ਇਕ ਪਾਸੇ ਰੱਖ ਕੇ ਸੁਚੇਤ ਜਿਹਾ ਹੋ ਕੇ ਬੈਠ ਗਿਆ।

–''ਅਖੇ, ਬੇਬੇ ਨਾਲ਼ ਸਲਾਹ ਕਰਕੇ, ਪ੍ਰੀਤੋ ਮੇਰੇ ਨਾਲ਼ ਵਿਆਹ ਕਰ ਲੈ....!''

–''ਲੈ ਦੱਸ...? ਬੇਬੇ ਨਾਲ ਸਲਾਹ ਕਰਕੇ ਪ੍ਰੀਤੋ ਨੇ ਮੌਰਾਂ 'ਚ ਫੌੜ੍ਹੇ ਖਾਣੇਂ ਐਂ?'' ਫ਼ੌਜੀ ਨੇ ਬਸੰਤ ਭਲਵਾਨ ਦੇ ਧੱਫ਼ਾ ਜਿਹਾ ਮਾਰਿਆ। ਭਲਵਾਨ ਦੇ ਡੱਬੇ ਦੀ ਬੀਅਰ ਛਲਕ ਗਈ।

ਹਾਸੜ ਮੱਚ ਗਈ!

–''ਇਹ ਕੋਈ ਗਾਇਕ ਬਾਈ ਬਾਹਰਲਾ ਜੰਮਪਲ ਹੋਊ? ਪੰਜਾਬ 'ਚ ਜੰਮਿਆਂ ਹੁੰਦਾ-ਐਹੋ ਜਿਆ ਗੀਤ ਜਮਾ ਨ੍ਹੀ ਸੀ ਗਾਉਂਦਾ...! ਜਾਂ ਗਾਉਣ ਲੱਗਿਆ ਦਸ ਵਾਰੀ ਸੋਚਦਾ!''

–''ਪੰਜਾਬ ਦੇ ਜੰਮਿਆਂ ਪਲ਼ਿਆਂ ਨੂੰ ਪਿੰਡਾਂ ਆਲ਼ੀਆਂ ਬੁੜ੍ਹੀਆਂ ਦੇ ਚਿਮਟਿਆਂ ਦਾ ਪਤਾ ਹੁੰਦੈ-ਬਈ ਪੁੜਪੜੀ 'ਚ ਮਾਰ ਕੇ ਚਿੱਬ ਪਾ ਦਿੰਦੀਐਂ!''

–''ਚਿੱਬ ਕੀ? ਟੀਕ ਚਲਾ ਦਿੰਦੀਐਂ!''

–''ਪਿੰਡਾਂ ਆਲੀਆਂ ਕੁੱਟਦੀਆਂ ਘੱਟ ਤੇ ਘੜ੍ਹੀਸਦੀਆਂ ਜਾਅਦੇ ਐ!''

–''ਜੇ ਕੁਛ ਹੋਰ ਹੱਥ ਨਾ ਲੱਗੇ ਤਾਂ ਪਾਥੀਆਂ ਨਾਲ ਈ ਰੋਭੜ੍ਹੇ ਪਾ ਦੇਣ!''

–''ਯਾਰ ਤੂੰ ਪਾਥੀਆਂ ਦੀ ਗੱਲ ਕਰਦੈਂ...? ਸਾਡੇ ਪਿੰਡ ਇਕ ਵਿਆਹ 'ਚ ਲਾਚੜੇ ਸ਼ਰਾਬੀ ਨੂੰ ਬੁੜ੍ਹੀਆਂ ਲੱਡੂਆਂ ਨਾਲ਼ ਭੰਨਦੀਆਂ ਮੈਂ ਆਪ ਦੇਖੀਐਂ!''

–''ਯਾਰ ਅੱਜ ਕੱਲ੍ਹ ਤਾਂ ਗੀਤਕਾਰ, ਗਵੱਈਏ ਤੇ ਬਾਕੀ ਰਹਿੰਦੀ ਕਸਰ ਮੂਵੀਆਂ ਬਣਾਉਣ ਆਲ਼ੇ ਕੱਢੀ ਜਾਂਦੇ ਐ।''

–''ਹਰ ਗੀਤ ਰੀਮੈਕਸ-ਹਰ ਗੀਤ ਰੀਮੈਕਸ! ਹੋਰ ਤਾਂ ਹੋਰ, ਇਹਨਾਂ ਨੇ ਤਾਂ ਫ਼ੱਕਰ ਗਾਇਕ ਯਮਲੇ ਦੇ ਗੀਤ ਰੀਮੈਕਸ ਕਰ ਮਾਰੇ....!''

–''ਉਏ ਇਹਨਾਂ ਦੇ ਵੱਸ ਈ ਨ੍ਹੀ ਚੱਲਦਾ....!'' ਫ਼ੌਜੀ ਆਪਣੀ ਭੜ੍ਹਾਸ ਕੱਢਣ ਲੱਗ ਪਿਆ।

–''ਫ਼ੌਜੀਆ! ਜੇ ਇਹਨਾਂ ਦੇ ਵੱਸ ਚੱਲਦਾ ਹੋਵੇ ਤਾਂ ਇਹ ਕੀਰਤਨ ਤੇ ਹਿੰਦੂ ਭਰਾਵਾਂ ਦੀ ਆਰਤੀ ਦਾ ਕਿਉਂ ਨਾ ਰੀਮੈਕਸ ਕਰ ਮਾਰਨ!'' ਕਾਮਰੇਡ ਨੇ ਆਪਣੀ ਅਕਾਸ਼ਬਾਣੀ ਕੀਤੀ।

–''ਗੱਲ ਕਾਮਰੇਡ ਦੀ ਸੋਲ੍ਹਾਂ ਆਨੇ ਐਂ-ਡਰਦੇ ਸਿਰਫ਼ ਟੰਬਿਆਂ ਤੋਂ ਐਂ! ਨਹੀਂ ਇਹ ਤਾਂ ਕੀਰਤਨ ਦੀਆਂ ਕੈਸਿਟਾਂ ਦਾ ਵੀ ਰੀਮੈਕਸ ਕਰ ਧਰਨ!'' ਸੁੱਖੇ ਨੇ ਬੀਅਰ ਖ਼ਤਮ ਕਰ ਕੇ ਡੱਬਾ ਥੱਲੇ ਰੱਖਦਿਆਂ ਕਿਹਾ।

–''ਮੇਰੇ ਪੋਤੇ ਦੀ ਗੱਲ ਸੁਣ ਲੈ!'' ਹਰਚੰਦ ਟੱਲੇਆਲ਼ੀਆ ਅੱਜ ਮਹਿਫ਼ਲ ਵਿਚ ਕਾਫ਼ੀ ਚਿਰ ਬਾਅਦ ਆਇਆ ਸੀ।

–''........?'' ਸਾਰੇ ਇਕ ਦਮ ਉਸ ਵੱਲ ਝਾਕੇ!

–''ਇਕ ਗੀਤ ਜਿਆ ਚੱਲਦਾ ਹੁੰਦੈ-ਮੇਲੇ 'ਚ ਅਲਗੋਜੇ ਅਤੇ ਢੋਲ ਵੱਜਦਾ....!''

–''ਆਹੋ...! ਵੱਜਦਾ ਹੁੰਦੈ!''

–''ਮੇਰਾ ਪੋਤਾ ਤੈਨੂੰ ਪਤੈ ਬਈ ਐਥੇ ਈ ਜੰਮਿਆਂ ਪਲ਼ਿਐ-ਉਹਨੂੰ ਨਾ ਤਾਂ ਪੰਜਾਬੀ ਲਿਖਣੀ ਆਉਂਦੀ ਐ ਤੇ ਨਾ ਪੜ੍ਹਨੀ ਆਉਂਦੀ ਐ-ਇਕ ਦਿਨ ਸੀ. ਡੀ. ਲਾ ਕੇ ਗੀਤ ਸੁਣੀਂ ਜਾਵੇ-ਗੀਤ ਉਹੀ ਸੀ, ਮੇਲੇ ਵਿਚ ਅਲਗੋਜ਼ੇ ਅਤੇ ਢੋਲ ਵੱਜਦਾ....! ਢੋਲ ਦਾ ਤਾਂ ਉਹਨੂੰ ਪਤੈ ਬਈ ਕੀ ਹੁੰਦੈ, ਕਿਉਂਕਿ ਨਗਰ ਕੀਰਤਨਾਂ 'ਤੇ ਵੱਜਦਾ ਸੁਣਿਐਂ-ਪਰ ਮੈਂ ਉਹਨੂੰ ਕਿਹਾ ਬਈ ਪੁੱਤਰਾ, ਉਰ੍ਹੇ ਆ! ਉਹ ਬੜੇ ਪਿਆਰ ਨਾਲ ਮੇਰੇ ਕੋਲ ਆ ਗਿਆ-ਮੈਂ

ਉਹਨੂੰ ਪੁੱਛਿਆ ਬਈ ਤੈਨੂੰ ਇਹ ਗੀਤ ਚੰਗਾ ਲੱਗਦੈ? ਕਹਿੰਦਾ ਹਾਂ ਚੰਗਾ ਲੱਗਦੈ-ਤੇ ਮੈਂ ਪੁੱਛਿਆ ਬਈ ਤੈਨੂੰ ਪਤੈ ਬਈ ਅਲਗੋਜ਼ੇ ਕੀ ਹੁੰਦੇ ਐ? ਕਹਿੰਦਾ, ਨਹੀਂ! ਲੈ ਕਰਲੋ ਗੱਲ...!"

-"ਗੱਲ ਹਰਚੰਦ ਸਿਉਂ ਦੀ ਸਹੀ ਐ-ਇਹ ਜੁਆਕ ਤਾਂ ਡਰੰਮ ਵੱਜਦਾ ਸੁਣ ਕੇ ਈ ਸਿਰ ਜਿਆ ਹਲਾਈ ਜਾਂਦੇ ਐ-ਸਮਝ ਸੁਮਝ ਇਹਨਾਂ ਨੂੰ ਕੋਈ ਨ੍ਹੀ ਲੱਗਦੀ!"

-"ਬੱਸ ਸਾਡੇ ਬਾਪੂ ਆਲ਼ੀ ਗੱਲ ਠੀਕ ਐ ਬਈ ਇਹਨਾਂ ਨੂੰ ਤਾਂ ਢੱਪ-ਢੈਂਅ ਈ ਚੰਗੀ ਲੱਗਦੀ ਐ-ਗੀਤਾਂ ਦੇ ਅਰਥ ਉਰਥ ਇਹਨਾਂ ਨੂੰ ਕਿਸੇ ਨੂੰ ਨ੍ਹੀ ਆਉਂਦੇ!" ਬਸੰਤ ਭਲਵਾਨ ਨੇ ਵੀ ਆਪਣਾ ਤਜ਼ਰਬਾ ਸਾਂਝਾ ਕੀਤਾ।

-"ਇਕ ਗੱਲ ਸਮਝ ਨ੍ਹੀ ਆਉਂਦੀ ਭਲਵਾਨਾ!" ਫ਼ੌਜੀ ਨੇ ਫਿਰ ਭਲਵਾਨ ਨੂੰ ਤਬਲੇ ਵਾਂਗ ਠੁੰਕਰਿਆ।

-"ਕੀ....?"

-"ਬਈ ਜਦੋਂ ਇਹਨਾਂ ਨੂੰ ਗੀਤਾਂ ਦੀ ਸਮਝ ਨ੍ਹੀ ਆਉਂਦੀ-ਜਿਹਨਾਂ ਨੂੰ ਇਹ ਦਿਨ ਰਾਤ ਸੁਣਦੇ ਐ! ਫੇਰ ਇਹਨਾਂ ਨੂੰ ਗੁਰਬਾਣੀ ਦੀ ਸਮਝ ਕਦੋਂ ਆਈ?"

-"ਗੱਲ ਭਾਅ ਜੀ ਇਹ ਐ-!" ਬਾਈ ਬਰਾੜ ਨੇ ਉੱਤਰ ਦੇਣਾ ਸ਼ੁਰੂ ਕੀਤਾ, "ਜਦੋਂ ਜੁਆਕਾਂ ਨੂੰ ਗੁਰਦੁਆਰੇ ਜਾਣ ਲਈ ਕਹੀਏ, ਕੰਜਰ ਦੇ 'ਬੋਰਿੰਗ-ਬੋਰਿੰਗ' ਦਾ ਰੌਲ਼ਾ ਪਾਉਣ ਲੱਗ ਜਾਣਗੇ-ਦੱਸੋ ਕੀ ਕਰੀਏ?"

-"ਗੱਲ ਬਰਾੜ ਸਾਹਬ ਇਹ ਐ-ਮੇਰਾ ਦੋਸਤ ਗੁਰੂ ਘਰ ਦਾ ਬੜਾ ਸ਼ਰਧਾਲੂ ਐ-ਉਹ ਆਪਣੀ ਘਰਆਲ਼ੀ ਤੇ ਬੱਚਿਆਂ ਨੂੰ ਵੀ ਗੁਰਦੁਆਰੇ ਲੈ ਜਾਂਦੈ-ਹੁਣ ਉਹਦੀ ਗਿਆਰਾਂ ਕੁ ਸਾਲ ਦੀ ਕੁੜੀ ਗੁਰਦੁਆਰੇ ਨ੍ਹੀ ਜਾਂਦੀ!"

-"ਕਿਉਂ ਕੀ ਗੱਲ....?" ਫ਼ੌਜੀ ਨੇ ਕਾਰਨ ਜਾਨਣ ਲਈ ਕੰਨ ਸਹੇ ਵਾਂਗ ਚੁੱਕ ਲਏ।

-"ਗੱਲ ਇਹ ਐ ਬਈ ਆਪਣੇ ਇਹ ਜੁਆਕ ਵੀ ਗਲਤ ਨ੍ਹੀ...! ਉਹ ਕੁੜੀ ਕਿਤੇ ਇਕ ਦੋ ਆਰੀ ਪੈਂਟ ਪਾ ਕੇ ਗੁਰਦੁਆਰੇ ਚਲੀ ਗਈ-ਤੇ ਉਹਨਾਂ ਦੀ ਗੁਆਂਢਣ ਨੇ ਈ ਕੁੜੀ ਦੀ ਇੰਟਰਵਿਊ ਲੈਣੀਂ ਸ਼ੁਰੂ ਕਰਤੀ-ਅਖੇ, ਤੂੰ ਪੈਂਟ ਪਾ ਕੇ ਗੁਰਦੁਆਰੇ ਕਿਉਂ ਆਉਨੀ ਐਂ? ਸੂਟ ਕਿਉਂ ਨ੍ਹੀ ਪਾਉਂਦੀ? ਕੁੜੀ ਨੇ ਵੀ ਠੋਕ ਕੇ ਉਤਰ ਦਿੱਤਾ-ਉਹ ਕਹਿੰਦੀ, ਮੈਂ ਗੁਰਦੁਆਰੇ ਮੱਥਾ ਟੇਕਣ ਤੇ ਗੁਰਬਾਣੀ ਕੀਰਤਨ ਸੁਣਨ ਆਉਨੀ ਐਂ-ਨਾ ਕਿ ਪੈਂਟਾਂ ਜਾਂ ਸੂਟ ਦਿਖਾਉਣ! ਓਸ ਦਿਨ ਤੋਂ ਕੁੜੀ ਦੇ ਮਨ 'ਚ ਐਸੀ ਕਿਰਕ ਬੈਠੀ-ਉਹਨੇ ਗੁਰਦੁਆਰੇ ਜਾਣਾ ਈ ਬੰਦ ਕਰਤਾ! ਕਹਿੰਦੀ, ਉਥੇ ਲੋਕ ਗੁਰੂ ਦੇ ਦਰਸ਼ਣ ਕਰਨ ਆਉਂਦੇ ਐ ਕਿ ਇਕ ਦੂਜੇ ਦੇ ਸੂਟ-ਪੈਂਟਾਂ ਦੀ ਨਿਰਖ ਪਰਖ਼ ਜਾਂ ਆਲੋਚਨਾ ਕਰਨ? ਹੁਣ ਦੱਸੋ, ਜਦੋਂ ਆਪਣੇ ਲੋਕ ਈ ਨ੍ਹੀ ਟੀਕਾ ਟਿੱਪਣੀ ਕਰਨੋਂ ਹੱਟਦੇ, ਤਾਂ ਕੁੜੀ ਕਿਹੜੇ ਪੱਖ ਤੋਂ ਗਲਤ ਐ?" ਭਲਵਾਨ ਨੇ ਗੱਲ ਪੂਰੀ ਕਰ ਕੇ ਸੌਖ ਜਿਹੀ ਮਹਿਸੂਸ ਕੀਤੀ।

-"ਕੁੜੀ ਕਿਸੇ ਪੱਖੋਂ ਵੀ ਗਲਤ ਨਹੀਂ! ਗਲਤ ਤਾਂ ਅਗਲੀ ਦਾ ਕਾਣ ਪਰਖਣ ਆ਼ਲੇ ਐ! ਐਥੋਂ ਦੇ ਜੁਆਕ ਬਾਈ ਆਪਣੇ ਅਰਗੇ ਪਾਖੰਡੀ ਨ੍ਹੀ! ਜੁਆਕ ਜਿੰਨੇ ਕੁ ਹੈਗੇ ਐ, ਇਮਾਨਦਾਰ ਐ! ਪੁੱਛਣ ਆਲ਼ੀ ਨੂੰ ਪੁੱਛੇ ਬਈ ਤੂੰ ਦੱਸ ਕੀ ਲੈਣੈਂ? ਕੁੜੀ ਚਾਹੇ ਪੈਂਟ ਪਾ ਕੇ ਗੁਰੂ ਘਰ ਆਵੇ-ਚਾਹੇ ਸਲਵਾਰ ਕਮੀਜ਼! ਤੇਰੇ ਦੱਸ ਕੀ ਸੂਲ ਹੁੰਦੈ?" ਬਾਬਾ ਅਜਮੇਰ ਤਾਅ ਖਾ ਗਿਆ ਸੀ।

-"ਗਲਤੀਆਂ ਭਾਅ ਜੀ ਸਾਡੇ 'ਚ ਐ! ਜੇ ਸਾਡੇ ਜੁਆਕ ਗੁਰਦੁਆਰੇ ਜਾਂ ਮੰਦਰ ਜਾਂਦੇ ਐ-ਸਾਨੂੰ ਰੱਬ ਦੇ ਸ਼ੁਕਰ ਗੁਜ਼ਾਰ ਹੋਣਾ ਚਾਹੀਦੈ-ਨਾ ਕਿ ਜੁਆਕਾਂ 'ਚ ਨਿਘੋਚਾਂ ਕੱਢਣੀਆਂ ਚਾਹੀਦੀਐਂ!" ਬਾਈ ਅਜੀਤ ਸਿੰਘ ਬਰਾੜ ਬੋਲਿਆ।

-"ਸਾਡੀ ਤਾਂ ਬਾਈ ਬਰਾੜਾ ਉਹ ਗੱਲ ਐ-ਬਈ ਆਬਦੀਆਂ ਕੱਛ 'ਚ ਤੇ ਦੂਜਿਆਂ ਦੀਆਂ ਹੱਥ 'ਚ!"

-"ਚਲੋ ਬਈ ਚਰਚ ਆਲ਼ੇ ਘੜ੍ਹਿਆਲ਼ ਨੇ ਸੱਤ ਵਜਾਤੇ!" ਕਾਮਰੇਡ ਨੇ ਜਾਣ ਦਾ ਚੇਤਾ ਕਰਵਾਇਆ।

-"ਤੇਰੀ ਨੂੰਹ ਨੇ ਰੋਟੀ ਨ੍ਹੀ ਦੇਣੀਂ ਕਾਮਰੇਡਾ! ਲੇਟ ਹੋ ਗਿਆ ਤਾਂ ਚਿੜ-ਚਿੜ ਕਰੂ!" ਟੱਲੇਵਾਲੀਆ ਹਰਚੰਦ ਪੁਕਾਰ ਉਠਿਆ।

-"ਟੈਮ ਦਾ ਪਾਬੰਦ ਈ ਰਹਿਣਾ ਚਾਹੀਦੈ ਭਾਈ-ਫੇਰ ਵੀ ਵਲੈਤ 'ਚ ਬੈਠੇ ਐਂ!" ਭਲਵਾਨ ਨੇ ਕਿਹਾ।

-"ਆਪਾਂ ਚਾਹੇ ਵਲੈਤ ਛੱਡ ਚੰਦ 'ਤੇ ਜਾ ਵੜੀਏ ਟੱਲੇਆਲ਼ੀਆ! ਪਰ ਆਪਣੀ ਘੀਸੀ ਕਰਨ ਦੀ ਆਦਤ ਨ੍ਹੀ ਜਾਣੀ!" ਆਖ ਕੇ ਫ਼ੌਜੀ ਨੇ ਬੀਅਰ ਖਰੀ ਕਰ ਲਈ।

-"ਗੱਲ ਸਹੀ ਐ ਯਾਰ!" ਸੁੱਖਾ ਬੋਲਿਆ।

-''ਮੇਰੇ ਘਰਆਲ਼ੀ ਕੰਜਰ ਦੀ ਨਿੱਤ ਛੋਲਿਆਂ ਦੀ ਦਾਲ਼ ਧਰ ਲੈਂਦੀ ਐ-ਮੈਂ ਕਿਹਾ ਤੂੰ ਓਨਾ ਚਿਰ ਮੈਨੂੰ ਛੋਲਿਆਂ ਦੀ ਦਾਲ ਖੁਆਉਣੋਂ ਨ੍ਹੀ ਹੱਟਦੀ-ਜਿੰਨਾਂ ਚਿਰ ਮੈਂ ਹਿਣਕਣ ਨ੍ਹੀ ਲੱਗਦਾ!'' ਫ਼ੌਜੀ ਦੇ ਆਖਣ 'ਤੇ ਹਾਸੜ ਮੱਚ ਗਈ।

-''ਤੈਨੂੰ ਬਈ ਹਰਦੇਵ ਸਿਆਂ ਕੰਮ ਕਾਰ ਮਿਲਿਆ ਕਿ ਨਹੀਂ ਕੋਈ?'' ਕਾਮਰੇਡ ਨੇ ਹਰਦੇਵ ਨੂੰ ਪੁੱਛਿਆ।

-''ਨਹੀਂ ਕਾਮਰੇਡ, ਅਜੇ ਤਾਂ ਮਿਲਿਆ ਨਹੀਂ! ਪਰ ਫ਼ਾਰਮ ਭਰਿਆ ਹੋਇਐ।'' ਹਰਦੇਵ ਜਿਵੇਂ ਭੋਰੇ 'ਚੋਂ ਬੋਲਿਆ ਸੀ।

-''ਯਾਰ ਕੱਚੇ ਬੰਦੇ ਨੂੰ ਕੰਮ ਨਾ ਮਿਲ਼ੇ-ਇਹ ਇਕ ਵੱਖਰੀ ਗੱਲ ਐ-ਪਰ ਪੱਕੇ ਨੂੰ ਵੀ ਕੰਮ ਨ੍ਹੀ ਮਿਲਦਾ?'' ਸੁੱਖਾ ਹੈਰਾਨ ਸੀ।

-''ਜੇ ਕੰਮ ਹੋਊ-ਤਾਂ ਹੀ ਦੇਣਗੇ?'' ਬਰਾੜ ਬੋਲਿਆ।

-''ਕੋਈ ਗੱਲ ਨੀ ਸ਼ੇਰਾ! ਮਿਲ਼ਜੂ ਕੰਮ! ਫ਼ਿਕਰ ਫ਼ਾਕਾ ਨਹੀਂ ਕਰੀਦਾ ਹੁੰਦਾ!''

-''ਇਹਨੂੰ ਫ਼ਿਕਰ ਕਾਹਦੈ? ਘਰਆਲ਼ੀ ਕੰਮ ਕਰਦੀ ਐ! ਐਸ਼ ਕਰੇ! ਸਾਰੀ ਉਮਰ ਕੰਮ ਈ ਕਰਨੈਂ?''

-''ਘਰੇ ਬਾਈ ਜੀ ਟਾਈਮ ਵੀ ਨਹੀਂ ਨਿਕਲਦਾ-ਆਹ ਪਾਰਕ 'ਚ ਆ ਕੇ ਵਕਤ ਧੱਕ ਛੱਡੀਦੈ।'' ਹਰਦੇਵ ਨੇ ਕਿਹਾ।

-''ਉਏ ਤੇਰੇ ਕੋਲ਼ੇ ਤਾਂ ਘਰੇ ਮਸ਼ੀਨ ਐਂ-ਚਲਾ ਲਿਆ ਕਰ! ਟੈਮ ਤਾਂ ਸਾਡੇ ਅਰਗਿਆਂ ਦਾ ਨ੍ਹੀ ਨਿਕਲਦਾ-ਜਿਹੜੇ ਉਠ ਦੀ ਪੂਛ ਅਰਗੇ ਲੰਡੇ ਈ ਫਿਰਦੇ ਐਂ।'' ਬਾਬੇ ਨੇ ਆਖ ਕੇ ਭੜ੍ਹਾਸ ਕੱਢ ਲਈ।

-''ਮਸ਼ੀਨ ਨੂੰ ਇਹਦੇ ਚਿੜੇ ਖਾਧੇ ਵੇ ਐ?''

ਹਾਸੜ ਮੱਚ ਗਈ।

-''ਚਲੋ ਬਈ! ਗੱਲਾਂ ਤੁਸੀਂ ਹੋਰ ਈ ਪਾਸੇ ਨੂੰ ਤੋਰ ਕੇ ਬਹਿ ਜਾਨੇ ਓਂ? ਨਾ ਚੜ੍ਹੀਦੀ-ਨਾ ਲੱਥੀਦੀ!'' ਕਾਮਰੇਡ ਨੇ ਤਰਕ ਲਾਈ।

-''ਹੋਰ ਅਸੀਂ ਡੱਬੇ ਪੀ ਕੇ ਪਾਠ ਕਰਨ ਲੱਗ ਜਿਆ ਕਰੀਏ, ਕਾਮਰੇਟਾ? ਜਾਂ ਥੋਡੇ ਆਲ਼ੀ ਲਾਲ ਸਲਾਮ ਬਲਾਉਣ ਲੱਗਜੀਏ?'' ਸੁੱਖੇ ਨੇ ਵੀ ਨਾਲ ਹੀ ਉਤਰ ਮੋੜਿਆ।

-''ਚਲੋ ਕਮਲ਼ ਨਾ ਮਾਰੋ...!'' ਕਾਮਰੇਡ ਉਠਿਆ ਤਾਂ ਸਾਰੇ ਹੀ ਉਠ ਕੇ ਨਾਲ਼ ਤੁਰ ਪਏ ਅਤੇ ਪਾਰਕ ਵਾਲਾ ਮੇਲਾ ਵਿਛੜ ਗਿਆ! ਉਦਾਸ ਜਿਹਾ ਹਰਦੇਵ ਵੀ ਉਹਨਾਂ ਦੇ ਮਗਰ ਲੱਗ ਤੁਰਿਆ।

## ਕਾਂਡ 12

ਮਹੀਨੇ ਕੁ ਬਾਅਦ ਹਰਦੇਵ ਨੂੰ ਫ਼ਰਮ ਦੀ ਚਿੱਠੀ ਆ ਗਈ।

ਹਰਦੇਵ ਲਈ ਉਹਨਾਂ ਕੋਲ਼ ਸਿਰਫ਼ ਕਰਿਸਮਿਸ ਕੈਯੂਅਲ ਜੌਬ ਸੀ! ਉਹ ਵੀ ਸਿਰਫ਼ ਤਿੰਨ ਹਫ਼ਤਿਆਂ ਲਈ। ਉਸ ਨੇ ਮੀਤੀ ਨਾਲ਼ ਸਲਾਹ ਕੀਤੀ। ਮੀਤੀ ਨੇ ਉਸ ਨੂੰ ਕੰਮ 'ਤੇ ਜਾਣ ਦੀ ਸਲਾਹ ਦਿੱਤੀ। ਉਸ ਨੇ ਸੋਚਿਆ ਕਿ ਹਰਦੇਵ ਘਰ ਵੀ ਕੀ ਕਰਦਾ ਹੈ? ਸਾਰੀ ਦਿਹਾੜੀ ਬੰਦਾ ਘਰੇ ਬੈਠਾ ਵੀ ਬੋਰ ਹੋ ਜਾਂਦਾ ਹੈ। ਵੀਹ ਸੋਚਾਂ ਸੋਚਦਾ ਹੈ। ਵਿਹਲਾ ਮਨ ਸ਼ੈਤਾਨ ਦਾ ਘਰ! ਚਲੋ ਤਿੰਨ ਹਫ਼ਤੇ ਹੀ ਕੰਮ ਕਰੇਗਾ, ਕੁਛ ਨਾ ਕੁਛ ਘਰੇ ਆਵੇਗਾ ਹੀ! ਨਾਲੇ ਚਾਰ ਅੱਖਰ ਅੰਗਰੇਜ਼ੀ ਦੇ ਸਿੱਖ ਜਾਵੇਗਾ। ਬਾਪੂ ਜਾਗਰ ਸਿੰਘ ਨੂੰ ਚਾਰ ਪੈਸੇ ਭੇਜ ਦੇਵੇਗਾ। ਉਸ ਦੀ ਕਬੀਲਦਾਰੀ ਹੌਲ਼ੀ ਹੋਵੇਗੀ। ਹੋਰ ਨਹੀਂ ਤਾਂ ਤਿੰਨ ਹਫ਼ਤੇ ਹੀ ਸਹੀ! ਹੋ ਸਕਦੈ ਕਿ ਉਹ ਹਰਦੇਵ ਦੇ ਕੰਮ ਤੋਂ ਖ਼ੁਸ਼ ਹੋ ਕੇ ਉਸ ਨੂੰ

ਕੋਈ ਪੱਕੀ ਜੌਬ ਹੀ ਦੇ ਦੇਣ? ਬੰਦੇ ਨੂੰ ਆਸ ਬੱਝੀ ਰਹਿੰਦੀ ਹੈ।

ਹਰਦੇਵ ਕੰਮ 'ਤੇ ਜਾਣ ਲੱਗ ਪਿਆ।

ਫ਼ਰਮ ਇੱਕੋ ਹੀ ਸੀ। ਪਰ ਉਹ ਮੀਤੀ ਵਾਲ਼ੀ ਇਮਾਰਤ ਛੱਡ, ਦੂਜੀ ਇਮਾਰਤ ਵਿਚ ਕੰਮ ਕਰਦਾ ਸੀ। ਕੰਮ ਕੋਈ ਬਹੁਤਾ ਭਾਰਾ ਨਹੀਂ ਸੀ। ਪਰ ਤੇਜ਼ੀ ਵਾਲ਼ਾ ਜ਼ਰੂਰ ਸੀ। ਹਰਦੇਵ ਕੰਮ ਦੇ ਗੇੜੇ ਖ਼ੁਆਈ ਰੱਖਦਾ। ਪੂਰੇ ਤਿੰਨ ਹਫ਼ਤੇ ਉਸ ਨੇ ਬਗੈਰ ਛੁੱਟੀ ਤੋਂ ਦੇਹ ਤੋੜ ਕੇ ਕੰਮ ਕੀਤਾ। ਨਿਗਰਾਨ ਗੋਰਾ ਹਰਦੇਵ 'ਤੇ ਅਥਾਹ ਖ਼ੁਸ਼ ਸੀ। ਨਹੀਂ ਤਾਂ ਇੰਗਲੈਂਡ ਦੇ ਗੋਰੇ ਦੇਸੀਆਂ ਨੂੰ ਦੇਖ ਕੇ ਸੜ ਬਲ਼ ਜਾਂਦੇ ਨੇ। ਉਹ ਵੀ ਉਦੋਂ, ਜਦੋਂ ਦੇਸੀ ਭਾਈ ਉਹਨਾਂ ਤੋਂ ਅੱਗੇ ਲੰਘਦਾ ਹੋਵੇ! ਪਰ ਸੁਪਰਵਾਈਜ਼ਰ ਗੋਰਾ ਜੌਨ ਉਸ 'ਤੇ ਬਾਗੋਬਾਗ ਸੀ। ਹਰਦੇਵ ਮਾੜੀ ਮੋਟੀ ਅੰਗਰੇਜ਼ੀ ਸਮਝਦਾ ਸੀ। ਬਹੁਤੀ ਅੰਗਰੇਜ਼ੀ ਦੀ ਉਸ ਨੂੰ ਲੋੜ ਨਹੀਂ ਸੀ। ਬੱਸ, ਉਹ ਹਮਕੋ-ਤੁਮਕੋ ਕਰ ਕੇ ਆਪਣੀ ਗੱਡੀ ਰੋੜ੍ਹੀ ਫਿਰਦਾ! ਗੋਰਾ ਸੁਪਰਵਾਈਜ਼ਰ ਜੌਨ ਵੀ ਉਸ ਦੀ 'ਯੈੱਸ-ਨੋਅ' ਸਮਝਣ ਲੱਗ ਪਿਆ ਸੀ। ਹਰਦੇਵ ਵੀ ਜੌਨ ਦੀ ਨਬਜ਼ ਪਛਾਨਣ ਲੱਗ ਪਿਆ ਸੀ। ਦੋਨੋਂ ਧੂੜ 'ਚ ਟੱਟੂ ਰਲ਼ਾਈ ਰੱਖਦੇ। ਹਰਦੇਵ ਉਸ ਨੂੰ ਚਾਹ ਜਾਂ ਕੌਫ਼ੀ ਲਿਆ ਫੜਾਉਂਦਾ। ਜੌਨ 'ਥੈਂਕਯੂ-ਥੈਂਕਯੂ' ਕਰਦਾ ਉਸ ਨੂੰ ਥਾਪੀਆਂ ਦਿੰਦਾ ਰਹਿੰਦਾ! ਜਿੱਤ ਦੇ ਅੰਗੂਠੇ ਦਿਖਾਉਂਦਾ ਰਹਿੰਦਾ।

ਕਰਿਸਮਿਸ ਬੀਤ ਗਈ।

ਨਵਾਂ ਸਾਲ ਲੰਘ ਗਿਆ।

ਜਦ ਤਿੰਨ ਹਫ਼ਤੇ ਪੂਰੇ ਹੋ ਗਏ ਤਾਂ ਹਰਦੇਵ ਨੇ ਇਕ ਦਿਨ ਮੀਤੀ ਨੂੰ ਨਾਲ਼ ਲਿਜਾ ਕੇ ਗੋਰੇ ਸੁਪਰਵਾਈਜ਼ਰ ਜੌਨ ਨਾਲ਼ ਗੱਲ ਕੀਤੀ। ਜੌਨ ਹਰਦੇਵ ਦੇ ਕੰਮ ਤੋਂ ਤਾਂ ਪੂਰਾ ਸੰਤੁਸ਼ਟ ਸੀ, ਖ਼ੁਸ਼ ਸੀ। ਪਰ ਅੱਗੇ ਜੌਬ ਦੇਣ ਜਾਂ ਦਿਵਾਉਣ ਲਈ ਉਹ ਅਸਮਰੱਥ ਸੀ। ਉਸ ਨੇ ਮੀਤੀ ਨਾਲ਼ ਵਾਅਦਾ ਕੀਤਾ ਕਿ ਉਹ ਆਪਣੇ ਮੈਨੇਜਰ ਨਾਲ਼ ਗੱਲ ਕਰੇਗਾ। ਪਰ ਮੈਨੇਜਰ ਕੋਲ ਕੋਈ ਜੌਬ ਖਾਲੀ ਨਹੀਂ ਸੀ। ਛੁੱਟੀਆਂ ਤੋਂ ਬਾਅਦ ਫ਼ਰਮ ਦੇ ਸਾਰੇ ਪੁਰਾਣੇ ਕਾਮੇ ਆਪੋ ਆਪਣੇ ਕੰਮਾਂ 'ਤੇ ਆ ਚੁੱਕੇ ਸਨ। ਉਹ ਕਿਸ ਨੂੰ ਕੰਮ ਤੋਂ ਕੱਢਦਾ?

ਹਰਦੇਵ ਹਫ਼ਤਾ ਵਿਹਲਾ ਰਿਹਾ। ਪਰ ਉਹ ਜੌਨ ਕੋਲ਼ ਹਰ ਰੋਜ ਵਾਂਗ ਹੀ ਗੇੜਾ ਮਾਰਦਾ। ਉਸ ਨੂੰ ਕੌਫ਼ੀ ਪਿਆਉਂਦਾ। 'ਯੂ-ਮੀ' ਕਰਦਾ ਅਤੇ ਮੁੜ ਆਉਂਦਾ। ਇਕ ਦਿਨ ਜੌਨ ਨੇ ਉਸ ਤੋਂ ਉਸ ਦਾ ਫ਼ੋਨ ਨੰਬਰ ਅਤੇ ਐਡਰੈਸ ਮੰਗ ਲਿਆ। ਜੋ ਹਰਦੇਵ ਨੇ ਲਿਖ ਦਿੱਤਾ। ਤੀਜੇ ਕੁ ਦਿਨ ਜੌਨ ਸ਼ਾਮ ਨੂੰ ਹਰਦੇਵ ਦੇ ਘਰ ਹੀ ਆ ਵੱਜਿਆ। ਉਸ ਦੇ ਨਾਲ਼ ਇਕ ਹੋਰ ਗੋਰਾ ਸੀ।

ਹਰਦੇਵ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਪਰ ਮੀਤੀ ਬੇਸਮੈਂਟ ਵਿਚ ਰਹਿਣ ਕਾਰਨ ਸ਼ਰਮ ਖਾ ਗਈ। ਮੀਤੀ ਦੇ ਮਨ ਅਨੁਸਾਰ ਬੇਸਮੈਂਟ ਵਿਚ ਰਹਿਣ ਵਾਲ਼ਿਆਂ ਨੂੰ ਇੱਥੋਂ ਦੀ ਦੁਨੀਆਂ ਬਹੁਤੇ ਇੱਜ਼ਤਦਾਰ ਨਹੀਂ ਸਮਝਦੀ ਸੀ। ਪਰ ਇਹ ਭਰਮ ਦੇਸੀ ਹੀ ਪਾਲ਼ਦੇ ਨੇ! ਗੋਰਿਆਂ ਦੇ ਮਨ ਵਿਚ ਕੋਈ ਸ਼ਰਮ ਜਾਂ ਭਰਮ ਨਹੀਂ! ਗੋਰੇ ਫ਼ੋਕੀ ਸ਼ੁਹਰਤ ਵਿਚ ਵਿਸ਼ਵਾਸ਼ ਨਹੀਂ ਰੱਖਦੇ। ਉਹ ਤਾਂ ਜੋ ਹਨ, ਉਸ ਵਿਚ ਹੀ ਸੰਤੁਸ਼ਟੀ ਮਹਿਸੂਸ ਕਰਦੇ ਹਨ। ਤਸੱਲੀ ਮੰਨਦੇ ਹਨ। ਪਰ ਆਪਣੇ ਦੇਸੀ ਪ੍ਰੀਵਾਰ ਘਰ ਫੂਕ ਕੇ ਤਮਾਸ਼ਾ ਦੇਖਣ ਦੇ ਸ਼ੌਕੀਨ ਹਨ। ਕੁੱਲੀ 'ਚ ਚਾਹੇ ਕੱਖ ਨਾ ਰਹੇ। ਪਰ ਰਹਿਣਾ ਠਾਠ ਨਾਲ਼ ਹੈ! ਸਿਰਫ਼ ਦਿਖਾਵੇ ਦੀ ਠਾਠ! ਹਰਦੇਵ ਦੋਨੋਂ ਗੋਰਿਆਂ ਲਈ ਫ਼ਰਿੱਜ 'ਚੋਂ ਬੀਅਰਾਂ ਦੇ ਡੱਬੇ ਕੱਢ ਲਿਆਇਆ।

ਜੌਨ ਨੇ ਮੀਤੀ ਨਾਲ਼ ਗੱਲ ਕੀਤੀ ਅਤੇ ਆਪਣੇ ਮਿੱਤਰ ਦੀ ਜਾਣ ਪਹਿਚਾਣ 'ਮਾਈਕਲ' ਆਖ ਕੇ ਕਰਵਾਈ। ਉਸ ਨੇ ਇਹ ਵੀ ਦੱਸਿਆ ਕਿ ਮਾਈਕਲ ਮੇਰਾ ਮਿੱਤਰ ਹੈ। ਇਹ ਆਪ ਬੜਾ ਵਧੀਆ ਬਿਲਡਰ ਹੈ ਅਤੇ ਇਸ ਦੀ ਆਪਣੀ ਹੀ ਨਿੱਕੀ ਜਿਹੀ ਫ਼ਰਮ ਹੈ। ਅਗਰ ਹਰਦੇਵ ਮਾਈਕਲ ਨਾਲ਼ ਕੰਮ ਕਰਨਾ ਚਾਹੇ, ਤਾਂ ਉਹ ਹਰਦੇਵ ਨੂੰ ਬਿਲਡਰ ਦਾ ਕੰਮ ਸਿਖਾ ਵੀ ਦੇਵੇਗਾ ਅਤੇ ਸਮਾਂ ਪਾ ਕੇ ਹਰਦੇਵ ਆਪਣਾ ਕੰਮ ਆਪ ਕਰਨ ਲੱਗ ਜਾਵੇਗਾ। ਜੇ ਜੇਬ ਨੇ ਇਜਾਜ਼ਤ ਦਿੱਤੀ ਤਾਂ ਆਪਣਾ ਕੰਮ ਵੀ ਖੋਲ੍ਹ ਸਕਦਾ ਹੈ। ਜੌਨ ਨੇ ਇਹ ਵੀ ਆਖਿਆ ਕਿ ਉਹ ਹਰਦੇਵ ਦੇ ਕੰਮ ਤੋਂ ਬਹੁਤ ਹੀ ਪ੍ਰਭਾਵਿਤ ਹੈ। ਉਸ ਨੂੰ ਅਫ਼ਸੋਸ ਹੈ ਕਿ ਉਹ ਉਸ ਨੂੰ ਆਪਣੀ ਫ਼ਰਮ ਵਿਚ ਕੰਮ ਦਿਵਾਉਣ ਵਿਚ ਸਫ਼ਲ ਨਹੀਂ ਹੋ ਸਕਿਆ। ਕਿਉਂਕਿ ਫ਼ਰਮ ਵਿਚ ਕੋਈ ਜਗਾਹ ਹੀ ਖਾਲੀ ਨਹੀਂ। ਪਰ ਉਸ ਨੇ ਹਰਦੇਵ ਦੀ ਮੱਦਦ ਲਈ ਆਪਣੇ ਦੋਸਤ ਮਾਈਕਲ ਨਾਲ਼ ਗੱਲ ਕੀਤੀ ਕਿ ਹਰਦੇਵ ਬੜਾ ਲਾਇਕ ਮੁੰਡਾ ਹੈ।

ਇਮਾਨਦਾਰ ਕਾਮਾ ਹੈ। ਅਗਰ ਉਹ ਇਸ ਦੀ ਮੱਦਦ ਕਰ ਸਕੇ, ਤਾਂ ਹਰਦੇਵ ਦੀ ਜ਼ਿੰਮੇਵਾਰੀ ਉਹ ਆਪ ਚੁੱਕਦਾ ਹੈ।

ਖ਼ੈਰ! ਹਰਦੇਵ ਮਾਈਕਲ ਨਾਲ਼ ਕੰਮ 'ਤੇ ਜਾਣ ਲੱਗ ਪਿਆ। ਮਾਈਕਲ ਉਸ ਨੂੰ ਪੱਚੀ ਪੌਂਡ ਦਿਹਾੜੀ ਦੇ ਦਿੰਦਾ ਸੀ। ਮਾਈਕਲ ਉਸ ਨੂੰ ਸਵੇਰੇ ਸੱਤ ਵਜੇ ਘਰੋਂ ਆਪਣੀ ਕਾਰ 'ਤੇ ਚੁੱਕਦਾ ਅਤੇ ਸ਼ਾਮ ਨੂੰ ਛੇ ਕੁ ਵਜੇ ਘਰ ਕੋਲ਼ ਹੀ ਉਤਾਰ ਦਿੰਦਾ। ਕੰਮ ਨੂੰ ਹਰਦੇਵ 'ਨ੍ਹੇਰੀ ਸੀ। ਜਿਹੜਾ ਕੰਮ ਵੀ ਮਾਈਕਲ ਦੱਸਦਾ, ਉਹ ਕੀਤਾ ਹੀ ਪਿਆ ਹੁੰਦਾ।

ਹੁਣ ਮਾਈਕਲ ਨੇ ਹਰਦੇਵ ਨੂੰ ਬਿਲਡਰ ਦੇ ਸਾਰੇ ਢੰਗ ਤਰੀਕੇ ਸਿਖਾਉਣੇ ਸ਼ੁਰੂ ਕਰ ਦਿੱਤੇ। ਬਿਲਡਰ ਦੇ ਕੰਮ ਦੀਆਂ ਬਰੀਕੀਆਂ ਸਮਝਾਉਣੀਆਂ ਸ਼ੁਰੂ ਕਰ ਦਿੱਤੀਆਂ। ਮਾਈਕਲ ਹਰਦੇਵ ਨੂੰ ਦੇਸੀ ਬੰਦਾ ਨਹੀਂ, ਆਪਣੇ ਸਕੇ ਭਰਾ ਵਾਂਗ ਸਮਝਦਾ ਸੀ। ਉਹ ਇਕੱਠੇ 'ਬਰੇਕ' ਅਤੇ ਇਕੱਠੇ ਹੀ 'ਲੰਚ' ਕਰਦੇ। ਕਦੇ ਕਦੇ ਮਾਈਕਲ ਹਰਦੇਵ ਨੂੰ ਕਿਸੇ ਪੱਬ ਵਿਚ ਲੈ ਜਾਂਦਾ। ਉਹ ਸ਼ਾਮ ਦਾ ਖਾਣਾ ਵੀ ਉਥੇ ਹੀ ਖਾਂਦੇ। ਮਾਈਕਲ ਹਰਦੇਵ ਨੂੰ ਪਿਆਰ ਨਾਲ਼ "ਡੇਵ" ਹੀ ਦੱਸਦਾ।

ਹੁਣ ਤਾਂ ਮਾਈਕਲ ਕਦੇ ਕਦੇ ਸਾਰਾ ਕੰਮ ਇਕੱਲੇ ਹਰਦੇਵ ਦੇ ਸਿਰ 'ਤੇ ਛੱਡ ਕੇ ਆਪ ਛੁੱਟੀਆਂ ਮਨਾਉਣ ਚਲਾ ਜਾਂਦਾ। ਪੰਜ ਕੁ ਬੰਦੇ ਮਾਈਕਲ ਕੋਲ਼ ਕੰਮ ਕਰਦੇ ਸਨ। ਜਾਂ ਫਿਰ ਮਾਈਕਲ ਸਵੇਰੇ ਬੰਦਿਆਂ ਨੂੰ ਕੰਮ 'ਤੇ ਲਾ ਕੇ ਆਪ ਪ੍ਰੀਵਾਰ ਨਾਲ਼ 'ਪਿਕਨਿਕ' 'ਤੇ ਤੁਰ ਜਾਦਾ। ਆਪਣੇ ਘਰਵਾਲ਼ੀ ਅਤੇ ਬੱਚਿਆਂ ਨਾਲ਼ ਘੁੰਮਦਾ ਫਿਰਦਾ। ਹਰਦੇਵ ਦੇ ਸਿਰ 'ਤੇ ਪਿੱਛੇ ਕੰਮ ਦਾ ਉਸ ਨੂੰ ਕੋਈ ਫ਼ਿਕਰ ਨਾ ਰਹਿੰਦਾ। ਹੁਣ ਤਾਂ ਹਰਦੇਵ ਐਸਟੀਮੇਟ ਵੀ ਲਾਉਣ ਸਿੱਖ ਗਿਆ ਸੀ ਅਤੇ ਸਰਵੇ ਵੀ ਕਰ, ਕਰਵਾ ਲੈਂਦਾ। ਗੱਲ ਕੀ? ਮਾਈਕਲ ਦੀ ਮਿਹਰਬਾਨੀ ਸਦਕਾ ਹੁਣ ਹਰਦੇਵ ਇਕ ਵਧੀਆ ਅਸਿੱਸਟੈਂਟ ਬਿਲਡਰ ਬਣ ਗਿਆ ਸੀ!

ਆਪਣੀ ਲੋੜ ਤੋਂ ਵੀ ਵੱਧ ਅੰਗਰੇਜ਼ੀ ਹਰਦੇਵ ਦੀ ਪਕੜ ਵਿਚ ਆ ਚੁੱਕੀ ਸੀ। ਕਿਉਂਕਿ ਉਹ ਰਹਿੰਦਾ ਹਮੇਸ਼ਾ ਗੋਰੇ ਮਾਈਕਲ ਨਾਲ਼ ਸੀ। ਹੁਣ ਹਰਦੇਵ ਅਤੇ ਮਾਈਕਲ ਨੇ ਦੋ-ਦੋ ਕੰਮ ਲੈਣੇ ਸ਼ੁਰੂ ਕਰ ਦਿੱਤੇ ਅਤੇ ਪੰਜ ਨਵੇਂ ਬੰਦੇ ਹੋਰ ਰੱਖ ਲਏ। ਇਕ ਕੰਮ ਦੀ ਨਿਗਰਾਨੀ ਹਰਦੇਵ ਕਰਦਾ ਅਤੇ ਦੂਜੇ ਕੰਮ ਦੀ ਮਾਈਕਲ! ਉਹਨਾਂ ਦਾ ਢਾਂਚਾ ਹੁਣ ਰੁੜ੍ਹਿਆ ਨਹੀਂ, ਹੁਣ ਤਾਂ ਇਕ ਤਰ੍ਹਾਂ ਨਾਲ਼ ਛੱਤਣੀਂ ਚੜ੍ਹ ਗਿਆ ਸੀ।

ਹਰਦੇਵ ਨੂੰ ਹੁਣ ਤਿੰਨ-ਤਿੰਨ ਹਜ਼ਾਰ ਪੌਂਡ ਮਹੀਨੇ ਦਾ ਬਣਨ ਲੱਗ ਪਿਆ। ਹੁਣ ਉਹ ਦੇਸੀ ਮੁੰਡਿਆਂ ਨਾਲ਼ ਵੀ ਅੱਧੀ ਅੰਗਰੇਜ਼ੀ ਬੋਲਦਾ। ਉਹਨਾਂ ਨੂੰ ਭਾਸ਼ਾ 'ਕਵਰ' ਕਰਨ ਲਈ ਪ੍ਰੇਰਦਾ। ਪੈਂਦੀ ਸੱਟੇ ਉਸ ਨੇ ਛੇ ਹਜ਼ਾਰ ਪੌਂਡ ਬਾਪੂ ਨੂੰ ਭੇਜ ਦਿੱਤਾ। ਮੀਤੀ ਨੂੰ ਨਾ ਤਾਂ ਉਸ ਨੇ ਦੱਸਿਆ ਸੀ ਅਤੇ ਨਾ ਹੀ ਦੱਸਣ ਦੀ ਲੋੜ ਸਮਝੀ ਸੀ। ਜਦ ਮੀਤੀ ਨੂੰ ਪਤਾ ਲੱਗਿਆ ਕਿ ਹਰਦੇਵ ਨੇ ਮੈਨੂੰ ਦੱਸੇ ਬਗੈਰ ਬਾਪੂ ਜੀ ਨੂੰ ਛੇ ਹਜ਼ਾਰ ਪੌਂਡ ਭੇਜਿਆ ਹੈ, ਤਾਂ ਉਸ ਨੇ ਠੰਢੇ ਜਿਹੇ ਸੁਭਾਅ ਨਾਲ਼ ਸਿਰਫ਼ ਇਤਨਾ ਹੀ ਕਿਹਾ ਕਿ ਮੈਂ ਕਿਹੜਾ ਤੁਹਾਨੂੰ ਪੈਸੇ ਭੇਜਣ ਤੋਂ ਰੋਕਦੀ ਸੀ? ਮੈਨੂੰ ਦੱਸ ਤਾਂ ਦਿੰਦੇ? ਆਫ਼ਟਰ ਆਲ, ਫਿਰ ਵੀ ਮੈਂ ਤੁਹਾਡੀ ਪਤਨੀ ਹਾਂ! ਪਰ ਹਰਦੇਵ ਨਹੀਂ ਬੋਲਿਆ ਸੀ। ਉਹ ਸ਼ਿਵ ਜੀ ਮਹਾਰਾਜ ਦੀ ਮੂਰਤੀ ਵਾਂਗ ਅਹਿਲ, ਖ਼ਾਮੋਸ਼ ਹੀ ਬੈਠਾ ਰਿਹਾ ਸੀ। ਉਸ ਦੀ ਮੱਟਰ ਖ਼ਾਮੋਸ਼ੀ ਮੀਤੀ ਨੂੰ ਰੋੜ ਵਾਂਗ ਰੜਕੀ। ਫਿਰ ਵੀ ਉਹ ਉਸ ਦੀ ਔਰਤ ਸੀ! ਪਰ ਮੀਤੀ ਚੁੱਪ ਰਹੀ। ਫਿਰ ਵੀ ਉਸ ਨੇ ਕੋਈ ਮੰਦਾ-ਚੰਗਾ ਬਚਨ ਹਰਦੇਵ ਨੂੰ ਨਾ ਬੋਲਿਆ।

ਮੀਤੀ ਤਾਂ ਸੋਚਦੀ ਸੀ ਕਿ ਹੁਣ ਹਰਦੇਵ ਵੀ ਚੰਗਾ ਕੰਮ ਕਰਨ ਲੱਗ ਪਿਆ ਹੈ। ਮੇਰੇ ਕੋਲ਼ ਵੀ ਬੈਂਕ ਵਿਚ ਪੈਸੇ ਪਏ ਹਨ। ਹੁਣ ਅਸੀਂ ਆਪਣਾ ਕੋਈ ਦੋ ਬੈੱਡ ਰੂਮ ਦਾ ਮਕਾਨ ਲੈ ਲਵਾਂਗੇ। ਦਸ ਪਰਸੈਂਟ ਡਿਪੌਜ਼ਟ ਦੇ ਦਿਆਂਗੇ, ਮੇਰੀ ਤਨਖ਼ਾਹ ਖਾਣ ਪੀਣ ਉਪਰ ਖ਼ਰਚੀ ਜਾਇਆ ਕਰੂ ਅਤੇ ਹਰਦੇਵ ਮੌਰਗੇਜ ਭਰ ਦਿਆ ਕਰੇਗਾ। ਘੱਟੋ ਘੱਟ ਆਪਣਾ ਮਕਾਨ ਤਾਂ ਹੋਵੇਗਾ! ਵਾਧੂ ਕਿਰਾਇਆਂ 'ਤੇ ਵੀ ਪੈਸੇ ਪੱਟੀ ਹੀ ਜਾਨੇ ਐਂ? ਜੇ ਸੌ, ਦੋ ਸੌ ਪੌਂਡ ਵਿਚ ਹੋਰ ਪਾ ਕੇ ਮਹੀਨੇ ਦੀ ਮੌਰਗੇਜ ਭਰ ਦਿਆ ਕਰੀਏ? ਤਾਂ ਮਕਾਨ ਤਾਂ ਆਪਦਾ ਹੋਵੇਗਾ? ਕਿਸੇ ਮਕਾਨ ਮਾਲਕ ਦੀ ਸਿਰ ਦਰਦੀ ਨਹੀਂ! ਅਸੀਂ ਦੋ ਜੀਅ ਹਾਂ, ਸਾਡਾ ਖਰਚਾ ਵੀ ਕੀ ਐ? ਆਪ ਦਾ ਮਕਾਨ ਹੋਵੇ, ਬੰਦਾ ਜਿਵੇਂ ਮਰਜ਼ੀ ਐ, ਆਪਦੀ ਨੀਂਦ ਸੌਂਵੇਂ। ਜਿਵੇਂ ਮਰਜ਼ੀ ਐ ਉਠੇ! ਨਹੀਂ ਤਾਂ ਮਕਾਨ ਮਾਲਕਾਂ ਦੇ ਰੰਘੜਊ ਹੀ ਲੋਟ ਨਹੀਂ ਆਉਂਦੇ! ਹੁਣ ਤਾਂ ਹਰਦੇਵ ਮੈਥੋਂ ਵੀ ਤਿੱਗਣੀਂ ਕਮਾਈ ਕਰਦਾ ਹੈ।

ਮੀਤੀ ਨੂੰ ਇਕ ਦਿਨ ਅਚਾਨਕ ਪਿੰਡੋਂ ਅਤਿ ਭੈੜੀ ਖ਼ਬਰ ਆਈ। ਮੀਤੀ ਦਾ ਬਾਪ ਜਗਤ ਸਿੰਘ ਸੁਰਗਵਾਸ ਹੋ ਗਿਆ ਸੀ! ਮਨਹੂਸ ਖ਼ਬਰ ਨੇ ਕਾਲ਼ਜਾ ਕੱਢ ਲਿਆ। ਉਸ ਦੇ ਹੱਥ ਵਿਚ ਫੜਿਆ ਫ਼ੋਨ ਕੰਬੀ ਜਾ ਰਿਹਾ ਸੀ। ਉਸ ਨੇ ਹਰਦੇਵ ਨੂੰ ਫ਼ੋਨ ਕੀਤਾ। ਹਰਦੇਵ 'ਬਿਜ਼ੀ' ਸੀ। ਸ਼ਾਮ ਤੱਕ ਆ ਨਹੀਂ ਸਕਦਾ ਸੀ। ਉਸ ਨੇ ਸਿਰਫ਼ ਐਨਾ ਹੀ ਕਿਹਾ ਸੀ ਕਿ ਤੂੰ ਟਿਕਟ ਕਰਵਾ ਕੇ ਇੰਡੀਆ ਨੂੰ ਚਲੀ ਜਾਹ! ਜੇ ਹੁਣ ਨਹੀਂ ਟਿਕਟ ਮਿਲ਼ਦੀ ਤਾਂ ਭੋਗ 'ਤੇ ਜਾ ਆਵੀਂ! ਬੱਸ, ਹੋਰ ਕੁਝ ਨਹੀਂ!

ਹਰਦੇਵ ਦੀਆਂ ਗੱਲਾਂ ਤੋਂ ਮੀਤੀ ਨੂੰ ਇਹ ਹੀ ਮਹਿਸੂਸ ਹੋਇਆ ਸੀ ਕਿ ਹਰਦੇਵ ਨੂੰ ਉਸ ਦੇ ਬਾਪ ਮਰੇ ਦਾ ਕੋਈ ਦੁੱਖ ਦਰਦ ਨਹੀਂ ਸੀ। ਦੁੱਖ ਬੁਰੇ ਪ੍ਰਦੇਸਾਂ ਦੇ! ਬੰਦਾ ਦਿਲ ਫ਼ਰੋਲ਼ੇ ਤਾਂ ਕੀਹਦੇ ਕੋਲ਼ ਫ਼ਰੋਲ਼ੇ? ਉਸ ਨੇ ਫ਼ੋਨ ਕਰ ਕੇ ਸਿਰਫ਼ ਇਤਨਾ ਆਖ ਦਿੱਤਾ ਕਿ ਬਾਪੂ ਦਾ ਸਸਕਾਰ ਕਰ ਦਿਓ। ਮੈਂ ਭੋਗ 'ਤੇ ਹੀ ਆਵਾਂਗੀ! ਪਰ ਮੀਤੀ ਦੀਆਂ ਅੱਖਾਂ ਅੱਗੇ ਬਾਪੂ ਦਾ ਚਿਹਰਾ ਵਾਰ ਵਾਰ ਆ ਖੜ੍ਹਦਾ ਸੀ, ਬਾਪੂ ਉਂਗਲ਼ ਚੁੱਕ ਕੇ, ਤਾਹਨੇ ਮਿਹਣੇ ਮਾਰਦਾ ਸੀ! ਬੱਸ, ਸਸਕਾਰ 'ਤੇ ਵੀ ਨਹੀਂ ਆ ਸਕਦੀ...? ਇਕੋ ਇਕ ਧੀ ਐਂ ਤੂੰ ਮੇਰੀ...! ਜੇ ਤੇਰੇ ਇਕ ਅੱਧਾ ਵੀਰ ਹੁੰਦਾ, ਤਾਂ ਉਹ ਮੇਰੇ ਸਸਕਾਰ 'ਤੇ ਨਾ ਆਉਂਦਾ...? ਧੀਆਂ ਧਨ ਬਿਗਾਨਾ ਹੁੰਦੀਐਂ...! ਤੂੰ ਬਿਗਾਨਾ ਧਨ ਹੀ ਰਹੀ ਨ੍ਹਾਂ...? ਜੇ ਤੂੰ ਮੇਰੀ ਧੀ ਹੁੰਦੀ, ਕਦੇ ਨਾ ਅਟਕਦੀ, ਪਟੱਕ ਦੇਣੇ ਆ ਵੱਜਦੀ...! ਤੇਰੇ ਕੋਈ ਵੱਸ ਨਹੀਂ ਧੀਏ...! ਧੀਆਂ ਵਾਕਿਆ ਹੀ ਬਿਗਾਨਾ ਧਨ...! ਲੋਕ ਕਿਤੇ ਝੂਠੇ ਐ...? ਲੋਕ ਸੱਚੇ ਈ ਐ ਪੁੱਤ, ਮੀਤਿਆ...! ਅੱਗੇ ਤੂੰ ਮਰੀ ਮਾਂ ਦਾ ਮੂੰਹ ਨਹੀਂ ਦੇਖਿਆ ਸੀ, ਜੇ ਹੁਣ ਮੇਰਾ ਨਹੀਂ ਦੇਖੇਂਗੀ, ਤਾਂ ਕੀ ਲੋਹੜਾ ਆ ਜਾਊ...? ਕੋਈ ਨਾ ਪੁੱਤ...! ਬਾਪੂ ਨੇ ਤੈਨੂੰ ਮੁਆਫ਼ ਕੀਤਾ...! ਜਾਹ ਮੁਆਫ਼ ਕੀਤਾ, ਮੀਤਿਆ...! ਬਾਪੂ ਜਿਵੇਂ ਮੀਤੀ ਨੂੰ ਮਿਹਣੇ ਨਹੀਂ, ਕੋਰੜੇ ਮਾਰ ਰਿਹਾ ਸੀ!

ਮੀਤੀ ਨੇ ਫ਼ੌਰਨ ਫ਼ੋਨ ਕਰਕੇ ਆਖ ਦਿੱਤਾ ਕਿ ਉਹ ਤੁਰੰਤ ਆ ਰਹੀ ਹੈ। ਮੇਰੇ ਬਿਨਾ ਬਾਪੂ ਦਾ ਸਸਕਾਰ ਨਾ ਕੀਤਾ ਜਾਵੇ! ਉਹ ਤਾਂ ਬਾਪੂ ਦੀ ਸਾਰੀ ਜ਼ਿੰਦਗੀ ਦੇਣਦਾਰ ਰਹੇਗੀ। ਚਾਹੇ ਬਾਪੂ ਗਰੀਬ ਹੀ ਸੀ। ਪਰ ਜਿੰਨਾਂ ਕੁ ਉਸ ਵਿਚਾਰੇ ਦੇ ਵੱਸ ਸੀ, ਉਸ ਨੇ ਕਦੇ ਮੇਰਾ ਢਿੱਲਾ ਮੂੰਹ ਨਹੀਂ ਦੇਖਿਆ ਸੀ। ਜੇ ਮੇਰੀ ਕਿਸਮਤ ਹੀ ਮਾੜੀ ਸੀ, ਬਾਪੂ ਵਿਚਾਰਾ ਕੀ ਕਰਦਾ?

ਦੇਰ ਰਾਤ ਗਈ ਤੋਂ ਹਰਦੇਵ ਆਇਆ। ਉਸ ਨੇ ਦਾਰੂ ਪੀਤੀ ਹੋਈ ਸੀ। ਉਸ ਨੇ ਮੀਤੀ ਨਾਲ਼ ਮਾੜਾ ਮੋਟਾ ਬਾਪੂ ਦਾ ਅਫ਼ਸੋਸ ਕੀਤਾ ਅਤੇ ਰੋਟੀ ਖਾ ਕੇ ਸੌਂ ਗਿਆ। ਨਾ ਹੀ ਉਸ ਨੇ ਮੀਤੀ ਦੇ ਇੰਡੀਆ ਜਾਣ ਬਾਰੇ ਪੁੱਛਿਆ ਅਤੇ ਨਾ ਹੀ ਮੀਤੀ ਨੇ ਕੁਛ ਦੱਸਿਆ। ਦੱਸਦੀ ਵੀ ਕੀ? ਪੁੱਛਣ ਵਾਲ਼ਾ ਹੀ ਬੇਪ੍ਰਵਾਹ ਸੀ! ਦੁਖ-ਸੁਖ ਵੀ ਬੰਦਾ ਉਸ ਦੇ ਨਾਲ਼ ਹੀ ਕਰਦੈ, ਜਿਹੜਾ ਸੁਣਨ ਅਤੇ ਦੁੱਖ ਵੰਡਾਉਣ ਵਾਲ਼ਾ ਹੋਵੇ? ਕੱਟੇ ਅੱਗੇ ਵੰਝਲੀ ਵਜਾਉਣ ਦਾ ਕੀ ਫ਼ਾਇਦਾ?

ਸਵੇਰੇ ਜਦੋਂ ਹਰਦੇਵ ਉਠਿਆਂ ਤਾਂ ਮੀਤੀ ਨੇ ਉਸ ਨੂੰ ਇੰਡੀਆ ਜਾਣ ਬਾਰੇ ਦੱਸਿਆ ਕਿ ਉਹ ਬਾਪੂ ਦੇ ਸਸਕਾਰ 'ਤੇ ਜਾ ਰਹੀ ਹੈ। ਪਰ ਹਰਦੇਵ ਦੇ ਮਨ 'ਤੇ ਬਹੁਤਾ ਕੋਈ ਅਸਰ ਨਹੀਂ ਹੋਇਆ। ਉਹ ਗੂੰਗਿਆਂ ਵਾਂਗ ਸੁਣਦਾ ਰਿਹਾ ਅਤੇ ਬੋਲ਼ਿਆਂ ਵਾਂਗ ਅਣਸੁਣਿਆਂ ਕਰ ਕੇ ਹੀ ਕੰਮ 'ਤੇ ਚਲਾ ਗਿਆ। ਮੀਤੀ ਦੁਖੀ ਤਾਂ ਪਹਿਲਾਂ ਹੀ ਸੀ। ਪਰ ਉਹ ਹਰਦੇਵ ਦੇ ਜਾਣ ਤੋਂ ਬਾਅਦ ਬੈਠ ਕੇ, ਰੱਜ ਕੇ ਰੋਈ। ਉਸ ਨੇ ਦਿਲ ਦੀ ਅਗਲੀ ਪਿਛਲੀ ਸਾਰੀ ਭੜ੍ਹਾਸ ਕੱਢ ਲਈ। ਚੁੱਪ ਅੱਖਾਂ ਵਿਚ ਪਾਣੀ ਦਾ ਹੜ੍ਹ ਪਤਾ ਨਹੀਂ ਕਿੱਧਰੋਂ ਆ ਗਿਆ ਸੀ...? ਪਤਾ ਨਹੀਂ ਉਹ ਕਿਸ ਨੂੰ ਰੋਈ ਸੀ...? ਆਪਣੀ ਜਨਮ ਦੇਣ ਵਾਲ਼ੀ ਅਤੇ ਕਈ ਸਾਲ ਪਹਿਲਾਂ
ਗੁਜਰੀ ਮਾਂ ਨੂੰ...? ਜਾਂ ਹੁਣ ਮਰੇ ਬਾਪੂ ਨੂੰ...?

ਫ਼ਲਾਈਟ ਉਸ ਦੀ ਦੁਪਿਹਰ ਦੀ ਸੀ।

ਮਾਸੀ ਦੇ ਮੁੰਡੇ ਨੇ ਮੀਤੀ ਨੂੰ ਦਿੱਲੀ ਏਅਰਪੋਰਟ ਤੋਂ ਲੈਣ ਆਉਣਾ ਸੀ।

ਬਾਪੂ ਦਾ ਸਸਕਾਰ ਕਰਕੇ ਅਤੇ ਬਾਪੂ ਦੇ ਨਵਿਰਤ ਸਧਾਰਣ ਪਾਠ ਦਾ ਭੋਗ ਪੁਆ ਕੇ ਮੀਤੀ ਮੁੜ ਆਈ। ਹਰਦੇਵ ਉਸ ਨੂੰ ਏਅਰਪੋਰਟ ਤੋਂ ਲੈਣ ਵੀ ਨਾ ਗਿਆ। ਉਹ ਆਪ ਹੀ ਟੈਕਸੀ ਕਰ ਕੇ ਘਰੇ ਆ ਗਈ ਸੀ। ਰਾਤ ਨੂੰ ਜਦੋਂ ਹਰਦੇਵ ਘਰ ਆਇਆ ਤਾਂ ਉਸ ਨੇ ਫਿਰ ਵੀ ਕੁਝ ਨਾ ਪੁੱਛਿਆ। ਪਤਾ ਨਹੀਂ ਉਹ ਮੀਤੀ 'ਤੇ ਕਿਸ ਗੱਲ ਤੋਂ ਖ਼ਫ਼ਾ ਸੀ? ਇਸ ਦੀ ਮੀਤੀ ਨੂੰ ਹੁਣ ਤੱਕ ਸਮਝ ਨਹੀਂ ਆਈ ਸੀ। ਪੈਸਾ ਅਤੇ ਪੁੱਛਗਿੱਛ ਬੰਦੇ ਦਾ ਦਿਮਾਗ ਖ਼ਤਮ

ਕਰ ਦਿੰਦੀ ਹੈ।

ਹਰਦੇਵ ਬਾਪੂ ਨੂੰ ਸਾਰੇ ਮਹੀਨੇ ਦੀ ਕਮਾਈ ਭਾਰਤ ਭੇਜ ਛੱਡਦਾ। ਉਸ ਨੇ ਬਾਪੂ ਦੇ ਘਰ 'ਤੇ ਖ਼ੁਸ਼ਹਾਲੀ ਲੈ ਆਂਦੀ ਸੀ। ਉਦਾਸ ਬਨੇਰਿਆਂ 'ਤੇ ਘਿਉ ਦੇ ਦੀਵੇ ਜਗਣ ਲੱਗ ਪਏ ਸਨ। ਹੁਣ ਕੱਚਾ ਕੋਠੜਾ ਕੋਠੀ ਬਣਦਾ ਜਾ ਰਿਹਾ ਸੀ। ਮਿੱਟੀ ਦੇ ਤੇਲ ਦੇ ਲੈਂਪਾਂ ਦੀ ਜਗਾਹ ਭਾਂਤ ਭਾਂਤ ਦੇ ਬੱਲਬਾਂ ਅਤੇ ਟਿਊਬਾਂ ਨੇ ਲੈ ਲਈ ਸੀ। ਲੱਕੜ ਦਾ ਵੱਡਾ ਗੇਟ ਲੱਗ ਗਿਆ ਸੀ। ਦੋ ਪਾਸੀਂ ਪੱਕੀਆਂ ਖੁਰਲੀਆਂ ਬਣ ਗਈਆਂ ਸਨ। ਇਕ ਪਾਸੇ ਬਲਦਾਂ ਦੀਆਂ ਖੁਰਲੀਆਂ ਅਤੇ ਦੂਜੇ ਪਾਸੇ ਮੱਝਾਂ ਦੀਆਂ!

ਹਰ ਮਹੀਨੇ ਬਾਪੂ ਨੂੰ ਦੋ ਲੱਖ ਰੁਪਈਆ ਘਰੇ ਆ ਡਿੱਗਦਾ। ਹੁਣ ਤਾਂ ਬਾਪੂ ਤੋਂ ਪਿੰਡ ਦਾ ਸਰਪੰਚ ਵੀ ਪੁੱਛ ਕੇ ਗੱਲ ਕਰਦਾ ਸੀ। ਹੁਣ ਉਸ ਨੂੰ ਕੋਈ 'ਉਏ ਜਾਗਰਾ'' ਆਖ ਕੇ ਅਵਾਜ਼ ਨਹੀਂ ਮਾਰਦਾ ਸੀ। ਸਗੋਂ ਹੁਣ ਉਸ ਦੇ ਨਾਂ ਅੱਗੇ ''ਸਰਦਾਰ'' ਲੱਗ ਗਿਆ ਸੀ। ਪਿੰਡ ਦਾ ਹਰ ਬੰਦਾ ''ਸਰਦਾਰ ਜਾਗਰ ਸਿੰਘ'' ਆਖ ਕੇ ਗੱਲ ਕਰਦਾ ਸੀ। ਬਾਪੂ 'ਰੂੜੀ ਮਾਰਕਾ' ਤੋਂ ਵਿਸਕੀ 'ਤੇ ਆ ਗਿਆ ਸੀ। ਪਿੰਡ ਵਿਚ ਉਸ ਦਾ ਵਿਆਜੂ ਪੈਸਾ ਚੱਲਦਾ ਸੀ। ਜਿਹਨਾਂ ਆੜ੍ਹਤੀਆਂ ਤੋਂ ਕਦੇ ਉਸ ਨੂੰ ਉਧਾਰਾ ਪੈਸਾ ਨਹੀਂ ਮਿਲ਼ਦਾ ਸੀ। ਹੁਣ ਉਹ ਆੜ੍ਹਤੀਏ ਵੀ ਉਸ ਮਗਰ ਲ੍ਹੇਲੜੀਆਂ ਲੈਂਦੇ ਫਿਰਦੇ ਸਨ। ਬਾਪੂ ਦੀ ਪੂਣੀਂ ਵਰਗੀ ਮੁੱਛ ਹੁਣ ਡੰਡੇ ਵਾਂਗ ਆਕੜੀ ਰਹਿੰਦੀ! ਮਾਵੇ ਵਾਲ਼ੀ ਪੱਗ ਦਾ ਤੁਰਲ੍ਹਾ ਗਿੱਧਾ ਪਾਉਂਦਾ। ਉਸ ਦੀ ਮੂਲ਼ੀ ਵਰਗੀ ਧੌਣ ਹੁਣ ਬੋਹੜ ਦੇ ਮੁੱਛ ਵਾਂਗ ਨਿੱਸਰ ਗਈ ਸੀ। ਗੰਨੇ ਵਰਗੀਆਂ ਲੱਤਾਂ ਗੱਡੇ ਦੀ ਸਧਵਾਈ ਵਰਗੀਆਂ ਹੋ ਗਈਆਂ ਸਨ। ਮੁੰਡਾ ਇੰਗਲੈਂਡ ਭੇਜਿਆ ਉਸ ਨੂੰ ਰਾਸ ਆ ਗਿਆ ਸੀ। ਹੁਣ ਉਸ ਦੇ ਬੱਚਿਆਂ ਨੂੰ ਤਕੜੇ ਤਕੜੇ ਘਰਾਂ ਦੇ ਰਿਸ਼ਤੇ ਆ ਰਹੇ ਸਨ। ਜਾਗਰ ਤਾਂ ਵੀਹੀ ਵਿਚ ਫ਼ੈਲਰ ਫ਼ੈਲਰ ਕੇ ਤੁਰਦਾ ਸੀ। ਉਸ ਦਾ ਚਾਦਰਾ ਧਰਤੀ ਸੁੰਭਰਦਾ ਸੀ! ਮਾਇਆ ਦੇ ਰੰਗ ਸਨ।

ਮੀਤੀ ਨੂੰ ਸਾਰੀ ਸਾਰੀ ਰਾਤ ਨੀਂਦ ਨਹੀਂ ਆਉਂਦੀ ਸੀ। ਹਰਦੇਵ ਬਰਾਬਰ ਪਿਆ ਸਾਰੀ ਰਾਤ ਘੁਰਾੜ੍ਹਿਆਂ ਦੀ ਚੱਕੀ ਪੀਸਦਾ ਰਹਿੰਦਾ ਸੀ। ਮੀਤੀ ਹਰਦੇਵ ਦੇ ਦਿਨੋਂ ਦਿਨ ਬਦਲਦੇ ਜਾ ਰਹੇ ਹਾਲਾਤਾਂ ਅਤੇ ਸੁਭਾਅ ਨੂੰ ਕਈ ਦਿਨਾਂ ਤੋਂ ਤਾੜ ਰਹੀ ਸੀ। ਉਹ ਉਸ ਨਾਲ਼ ਸਿੱਧੇ ਮੂੰਹ ਗੱਲ ਨਾ ਕਰਦਾ। ਕੋਈ ਦਿਲ ਦੀ ਗੱਲ ਸਾਂਝੀ ਨਹੀਂ ਕਰਦਾ ਸੀ। ਬੱਸ, ਉਹ ਚੁੱਪ ਗੜੁੱਪ ਜਿਹਾ ਹੀ ਘਰੇ ਆਉਂਦਾ ਅਤੇ ਰੋਟੀ ਖਾ ਕੇ ਸੌਣ ਚਲਿਆ ਜਾਂਦਾ। ਪਤੀ ਪਤਨੀ ਵਾਲ਼ਾ ਤਾਂ ਜਿਵੇਂ ਉਹਨਾਂ ਦਾ ਕੋਈ ਨਾਤਾ ਹੀ ਨਹੀਂ ਰਹਿ ਗਿਆ ਸੀ। ਮੀਤੀ ਨਾ ਚਾਹੁੰਦਿਆਂ ਹੋਇਆਂ ਵੀ ਹਰਦੇਵ ਨਾਲ਼ ਛੇੜ ਛਾੜ ਕਰਦੀ। ਪਰ ਹਰਦੇਵ ਸਿਲ਼ ਪੱਥਰ ਹੋਇਆ ਪਿਆ ਰਹਿੰਦਾ। ਆਖਰ ਉਹ ਨਿਰਾਸ਼ ਹੋ ਕੇ ਪੈ ਜਾਂਦੀ ਅਤੇ ਸਾਰੀ ਰਾਤ ਉਸ ਦੀ ਪਲਸੇਟੇ ਮਾਰਦੀ ਦੀ ਲੰਘ ਜਾਂਦੀ।

ਹਰਦੇਵ ਨੂੰ ਇਕ ਨਵਾਂ ਕੰਮ ਮਿਲਿਆ। ਕੰਮ ਕਾਫ਼ੀ ਚਿਰ ਦਾ ਸੀ। ਹੁਣ ਉਸ ਨੂੰ ਮਾਈਕਲ ਨੇ ਕਿਹਾ ਸੀ ਕਿ ਉਹ ਹੁਣ ਆਪਣਾ ਬਿਜ਼ਨਿਸ ਆਪ ਸੰਭਾਲੇ। ਮਾਈਕਲ ਤੋਂ ਹੁਣ ਬਹੁਤਾ ਕੰਮ ਨਹੀਂ ਹੁੰਦਾ ਸੀ। ਹੁਣ ਉਹ ਸਿਰਫ਼ ਸੀਮਤ ਅਤੇ ਥੋੜਾ ਕੰਮ ਹੀ ਕਰਨਾ ਚਾਹੁੰਦਾ ਸੀ। ਉਸ ਦੇ ਬੱਚੇ ਜੁਆਨ ਹੋ ਗਏ ਸਨ। ਉਹ ਹੁਣ ਜ਼ਰੂਰਤ ਜੋਕਰਾ ਕੰਮ ਹੀ ਕਰਨਾ ਚਾਹੁੰਦਾ ਸੀ। ਇਕ ਤਰ੍ਹਾਂ ਨਾਲ਼ ਜ਼ਿੰਦਗੀ ਦਾ ਲੁਤਫ਼ ਲੈਣਾ ਚਾਹੁੰਦਾ ਸੀ। ਕੰਮ ਅਤੇ ਕਮਾਈ ਉਸ ਨੇ ਬਹੁਤ ਕਰ ਲਈ ਸੀ। ਮਾਈਕਲ ਦੇ ਆਖਣ 'ਤੇ ਹਰਦੇਵ ਉਸ ਨਾਲੋਂ ਵੱਖ ਹੋ ਗਿਆ ਅਤੇ ਉਸ ਨੇ ਨਵਾਂ ਕੰਮ ਆਪ 'ਐਸਟੀਮੇਟ' ਬਣਾ ਕੇ ਲੈ ਲਿਆ। ਵੈਸੇ ਮਾਈਕਲ ਨੇ ਉਸ ਨੂੰ ਆਖ ਛੱਡਿਆ ਸੀ ਕਿ ਅਗਰ ਉਸ ਨੂੰ ਮਾਈਕਲ ਦੀ ਲੋੜ ਪਵੇ, ਤਾਂ ਮਾਈਕਲ ਹਾਜ਼ਰ ਹੋਵੇਗਾ। ਕੰਮ ਅਨੁਸਾਰ ਹਰਦੇਵ ਨੇ ਛੇ ਮੁੰਡੇ ਆਪਣੇ ਨਾਲ਼ ਰੱਖ ਲਏ। ਸਾਰੇ ਮੁੰਡੇ ਹੀ ਪੰਜਾਬੀ।

ਜਿਸ ਘਰ ਵਿਚ ਉਹਨਾਂ ਨੂੰ ਕੰਮ ਮਿਲ਼ਿਆ ਸੀ। ਉਹ ਔਰਤ ਬੜੀ ਹੀ ਚੰਟ ਸੀ। ਚਾਲ਼ੀਆਂ ਕੁ ਸਾਲਾਂ ਦੀ ਚਤਰ ਕਿਸਮ ਦੀ ਔਰਤ ਹਰਦੇਵ ਅਤੇ ਉਸ ਦੇ ਨਾਲ਼ ਕੰਮ ਕਰਦੇ ਮੁੰਡਿਆਂ ਨੂੰ ਤਰ੍ਹਾਂ ਤਰ੍ਹਾਂ ਦੇ ਸੁਆਲ ਹੀ ਪੁੱਛੀ ਜਾਂਦੀ। ਚਾਲੀਆਂ ਸਾਲਾਂ ਤੋਂ ਉਪਰ ਹੋ ਕੇ ਵੀ ਟਪੂੰ ਟਪੂੰ ਕਰਦੀ ਰਹਿੰਦੀ। ਕਈ ਵਾਰ ਹਰਦੇਵ ਅੱਕ ਕੇ ਆਖਦਾ।

-''ਭੈਣ ਜੀ, ਤੁਸੀਂ ਸਾਨੂੰ ਕੰਮ ਵੀ ਕਰਨ ਦੇ ਦਿਆ ਕਰੋ...! ਗੱਲਾਂ 'ਚ ਈ ਉਲ਼ਝਾਈ ਰੱਖਦੇ ਓਂ?'' ਹਰਦੇਵ ਨੂੰ ਇਹ ਸੀ ਕਿ ਇਹ ਕੰਮ ਠੇਕੇ 'ਤੇ ਹੈ। ਪੈਸੇ ਤਾਂ ਉਤਨੇ ਹੀ ਮਿਲਣੇ ਹਨ, ਜਿੰਨੇ ਇਹਨਾਂ ਨਾਲ਼ ਕੀਤੇ ਹੋਏ ਹਨ। ਜਿੰਨੀ ਜਲਦੀ ਇਹ ਕੰਮ ਨਿੱਬੜ ਜਾਵੇਗਾ। ਉਤਨੀ ਜਲਦੀ ਹੀ ਕੋਈ ਹੋਰ ਕੰਮ ਲੈਣ ਵਾਲ਼ੇ ਬਣਾਂਗੇ। ਉਸ ਨੇ ਆਪਣੇ ਨਾਲ਼ ਕੰਮ ਕਰਦੇ ਦੇਸੀ ਭਾਈਬੰਦਾਂ ਨੂੰ ਵੀ ਹਦਾਇਤ ਕੀਤੀ ਹੋਈ ਸੀ ਕਿ ਇਸ ਨਾਲ਼ ਗੱਲਾਂ ਵਿਚ ਨਹੀਂ

ਪੈਣਾ! ਸਿੱਧੇ ਹੋ ਕੇ, ਬੰਦੇ ਬਣ ਕੇ ਕੰਮ ਕਰਨੈਂ! ਉਹ ਦੇਸੀ ਭਾਈਬੰਦ ਕਿਉਂਕਿ 'ਕੱਚੇ' ਸਨ। ਉਹਨਾਂ ਨੂੰ ਆਪਣੇ 'ਬੌਸ' ਦੀ ਹਦਾਇਤ ਮੰਨਣੀਂ ਹੀ ਪੈਣੀਂ ਸੀ। ਨਹੀਂ ਤਾਂ ਬਥੇਰੇ ਕੱਚੇ ਲੋਕ ਇਥੇ ਕੰਮ ਲੱਭਦੇ ਫਿਰਦੇ ਸਨ। ਬੌਸ ਨੇ ਉਹਨਾਂ ਨੂੰ ਲਿਆ ਅੜਾਉਣਾ ਸੀ! ਇਸ ਲਈ ਫ਼ਸੇ ਫ਼ਸਾਏ ਭਾਈਬੰਦ ਕੰਮ ਵਿਚ ਹੀ ਲੱਗੇ ਰਹਿੰਦੇ। ਪਰ ਉਹਨਾਂ 'ਚੋਂ ਇਕ ਦੇਸੀ ਹਰਦੇਵ ਨੂੰ ਕਈ ਵਾਰ ਹੱਸ ਕੇ ਕਹਿ ਦਿੰਦਾ, "ਭਾਅ ਜੀ ਇਹ ਬੀਬੀ ਪੈਸੰਜਰ ਭਾਲ਼ਦੀ ਐ!" ਸਾਰੇ ਭਾਈਬੰਦ ਹੱਸ ਪੈਂਦੇ। ਤਾਂ ਹਰਦੇਵ ਉਸ ਨੂੰ ਝਿੜਕ ਦਿੰਦਾ। ਤਾਂ ਦੂਜਾ ਵਿਅੰਗ ਨਾਲ਼ ਆਖਦਾ, "ਭਾਅ ਜੀ, ਥੋਡੇ ਕੋਲ਼ੇ ਤਾਂ ਮਸ਼ੀਨ ਹੈਗੀ ਐ-ਸਾਨੂੰ ਤਾਂ ਕੁਛ ਕਰ ਲੈਣ ਦਿਓ! ਸਾਡੇ ਮੂੰਹ 'ਤੇ ਛਿੱਕਲ਼ੀ ਕਾਹਤੋਂ ਚਾਹੜਨੀ ਲਈ ਐ?" ਬਾਕੀਆਂ ਨਾਲ ਹਰਦੇਵ ਵੀ ਹੱਸ ਪੈਂਦਾ ਤਾਂ ਤੀਜਾ ਕਸਰ ਹੀ ਪੂਰੀ ਕਰ ਦਿੰਦਾ, "ਭਾਅ ਜੀ, ਇਹ ਭੜ੍ਹਾਕਾ ਕਿਸੇ ਮਾਰ 'ਤੇ ਐ! ਤੁਹਾਨੂੰ ਤਾਂ ਨਹੀਂ ਲੋੜ-ਪਰ ਸਾਨੂੰ ਤਾਂ ਪੱਕੇ ਹੋਣ ਲਈ ਕੋਈ ਜੁਗਾੜ ਕਰ ਲੈਣ ਦਿਆ ਕਰੋ!"

ਐਤਵਾਰ ਦਾ ਦਿਨ ਸੀ।

ਕੰਮ ਤੋਂ ਛੁੱਟੀ ਸੀ।

ਹਰਦੇਵ ਨੂੰ ਇਕ ਪ੍ਰਾਈਵੇਟ ਕੰਮ ਆ ਗਿਆ। ਕਿਸੇ ਭਾਈਬੰਦ ਦਾ ਘਰੇ ਬੁਆਇਲਰ ਠੀਕ ਕਰਨਾ ਸੀ। ਐਤਵਾਰ ਦਾ ਦਿਨ, ਪ੍ਰਾਈਵੇਟ ਕੰਮ, ਘੰਟੇ ਦੇ ਵੀ ਸੌ ਪੌਂਡ ਬਣ ਜਾਣੇ ਸਨ। ਟੂਲ-ਬੌਕਸ ਉਸ ਦਾ ਉਥੇ ਪਿਆ ਸੀ, ਜਿੱਥੇ ਅੱਜ ਕੱਲ੍ਹ ਕੰਮ ਚੱਲਦਾ ਸੀ। ਜਦ ਉਹ ਕੰਮ ਵਾਲਿਆਂ ਦੇ ਘਰੋਂ ਆਪਣਾ ਟੂਲ-ਬੌਕਸ ਲੈਣ ਆਇਆ ਤਾਂ ਉਸ ਔਰਤ ਨੇ ਉਸ ਨੂੰ ਚਾਹ ਦੇ ਬਹਾਨੇ ਬਿਠਾ ਲਿਆ।

-"ਵੇ ਭਾਈ ਮੁੰਡਿਆ...! ਤੂੰ ਹੈ ਤਾਂ ਪੰਜਾਬੀ-ਪਰ ਤੇਰੀ ਨੀਤ ਤਾਂ ਭਾਈ ਜਮਾਂ ਈ ਕਰਾੜਾਂ ਅਰਗੀ ਐ! ਕਦੇ ਚਾਹ ਨਾ ਪਾਣੀ-ਬੱਸ ਕੰਮ ਈ ਕੰਮ...! ਵੇ ਐਨਾ ਕੰਮ ਤਾਂ ਆਪਣੇ ਕਰਾੜ ਨ੍ਹੀ ਕਰਦੇ-ਜਿੰਨਾਂ ਤੂੰ ਕਰਦੈਂ...! ਕਿਹੜਾ ਇਲਾਕਾ ਐ ਤੇਰਾ ਪਿੱਛੋਂ?" ਉਸ ਨੇ ਹਰਦੇਵ 'ਤੇ ਬੁੱਲ੍ਹ ਟੇਰੇ।

-"ਮੇਰਾ ਜਿਲ੍ਹਾ ਮੋਗਾ ਐ ਜੀ!"

-"ਵੇ ਅਸੀਂ ਲੁਧਿਆਣੇ ਜਿਲ੍ਹੇ ਦੇ ਐਂ-ਤੂੰ ਤਾਂ ਮਲਵਈ ਐਂ! ਪਰ ਮਲਵਈ ਤਾਂ ਭਾਈ ਤੂੰ ਲੱਗਦਾ ਨ੍ਹੀ...! ਮਲਵਈ ਤਾਂ ਹੁੰਦੇ ਈ ਬੜੇ ਦਿਲਦਾਰ ਐ...? ਖਾਣ ਪੀਣ ਤੇ ਬੱਕਰੇ ਬੁਲਾਉਣ ਆਲ਼ੇ! ਪਰ ਤੂੰ ਤਾਂ ਮੈਨੂੰ ਕੋਈ ਊਂਈਂ ਕੋਈ ਭਾਪਾ ਜਿਆ ਲੱਗਦੈਂ!"

ਹਰਦੇਵ ਹੱਸ ਪਿਆ।

-"ਨਹੀਂ ਜੀ, ਬੱਸ ਕੰਮ 'ਚ ਟੈਮ ਜਿਆ ਈ ਨ੍ਹੀ ਮਿਲ਼ਦਾ-ਊਂ ਹੈਂ ਤਾਂ ਮੈਂ ਜੱਟ...!" ਹਰਦੇਵ ਅੰਦਰ ਜਟਵਾਧ ਢੁੱਡਾਂ ਮਾਰਨ ਲੱਗ ਪਿਆ।

-"ਵੇ ਨਾ ਭਾਈ...! ਜੱਟ ਤਾਂ ਤੂੰ ਮੈਨੂੰ ਲੱਗਦਾ ਨ੍ਹੀ...! ਜੱਟ ਤਾਂ ਮਕਾਣ ਜਾਂਦੇ ਜਾਂਦੇ ਅਧੀਆ ਦਾਰੂ ਦਾ ਪੀ ਜਾਂਦੇ ਐ-ਤੇ ਤੂੰ ਤਾਂ ਸਾਰੀ ਦਿਹਾੜੀ, ਹਾਏ ਕੰਮ...! ਹਾਏ ਪੈਸਾ...! ਮਰਗੇ-ਮਾਰਤੇ ਈ ਕਰੀ ਜਾਨੈਂ...!"

-"ਕੰਮ ਕਰੇ ਬਿਨਾ ਐਥੇ ਸਰਦਾ ਨ੍ਹੀ ਜੀ...! ਕੀ ਕਰੀਏ? ਇੰਗਲੈਂਡ ਤਾਂ ਸੋਨੇ ਦੀ ਮਿੱਠੀ ਜੇਹਲ ਐ!"

-"ਵੇ ਭਾਈ ਕੰਮ ਤਾਂ ਮੈਂ ਵੀ ਬਥੇਰਾ ਕਰਦੀ ਆਂ-ਸਰਦਾ ਤਾਂ ਐਥੇ ਵਾਕਿਆ ਈ ਨ੍ਹੀ...! ਪਰ ਐਨਾ ਕੰਮ ਵੀ ਨ੍ਹੀ ਚਾਹੀਦਾ-ਬਈ ਬੰਦਾ ਸਵੇਰ ਤੋਂ ਲੈ ਕੇ ਆਥਣ ਤੱਕ ਧੰਦ ਈ ਪਿੱਟੀ ਜਾਵੇ! ਕੋਈ ਇੰਟਰਟੇਨਮੈਂਟ ਵੀ ਹੁੰਦੀ ਐ ਬੰਦੇ ਦੀ! ਜੇ ਤੂੰ ਜੱਟ ਐਂ ਤਾਂ ਕਿਸੇ ਕਰਾੜੀ ਨਾਲ਼ ਵਿਆਹਿਆ ਹੋਵੇਂਗਾ...?"

ਹਰਦੇਵ ਹੋਰ ਉਚੀ ਹੱਸ ਪਿਆ।

-"ਭੈਣ ਜੀ, ਥੋਨੂੰ ਹੁਣ ਮੈਂ ਕਿਵੇਂ ਤਸੱਲੀ ਦੇਵਾਂ? ਮੇਰਾ ਗੋਤ ਸਿੱਧੂ ਐ-ਤੇ ਮੇਰੇ ਘਰਆਲ਼ੀ ਦਾ ਧਾਲ਼ੀਵਾਲ਼-ਅਸੀਂ ਦੋਨੋ ਈ ਜੱਟ ਘਰਾਣੇ 'ਚੋਂ ਐਂ!" ਹਰਦੇਵ ਨੇ ਉਸ ਦੀ ਤਸੱਲੀ ਕਰਵਾਈ।

-"ਤੂੰ ਸਿੱਧੂ ਤੇ ਤੇਰੀ ਘਰਆਲ਼ੀ ਧਾਲ਼ੀਆਲ਼...!" ਉਹ ਸੋਚੀਂ ਪੈ ਗਈ। ਪਤਾ ਨਹੀਂ ਕਿਉਂ ਉਹ 'ਧਾਲ਼ੀਵਾਲ਼' ਆਖੇ ਤੋਂ ਸੁਚੇਤ ਜਿਹੀ ਵਿਚ ਹੋ ਗਈ ਸੀ। ਕੁਝ ਗੌਰ ਨਾਲ਼ ਸੋਚ ਰਹੀ ਸੀ।

-"ਕਿੱਥੋਂ ਦੀ ਐ ਤੇਰੀ ਘਰਆਲ਼ੀ?" ਉਸ ਨੇ ਸੋਚ ਵਿਚੋਂ ਨਿਕਲਦਿਆਂ ਤੁਰੰਤ ਸੁਆਲ ਕੀਤਾ।

-"ਬੱਲੋਆਲ਼ ਦੀ ਐ!"

-"ਕੀ, ਨਾਂ ਕੀ ਐ ਉਹਦਾ...?" ਉਸ ਦੀਆਂ ਸੋਚਾਂ ਵਿਚ ਡੱਫ਼ਲੀਆਂ ਵੱਜਣ ਲੱਗ ਪਈਆਂ।

-"ਮਨਜੀਤ...! ਪਰ ਉਹਨੂੰ ਸਾਰੇ ਮੀਤੀ ਆਖਦੇ ਐ।"

-"ਉਹ ਬੱਲੋਆਲ਼ ਦੀ ਐ ਤੇ ਨਾਂ ਮੀਤੀ...? ਕਿਤੇ ਜਾਗਰ ਸਿਉਂ ਦੀ ਕੁੜੀ ਤਾਂ ਨ੍ਹੀ ਉਹੋ?" ਉਸ ਨੇ ਪੁੱਛਿਆ ਤਾਂ ਹਰਦੇਵ ਚੌਂਕ ਜਿਹਾ ਗਿਆ। ਉਸ ਨੂੰ ਇਹ ਨਹੀਂ ਸਮਝ ਆ ਰਹੀ ਸੀ ਕਿ ਇਹ ਔਰਤ ਮੀਤੀ ਨੂੰ ਇਤਨਾ ਨੇੜਿਓਂ ਕਿਵੇਂ ਜਾਣਦੀ ਸੀ? ਉਸ ਦੇ ਦਿਮਾਗ ਨੂੰ ਵੀ ਤੁਣਕੇ ਵੱਜੀ ਜਾ ਰਹੇ ਸਨ।

-"ਹਾਂ ਜੀ, ਉਹ ਜਾਗਰ ਸਿਉਂ ਦੀ ਕੁੜੀ ਈ ਐ, ਭੈਣ ਜੀ!" ਹਰਦੇਵ ਦੀ ਗੱਲ ਸੁਣ ਕੇ ਉਸ ਔਰਤ ਨੇ ਮੱਥਾ ਪਿੱਟਿਆ। ਹਰਦੇਵ ਹੋਰ ਡੂੰਘੀ ਖੱਡ ਵਿਚ ਜਾ ਡਿੱਗਿਆ। ਪਰ ਉਸ ਨੂੰ ਸਮਝ ਕਿਸੇ ਗੱਲ ਦੀ ਵੀ ਨਹੀਂ ਲੱਗੀ ਸੀ।

-"ਪਰ ਤੁਸੀਂ ਭੈਣ ਜੀ ਉਹਨੂੰ ਕਿਵੇਂ ਜਾਣਦੇ ਓਂ...?" ਹਰਦੇਵ ਦਾ ਮੂੰਹ ਅਚੰਭੇ ਵਿਚ ਅੱਡਿਆ ਗਿਆ ਸੀ।

-"ਉਹ ਤਾਂ ਤੇਰੇ ਨਾਲੋਂ ਭਾਈ ਬਾਹਵਾ ਵੱਡੀ ਹੋਊ?" ਉਸ ਨੇ ਹਰਦੇਵ ਦੀ ਗੱਲ ਵੱਲੋਂ ਲਾਪ੍ਰਵਾਹ ਹੋ ਕੇ ਪੁੱਛਿਆ।

-"ਹਾਂ ਜੀ, ਹੈਗਾ ਕੋਈ ਦਸ ਕੁ ਸਾਲ ਦਾ ਫ਼ਰਕ ਸਾਡਾ!"

-"ਬੱਸ, ਬੱਸ...! ਉਹੀ ਐ...!" ਉਸ ਨੇ ਉਂਗਲ਼ ਸੱਪ ਦੀ ਸਿਰੀ ਵਾਂਗ ਹਿਲਾਈ।

-"ਕੀ ਉਹੀ ਐ ਜੀ...? ਕੀ ਮਤਲਬ ਐ ਤੁਹਾਡਾ?" ਹੁਣ ਹਰਦੇਵ ਵੀ ਚੁਕੰਨਾਂ ਹੋ ਗਿਆ ਕਿ ਇੱਥੇ ਕੋਈ ਭੇਦ ਜ਼ਰੂਰ ਅੜਿਆ ਹੋਇਆ ਸੀ।

-"ਵੇ ਕੀ ਦੱਸਾਂ ਭਰਾਵਾ...? ਗੁੱਸਾ ਤਾਂ ਨ੍ਹੀ ਕਰਦਾ?"

-"ਨਾ ਭੈਣ ਜੀ ਮੈਂ ਗੁੱਸਾ ਕਿਉਂ ਕਰੂੰ?" ਉਹ ਵੀ ਸੁਚੇਤ ਚਿੱਤ ਹੋ ਕੇ ਬੈਠ ਗਿਆ।

-"ਵੇ ਕਮਲ਼ਿਆ ਭਰਾਵਾ...! ਉਹ ਪਹਿਲਾਂ ਮੇਰੇ ਭਰਾ ਨੂੰ ਵਿਆਹੀ ਵੀ ਸੀ...!" ਆਖ ਕੇ ਉਸ ਨੇ ਹਰਦੇਵ ਦੇ ਦਿਮਾਗ 'ਤੇ ਗਰਨੇਡ ਸੁੱਟ ਦਿੱਤਾ। ਉਸ ਦੀਆਂ ਅੱਖਾਂ ਅੱਗੇ ਧੂੰਆਂ ਰੋਲ਼ ਹੋ ਗਿਆ ਸੀ। ਉਸ ਨੂੰ ਕੁਝ ਸੁੱਝ ਨਹੀਂ ਰਿਹਾ ਸੀ ਕਿ ਉਸ ਔਰਤ ਨੂੰ ਕੀ ਕਹੇ ਅਤੇ ਕੀ ਪੁੱਛੇ? ਉਹ ਬੇਸੁਰਤ ਜਿਹਾ ਹੀ ਤਾਂ ਹੋ ਗਿਆ ਸੀ!

-"ਕੀ ਨਾਂ ਐਂ ਭੈਣ ਜੀ ਤੁਹਾਡਾ?"

-"ਮੇਰਾ ਨਾਂ ਸਰਬਜੀਤ ਐ, ਭਰਾਵਾ! ਤੂੰ ਮੈਨੂੰ ਆਬਦੀ ਭੈਣ ਈ ਸਮਝ, ਹੁਣ!"

-"ਭੈਣ ਜੀ, ਕਿੰਨਾ ਕੁ ਚਿਰ ਵਿਆਹੀ ਰਹੀ ਉਹ ਥੋਡੇ ਘਰੇ?"

-"ਉਹ ਤਾਂ ਵਿਆਹੀ ਰਹੀ ਐ ਸਾਡੇ ਘਰੇ ਅੱਠ ਸਾਲ ਤੋਂ ਵੀ ਉਪਰ! ਉਹਨੇ ਤਾਂ ਮੇਰੇ ਭਰਾ ਨੂੰ ਉਹ ਹੱਥ ਲੁਆਏ-ਬੱਸ ਰਹੇ ਰੱਬ ਦਾ ਨਾਂ!"

-"ਕਿਉਂ? ਕਾਹਤੋਂ?"

-"ਵੇ ਭਰਾਵਾ, ਜੇ ਗੁੱਸਾ ਨਾ ਕਰੇਂ...? ਮੈਂ ਤੈਨੂੰ ਸਾਰੀ ਘਾਣੀ ਈ ਦੱਸ ਦਿਆਂ।" ਉਸ ਨੇ ਗਿਰਝ ਵਾਂਗ ਟਿਕਟਿਕੀ ਲਾ ਕੇ ਹਰਦੇਵ ਦਾ ਚਿਹਰਾ ਪੜ੍ਹਿਆ। ਉਹ ਗੱਲੀਂ ਬਾਤੀਂ ਹਰਦੇਵ ਦਾ ਪੈਖੜ ਨਰੜਦੀ ਆ ਰਹੀ ਸੀ।

-"ਮੈਂ ਗੁੱਸਾ ਕਾਹਨੂੰ ਕਰਨੈਂ ਭੈਣ ਜੀ? ਮੇਰੇ ਨਾਲ਼ ਤਾਂ ਉਹ ਆਪ ਨ੍ਹੀ ਚੱਜ ਨਾਲ਼ ਬੋਲਦੀ!" ਮੀਤੀ ਦੀਆਂ ਖਾਮੀਆਂ ਜਾਨਣ ਲਈ ਹਰਦੇਵ ਨੇ ਕੋਰਾ ਝੂਠ ਬੋਲਿਆ ਸੀ। ਨਹੀਂ ਤਾਂ ਮੀਤੀ ਨੇ ਉਸ ਨੂੰ ਕਦੇ ਕੋਈ ਬੋਲ ਕਬੋਲ ਨਹੀਂ ਕੀਤਾ ਸੀ।

-"ਮੇਰਾ ਭਰਾ ਚੰਗਾ ਕੰਮ ਕਾਰ ਕਰਦੈ-ਚੰਗਾ ਕਮਾਉਂਦੈ-ਇਹਨੇ ਤਿੰਨਾਂ ਮਹੀਨੀਆਂ 'ਚ ਪਤਾ ਨ੍ਹੀ ਅੱਠ ਹਜਾਰ ਪੌਂਡ ਕਿੱਧਰ ਖਪਾ ਦਿੱਤਾ? ਖਬਰੇ ਆਬਦੇ ਪਿਉ ਨੂੰ ਭੇਜਤਾ...? ਗੁੱਸਾ ਨਾ ਕਰੀਂ ਮੇਰਾ ਵੀਰ, ਖਬਰੇ ਕਿਸੇ ਯਾਰ ਮਿੱਤਰ ਨੂੰ ਲੁਟਾਤਾ...? ਬੱਸ ਐਨੀ ਗੱਲ ਐ ਭਰਾ ਮੇਰਿਆ, ਬਈ, ਤਿੰਨਾਂ ਮਹੀਨਿਆਂ 'ਚ ਉਹਨੇ ਅੱਠ ਹਜਾਰ ਪੌਂਡ ਨੂੰ ਉੜਦੂ ਲਾ ਦਿੱਤਾ।"

-"ਫੇਰ...?" ਹਰਦੇਵ ਦੀਆਂ ਅੱਖਾਂ ਅੱਗੇ ਭੰਬੂਤਾਰੇ ਨੱਚਣ ਲੱਗ ਪਏ। ਉਹ ਘੁੱਟਾਂਬਾਟੀ ਸਰਬਜੀਤ ਦੇ ਮੂੰਹ ਵੱਲ ਝਾਕ ਰਿਹਾ ਸੀ।

-"ਫੇਰ ਕੀ...? ਮੇਰਾ ਭਰਾ ਕੰਮ ਕਾਰ ਆਲ਼ਾ ਬੰਦਾ! ਉਹਨੇ ਅੱਠ ਹਜਾਰ ਪੌਂਡ ਦਾ ਹਿਸਾਬ ਕਿਤਾਬ

ਪੁੱਛਣਾ ਈ ਸੀ? ਅੱਠ ਹਜਾਰ ਪੌਂਡ ਭਰਾਵਾ, ਥੋੜ੍ਹਾ ਹੁੰਦੈ...?"

–"ਨਹੀਂ ਬਹੁਤ ਹੁੰਦੈ ਭੈਣ ਜੀ...!" ਹਰਦੇਵ ਗੱਲ ਸੁਣ ਕੇ ਹਿੱਲ ਗਿਆ।

–"ਤੇ ਭਰਾਵਾ, ਜਦੋਂ ਮੇਰੇ ਆਲ਼ਾ ਭਰਾ ਅੱਠ ਹਜਾਰ ਦਾ ਹਿਸਾਬ ਮੰਗਿਆ ਕਰੇ-ਮੱਟਰ ਜੀ ਹੋ ਕੇ ਬਹਿ ਜਾਇਆ ਕਰੇ-ਤੇ ਕੋਈ ਜਵਾਬ ਨਾ ਦਿਆ ਕਰੇ-ਤੇ ਮੇਰੇ ਆਲ਼ਾ ਭਰਾ ਚਿੜ ਗਿਆ!"

–"ਚਿੜਨਾ ਈ ਸੀ...! ਅੱਠ ਹਜਾਰ ਪੌਂਡ ਬਣਦਾ ਪਤਾ ਕਿਵੇਂ ਐਂ?"

–"ਉਹ ਮੱਚਦਾ ਬੁਝਦਾ ਵਿਚਾਰਾ ਸਾਡੇ ਕੋਲ਼ੇ ਆ ਕੇ ਰੋਣ ਪਿੱਟਣ ਲੱਗਿਆ! ਅਸੀਂ ਵੀ ਜਾ ਕੇ ਉਹਨੂੰ ਹਲੂਣਿਆਂ-ਹਿਸਾਬ ਕਿਤਾਬ ਦੀ ਗੱਲ ਚਲਾਈ-ਬੱਸ ਭਰਾਵਾ, ਉਹੀ ਬੈਂਹਾਂ ਅਤੇ ਉਹੀ ਕੁਹਾੜੀ! ਫੇਰ ਨਾ ਕੁਛ ਬੋਲੀ! ਡਰਨਾਂ ਬਣ ਕੇ ਖੜ੍ਹੀ ਰਹੀ-ਮੇਰੀ ਮਾਂ, ਤੇ ਮੇਰੇ ਬਾਪੂ ਨੇ ਵੀ ਉਹਨੂੰ ਪਲ਼ੋਸ ਕੇ ਪੁੱਛਿਆ-ਪਰ ਨਾ! ਕੋਈ ਉਤਰ ਨ੍ਹੀ! ਫੇਰ ਭਰਾਵਾ, ਮੇਰੇ ਆਲ਼ੇ ਭਰਾ ਨੇ ਡਾਇਵੋਰਸ ਅਪਲਾਈ ਕਰਤਾ-ਬੋਲੀ ਫੇਰ ਨਾ...! ਦੁਨੀਆਂ ਦੀ ਚੋਰ, ਬੋਲੇ ਕੀ? ਜਦੋਂ ਜੱਜ ਦੇ ਤਲਾਕ ਦੀ ਤਾਰੀਕ ਪਈ-ਉਥੇ ਵੀ ਗੂੰਗੀ ਬਣ ਕੇ ਬੈਠੀ ਰਹੀ ਤੇ ਢੀਠ ਬਣੀ ਗਿਰਝ ਮਾਂਗੂੰ ਝਾਕੀ ਜਾਵੇ! ਤੇ ਚੱਕ ਮੇਰੇ ਭਾਈ ਜੱਜ ਨੇ ਖਿਝ ਕੇ ਤਲਾਕ ਲਿਖਤਾ-ਤਾਂ ਅਸੀਂ ਜਾ ਕੇ ਇਹਤੋਂ ਖਹਿੜਾ ਛੁਡਾਇਆ...!" ਆਖ ਕੇ ਸਰਬਜੀਤ ਨੇ ਸੌਖਾ ਜਿਹਾ ਸਾਹ ਲਿਆ।

ਹਰਦੇਵ ਦੇ ਮਨ ਵਿਚ ਭੰਮੀਰੀਆਂ ਘੁਕੀ ਜਾ ਰਹੀਆਂ ਸਨ!

ਉਸ ਨੂੰ ਕੁਝ ਸੁੱਝ ਨਹੀਂ ਰਿਹਾ ਸੀ।

–"ਭਰਾਵਾ ਗੱਲ ਇਕ ਐ-ਆਬਦਾ ਘਰ ਜਮਾਂ ਨਾ ਤੋੜੀਂ! ਸਿਆਣਾ ਬਣ ਕੇ ਰਹਿ ਇਹਦੇ ਨਾਲ਼-ਪਰ ਪੈਸੇ ਦਾ ਇਹਤੋਂ ਹਿਸਾਬ ਕਿਤਾਬ ਜਰੂਰ ਲਿਆ ਕਰ! ਨਾਲ਼ੇ ਇਹਦੇ 'ਤੇ ਪੂਰੀ ਨਿਗਰਾਨੀ ਰੱਖਿਆ ਕਰ! ਸਿਆਣੇ ਆਖਦੇ ਐ ਬਈ ਗਧੇ ਨੂੰ ਡੰਡਾ ਤੇ ਸਿਆਣੇ ਬੰਦੇ ਨੂੰ ਤਾਂ ਇਸ਼ਾਰਾ ਈ ਬਹੁਤ ਹੁੰਦੈ! ਪੱਕੀ ਮੋਹਰ ਲੱਗ ਗਈ ਤੇਰੀ...?" ਸਰਬਜੀਤ ਕੋਚਰ ਵਾਂਗ ਹਰਦੇਵ ਵੱਲ ਝਾਕੀ।

–"ਬੱਸ ਭੈਣ ਜੀ ਅੱਜ ਕੱਲ੍ਹ 'ਚ ਲੱਗਣ ਆਲ਼ੀ ਐ-!"

–"ਪੱਕੀ ਮੋਹਰ ਲੈ ਲੁਆ, ਭਰਾਵਾ! ਤੇ ਬਾਹਲ਼ਾ ਚਿਰ ਇਹ ਤੇਰੇ ਨਾਲ਼ ਕੱਟਣ ਆਲ਼ੀ ਤੀਮੀਂ ਨ੍ਹੀ! ਤੀਮੀ ਨੂੰ ਲੱਗੀ ਘਤਿੱਤ ਕਦੇ ਨਾ ਕਦੇ ਤਾਂ ਜਾਗਦੀ ਐ! ਸਾਡੇ ਘਰੇ ਅੱਠ ਸਾਲ ਰਹਿਕੇ ਵੀ ਇਹ ਸਾਡੀ ਨ੍ਹੀ ਹੋਈ? ਤੇ ਤੇਰੀ ਦੋ ਸਾਲਾਂ 'ਚ ਕਿਵੇਂ ਬਣਜੂਗੀ? ਸੋਹਣਾ ਸੁਨੱਖਾ ਜੁਆਨ ਤੂੰ ਮੁੰਡੈਂ...! ਤੈਨੂੰ ਕੁੜੀਆਂ ਦਾ ਘਾਟੈ? ਤੂੰ ਜਰੂਰ ਇਸ ਬੁੱਢੀ ਮੱਝ ਤੋਂ ਪੈਰ ਮਿਧਵਾਉਣੇ ਐਂ? ਤੂੰ ਪੱਕਾ ਹੋ ਕੇ ਇਹਨੂੰ ਚੁੱਪ ਚਾਪ ਛੱਡ ਕੇ ਪਰ੍ਹੇ ਕਰ ਤੇ ਇੰਡੀਆ ਤੋਂ ਕੋਈ ਚੱਜ ਦੀ ਜੁਆਨ ਕੁੜੀ ਲਿਆ...! ਇਹਦੇ ਨਾਲ਼ੋਂ ਤਾਂ ਤੈਨੂੰ ਤੋੜ ਵਿਛੋੜੀ ਕਰਨੀਂ ਪੈਣੀ ਐਂ-ਅੱਜ ਕਰਲੀਂ, ਚਾਹੇ ਸਾਲ ਨੂੰ ਕਰਲੀਂ! ਅਖੇ ਨਾਈਆ ਵਾਲ਼ ਕਿੱਡੇ ਕਿੱਡੇ ਕੁ ਐ? ਕਹਿੰਦਾ ਭਾਈ ਸਬਰ ਕਰ-ਮੂਹਰੇ ਈ ਆ ਡਿੱਗਣੇ ਐਂ! ਉਹ ਗੱਲ ਤਾਂ ਭਰਾਵਾ ਇਹਦੀ ਐ! ਇਹਦਾ ਜਿੰਨਾ ਮਰਜ਼ੀ ਐ ਬਣ ਕੇ ਦੇਖ ਲਈਂ-ਇਹ ਟੱਬਰ ਤਾਂ ਅਮਰ ਵੇਲ ਅਰਗੈ-ਜਿਹੜੇ ਦਰੱਖ਼ਤ 'ਤੇ ਬੈਠੂ, ਉਸੇ ਦਰੱਖ਼ਤ ਦਾ ਈ ਭੱਠਾ ਬਿਠਾਊ! ਬਾਕੀ ਤੂੰ ਆਪ ਸੋਚ ਕਰਲੀਂ...!"

ਹਰਦੇਵ ਦੇ ਕੰਨਾਂ ਵਿਚ ਸੀਟੀਆਂ ਵੱਜੀ ਜਾ ਰਹੀਆਂ ਸਨ।

–"ਇਕ ਤੈਨੂੰ ਮੈਂ ਹੋਰ ਦੱਸਦੀ ਐਂ, ਭਰਾਵਾ! ਮੇਰਾ ਆਬਦਾ ਦਿਉਰ ਵਕੀਲ ਐ-ਜੇ ਤੈਨੂੰ ਕਿਸੇ ਸਲਾਹ ਸੱਪੇ ਦੀ ਲੋੜ ਪਵੇ-ਮੈਨੂੰ ਦੱਸ ਦੇਈਂ! ਆਪੇ ਤੈਨੂੰ ਮੁਫ਼ਤ ਸਲਾਹ ਦਿਊ-ਇਹ ਮੇਰੀ ਗਰੰਟੀ ਐ!" ਉਸ ਨੇ ਹਿੱਕ ਥਾਪੜ ਦਿੱਤੀ।

–"ਇਹਦਾ ਭੈਣ ਜੀ ਕਿਸੇ ਨਾਲ਼ ਊਂ ਤਾਂ ਨ੍ਹੀ ਚੱਕਰ ਚੁੱਕਰ ਸੀ?"

–"ਵੇ ਭਰਾਵਾ ਰੱਬ ਜਾਣੇ! ਪਰ ਤੂੰ ਖ਼ੁਦ ਸੋਚ! ਬਈ ਤਿਨਾਂ ਮਹੀਨਿਆਂ 'ਚ ਅੱਠ ਹਜਾਰ ਪੌਂਡ ਖੰਭ ਲਾ ਕੇ ਉਡ ਤਾਂ ਗਿਆ ਨ੍ਹੀ? ਕਿਸੇ ਨੂੰ ਤਾਂ ਦਿੱਤਾ ਈ ਐ? ਜਾਂ ਕਿਸੇ ਯਾਰ ਨੂੰ ਤੇ ਜਾਂ ਆਬਦੇ ਪਿਉ ਨੂੰ?"

–"ਪਿਉ ਤਾਂ ਇਹਦਾ ਪਿੱਛੇ ਜਿਹੇ ਚੜ੍ਹਾਈ ਕਰ ਗਿਆ-ਘਰੇ ਵੀ ਕੋਈ ਪੈਸਾ ਲੱਗਿਆ ਨਹੀਂ ਦਿਸਦਾ-ਕਿਉਂਕਿ ਇਹਨਾਂ ਦਾ ਘਰ ਮੈਂ ਆਪ ਦੇਖਿਐ-ਪਰ ਗਾਂਹਾਂ ਮੈਨੂੰ ਕੋਈ ਪਤਾ ਨਹੀ!"

–"ਕਦੋਂ ਮਰਿਐ ਇਹਦਾ ਪਿਉ?"

–"ਆਹ ਤਿੰਨ ਕੁ ਹਫ਼ਤੇ ਈ ਹੋਏ ਐ-।"

-"ਬਮਾਰ ਠਮਾਰ ਸੀ?"

-"ਪਤਾ ਨ੍ਹੀ! ਰੱਬ ਜਾਣੇ! ਮੈਨੂੰ ਕਿਹੜਾ ਕੁਛ ਦੱਸਦੀ ਐ?"

-"ਇਹ ਤਾਂ ਭਾਈ ਆਪਹੁਦਰੀ ਤੀਮੀ ਐਂ-ਜੁਆਕ ਇਹਨੂੰ ਨ੍ਹੀ ਹੁੰਦਾ! ਕਿੱਥੇ ਲੈ ਕੇ ਜਾਣੀ ਐਂ ਕਮਾਈ ਬੰਦੇ ਨੇ...? ਕਾਹਦੇ ਵਾਸਤੇ ਕਮਾਉਂਦੈ ਬੰਦਾ? ਜੇ ਲੋਕਾਂ ਦੇ ਭਾਗਾਂ ਨੂੰ ਈ ਕਮਾਉਣੈਂ-ਤਾਂ ਕੀ ਫ਼ਾਇਦਾ ਐਹੋ ਜੀ ਕਮਾਈ ਦਾ...? ਤੈਨੂੰ ਪਤੈ ਬਈ ਇਹਨੂੰ ਕੋਈ ਜੁਆਕ ਜੱਲਾ ਨ੍ਹੀ ਹੋ ਸਕਦਾ?"

-"ਹਾਂ ਪਤੈ ਭੈਣ ਜੀ...।"

-"ਫੇਰ ਭਰਾਵਾ ਮੈਨੂੰ ਤਾਂ ਸਮਝ ਨ੍ਹੀ ਆਉਂਦੀ ਬਈ ਤੂੰ ਅੱਖੀਂ ਦੇਖ ਕੇ ਮੱਖੀ ਕਾਹਤੋਂ ਨਿਗਲ਼ਦੈਂ? ਬੰਦੇ ਦੇ ਜੁਆਕ ਜੱਲਾ ਹੋਵੇ-ਉਹ ਜਾਣੇ-ਕਦੇ ਬਿਮਾਰ ਠਮਾਰ ਨੂੰ ਸਾਂਭਦੈ-ਪਰ ਅੱਗ ਲਾਉਣੈਂ ਪੈਸਾ ਬੰਦੇ ਨੇ-ਜਦੋਂ ਅੱਗੇ ਆਬਦੀ ਕੁਲ਼ ਈ ਨਾ ਵਧੀ? ਬੰਦੇ ਦੀ ਹੱਡ ਭੰਨਵੀਂ ਕਮਾਈ 'ਤੇ ਤਾਂ ਫੇਰ ਗਿੱਦੜ ਈ ਕਲੋਲਾਂ ਕਰਦੇ ਐ! ਔਂਤ ਦੇ ਕੌਲ਼ਿਆਂ 'ਤੇ ਤਾਂ ਭਾਈ ਮੁੜ ਕੇ ਕੁੱਤੇ ਈ ਲੱਤ ਚੱਕ ਕੇ ਮੂਤਦੇ ਐ...!"

ਹਰਦੇਵ ਚੁੱਪ ਚਾਪ ਤੁਰ ਆਇਆ।

ਉਸ ਨੇ ਨਾ ਤਾਂ ਟੂਲ-ਬੌਕਸ ਲਿਆ ਅਤੇ ਨਾ ਹੀ ਅਗਲੇ ਦੇ ਘਰੇ ਬੁਆਇਲਰ ਠੀਕ ਕਰਨ ਪਹੁੰਚਿਆ। ਪਰ ਉਸ ਨੇ ਨਾ ਆ ਸਕਣ ਬਾਰੇ ਉਹਨਾਂ ਨੂੰ ਫ਼ੋਨ ਜ਼ਰੂਰ ਕਰ ਦਿੱਤਾ ਸੀ, ਕਿ ਅਗਲੇ ਕੁੱਤੇ ਝਾਕ ਵਿਚ ਨਾ ਰਹਿਣ!

ਉਸ ਦਿਨ ਤੋਂ ਹਰਦੇਵ ਦਾ ਵਤੀਰਾ ਮੀਤੀ ਪ੍ਰਤੀ ਅਤੀਅੰਤ ਰੁੱਖਾ ਹੋ ਗਿਆ। ਬਲ਼ਦੀ 'ਤੇ ਤੇਲ ਜਿਉਂ ਪੈ ਗਿਆ ਸੀ। ਸਰਬਜੀਤ ਨੇ ਖੁਰੀਆਂ ਹੀ ਤਾਂ ਲਾ ਦਿੱਤੀਆਂ ਸਨ। ਔਲ਼ਾਦ ਖਾਤਿਰ ਹੀ ਤਾਂ ਬੰਦਾ ਭੱਜਿਆ ਫਿਰਦੈ! ਭੈਣ ਭਾਈ ਮੇਰੇ ਕੱਲ੍ਹ ਨੂੰ ਕਦੋਂ ਮਿੱਤ ਹੋਏ? ਰੱਸੀਆਂ ਧਰ ਕੇ ਮਿਣਦੇ ਲੋਕੀ, ਔਂਤ ਗਿਆਂ ਦੀਆਂ ਥਾਂਵਾਂ...! ਸਿਆਣੇ ਐਵੇਂ ਤਾਂ ਨਹੀਂ ਗਾ ਗਏ? ਅੱਜ ਕੱਲ੍ਹ ਤਾਂ ਦੁਨੀਆਂ ਪੈਸੇ ਅਤੇ ਗੌਂਅ ਦੀ ਹੈ! ਜੇ ਤੁਹਾਡੇ ਕੋਲ਼ ਪੈਸਾ ਹੈ, ਤਾਂ ਲੋਕ ਤੁਹਾਡੇ ਅੱਗੇ ਪਿੱਛੇ ਫ਼ਿਰਨਗੇ। ਤੇ ਜੇ ਤੁਸੀਂ ਨੰਗ ਹੋ, ਤਾਂ ਤੁਹਾਨੂੰ ਮਰਦਿਆਂ ਨੂੰ ਵੀ ਕੋਈ ਚੁੱਕਣ ਨਹੀਂ ਆਉਂਦਾ।

ਬਾਪੂ ਦਾ ਹਾਲ ਦੇਖ ਲੈ...! ਜਦੋਂ ਖਾਖੀ ਨੰਗ ਸੀ। ਉਦੋਂ ਕੋਈ ਵੱਢੀ ਉਂਗਲ 'ਤੇ ਨਹੀਂ ਮੂਤਦਾ ਸੀ। ਤੇ ਜਦੋਂ ਹੁਣ ਚਾਰ ਪੈਸੇ ਕੋਲ਼ ਆ ਗਏ। ਹਰ ਕੋਈ 'ਸਾਸਰੀਕਾਲ ਜੀ' ਬੁਲਾ ਕੇ, ਫੇਰ ਕੋਲ਼ ਦੀ ਲੰਘਦੈ! ਬੰਦੇ ਦੀ ਬੁਨਿਆਦ ਔਲ਼ਾਦ ਦੇ ਸਿਰ 'ਤੇ ਬੱਝਦੀ ਐ। ਨੀਂਹ ਬਿਨਾ ਮਕਾਨ ਕਦੋਂ ਕੁ ਤੱਕ ਖੜੂ? ਜੇ ਮੈਂ ਇਉਂ ਈ ਦਿਨ ਰਾਤ ਬਲ਼ਦ ਵਾਂਗੂੰ ਕਮਾਈ ਕਰਦਾ ਰਿਹਾ? ਕਿੱਥੇ ਲੈ ਕੇ ਜਾਣੈਂ ਇਹ ਪੈਸਾ...? ਕੋਈ ਆਪਦਾ ਬਾਲ ਬੱਚਾ ਹੋਊ, ਤਾਂ ਅਗਲਾ ਦੁਨੀਆਂ ਦੀ ਸ਼ਰਮ ਜਾਂ ਲੋਭ ਲਾਲਚ ਨੂੰ ਹੀ ਹਾਲ ਚਾਲ ਪੁੱਛੂ! ਨਹੀਂ ਭਰਾ ਭਤੀਜੇ ਮੈਨੂੰ ਬੁੜ੍ਹੇ ਹੋਏ ਨੂੰ ਕਦੋਂ ਚੂਰੀ ਦੇਣ ਲੱਗੇ ਐ? ਐਥੇ ਇੰਗਲੈਂਡ ਦਾ ਹਾਲ ਤੂੰ ਦੇਖੀ ਜਾਨੈਂ? ਜੀਹਦੇ ਕੋਈ ਬਾਲ ਬੱਚਾ ਹੈਨੀ, ਅਗਲੇ ਨੂੰ "ਕੇਅਰ ਸੈਂਟਰ" ਵਾਲ਼ੇ ਲੈ ਜਾਂਦੇ ਐ, ਅਤੇ ਅਗਲਾ ਉਥੇ ਹੀ ਲਾਵਾਰਿਸਾਂ ਵਾਂਗ ਅੱਡੀਆਂ ਰਗੜ ਰਗੜ ਕੇ ਮਰ ਜਾਂਦੈ! ਨਾ ਕੋਈ ਰੋਵੇ, ਨਾ ਅਫ਼ਸੋਸ ਕਰੇ! ਔਲ਼ਾਦ ਹੋਊ, ਤਾਂ ਘੱਟੋ ਘੱਟ ਬੰਦੇ ਦਾ ਸਸਕਾਰ ਤਾਂ ਕਰੂ! ਫ਼ੁੱਲ ਤਾਂ ਪਾਊ? ਚਾਹੇ ਲੋਕ ਲਾਜ ਨੂੰ, ਦੂਜਿਆਂ ਦੇ ਮੂੰਹ ਨੂੰ ਹੀ ਕਰੇ? ਬੰਦਾ ਔਂਤਰਿਆਂ ਵਾਂਗ ਤਾਂ ਨਹੀਂ ਮਰਦਾ? ਨਹੀਂ ਤਾਂ ਕੇਅਰ ਸੈਂਟਰ ਵਾਲ਼ੇ ਤਾਂ, ਬੰਦਾ ਮਰਿਆ, ਚੱਕ ਕੇ ਫ਼ੂਕ ਦਿੱਤਾ ਅਤੇ ਰਜਿਸਟਰ ਵਿਚ ਦਰਜ਼ ਕਰ ਲਿਆ ਕਿ ਫ਼ਲਾਨਾ ਸਿਉਂ ਸੁਰਗਵਾਸ ਹੋ ਗਿਆ, ਤੇ ਚੱਕ ਮੇਰੇ ਭਾਈ! ਕੀ ਜ਼ਿੰਦਗੀ ਐ ਇਹੇ...? ਕਾਹਦੀ ਖਾਤਰ ਕਮਾਈ ਐ ਇਹੇ? ਜੇ ਧੰਦ ਹੀ ਪਿੱਟਣੈਂ, ਬੰਦਾ ਕੋਈ ਨਿਸ਼ਾਨਾ ਸਮਝ ਕੇ ਤਾਂ ਪਿੱਟੇ? ਬਿਨਾ ਗੱਲੋਂ ਕੋਹਲੂ ਦੇ ਬੈਲ ਵਾਂਗ ਚਕਰੀ-ਗੇੜੇ ਪਏ ਫਿਰਨਾ? ਕੀ ਕਮਾਈ ਕਿਸੇ ਅਰਥ ਹੈ...?

ਪਰ ਮੀਤੀ ਨੇ ਤਾਂ ਬਾਂਝ ਹੋਣ ਬਾਰੇ ਤੇਰੇ ਨਾਲ਼ ਤੇ ਬਾਪੂ ਨਾਲ਼ ਸਿੱਧੀ-ਸਪੱਸ਼ਟ ਗੱਲ ਕੀਤੀ ਸੀ। ਉਸ ਨੂੰ ਕੀ ਕਹੇਂਗਾ? ਪਰ ਮੀਤੀ ਆਪ ਕਿਹੜਾ ਦੁੱਧ ਧੋਤੀ ਐ? ਪਹਿਲੇ ਸਹੁਰਿਆਂ ਨਾਲ਼ ਨਹੀਂ ਥਾਂ-ਸਿਰ ਨਿਭੀ, ਮੇਰੇ ਨਾਲ਼ ਕੀ ਨਿਭੂਗੀ...? ਉਹਨੇ ਪਹਿਲੇ ਸਹੁਰਿਆਂ ਦਾ ਵੀ ਅੱਠ ਹਜ਼ਾਰ ਦਾ ਘਪਲ਼ਾ ਕੀਤਾ ਹੀ ਐ! ਮੇਰੇ ਨਾਲ਼ ਕਿਤੇ ਘੱਟ ਕਰੂਗੀ? ਮੀਤੀ ਦੇ ਮਗਰ ਲੱਗ ਕੇ ਮੈਂ 'ਔਂਤ' ਹੀ ਮਰ ਜਾਵਾਂ...? ਚਲੋ ਉਹਦੇ ਤਾਂ ਕੋਈ ਵੱਸ ਨਹੀਂ! ਉਸ ਨੂੰ ਤਾਂ ਬੱਚਾ ਹੋ ਹੀ ਨਹੀਂ ਸਕਦਾ! ਉਸ ਨੂੰ ਤਾਂ ਇਹ ਭਾਣਾ ਮੰਨਣਾ ਈ ਪੈਣੈਂ! ਜੇ ਉਹਨੂੰ ਬੱਚਾ ਨਹੀਂ ਹੋ ਸਕਦਾ, ਤਾਂ ਤੂੰ ਵੀ ਔਂਤਰਾ ਈ ਜੱਗੋਂ ਜਾਣੈਂ...? ਪਰ ਤੂੰ ਤਾਂ ਮੀਤੀ ਨਾਲ਼ ਧੁਰ ਤੱਕ ਤੋੜ ਨਿਭਾਉਣ ਦਾ ਵਾਅਦਾ ਕੀਤਾ ਸੀ? ਹੁਣ ਮੀਤੀ ਨੂੰ ਖੜ੍ਹਾ ਖੜੋਤਾ ਧੋਖਾ ਦੇਵੇਂਗਾ...? ਪਰ ਮੀਤੀ ਨੇ ਕਿਤੇ ਆਪਣੇ ਪਹਿਲੇ ਸਹੁਰਿਆਂ ਨੂੰ ਧੋਖਾ ਨਹੀਂ ਦਿੱਤਾ?

ਜਿਹੜਾ ਕਰਦੈ, ਉਹਦੇ ਅੱਗੇ ਤਾਂ ਸਾਰਾ ਕੁਛ ਆਉਂਦਾ ਈ ਐ? ਮੀਤੀ ਵੀ ਭੁਗਤੂਗੀ...! ਜਿਹੋ ਜਿਹੀ ਕਰਨੀ, ਉਹੋ ਜਿਹੀ ਭਰਨੀ...! ਮੀਤੀ ਵੀ ਦੁੱਧ ਧੋਤੀ ਨਹੀਂ! ਕਿਸੇ ਮਗਰ ਲੱਗ ਕੇ ਆਪ ਦੀ ਜ਼ਿੰਦਗੀ ਖ਼ਰਾਬ ਕਰਨੀ, ਕਿੱਡੀ ਮੂਰਖ਼ਤਾ ਹੈ? ਇਹ ਕਲਯੁੱਗ ਐ, ਹਰਦੇਵ ਸਿਆਂ! ਆਪਦੇ ਬਾਰੇ ਸੋਚ! ਭੱਠ 'ਚ ਪਵੇ ਦੁਨੀਆਂ...! ਪਰ ਮੀਤੀ ਨਾਲ਼ ਜ਼ੁਬਾਨ ਕਰ ਕੇ ਨਰਕਾਂ ਦਾ ਭਾਗੀ ਹੋਵੇਂਗਾ! ਪਰ ਕਿਹੜਾ ਨਰਕ...? ਅੱਗਾ ਕਿਸੇ ਨੇ ਦੇਖਿਐ? ਆਹ ਜੱਗ ਮਿੱਠਾ, ਅਗਲਾ ਕਿਸ ਡਿੱਠਾ? ਕਦੇ ਕਿਸੇ ਨੇ 'ਉਪਰ' ਜਾ ਕੇ ਘਰਦਿਆਂ ਨੂੰ ਟੈਲੀਗਰਾਮ ਕੀਤੀ ਐ? ਬਈ ਮੈਂ ਸਵਰਗਾਂ ਵਿਚ ਰਾਜੀ ਖ਼ੁਸ਼ੀ ਹਾਂ, ਆਪ ਜੀ ਦੀ ਰਾਜੀ ਖ਼ੁਸ਼ੀ ਪ੍ਰਮਾਤਮਾ ਪਾਸੋਂ ਨੇਕ ਚਾਹੁੰਦੇ ਹਾਂ...? ਇਹ ਤਾਂ ਸਭ ਵਹਿਮ ਨੇ...! ਨਿਰੇ ਢੌਂਗ...! ਮਾਨਸਿਕ ਤੌਰ 'ਤੇ ਉਲਝਾਏ ਲੋਕ! ਜਦੋਂ ਕਿਸੇ ਨੇ ਅੱਗਾ ਦੇਖਿਆ ਹੀ ਨਹੀਂ, ਬੰਦਾ ਕਿਵੇਂ ਹਿੱਕ ਥਾਪੜ ਕੇ ਹਾਂਮੀ ਭਰ ਸਕਦੈ, ਬਈ ਅੱਗੇ ਸਵਰਗ ਐ, ਜਾਂ ਨਰਕ ਐ? ਕਾਮਰੇਡ ਤਾਂ ਆਖਦੇ ਐ ਕਿ ਬੰਦਾ ਮਰਿਆ, ਕੰਮ ਖਤਮ! ਕੋਈ ਅੱਗਾ ਨਹੀਂ, ਪਿੱਛਾ ਨਹੀਂ, ਕਹਾਣੀ ਖ਼ਤਮ! ਕੀਹਦੀ ਗੱਲ ਮੰਨੀਏ? ਕਾਮਰੇਡਾਂ ਦੀ ਜਾਂ ਸਾਧਾਂ ਸੰਤਾਂ ਦੀ...? ਰੱਬ ਨੂੰ ਤਾਂ ਕੋਈ ਵੀ ਨਹੀਂ ਮਿਲ਼ ਕੇ ਆਇਆ...?

ਪਰ ਬਾਪੂ ਨੂੰ ਕੀ ਜਵਾਬ ਦੇਵੇਂਗਾ? ਬਾਪੂ ਨੇ ਵੀ ਆਪਣੇ ਮਿੱਤਰਾਂ ਦੋਸਤਾਂ ਸਾਹਮਣੇਂ ਮੀਤੀ ਨੂੰ ਧੋਖਾ ਨਾ ਦੇਣ ਦਾ ਪ੍ਰਣ ਕੀਤਾ ਸੀ? ਪਰ ਬਾਪੂ, ਮੇਰਾ ਬਾਪੂ ਐ ਜਾਂ ਮੀਤੀ ਦਾ? ਉਹਨੇ ਮੇਰੀ ਗੱਲ ਮੰਨਣੀਂ ਐਂ ਕਿ ਮੀਤੀ ਦੀ? ਉਹਨੂੰ ਮੈਂ ਪੈਸੇ ਭੇਜਦੈਂ ਜਾਂ ਮੀਤੀ? ਤੇ ਬਾਪੂ ਦੇ ਮਿੱਤਰ ਕੀ ਆਖਣਗੇ...? ਜਿਹਨਾਂ ਮੂਹਰੇ ਉਸ ਨੇ ਮੀਤੀ ਨਾਲ ਮੇਰਾ ਧੁਰ ਤੱਕ ਨਿਭਣ ਦਾ ਵਾਅਦਾ ਕੀਤਾ ਸੀ? ਉਸ ਵਾਅਦੇ ਦਾ ਕੀ ਬਣੂੰ? ਬਾਪੂ ਦੀ ਤਾਂ ਸੱਥ 'ਚ ਬੇਇੱਜ਼ਤੀ ਹੋਊ...! ਲੋਕ ਥੂਹ-ਥੂਹ ਕਰਨਗੇ! ਪਰ ਹਰਦੇਵ ਸਿਆਂ! ਸਭ ਮਿੱਤਰ ਦੋਸਤ, ਸਿਰ ਖੜ੍ਹੇ ਦੇ ਖ਼ਾਲਸੇ ਐ! ਚਾਰ ਬੋਤਲਾਂ ਦਾਰੂ ਦੀਆਂ ਤੇ ਚਾਰ ਮੁਰਗੇ, ਮਿੱਤਰ, ਦੋਸਤ ਜਾਂ ਵਾਅਦੇ ਤਾਂ ਕੁੱਕੜਾਂ ਦੀਆਂ ਟੰਗਾਂ 'ਚ ਈ ਮੂਧੇ ਵੱਜ ਜਾਣਗੇ! ਤੇਰੇ ਕੋਲ਼ੇ ਪੈਸੈ! ਤੂੰ ਦੇਖ ਤਾਂ ਸਹੀ ਰੰਗ ਪੈਸੇ ਦੇ...! ਕੌੜ ਕੁੱਤੇ ਨੂੰ ਵੀ ਮਾਸ ਦੀ ਬੋਟੀ ਅੱਗੇ ਸੁੱਟ ਦਿਓ, ਉਹ ਵੀ ਪੂਛ ਮਾਰਨ ਲੱਗ ਪੈਂਦੈ! ਪੈਸਾ ਕੀ ਨਹੀਂ ਕਰਦਾ...? ਨਾਲ਼ੇ ਬਾਪੂ ਦੇ ਮਿੱਤਰ ਤਾਂ ਹੈ ਹੀ ਕੌਲੀ ਚੱਟ! ਜਦੋਂ ਬੋਟੀ ਅੱਗੇ ਸੁੱਟੀ, ਪੈਰ ਚੱਟਣ ਲੱਗ ਜਾਣਗੇ! ਤੇ ਨਾਲ਼ੇ ਹਿਲਾਉਣਗੇ ਪੂਛ...! ਦੇਖ ਲਵੀਂ, ਜਦੋਂ ਦੋ ਦਿਨ ਖੁੱਲ੍ਹੀ ਡੁੱਲ੍ਹੀ ਦਾਰੂ ਤੇ ਸੈਂਖੀਆਂ ਦੀ ਬਾਟੀ ਵਰਤਾਈ, ਅਗਲੇ ਬੋਲੀ ਈ ਕੋਈ ਹੋਰ ਬੋਲਣ ਲੱਗ ਪੈਣਗੇ! ਜਿਵੇਂ ਤੋਤਾ ਬੰਦੇ ਕੋਲ਼ੇ ਰਹਿਕੇ "ਗੰਗਾ ਰਾਮ ਚੂਰੀ ਖਾਣੀ ਐਂ" ਰਟਣ ਲੱਗ ਪੈਂਦੈ! ਪੈਸਾ ਬੰਦੇ ਨੂੰ ਡਾਕੂ ਤੋਂ ਮੰਤਰੀ ਬਣਾ ਦੇਵੇ? ਤੂੰ ਗੱਲਾਂ ਕਾਹਦੀਆਂ ਸੋਚੀ ਜਾਨੈਂ...? ਦਿਲ ਕੱਢ ਤੇ ਇੰਡੀਆ ਤੋਂ ਕੋਈ ਲਵੀ ਜਿਹੀ ਨੱਢੀ ਵਿਆਹ ਕੇ ਲਿਆ...! ਐਸ਼ ਕਰ...! ਪੂਛ ਚੱਕ ਚੱਕ ਕੇ ਮੋਕ ਨਾ ਮਾਰ! ਤੂੰ ਜੱਟ ਦਾ ਪੁੱਤ ਐਂ...! ਇਹ ਜੁਆਨੀ ਚਾਰ ਦਿਹਾੜੇ ਐ! ਜਦੋਂ ਨਿਕਲ਼ ਗਈ, ਪਿੱਠ 'ਤੇ ਹੱਥ ਧਰ ਕੇ ਉਠਿਆ ਕਰੇਂਗਾ! ਜਿਵੇਂ ਠਰਕੀ ਬੰਦੇ ਬੋਲੀ ਪਾਉਂਦੇ ਹੁੰਦੇ ਐ, ਤੇਰੀ ਸਾਰ ਨਾ ਕਿਸੇ ਨੇ ਲੈਣੀ, ਬੁੱਢੀ ਹੋਈ ਤਰਸੇਂਗੀ...! ਕੁਛ ਕਰ...! ਮਸਾਲਿਆਂ 'ਚ ਤੇਲ ਈ ਨਾ ਫੂਕੀ ਜਾਹ! ਰੂੜੀਆਂ ਵਿਚ ਖੁਰ-ਵੱਢ ਹੀ ਨਾ ਕਰੀ ਚੱਲ!

ਉਸ ਦਾ ਮਨ ਅਤੇ ਜ਼ਮੀਰ ਉਸ ਨੂੰ ਹੁੱਝਾਂ ਮਾਰੀ ਜਾ ਰਹੇ ਸਨ!

ਹਰਦੇਵ ਨੇ ਬਾਪੂ ਨੂੰ ਵੀ ਮੀਤੀ ਦੇ ਖ਼ਿਲਾਫ਼ ਤੁੱਖਣਾਂ ਦੇਣੀ ਸ਼ੁਰੂ ਕਰ ਦਿੱਤੀ। ਬਾਪੂ ਵੀ ਹਰਦੇਵ ਦੀ 'ਹਾਂ' ਵਿਚ ਹੀ ਹਾਂ ਮਿਲਾਉਣ ਲੱਗ ਪਿਆ। ਪੈੜ ਵਿਚ ਪੈਰ ਧਰਨ ਲੱਗ ਪਿਆ। ਬਾਪੂ ਦੀ ਤਾਂ ਉਹ ਗੱਲ ਹੋ ਗਈ ਸੀ ਕਿ ਮਜ੍ਹਬੀ ਜਾਣ ਲੱਗੇ ਬੀਕਾਨੇਰ ਨੂੰ ਮਕਾਣ। ਬਠਿੰਡੇ ਤੋਂ ਉਹਨਾਂ ਨੇ ਰੇਲ ਗੱਡੀ 'ਤੇ ਜਾਣਾ ਸੀ। ਜਦੋਂ ਜਾ ਕੇ ਦੇਖਿਆ, ਤਾਂ ਬੀਕਾਨੇਰ ਨੂੰ ਜਾਂਦੇ ਹੀ ਸਿਰਫ਼ ਦੋ ਡੱਬੇ ਸਨ। ਦੋਨੋਂ ਡੱਬੇ ਸਵਾਰੀਆਂ ਨਾਲ਼ ਭਰੇ ਹੋਏ! ਤੇ ਇਕ ਅਣਜਾਣ ਜਿਹਾ ਮਜ੍ਹਬੀ ਵਿਚਾਰਾ ਡੱਬਿਆਂ ਦੇ ਜੋੜ 'ਤੇ ਜਾ ਕੇ, ਦੋਨੇਂ ਲੱਤਾਂ ਲਮਕਾ ਕੇ ਬੈਠ ਗਿਆ। ਕਹਿੰਦਾ, ਆਜੋ...! ਜਗਾਹ ਬਥੇਰੀ ਐ...! ਬਾਪੂ ਨੇ ਤਾਂ ਪੁੱਤ ਦੀ ਹਮਾਇਤ ਹੀ ਕਰਨੀ ਸੀ? ਬਾਪੂ ਤਾਂ ਆਪ ਆਖਣ ਲੱਗ ਪਿਆ ਸੀ, ਤੂੰ ਚੁੱਪ ਕਰਕੇ ਸਾਡੇ ਕੋਲ਼ੇ ਆਜਾ! ਤੂੰ ਇਹਤੋਂ ਚਗਲ਼ ਤੋਂ ਕੀ ਲੈਣੈਂ? ਤੈਨੂੰ ਕੁੜੀਆਂ ਦਾ ਘਾਟੈ? ਕੁੜੀਆਂ ਦੀ 'ਲੈਣ' ਲਾ ਦਿਆਂਗੇ! ਤੇਰੀ ਪੱਕੀ ਮੋਹਰ ਲੱਗ ਈ ਗਈ ਐ! ਤੂੰ ਹੁਣ ਜਰੂਰੀ ਇਹਦੀਆਂ ਲਾਲ਼ਾਂ ਚੱਟਣੀਐਂ? ਬਾਪੂ ਦੀ ਗੱਲ ਸੁਣ ਕੇ ਹਰਦੇਵ ਸ਼ੇਰ ਹੋ ਗਿਆ। ਉਹ ਤਾਂ ਜਿਹੜਾ ਮਾੜਾ ਮੋਟਾ ਡਰਦਾ ਸੀ, ਬਾਪੂ ਤੋਂ ਹੀ ਡਰਦਾ ਸੀ! ਹੁਣ ਉਸ ਨੂੰ ਕੋਈ ਡਰ-ਭੈਅ ਨਹੀਂ ਸੀ! ਕਿਸੇ ਨੂੰ ਡੱਕਾ ਦਬਾਲ਼ ਨਹੀਂ ਸੀ!

ਉਸ ਨੇ ਬਿਨਾ ਗੱਲੋਂ ਮੀਤੀ ਨਾਲ਼ ਜ਼ਿਆਦਤੀਆਂ ਸ਼ੁਰੂ ਕਰ ਦਿੱਤੀਆਂ। ਪੁਰਾਣੀਆਂ ਗੱਲਾਂ ਕਬਰਾਂ ਵਿਚੋਂ ਕੱਢ

ਲਈਆਂ ਅਤੇ ਉਸ ਨੂੰ ਮਿਹਣੇ ਦੇਣੇ ਸ਼ੁਰੂ ਕਰ ਦਿੱਤੇ।

-"ਜਦੋਂ ਤੂੰ ਕੰਮ 'ਤੇ ਜਾਂਦੀ ਸੀ? ਮੈਂ ਦਾਲ਼ ਸਬਜੀ ਬਣਾਉਂਦਾ ਸੀ ਕਿ ਨਹੀਂ ਸੀ ਬਣਾਉਂਦਾ?"

-"ਤੇ ਮੈਂ ਕਦੋਂ ਕਹਿੰਨੀ ਐਂ ਬਈ ਨਹੀਂ ਸੀ ਬਣਾਉਂਦੇ?" ਮੀਤੀ ਨਿਰਦੋਸ਼ ਸੀ। ਉਸ ਨੇ ਤਾਂ ਕੁਝ ਕਿਹਾ ਹੀ ਨਹੀਂ ਸੀ।

-"ਤੇ ਤੂੰ ਮੈਨੂੰ ਚੌਂਕੀਦਾਰ ਈ ਸਮਝਦੀ ਸੀ?" ਉਹ ਬਗੈਰ ਮਤਲਬ ਤੋਂ ਅੱਗਾ ਵਗਲ਼ਦਾ ਆ ਰਿਹਾ ਸੀ।

-"ਮੈਂ ਤੁਹਾਨੂੰ ਕਿਹਾ ਵੀ ਕਦੋਂ ਸੀ ਕਿ ਦਾਲ਼ ਜਾਂ ਸਬਜ਼ੀ ਬਣਾਓ? ਉਹ ਤਾਂ ਤੁਸੀਂ ਆਪ ਈ, ਆਬਦੀ ਖ਼ੁਸ਼ੀ ਨਾਲ ਈ ਬਣਾਉਂਦੇ ਸੀ?"

-"ਤੇ ਤੂੰ ਕਹਿ ਨ੍ਹੀ ਸੀ ਸਕਦੀ ਬਈ ਇਹ ਕੰਮ ਨਾ ਕਰਿਆ ਕਰ? ਤੂੰ ਤਾਂ ਮੈਨੂੰ ਸਮਝ ਲਿਆ ਸੀ, ਸੇਵਾਦਾਰ!"

-"ਹੁਣ ਤੁਸੀਂ ਮੈਨੂੰ ਕਹਿਣਾ ਕੀ ਚਾਹੁੰਦੇ ਹੋ?" ਉਸ ਨੇ ਸਿੱਕੇ ਦਾ ਇਕ ਪਾਸਾ ਹੀ ਦੇਖਣਾ ਚਾਹਿਆ। ਉਸ ਦੇ ਮਨ ਤੋਂ ਤਾਂ ਪਹਿਲੇ ਟੱਬਰ ਦਾ ਕਲੇਸ਼ ਨਹੀਂ ਉਤਰਿਆ ਸੀ? ਹੁਣ ਨਵਾਂ ਕਲੇਸ਼ ਮੱਲੋਮੱਲੀ ਉਸ ਦੇ ਸੱਪ ਬਣ ਗਲ਼ ਪੈ ਰਿਹਾ ਸੀ।

-"ਮੈਂ ਚਾਹੁੰਨੈਂ ਤਲਾਕ!" ਉਸ ਨੇ ਇਕ ਵਿਚ ਹੀ ਨਬੇੜ ਧਰੀ।

ਮੀਤੀ ਸਤੰਭ ਰਹਿ ਗਈ। ਹਰਦੇਵ ਬਿਨਾ ਕਿਸੇ ਗਲਤੀ ਦੇ, ਬਿਨਾ ਕਿਸੇ ਕਾਰਨ ਦੇ ਤਲਾਕ ਮੰਗ ਰਿਹਾ ਸੀ?

-"ਮੈਂ ਤੁਹਾਨੂੰ ਕਹਿ ਵੀ ਕੀ ਦਿੱਤਾ? ਕੀ ਗਲਤੀ ਕਰ ਦਿੱਤੀ? ਜਿਸ ਕਰਕੇ ਤੁਸੀਂ ਤਲਾਕ ਮੰਗਦੇ ਹੋ?" ਉਸ ਨੇ ਗੱਲ ਹੱਥ ਵਿਚ ਲੈ ਕੇ ਸਾਂਭਣ ਦੀ ਕੋਸ਼ਿਸ਼ ਕੀਤੀ।

-"ਤੂੰ ਮੈਨੂੰ ਕਹੇਂਗੀ ਵੀ ਕੀ...? ਹੈ ਹਿੰਮਤ ਕੁਛ ਆਖਣ ਦੀ? ਮੈਂ ਤੇਰੇ ਪਹਿਲੇ ਖਸਮ ਅਰਗਾ ਬੇਵਕੂਫ਼ ਨ੍ਹੀ! ਬਈ ਤੂੰ ਅੱਠ ਅੱਠ ਹਜ਼ਾਰ ਨੂੰ ਲਾਂਬੂ ਲਾਈ ਜਾਵੇਂਗੀ-ਤੇ ਮੈਂ ਬੁੱਤ ਬਣਿਆਂ ਦੇਖੀ ਜਾਊਂ! ਮੈਂ ਤਾਂ ਲਿਆਦੂੰ 'ਨ੍ਹੇਰੀ...!"

-"......।" ਮੀਤੀ ਦੇ ਮਨ ਵਿਚ ਆਇਆ ਕਿ ਹਰਦੇਵ ਨੂੰ ਕਿਸੇ ਨੇ ਮੇਰੀ ਪੁਰਾਣੀ ਗੱਲ ਦੱਸ ਦਿੱਤੀ ਹੈ ਅਤੇ ਹੋ ਸਕਦੈ ਇਸ ਨੂੰ ਇਹ ਗੱਲ ਮੇਰੇ ਪਹਿਲੇ ਪਤੀ ਨੇ ਹੀ ਦੱਸੀ ਹੋਵੇ...? ਬਿਲਡਰ ਦਾ ਕੰਮ ਹੀ, ਘਰ ਘਰ ਜਾ ਕੇ ਕੰਮ ਕਰਨਾ ਹੈ! ਨਿੱਤ ਨਵੀਂ ਦੁਨੀਆਂ ਮਿਲ਼ਦੀ ਹੈ। ਸਦਾ ਦਿਵਾਲ਼ੀ ਸਾਧ ਦੀ ਤੇ ਚੋਰਾਂ ਦੀਆਂ ਰਾਤਾਂ! ਪਤਾ ਨਹੀਂ ਇਸ ਨੂੰ ਵੀ ਮੇਰਾ ਪਤੀ ਜਾਂ ਉਸ ਦੇ ਪ੍ਰੀਵਾਰ ਦਾ ਕੋਈ ਜੀਅ ਮਿਲ਼ ਪਿਆ ਹੋਵੇ? ਉਹ ਪ੍ਰੀਵਾਰ ਤਾਂ ਮੇਰੇ ਨਾਲ਼ ਪਹਿਲਾਂ ਹੀ ਰੰਜਿਸ਼ ਰੱਖਦਾ ਹੈ! ਉਸ ਪ੍ਰੀਵਾਰ ਨੇ ਮੇਰੇ ਨਾਲ਼ ਵਫ਼ਾ ਕਦੋਂ ਕੀਤੀ? ਉਸ ਪ੍ਰੀਵਾਰ ਨੇ ਤਾਂ ਆਪਣੀ ਪੁਰਾਣੀ ਖੁੰਧਕ ਕੱਢਣ ਵਾਸਤੇ ਇਕ ਦੀਆਂ ਸੌ ਜੋੜ ਕੇ ਦੱਸੀਆਂ ਹੋਣਗੀਆਂ। ਪਰ ਮੀਤੀ ਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ। ਉਹ ਸੋਚ ਰਹੀ ਸੀ ਕਿ ਮੇਰਾ ਘਰ ਵਸਦਾ ਰਹਿ ਜਾਵੇ! ਉਹ ਮਾਨਸਿਕ ਤੌਰ 'ਤੇ ਕਿਸੇ ਨਾਲ਼ ਹੱਥ ਕੱਢ ਕੇ ਲੜਨ ਦੀ ਸਮਰੱਥਾ ਨਹੀਂ ਰੱਖਦੀ ਸੀ। ਇਕ ਤਰ੍ਹਾਂ ਨਾਲ਼ ਮਾਨਸਿਕ ਤੌਰ 'ਤੇ ਨਿਰਬਲ ਸੀ! ਅਤੰਤ ਸੀ!

-"ਨਾ ਹੁਣ ਬੋਲਦੀ ਨ੍ਹੀ...? ਸੱਪ ਸੁੰਘ ਗਿਆ...? ਤੂੰ ਮੈਨੂੰ ਫ਼ੁੱਦੂ ਈ ਸਮਝਦੀ ਐਂ...? ਮੈਂ ਘਾਟ ਘਾਟ ਦਾ ਪਾਣੀ ਪੀਤੈ!" ਹਰਦੇਵ ਬੋਲਦਾ ਗਿਆ। ਪਰ ਮੀਤੀ ਚੁੱਪ ਰਹੀ। ਉਸ ਨੇ ਬੋਲ ਕੇ ਕਿਹੜਾ ਕੁਝ ਜਿੱਤਣਾ ਸੀ? ਬੋਲਣ ਵਿਚ ਫ਼ਾਇਦਾ ਹੀ ਕੀ ਸੀ? ਆਪਣੇ ਘਰੇ ਸਿਰਫ਼ ਅਤੇ ਸਿਰਫ਼ ਝੱਜੂ ਹੀ ਪੈਣਾ ਸੀ ਅਤੇ ਲੋਕਾਂ ਨੇ ਤਮਾਸ਼ਾ ਦੇਖਣਾ ਸੀ। ਤਮਾਸ਼ਾ ਤਾਂ ਉਹ ਪਹਿਲਾਂ ਹੀ ਬਹੁਤ ਬਣ ਚੁੱਕੀ ਸੀ। ਉਸ ਨੇ ਇਹ ਘੋਰ ਗ਼ਲਤੀ ਕਰ ਲਈ ਸੀ ਕਿ ਉਹ ਆਪਣੇ ਇਸ ਸਹੁਰਿਆਂ ਦੇ ਸ਼ਹਿਰ ਹੀ ਆ ਵਸੀ ਸੀ! ਪਰ ਜਾਂਦੀ ਵੀ ਕਿੱਥੇ? ਇੰਗਲੈਂਡ ਵਿਚ ਤਾਂ ਸਕੇ ਸੋਧਰੇ ਮੁੱਖ ਮੋੜ ਜਾਂਦੇ ਨੇ! ਇੱਥੇ ਤਾਂ ਕੋਈ ਮਰਦੇ ਦਾ ਹਾਲ ਚਾਲ ਪੁੱਛਣ ਨਹੀਂ ਆਉਂਦਾ! ਹੋਰ ਮੱਦਦ ਤਾਂ ਕਿਸੇ ਨੇ ਕੀ ਕਰਨੀ ਸੀ?

ਹਰਦੇਵ ਕਈ ਦਿਨ ਕਲੇਸ਼ ਕਰਦਾ ਰਿਹਾ। ਮੀਤੀ ਚੁੱਪ ਹੀ ਰਹਿੰਦੀ। ਲੜਨ ਦੀ ਉਸ ਵਿਚ ਹਿੰਮਤ ਨਹੀਂ ਸੀ। ਹਰਦੇਵ ਇਸ ਗੱਲ ਤੋਂ ਖਿਝ ਗਿਆ ਕਿ ਮੀਤੀ ਮੇਰੀ ਗੱਲ ਦਾ ਜਵਾਬ ਕਿਉਂ ਨਹੀਂ ਦਿੰਦੀ ਸੀ? ਉਸ ਨੂੰ ਹੋਰ

ਤਾਂ ਕੁਝ ਸੁੱਝਿਆ ਨਾ, ਉਸ ਨੇ ਕਿਸੇ ਵਕੀਲ ਰਾਹੀਂ ਤਲਾਕ ਦੇ ਕਾਗਜ਼ ਭਿਜਵਾ ਦਿੱਤੇ।

ਮੀਤੀ ਦੀਆਂ ਸੱਤੇ ਮਾਰੀਆਂ ਗਈਆਂ ਕਿ ਹਰਦੇਵ ਤਾਂ ਵਾਕਿਆ ਹੀ ਤਲਾਕ ਲੈਣ ਲਈ ਮੁੱਠੀਆਂ ਵਿਚ ਥੁੱਕੀ ਫਿਰਦਾ ਸੀ। ਮੀਤੀ ਨੇ ਬੈਠ ਕੇ ਫਿਰ ਹਰਦੇਵ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

-"ਮੈਂ ਤੇਰੇ ਬੁੜ੍ਹੀ ਨਾਲ਼ ਰਹੂੰਗਾ...?" ਉਸ ਨੇ ਮੂੰਹ ਪਾੜ ਕੇ ਕਿਹਾ ਤਾਂ ਮੀਤੀ ਸੁੰਨ ਹੋ ਗਈ ਅਤੇ ਉਸ ਦੇ ਸਿਰ ਨੂੰ ਵੀ ਫ਼ਤੂਰ ਚੜ੍ਹ ਗਿਆ। ਅਕਸਰ ਉਹ ਵੀ ਹੱਡ ਮਾਸ ਦੀ ਬਣੀ, ਇਕ ਇਨਸਾਨ ਸੀ। ਕੋਈ ਬ੍ਰਹਮ ਗਿਆਨੀ ਤਾਂ ਹੈ ਨਹੀਂ ਸੀ?

-"ਤੁਸੀਂ ਉਦੋਂ ਮੇਰੇ ਨਾਲ਼ ਕਾਰਮਿਆਂ ਨ੍ਹੀਂ ਸੀ? ਬਈ ਮੈਂ ਅਖੀਰ ਤੱਕ ਤੇਰੇ ਨਾਲ਼ ਰਹੂੰਗਾ?"

-"ਸਮੇਂ ਸਮੇਂ ਦੀਆਂ ਗੱਲਾਂ ਹੁੰਦੀਐਂ, ਮੀਤੀ! ਬਿਨਾ ਜੁਆਕਾਂ ਦੇ, ਬੁੜ੍ਹਾਪਾ ਕਦੋਂ ਨਿਕਲ਼ਿਆ...?" ਹਰਦੇਵ ਵੀ ਕੁਝ ਸ਼ਾਂਤ ਹੋ ਗਿਆ। ਉਸ ਨੂੰ ਕਦਾਚਿੱਤ ਉਮੀਦ ਨਹੀਂ ਸੀ ਕਿ ਮੀਤੀ ਇਹ ਗੱਲ ਉਖੜੀ ਕੁਹਾੜੀ ਵਾਂਗ ਉਸ ਦੇ ਕਪਾਲ਼ 'ਚ ਮਾਰੇਗੀ? ਪਰ ਸਤਿਆ ਅਤੇ ਦੁਖੀ ਬੰਦਾ ਵੀ ਅਕਸਰ ਕੀ ਕਰੇ?

-"ਤੁਹਾਡੇ ਨਾਲ਼ ਤੇ ਬਾਪੂ ਜੀ ਨਾਲ਼ ਮੈਂ ਬੈਠ ਕੇ, ਤਾਂ ਹੀ ਸਿੱਧੀ ਸਪੱਸ਼ਟ ਗੱਲ ਕੀਤੀ ਸੀ ਕਿ ਕੱਲ੍ਹ ਨੂੰ ਮੈਨੂੰ ਕੋਈ ਬਾਂਝ ਹੋਣ ਦਾ ਮਿਹਣਾ ਨਾ ਮਾਰੇ-ਤੇ ਉਹ ਹੀ ਗੱਲ ਮੇਰੇ ਸਾਹਮਣੇ ਆ ਗਈ! ਮੈਨੂੰ ਤਾਂ ਇੰਗਲੈਂਡ ਦੇ ਸਰਾਪੇ ਪਾਣੀ ਦਾ ਪਹਿਲਾਂ ਹੀ ਪਤਾ ਸੀ-ਵਿਆਹ ਮੈਂ ਇਸੇ ਕਰਕੇ ਈ ਨ੍ਹੀ ਕਰਵਾਉਂਦੀ ਸੀ-ਬਈ ਕੱਲ੍ਹ ਨੂੰ ਇਹ ਗੱਲਾਂ ਫਿਰ ਮੇਰੇ ਸਾਹਮਣੇ ਸੱਪ ਬਣ ਬਣ ਡਿੱਗਣਗੀਆਂ-ਜੇ ਮੈਂ ਕੋਈ ਲਕੋ ਰੱਖਿਆ ਸੀ-ਕੋਈ ਗੱਲ ਤੁਹਾਡੇ ਤੋਂ, ਜਾਂ ਬਾਪੂ ਜੀ ਤੋਂ ਛੁਪਾਈ ਸੀ-ਤਾਂ ਤੁਸੀਂ ਮੇਰੀ ਝੋਲ਼ੀ 'ਚ ਪਾਓ! ਦੱਸੀ ਸੀ ਨ੍ਹਾ ਸਾਰੀ ਗੱਲ ਥੋਨੂੰ ਮੈਂ ਖੋਲ੍ਹ ਕੇ...?"

-"......।" ਹਰਦੇਵ ਦੀ ਬੋਲਤੀ ਬੰਦ ਹੋ ਗਈ। ਝੂਠਾ ਬੰਦਾ ਬੋਲੇ ਤਾਂ ਕੀ ਬੋਲੇ? ਸਾਰੀਆਂ ਗੱਲਾਂ ਮੀਤੀ ਨੇ ਚਾਦਰ ਵਾਂਗ ਤਾਂ ਅੱਗੇ ਵਿਛਾਅ ਧਰੀਆਂ ਸਨ। ਹੁਣ ਹਰਦੇਵ ਮੀਤੀ ਨੂੰ ਕਿਸੇ ਗੱਲੋਂ ਵੀ ਝੂਠੀ ਸਾਬਤ ਨਹੀਂ ਕਰ ਸਕਦਾ ਸੀ।

-"ਹੁਣ ਸਿਰਫ਼ ਤੇ ਸਿਰਫ਼ ਗੱਲ ਇਹ ਐ, ਹਰਦੇਵ! ਬਈ ਤੁਹਾਡੀ ਲੱਗ ਗਈ ਐ ਪੱਕੀ ਮੋਹਰ! ਹੁਣ ਤੁਹਾਨੂੰ ਮੈਂ ਬੁੜ੍ਹੀ ਤੇ ਹੋਰ ਪਤਾ ਨ੍ਹੀ ਹੋਰ ਕੀ ਕੀ ਲੱਗਣ ਲੱਗ ਪਈ? ਬਾਂਝ ਤਾਂ ਮੈਂ ਪਹਿਲਾਂ ਹੀ ਸੀ! ਇਸ ਵਿਚ ਤੁਹਾਡਾ ਕਸੂਰ ਕੋਈ ਨਹੀਂ! ਇਹ ਕਸੂਰ ਸਰਾਸਰ ਵਲੈਤ ਦੀ ਧਰਤੀ, ਤੇ ਐਥੋਂ ਦੇ ਪਾਣੀ ਦਾ ਐ! ਇਸ 'ਚ ਨਾ ਕਸੂਰ ਥੋਡਾ ਤੇ ਨਾ ਕਸੂਰ ਮੇਰਾ।" ਮੀਤੀ ਹਾਉਕਾ ਭਰ ਕੇ ਚੁੱਪ ਹੋ ਗਈ।

-"......।" ਹਰਦੇਵ ਵੀ ਚੁੱਪ ਸੀ।

-"ਹੁਣ ਮੇਰੇ ਮਨ 'ਤੇ ਐਨਾ ਬੋਝ ਜਾਂ ਦੁੱਖ ਨਹੀਂ-ਜਿੰਨਾ ਮੈਨੂੰ ਜਿਉਂਦੇ ਪਿਉ ਵੇਲੇ ਸੀ-ਮੈਂ ਸੋਚਦੀ ਸੀ ਬਈ ਜੇ ਆਹ ਗੱਲ ਹੋ ਗਈ-ਜੇ ਆਹ ਗੱਲ ਸੁਣ ਲਈ-ਬਾਪੂ ਜੀ ਦਾ ਦਿਲ ਦੁਖੀ ਹੋਊ! ਪਰ ਮੇਰਾ ਹੁਣ ਹੈ ਵੀ ਕੌਣ...? ਜਿਹੜਾ ਮੇਰੀ ਗੱਲ ਸੁਣ ਕੇ ਦੁਖੀ ਹੋਊ? ਕੋਈ ਵੀ ਤਾਂ ਨਹੀਂ...! ਮਾਸੀ ਐ ਬਿਚਾਰੀ-ਉਹਨੂੰ ਮੇਰੇ ਬਾਰੇ ਪਤਾ ਈ ਐ ਬਈ ਮੈਂ ਜਿਸ ਦਿਨ ਮਰਨੈਂ-ਭੁੱਜ ਕੇ ਈ ਮਰਨੈਂ! ਉਹਦੀ ਮੈਨੂੰ ਕੋਈ ਚਿੰਤਾ ਨਹੀਂ-ਅਗਰ ਤੁਸੀਂ ਮੇਰੇ ਕੋਲ਼ੋਂ ਤਲਾਕ ਚਾਹੁੰਦੇ ਹੀ ਹੋ-ਤਾਂ ਮੈਂ ਐਹਨਾਂ ਕਾਗਜ਼ਾਂ 'ਤੇ ਦਸਖ਼ਤ ਕਰ ਦਿੰਨੀ ਐਂ-ਪਰ ਇਕ ਗੱਲ ਯਾਦ ਰੱਖਿਓ...! ਕਿਸੇ ਦੁਖੀ ਨੂੰ ਬਿਨਾ ਗੱਲੋਂ ਦੁਖੀ ਕਰਨ ਵਾਲ਼ਾ-ਇਕ ਦਿਨ ਆਪ ਉਸ ਰਾਹ 'ਤੇ ਆ ਖੜ੍ਹਦੈ! ਬੰਦਾ ਦੁਨਿਆਵੀ ਅਦਾਲਤ ਤੋਂ ਬਚ ਜਾਵੇ-ਸੌ ਵਾਰੀ ਬਚ ਜਾਵੇ! ਪਰ ਔਸ ਰੱਬ ਦੀ ਅਦਾਲਤ ਵੱਲੋਂ ਕਦੇ ਨ੍ਹੀ ਬਚਦਾ-ਬੰਦੇ ਨੂੰ ਰੱਬ 'ਤੇ ਮੌਤ ਨੂੰ ਜਰੂਰ ਯਾਦ ਰੱਖਣਾ ਚਾਹੀਦੈ! ਅਜੇ ਤਾਂ ਮੌਤ ਆਉਂਦੀ ਹੀ ਚੁੱਪ ਚਾਪ ਐ-ਚੁੱਪ ਚਾਪ ਆਉਂਦੀ ਕਰਕੇ ਵੀ ਲੋਕ ਚੀਕਦੇ ਐ-ਜੇ ਕਿਤੇ ਗਰਜਦੀ ਆਵੇ-ਪਤਾ ਨਹੀਂ ਲੋਕ ਕੀ ਕਰਨ?" ਮੀਤੀ ਨੇ ਹਰਦੇਵ ਦੇ ਵਕੀਲ ਵੱਲੋਂ ਭੇਜੇ ਹੋਏ ਤਲਾਕ ਦੇ ਕਾਗਜ਼ਾਂ 'ਤੇ ਬਿਨਾ ਕਿਸੇ ਝਿਜਕ ਦੇ ਦਸਤਖ਼ਤ ਕਰ ਦਿੱਤੇ।

ਹਰਦੇਵ ਚੁੱਪ ਚਾਪ ਕੰਮ 'ਤੇ ਚਲਾ ਗਿਆ।

ਉਸ ਨੇ ਕਾਗਜ਼ ਵੀ ਨਾ ਚੁੱਕੇ।

ਮੀਤੀ ਵੀ ਸੱਚੀਆਂ ਗੱਲਾਂ ਆਖ ਕੇ ਹੌਲ਼ੀ ਹੋ ਗਈ ਸੀ। ਉਹ ਕਿੰਨੇ ਸਾਲਾਂ ਤੋਂ ਕਦੇ ਕਿਸੇ ਨਾਲ਼ ਨਹੀਂ ਬੋਲੀ ਸੀ। ਕਦੇ ਕਿਸੇ ਦੀ ਮੰਦੀ ਗੱਲ ਦਾ ਵੀ ਉਤਰ ਨਹੀਂ ਦਿੱਤਾ ਸੀ। ਕਦੇ ਆਪਣੇ ਦਿਲ 'ਤੇ ਜੰਮੀ ਦੁੱਖ ਦੀ ਜਿਲਬ ਨਹੀਂ ਲਾਹੀ ਸੀ। ਜਿਹੜਾ, ਜੋ ਕੁਝ ਬੋਲ ਗਿਆ ਸੀ, ਉਸ ਨੇ 'ਸਤਿ' ਕਰਕੇ ਮੰਨ ਲਿਆ ਸੀ। ਕਦੇ ਕਿਸੇ ਨੂੰ ਉਲਟਾ

ਕੇ ਮਿਹਣਾ ਨਹੀਂ ਦਿੱਤਾ ਸੀ। ਪਰ ਅੱਜ ਉਸ ਨੇ ਤਰਦੀਆਂ ਤਰਦੀਆਂ ਗੱਲਾਂ ਹਰਦੇਵ ਨੂੰ ਸੁਣਾ ਦਿੱਤੀਆਂ ਸਨ। ਗੱਲਾਂ ਸੱਚੀਆਂ ਹੀ ਤਾਂ ਸਨ! ਇਸ ਵਿਚ ਝੂਠ ਵੀ ਕੀ ਸੀ? ਸਾਰਾ ਕੁਝ ਤਾਂ ਮੀਤੀ ਨੇ ਹਰਦੇਵ ਨਾਲ਼ ਵਿਆਹ ਤੋਂ ਪਹਿਲਾਂ ਖੋਲ੍ਹ ਲਿਆ ਸੀ। ਸੱਚਾ ਬ੍ਰਿਤਾਂਤ ਸੁਣਾ ਧਰਿਆ ਸੀ। ਜੇ ਅੱਜ ਹਰਦੇਵ ਬਿਨਾ ਕਿਸੇ ਗੱਲੋਂ ਉਸ ਨੂੰ ਤਲਾਕ ਦੇ ਰਿਹਾ ਸੀ, ਤਾਂ ਇਸ ਵਿਚ ਮੀਤੀ ਦਾ ਕੋਈ ਕਸੂਰ ਨਹੀਂ ਸੀ। ਜਦੋਂ ਕਿਸੇ ਦੇ ਨਾ ਵਸਣਾ ਹੋਵੇ, ਤਾਂ ਚੰਗੇ ਭਲੇ ਖਾਂਦੇ ਬੰਦੇ ਦੀ ਦਾਹੜੀ ਹਿੱਲਣ ਲੱਗ ਪੈਂਦੀ ਹੈ!

## ਕਾਂਡ 13

ਦੋ ਦਿਨ ਤੋਂ ਹਰਦੇਵ ਕੰਮ 'ਤੇ ਨਹੀਂ ਆਇਆ ਸੀ।

ਸਰਬਜੀਤ ਦੇਖ ਰਹੀ ਸੀ ਕਿ ਉਸ ਦੇ ਰੱਖੇ ਹੋਏ ਮੁੰਡੇ ਹੀ ਮਾੜਾ ਮੋਟਾ ਕੰਮ ਕਰ ਜਾਂਦੇ ਸਨ। ਪਰ ਹਰਦੇਵ ਨਹੀਂ ਬਹੁੜਿਆ ਸੀ। ਉਸ ਨੇ ਮੁੰਡਿਆਂ ਨੂੰ ਪੁੱਛਿਆ ਤਾਂ ਉਹਨਾਂ ਨੇ ਵੀ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ ਸੀ। ਬੱਸ "ਪਤਾ ਨਹੀਂ ਜੀ!" ਆਖ ਕੇ ਚੁੱਪ ਹੋ ਗਏ ਸਨ। "ਭੈਣ ਜੀ" ਆਖਣ ਤੋਂ ਉਹਨਾਂ ਨੇ ਸੰਕੋਚ ਹੀ ਰੱਖੀ ਸੀ। ਸਰਬਜੀਤ ਉਸ ਦੀ ਉਡੀਕ ਬੜੀ ਬੇਤਾਬੀ ਨਾਲ਼ ਕਰ ਰਹੀ ਸੀ। ਉਸ ਨੇ ਹਰਦੇਵ ਨੂੰ ਫ਼ੋਨ ਕਰਕੇ ਦੇਖਿਆ। ਕੋਈ ਫ਼ੋਨ ਨਹੀਂ ਚੁੱਕ ਰਿਹਾ ਸੀ। ਉਹ ਸੋਚ ਰਹੀ ਸੀ ਕਿ ਹਰਦੇਵ ਕਿੱਧਰ ਚਲਾ ਗਿਆ ਸੀ? ਕੋਈ ਗੱਲ ਨਾ ਬਾਤ...? ਮੈਂ ਤਾਂ ਉਹਦੀ ਐਨੀ ਪੂਛ ਮਰੋੜੀ ਸੀ। ਪਰ ਉਸ ਪਿਉ ਦੇ ਪੁੱਤ ਨੇ ਕੋਈ ਤਰਾਰੇ ਨਹੀਂ ਦਿਖਾਏ ਸਨ। ਉਹ ਤਾਂ ਮੂਤ ਦੀ ਝੱਗ ਵਾਂਗ ਬੈਠ ਗਿਆ ਸੀ! ਇਹ ਵੀ ਕੋਈ ਬੰਦੈ...? ਜੱਟ ਦਾ ਪੁੱਤ ਹੁੰਦਾ ਹੁਣ ਨੂੰ ਘੁਕਾਹਟ ਪਾ ਦਿੰਦਾ! ਇਹ ਤਾਂ ਖਸਮਾਂ ਨੂੰ ਖਾਣਾ ਨਿਰਾ ਮਿੱਟੀ ਦਾ ਮਾਧੋ ਐ!

ਤੀਜੇ ਦਿਨ ਹਰਦੇਵ ਕੰਮ 'ਤੇ ਆਇਆ।

ਸਰਬਜੀਤ ਨੇ ਖ਼ੁਸ਼ੀ ਮਹਿਸੂਸ ਕੀਤੀ।

-"ਵੇ ਭਰਾਵਾ, ਤੂੰ ਕਿੱਧਰ ਚਲਿਆ ਗਿਆ ਸੀ...?"

-"ਬੱਸ ਭੈਣ ਜੀ, ਊਂਈਂ ਚਿੱਤ ਜਿਆ ਨ੍ਹੀ ਸੀ ਠੀਕ!" ਉਹ ਚੁੱਪ ਰਹਿਣਾ ਹੀ ਬਿਹਤਰ ਸਮਝਦਾ ਸੀ।

ਸਰਬਜੀਤ ਵੀ ਸੋਚ ਰਹੀ ਸੀ ਕਿ ਗੱਲ ਕਿੱਥੋਂ ਸ਼ੁਰੂ ਕੀਤੀ ਜਾਵੇ? ਉਸ ਕੁੱਤੀ ਮੀਤੀ ਨੂੰ ਵਸਣ ਨਹੀਂ ਦੇਣਾ! ਕੀ ਸਮਝੂਗੀ ਬੈਲਣ? ਬਈ ਮੇਰੇ ਭਰਾ ਦਾ ਅੱਠ ਹਜ਼ਾਰ ਪੌਂਡ ਡਕ੍ਹਾਰ ਕੇ ਹੋਰ ਖ਼ਸਮ ਕਰ ਲਿਆਈ...? ਤੇ ਐਸ਼ਾਂ ਕਰਨ ਲੱਗ ਪਈ...? ਇਹ ਬਿਚਾਰਾ ਤਾਂ ਕਿਹੜੇ ਬਾਗ ਦੀ ਮੂਲ਼ੀ ਐ...? ਇਹਦੇ ਵਰਗਿਆਂ ਨੂੰ ਤਾਂ ਉਹ ਲੁੱਚੀ ਵੇਚ ਕੇ ਛਕ ਜਾਵੇ!

-"ਵੇ ਭਰਾਵਾ, ਘਰੇ ਕੋਈ ਕਲੇਸ਼ ਤਾਂ ਨ੍ਹੀ ਪੈ ਗਿਆ...?" ਸਰਬਜੀਤ ਨੇ ਮੂੰਹ ਸੁੰਘਣ ਲਈ ਆਖਿਆ ਤਾਂ ਹਰਦੇਵ ਨੇ ਮੂੰਹ ਉਪਰ ਚੁੱਕਿਆ। ਪਰ ਨੀਵੀਂ ਫਿਰ ਸੁੱਟ ਲਈ। ਉਸ ਦੀਆਂ ਸਰਬਜੀਤ ਨਾਲ਼ ਅੱਖਾਂ ਨਹੀਂ ਮਿਲਦੀਆਂ ਸਨ।

-"ਨਹੀਂ ਭੈਣ ਜੀ, ਕੋਈ ਖ਼ਾਸ ਨ੍ਹੀ...!"

-"ਆਜਾ...! ਅੰਦਰ ਆਜਾ ਮੈਂ ਚਾਹ ਬਣਾਉਨੀ ਐਂ!" ਉਹ ਆਖ ਕੇ ਅੰਦਰ ਚਲੀ ਗਈ।

-"ਜਾਓ ਭਾਅ ਜੀ, ਤੁਸੀਂ ਤਾਂ ਚਾਹ ਪੀਉ...! ਥੋਡੇ ਕਰਮਾਂ 'ਚ ਐ-ਸਾਡੇ ਤਾਂ ਜਿਹੋ ਜਿਹੇ ਕਰਮ ਮਾੜੇ ਹੈਗੇ

ਐ-ਉਹ ਤਾਂ ਦਿਸੀ ਜਾਂਦੇ ਐ!" ਨਾਲ਼ ਦੇ ਭਾਈਬੰਦ ਨੇ ਟਾਂਚ ਕੀਤੀ।

-"ਤੁਸੀਂ ਯਾਰ ਐਮੇ ਬਾਧੂ ਮਗਜਮਾਰੀ ਨਾ ਕਰਿਆ ਕਰੋ...! ਇਕ ਤਾਂ ਬੰਦਾ ਉਂ ਦੁਖੀ ਹੁੰਦੈ-ਤੇ ਇਕ ਤੁਸੀਂ ਦੁਖੀ ਕਰਨ ਆਲ਼ੀ ਕਸਰ ਨ੍ਹੀ ਛੱਡਦੇ! ਥੋਨੂੰ ਤਾਂ ਨਾ ਚੜ੍ਹੀਦੀ, ਤੇ ਨਾ ਲੱਥੀਦੀ! ਥੋਡੇ ਕੋਲ਼ੇ ਤਾਂ ਸਿਰਫ਼ ਇਕ ਗੱਲ ਐ, ਤੀਮੀਂ...!" ਹਰਦੇਵ ਨੇ ਆਖਿਆ। ਉਹ ਅੱਕਿਆ ਪਿਆ ਸੀ। ਉਹ ਇਹਨਾਂ ਗੱਲਾਂ ਨੂੰ ਸੁਣਨ ਦੇ ਮੂਡ ਵਿਚ ਨਹੀਂ ਸੀ। ਉਹ ਪਹਿਲੀ ਵਾਰ ਭਾਈਬੰਦਾਂ ਨੂੰ ਗੁੱਸੇ ਹੋਇਆ ਸੀ। ਸਮੇਂ ਦੀ ਨਜ਼ਾਕਤ ਸਮਝ ਕੇ ਉਹ ਵੀ ਚੁੱਪ ਵੱਟ ਗਏ ਸਨ। ਹਰਦੇਵ ਉਹਨਾਂ ਨੇ ਇਤਨਾ ਕਦੇ ਦੁਖੀ ਜਾਂ ਅੱਕਿਆ ਹੋਇਆ ਨਹੀਂ ਦੇਖਿਆ ਸੀ।

-"ਆਜਾ ਭਰਾਵਾ...! ਚਾਹ ਬਣਗੀ!" ਅੰਦਰੋਂ ਸਰਬਜੀਤ ਨੇ ਹਾਕ ਮਾਰੀ। ਹਰਦੇਵ ਚੁੱਪ ਚਾਪ ਅੰਦਰ ਚਲਾ ਗਿਆ। ਭਾਈਬੰਦ ਆਖਣ ਤਾਂ ਲੱਗਿਆ ਸੀ ਕਿ ਭਾਅ ਜੀ ਚਾਹ ਦੇ ਭੁਲਾਵੇਂ ਕਿਤੇ ਕੁਛ ਹੋਰ ਹੀ ਨਾ ਛਕਣ ਲੱਗ ਪਇਓ! ਪਰ ਉਹ ਹਰਦੇਵ ਨੂੰ ਦੁਖੀ ਦੇਖ ਕੇ ਖ਼ੁਦ ਦੁਖੀ ਹੋ ਗਏ ਸਨ।

ਸਰਬਜੀਤ ਨੇ ਚਾਹ ਬਣਾ ਕੇ ਮੇਜ਼ 'ਤੇ ਰੱਖੀ ਹੋਈ ਸੀ।

-"ਖੰਡ ਭਰਾਵਾ ਜਿੰਨੀ ਕੁ ਪਾਉਣੀਂ ਹੋਈ, ਆਪ ਈ ਪਾ ਲਈਂ!" ਉਹ ਅੰਦਰੋਂ ਕੁਝ ਲੈਣ ਚਲੀ ਗਈ।

ਹਰਦੇਵ ਨੇ ਜ਼ਰੂਰਤ ਮੁਤਾਬਿਕ ਖੰਡ ਪਾ ਲਈ ਅਤੇ ਚਾਹ ਪੀਣ ਲੱਗ ਪਿਆ।

ਸਰਬਜੀਤ ਅੰਦਰੋਂ ਕੋਈ ਕਾਗਜ਼ ਜਿਹਾ ਚੁੱਕੀ ਆਉਂਦੀ ਸੀ।

ਉਸ ਨੇ ਕਾਗਜ਼ ਹਰਦੇਵ ਅੱਗੇ ਰੱਖ ਦਿੱਤਾ।

-"ਜੇ ਤੈਨੂੰ ਨਹੀਂ ਇਤਬਾਰ ਆਉਂਦਾ-ਤਾਂ ਦੇਖ ਲੈ ਭਰਾਵਾ...! ਆਹ ਬੈਂਕ ਸਟੇਟਮੈਂਟ ਐ!" ਉਸ ਨੇ ਆਖਿਆ ਤਾਂ ਹਰਦੇਵ ਨੇ ਬੈਂਕ ਸਟੇਟਮੈਂਟ ਬੜੀ ਗਹੁ ਨਾਲ ਦੇਖੀ। ਜਿਸ ਉਪਰ ਮਨਜੀਤ ਕੌਰ ਅਤੇ ਤਰਨਜੀਤ ਸਿੰਘ ਦਾ ਨਾਂ ਸੀ। ਬੈਂਕ ਸਟੇਟਮੈਂਟ ਮੂੰਹੋਂ ਦੱਸ ਰਹੀ ਸੀ ਕਿ ਇਸ ਸਾਂਝੇ ਅਕਾਊਂਟ ਵਿਚੋਂ ਅੱਠ ਹਜ਼ਾਰ ਪੌਂਡ ਕਢਵਾਇਆ ਗਿਆ ਸੀ। ਅਤੇ ਉਹ ਵੀ ਤਿੰਨ ਮਹੀਨਿਆਂ ਦੇ ਅੰਦਰ-ਅੰਦਰ...!

-"ਮੈਂ ਤਾਂ ਇਹ ਤਾਂ ਮੰਗਵਾਈ ਐ, ਬਈ ਤੂੰ ਇਹ ਨਾ ਸੋਚੇਂ ਬਈ ਸਰਬਜੀਤ ਭੈਣ ਕੁਫ਼ਰ ਈ ਤੋਲੀ ਜਾਂਦੀ

ਐ!"

-"ਇਹ ਤਰਨਜੀਤ ਕੌਣ ਐਂ...?" ਪੜ੍ਹ ਕੇ ਹਰਦੇਵ ਨੇ ਪੁੱਛਿਆ।

-"ਮੇਰਾ ਭਰਾ ਐ...! ਮੀਤੀ ਦਾ ਪਹਿਲਾ ਘਰਆਲ਼ਾ!" ਸੁਣ ਕੇ ਹਰਦੇਵ ਦੁਬਿਧਾ ਜਿਹੀ ਵਿਚ ਫ਼ਸ ਗਿਆ ਕਿ ਜੋ ਗੱਲਾਂ ਸਰਬਜੀਤ ਦੱਸ ਰਹੀ ਸੀ, ਨਾਲ਼ ਦੀ ਨਾਲ਼ ਸਬੂਤ ਵੀ ਪੇਸ਼ ਕਰ ਰਹੀ ਸੀ। ਇਸ ਵਿਚ ਕੀ ਰਾਜ ਹੋ ਸਕਦਾ ਸੀ? ਕੀ ਸੱਚ ਹੀ ਮੀਤੀ ਦਾ ਕੋਈ ਗੁੱਝਾ ਯਾਰ ਤਾਂ ਨਹੀਂ ਰੱਖਿਆ ਹੋਇਆ? ਕਿਉਂਕਿ ਮੀਤੀ ਦੇ ਬਾਪ ਦੇ ਘਰ 'ਤੇ ਤਾਂ ਅੱਠ ਹਜ਼ਾਰ ਪੌਂਡ ਲੱਗਿਆ ਮੈਨੂੰ ਦਿਸਦਾ ਨਹੀਂ! ਕੋਈ ਨਾ ਕੋਈ ਗੱਲ ਤਾਂ ਜ਼ਰੂਰ ਐ! ਇਹ ਅੱਠ ਹਜ਼ਾਰ ਗਿਆ ਕਿੱਥੇ...? ਤੇ ਐਡੀ ਵੱਡੀ ਗੱਲ ਵੀ ਕਿਹੜੀ ਸੀ...? ਜਿਸ ਨੂੰ ਮੀਤੀ ਨੇ ਦੱਸਣਾ ਮਨਾਸਿਬ ਨਹੀਂ ਸਮਝਿਆ ਅਤੇ ਤਲਾਕ ਲੈ ਲਿਆ? ਜ਼ਰੂਰ ਕੋਈ ਰਹੱਸ ਭਰੀ ਗੱਲ ਹੈ! ਕਿਹੜੀ ਗੱਲ ਹੋ ਸਕਦੀ ਹੈ...? ਐਡਾ ਵੱਡਾ ਕਿਹੜਾ ਰਹੱਸ ਹੋ ਸਕਦੈ? ਭਾਰਤੀ ਔਰਤ ਮਰ ਜਾਂਦੀ ਹੈ, ਪਰ ਛੇਤੀ ਕੀਤੇ ਤਲਾਕ ਨਹੀਂ ਕਬੂਲ ਕਰਦੀ। ਤਲਾਕ ਤੋਂ ਬਿਨਾ ਹੋਰ ਹਰ ਸ਼ਰਤ ਮੰਨ ਸਕਦੀ ਹੈ। ਪਰ ਮੀਤੀ ਨੇ ਰਹੱਸ ਛੁਪਾਈ ਰੱਖਿਆ ਅਤੇ ਤਲਾਕ ਲੈ ਲਿਆ, ਕਿਉਂ...? ਐਡੀ ਵੱਡੀ ਉਸ ਦੀ ਕਿਹੜੀ ਮਜਬੂਰੀ ਸੀ? ਮੈਂ ਇਹ ਗੱਲ ਮੀਤੀ ਨੂੰ ਪੁੱਛ ਕੇ ਦੇਖਾਂ? ਸ਼ਾਇਦ ਮੈਨੂੰ ਹੀ ਕੋਈ ਰਹੱਸ ਦੱਸ ਦੇਵੇ? ਫੇਰ ਵੀ ਮੈਂ ਅਕਸਰ ਉਸ ਦਾ ਪਤੀ ਹਾਂ? ਹੋ ਸਕਦੈ ਮੀਤੀ ਦਾ ਪਹਿਲਾ ਪਤੀ ਉਸ ਨੂੰ ਸਰੀਰਕ ਤੌਰ 'ਤੇ ਸੰਤੁਸ਼ਟ ਕਰਨ ਦੇ ਨਾ ਕਾਬਲ ਹੋਵੇ ਅਤੇ ਖਿਝ ਕੇ ਉਸ ਨੇ, ਉਸ ਤੋਂ ਚੋਰੀ ਕੋਈ ਹੋਰ ਖ਼ਸਮ ਬਣਾ ਲਿਆ ਹੋਵੇ? ਜਾਂ ਵਕਤੀ ਤੌਰ 'ਤੇ ਤਨ ਦੀ ਅਗਨ ਸ਼ਾਂਤ ਕਰਨ ਲਈ ਕੋਈ ਯਾਰ ਗੰਢ ਲਿਆ ਹੋਵੇ? ਫਿਰ ਉਹ ਹੀ ਮੀਤੀ ਨੂੰ ਭੋਰ-ਭੋਰ ਖਾਈ ਗਿਆ ਹੋਵੇ ਅਤੇ ਜਾਂ ਫਿਰ ਮੀਤੀ ਨੂੰ ਬਲੈਕਮੇਲ ਕੀਤਾ ਹੋਵੇ...? ਕੋਈ ਨਾ ਕੋਈ ਗੱਲ ਤਾਂ ਜ਼ਰੂਰ ਹੋਵੇਗੀ, ਜਿਸ ਕਾਰਨ ਉਸ ਨੇ ਫ਼ਟਾ ਫ਼ਟ ਤਲਾਕ ਲੈ ਲਿਆ? ਕੋਈ ਹੀਲ-ਹੁੱਜਤ ਨਹੀਂ ਕੀਤੀ! ਇਤਨੇ ਵੱਡੇ ਸੀਲਪੁਣੇ ਦਾ ਕੋਈ ਤਾਂ ਕਾਰਨ ਹੈ...!

ਸ਼ਾਮ ਨੂੰ ਉਸ ਨੇ ਮੀਤੀ ਸਾਹਮਣੇ ਇਹ ਗੱਲ ਨੰਗੀ ਚਿੱਟੀ ਹੀ ਰੱਖ ਦਿੱਤੀ! ਉਸ ਨੇ ਇਹ ਨਹੀਂ ਸੋਚਿਆ ਸੀ ਕਿ ਇਸ ਨਾਲ਼ ਮੀਤੀ ਦਾ ਪ੍ਰੇਸ਼ਾਨ ਮਨ ਕਿੰਨਾ ਕੁ ਦੁਖੀ ਹੋਵੇਗਾ? ਉਸ ਨੂੰ ਕਿੰਨੀ ਤਕਲੀਫ਼ ਹੋਵੇਗੀ?

-"ਦੇਖੋ ਹਰਦੇਵ...! ਇਹ ਪੱਖ ਮੇਰੀ ਜ਼ਿੰਦਗੀ ਦਾ ਬੜਾ ਦੁਖੀ ਪੱਖ ਐ-ਇਹ ਨਾ ਤਾਂ ਮੈਂ ਹੁਣ ਤੱਕ ਕਿਸੇ ਨੂੰ ਦੱਸਿਐ ਅਤੇ ਨਾ ਹੀ ਕਿਸੇ ਨੂੰ ਦੱਸਣਾ ਚਾਹੁੰਦੀ ਹਾਂ-ਅਗਰ ਮੈਂ ਦੱਸ ਵੀ ਦਿੱਤਾ-ਤਾਂ ਮੇਰਾ ਯਕੀਨ ਵੀ ਕਿਸ ਨੇ ਕਰਨੈਂ?" ਇਤਨਾ ਆਖ ਕੇ ਉਹ ਚੁੱਪ ਹੋ ਗਈ।

-"ਤੈਨੂੰ ਕਿਸੇ ਨੇ ਬਲੈਕਮੇਲ ਕੀਤੈ...?"

-"ਨਾ ਹੀ ਕਿਸੇ ਨੇ ਮੈਨੂੰ ਬਲੈਕਮੇਲ ਕੀਤੈ-ਨਾ ਹੀ ਮੈਨੂੰ ਕੋਈ ਬਲੈਕਮੇਲ ਕਰ ਸਕਦੈ!" ਉਸ ਨੇ ਕਰੜੀ ਹੋ ਕੇ ਕਿਹਾ। ਦਿਨੋਂ ਦਿਨ ਪਾਣੀ ਉਸ ਦੇ ਸਿਰ ਤੋਂ ਦੀ ਟੱਪਦਾ ਜਾ ਰਿਹਾ ਸੀ। ਜਿੰਨਾਂ ਉਹ ਗੱਲ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੀ ਸੀ। ਗੱਲ ਉਤਨੀ ਹੀ ਉਸ ਦੀ ਮੁੱਠੀ ਵਿਚੋਂ ਪਾਣੀ ਵਾਂਗ ਨਿਕਲ ਜਾਂਦੀ ਸੀ।

-"ਤੇਰਾ ਕੋਈ ਯਾਰ ਰੱਖਿਆ ਹੋਇਆ ਸੀ?" ਹਰਦੇਵ ਨੇ ਮੂੰਹ ਪਾੜ ਕੇ ਕਿਹਾ ਤਾਂ ਮੀਤੀ ਇਕ ਦਮ ਉਸ ਵੱਲ ਝਾਕੀ। ਜਿਵੇਂ ਉਸ ਦੇ ਸਿਰ ਪਹਾੜ ਟੁੱਟ ਗਿਆ ਸੀ।

-"ਬੱਸ, ਮੇਰੀ ਜ਼ਿੰਦਗੀ 'ਚ ਆਹ ਸੁਣਨਾ ਹੀ ਬਾਕੀ ਰਹਿ ਗਿਆ ਸੀ...? ਹੋਰ ਸਾਰਾ ਜੋਰ ਜਮਾਨੇ ਨੇ ਲਾ ਲਿਆ-ਹੁਣ ਬੱਸ ਆਹੀ ਕੱਚ ਰਹਿੰਦਾ ਸੀ-ਉਹ ਹੁਣ ਤੁਸੀਂ ਪੂਰਾ ਕਰ ਦਿੱਤਾ, ਹਰਦੇਵ!"

-"ਤਾਂ ਫਿਰ ਉਹ ਕਿਹੜੀ ਗੱਲ ਸੀ? ਜੀਹਦੇ ਕਰਕੇ ਤੂੰ ਤਲਾਕ ਲੈ ਲਿਆ-ਪਰ ਗੱਲ ਨਹੀਂ ਦੱਸੀ?"

-"ਜੇ ਉਹ ਗੱਲ ਦੱਸਣ ਵਾਲ਼ੀ ਹੁੰਦੀ ਤਾਂ ਮੈਂ ਤਲਾਕ ਕਿਉਂ ਲੈਂਦੀ? ਮੈਂ ਜਰੂਰ ਉਜੜਨਾ ਸੀ? ਤੇ ਫਿਰ ਨਵਾਂ ਖ਼ਸਮ ਕਰਨਾ ਸੀ? ਤੇ ਆਹ ਸੜੀਆਂ ਵੀਆਂ ਗੱਲਾਂ ਸੁਣਨੀਆਂ ਸੀ...?" ਮੀਤੀ ਦੇ ਜਜ਼ਬਾਤ ਭੜ੍ਹਕ ਉਠੇ।

-"ਤੂੰ ਬੋਲਦੀ ਕਿਵੇਂ ਐਂ? ਤੂੰ ਬੋਲਦੀ ਕਿਵੇਂ ਐਂ, ਭੈਣ ਦਾ...ਯਹਾਵੀਏ?" ਹਰਦੇਵ ਨੇ ਉਠ ਕੇ ਮੀਤੀ ਦੇ ਚੁਪੇੜ ਕੱਢ ਮਾਰੀ। ਮੀਤੀ ਦਾ ਮੂੰਹ ਸੁੰਨ ਹੋ ਗਿਆ। ਉਸ ਨੇ ਫ਼ੱਟੜ ਸੱਪ ਵਾਂਗ ਫ਼ਣ ਚੁੱਕਿਆ। ਉਸ ਦੀਆਂ ਅੱਖਾਂ 'ਚੋਂ ਚੰਗਿਆੜੇ ਨਿਕਲੇ।

-"ਮੇਰਾ ਪਹਿਲਾ ਘਰਵਾਲ਼ਾ ਚਾਹੇ ਲੱਖ ਮਾੜਾ ਸੀ? ਪਰ ਉਸ ਨੇ ਮੇਰੇ 'ਤੇ ਕਦੇ ਹੱਥ ਨਹੀਂ ਸੀ ਚੱਕਿਆ-ਤੇ ਹੁਣ ਗੱਲ ਸੁਣ ਮੇਰੀ ਇਕ...! ਨਾ ਇਹ ਰਹੱਸ ਮੈਂ ਕਿਸੇ ਨੂੰ ਦੱਸਿਐ, ਤੇ ਨਾ ਹੁਣ ਦੱਸਣੈਂ! ਮੇਰਾ ਮੂੰਹ

ਹਮੇਸ਼ਾ ਵਾਸਤੇ ਬੰਦ ਹੋ ਸਕਦੈ-ਪਰ ਇਸ ਗੱਲ ਬਾਰੇ ਖ਼ੁੱਲ੍ਹ ਨਹੀਂ ਸਕਦਾ! ਤੂੰ ਹੁਣ ਮੇਰੀਆਂ ਅੱਖਾਂ ਤੋਂ ਦੂਰ ਹੋਜਾ! ਦਫ਼ਾ ਹੋਜਾ ਇਥੋਂ...! ਤੇ ਮੁੜ ਕੇ ਮੈਨੂੰ ਆਬਦੀ ਸ਼ਕਲ ਨਾ ਦਿਖਾਈਂ! ਮੁੜ ਕੇ ਮੈਨੂੰ ਆਬਦੀ ਬਦ-ਸ਼ਕਲ ਨਾ ਦਿਖਾਈਂ, ਜੇ ਆਬਦੇ ਅਸਲ ਪਿਉ ਦੀ ਸੱਟ ਐਂ ਤਾਂ! ਜਾਹ ਉਹਨਾਂ ਭੈਣ ਦਿਆਂ ਖਸਮਾਂ ਕੋਲ਼ੇ-ਜਿਹੜੇ ਤੇਰੀ...ਉਂਗਲ਼ ਲਾਉਂਦੇ ਐ!" ਮੀਤੀ ਦਾ ਚਿਹਰਾ ਭਿਆਨਕ ਹੋ ਗਿਆ ਅਤੇ ਉਹ ਉਠ ਕੇ ਖੜ੍ਹੀ ਹੋ ਗਈ। ਪਤਾ ਨਹੀਂ ਉਹ ਕੀ ਕੁਝ ਬੋਲ ਕਬੋਲ ਕਰ ਗਈ ਸੀ?

ਹਰਦੇਵ ਤਲਾਕ ਵਾਲ਼ੇ ਕਾਗਜ਼ ਚੁੱਕ ਕੇ ਬਾਹਰ ਨਿਕਲ਼ ਗਿਆ, ਜਿਹਨਾਂ 'ਤੇ ਮੀਤੀ ਨੇ ਕਈ ਦਿਨ ਪਹਿਲਾਂ ਦਸਤਖ਼ਤ ਕਰ ਦਿੱਤੇ ਸਨ। ਉਹ ਸਿੱਧਾ ਹੀ ਆਪਣੇ ਵਕੀਲ ਕੋਲ਼ ਪਹੁੰਚਿਆ ਅਤੇ ਉਸ ਨੇ ਤਲਾਕ ਲਈ ਅਪਲਾਈ ਕਰ ਦਿੱਤਾ। ਤਲਾਕ ਦਾ ਮੁੱਖ ਕਾਰਨ ਉਸ ਨੇ 'ਮਿੱਸਬਹੇਵ' ਦੱਸਿਆ ਸੀ। ਉਸ ਦੇ ਘਰਵਾਲ਼ੀ ਉਸ ਨਾਲ਼ ਬੁਰਾ ਸਲੂਕ ਕਰਦੀ ਸੀ ਅਤੇ ਹੁਣ ਉਹ ਬੁਰਾ ਸਲੂਕ ਬਰਦਾਸ਼ਤ ਤੋਂ ਬਾਹਰ ਸੀ। ਪਾਣੀ ਗਲ਼ ਗਲ਼ ਹੁੰਦਾ ਹੋਇਆ, ਨੱਕ ਤੱਕ ਪਹੁੰਚ ਚੁੱਕਾ ਸੀ। ਉਸ ਨੇ ਇਕ ਨਹੀਂ, ਕਈ ਹੋਰ ਕਾਰਨ ਵੀ ਦਰਜ਼ ਕਰਵਾ ਦਿੱਤੇ ਸਨ।

ਰਾਤ ਨੂੰ ਉਹ ਘਰ ਨਾ ਗਿਆ। ਆਪਣੇ ਕਿਸੇ ਮਿੱਤਰ ਕੋਲ਼ ਹੀ ਰਹਿ ਪਿਆ। ਅਗਲੇ ਦਿਨ ਭਾਈਬੰਦਾਂ ਨੂੰ ਕੰਮ 'ਤੇ ਲਾ ਕੇ ਉਹ ਆਪਣਾ ਸਮਾਨ ਮੀਤੀ ਦੇ ਘਰੋਂ ਚੁੱਕ ਲਿਆਇਆ। ਮੀਤੀ ਕੰਮ 'ਤੇ ਗਈ ਹੋਈ ਸੀ। ਘਰੇ ਹੋਰ ਕਿਸ ਨੇ ਹੋਣਾ ਸੀ? ਨਾਲ਼ੇ ਮੀਤੀ ਦੀ ਤਾਂ ਕੋਈ ਦੋਸਤ ਮਿੱਤਰ ਵੀ ਨਹੀਂ ਸੀ। ਉਹ ਤਾਂ ਸਿਰਫ਼ ਹਰਦੇਵ ਨਾਲ਼ ਹੀ ਨਿੱਕੀ ਜਿਹੀ ਦੁਨੀਆਂ ਵਸਾਈ ਫਿਰਦੀ ਸੀ। ਹੁਣ ਤਾਂ ਹਰਦੇਵ ਵੀ ਉਸ ਤੋਂ ਕਿਨਾਰਾ ਕਰ ਗਿਆ ਸੀ। ਬਿਗਾਨਾ ਹੋ ਗਿਆ ਸੀ। ਹਰਦੇਵ ਨੇ ਇਕ ਬੇਸਮੈਂਟ ਕਿਰਾਏ ਉਪਰ ਲੈ ਲਿਆ ਅਤੇ ਇਕੱਲਾ ਹੀ ਰਹਿਣ ਲੱਗ ਪਿਆ।

ਚੌਥੇ ਕੁ ਦਿਨ ਜਦ ਮੀਤੀ ਕੰਮ ਤੋਂ ਆਈ ਤਾਂ ਹਰਦੇਵ ਦੇ ਵਕੀਲ ਦੀ ਚਿੱਠੀ ਆਈ ਪਈ ਸੀ। ਉਸ ਨੇ ਮੀਤੀ ਤੋਂ ਕੁਝ ਸੁਆਲ ਪੁੱਛੇ ਸਨ। ਸਭ ਤੋਂ ਪਹਿਲਾ ਸੁਆਲ ਇਹ ਸੀ ਕਿ ਕੀ ਤੁਸੀਂ ਹਰਦੇਵ ਨੂੰ ਤਲਾਕ ਦੇਣਾ ਚਾਹੁੰਦੇ ਹੋ? ਮੀਤੀ ਨੇ 'ਯੈੱਸ' 'ਤੇ ਕਰਾਸ ਲਾ ਦਿੱਤਾ। ਬਾਕੀ ਸੁਆਲ ਬਹੁਤੇ ਕੰਮ ਦੇ ਨਹੀਂ ਸਨ। ਜਦ ਉਸ ਨੇ ਤਲਾਕ ਦੇ ਮਸਲੇ ਪ੍ਰਤੀ 'ਹਾਂ' ਪੱਖੀ ਹੁੰਗਾਰਾ ਭਰ ਦਿੱਤਾ ਸੀ, ਤਾਂ ਬਾਕੀ ਸੁਆਲ ਤਾਂ ਬੇਹੂਦੇ ਹੀ ਸਨ। ਬੱਚਾ ਉਹਨਾਂ

ਦੇ ਕੋਈ ਹੈ ਨਹੀਂ ਸੀ, ਜਿਸ ਕਰਕੇ ਰੌਲ਼ਾ ਪੈਂਦਾ। ਮਕਾਨ ਉਹਨਾਂ ਕੋਲ਼ ਆਪਣਾ ਨਹੀਂ ਸੀ। ਵੰਡ ਵੰਡਾਈ ਦਾ ਉਹਨਾਂ ਦਾ ਕੋਈ ਰੌਲ਼ਾ ਨਹੀਂ ਸੀ। ਰੌਲ਼ਾ ਤਾਂ ਕੋਈ ਵੀ ਨਹੀਂ ਸੀ, ਜਿਸ ਦਾ ਉੱਤਰ ਦਿੱਤਾ ਜਾ ਸਕਦਾ? ਬੱਸ ਉਸ ਤਲਾਕ ਨਾਲ ਸਹਿਮਤੀ ਪ੍ਰਗਟ ਕਰਕੇ, ਵਕੀਲ ਦੇ ਕਾਗਜ਼ਾਂ ਦੀ ਖਾਨਾ ਪੂਰਤੀ ਕਰ ਦਿੱਤੀ ਸੀ।

ਉਸ ਨੇ ਕਾਗਜ਼ ਅਗਲੇ ਦਿਨ ਡਾਕ ਰਾਹੀਂ ਹਰਦੇਵ ਦੇ ਵਕੀਲ ਨੂੰ ਭੇਜ ਦਿੱਤੇ।

ਵਕੀਲ ਨੂੰ ਸੰਤੁਸ਼ਟੀ ਹੋਈ।

ਵਕੀਲ ਦੇ ਤਜ਼ਰਬੇ ਵਿਚ ਮੀਤੀ ਸ਼ਾਇਦ ਪਹਿਲੀ ਭਾਰਤੀ ਔਰਤ ਸੀ, ਜਿਹੜੀ ਬਿਨਾ ਕਿਸੇ ਹੀਲ ਹੁੱਜਤ ਦੇ, ਬਗੈਰ ਕਿਸੇ 'ਆਰਗੂਮੈਂਟ' ਤੋਂ ਤਲਾਕ ਲੈ ਰਹੀ ਸੀ। ਕੋਈ ਨਾਂਹ ਨੁੱਕਰ ਨਹੀਂ ਕੀਤੀ ਸੀ। ਹਰ ਗੱਲ ਨਾਲ਼ ਸਹਿਮਤ ਸੀ। ਵਕੀਲ ਨੇ ਹਰਦੇਵ ਨੂੰ ਫ਼ੋਨ ਕਰ ਕੇ ਬੁਲਾ ਲਿਆ ਅਤੇ ਸਾਰੀ ਸਥਿਤੀ ਤੋਂ ਜਾਣੂੰ ਕਰਵਾ ਦਿੱਤਾ। ਹਰਦੇਵ ਨੇ ਵੀ ਆਪਣੇ ਆਪ ਨੂੰ ਸੁਖ਼ਾਲ਼ਾ ਜਿਹਾ ਮਹਿਸੂਸ ਕੀਤਾ। ਮੀਤੀ ਨੇ ਉਸ ਨੂੰ, ਦਫ਼ਾ ਹੋਜਾ, ਮੈਨੂੰ ਸ਼ਕਲ ਨਾ ਦਿਖਾਈਂ ਅਤੇ ਜੇ ਅਸਲ ਪਿਉ ਦੀ ਸੱਟ ਹੈਂ ਤਾਂ, ਵਰਗੇ ਬੇਇੱਜ਼ਤੀ ਭਰੇ ਲਫ਼ਜ਼ ਬੋਲੇ ਸਨ। ਇਹ ਬੋਲ ਬਰਦਾਸ਼ਤ ਤੋਂ ਪਰ੍ਹੇ ਸਨ। ਉਹ ਫਿਰ ਵੀ ਜੱਟ ਦਾ ਪੁੱਤ ਸੀ! ਮੌਲੜ ਤੀਵੀਂ ਤੋਂ ਕਿਉਂ ਛੌਤ ਲੁਹਾਉਂਦਾ? ਉਹ ਬੁੱਢੀ ਮੱਝ ਆਬਦੇ ਆਪ ਨੂੰ ਸਮਝਦੀ ਕੀ ਸੀ? ਮੂੰਹ ਫ਼ੱਟ ਸਾਲ਼ੀ...! ਬੋਲਣ ਦੀ ਭੋਰਾ ਅਕਲ ਨਹੀਂ! ਹਰਦੇਵ ਸਿਉਂ ਨੂੰ ਤੀਵੀਆਂ ਦਾ ਘਾਟਾ ਸੀ...? ਉਹ ਜੁਆਨ ਜਹਾਨ ਮੁੰਡਾ ਸੀ! ਇੰਗਲੈਂਡ ਵਿਚ ਪੱਕਾ ਸੀ! ਫਿਰ ਉਸ ਨੇ ਜਰੂਰੀ ਚਾਚੀ ਦੀ ਉਮਰ ਦੀ, ਸੜੀ ਵੀ ਤੀਮੀ ਤੋਂ ਬੁਰੇ-ਭਲੇ ਲਫ਼ਜ਼ ਆਖਵਾਉਣੇ ਸਨ...? ਬੁੜ੍ਹੀ ਹੋ ਕੇ ਸਾਲ਼ੀ ਦਾ ਦਿਮਾਗ ਫਿਰ ਗਿਆ। ਹੁਣ ਤਰਤਾਲ਼ੀ ਸਾਲਾਂ ਦੀ ਤਾਂ ਹੈ! ਬੁੜ੍ਹੀ ਨਹੀਂ ਤਾਂ ਹੋਰ ਕੀ ਐ...?

ਸਰਬਜੀਤ ਵੀ ਸੱਚੀ ਹੀ ਸੀ! ਇਹ ਸਾਲ਼ੀ ਆਪਹੁਦਰੀ ਤੀਮੀ ਐਂ! ਵਿਗੜੀ ਹੋਈ ਔਰਤ! ਮੇਰਾ ਇਹਦੇ ਨਾਲ਼ ਵਸੇਬਾ ਨਹੀਂ! ਜੇ ਇਹਦੇ ਨਾਲ਼ ਰਿਹਾ, ਇਹਨੇ ਫਿਰ ਐਹੋ ਜਿਹੀ ਕੋਈ ਸੜੀ ਵੀ ਗੱਲ ਆਖ ਦਿੱਤੀ, ਮੈਥੋਂ ਇਹਦੀ ਪੁੜਪੜੀ 'ਚ ਕੁਛ ਵੱਜ ਜਾਣੈਂ! ਫੇਰ ਤੁਰਿਆ ਫਿਰੂੰ ਅੰਦਰ, ਜੇਲ੍ਹ ਕੱਟਦਾ! ਇਹਦੇ ਨਾਲ਼ੋਂ ਤਾਂ ਪਰ੍ਹੇ ਈ ਚੰਗੇ ਐਂ! ਹਰਦੇਵ ਸਿਆਂ, ਇਹਤੋਂ ਲੈ ਤਲਾਕ! ਇਹਨੂੰ ਟੇਕ ਮੱਥਾ...! ਤੇ ਕੋਈ ਤਾਜ਼ੀ ਪੱਠੀ ਪੱਟ ਕੇ ਲਿਆ ਇੰਡੀਆ

ਤੋਂ! ਦੁਨੀਆਂ ਇੰਗਲੈਂਡ ਪਿੱਛੇ ਕਮਲ਼ੀ ਹੋਈ ਫਿਰਦੀ ਐ! ਨਾਲ਼ੇ ਕੁੜੀ ਦੇਣਗੇ ਤੇ ਨਾਲ਼ੇ ਪੈਰਾਂ ਹੇਠ ਧਰਨਗੇ ਹੱਥ! ਇਹ ਤਾਂ ਭੈਣ ਦੇਣੀਂ ਮੈਨੂੰ, ਆਬਦੇ ਖ਼ਸਮ ਨੂੰ ਮੂੰਹ ਨ੍ਹੀ ਬੋਲਦੀ? ਹੋਰ ਕਿਸੇ ਦੀ ਕੀ ਸੁਆਹ ਇੱਜ਼ਤ ਕਰੂਗੀ? ਪਤਾ ਨ੍ਹੀ ਸਾਲ਼ੀ ਦੇ ਦਿਮਾਗ ਨੂੰ ਕੀ ਧਤੂਰਾ ਚੜ੍ਹਿਐ...? ਤੂੰ ਇਹਨੂੰ ਤਲਾਕ ਦੇ ਕੇ ਪਰਾਂਹ ਮਾਰ! ਖ਼ਲਾਸੀ ਪਾਅ! ਫੇਰ ਤੋਰਾਂਗੇ ਕੋਈ ਗੱਲ ਅੱਗੇ! ਇਹਦਾ ਦਿਮਾਗ ਤਲਾਕ ਤੋਂ ਬਾਅਦ ਹੀ ਲੋਟ ਹੋਊ!

ਹਰਦੇਵ ਨੇ ਵੀ ਵਕੀਲ ਦੇ ਲੋੜੀਂਦੇ ਕਾਗਜ਼ਾਂ 'ਤੇ ਦਸਤਖ਼ਤ ਵਾਹ ਧਰੇ ਅਤੇ ਵਕੀਲ ਨੇ ਫ਼ਾਈਲ ਅੱਗੇ ਅਦਾਲਤ ਦੇ ਸਪੁਰਦ ਕਰ ਦਿੱਤੀ।

ਪੂਰੇ ਅਠਾਰਾਂ ਦਿਨਾਂ ਬਾਅਦ ਅਦਾਲਤ ਦੀ ਤਰੀਕ ਪਈ। ਅਦਾਲਤ ਵੱਲੋਂ ਮਿਥੀ ਤਰੀਕ 'ਤੇ ਮੀਤੀ ਵੀ ਪਹੁੰਚ ਗਈ। ਪਹੁੰਚਣਾ ਹੀ ਪੈਣਾ ਸੀ! ਅਦਾਲਤ ਦਾ ਹੁਕਮ ਅਦੂਲ ਨਹੀਂ ਹੋ ਸਕਦਾ ਸੀ। ਅਦਾਲਤ ਦਾ ਹੁਕਮ ਅਦੂਲ ਕਰਨਾ ਜ਼ੁਰਮ ਸੀ। ਹਰਦੇਵ ਅਤੇ ਉਸ ਦਾ ਵਕੀਲ ਵੀ ਪੁੱਜੇ ਹੋਏ ਸਨ। ਅਚੰਭੇ ਵਾਲ਼ੀ ਗੱਲ ਇਹ ਸੀ ਕਿ ਜੱਜ ਵੀ ਉਹੀ ਸੀ। ਅਦਾਲਤ ਦਾ ਕਮਰਾ ਵੀ ਉਹੀ ਸੀ! ਜੇ ਫ਼ਰਕ ਸੀ ਤਾਂ ਸਿਰਫ਼ ਤਰਨਜੀਤ ਅਤੇ ਹਰਦੇਵ ਦਾ ਸੀ। ਪਿਛਲੇ ਤਲਾਕ ਵੇਲ਼ੇ ਇਸ ਕਟਿਹਰੇ ਵਿਚ ਉਸ ਦਿਨ ਤਰਨਜੀਤ ਖੜ੍ਹਾ ਸੀ ਅਤੇ ਅੱਜ ਹਰਦੇਵ...! ਬਾਕੀ ਸਾਰਾ ਕੁਝ ਉਹ ਹੀ ਸੀ। ਉਹੀ ਤਲਾਕ ਦਾ ਮਸਲਾ। ਉਹੀ ਸੁਆਲ! ਉਹੀ ਉਧੇੜਬੁਣ! ਜੱਜ ਨੇ ਵੀ ਪੁਰਾਣੇ ਰਵਾਇਤੀ ਜਿਹੇ ਸੁਆਲ ਕੀਤੇ। ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਮੀਤੀ ਨੇ ਕਿਸੇ ਸੁਆਲ ਦਾ ਉਤਰ ਨਾ ਦਿੱਤਾ। ਹਰਦੇਵ ਦਾ ਵਕੀਲ ਖ਼ੁਸ਼ ਸੀ। ਉਸ ਨੂੰ ਬਹੁਤੀ ਚਾਰਾਜੋਰੀ ਨਹੀਂ ਕਰਨੀ ਪਈ ਸੀ। ਕੋਈ ਖੱਜਲ਼ ਖੁਆਰੀ ਨਹੀਂ ਸੀ। ਕੋਈ ਬਹਿਸ ਨਹੀਂ ਸੀ। ਚੁੰਝ ਚਰਚਾ ਨਹੀਂ ਸੀ। ਕੋਈ ਸਿਰਦਰਦੀ ਨਹੀਂ ਸੀ। ਪਿਛਲੀ ਵਾਰ ਦੀ ਤਰ੍ਹਾਂ ਜੱਜ ਖਿਝਿਆ ਤਾਂ ਨਹੀਂ। ਕਿਉਂਕਿ ਇੱਥੇ ਕੋਈ ਲੈਣ ਦੇਣ ਦਾ ਮਾਮਲਾ ਨਹੀਂ ਸੀ। ਉਸ ਨੇ ਸਿਰਫ਼ ਇਤਨਾ ਹੀ ਸੁਆਲ ਕੀਤਾ ਸੀ ਕਿ ਮਿਸਿਜ਼ ਸਿੰਘ, ਤੁਸੀਂ ਇਸ 'ਸੈੱਪਰੇਸ਼ਨ' ਨਾਲ਼ ਸਹਿਮਤ ਹੋ? ਤਾਂ ਮੀਤੀ ਨੇ "ਯੈੱਸ, ਆਫ਼ ਕੋਰਸ, ਮੀ ਲੌਰਡ...!" ਆਖ ਕੇ ਸਿਰ ਹਿਲਾ ਦਿੱਤਾ ਸੀ। ਬਿਲਕੁਲ ਪਿਛਲੀ ਵਾਰ ਦੀ ਤਰ੍ਹਾਂ...! ਤੇ ਤਲਾਕ ਹੋ ਗਿਆ ਸੀ। ਮੀਤੀ ਚੁੱਪ ਚਾਪ ਬਾਹਰ ਆ ਗਈ ਸੀ। ਇਸ ਵਾਰ ਉਸ ਨੂੰ ਕਿਸੇ ਸੱਸ ਜਾਂ ਨਣਾਨ ਨੇ ਤਾਹਨਾ ਨਾ

ਮਾਰਿਆ। ਕਿਸੇ ਨੇ ਬੁਰਾ ਬਚਨ ਨਾ ਕਿਹਾ। ਸ਼ਾਂਤੀ ਰਹੀ ਸੀ। ਹਰਦੇਵ ਵੀ ਮੁਸਕਰਾਉਂਦਾ ਆਪਣੇ ਵਕੀਲ ਨਾਲ਼ ਤੁਰ ਗਿਆ ਸੀ। ਵਕੀਲ ਨੇ ਉਸ ਨੂੰ 'ਵਧਾਈ' ਦਿੱਤੀ ਸੀ। ਜਿਵੇਂ ਹਰਦੇਵ ਨੇ ਕੋਈ ਬਹੁਤ ਵੱਡੀ ਜੰਗ ਜਿੱਤ ਲਈ ਸੀ। ਹਰਦੇਵ ਨੇ ਵੀ ਅਨੇਕਾਂ ਵਾਰ ਵਕੀਲ ਨੂੰ 'ਥੈਂਕ ਯੂ-ਥੈਂਕ ਯੂ' ਕਿਹਾ ਸੀ।

ਹਫ਼ਤੇ ਦੇ ਵਿਚ ਵਿਚ ਹੀ ਦੋਨਾਂ ਧਿਰਾਂ ਨੂੰ ਤਲਾਕ ਦੇ ਪ੍ਰਵਾਨੇ ਮਿਲ਼ ਗਏ।

ਮੀਤੀ ਫਿਰ ਇਕੱਲੀ ਹੋ ਗਈ। ਰੋਹੀ ਵਿਚ ਖੜ੍ਹੇ ਜੰਡ ਦੀ ਤਰ੍ਹਾਂ ਰੁੰਡ ਮਰੁੰਡ! ਕੱਲਰ ਵਾਲ਼ੀ ਧਰਤੀ ਵਾਂਗ ਲਾਵਾਰਿਸ ਜਿਹੀ! ਇਸ ਵਾਰ ਉਸ ਨੇ ਮਾਸੀ ਨੂੰ ਵੀ ਕੁਝ ਨਾ ਦੱਸਿਆ। ਦੱਸਣ ਦਾ ਫ਼ਾਇਦਾ ਵੀ ਕੀ ਸੀ? ਮਾਸੀ ਵਿਚਾਰੀ ਕੋਲ਼ੇ ਕਿਹੜਾ ਭੰਗੀਆਂ ਵਾਲ਼ੀ ਤੋਪ ਸੀ, ਜਿਹੜੀ ਉਸ ਨੇ ਇੰਡੀਆ ਤੋਂ ਦਾਗ ਦੇਣੀ ਸੀ? ਚਾਰ ਹਾਉਕੇ ਹੀ ਸਨ। ਭਰ ਕੇ ਮਾਸੀ ਨੇ ਵੀ ਚੁੱਪ ਹੋ ਜਾਣਾ ਸੀ। ਜਾਂ ਵੱਧ ਤੋਂ ਵੱਧ, "ਰੱਬ ਦਾ ਭਾਣਾ ਐਂ ਧੀਏ! ਕੀ, ਕੋਈ ਵੱਸ ਐ...?" ਆਖ ਕੇ ਦਿਲਬਰੀ ਦੇਣੀ ਸੀ।

ਤਲਾਕ ਦੇ ਕਾਗਜ਼ ਬੋਝੇ ਪਾ ਕੇ ਹਰਦੇਵ ਬੜੀ ਸ਼ਾਨੋ-ਸ਼ੌਕਤ ਨਾਲ਼ ਇੰਡੀਆ ਨੂੰ ਉਡਾਰੀ ਮਾਰ ਗਿਆ। ਜਾਣ ਤੋਂ ਪਹਿਲਾਂ ਉਸ ਨੇ ਜੀਅ ਭਰ ਕੇ ਖ਼ਰੀਦਾ ਫ਼ਰੋਖ਼ਤੀ ਕੀਤੀ ਸੀ। ਬਹੁਤੀ ਤਵੱਜੋਂ ਤਾਂ ਉਸ ਨੇ ਹੋਣ ਵਾਲ਼ੀ ਪਤਨੀ ਲਈ ਹੀ ਦਿੱਤੀ ਸੀ। ਬਾਪੂ ਲਈ ਪੰਜ ਬੋਤਲਾਂ 'ਜਾਨੀ ਵਾਕਰ' ਦੀਆਂ ਖਰੀਦ ਲਈਆਂ ਸਨ। ਸਾਰੇ ਰਿਸ਼ਤੇਦਾਰਾਂ ਨੂੰ ਫ਼ੋਨ ਕਰ ਦਿੱਤੇ ਸਨ। ਦੋ ਕਿੱਲੋ ਸੋਨਾ ਅਤੇ ਚਾਰ ਵੱਡੇ ਅਟੈਚੀ ਸਮਾਨ ਦੇ ਭਰ ਕੇ ਹਰਦੇਵ ਦਿੱਲੀ ਏਅਰਪੋਰਟ ਜਾ ਉਤਰਿਆ। ਬੇਬੇ ਸਮੇਤ ਸਾਰਾ ਟੱਬਰ ਹੀ ਉਸ ਨੂੰ ਲੈਣ ਆਇਆ ਹੋਇਆ ਸੀ। ਪ੍ਰੀਵਾਰ ਨੇ ਇਕ ਮਿੰਨ੍ਹੀ ਬੱਸ ਕਿਰਾਏ 'ਤੇ ਲਈ ਹੋਈ ਸੀ। ਜਿਵੇਂ ਕਿਤੇ ਤੀਰਥ 'ਤੇ ਚੱਲੇ ਸਨ। ਬੱਸ ਵਿਚ 'ਰੈੱਡ ਨਾਈਟ' ਦੀ ਪੇਟੀ ਬਾਪੂ ਨੇ ਤੁਰਨ ਤੋਂ ਪਹਿਲਾਂ ਹੀ ਰਖਵਾ ਲਈ ਸੀ ਅਤੇ ਹਰਦੇਵ ਦੀ ਫ਼ਲਾਈਟ ਉਤਰਨ ਤੋਂ ਪਹਿਲਾਂ ਹੀ ਉਸ ਨੇ ਦੋ 'ਲੰਡੇ' ਪੈੱਗ ਸੜ੍ਹਾਕ ਧਰੇ ਸਨ। ਬੇਬੇ ਨੇ ਜਾਗਰ ਸਿਉਂ ਨੂੰ ਦਾਰੂ ਪੀਣੋਂ ਜ਼ਰੂਰ ਰੋਕਿਆ ਸੀ। ਪਰ ਜਾਗਰ ਸਿਉਂ ਨੇ, "ਮੁੰਡੇ ਨੂੰ ਲੈਣ ਆਏ ਐਂ! ਕਿਸੇ ਮਰਨੇ ਪਰਨੇ 'ਤੇ ਜਾਂ ਕਿਸੇ ਨੂੰ ਫ਼ਕੌਣ ਨ੍ਹੀ ਆਏ...! ਗੱਲਾਂ ਕੀ ਕਰਨ ਲੱਗਪੀ ਭੈਣ ਦਾ ਕੜਛਾ ਈ ਯ੍ਹਾਵੀ! ਤੇਰੀਆਂ ਦੁੱਧ ਰਿੜਕਣ ਆਲ਼ੀਆਂ ਆਦਤਾਂ ਨ੍ਹੀ ਜਾਣੀਆਂ! ਤੈਨੂੰ ਕਿੰਨੇ ਆਰੀ ਆਖਿਐ ਬਈ

ਆਬਦਾ ਘਸਮੈਲ਼ਾ ਜਿਆ ਮੂੰਹ ਬੰਦ ਰੱਖਿਆ ਕਰ...! ਅਕਲ ਨ੍ਹੀ ਆਉਂਦੀ ਤੈਨੂੰ?" ਆਖ ਕੇ ਬਾਪੂ ਨੇ ਬੇਬੇ ਨੂੰ ਏਅਰਪੋਰਟ ਦਾ ਸੁਆਦ ਦਿਖਾ ਦਿੱਤਾ ਸੀ। ਬੇਬੇ ਚੁੱਪ ਕਰ ਗਈ ਸੀ। ਉਸ ਨੂੰ ਜਾਗਰ ਸਿਉਂ ਦੇ ਅੜਬ ਸੁਭਾਅ ਦਾ ਪ੍ਰਤੱਖ ਪਤਾ ਸੀ। ਜਾਗਰ ਸਿਉਂ ਨੂੰ ਪੀਤੀ ਵਿਚ ਛੇੜਨਾ ਇਕ ਤਰ੍ਹਾਂ ਨਾਲ ਭਰਿੰਡਾਂ ਦੀ ਖੱਖਰ ਨੂੰ ਹੱਥ ਪਾਉਣ ਬਰਾਬਰ ਸੀ।

ਬ੍ਰਿਟਿਸ਼ ਏਅਰਵੇਜ਼ ਸਵੇਰੇ ਦੋ ਵਜੇ ਉਤਰੀ। ਇੰਮੀਗਰੇਸ਼ਨ ਅਤੇ ਕਸਟਮ ਤੋਂ ਵਿਹਲਾ ਹੋ ਕੇ ਹਰਦੇਵ ਪੰਜ ਕੁ ਵਜੇ ਏਅਰਪੋਰਟ ਤੋਂ ਬਾਹਰ ਨਿਕਲਿਆ। ਦੇਖ ਕੇ ਬੇਬੇ ਬਾਪੂ ਦੀ ਖ਼ੁਸ਼ੀ ਦਾ ਕੋਈ ਹੱਦ ਬੰਨਾਂ ਨਾ ਰਿਹਾ। ਹਰਦੇਵ ਅੱਗੇ ਨਾਲ਼ੋਂ ਦੁੜਕਿਆ ਹੋਇਆ, ਕੋਟ ਪੈਂਟ ਵਿਚ ਬਾਹਵਾ ਫ਼ੱਬਦਾ ਸੀ। ਪਹਿਲਾਂ ਛਿਲਕਾਂ ਦੇ ਘੋੜ੍ਹੇ ਵਰਗਾ ਹਰਦੇਵ, ਅੱਜ ਬੇਬੇ ਦੀ ਜੱਫ਼ੀ ਵਿਚ ਮਸਾਂ ਆਇਆ ਸੀ। ਉਹ ਦੁਰਮਟ ਹੀ ਤਾਂ ਬਣਿਆਂ ਪਿਆ ਸੀ! ਪਿਆਰ ਦਿੰਦੀ ਬੇਬੇ ਨੇ ਜਾਗਰ ਸਿਉਂ ਤੋਂ ਚੋਰੀ ਪਰ੍ਹੇ ਮੂੰਹ ਕਰਕੇ ਥੁੱਕ ਦਿੱਤਾ ਸੀ। ਜੇ ਜਾਗਰ ਸਿਉਂ ਨੂੰ ਪਤਾ ਲੱਗ ਜਾਂਦਾ, ਤਾਂ ਉਸ ਨੇ ਫਿਰ ਗਾਲ੍ਹਾਂ ਦੀ ਸੂੜ ਬੰਨ੍ਹ ਲੈਣੀ ਸੀ। ਬਚਾਓ ਵਿਚ ਹੀ ਬਚਾਓ ਸੀ। ਜਾਗਰ ਸਿਉਂ ਦਾ ਕੋਈ ਇਤਬਾਰ ਨਹੀਂ ਸੀ ਕਿ ਕਦੋਂ ਰੋਡਵੇਜ਼ ਦੀ ਬੱਸ ਵਾਂਗ ਬਿੱਟਰ ਜਾਵੇ? ਬੇਬੇ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਸੀ!

ਬੇਬੇ ਨੇ ਸਾਰੀ ਸੁੱਖ ਸਾਂਦ ਪੁੱਛੀ।

ਬਾਪੂ ਨੇ ਦੋ ਕਰੜੇ ਪੈੱਗ ਹੋਰ ਚਾਹੜ ਲਏ ਅਤੇ ਪਿੰਡ ਨੂੰ ਰਵਾਨਾ ਹੋ ਗਏ।

ਗੱਲ ਚੱਲਦੀ ਚੱਲਦੀ ਮੀਤੀ 'ਤੇ ਆ ਕੇ ਰੁਕ ਗਈ। ਗੱਲ ਬਾਪੂ ਨੇ ਹੀ ਸੁਰੂ ਕੀਤੀ ਸੀ।

-"ਕੀ ਮਾਜਰਾ ਕੀ ਬਣ ਗਿਆ ਸੀ, ਮੀਤੋ ਨਾਲ਼?" ਜਾਗਰ ਸਿਉਂ ਨੇ ਪੁੱਛਿਆ ਸੀ।

-"ਬੱਸ ਬਾਪੂ ਜੀ, ਥੋੜਾ ਜਿਆ ਜਾਅਦੇ ਈ ਤੰਗ ਕਰਨ ਲੱਗਪੀ ਸੀ।" ਹਰਦੇਵ ਨੇ ਅੱਤ ਸੰਖੇਪ ਦੱਸਿਆ।

-"ਚਾਰ ਮਾਰਦਾ ਗੱਤਲ਼ੇ 'ਚ! ਜੇ ਖੰਘ ਵੀ ਜਾਂਦੀ...? ਤੇਰੀ ਬੇਬੇ ਦੇ ਮੈਂ ਹੁਣ ਤੱਕ ਖਰਖਰਾ ਫ਼ੇਰਦਾ ਰਿਹੈਂ-ਤਾਂ ਜਾ ਕੇ ਇਹ ਟਿਕੀ ਐ! ਨਹੀਂ ਹਟ ਕੁੱਤੀਏ ਇਹ ਨ੍ਹੀ ਸੀ ਆਖਣ ਦਿੰਦੀ...!" ਬਾਪੂ ਦਾਰੂ ਨਾਲ਼ 'ਤੋਤਾ' ਬਣਿਆਂ ਬੈਠਾ ਸੀ।

–''ਲੈ, ਕਰਲਾ ਗੱਲ! ਹੋਰ ਛੇੜਲਾ ਇਹਨੂੰ ਫਿੱਟਣੀਆਂ ਦੇ ਫ਼ੇਟ ਨੂੰ! ਇਹਨੂੰ ਕੁੱਟਣ ਤੋਂ ਬਿਨਾ ਹੋਰ ਕੋਈ ਗੱਲ ਆਉਂਦੀ ਨ੍ਹੀ-ਧੌਲ਼ਾ ਝਾਟਾ ਮੂੰਹ 'ਤੇ ਐ!'' ਬੇਬੇ ਨੇ ਬੁੱਲ੍ਹ ਟੇਰੇ।

–''ਉਥੇ ਗੱਤਲ਼ੇ 'ਚ ਮਾਰਨਾ ਖੇਡ ਨ੍ਹੀ ਬਾਪੂ! ਉਥੇ ਤਾਂ ਜੇ ਤੀਮੀ ਨੂੰ ਹੱਥ ਲਾਓ-ਪੁਲਸ ਚੱਕ ਕੇ ਅੰਦਰ ਦੇ ਦਿੰਦੀ ਐ!''

–''ਅੱਛਿਆ...? ਤਾਂ, ਤਾਂ ਬੜੇ ਛੋਕਰੀ ਯ੍ਹਾਵੇ ਐ ਬਈ! ਤੀਮੀ ਛਿੱਤਰ ਬਿਨਾ ਤਾਂ ਊਂਈਂ ਨ੍ਹੀ ਲੋਟ ਆਉਂਦੀ।''

–''ਆਉਂਦੀ ਨ੍ਹੀ ਲੋਟ...!'' ਤਪੀ ਬੇਬੇ ਫਿਰ ਬੋਲ ਪਈ।

–''ਤੂੰ ਦੇਖੀ ਜਾਨੈਂ ਹਰਦੇਵ ਸਿਆਂ? ਹੁਣ ਇਹ ਤੇਰੇ ਬੈਠੇ ਕਰਕੇ ਤਾਤੇ ਬਾਤੇ ਕਰਦੀ ਐ! ਜੇ ਮੈਂ 'ਕੱਲਾ ਹੁੰਦਾ-ਸਾਹ ਨ੍ਹੀ ਸੀ ਕੱਢਦੀ-ਹੁਣ ਦੇਖਲਾ ਪਟਰਾਣੀਂ ਬਣੀ ਬੈਠੀ ਐ।''

–''ਹਰਦੇਵ ਕਰਕੇ ਮਾੜਾ ਮੋਟਾ ਮੂਹਰੇ ਬੋਲਣ ਲੱਗੀ ਐਂ ਤੇਰੇ-ਤੂੰ ਤਾਂ ਬਥੇਰੀ ਕੀਤੀ ਐ ਹੁਣ ਤੱਕ ਮੇਰੇ ਮੂੰਹ ਨਾਲ! ਸਾਰੀ ਉਮਰ ਜੁੱਤੀ ਹੇਠ ਰੱਖਿਐ ਮੈਨੂੰ!'' ਬੇਬੇ ਨੇ ਪੁਰਾਣੇ ਸ਼ਿਕਵੇ ਉਧੇੜਨੇ ਸ਼ੁਰੂ ਕਰ ਦਿੱਤੇ।

–''ਤੂੰ ਮੈਥੋਂ ਕਿਤੇ ਹੁਣ ਤਾਂ ਨ੍ਹੀ ਲਿਵਤਰੇ ਖਾਣੇ...? ਨਹੀਂ ਸਰਦਾ ਹੁਣ ਤੇਰਾ?'' ਬਾਪੂ ਸੀਟ ਤੋਂ ਇਕ ਦਮ ਪਿੱਛੇ ਨੂੰ ਉਲਰਿਆ। ਜਿਵੇਂ ਸੱਜਰ ਸੂਈ ਮੱਝ ਕੱਟਰੂ ਵੱਲ ਹੇਲ਼ੀਆਂ ਲੈ-ਲੈ ਜਾਂਦੀ ਹੈ।

–''ਬੱਸ ਵੀ ਕਰ ਬਾਪੂ...! ਬਥੇਰਾ ਬੇਬੇ ਨੇ ਖੱਪਰ ਖਿਉਂਇਐਂ! ਇਹ ਵੀ ਝੂਠੀ ਨ੍ਹੀ।'' ਹਰਦੇਵ ਨੇ ਵਰਜਿਆ।

–''ਨਹੀਂ ਹਰਦੇਵ ਸਿਆਂ! ਇਹਦੇ ਢਿੱਡ ਪੀੜ ਹੋਣ ਲੱਗਪੀ ਐ-ਹੁਣ ਮੈਨੂੰ ਮੈਦ ਐ ਇਹ ਚੂਰਨ ਭਾਲ਼ਦੀ ਐ-ਮੈਂ ਬੁੱਢੀਆਂ ਹੱਡੀਆਂ ਦੇਖ ਕੇ ਚੁੱਪ ਕਰ ਜਾਨੈਂ-ਬਈ ਹੁਣ ਜੁੜਨੀਆਂ ਨ੍ਹੀ! ਪਰ ਕਾਹਨੂੰ...? ਜਿੰਨਾਂ ਚਿਰ ਇਹਨੂੰ ਬੱਕਲ਼ ਨਾ ਚਾਰਾਂ-ਇਹ ਕੌੜ ਮੱਝ ਮਾਂਗੂੰ ਅੜਾਹਟ ਈ ਪਾਈ ਜਾਂਦੀ ਰਹਿੰਦੀ ਐ।''

–''ਗੱਲ ਕੀ ਕਰਦੇ ਸੀ? ਤੋਰ ਕੇ ਕਿੱਧਰ ਨੂੰ ਬਹਿ ਗਿਆ, ਚੌਰਾ!'' ਬੇਬੇ ਬਾਜ਼ ਨਹੀਂ ਆ ਰਹੀ ਸੀ।

-''ਲਾ ਕੇ ਘੁੱਟ ਮੂੰਹ ਨੂੰ-ਲੱਗ ਪਿਆ ਕੁੱਤੇ ਮਾਂਗੂੰ ਭੌਂਕਣ! ਮੂਹਰਲੀ ਸੀਟ 'ਤੇ ਬੈਠੈ ਅੜਿਆ-ਜਿਵੇਂ ਵਾੜ 'ਚ ਬਿੱਲਾ ਫ਼ਸਿਆ ਹੁੰਦੈ! ਸ਼ਰਮ ਦਾ ਘਾਟਾ! ਤੂੰ ਕਿਸੇ ਜੁਆਕ ਨੂੰ ਮੂਹਰੇ ਬਹਿਣ ਦੇ-ਚੁੱਪ ਕਰਕੇ ਪਿੱਛੇ ਨ੍ਹੀ ਬੈਠਾ ਜਾਂਦਾ?''

-''ਤੂੰ ਕਰਜਾ ਚੁੱਪ...! ਮਾਰ ਕੇ ਬੋਤਲ ਮੱਥੇ 'ਚ-ਟੀਕ ਚਲਾਦੂੰ!'' ਬਾਪੂ ਫਿਰ ਪਹਿਲਣ ਝੋਟੀ ਵਾਂਗ ਵੱਟ ਜਿਹਾ ਕਰਨ ਲੱਗ ਪਿਆ। ਉਹ ਜਾੜ੍ਹ ਘੁੱਟ ਕੇ ਪਿੱਛੇ ਨੂੰ ਹੂਰਾ ਲੈ ਕੇ ਜਾਂਦਾ ਸੀ।

-''ਬਾਪੂ ਜੀ, ਤੁਸੀਂ ਹੁਣ ਚੁੱਪ ਵੀ ਕਰਜੋ...!'' ਹਰਦੇਵ ਨੇ ਖਿਝ ਕੇ ਕਿਹਾ। ਸ਼ਾਇਦ ਉਹ ਬਾਪੂ ਅੱਗੇ ਪਹਿਲੀ ਵਾਰ ਅੱਕਰਾ ਬੋਲਿਆ ਸੀ। ਬਾਕੀ ਸਾਰੇ ਭੈਣ ਭਾਈ ਚੁੱਪ ਸਨ। ਉਹ ਕਲੇਸ਼ ਦੇ ਇਕ ਤਰ੍ਹਾਂ ਨਾਲ਼ ਆਦੀ ਹੋ ਚੁੱਕੇ ਸਨ।

-''ਨਹੀਂ ਹਰਦੇਵ ਸਿਆਂ...! ਤੈਨੂੰ ਇਹਦੇ ਮਤੇ ਦਾ ਨ੍ਹੀ ਪਤਾ! ਇਹ ਨ੍ਹੀ ਹੱਟਦੀ-ਜਿੰਨਾ ਚਿਰ ਇਹਨੂੰ ਤੱਤਾ ਠੰਢਾ ਨਾ ਪਵੇ-ਹੁਣ ਕਰਗੀ ਨਾ ਚੁੱਪ? ਬਈ ਜਬਾੜਿਆਂ 'ਚ ਗਿਲਾਸ ਆਊ-ਕਰਦੀ ਕੀ ਫਿਰਦੀ ਐ, ਮੱਚੜ ਜੀ!''

-''ਤੁਸੀਂ ਘਰੇ 'ਕੱਲੇ ਕਿਵੇਂ ਕੱਟਦੇ ਹੋਵੋਂਗੇ? ਸਾਡੇ ਬੈਠਿਆਂ ਤੋਂ ਨ੍ਹੀ ਹੱਟਦੇ?''

-''ਘਰੇ...? ਰੱਬ ਰੱਬ ਕਰ! ਘਰੇ 'ਕੱਲੀ ਇਹ ਕੁਸਕਦੀ ਨ੍ਹੀ, ਮਖ ਜਮਾਂ ਈ ਨ੍ਹੀ ਕੁਸਕਦੀ...! ਇਹਨੂੰ ਪਤੈ ਬਈ ਜੁੱਤੀ ਸਿਰ 'ਚ ਆਊ।''

-''ਚਲੋ, ਬੱਸ ਵੀ ਕਰੋ ਹੁਣ...!'' ਹਰਦੇਵ ਨੇ ਗੱਲ ਹਾਸੇ ਵਿਚ ਪਾ ਲਈ।

ਉਹਨਾਂ ਨੇ ਰਸਤੇ 'ਚ ਖੜ੍ਹ ਕੇ ਹੋਟਲ ਤੋਂ ਰੋਟੀ ਖਾਧੀ। ਜਾਗਰ ਸਿਉਂ ਪੂਰੀ ਬੋਤਲ ਸੂਤ ਕੇ ਅਤੇ ਰੋਟੀ ਖਾ ਕੇ ਘੁਰਾੜ੍ਹੇ ਮਾਰਨ ਲੱਗ ਪਿਆ ਸੀ। ਸਾਰੀ ਰਾਤ ਸਫ਼ਰ ਕਰਕੇ ਸਵੇਰੇ ਨੌਂ ਕੁ ਵਜੇ ਉਹ ਪਿੰਡ ਪਹੁੰਚੇ।

ਥੱਕੇ ਹੋਣ ਕਾਰਨ ਸਾਰੇ ਸੌਂ ਗਏ।

ਆਥਣ ਦੇ ਚਾਰ ਕੁ ਵਜੇ ਸਾਰੇ ਉਠੇ। ਅਜੇ ਉਹ ਮੂੰਹ ਹੱਥ ਹੀ ਧੋ ਰਹੇ ਸਨ। ਹਰਦੇਵ ਨਹਾਉਣ ਵੜਿਆ ਹੋਇਆ ਸੀ। ਅਚਾਨਕ ਜੁਗਾੜ ਸਿਉਂ ਪਹੁੰਚ ਗਿਆ। ਜਾਗਰ ਸਿਉਂ ਨੂੰ ਚੱਕਰ ਆਇਆ। ਉਹ ਧੁਰੋਂ ਹਿੱਲ ਗਿਆ।

ਉਸ ਦਾ ਰੰਗ ਉਡ ਗਿਆ ਸੀ ਕਿ ਇਹ ਸਾਲ਼ਾ ਜਮਦੂਤ ਅੱਜ ਕਿੱਧਰੋਂ ਆ ਵੜਿਆ? ਨਾ ਅੱਗੇ, ਨਾ ਪਿੱਛੇ? ਹਰਦੇਵ ਅਜੇ ਗੁਸਲਖਾਨੇ ਦੇ ਵਿਚ ਹੀ ਸੀ। ਸ਼ਾਇਦ ਜੁਗਾੜ ਸਿਉਂ ਨੂੰ ਇਹ ਨਹੀਂ ਪਤਾ ਸੀ ਕਿ ਹਰਦੇਵ ਅਤੇ ਮੀਤੀ ਦਾ ਤਲਾਕ ਹੋ ਗਿਆ ਸੀ। ਹਰਦੇਵ ਜਦੋਂ ਨਹਾ ਕੇ ਬਾਹਰ ਨਿਕਲਿਆ ਤਾਂ ਉਸ ਦਾ ਚਿਹਰਾ ਵੀ ਜੁਗਾੜ ਸਿਉਂ ਨੂੰ ਦੇਖ ਕੇ ਪੀਲ਼ਾ ਪੈ ਗਿਆ। ਉਸ ਨੂੰ ਸੁੱਝ ਨਹੀਂ ਰਿਹਾ ਸੀ ਕਿ ਹੁਣ ਕੀ ਬਹਾਨਾ ਲੱਭਿਆ ਜਾਵੇ? ਉਸ ਨੇ ਆਪਣੇ ਛੋਟੇ ਭਾਈ ਨੂੰ ਇਸ਼ਾਰੇ ਨਾਲ਼ ਕੋਲ਼ ਸੱਦਿਆ।

-''ਆਹ ਕੰਜਰ ਕਿੱਥੋਂ ਆ ਗਿਆ...?'' ਹਰਦੇਵ ਦਾ ਚੋਰ ਮਨ ਕੰਬੀ ਜਾ ਰਿਹਾ ਸੀ।

-''ਪਤਾ ਨ੍ਹੀ...!''

-''ਇਹ ਪਹਿਲਾਂ ਵੀ ਆਉਂਦਾ ਹੁੰਦੈ?''

-''ਕਦੇ ਕਦੇ ਆ ਈ ਜਾਂਦੈ!''

-''ਇਹਨੂੰ ਸਾਡੇ ਤਲਾਕ ਬਾਰੇ ਪਤੈ?''

-''ਰੱਬ ਜਾਣੇ...!''

-''ਤੂੰ ਬਾਪੂ ਨੂੰ ਮੇਰੇ ਕੋਲ਼ੇ ਭੇਜ, ਜਲਦੀ!'' ਉਹਨਾਂ ਨੇ ਬੜੀ ਤੇਜ਼ੀ ਨਾਲ਼ ਸੰਖੇਪ ਗੱਲਾਂ ਕੀਤੀਆਂ ਸਨ। ਸੁਨੇਹੇਂ ਦੇ ਨਾਲ਼ ਹੀ ਬਾਪੂ ਹਰਦੇਵ ਕੋਲ਼ ਆ ਗਿਆ।

-''ਕੀ ਗੱਲ ਐ...?''

-''ਬਾਪੂ! ਇਹ ਭੈਣ ਚੋਦ ਕਿੱਧਰੋਂ ਆ ਗਿਆ?''

-''ਤੇਰੇ ਆਉਣ ਬਾਰੇ ਤਾਂ ਕਿਸੇ ਨੂੰ ਪਤਾ ਨ੍ਹੀ-ਇਹ ਤਾਂ ਊਂਈਂ ਆ ਗਿਆ ਹੋਣੈਂ? ਦਾਰੂ ਦਾ ਲਾਲਚੀ ਐ-ਹੋਰ ਇਹਨੂੰ ਕੋਈ ਕੰਮ ਐਂ?''

-''ਬਾਪੂ! ਇਹਨੂੰ ਦਾਰੂ ਦੱਪਾ ਛਕਾ ਕੇ ਤੋਰ! ਇਹ ਮੇਰਾ ਸਾਲ਼ਾ ਆਪਣੇ ਵਿਆਹ 'ਚ ਘੋਟਣਾ ਨਾ ਖੜਕਾ ਦੇਵੇ?'' ਹਰਦੇਵ ਨੇ ਮਨ ਦਾ ਡਰ ਦੱਸਿਆ।

-"ਇਹਦੀ ਮਾਂ ਦੀ...! ਤੂੰ ਬਹਿਮ ਨਾ ਮੰਨ! ਮੈਂ ਕਰਦੈਂ ਇਹਦਾ ਇੰਤਜਾਮ! ਇਹ ਚੌਰਾ ਤਾਂ ਦਾਰੂ ਦਾ ਲਾਲਚੀ ਐ-ਇਹਨੂੰ ਘੁੱਟ ਲੁਆ ਕੇ ਸਾਰੀ ਗੱਲ ਈ ਦੱਸ ਦਿਆਂਗੇ-ਆਪਣਾ ਇਹ ਕੀ ਬੈਂਗਣ ਫੜ ਲਊ? ਠਾਣੇਦਾਰ ਨਾਲ਼ ਮੇਰੀ ਚੰਗੀ ਸੱਥਰੀ ਪੈਂਦੀ ਐ-ਬਾਹਲ਼ਾ ਗਿਆ-ਤੇਰੇ ਰਹਿਣ ਤੱਕ ਸਾਲ਼ੇ ਨੂੰ ਹਵਾਲਾਟ 'ਚ ਈ ਰੱਖਾਂਗੇ...!" ਕਹਿ ਕੇ ਬਾਪੂ ਨੇ ਹਰਦੇਵ ਦਾ ਮਨ ਹਲਕਾ ਕਰ ਦਿੱਤਾ। ਉਹ ਸ਼ਾਂਤ ਹੋ ਗਿਆ। ਠਾਣੇਦਾਰ ਨਾਲ਼ ਯਾਰੀ ਸੁਣ ਕੇ ਉਹ ਹੌਲ਼ਾ ਫੁੱਲ ਹੀ ਤਾਂ ਹੋ ਗਿਆ ਸੀ। ਢੰਗ ਜਿਹੇ ਨਾਲ਼ ਜਾਗਰ ਸਿਉਂ ਨੇ ਜੁਗਾੜ ਸਿਉਂ ਨੂੰ ਬਾਹਰਲੇ ਕਮਰੇ ਵਿਚ ਲਿਆ ਬਿਠਾਇਆ। ਵਿਸਕੀ ਦੀ ਬੋਤਲ ਅਤੇ ਅਚਾਰ ਦੀ ਕੌਲੀ ਉਸ ਦੇ ਅੱਗੇ ਰੱਖ ਦਿੱਤੀ। ਬੋਤਲ ਜੁਗਾੜ ਸਿਉਂ ਨੇ ਭੁੱਖਿਆਂ ਵਾਂਗ ਬੁੱਚ੍ਹੀ। ਵਿਸਕੀ ਦੇਖ ਕੇ ਉਸ ਦੀਆਂ ਲਾਲ਼ਾਂ ਵਗ ਤੁਰੀਆਂ ਸਨ।

-"ਜਾਗਰ ਸਿਆਂ, ਆਹ ਤਾਂ ਬਈ ਕਮਾਲ ਈ ਕਰਤੀ...! ਬਾਹਰਲੀ ਲੱਗਦੀ ਐ?" ਉਸ ਨੇ ਬੋਤਲ ਚੁੱਕ ਕੇ ਫ਼ੋਟੋ ਲਾਹੁੰਣ ਵਾਲ਼ਿਆਂ ਵਾਂਗ ਦੇਖੀ। ਜਿਵੇਂ ਜੁਗਾੜ ਸਿਉਂ ਨੂੰ ਕੁਝ ਗੁਆਚਿਆ ਥਿਆ ਗਿਆ ਸੀ। ਉਸ ਨੂੰ ਗਧੇ ਵਾਂਗ ਹੀਂਗਣਾਂ ਛੁੱਟ ਪਿਆ ਸੀ। ਉਹ ਬੇਥਾਹ ਖ਼ੁਸ਼ ਸੀ।

-"ਆਹੋ...! ਅੱਜ ਤੇਰਾ ਭਤੀਜਾ ਵਲੈਤੋਂ ਆਇਐ, ਹਰਦੇਵ ਸਿਉਂ! ਮੈਂ ਵੀ ਕੱਲ੍ਹ ਦਾ ਦਿੱਲੀ ਗਿਆ ਸੀ, ਉਹਨੂੰ ਲੈਣ! ਅੱਜ ਸਾਝਰੇ ਈ ਆਏ ਐਂ-ਆ ਕੇ ਸੌਂ ਗਏ-ਤੇ ਆਹ ਹੁਣੇ ਈ ਉਠੇ ਐਂ!"

-"ਅੱਛਾ...? ਫੇਰ ਤਾਂ ਬਈ ਵਧਾਈਆਂ, ਜਾਗਰ ਸਿਆਂ! ਮੈਂ ਵੀ ਸੋਚਿਆ ਬਈ ਆਹ ਗਿਰਝ ਮੂੰਹੀਂ ਆਪਣੇ ਆਲ਼ੇ ਦੇਸ਼ ਦੀ ਤਾਂ ਲੱਗਦੀ ਨ੍ਹੀ-ਇਹ ਤਾਂ ਕੋਈ ਬਾਹਰਲੀ ਗਿੱਦੜਸਿੰਗੀ ਐ!" ਉਹ ਵਿਸਕੀ ਦੇਖ ਕੇ ਬਾਂਦਰ ਵਾਂਗ ਲਾਚੜ ਗਿਆ ਸੀ। ਉਸ ਨੇ ਹਲ਼ਕਿਆਂ ਵਾਂਗ ਬੋਤਲ ਦੀ ਸੀਲ ਤੋੜੀ ਅਤੇ ਗਿਲਾਸ ਭਰ ਕੇ ਸ਼ਰਬਤ ਵਾਂਗ ਸੂਤ ਗਿਆ। ਸੁੱਕੀ ਵਿਸਕੀ ਨੇ ਉਸ ਨੂੰ ਪੱਠਾ ਲਾ ਦਿੱਤਾ ਸੀ। ਉਸ ਨੇ ਅਚਾਰੀ ਮਿਰਚ ਮੂੰਹ ਵਿਚ ਪਾਈ ਤਾਂ ਕੁੜੱਤਣ ਨਾਲ਼ ਉਸ ਦਾ ਮੂੰਹ ਆਪਦੇ ਆਪ ਹੀ ਖੁੱਲ੍ਹ ਗਿਆ।

-"ਬੜੀ ਖੱਟਰ ਐ ਸਾਲੀ...!" ਉਸ ਨੂੰ ਧੁੜਧੜੀ ਆਈ।

-"ਜੁਗਾੜ ਸਿਆਂ, ਬਾਹਰਲੀ ਐ...!" ਜਾਗਰ ਨੇ ਕਿਹਾ। ਉਹ ਜੁਗਾੜ ਸਿਉਂ ਨੂੰ ਭੁਚਾਲ ਵਿਚ ਪਾਉਣ

ਲਈ 'ਰੈੱਡ ਨਾਈਟ' ਦੀ ਬੋਤਲ ਨੂੰ ਹੀ 'ਬਾਹਰਲੀ' ਦੱਸੀ ਜਾ ਰਿਹਾ ਸੀ।

-"ਤਾਂਹੀ ਤਾਂ ਦੁਨੀਆਂ ਬਾਹਰਲੀਆਂ ਚੀਜਾਂ ਦੀ ਸਿਫ਼ਤ ਕਰਦੀ ਐ! ਆਪਣੇ ਤਾਂ ਮੇਰੇ ਸਹੁਰੇ ਨਿਰਾ ਈ ਪਾਣੀ ਮੱਥੇ ਮਾਰਦੇ ਐ-ਨਾ ਨਸ਼ਾ, ਨਾ ਸੁਆਦ! ਆਹ ਦੇਖ ਤਾਂ, ਅਜੇ ਇਕ ਈ ਅੰਦਰ ਸਿੱਟਿਐ, ਤਰਾਰੇ ਬੰਨ੍ਹਤੇ ਸੁਰਗਾਂ ਨੂੰ ਜਾਣੀ ਨੇ! ਵਾਹ ਨੀ ਅੰਗਰੇਜ ਗੌਰਮਿੰਟੇ! ਨਹੀਂ ਰੀਸਾਂ ਤੇਰੀਆਂ...! ਐਮੇ ਤਾਂ ਨ੍ਹੀ ਸਾਲ਼ੇ ਸਾਰੇ ਸੰਸਾਰ 'ਤੇ ਰਾਜ ਕਰਗੇ? ਕਹਿੰਦੇ ਉਹਨਾਂ ਦੇ ਰਾਜ 'ਚ ਸੂਰਜ ਨ੍ਹੀ ਸੀ ਛਿਪਦਾ? ਐਹੋ ਜੀ ਦਾਰੂ ਪੀ ਕੇ ਡਮਾਕ ਈ ਤਰ ਹੋਣੇ ਐਂ? ਆਪਣੇ ਆਲ਼ੀ ਪੀ ਕੇ ਤਾਂ ਬੰਦਾ ਗੱਲ ਕਰਦਾ ਭੁੱਲ ਜਾਂਦੈ-ਨਿਰੀ ਖ਼ੁਸ਼ਕੀ ਦਾ ਘਰ! ਕਿੱਥੇ ਐ ਸਾਡਾ ਭਤੀਜ...?" ਉਸ ਨੇ ਦੂਜਾ ਗਿਲਾਸ ਭਰਦਿਆਂ ਪੁੱਛਿਆ।

-"ਲਿਆ ਪਿਆਰ ਦੇਈਏ ਉਹਨੂੰ-ਜਿਉਂਦਾ ਵਸਦਾ ਰਹੇ, ਭਾਈ!" ਉਸ ਨੇ ਦੂਜਾ ਗਿਲਾਸ ਅੰਦਰ ਡੋਲ੍ਹਦਿਆਂ ਕਿਹਾ।

-"ਉਏ ਹਰਦੇਵ ਸਿਆਂ...!" ਜਾਗਰ ਸਿੰਘ ਨੇ ਅਵਾਜ਼ ਮਾਰੀ।

-"ਹਾਂ ਬਾਪੂ ਜੀ...?"

-"ਉਰੇ ਆ ਬਈ ਪੁੱਤਰਾ! ਲਾ ਪੈਰੀਂ ਹੱਥ ਆਬਦੇ ਚਾਚਾ ਜੀ ਦੇ!" ਜਾਗਰ ਨੇ ਕਿਹਾ।

-"ਸਾਸਰੀਕਾਲ ਚਾਚਾ ਜੀ!" ਹਰਦੇਵ ਨੇ ਆ ਕੇ ਜੁਗਾੜ ਸਿਉਂ ਦੇ ਵੱਡੇ ਵੱਡੇ ਗੋਡੇ ਛੂਹੇ। ਜੁਗਾੜ ਸਿਉਂ ਨੇ ਉਸ ਨੂੰ ਪਹਿਚਾਣਿਆਂ ਹੀ ਨਾ। ਉਸ ਨੇ ਤਾਂ ਹਰਦੇਵ ਕੋਹੜ ਕਿਰਲ਼ੇ ਵਰਗਾ ਦੇਖਿਆ ਸੀ? ਹੁਣ ਤਾਂ ਹਰਦੇਵ ਸਿਉਂ ਰਿੱਛ ਵਰਗਾ ਹੋਇਆ ਪਿਆ ਸੀ।

-"ਉਏ ਤੂੰ ਹਰਦੇਵ ਸਿਉਂ ਐਂ?" ਜੁਗਾੜ ਸਿਉਂ ਹੈਰਾਨ ਸੀ ਕਿ ਖਲਪਾੜ ਵਰਗਾ ਹਰਦੇਵ ਤਾਂ ਬੋਹੜ ਦੇ ਮੁੱਛ ਵਰਗਾ ਨਿਕਲਿਆ ਪਿਆ ਸੀ।

-"ਆਹੋ ਚਾਚਾ ਜੀ...! ਪਛਾਣਿਆਂ ਨਹੀਂ?" ਉਹ ਹੱਸ ਪਿਆ।

-"ਅਸਲ 'ਚ ਬਿਆਹ ਤਾਂ ਤੈਨੂੰ ਲੱਗਿਐ ਹਰਦੇਵ ਸਿਆਂ...!" ਜੁਗਾੜ ਸਿਉਂ ਨੇ ਆਖਿਆ ਤਾਂ ਦੋਵੇਂ ਪਿਉ

ਪੁੱਤ ਚੁੱਪ ਹੋ ਗਏ। ਜੁਗਾੜ ਸਿਉਂ ਨੇ ਉਹਨਾਂ ਦਾ ਦੁਖਦਾ ਪਾਸਾ ਹੀ ਤਾਂ ਛੇੜ ਲਿਆ ਸੀ। ਕੁਥਾਂ ਤੋਂ ਰੁੱਝੀ ਤੇ ਸਹੁਰਾ ਹਕੀਮ ਵਾਲੀ ਗੱਲ ਹੋ ਗਈ ਸੀ। ਉਹਨਾਂ ਨੂੰ ਚੁੱਪ ਜਿਹਾ ਦੇਖ ਕੇ ਜੁਗਾੜ ਸਿਉਂ ਨੇ ਹੀ ਪਹਿਲ ਕੀਤੀ।

-''ਕੱਲਾ ਈ ਆਇਐਂ...? ਮੀਤੋ ਨ੍ਹੀ ਆਈ?''

-''ਹਾਂ ਚਾਚਾ ਜੀ, 'ਕੱਲਾ ਈ ਆਇਐਂ-।''

-''ਤੂੰ ਪੈੱਗ ਸ਼ੈੱਗ ਲਾ ਜੁਗਾੜ ਸਿਆਂ-ਮੈਂ ਹਰਦੇਵ ਸਿਉਂ ਨੂੰ ਟੈਚੀ ਦੀ ਚਾਬੀ ਦੇ ਆਵਾਂ-ਉਹਦੇ 'ਚ ਇਹਦਾ ਲੀੜਾ ਲੱਤਾ ਐ!'' ਤੇ ਜਾਗਰ ਸਿਉਂ ਹਰਦੇਵ ਨੂੰ ਬਹਾਨੇ ਨਾਲ਼ ਹੀ ਪਾਸੇ ਲੈ ਗਿਆ।

-''ਤੂੰ ਚਿੰਤਾ ਨਾ ਕਰ ਸ਼ੇਰਾ...! ਐਹੋ ਜੇ ਮੇਰੇ ਬੜੇ ਖਾਧੇ ਪੀਤੇ ਵੇ ਐ-ਮੈਂ ਫੇਰ ਵੀ ਪੁਰਾਣਾ ਪੁਲਸੀਆ ਘੁਲਾਟੀਐਂ! ਤੂੰ ਇਹਨੂੰ ਦੋ ਚਾਰ ਪੈੱਗ ਲਾ ਲੈਣ ਦੇ-ਇਹ ਤਾਂ ਸਾਲਾ ਬਾਂਦਰ ਮਾਂਗੂੰ ਆਪਣੀ ਬੰਸਰੀ 'ਤੇ ਈ ਨੱਚੂ! ਅੱਖੀਂ ਦੇਖ ਲਈਂ-ਤੂੰ ਇਹਨੂੰ ਮਾੜਾ ਜਿਆ ਲੋਟ ਹੋ ਲੈਣ ਦੇ-ਮੈਂ ਆਪੇ ਗੱਲ ਚਲਾਊਂ-ਤੂੰ ਨਾ ਬੋਲੀਂ!'' ਜਾਗਰ ਨੇ ਉਸ ਨੂੰ ਕੰਨ ਜਿਹੇ ਕੀਤੇ ਅਤੇ ਜੁਗਾੜ ਸਿਉਂ ਕੋਲ਼ ਵਾਪਿਸ ਆ ਗਿਆ। ਜਦੋਂ ਜਾਗਰ ਜੁਗਾੜ ਸਿਉਂ ਕੋਲ਼ ਆਇਆ ਤਾਂ ਉਹ ਪੂਰੇ ਰੰਗਾਂ ਵਿਚ ਹੋਇਆ ਬੈਠਾ ਸੀ।

-''ਤੂੰ ਬਾਹਵਾ ਚਿਰ ਹੋ ਗਿਆ-ਗੇੜਾ ਈ ਨ੍ਹੀ ਮਾਰਿਆ? ਕਿਹੜੀ ਕੂਟੀਂ ਚੜ੍ਹ ਗਿਆ ਸੀ?''

-''ਬੱਸ ਬਾਈ ਜਾਗਰਾ, ਜਾਣਾ ਕਿੱਥੇ ਸੀ? ਮੁੱਲਾਂ ਦੀ ਦੌੜ ਮਸੀਤਾਂ ਤਾਈਂ...! ਤੇਰੇ ਮੇਰੇ ਅਰਗੇ ਕਿਸੇ ਭਰਾ ਦਾ ਕੰਮ ਅੜਿਆ ਪਿਆ ਸੀ, ਕਬਜੇ ਆਲ਼ਾ! ਉਥੇ ਈ ਰਿਹੈਂ ਦੋ ਕੁ ਮਹੀਨੇ!''

-''ਕਿਸੇ ਆਪਣੇ ਬੰਦੇ ਦਾ?''

-''ਨਹੀਂ ਦੂਰ ਸੀ! ਹਰਿਆਣੇ 'ਚ! ਪਹਿਲਾਂ ਤਾਂ ਮੇਰੇ ਸਾਲ਼ੇ ਕਬਜਾ ਨ੍ਹੀ ਛੱਡਦੇ ਸੀ-ਫੇਰ ਜਦੋਂ ਕਬਜਾ ਲੈ ਲਿਆ-ਫੇਰ ਮੇਰੇ ਛੋਕਰੀ ਦੇਣੇ ਕਦੇ ਪਾਣੀ ਵੱਢ ਲਿਆ ਕਰਨ-ਕਦੇ ਕੋਈ ਕੰਜਰਖਾਨਾ-ਕਦੇ ਕੁਛ...! ਮੈਨੂੰ ਚੜ੍ਹਗੀ ਖੁੰਧਕ! ਮੈਂ ਫੇਰ ਰਫ਼ਲ ਲੈ ਕੇ ਬਹਿ ਗਿਆ ਖੇਤ! ਬਈ ਆਓ ਥੋਡੀ ਮਾਂ ਦੀ...ਦਿੱਤਾ ਪਾਕੇ! ਬੱਸ ਫੇਰ ਤੈਨੂੰ ਪਤਾ ਈ ਐ ਬਈ ਐੱਲ ਜੀ ਦੇ ਰੌਂਦ ਮੂਹਰੇ ਕਿਹੜਾ ਖੜ੍ਹਦੈ?'' ਉਸ ਨੇ ਬੋਤਲ 'ਚੋਂ ਆਖਰੀ ਪੈੱਗ ਪਾ ਕੇ ਅੰਦਰ

ਸੁੱਟਿਆ।

-"ਇਕ ਅੱਧੀ ਸ਼ੀਸ਼ੀ ਤਾਂ ਹੋਰ ਕੱਢ! ਆਹ ਬਾਹਰਲੀ ਨ੍ਹੀ ਆਪਾਂ ਨੂੰ ਕੁਛ ਕਰਦੀ-ਨਿਸ਼ਾਦਰ ਤੇ ਸੱਕ ਆਲੀ ਦਾਰੂ ਈ ਲਿਆਉਂਦੀ ਐ ਧਰਨ ਟਿਕਾਣੇ, ਆਪਣੇ ਤਾਂ...!" ਉਸ ਨੇ ਖਾਲੀ ਬੋਤਲ ਥੱਲੇ ਰੱਖਦਿਆਂ ਆਖਿਆ।

-"ਇਕ ਕੀ? ਦੋ ਲੈ...! ਤੂੰ ਯਾਰ ਐਂ ਜੁਗਾੜ ਸਿਆਂ! ਤੇਰੇ ਉਤੋਂ ਦੀ ਜਿੰਦ ਵਾਰ ਦੀਏ!" ਜਾਗਰ ਸਿੰਘ ਅੰਦਰੋਂ ਇਕ ਦੇਸੀ ਦਾਰੂ ਦੀ ਬੋਤਲ ਧੂਹ ਲਿਆਇਆ ਅਤੇ ਬੋਤਲ ਦੇ ਮੂੰਹ 'ਚੋਂ ਮੱਕੀ ਦਾ ਗੁੱਲ ਪੱਟ ਕੇ ਅੱਗੇ ਧਰ ਦਿੱਤੀ। 'ਢੱਪ' ਦਾ ਭੜ੍ਹਾਕਾ ਸੁਣ ਕੇ ਜੁਗਾੜ ਸਿਉਂ ਬਾਂਦਰ ਵਾਂਗ ਲਾਚੜ ਗਿਆ।

-"ਤੈਨੂੰ ਪਤਾ ਈ ਹੋਣੈਂ ਬਈ ਆਪਣੇ ਹਰਦੇਵ ਸਿਉਂ ਦਾ ਜਗਤੇ ਦੀ ਕੁੜੀ ਨਾਲ਼ ਥੋੜਾ ਜਿਆ ਰੱਪੜ ਪੈ ਗਿਆ ਸੀ?" ਜਾਗਰ ਨੇ ਗਿਲਾਸ ਉਸ ਦੇ ਹੱਥ ਫ਼ੜਾਉਂਦਿਆਂ ਗੱਲ ਤੋਰੀ। ਉਹ ਤੱਤੇ ਘਾਹ ਹੀ ਫ਼ਾਲ਼ਾ ਕੁੱਟ ਦੇਣਾ ਚਾਹੁੰਦਾ ਸੀ।

-"ਨਹੀਂ, ਮੈਨੂੰ ਨ੍ਹੀ ਪਤਾ...! ਜਗਤੇ ਦੇ ਮਰੇ ਤੋਂ ਬਾਅਦ ਤਾਂ ਮੈਂ ਉਥੇ ਗਿਆ ਈ ਨਹੀਂ! ਨਾਲ਼ੇ ਮਿੱਤਰਾ ਜਾਣਾ ਵੀ ਕੀਹਦੇ ਕੋਲ਼ੇ ਐ? ਤੁਰ ਗਏ ਗੁਆਂਢੋਂ ਯਾਰ-ਹੁਣ ਆਪਣਾ ਉਥੇ ਹੈ ਵੀ ਕੀ? ਯਾਰਾਂ ਨਾਲ਼ ਈ ਬਹਾਰਾਂ ਹੁੰਦੀਐਂ ਜਾਗਰ ਸਿਆਂ! ਯਾਰ ਮਰੇ, ਪਾਸਾ ਪਲਟਿਆ! ਬੱਸ ਜਗਤੇ ਦੇ ਸਸਕਾਰ 'ਤੇ ਗਿਆ ਸੀ-ਹੁਣ ਤੇਰੇ ਨਾਲ਼ ਮੇਰਾ ਆਉਣ ਜਾਣ ਐਂ-ਤੇ ਜਿੱਦੇਂ ਤੂੰ ਤੁਰ ਗਿਆ-ਐਥੇ ਕਿਹੜੇ ਕੰਜਰ ਨੇ ਆਉਣੈਂ?" ਜੁਗਾੜ ਸਿਉਂ ਨੇ ਆਖਿਆ। ਜਾਗਰ ਸੋਚ ਰਿਹਾ ਸੀ ਕਿ ਸਾਲ਼ਿਆ, ਮੈਂ ਤਾਂ ਤੁਰ ਜਾਊਂ, ਪਰ ਤੇਰੇ ਐਥੇ ਕਿਹੜੇ ਕਿੱਲੇ ਗੱਡੇ ਹੋਏ ਐ?

-"ਜਗਤੇ ਦੀ ਕੁੜੀ ਨਾਲ ਹੋਗੀ ਸੀ ਖਟਪਟੀ-!"

-"ਆਹੋ ਸੱਚ...! ਕੀ, ਗੱਲ ਕੀ ਸੀ?" ਜੁਗਾੜ ਸਿਉਂ ਨੂੰ ਅਚਾਨਕ ਯਾਦ ਆਇਆ।

-"ਉਹ ਥੋੜੀਆਂ ਜੀਆਂ ਛੜਾਂ ਜਾਅਦੇ ਈ ਮਾਰਨ ਲੱਗਪੀ ਸੀ-।"

-"ਉਹ ਤਾਂ ਕੁੜੀ ਸਹੁਰੀ ਹੈ ਈ ਲਲੈਕ! ਗੁੱਸਾ ਨਾ ਕਰੀਂ, ਜਾਗਰਾ! ਸਹੁਰੀ ਦਾ ਘਰ ਵਸਾਇਆ-ਆਪਣੇ

ਹਰਦੇਵ ਸਿਉਂ ਦੀ ਦੱਸ ਪਾਈ-ਗੋਹਲ ਅਰਗਾ ਮੁੰਡਾ ਲੱਭ ਕੇ ਦਿੱਤਾ-ਕਦੇ ਸਹੁਰੀ ਨੇ ਕੋਈ ਚਿੱਠੀ ਪੱਤਰ ਨ੍ਹੀ ਪਾਇਆ-ਹੋਰ ਨ੍ਹੀ ਤਾਂ ਬੰਦਾ ਸੋਚ ਕਰਦੈ! ਬਈ ਇਹਨਾਂ ਨੇ ਮੇਰਾ ਘਰ ਵਸਾਇਐ-ਚਲੋ ਪੰਜ ਸੱਤ ਸੌ ਰੁਪਈਆ ਈ ਭੇਜ ਦੇਈਏ? ਪਰ ਨ੍ਹਾਂ...! ਕੋਈ ਅਕਲ ਈ ਨੀ ਸਹੁਰੀ ਨੂੰ! ਆਬਦਾ ਕੀਤਾ ਪਾ ਲਿਆ-ਆਪਾਂ ਕੀ ਕਰ ਸਕਦੇ ਐਂ? ਕੀ, ਹੁਣ ਰੌਲ਼ਾ ਗੌਲ਼ਾ ਨਿੱਬੜਿਆ? ਜਾਂ ਅਜੇ ਵਿਚ ਵਿਚਾਲ਼ੇ ਚੱਲਦਾ ਈ ਐ?"

-"ਨਹੀਂ ਰੌਲ਼ਾ ਤਾਂ ਨਿਬੜ ਗਿਆ-ਤਲਾਕ ਮੰਗਦੀ ਸੀ-।"

-"ਦੇ ਕੇ ਪਰਾਂਹ ਕਰਨਾ ਸੀ...! ਕੀ ਕਰਾਉਣੈਂ ਐਹੋ ਜੀ ਤੋਂ?"

-"ਦੇ ਦਿੱਤਾ...! ਤਲਾਕ ਤਾਂ ਦੇ ਦਿੱਤਾ-!" ਜਾਗਰ ਸੋਚ ਰਿਹਾ ਸੀ ਕਿ ਦਾਰੂ ਵੀ ਕੀ ਚੀਜ਼ ਹੈ? ਸਾਰੀ ਉਮਰ ਜਗਤੇ ਨਾਲ਼ ਖਾਂਦਾ ਖਾਂਦਾ, ਅੱਜ ਉਸ ਦੀ ਕੁੜੀ ਦੇ ਵਿਰੁੱਧ ਹੀ ਹੋਇਆ ਬੈਠੈ ਕੰਜਰ! ਇਸ ਬੰਦੇ ਦਾ ਵੀ ਕੋਈ ਇਤਬਾਰ ਨਹੀਂ!

-"ਵਧੀਆ ਕੀਤਾ...! ਫੇਰ?"

-"ਫੇਰ ਕੀ...? ਖਰਚਾ ਬਰਚਾ ਮੰਗਦੀ ਸੀ-।"

-"ਖੌਂਸੜਾ ਲਾਹ ਲੈਣਾ ਸੀ ਅੱਗਿਓਂ! ਮੰਗਦੀ ਸੀ ਖਰਚਾ...! ਖਰਚੇ ਨੂੰ ਟਾਟੇ ਆਲ਼ੀ ਮਿੱਲ੍ਹ ਐ ਸਾਡੇ ਕੋਲ਼ੇ?"

-"ਚਲੋ ਫੇਰ ਵੀ ਆਪਣੇ ਹਰਦੇਵ ਸਿਉਂ ਨੇ ਸਿਆਣਪ ਕੀਤੀ-ਖਰਚਾ ਬਰਚਾ ਦੇ ਕੇ ਖਹਿੜਾ ਛੁਡਾ ਲਿਆ।"

-"ਚਲੋ...! ਖਹਿੜਾ ਛੁੱਟਣਾਂ ਚਾਹੀਦੈ-ਜੇ ਚਾਰ ਪੈਸੇ ਲੱਗ ਵੀ ਗਏ-ਫੇਰ ਕੀ ਹੋ ਗਿਆ? ਆਪਣੇ ਹਰਦੇਵ ਸਿਉਂ ਦੇ ਪੈਰ ਤਾਂ ਲੱਗੇ ਬਾਹਰਲੇ ਮੁਲਖ 'ਚ...! ਹੁਣ ਇਹਦਾ ਫੇਰ ਵਿਆਹ ਕਰੇਂਗਾ?" ਜੁਗਾੜ ਸਿਉਂ ਦੇ ਆਖਣ 'ਤੇ ਜਾਗਰ ਸਮਝ ਗਿਆ ਕਿ ਹੁਣ ਉਹ ਅਗਲੀ ਸਾਮੀਂ ਖਰੀ ਕਰਨੀ ਚਾਹੁੰਦਾ ਸੀ। ਉਸ ਨੇ ਜੁਗਾੜ ਸਿਉਂ ਨੂੰ ਮਨ ਅੰਦਰ ਭੈੜੀ ਗਾਹਲ ਕੱਢੀ। ਸਾਲ਼ਾ ਕੁੱਤੇ ਦਾ! ਸਾਲ਼ਿਆ ਅੱਗੇ ਮਜਬੂਰੀ ਸੀ, ਹੁਣ ਤੇਰੇ ਅਰਗੇ ਚਗਲ਼ ਨੂੰ ਮੈਂ

ਦੇਹਲ਼ੀ 'ਤੇ ਪੈਰ ਨ੍ਹੀ ਧਰਨ ਦਿੰਦਾ। ਹੁਣ ਹਰਦੇਵ ਸਿਉਂ ਇੰਗਲੈਂਡ 'ਚ ਪੱਕਾ! ਤੈਥੋਂ ਕੰਜਰ ਤੋਂ ਹੁਣ ਅਸੀਂ ਜਰੂਰੀ ਖੁਰ-ਵੱਢ ਕਰਵਾਉਣੀਂ ਐਂ? ਹੁਣ ਤਾਂ ਹਰਦੇਵ ਸਿਉਂ ਦੇ ਮਗਰ ਰਿਸ਼ਤੇ ਗੋਲ਼ੀ ਬਣੇ ਆਉਣਗੇ! ਤੇਰੀਆਂ ਲਾਲ਼ਾਂ ਜਮਾਂ ਨੀ ਚੱਟਦੇ!

-"ਵਿਆਹ ਦਾ ਅਜੇ ਤਾਂ ਕੋਈ ਇਰਾਦਾ ਹੈਨੀ!"

-"ਚੱਲ...! ਇਹ ਕਿਹੜਾ ਬੁੜ੍ਹਾ ਹੋ ਚੱਲਿਐ-ਨਾਲ਼ੇ ਵਲੈਤ ਦੇ ਨਾਂ ਨੂੰ ਤਾਂ ਚਾਹੇ ਇਹ ਪੰਜਾਹ ਸਾਲਾਂ ਦਾ ਹੋ ਕੇ ਕਰਵਾ ਲਵੇ! ਕੋਈ ਪੁੱਛਦਾ ਗਿਛਦਾ ਨ੍ਹੀ!"

ਜੁਗਾੜ ਸਿਉਂ ਅੱਧੀ ਰਾਤ ਤੱਕ ਦਾਰੂ ਪੀਂਦਾ ਰਿਹਾ। ਬੱਕਰਾ ਚੂੰਡਦਾ ਰਿਹਾ। ਉਸ ਤੋਂ ਬਾਅਦ ਪੈਣ ਸਾਰ ਉਸ ਨੇ ਉਲਟੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਵਿਸਕੀ ਅਤੇ ਦੇਸੀ ਦਾਰੂ ਆਪਸ ਵਿਚ ਭਿੜ੍ਹ ਪਈਆਂ ਸਨ। ਜੁਗਾੜ ਸਿਉਂ ਦਾ ਪੇਟ ਐਨਾ ਕਰੜਾ ਨਹੀਂ ਸੀ ਕਿ ਦੋਨਾਂ ਦੀ ਧੰਗੇੜ ਝੱਲ ਜਾਂਦਾ। ਇਸ ਲਈ ਅਵੱਤ ਜਿਹੇ ਆ-ਆ ਕੇ ਉਸ ਦੀਆਂ ਨਾੜਾਂ ਇਕੱਠੀਆਂ ਹੋ ਗਈਆਂ ਸਨ। ਸਾਰੀ ਰਾਤ ਉਹ ਤਾੜੇ ਵਾਂਗ ਪਿੰਜੀਦਾ ਰਿਹਾ। ਬੈਠਕ ਵਿਚੋਂ ਬੂਅ ਮਾਰਦੀ ਸੀ। ਜਾਗਰ ਸਿੰਘ ਨੇ ਨੱਕ ਘੁੱਟ ਲਿਆ ਸੀ।

ਸਵੇਰੇ ਜਾਗਰ ਸਿਉਂ ਨੇ ਉਸ ਨੂੰ ਸੌ ਰੁਪਏ ਦੇ ਕੇ ਦਫ਼ਾ ਕਰ ਦਿੱਤਾ।

-"ਜੇ ਮੇਰੇ ਲੈਕ ਕੋਈ ਸੇਵਾ ਹੋਵੇ-ਜਰੂਰ ਦੱਸੀਂ!" ਤੁਰਦੇ ਜੁਗਾੜ ਸਿਉਂ ਨੇ ਆਖਿਆ ਸੀ।

-"ਹੋਰ ਦੱਸਣਾ ਕੀਹਨੂੰ ਐਂ?" ਜਾਗਰ ਨੇ ਹੱਸ ਕੇ ਕਿਹਾ।

ਕੁਝ ਦਿਨਾਂ ਦੇ ਵਿਚ-ਵਿਚ ਹੀ ਹਰਦੇਵ ਦੇ ਵਿਆਹ ਦੀ ਗੱਲ ਛਿੜ ਪਈ। ਦੂਰੋਂ-ਦੂਰੋਂ ਰਿਸ਼ਤੇਦਾਰ ਵਹੀਰਾਂ ਘੱਤੀ ਆ ਰਹੇ ਸਨ। ਜਿਵੇਂ ਪਸ਼ੂਆਂ ਦੀ ਮੰਡੀ ਵਿਚ ਦਲਾਲ ਆਉਂਦੇ ਅਤੇ ਭਲਵਾਨੀ ਗੇੜੇ ਦਿੰਦੇ ਹਨ। ਹਰਦੇਵ ਅਤੇ ਹਰਦੇਵ ਦਾ ਸਾਰਾ ਪ੍ਰੀਵਾਰ ਬਾਗੋਬਾਗ ਸੀ ਕਿ ਚਲੋ ਰੌਣਕ ਤਾਂ ਲੱਗੀ। ਪੁੱਛ ਗਿੱਛ ਤਾਂ ਹੋਈ। ਰਿਸ਼ਤੇਦਾਰ ਆਪਣੇ ਆਪਣੇ ਰਿਸ਼ਤਿਆਂ ਦੀਆਂ ਸਿਫ਼ਤਾਂ ਕਰ ਰਹੇ ਸਨ। ਕਿਸੇ ਦੀ ਸਾਲ਼ੀ ਸੀ। ਕਿਸੇ ਦੇ ਘਰਵਾਲ਼ੀ ਦੀ ਭੂਆ ਦੀ ਕੁੜੀ ਸੀ। ਕਿਸੇ ਦੇ ਸਹੁਰੇ ਨੇ ਪੂਛ ਨੂੰ ਵੱਟ ਚਾੜ੍ਹਿਆ ਹੋਇਆ ਸੀ। ਸਾਰੇ ਵੱਖੋ ਵੱਖ ਗੁਣ ਦੱਸ ਕੇ ਫ਼ੋਨ ਕਰਨ ਲਈ

ਆਖ ਜਾਂਦੇ। ਪਰ ਹਰਦੇਵ ਅਤੇ ਹਰਦੇਵ ਦਾ ਬਾਪੂ ਕੱਚੀਆਂ ਗੋਲ਼ੀਆਂ ਨਹੀਂ ਖੇਡੇ ਸਨ। ਉਹ ਕਿਸੇ ਤਕੜੀ ਮਾਰ ਦੀ ਆਸ ਵਿਚ ਸਨ।

-"ਬਾਪੂ...!" ਹਰਦੇਵ ਨੇ ਬਾਪੂ ਨੂੰ ਅੰਦਰ ਬੁਲਾਇਆ।

-"ਹਾਂ ਬੋਲ ਸ਼ੇਰਾ...?" ਬਾਪੂ ਸ਼ਿਕਾਰੀ ਕੁੱਤੀ ਵਾਂਗ ਭੱਜਿਆ ਹੀ ਆਇਆ।

-"ਐਵੇਂ ਪੈਰ ਨਾ ਛੱਡਜੀਂ...! ਇੰਗਲੈਂਡ ਦੇ ਰਿਸ਼ਤੇ ਪਿੱਛੇ ਲੋਕ ਪੱਚੀ ਪੱਚੀ ਲੱਖ ਚੱਕੀ ਫ਼ਿਰਦੇ ਐ!" ਉਸ ਨੇ ਹਾਲਾਤਾਂ ਤੋਂ ਜਾਣੂੰ ਕਰਵਾਇਆ। ਤਜ਼ਰਬਾ ਦੱਸਿਆ।

-"ਤੂੰ ਮੈਨੂੰ ਪਾਗਲ ਸਮਝਦੈਂ ਹਰਦੇਵ ਸਿਆਂ? ਮੈਂ ਦੁਨੀਆਂ ਲੁੱਟ ਕੇ ਖਾਧੀ ਵੀ ਐ-ਹੁਣ ਤਾਂ ਤੈਨੂੰ ਪਤੈ ਬਈ ਜੀਹਦੇ ਘਰ ਦਾਣੇ-ਉਹਦੇ ਕਮਲ਼ੇ ਵੀ ਸਿਆਣੇ? ਇਸ ਗੱਲ ਦਾ ਤੂੰ ਬਹਿਮ ਨਾ ਕਰ!"

-"ਪੱਚੀ ਲੱਖ ਦਾ ਸਿੱਧਾ ਈ ਤੀਹ ਹਜਾਰ ਪੌਂਡ ਬਣ ਜਾਂਦੈ! ਡਿਪੌਜ਼ਟ ਦੇ ਕੇ ਬੰਦਾ ਆਬਦਾ ਮਕਾਨ ਖਰੀਦ ਸਕਦੈ!" ਉਸ ਨੇ ਅਗਲੀ ਸਕੀਮ ਦੱਸੀ।

-"ਤੂੰ ਬਾਪੂ ਨੂੰ ਕਮਲ਼ਾ ਈ ਸਮਝਦੈਂ?" ਜਾਗਰ ਸਿਉਂ ਹੱਸ ਪਿਆ।

ਪੱਚੀ ਤੀਹ ਕੁੜੀਆਂ ਵਿਚੋਂ ਹਰਦੇਵ ਨੇ ਇਕ ਕੁੜੀ ਚੁਣੀਂ। ਉਹ ਨਵੇਂ ਆਏ ਠਾਣੇਦਾਰ ਵਾਂਗ ਆਪਣੇ ਕਮਰੇ ਵਿਚ ਕੁੜੀਆਂ ਦੀ ਇੰਟਰਵਿਊ ਜਿਹੀ ਕਰਦਾ ਸੀ। ਚੁਣੀਂ ਜਾਣ ਵਾਲ਼ੀ ਕੁੜੀ ਇਕੱਲੀ ਇਕੱਲੀ ਭੈਣ ਸੀ। ਨਾ ਹੋਰ ਭਰਾ ਨਾ ਭੈਣ! ਕੁੜੀ ਦਾ ਬਾਪ ਤਸੀਲਦਾਰ ਸੀ। ਮਾਂ ਤਾਂ ਪੰਜ ਕੁ ਹੀ ਪੜ੍ਹੀ ਹੋਈ ਸੀ। ਹਰਦੇਵ ਨੇ ਆਪਣੇ ਪਹਿਲੇ ਵਿਆਹ ਦੀ ਗੱਲ ਉਸ ਤੋਂ ਛੁਪਾਈ ਰੱਖੀ ਸੀ। ਸਾਰੀ ਗੱਲ ਬਾਤ ਹੋ ਗਈ। ਵਿਚੋਲਾ ਹਰਦੇਵ ਦੀ ਭੂਆ ਅਤੇ ਫੁੱਫੜ ਬਣੇ ਸਨ। ਉਹਨਾਂ ਨੇ ਵੀ ਹਰਦੇਵ ਦੇ ਪਹਿਲੇ ਵਿਆਹ ਬਾਰੇ ਕੋਈ ਗੱਲ ਨਹੀਂ ਚਿਤਾਰੀ ਸੀ।

ਕੁੜੀ ਵਾਲ਼ੇ ਸ਼ਗਨ ਪਾ ਗਏ। ਵਿਆਹ ਦਾ ਦਿਨ ਪੱਕਾ ਹੋ ਗਿਆ। ਕੁੜੀ ਵਾਲ਼ਿਆਂ ਨੇ ਵਿਆਹ ਦਾ ਪ੍ਰਬੰਧ ਕਿਸੇ ਮੈਰਿਜ ਪੈਲੇਸ ਵਿਚ ਹੀ ਕੀਤਾ ਹੋਇਆ ਸੀ। ਕੁੜੀ ਦੇ ਬਾਪ ਨੇ ਹੀ ਗਾਉਣ ਵਾਲ਼ੀ ਪਾਰਟੀ ਦਾ ਪ੍ਰਬੰਧ ਕਰਨਾ ਸੀ। ਉਸ ਨੇ ਜਾਗਰ ਸਿਉਂ ਨੂੰ ਸਿੱਧੀ ਗੱਲ ਹੀ ਆਖ ਦਿੱਤੀ ਸੀ।

-''ਜਾਗਰ ਸਿੰਘ ਜੀ! ਮੇਰੀ 'ਕੱਲੀ 'ਕੱਲੀ ਧੀ ਐ-ਇਹਦਾ ਵਿਆਹ ਮੈਂ ਪੁੱਤਾਂ ਵਾਂਗ ਕਰਾਂਗਾ! ਗਾਉਣ ਵਾਲ਼ੀ ਪਾਰਟੀ ਮੈਂ ਆਪ ਬਲਾਊਂ-ਤੁਸੀਂ ਕਿਸੇ ਨੂੰ ਨਾ ਆਖਿਓ...!''

-''ਕੋਈ ਗੱਲ ਨਹੀਂ ਕਰਮ ਸਿਆਂ! ਤੇਰੀ ਧੀ ਤੇ ਮੇਰੀ ਧੀ 'ਚ ਕੋਈ ਫ਼ਰਕ ਨ੍ਹੀ! ਬੱਸ ਜੰਨ ਦੀ ਮਾੜੀ ਮੋਟੀ ਖਾਤਰ ਜਰੂਰ ਕਰ ਦਿਓ-ਥੋਨੂੰ ਪਤੈ ਪਿੰਡਾਂ ਦਾ-ਬਈ ਅਗਲੇ ਦੇ ਤਾਂ ਬਰਾਤ 'ਚ ਹੋਈ ਸੇਵਾ ਈ ਚੇਤੇ ਰਹਿ ਜਾਂਦੀ ਐ।''

-''ਤੁਸੀਂ ਕੋਈ ਧੁੜਕੂ ਨਾ ਮੰਨੋਂ! ਤੁਹਾਨੂੰ ਕਿਸੇ ਗੱਲੋਂ ਕੋਈ ਨਮੋਸ਼ੀ ਨਹੀਂ ਆਵੇਗੀ! ਇਹ ਮੇਰੀ ਜ਼ਿੰਮੇਵਾਰੀ ਐ!'' ਤਸੀਲਦਾਰ ਨੇ ਹਿੱਕ ਠੋਕੀ।

ਵਿਆਹ ਦਾ ਦਿਨ ਆ ਗਿਆ। ਬਰਾਤ ਦਾ ਡੇੜ੍ਹ ਕੁ ਸੌ ਬੰਦਾ ਹੋ ਗਿਆ। ਚਾਹੇ ਕੁੜੀ ਵਾਲ਼ਿਆਂ ਨੂੰ ਸੌ ਕੁ ਬੰਦਾ ਹੀ ਕਿਹਾ ਸੀ। ਪਰ ਬੰਦਾ ਮੱਲੋਮੱਲੀ ਡੇੜ੍ਹ ਸੌ ਹੋ ਗਿਆ ਸੀ। ਜਦ ਆਨੰਦ ਕਾਰਜ ਹੋਣ ਲੱਗੇ ਤਾਂ ਤਸੀਲਦਾਰ ਨੂੰ ਕਿਸੇ ਨਾ ਕਿਸੇ ਤਰ੍ਹਾਂ ਹਰਦੇਵ ਦੇ ਪਹਿਲੇ ਵਿਆਹ ਬਾਰੇ ਪਤਾ ਲੱਗ ਗਿਆ। ਅਸਲ ਵਿਚ ਇਹ ਗੱਲ ਮੀਤੀ ਦੀ ਮਾਸੀ ਦੇ ਮੁੰਡੇ ਨੇ ਹੀ ਕਿਵੇਂ ਨਾ ਕਿਵੇਂ ਉਹਨਾਂ ਤੱਕ ਪਹੁੰਚਾਈ ਸੀ। ਤਸੀਲਦਾਰ ਨੇ ਹਰਦੇਵ ਨੂੰ ਆਨੰਦ ਕਾਰਜਾਂ ਤੋਂ ਉਠਾ ਲਿਆ ਅਤੇ ਇਕ ਕਮਰੇ ਵਿਚ ਲੈ ਗਿਆ। ਤਸੀਲਦਾਰ ਦੀ ਕੁੜੀ ਦੇ ਵਿਆਹ 'ਤੇ ਅਫ਼ਸਰ ਹੀ ਅਫ਼ਸਰ ਇਕੱਠੇ ਹੋਏ ਸਨ। ਪੁਲੀਸ ਅਫ਼ਸਰਾਂ ਤੋਂ ਲੈ ਕੇ ਡਿਪਟੀ ਕਮਿਸ਼ਨਰ ਤੱਕ! ਸਾਰੇ ਹੈਰਾਨ ਜਿਹੇ ਹੋ ਗਏ ਕਿ ਤਸੀਲਦਾਰ ਨੇ ਮੁੰਡੇ ਨੂੰ ਆਨੰਦ ਕਾਰਜਾਂ ਤੋਂ ਉਠਾ ਕਿਉਂ ਲਿਆ ਸੀ...? ਇਕ ਆਚੰਭਾ ਜਿਹਾ ਖਿੰਡ ਗਿਆ।

-''ਕਾਕਾ ਜੀ...! ਤੁਸੀਂ ਸਾਨੂੰ ਆਪਣੇ ਪਹਿਲੇ ਵਿਆਹ ਬਾਰੇ ਕਿਉਂ ਨਹੀਂ ਦੱਸਿਆ?'' ਤਸੀਲਦਾਰ ਨੇ ਕਰੜਾ ਹੋ ਕੇ ਸੁਆਲ ਦਾਗਿਆ। ਹਰਦੇਵ ਦੇ ਮੂੰਹ ਤੋਂ ਹਵਾਈਆਂ ਉਡਣ ਲੱਗ ਪਈਆਂ। ਉਸ ਨੇ ਸਰਵਾਲ੍ਹੇ ਨੂੰ ਆਪਣਾ ਛੋਟਾ ਅਟੈਚੀ ਲਿਆਉਣ ਲਈ ਕਿਹਾ। ਕਸੂਤਾ ਫ਼ਸਿਆ ਸਰਵਾਲ੍ਹਾ ਪੈਰ ਤੋਂ ਹੀ ਚਾਲ ਫੜ ਗਿਆ ਸੀ। ਉਸ ਦਾ ਮਾਵਾ ਜਿਹਾ ਲਹਿ ਗਿਆ ਸੀ। ਉਹ ਤੁਰੰਤ ਛੋਟਾ ਅਟੈਚੀ ਚੁੱਕ ਲਿਆਇਆ।

-''ਤੁਸੀਂ ਆਹ ਤਲਾਕ ਦੇ ਕਾਗਜ਼ ਦੇਖੋ, ਬਾਪੂ ਜੀ!'' ਉਸ ਨੇ ਕੰਬਦੇ ਹੱਥਾਂ ਨਾਲ਼ ਕਾਗਜ਼ ਤਸੀਲਦਾਰ ਦੇ

ਅੱਗੇ ਕਰ ਦਿੱਤੇ। ਉਸ ਦੇ ਚਿਹਰੇ 'ਤੇ ਪਿਲੱਤਣ ਫਿਰ ਗਈ ਸੀ।

-"ਇਹ ਵਿਆਹ ਮੈਂ ਸਿਰਫ਼ ਪੱਕਾ ਹੋਣ ਲਈ ਕਰਵਾਇਆ ਸੀ-ਪੱਕਾ ਹੋਣ ਤੋਂ ਬਾਅਦ ਤਲਾਕ ਹੋ ਗਿਆ।" ਉਸ ਨੇ ਫਿਰ ਵੀ ਪੂਰਾ ਸੱਚ ਨਾ ਦੱਸਿਆ। ਪਰ ਤਸੀਲਦਾਰ ਨੂੰ ਤਸੱਲੀ ਜਿਹੀ ਹੋ ਗਈ। ਪਰ ਉਹ ਚਿੜ ਜ਼ਰੂਰ ਗਿਆ ਸੀ। ਐਡਾ ਵੱਡਾ ਰਹੱਸ ਛੁਪਾਉਣਾ? ਇਹ ਉਸ ਨਾਲ਼ ਅਤੇ ਉਸ ਦੀ ਕੁੜੀ ਨਾਲ਼ ਧੋਖਾ ਸੀ! ਉਸ ਨੂੰ ਹਰਦੇਵ ਦੇ ਪ੍ਰੀਵਾਰ 'ਤੇ ਖਿਝ ਫੁੱਟ ਪਈ ਸੀ।

-"ਹੁਣ ਤਾਂ ਨ੍ਹੀ ਤੇਰਾ ਉਸ ਕੁੜੀ ਨਾਲ਼ ਕੋਈ ਨਾਤਾ?"

-"ਰੱਬ ਰੱਬ ਕਰੋ ਬਾਪੂ ਜੀ! ਉਹ ਕੁੜੀ ਕੜੀ ਕਾਹਨੂੰ ਸੀ? ਉਹ ਤਾਂ ਬਿਆਲ਼ੀ ਸਾਲ ਦੀ ਔਰਤ ਐ।"

-"ਹੁਣ ਤਾਂ ਨ੍ਹੀ ਕੋਈ ਰਿਸ਼ਤਾ ਉਹਦਾ ਤੇਰੇ ਨਾਲ਼...?" ਉਸ ਨੇ ਬਗੈਰ ਸੁਣਿਆਂ ਦੁਹਰਾਇਆ।

-"ਬਿਲਕੁਲ ਨਹੀਂ ਜੀ! ਆਹ ਕਾਗਜ਼ ਦੇਖ ਕੇ ਤਸੱਲੀ ਤਾਂ ਕਰ ਲਓ!"

-"ਹਰਦੇਵ ਸਿਆਂ...! ਇਹ ਗੱਲ ਤੈਨੂੰ ਪਹਿਲਾਂ ਦੱਸਣੀ ਚਾਹੀਦੀ ਸੀ? ਇਹ ਕੋਈ ਗੁੱਡੇ ਗੁੱਡੀ ਦੀ ਖੇਡ ਨਹੀਂ! ਇਹ ਜ਼ਿੰਦਗੀ ਦਾ ਮਾਮਲਾ ਐ! ਕਿਸੇ ਦੀ ਪੂਰੀ ਜ਼ਿੰਦਗੀ ਦਾ ਸੁਆਲ...! ਆਹ ਮੇਰੇ ਯਾਰ ਮਿੱਤਰ ਤੂੰ ਦੇਖਦਾ ਈ ਐਂ? ਸਾਰੇ ਵੱਡੇ ਵੱਡੇ ਖਾਂਟ ਅਫ਼ਸਰ ਐ-ਵਿਚੇ ਪੁਲ਼ਸ ਅਫ਼ਸਰ ਤੇ ਵਿਚੇ ਈ ਜੱਜ! ਜੇ ਕਦੇ ਮੇਰੀ ਧੀ ਦੀਪ ਨਾਲ਼ ਉਨੀ ਇੱਕੀ ਹੋਈ-ਹਸ਼ਰ ਦਾ ਤੈਨੂੰ ਪਤਾ ਈ ਐ, ਬਈ ਕੀ ਹੋਊ! ਮੇਰੇ ਘਰ ਦਾ ਦੀਪ ਤਾਂ ਮੇਰੀ ਧੀ ਦੀਪ ਨਾਲ਼ ਈ ਬਲ਼ਦੈ!" ਉਸ ਨੇ ਆਪਣੀ ਤਸੀਲਦਾਰੀ ਦਾ ਦਬਕਾ ਮਾਰ ਦਿੱਤਾ। ਹਰਦੇਵ ਦੇ ਮੱਥੇ 'ਤੇ ਮੁੜ੍ਹਕਾ ਆ ਗਿਆ। ਉਸ ਦੀ ਖ਼ੁਸ਼ੀ ਖਟਿਆਈ ਵਿਚ ਪੈ ਗਈ। ਪਰ ਹੁਣ ਕੀ ਹੋ ਸਕਦਾ ਸੀ? ਨਾ ਜਵਾਬ ਦੇਣ ਜੋਕਰਾ ਅਤੇ ਨਾ ਹੀ ਕੁਝ ਅੱਗੇ ਕਹਿਣ ਦੀ ਸਮਰੱਥਾ! ਉਹ ਖ਼ੁਦ ਚੋਰ ਸੀ। ਉਸ ਦਾ ਆਪਣਾ ਹੀ ਦੋਸ਼ ਸੀ, ਜਿਹੜਾ ਉਸ ਨੇ ਆਪਣੇ ਪਹਿਲੇ ਵਿਆਹ ਬਾਰੇ ਨਹੀਂ ਦੱਸਿਆ ਸੀ। ਸੱਪ ਦੇ ਮੂੰਹ 'ਚ ਕੋਹੜ ਕਿਰਲਾ ਆ ਗਿਆ ਸੀ। ਜੇ ਖਾਂਦਾ ਤਾਂ ਕੋਹੜੀ ਅਤੇ ਜੇ ਛੱਡਦਾ ਤਾਂ ਕਲੰਕੀ ਸੀ!

ਖ਼ੈਰ! ਆਨੰਦ ਕਾਰਜ ਹੋ ਗਏ। ਗਾਉਣ ਵਾਲ਼ੇ ਆਪਣੇ ਪ੍ਰੋਗਰਾਮ ਦੇ ਕੇ ਹਟ ਗਏ। ਪਰ ਹਰਦੇਵ ਦਾ ਮਨ

ਉਦਾਸੀਆਂ ਦੇ ਗੇੜਾਂ ਵਿਚ ਹੀ ਭਾਉਂਦਾ ਰਿਹਾ। ਉਸ ਦੀ ਇਕ ਤਰ੍ਹਾਂ ਨਾਲ਼ ਬੇਇੱਜ਼ਤੀ ਹੋ ਗਈ ਸੀ। ਉਸ ਨੂੰ ਆਪਣੇ ਪਿਛਲੇ ਟੱਬਰ ਦਾ ਫ਼ਿਕਰ ਤੋੜ ਤੋੜ ਖਾਣ ਲੱਗ ਪਿਆ। ਜੇ ਕਦੇ ਉਨੀ ਇਕੀ ਹੋ ਗਈ, ਘਰਦਿਆਂ ਦਾ ਕੀ ਬਣੂੰ? ਤਸੀਲਦਾਰ ਨੇ ਤਾਂ ਉਹਨਾਂ ਨੂੰ ਪੁੱਠੇ ਟੰਗ ਧਰਨਾ ਸੀ। ਕਿੰਨੇ ਪੁਲਸ ਅਫ਼ਸਰ ਸਨ ਇਸ ਸ਼ਾਦੀ ਉਪਰ? ਸਾਰੇ ਹੀ ਸਾਨੂੰ ਜਾਨਣ ਲੱਗ ਪਏ ਹਨ। ਹਰਦੇਵ ਸਿਆਂ, ਸਿਆਣੇ ਆਖਦੇ ਹੁੰਦੇ ਐ ਬਈ ਯਾਰੀ ਲਾਉਣੀ ਹਾਥੀਆਂ ਨਾਲ਼ ਤੇ ਦਰਵਾਜੇ ਰੱਖਣੇ ਭੀੜ੍ਹੇ? ਹੁਣ ਤਸੀਲਦਾਰੀ ਦਾ ਨੁੱਗਾ ਤੇਰੇ ਸੰਘ 'ਚ ਆ ਫ਼ਸਿਐ। ਹੁਣ ਤਾਂ ਭਾਣਾ ਮੰਨ ਕੇ ਦਿਨ ਲੰਘਾਈ ਚੱਲੀਂ...! ਜੇ ਤਿੜ-ਫਿੜ ਕੀਤੀ ਤਾਂ ਅਗਲੇ ਬਾਪੂ ਦੀਆਂ ਲੱਤਾਂ ਵੱਢ ਕੇ ਸਫ਼ੈਦੇ ਦੀ ਟੀਸੀ 'ਤੇ ਟੰਗ ਦੇਣਗੇ! ਬਾਕੀ ਪ੍ਰੀਵਾਰ ਨੂੰ ਬੇਪੱਤ ਵਾਧੂ ਕਰਨਗੇ! ਪਿੰਡ 'ਚ ਮਿੱਟੀ ਵਾਧੂ ਦੀ ਪਿੱਟੀ ਜਾਊ! ਇਹ ਮੀਤੀ ਨਹੀਂ! ਬਈ ਜਦੋਂ ਦਿਲ ਕੀਤਾ ਗਾਲ੍ਹਾਂ ਕੱਢ ਲਈਆਂ। ਜਦੋਂ ਜੀਅ ਕੀਤਾ ਬੇਇੱਜ਼ਤੀ ਕਰ ਧਰੀ। ਇਹਦੀ ਖਸਮਾਂ ਨੂੰ ਖਾਣੀ ਦੀ ਤਾਂ ਹਾਂ 'ਚ ਹਾਂ ਮਿਲਾਉਣੀ ਪਊ! ਜੇ ਹੁਣ ਉਖਲ਼ੀ 'ਚ ਸਿਰ ਦੇ ਹੀ ਦਿੱਤਾ ਹੈ, ਤਾਂ ਘੋਟਣਿਆਂ ਤੋਂ ਨਾ ਡਰ...! ਉਸ ਨੇ ਕਰੜਾ ਪੈੱਗ ਲਾ ਕੇ ਮਨ ਦੀ ਉਦਾਸੀ ਨੂੰ ਦੂਰ ਕਰਨਾ ਚਾਹਿਆ। ਪਰ ਉਦਾਸੀ ਕੰਨ ਖੰਜੂਰੇ ਵਾਂਗ ਫਿਰ ਦਿਮਾਗ 'ਤੇ ਆ ਚੜ੍ਹਦੀ।

ਜੰਨ ਤੁਰ ਗਈ। ਤਸੀਲਦਾਰ ਨੇ ਕੁੜੀ ਨੂੰ ਦਿਲ ਭਰ ਕੇ ਲੈਣ ਦੇਣ ਕੀਤਾ ਸੀ। ਸਾਰੇ ਪਿੰਡ ਅਤੇ ਰਿਸ਼ਤੇਦਾਰਾਂ ਵਿਚ ਗੱਲਾਂ ਹੋਈਆਂ ਸਨ। ਦੀਪ ਵੀ ਪੂਰੀ ਖ਼ੁਸ਼ ਸੀ। ਚਾਹੇ ਉਹ ਹਰਦੇਵ ਨਾਲੋਂ ਅੱਠ ਸਾਲ ਛੋਟੀ ਸੀ। ਪਰ ਉਸ ਦੇ ਦਿਲ 'ਤੇ ਕੋਈ ਅਸਰ ਨਹੀਂ ਸੀ। ਅੱਠ ਕੁ ਸਾਲ਼ ਵੱਡਾ ਪਤੀ ਤਾਂ ਪਿੰਡਾਂ ਵਿਚ ਆਮ ਜਿਹੀ ਗੱਲ ਸੀ।

ਮਹੀਨੇ ਵਿਚ ਦੀਪ ਅਤੇ ਹਰਦੇਵ ਨੇ ਕਈ ਇਲਾਕੇ ਘੁੰਮ ਲਏ ਸਨ। ਸ਼ਿਮਲਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ ਗਾਹ ਧਰੇ ਸਨ। ਹਨੀਮੂਨ ਮਨਾਇਆ ਸੀ। ਕਾਫ਼ੀ ਹੱਦ ਤੱਕ ਹਰਦੇਵ ਦੀ ਉਦਾਸੀ ਅਤੇ ਦਿਲ ਦਾ ਧੁੜਕੂ ਪਿੱਛਾ ਛੱਡ ਗਿਆ ਸੀ। ਉਹ ਦੋਵੇਂ ਹੀ ਖ਼ੁਸ਼ ਸਨ। ਦੀਪ ਬੜੇ ਖੁੱਲ੍ਹੇ ਸੁਭਾਅ ਸੀ ਕੁੜੀ ਸੀ। ਉਹ ਹਰ ਇਕ ਨਾਲ਼ ਹੱਸ ਕੇ ਗੱਲ ਕਰਦੀ। ਇਸ ਗੱਲੋਂ ਹਰਦੇਵ ਨੇ ਉਸ ਨੂੰ ਕਈ ਵਾਰ ਟੋਕਿਆ ਵੀ ਸੀ। ਪਰ ਦੀਪ ਦਾ ਸੁਭਾਅ ਨਹੀਂ ਬਦਲਿਆ ਸੀ। ਉਹ ਮਾਂ ਬਾਪ ਦੀ ਇਕਲੌਤੀ ਅਤੇ ਲਾਡਲੀ ਧੀ ਸੀ। ਸਭ ਤੋਂ ਵੱਡੀ ਗੱਲ ਸੀ ਕਿ ਉਹ ਇਕ ਅਮੀਰ

ਪਿਉ ਦੀ ਧੀ ਸੀ। ਜਿਸ ਨੇ ਸੱਭਿਆਚਾਰ ਦੇਖਣ ਦੇ ਬਹਾਨੇ ਸਾਰਾ ਹਿੰਦੋਸਤਾਨ ਪਹਿਲਾਂ ਹੀ ਗਾਹਿਆ ਹੋਇਆ ਸੀ। ਕਾਲਜ ਦਾ ਬਾਹਰਲਾ ਟੂਰ ਉਹ ਕਦੇ ਵੀ ਨਾ ਖੁੰਝਾਉਂਦੀ। ਉਹ ਯੂਰਪ ਵੀ ਜਾਣਾ ਚਾਹੁੰਦੀ ਸੀ। ਪਰ ਮਾਂ ਨੇ ਵਰਜ ਦਿੱਤਾ ਸੀ। ਉਹ ਨਹੀਂ ਚਾਹੁੰਦੀ ਸੀ ਕਿ ਕੁਆਰੀ ਕੁੜੀ ਇਕੱਲੀ ਯੂਰਪ ਘੁੰਮ ਕੇ ਆਵੇ! ਪਰ ਪਿਉ ਉਸ ਨੂੰ ਕਿਸੇ ਗੱਲੋਂ ਮਨ੍ਹਾਂ ਨਾ ਕਰਦਾ। ਦੀਪ ਦੀ ਮਾਂ ਕੁੜੀ ਹੋਣ ਦਾ ਅਹਿਸਾਸ ਕਰਵਾਉਂਦੀ ਤਾਂ ਪਿਉ ਧੀ ਉਸ ਦੀ 'ਰੂੜੀਵਾਦੀ' ਸੋਚ 'ਤੇ ਹੱਸ ਛੱਡਦੇ। ਬਾਪੂ ਤਾਂ ਉਸ ਦਾ ਮਜ਼ਾਕ ਵੀ ਉਡਾਉਂਦਾ।

-''ਦੇਖ ਲੈ ਪੁੱਤ ਦੀਪ! ਤੈਨੂੰ ਤਾਂ ਪਤਾ ਲੱਗ ਗਿਆ ਨਾ? ਬਈ ਤੇਰੇ ਮੰਮੀ ਨਾਲ਼ ਮੈਂ ਹੁਣ ਤੱਕ ਕਿਵੇਂ ਕੱਟਿਆ ਹੋਊ?''

ਬਾਪੂ ਦੇ ਕਹਿਣ 'ਤੇ ਦੀਪ ਹੱਸ ਪੈਂਦੀ।

-''ਜਦੋਂ ਸਾਡਾ ਵਿਆਹ ਹੋਇਆ ਪੁੱਤ-ਮੈਂ ਇਹਨੂੰ ਕਹਿ ਬੈਠਾ-ਬਈ ਚੱਲ ਭਾਗਮਾਨੇ! ਆਪਾਂ ਕਿਤੇ ਬਾਹਰ ਘੁੰਮ ਫਿਰ ਆਈਏ-ਨਾਲ਼ੇ ਹਨੀਮੂਨ ਮਨਾ ਲਵਾਂਗੇ! ਮੈਨੂੰ ਪਤੈ ਕੀ ਕਹਿੰਦੀ?''

-''ਕੀ ਕਹਿੰਦੀ...?''

-''ਕਹਿੰਦੀ ਤੁਸੀਂ ਐਤਕੀਂ ਮੈਨੂੰ ਰਹਿਣ ਦਿਓ-ਬੇਬੇ ਜੀ ਨੂੰ ਲੈਜੋ!''

ਦੀਪ ਹੱਸ ਕੇ ਦੂਹਰੀ ਹੋ ਗਈ। ਜਿੱਥੇ ਲੋਟ ਲੱਗਦਾ ਉਥੇ ਤਸੀਲਦਾਰ ਆਪਣੇ ਘਰਵਾਲ਼ੀ ਦੀ ਤਹਿ ਲਾਉਣ ਵਿਚ ਕੋਈ ਕਸਰ ਬਾਕੀ ਨਾ ਛੱਡਦਾ। ਉਸ ਦੇ ਘਰਵਾਲ਼ੀ ਵੀ ਖੁੱਲ੍ਹੀ ਡੁੱਲ੍ਹੀ ਔਰਤ ਸੀ। ਘਰਵਾਲ਼ੇ ਦਾ ਕਦੇ ਗੁੱਸਾ ਨਾ ਕਰਦੀ। ਦੀਪ ਵੀ ਹਮੇਸ਼ਾ ਆਪਣੇ ਬਾਪ ਦਾ ਪੱਖ ਹੀ ਲੈਂਦੀ। ਤਸੀਲਦਾਰ ਵੀ ਉਸ ਤੋਂ ਆਪਣੀ ਜਿੰਦ ਵਾਰਦਾ ਸੀ। ਕਦੇ ਉਸ ਨੇ ਆਪਣੀ ਧੀ ਨੂੰ ਕਿਸੇ ਗੱਲੋਂ ਤਲਕਣ ਨਹੀਂ ਦਿੱਤਾ ਸੀ। ਉਹ ਦੀਪ ਲਈ ਅੰਬਰੋਂ ਤਾਰੇ ਤੋੜ ਕੇ ਲਿਆ ਸਕਦਾ ਸੀ। ਚਿੜੀਆਂ ਦਾ ਦੁੱਧ ਪੇਸ਼ ਕਰ ਸਕਦਾ ਸੀ। ਦੀਪ ਦੀ ਇੱਛਾ 'ਤੇ ਹੀ ਤਸੀਲਦਾਰ ਨੇ ਉਸ ਲਈ ਇੰਗਲੈਂਡ ਦਾ ਵਰ ਚੁਣਿਆਂ ਸੀ। ਅਗਰ ਤਸੀਲਦਾਰ ਨੂੰ ਪਹਿਲਾਂ ਪਤਾ ਲੱਗ ਜਾਂਦਾ ਕਿ ਹਰਦੇਵ ਦੁਹਾਜੂ ਸੀ, ਉਹ ਦੀਪ ਦਾ ਰਿਸ਼ਤਾ ਕਦੇ ਵੀ ਉਸ ਨਾਲ਼ ਨਾ ਕਰਦਾ। ਦੀਪ ਲਈ ਕਿਤੇ ਰਿਸ਼ਤਿਆਂ ਦਾ ਘਾਟਾ ਸੀ? ਪਰ ਸੰਯੋਗ ਹੀ ਇਤਨੇ

ਬਲੀ ਸਨ ਕਿ ਉਹਨਾਂ ਦਾ ਜੋੜ ਜੁੜ ਗਿਆ ਸੀ। ਦੀਪ ਵੀ ਪਾਪਾ ਜੀ ਤੋਂ ਲਹੂ ਡੋਲ੍ਹਦੀ ਸੀ। ਉਸ ਨੇ ਵੀ ਹਰਦੇਵ ਦੇ ਦੁਹਾਜੂ ਹੋਣ ਦਾ ਕੋਈ ਬਹੁਤਾ ਅਸਰ ਨਹੀਂ ਕੀਤਾ ਸੀ।

ਹਰਦੇਵ ਦਾ ਵਾਪਸ ਇੰਗਲੈਂਡ ਜਾਣ ਦਾ ਸਮਾਂ ਆ ਗਿਆ ਸੀ। ਉਸ ਨੇ ਜਾਣ ਸਾਰ ਦੀਪ ਦੇ ਸਾਰੇ ਕਾਗਜ਼ ਪੱਤਰ ਭੇਜਣ ਦਾ ਵਾਅਦਾ ਕੀਤਾ ਸੀ। ਉਸ ਦਾ ਅਤੇ ਦੀਪ ਦਾ ਪ੍ਰੀਵਾਰ ਉਸ ਨੂੰ ਦਿੱਲੀ ਏਅਰਪੋਰਟ 'ਤੇ ਚੜ੍ਹਾਉਣ ਆਏ। ਦੀਪ ਦਾ ਬਾਪ ਹੁਣ ਕਿਸੇ ਨਾਲ਼ ਚੱਜ ਨਾਲ਼ ਅੱਖ ਨਹੀਂ ਮਿਲਾਉਂਦਾ ਸੀ। ਉਸ ਦੇ ਮਨ ਵਿਚ ਹਰਦੇਵ ਦੇ ਪਹਿਲੇ ਵਿਆਹ ਵਾਲ਼ੀ ਗੱਲ ਬੈਠ ਗਈ ਸੀ। ਉਹ ਹਰਦੇਵ ਦੇ ਪ੍ਰੀਵਾਰ ਨੂੰ ਚਤਰ ਅਤੇ ਮੀਸਣਾ ਪ੍ਰੀਵਾਰ ਗਰਦਾਨਣ ਲੱਗ ਪਿਆ ਸੀ। ਉਸ ਦੇ ਮਨ ਉਪਰ ਹਰਦੇਵ ਦੇ ਪਹਿਲੇ ਵਿਆਹ ਵਾਲ਼ਾ ਝੂਠ ਕਿਸੇ ਸ਼ਿਲਾਲੇਖ ਵਾਂਗ ਉਕਰਿਆ ਗਿਆ ਸੀ। ਵਿਚੋਲੇ ਵੀ ਉਸ ਨੇ ਮੁੜ ਕੇ ਨਹੀਂ ਬੁਲਾਏ ਸਨ।

ਹਰਦੇਵ ਇੰਗਲੈਂਡ ਆ ਗਿਆ। ਇੰਗਲੈਂਡ ਆ ਕੇ ਉਸ ਨੇ ਸਭ ਤੋਂ ਪਹਿਲਾਂ ਦੀਪ ਦੇ ਕਾਗਜ਼ ਤਿਆਰ ਕਰਵਾਏ ਅਤੇ ਭਾਰਤ ਭੇਜ ਦਿੱਤੇ। ਉਸ ਨੂੰ ਆਪਣੇ ਘੈਂਟ ਪਿਉ ਦੇ ਬਚਨ ਵਾਰ ਵਾਰ ਚੇਤੇ ਆਉਂਦੇ ਸਨ, "ਜਦੋਂ ਘਰੇ ਸ਼ੇਰ ਪਾਲ਼ੀਏ ਪੁੱਤ-ਉਦੋਂ ਨਹੁੰਦਰਾਂ ਦਾ ਖਿਆਲ ਜਰੂਰ ਰੱਖੀਏ...!" ਜਾਗਰ ਸਿਉਂ ਦਾ ਇਸ਼ਾਰਾ ਤਸੀਲਦਾਰ ਵੱਲ ਸੀ। ਉਹ ਤਕੜੇ ਨਾਲ਼ ਰਿਸ਼ਤਾ ਜੋੜ ਕੇ ਆਪਣੇ ਆਪ ਨੂੰ ਕਸੂਤਾ ਫ਼ਸਿਆ ਮਹਿਸੂਸ ਕਰ ਰਿਹਾ ਸੀ। ਉਹ ਸੋਚਦਾ ਸੀ ਕਿ ਅਗਰ ਕਿਸੇ ਬਰਾਬਰ ਦੇ, ਜਾਂ ਆਪ ਤੋਂ ਮਾੜੇ ਨਾਲ਼ ਰਿਸ਼ਤਾ ਜੋੜਿਆ ਹੁੰਦਾ, ਅਗਲੇ ਦੇ ਲੱਤ ਤਾਂ ਉਪਰ ਰਹਿੰਦੀ? ਪਰ ਤਸੀਲਦਾਰ ਤਾਂ ਆਪ ਸਾਡੀ ਸੰਘੀ 'ਤੇ ਅੱਡੀ ਧਰੀ ਫਿਰਦੈ? ਤਸੀਲਦਾਰ ਜਦੋਂ ਵੀ ਦੀਪ ਨੂੰ ਮਿਲਣ ਆਉਂਦਾ, ਤਾਂ ਉਸ ਨਾਲ਼ ਪੰਜ-ਸੱਤ ਬੰਦੇ ਜ਼ਰੂਰ ਹੁੰਦੇ। ਬੰਦੇ ਵੀ ਕੋਈ ਸਾਊ ਜਾਂ ਭਲੇ ਲੋਕ ਨਹੀਂ, ਅੜਬ ਝਾਕਣੀਂ ਵਾਲੇ ਬੰਦੇ! ਨਜ਼ਰ ਨਾਲ਼ ਹੀ ਅਗਲੇ ਦਾ ਸਾਹ ਸੂਤਣ ਵਾਲ਼ੇ! ਅੱਖਾਂ ਰਾਹੀਂ ਕਾਲ਼ਜਾ ਕੱਢਣ ਵਾਲ਼ੇ ਬੰਦੇ।

ਹਰਦੇਵ ਦਾ ਸਾਰਾ ਪ੍ਰੀਵਾਰ ਉਹਨਾਂ ਦੀ ਟਹਿਲ ਸੇਵਾ ਵਿਚ ਹਾਜ਼ਰ ਰਹਿੰਦਾ। ਬਾਪੂ ਵਾਰ ਵਾਰ ਪਾਣੀ ਦੇ ਜੱਗ ਭਰ ਭਰ ਕੇ ਦਿੰਦਾ, ਉਹਨਾਂ ਅੱਗੇ ਊਰੀ ਬਣਿਆਂ ਫਿਰਦਾ। ਕਿਸੇ ਬਰਾਬਰ ਦੇ ਜਾਂ ਗਰੀਬ ਘਰ ਨਾਲ਼ ਮੱਥਾ ਲੱਗਿਆ ਹੁੰਦਾ ਤਾਂ ਬਾਪੂ ਅਗਲਿਆਂ ਨੂੰ ਸੌ-ਸੌ ਗਾਲ਼ ਕੱਢਦਾ ਅਤੇ ਅਗਲੇ ਦੀ ਧੀ-ਭੈਣ ਇਕ ਕਰੀ ਰੱਖਦਾ! ਪਰ

ਮਜਬੂਰੀ ਦਾ ਨਾਂ ਮਾਸੀ ਸੀ। ਡਰ ਅੱਗੇ ਭੂਤਨੇ ਨੱਚ ਰਹੇ ਸਨ। ਤਸੀਲਦਾਰ ਇਕ ਭੱਠ ਸੀ। ਜਿਸ ਨੇ ਸਾਰਾ ਟੱਬਰ ਫੂਕ ਕੇ ਪਰਾਂਹ ਕਰਨਾ ਸੀ। ਤਸੀਲਦਾਰ ਕਈ ਵਾਰ ਦੀਪ ਨੂੰ ਮਿਲਣ ਆਇਆ ਕਹਿ ਚੁੱਕਿਆ ਸੀ, "ਕਿਸੇ ਦੀ ਧੰਘੇੜ੍ਹ ਝੱਲਣ ਦੀ ਲੋੜ ਨਹੀਂ ਦੀਪਿਆ! ਤੂੰ ਘਰੇ ਸਰਦਾਰੀ ਕੀਤੀ ਐ-ਐਥੇ ਵੀ ਹਿੱਕ ਦੇ ਜੋਰ 'ਤੇ ਜਿਉਣੈਂ! ਜੇ ਕੋਈ ਪੰਜ ਤਿੰਨ ਕਰੇ, ਤਾਂ ਦੱਸੀਂ? ਸਾਰੇ ਟੱਬਰ ਨੂੰ ਕੋਹਲੂ ਗੇੜੇ ਨਾ ਪਾ ਦੇਈਏ।" ਪਰ ਪਤਾ ਨਹੀਂ ਕਿਉਂ? ਦੀਪ ਚੁੱਪ ਹੀ ਰਹਿੰਦੀ।

## ਕਾਂਡ 14

ਇੰਗਲੈਂਡ ਤੋਂ ਦੀਪ ਦੇ ਸਾਰੇ ਕਾਗਜ਼ ਪੱਤਰ ਆ ਚੁੱਕੇ ਸਨ। ਤਸੀਲਦਾਰ ਨੇ ਆਪਣਾ ਸਾਰਾ ਲਾਮ-ਲਸ਼ਕਰ ਤਿਆਰ ਕਰ ਲਿਆ ਸੀ। ਕੋਈ ਐਰੀ-ਗੈਰੀ ਗੱਲ ਨਹੀਂ ਸੀ। ਤਸੀਲਦਾਰ ਦੀ ਇਕਲੌਤੀ ਧੀ ਦੀਪ ਦਾ ਵੀਜ਼ਾ ਲਗਵਾਉਣ ਦਿੱਲੀ ਜਾਣਾ ਸੀ। ਤਸੀਲਦਾਰ ਨੇ ਆਪਣੇ ਜੋਰ ਅਤੇ ਨੇੜਤਾ ਦੇ ਜ਼ਰੀਏ ਦਿੱਲੀ ਦੇ ਪੁਲੀਸ ਕਮਿਸ਼ਨਰ ਨੂੰ ਫ਼ੋਨ ਖੜਕਾ ਦਿੱਤਾ ਸੀ ਅਤੇ ਉਸ ਨੇ ਆਪਣੀ ਜਾਣ ਪਹਿਚਾਣ ਕਾਰਨ ਬ੍ਰਿਟਿਸ਼ ਅੰਬੈਸੀ ਵਿਚ ਦੀਪ ਦੀ 'ਅਪਾਇੰਟਮੈਂਟ' ਬਣਾ ਲਈ ਸੀ। ਦੀਪ ਨੂੰ ਅੰਬੈਸੀ ਦੇ ਦਰਵਾਜੇ 'ਤੇ ਖੜ੍ਹਨ ਦੀ ਲੋੜ ਨਹੀਂ ਸੀ। ਵਾਰੀ ਦੀ ਉਡੀਕ ਕਰਨ ਦੀ ਜ਼ਰੂਰਤ ਨਹੀਂ ਸੀ। ਸਾਰਾ ਪ੍ਰਬੰਧ ਕੀਤਾ ਜਾ ਚੁੱਕਾ ਸੀ। ਦੀਪ ਨੂੰ ਅੰਬੈਸੀ ਦੇ ਕਿਸੇ ਵਿਸ਼ੇਸ਼ ਕਰਮਚਾਰੀ ਨੇ ਅੰਬੈਸੀ ਦੇ ਅੰਦਰ ਲੈ ਕੇ ਜਾਣਾ ਸੀ।

ਜਦ ਉਹ ਦਿੱਲੀ ਬ੍ਰਿਟਿਸ਼ ਅੰਬੈਸੀ ਪਹੁੰਚੇ ਤਾਂ ਅੰਬੈਸੀ ਦਾ ਕਰਮਚਾਰੀ ਤਸੀਲਦਾਰ ਨੂੰ ਆ ਮਿਲ਼ਿਆ ਅਤੇ ਦੀਪ ਨੂੰ ਅੰਦਰ ਲੈ ਗਿਆ। ਤਸੀਲਦਾਰ ਨਾਲ਼ ਜਾਣਾ ਚਾਹੁੰਦਾ ਸੀ। ਪਰ ਦੀਪ ਤੋਂ ਬਿਨਾ ਕੋਈ ਅੰਦਰ ਨਹੀਂ ਜਾ ਸਕਦਾ ਸੀ। ਇਹ ਅੰਬੈਸੀ ਦਾ ਕਾਨੂੰਨ ਸੀ। ਜਿਸ ਅਨੁਸਾਰ ਚੱਲਣਾ ਹੀ ਪੈਣਾ ਸੀ। ਤਸੀਲਦਾਰ ਨੇ ਬਥੇਰਾ ਜੋਰ ਪਾਇਆ। ਪਰ ਕਰਮਚਾਰੀ ਨੇ ਇਕੋ ਵਿਚ ਹੀ ਨਬੇੜ ਦਿੱਤੀ।

-"ਸਰਦਾਰ ਜੀ, ਮੈਨੂੰ ਅਫ਼ਸੋਸ ਹੈ ਕਿ ਤੁਸੀਂ ਅੰਦਰ ਨਹੀਂ ਜਾ ਸਕਦੇ-ਅੰਦਰ ਸਿਰਫ਼ ਵੀਜ਼ਾ ਸੀਕਰ ਹੀ ਜਾ ਸਕਦਾ ਹੈ! ਹਾਂ, ਤੁਸੀਂ ਉਂ ਕਿਸੇ ਗੱਲ ਦੀ ਚਿੰਤਾ ਨਾ ਕਰੋ...! ਮੈਂ ਬੱਚੀ ਨੂੰ ਸਾਰੇ ਸੁਆਲਾਂ ਦਾ ਜਵਾਬ ਸਮਝਾ ਦਿਆਂਗਾ-ਵੀਜ਼ਾ ਲੱਗ ਜਾਵੇਗਾ-ਡੋਂਟ ਵਰੀ ਅਬਾਊਟ ਦੈਟ...!" ਉਸ ਨੇ ਤਸੀਲਦਾਰ ਨੂੰ ਨਿਸ਼ਚਿੰਤ ਹੋਣ ਬਾਰੇ ਹਿੱਕ ਥਾਪੜ ਦਿੱਤੀ ਸੀ। ਤਸੀਲਦਾਰ ਵੀ ਸੰਤੁਸ਼ਟ ਹੋ ਗਿਆ ਸੀ। ਉਸ ਨੇ ਅੰਬ ਖਾਣੇ ਸਨ? ਜਾਂ ਦਰੱਖ਼ਤ ਗਿਣਨੇ ਸਨ? ਉਸ ਨੂੰ ਤਾਂ ਦੀਪ ਦੇ ਵੀਜ਼ੇ ਦੀ ਲੋੜ ਸੀ। ਹੋਰ ਅੰਬੈਸੀ ਅੰਦਰ ਜਾ ਕੇ ਉਸ ਨੇ ਕੋਈ ਤਾਜ ਮਹਿਲ ਤਾਂ ਨਹੀਂ ਦੇਖਣਾ ਸੀ।

ਦੀਪ ਕਰਮਚਾਰੀ ਨਾਲ਼ ਅੰਦਰ ਚਲੀ ਗਈ।

ਇਕ ਘੰਟੇ ਦੇ ਕਰੀਬ ਇੰਟਰਵਿਊ ਹੋਈ।

ਤਸੀਲਦਾਰ ਬਾਹਰ ਸਰਕਾਰੀ ਸਾਹਣ ਵਾਂਗ ਗੇੜੇ ਦਿੰਦਾ ਰਿਹਾ ਸੀ। ਉਸ ਨੂੰ ਅੱਚਵੀ ਜਿਹੀ ਲੱਗੀ ਪਈ ਸੀ।

ਦੀਪ ਬਾਹਰ ਆ ਗਈ। ਇੰਟਰਵਿਊ ਵਿਚੋਂ ਦੀਪ ਪਾਸ ਸੀ। ਪਾਸਪੋਰਟ ਅਗਲੇ ਦਿਨ ਗਿਆਰਾਂ ਵਜੇ ਮਿਲਣਾ ਸੀ। ਤਸੀਲਦਾਰ ਨੇ ਕਰਮਚਾਰੀ ਦਾ ਧੰਨਵਾਦ ਕੀਤਾ ਅਤੇ ਉਸ ਨੂੰ ਸ਼ਾਮ ਨੂੰ ਰੈਡੀਸਨ ਹੋਟਲ ਵਿਚ ਆਉਣ

ਬਾਰੇ ਦਾਅਵਤ ਦਿੱਤੀ। ਉਹ ਕਰਮਚਾਰੀ ਦਾ ਧੰਨਵਾਦੀ ਸੀ। ਜਿਸ ਨੇ ਉਸ ਦੀ ਧੀ ਨੂੰ ਖੱਜਲ਼ ਖ਼ੁਆਰ ਨਹੀਂ ਹੋਣ ਦਿੱਤਾ ਸੀ। ਪੁਲੀਸ ਕਮਿਸ਼ਨਰ ਦੇ ਆਖੇ ਉਸ ਦੀ ਧੀ ਦਾ ਸਾਰਾ ਕਾਰਜ ਨੇਪਰੇ ਚਾੜ੍ਹਿਆ ਸੀ।

ਸ਼ਾਮ ਨੂੰ ਰੈਡੀਸਨ ਹੋਟਲ ਵਿਚ ਪਾਰਟੀ ਚੱਲ ਰਹੀ ਸੀ। ਦੀਪ ਆਪਣੇ ਕਮਰੇ ਵਿਚ ਸੀ। ਉਹ ਪਤਾ ਨਹੀਂ ਵਾਰ ਵਾਰ ਕਿਸ ਨੂੰ ਫ਼ੋਨ ਘੁੰਮਾ ਰਹੀ ਸੀ? ਬੜੀ ਖ਼ੁਸ਼ੀ ਖ਼ੁਸ਼ੀ ਲੱਗੇ ਵੀਜ਼ੇ ਦੀ ਖ਼ਬਰ ਦੇ ਰਹੀ ਸੀ। ਥੱਲੇ ਗੈਸਟ-ਰੂਮ ਵਿਚ ਵਿਸਕੀ ਦੇ ਦੌਰ ਚੱਲ ਰਹੇ ਸਨ ਅਤੇ ਕੁੱਕੜ-ਬੱਕਰੇ ਚੱਬੇ ਜਾ ਰਹੇ ਸਨ। ਅੱਜ ਤਸੀਲਦਾਰ ਬਹੁਤ ਖ਼ੁਸ਼ ਨਜ਼ਰ ਆ ਰਿਹਾ ਸੀ। ਪੁਲੀਸ ਕਮਿਸ਼ਨਰ ਵੀ ਪਾਰਟੀ ਵਿਚ ਹਾਜ਼ਰ ਸੀ। ਚਾਹੇ ਉਹ ਤਸੀਲਦਾਰ ਨੂੰ ਪਹਿਲੀ ਵਾਰ ਮਿਲਿਆ ਸੀ। ਪਰ ਉਹ ਘੁਲ਼ੇ ਮਿਲ਼ੇ ਬੈਠੇ ਸਨ। ਮਹਿਸੂਸ ਹੀ ਨਹੀਂ ਹੋ ਰਿਹਾ ਸੀ ਕਿ ਉਹ ਉਹਨਾਂ ਦੀ ਪਹਿਲੀ ਮਿਲਣੀ ਸੀ।

ਅਗਲੇ ਦਿਨ ਗਿਆਰਾਂ ਵਜੇ ਅੰਬੈਸੀ ਤੋਂ ਵੀਜ਼ਾ ਲੱਗ ਕੇ ਦੀਪ ਦਾ ਪਾਸਪੋਰਟ ਮਿਲ਼ ਗਿਆ। ਸਾਰਾ ਕਾਫ਼ਲਾ ਤੁਰ ਪਿਆ। ਜਿਵੇਂ ਫ਼ੌਜ ਦੀ ਕੋਈ ਛਾਉਣੀ ਹਿੱਲੀ ਸੀ। ਉਹਨਾਂ ਨੇ ਆ ਕੇ ਦੀਪ ਦੇ ਸਹੁਰੀਂ ਡੇਰੇ ਲਾ ਲਏ। ਦੀਪ ਉਡੀ ਫਿਰਦੀ ਸੀ। ਤਸੀਲਦਾਰ ਨਾਲ਼ ਪੂਰੇ ਗਿਆਰਾਂ ਬੰਦੇ ਸਨ। ਸ਼ਰਾਬ ਦੀਆਂ ਬੋਤਲਾਂ ਖਾਲੀ ਹੁੰਦੀਆਂ ਜਾ ਰਹੀਆਂ ਸਨ। ਬੱਕਰੇ ਦਾ ਭਰਿਆ ਦੇਗਾ ਬੜੀ ਤੇਜ਼ੀ ਨਾਲ਼ ਊਣਾਂ ਹੁੰਦਾ ਜਾ ਰਿਹਾ ਸੀ। ਤਸੀਲਦਾਰ ਦੇ ਬੰਦੇ ਬੱਕਰਾ ਖਾਂਦੇ ਨਹੀਂ, ਸੜ੍ਹਾਕਦੇ ਸਨ। ਤੰਦੂਰੀ ਕੁੱਕੜ ਦੀਆਂ ਲੱਤਾਂ ਚੂਸ ਕੇ ਵਿਹੜੇ ਵਿਚ ਹੀ ਸੁੱਟੀਆਂ ਜਾ ਰਹੀਆਂ ਸਨ। ਹੱਡੀਆਂ ਦਾ ਢੇਰ ਲੱਗਦਾ ਜਾ ਰਿਹਾ ਸੀ। ਹਰਦੇਵ ਦੀ ਮਾਂ ਵਰਾਂਡੇ ਵਿਚ ਸਾਹ ਘੁੱਟੀ ਬੈਠੀ ਸੀ।

ਤਸੀਲਦਾਰ ਦੇ ਬੰਦਿਆਂ ਵੱਲੋਂ ਬੱਕਰੇ ਬੁਲਾਏ ਜਾ ਰਹੇ ਸਨ। ਹਰਦੇਵ ਦਾ ਬਾਪੂ ਵਾੜ 'ਚ ਫ਼ਸੇ ਬਿੱਲੇ ਵਾਂਗ ਘੁੱਟਾਂਬਾਟੀ ਝਾਕ ਰਿਹਾ ਸੀ। ਉਸ ਦੀ ਮਾਂ ਅੱਡ ਦੁਖੀ ਸੀ। ਉਹ ਸੋਚ ਰਹੀ ਸੀ ਕਿ ਤਸੀਲਦਾਰ ਆਪਣੀ ਕੁੜੀ ਦੇ ਸਹੁਰੀਂ ਆਇਆ ਸੀ ਜਾਂ ਖ਼ੁਦ ਆਪਣੇ ਸਹੁਰੀਂ? ਅੱਗੇ ਤਾਂ ਲੋਕ ਧੀ-ਧਿਆਣੀ ਦੇ ਘਰ ਦਾ ਪਾਣੀ ਨਹੀਂ ਪੀਂਦੇ ਸਨ। ਪਰ ਆਹ ਤਾਂ ਕਲ਼ਯੁੱਗ ਸੀ! ਧੀ ਦੇ ਸਹੁਰੀਂ ਸ਼ਰਾਬ ਤੇ ਮਾਸ! ਪਰ ਕਹਿਣ ਪੁੱਛਣ ਦੀ ਕਿਸੇ ਵਿਚ ਵੀ ਹਿੰਮਤ ਨਹੀਂ ਸੀ। ਸਾਰਾ ਪ੍ਰੀਵਾਰ ਸੁੱਸਰੀ ਬਣਿਆਂ, ਭਾਣਾ ਜਿਹਾ ਮੰਨੀ ਬੈਠਾ ਸੀ। ਤਸੀਲਦਾਰ ਦੇ ਬੰਦਿਆਂ ਵਿਚ ਅਸ਼ਲੀਲ ਗੱਲਾਂ ਹੋ ਰਹੀਆਂ ਸਨ। ਲੱਚਰ ਸ਼ਬਦਾਵਲੀ ਸੀ। ਤਸੀਲਦਾਰ ਦੀ ਢਾਣੀਂ ਵਿਚੋਂ ਹੀ ਕਿਸੇ ਨੇ ਪੱਕੀ ਰਾਈਫ਼ਲ ਵਿਚੋਂ ਫ਼ਾਇਰ ਕਰਨੇ ਸ਼ੁਰੂ ਕਰ ਦਿੱਤੇ। ਤੜਥੱਲ ਮੱਚ ਗਿਆ ਸੀ। "ਟੀਂਅ" ਕਰਦੀ ਗੋਲੀ ਸਿੱਧੀ ਅਸਮਾਨ ਨੂੰ ਚੜ੍ਹਦੀ ਸੀ। ਹਰਦੇਵ ਦਾ ਬਾਪੂ ਜਾਗਰ ਸਿੰਘ ਹੱਥ ਜੋੜੀ ਢਾਣੀਂ ਅੱਗੇ ਪੇਸ਼ ਹੋਇਆ।

-"ਸਰਦਾਰ ਜੀ, ਇਹ ਕੀ ਕਰਨ ਲੱਗ ਪਏ? ਕਿਰਪਾ ਕਰਕੇ ਪਿੰਡ ਦਾ ਖਿਆਲ ਕਰੋ...! ਦਿਨ ਦਿਹਾੜੇ ਦਾਰੂ ਪੀ ਕੇ ਫ਼ੈਰ ਕਰਨੇ ਪਿੰਡ 'ਚ ਸ਼ੋਭਾ ਨ੍ਹੀ ਦਿੰਦੇ!" ਉਸ ਦੇ ਮੂੰਹ ਵਿਚ ਜਿਵੇਂ ਘਾਹ ਪਾਇਆ ਹੋਇਆ ਸੀ। ਉਹ ਤਸੀਲਦਾਰ ਦੀ ਕੈਲੀ ਗਊ ਬਣਿਆਂ ਖੜ੍ਹਾ ਸੀ।

-"ਗੱਲ ਸੁਣ ਉਏ ਜਾਗਰਾ...! ਤੂੰ ਸਾਡੇ ਨਾਲ਼ ਆਬਦੀਆਂ ਰੋਜਨਾਮਚੇ ਆਲ਼ੀਆਂ ਗੱਲਾਂ ਨਾ ਕਰਿਆ ਕਰ! ਤੂੰ ਆਬਦਾ ਮੁਣਸ਼ੀਪੁਣਾਂ ਸਾਡੇ 'ਤੇ ਨਾ ਖਿਲਾਰਿਆ ਕਰ! ਮੈਂ ਤਸੀਲਦਾਰ ਐਂ, ਤਸੀਲਦਾਰ...! ਕੀਹਦੀ ਮਜਾਲ ਐ ਸਾਡੇ ਵੱਲੀਂ ਝਾਕ ਜੇ?" ਉਸ ਨੇ ਬਘਿਆੜ ਵਰਗਾ ਮੂੰਹ ਖੋਲ੍ਹਿਆ। ਉਸ ਦੀਆਂ ਤਿੱਖੀਆਂ ਖੜ੍ਹੀਆਂ ਮੁੱਛਾਂ ਤਰਸੂਲ ਵਾਂਗ ਹਿੱਲੀਆਂ ਸਨ।

-"ਸਰਦਾਰ ਜੀ, ਤੁਸੀਂ ਐਸ ਨੰਗ ਜਿਹੇ ਨਾਲ਼ ਕਿੱਥੋਂ ਨਾਤਾ ਜੋੜ ਲਿਆ...? ਇਹ ਤਾਂ ਜਮਾਂ ਈ ਗੁਰਦੁਆਰੇ ਦਾ ਗਰੰਥੀ ਜਿਆ ਲੱਗਦੈ!" ਇਕ ਕਰੜ ਬਰੜੀ ਜਿਹੀ ਦਾਹੜੀ ਵਾਲ਼ੇ ਨੇ ਕਿਹਾ। ਉਸ ਦੀਆਂ ਭਿਆਨਕ ਅੱਖਾਂ ਵਿਚੋਂ ਖ਼ੂਨ ਚੋਅ ਰਿਹਾ ਸੀ। ਮੌਲ਼ੇ ਦੇ ਸਿੰਗਾਂ ਵਰਗੀਆਂ ਮੁੱਛਾਂ ਜਿਵੇਂ ਜਾਗਰ ਸਿੰਘ ਨੂੰ 'ਡਾਂਟ' ਰਹੀਆਂ ਸਨ।

-"ਉਏ ਸੰਜੋਗ ਹੁੰਦੇ ਐ ਪੁੱਤਰਾ...! ਗਵੱਈਏ ਗਾਉਂਦੇ ਹੁੰਦੇ ਸੀ, ਅਖੇ ਕਿਸੇ ਦੇਵਤੇ ਮਗਰ ਚੁੜੇਲ ਲਾਈ ਤੇ ਕਿਸੇ ਪਰੀ ਨੂੰ ਬਖ਼ਸ਼ ਲੰਗੂਰ ਦਿੱਤਾ-ਸੰਯੋਗਾਂ ਦੀ ਗੱਲ ਐ! ਨਹੀਂ ਆਪਾਂ ਐਹੋ ਜੇ ਘਰ 'ਤੇ ਧਾਰ ਨ੍ਹੀ ਸੀ ਮਾਰਦੇ...!" ਤਸੀਲਦਾਰ ਨੇ ਚੌੜਾ ਹੋ ਕੇ ਆਖਿਆ। ਬੱਕਰੇ ਦੀ ਵੱਡੀ ਸਾਰੀ ਹੱਡੀ ਉਸ ਨੇ ਜਾਗਰ ਸਿਉਂ ਦੇ ਪੈਰਾਂ ਵੱਲ ਵਗਾਹ ਮਾਰੀ।

-"ਇਹ ਤਾਂ ਸਰਦਾਰ ਜੀ ਆਪਣੇ ਫ਼ਾਇਰ ਸੁਣ ਸੁਣ ਕੇ ਈ ਮੂਤੀ ਜਾਂਦੈ...? ਮੈਦਾਨੇ ਜੰਗ 'ਚ ਕੀ ਪੂਰੀਆਂ

ਪਾਊ?" ਦੂਜੇ ਨੇ ਕਿਹਾ। ਉਸ ਦੇ ਮੱਥੇ 'ਤੇ ਲੱਗਿਆ ਟੱਕ ਡਰਾਉਂਦਾ ਸੀ। ਜਿਹੜਾ ਸ਼ਾਇਦ ਕਿਸੇ ਲੜਾਈ ਵਿਚ ਲੱਗਿਆ ਸੀ।

-"ਤੂੰ ਜਾਹ ਭਰਾਵਾ...! ਮਰਾਸੀਆਂ ਮਾਂਗੂੰ ਹੱਥ ਜੇ ਨਾ ਜੋੜੀ ਜਾਹ! ਕਿਤੇ ਸਾਥੋਂ ਤੇਰੇ ਨਾ ਘੋਗੇ ਆਲ਼ੀ ਥਾਂ ਵੱਜੇ!" ਇਕ ਹੋਰ ਚੜ੍ਹਦਾ ਚੰਦ ਬੋਲਿਆ। ਉਹ ਵਾਰ ਵਾਰ ਪੂਣੀਂ ਵਰਗੀ ਮੁੱਛ ਨੂੰ ਕਸੀਸ ਵੱਟ ਕੇ ਤਾਅ ਦਿੰਦਾ ਸੀ।

-"ਸਰਦਾਰ ਜੀ, ਹੋਰ ਤਾਂ ਕੋਈ ਗੱਲ ਨ੍ਹੀ-ਪਰ ਮੈਂ ਪਿੰਡ ਦਾ ਖਿਆਲ ਕਰਕੇ ਆਖਦੈਂ!" ਜਾਗਰ ਸਿੰਘ ਗਲ਼ ਵਿਚ ਇਕ ਤਰ੍ਹਾਂ ਨਾਲ਼ ਪੱਲੂ ਪਾਈ ਖੜ੍ਹਾ, ਲ੍ਹੇਲੜੀਆਂ ਕੱਢ ਰਿਹਾ ਸੀ।

-"ਪਿੰਡ ਆਲ਼ਿਆਂ ਦੀ ਮਾਂ ਦੀ...! ਅਸੀਂ ਪਿੰਡ ਨੂੰ ਕੀ ਸਮਝਦੇ ਐਂ? ਤੂੰ ਜਾਣਦਾ ਨ੍ਹੀ ਸਾਨੂੰ...?" ਇਕ ਹੋਰ ਨੇ ਆਪਣਾ ਬੋਕ ਵਰਗਾ ਮੂੰਹ ਖੋਲ੍ਹ ਕੇ ਆਖਿਆ। ਉਸ ਦੀ ਕਟਾਰ ਤੱਕਣੀ ਦਿਲ ਕੱਢਦੀ ਸੀ। ਉਸ ਨੇ ਦੋ ਫ਼ਾਇਰ ਕਰਕੇ ਚਾਰ ਲਲਕਾਰੇ ਵੀ ਮਾਰ ਦਿੱਤੇ ਅਤੇ ਨਿੱਸਰੇ ਬੋਤੇ ਵਾਂਗ ਬੁੱਕਿਆ।

ਜਾਗਰ ਸਿੰਘ ਮੁੜ ਗਿਆ। ਉਸ ਦੇ ਹੱਥ ਉਂਜ ਹੀ ਜੋੜੇ ਹੋਏ ਸਨ। ਉਸ ਦੀ ਕਿਸੇ ਨੇ ਸੁਣੀਂ ਨਹੀਂ ਸੀ।

ਦੇਰ ਸ਼ਾਮ ਤੱਕ ਦਾਰੂ ਪੀਤੀ ਜਾਂਦੀ ਰਹੀ।

ਬੱਕਰੇ ਚੂੰਡੇ ਜਾਂਦੇ ਰਹੇ।

ਬੱਕਰੇ ਬੋਲਦੇ ਰਹੇ।

ਤਸੀਲਦਾਰ ਦੀ ਫ਼ੌਜ ਰਾਤ ਨੂੰ ਗਈ। ਉਹਨਾਂ ਵਿਦਾਅ ਹੋਣ ਲੱਗਿਆਂ ਨੇ ਅਣਗਿਣਤ ਫ਼ਾਇਰ ਕੀਤੇ ਸਨ। ਅੱਗ ਵਰ੍ਹਾ ਦਿੱਤੀ ਸੀ। ਸ਼ਰਾਬੀ ਹੋਈ ਢਾਣੀਂ ਨੇ ਗੰਦੀਆਂ ਗਾਲ਼ਾਂ ਸਾਰੇ ਪਿੰਡ ਨੂੰ ਕੱਢੀਆਂ ਸਨ। ਸਾਰੇ ਪਿੰਡ ਦੀ ਮਾਂ-ਭੈਣ ਇਕ ਕੀਤੀ ਸੀ। ਲਲਕਾਰੇ ਮਾਰੇ ਸਨ। ਬੱਕਰੇ ਬੁਲਾਏ ਸਨ। ਜਾਗਰ ਸਿੰਘ ਮਾਊਂ ਬਣਿਆਂ ਅੰਦਰ ਬੈਠਾ ਸੀ। ਹਰਦੇਵ ਦੀ ਮਾਂ ਹਰ ਕੌਰ ਢਿੱਡ 'ਚ ਮੁੱਕੀਆਂ ਦੇਈ ਬੈਠੀ ਸੀ। ਦੀਪ ਅਗਲੇ ਅੰਦਰ ਬੇਪ੍ਰਵਾਹਾਂ ਵਾਂਗ ਸੁੱਤੀ ਹੋਈ ਸੀ। ਉਸ ਨੂੰ ਬਹੁਤਾ ਮਹਿਸੂਸ ਨਹੀਂ ਹੋਇਆ ਸੀ। ਤਸੀਲਦਾਰ ਦੇ ਘਰ ਅਜਿਹੀਆਂ ਪਾਰਟੀਆਂ ਆਮ ਹੀ ਹੁੰਦੀਆਂ ਸਨ। ਬੱਕਰੇ ਬੋਲਦੇ ਸਨ। ਲਲਕਾਰੇ ਵੱਜਦੇ ਸਨ। ਬੰਦੂਕਾਂ ਦੇ ਫ਼ਾਇਰ ਹੁੰਦੇ ਸਨ। ਗਾਲ਼ਾਂ ਨਿਕਲਦੀਆਂ ਸਨ। ਨਿੱਤ ਦਾ ਕੰਮ ਸੀ!

ਅਗਲੇ ਦਿਨ ਜਾਗਰ ਸਿੰਘ ਨੂੰ ਪੰਚਾਇਤ ਦਾ ਸੱਦਾ ਆ ਗਿਆ।

ਜਾਗਰ ਸਿਉਂ ਦੇ ਹੇਠੋਂ ਜਿਵੇਂ ਧਰਤੀ ਖਿਸਕ ਗਈ ਸੀ। ਉਹ ਸਾਰੇ ਪਿੰਡ ਦਾ ਦੇਣਦਾਰ ਸੀ। ਸਾਰੇ ਪਿੰਡ ਦਾ ਦੋਸ਼ੀ ਸੀ। ਉਸ ਦਾ ਤਸੀਲਦਾਰ ਕੁੜਮ ਬਿਨਾ ਗੱਲੋਂ ਸਾਰੇ ਪਿੰਡ ਦੇ ਮੂੰਹ ਮਿੱਟੀ ਮਲ਼ ਗਿਆ ਸੀ। ਸਾਰੇ ਪਿੰਡ ਦੀ ਇੱਜ਼ਤ 'ਤੇ ਥੁੱਕ ਗਿਆ ਸੀ। ਇਹ ਪਿੰਡ ਵਾਲ਼ਿਆਂ ਲਈ ਇਕ ਨਮੋਸ਼ੀ ਵਾਲ਼ੀ ਗੱਲ ਸੀ। ਬਰਦਾਸ਼ਤ ਤੋਂ ਬਾਹਰ ਸੀ!

ਜਾਗਰ ਸਿੰਘ ਸੱਥ ਵਿਚ ਪਹੁੰਚ ਗਿਆ।

-"ਕਿਉਂ ਬਈ ਜਾਗਰ ਸਿਆਂ? ਅਸੀਂ ਤਾਂ ਤੈਨੂੰ ਬੜਾ ਸਿਆਣਾ ਬੰਦਾ ਸਮਝਦੇ ਸੀ-ਪਰ ਤੂੰ ਤਾਂ ਆਪ ਸਾਰੇ ਪਿੰਡ ਦੀ ਦਾਹੜੀ 'ਚ ਮੁਤਾ ਦਿੱਤਾ?" ਸਰਪੰਚ ਅਤੀ ਅੰਤ ਖਿਝਿਆ ਹੋਇਆ ਸੀ।

-"......।" ਜਾਗਰ ਚੁੱਪ ਸੀ। ਨੀਵੀਂ ਨਹੀਂ ਚੁੱਕ ਰਿਹਾ ਸੀ।

-"ਸਾਰੇ ਧੀਆਂ ਭੈਣਾਂ ਆਲ਼ੇ ਬੈਠੇ ਐ-ਤੇਰੇ ਵੀ ਧੀਆਂ ਭੈਣਾਂ ਹੈਗੀਐਂ-ਇਹ ਕੋਈ ਲਾਇਕੀ ਦੀ ਗੱਲ ਐ?" ਮੈਂਬਰ ਨੇ ਆਖਿਆ। ਉਹ ਜਾਗਰ ਸਿਉਂ ਦਾ ਗੁਆਂਢੀ ਸੀ। ਉਸ ਨੇ ਨਾ ਸੁਣੀਆਂ ਜਾਣ ਵਾਲ਼ੀਆਂ ਨੰਗੀਆਂ ਗਾਲ਼ਾ ਕੰਨੀਂ ਸੁਣੀਆਂ ਸਨ। ਘਰੇ ਦੋ ਜੁਆਨ ਧੀਆਂ ਸਨ। ਪਰ ਉਹ ਦੱਬੀ ਘੁੱਟੀਦਾ ਪਿਆ ਰਿਹਾ ਸੀ।

-"ਉਹ ਅੱਧੀ ਰਾਤ ਤੱਕ ਨੰਗੇ ਨੱਚਦੇ ਰਹੇ ਐ-ਤੈਥੋਂ ਰੋਕ ਨਹੀਂ ਹੋਇਆ?"

-"ਪਿੰਡਾ...! ਗਰੀਬ ਦੀ ਝੁੱਗੀ ਹਾਥੀ ਵੜ ਗਿਐ-ਦੱਸੋ ਕਿਹੜੇ ਪਾਸੇ ਭੱਜੇ? ਚੋਰ ਦੀ ਮਾਂ ਤੇ ਕੋਠੀ 'ਚ ਮੂੰਹ!" ਜਾਗਰ ਨੇ ਇੱਕੋ ਵਿਚ ਹੀ ਨਬੇੜ ਦਿੱਤੀ।

-"ਹਾਥੀ ਦੇ ਤਾਂ ਸੰਗਲ਼ ਪਾ ਦਿੰਦੇ ਤਾਇਆ! ਪਰ ਰੋਕੀ ਘਰਦਿਆਂ ਨੇ ਰੱਖਿਆ-ਨਹੀਂ ਰਾਤ ਇਕ ਅੱਧਾ ਗੱਡੀ ਚਾੜ੍ਹਿਆ ਹੁੰਦਾ-ਫੇਰ ਪਿੱਛੋਂ ਜੋ ਹੋਣਾਂ ਸੀ? ਦੇਖੀ ਜਾਂਦੀ! ਇਕ ਵਾਰੀ ਤਾਂ ਬੱਕਰੇ ਮਾਂਗੂੰ ਉਲੱਦ ਕੇ ਮਾਰਨਾ ਸੀ, ਇਕ ਅੱਧੇ ਨੂੰ।" ਇਕ ਮੁੱਛ ਫੁੱਟ ਚੋਬਰ ਬੋਲਿਆ।

-"ਉਹ ਸਾਰੀ ਰਾਤ ਪਿੰਡ ਦੇ ਕੌਲ਼ਿਆਂ 'ਤੇ ਲੱਤ ਚੱਕ ਚੱਕ ਮੂਤਦੇ ਰਹੇ ਐ-ਤੇ ਤੂੰ ਤਾਂ ਭਲਿਆ ਮਾਣਸਾ

ਕੁਛ ਵੀ ਨ੍ਹੀ ਬੋਲਿਆ?"

-"ਮੇਰੇ ਵੱਸ ਨ੍ਹੀ ਰਿਹਾ ਜੁਆਨਾ...! ਮੈਂ ਤਾਂ ਬਥੇਰਾ ਮੂੰਹ ਮੂਹਰੇ ਹੱਥ ਦਿੱਤਾ-ਪਰ ਅਹੁਦੇ ਦੇ ਨਸ਼ੇ 'ਚ ਬੰਦਾ ਧੀਆਂ ਭੈਣਾਂ ਭੁੱਲ ਜਾਂਦੈ!"

-"ਤਾਇਆ, ਜੇ ਤੂੰ ਈ ਖੁੱਸੀ ਹੋ ਗਿਆ ਸੀ...? ਸਾਨੂੰ 'ਵਾਜ ਮਾਰਦਾ-ਦੇਖ ਅਸੀਂ ਕਿਵੇਂ ਲਾਉਂਦੇ ਸੀ ਫ਼ੀਤੀਆਂ!" ਇਕ ਚੜ੍ਹਦੀ ਉਮਰ ਦੇ ਮੁੰਡੇ ਨੇ ਜਾਗਰ ਸਿੰਘ ਨੂੰ ਗੱਲ ਰੜਕਾਈ। ਢਾਣੀ ਬੜੀ ਹੀ ਤੱਤੀ ਸੀ। ਉਹਨਾਂ ਦੇ ਵੀ ਕੋਈ ਵੱਸ ਨਹੀਂ ਸੀ। ਧੀ ਭੈਣ ਦੀ ਗਾਲ਼ ਕੌਣ ਲੈਂਦੈ?

-"ਅਸੀਂ ਤਾਂ ਤਸੀਲਦਾਰੀ ਦੀ ਧਨੇਸੜੀ ਮਿੰਟ 'ਚ ਦੇ ਦਿੰਦੇ-ਜੇ ਮੁੜ ਕੇ ਪਿੰਡ ਵੱਲੀਂ ਝਾਕ ਵੀ ਜਾਂਦਾ-ਤਾਂ ਆਖਦੇ!"

-"ਮੇਰਾ ਕੋਈ ਕਸੂਰ ਨ੍ਹੀ ਚੋਬਰੋ...! ਗੱਲ ਮੇਰੇ ਬਿਤੋਂ ਬਾਹਰ ਹੋ ਗਈ-ਕਿਸੇ ਨੇ ਮੇਰੀ ਤਾਂ ਸੁਣੀਂ ਈ ਨ੍ਹੀ! ਆਬਦਾ ਈ ਧੂਤਕੜਾ ਪਾਉਂਦੇ ਰਹੇ-ਉਧਰੋਂ ਉਹ ਖੇਹ ਕਰ ਗਏ ਐ-ਤੇ ਹੁਣ ਤੁਸੀਂ ਜਿਹੜੇ ਛਿੱਤਰ ਮਾਰਨੇ ਐਂ-ਉਹ ਮਾਰ ਲਓ! ਪਰ ਸੱਚੀ ਗੱਲ ਇਹ ਐ ਬਈ ਮੇਰੇ ਬੱਸ ਕੋਈ ਨ੍ਹੀ-ਆਹ ਲਓ ਮੈਂ ਮੁਆਫ਼ੀ ਮੰਗਦੈਂ...!" ਜਾਗਰ ਸਿਉਂ ਨੇ ਆਪਣੀ ਪੱਗ ਲਾਹ ਕੇ ਸਰਪੰਚ ਦੇ ਪੈਰਾਂ ਵਿਚ ਰੱਖਣੀਂ ਚਾਹੀ। ਜਿਹੜੀ ਸਿਆਣੇ ਸਰਪੰਚ ਨੇ ਰਾਹ ਵਿਚ ਹੀ ਬੋਚ ਲਈ। ਸਾਰੇ ਪਿੰਡ ਦਾ ਗੁੱਸਾ ਠਰ ਗਿਆ। ਤੱਤੀ ਢਾਣੀ ਸ਼ਾਂਤ ਹੋ ਗਈ। ਪੰਚਾਇਤ ਨੇ ਅੱਗੋਂ ਸਾਵਧਾਨ ਰਹਿਣ ਅਤੇ ਪਿੰਡ ਵਾਲ਼ਿਆਂ ਨੂੰ ਸਾਵਧਾਨ ਹੋਣ ਲਈ ਆਖਿਆ। ਜੇ ਤਸੀਲਦਾਰ ਪਿੰਡ 'ਚ ਆ ਕੇ ਫਿਰ ਪੰਜ ਤਿੰਨ ਕਰੇ, ਪਿੰਡ ਵਾਲਿਆਂ ਨੂੰ ਨਿਪਟਣ ਲਈ ਹਦਾਇਤ ਕਰ ਦਿੱਤੀ।

ਜਾਗਰ ਸਿਉਂ ਘੋਰ ਉਦਾਸ ਘਰ ਮੁੜ ਆਇਆ। ਹਰ ਕੌਰ ਨੂੰ ਪਤਾ ਲੱਗਿਆ ਤਾਂ ਉਹ ਵੀ ਮਨ ਵਿਚ ਹੀ ਕਲ਼ਪ ਕੇ ਰਹਿ ਗਈ। ਨੂੰਹ ਨੂੰ ਉਹ ਆਖ ਵੀ ਕੀ ਸਕਦੀ ਸੀ? ਆ ਬੈਲ ਮੁਝੇ ਮਾਰ...? ਤਸੀਲਦਾਰ ਤਾਂ ਪਹਿਲਾਂ ਹੀ ਆਪਣੀ ਧੀ ਨੂੰ ਵਾਰ ਵਾਰ ਰੜਕਾਂ ਕੱਢਣ ਲਈ ਆਖ ਚੁੱਕਾ ਸੀ। ਆਪ ਦੀ ਇੱਜ਼ਤ ਆਪਣੇ ਹੱਥ! ਝੱਗਾ ਚੁੱਕੀਏ ਤਾਂ ਆਪਣਾ ਢਿੱਡ ਹੀ ਨੰਗਾ ਹੁੰਦਾ ਹੈ!

-"ਕੀ ਕਰੀਏ ਹਰ ਕੁਰੇ...? ਸਾਰੀ ਉਮਰ ਕਿਸੇ ਕੰਜਰ ਤੋਂ ਕਦੇ ਉਏ ਨਹੀਂ ਕਹਾਈ ਸੀ-ਅੱਜ ਪਰ੍ਹੇ 'ਚ ਮੈਨੂੰ ਸਰਪੈਂਚ ਦੇ ਪੈਰੀਂ ਪੱਗ ਰੱਖਣੀਂ ਪੈ ਗਈ।" ਜਾਗਰ ਸਿਉਂ ਦਾ ਦਿਲ ਰੋ ਰਿਹਾ ਸੀ।

-"ਕਾਹਦੇ ਡਾਢਿਆਂ ਨਾਲ਼ ਹੱਥ ਜੋੜੇ? ਖੇਹ ਹੋਈ ਪਈ ਐ...! ਰਾਤ ਸਾਰੇ ਟੱਬਰ ਨੂੰ ਕੰਜਰ ਬਣਾਇਆ ਪਿਆ ਸੀ-ਕੀ ਲੈਣਾ ਸੀ ਐਹੋ ਜੀਆਂ ਸਰਦਾਰੀਆਂ ਤੋਂ?" ਹਰ ਕੌਰ ਦਾ ਹਿਰਦਾ ਵੈਣ ਪਾਈ ਜਾ ਰਿਹਾ ਸੀ।

-"ਪਰ ਹੁਣ ਗੱਲ ਇਕ ਹੋਰ ਐ...!" ਜਾਗਰ ਨੇ ਕਿਹਾ। ਉਹ ਦੋਨੋਂ ਜੀਅ ਬੜੀ ਧੀਮੀ ਅਵਾਜ਼ ਵਿਚ ਗੱਲਾਂ ਕਰ ਰਹੇ ਸਨ।

-"ਕੀ...?" ਹਰ ਕੌਰ ਨੇ ਬੁਝੀਆਂ ਅੱਖਾਂ ਉਪਰ ਚੁੱਕੀਆਂ।

-"ਕੁੜੀ ਦਾ ਵੀਜਾ ਲੱਗ ਗਿਐ-ਇਹਨੂੰ ਟਿਗਟ ਟੁਗਟ ਬਾਰੇ ਪੁੱਛ...! ਉਹ ਜਾਣੇ ਹਰਦੇਵ ਸਿਉਂ ਕੋਲ਼ ਚਲੀ ਜਾਊਗੀ-ਫੇਰ ਤਸੀਲਦਾਰ ਨੇ ਸਾਡੇ ਕੋਲ਼ੇ ਆਉਣਾ ਵੀ ਕਿਸ ਕੰਮ ਐਂ? ਤੂੰ ਇਹਦੇ ਜਾਣ ਬਾਰੇ ਕਨਸੋਅ ਲੈ! ਓਸ ਗੱਲ ਦੇ ਆਖਣ ਮਾਂਗੂੰ ਗੱਲ ਸਿਆਣਪ ਨਾਲ਼ ਕਰੀਏ! ਸਿਆਣੇ ਆਖਦੇ ਐ: ਧੀਏ ਗੱਲ ਕਰ-ਨੂੰਹੇਂ ਕੰਨ ਕਰ...! ਗੱਲ ਧੀ ਨੂੰ ਕਹੀਏ ਤੇ ਸੁਣਾਈਏ ਨੂੰਹ ਨੂੰ! ਬੁੜ੍ਹੀਆਂ ਆਲ਼ੀ ਮੋਟੀ ਮੱਤ ਨਾ ਵਰਤਣ ਲੱਗ ਪਈਂ! ਤੇਰਾ ਡਮਾਕ ਕਦੇ ਕਦੇ ਚੱਕਿਆ ਜਾਂਦੈ-ਉਹ ਗੱਲ ਨਾ ਹੋਵੇ ਬਈ ਜਿਹੜੀ ਮਾੜੀ ਮੋਟੀ ਇੱਜ਼ਤ ਲਈ ਫਿਰਦੇ ਐਂ-ਉਹ ਵੀ ਖੂਹ ਖਾਤੇ ਪਾ ਲਈਏ! ਉਹਦੇ ਗੁੰਡੇ ਤੂੰ ਦੇਖ ਈ ਲਏ ਐ!" ਉਹ ਬੜੀ ਧੀਮੀਂ ਅਵਾਜ਼ ਵਿਚ ਗੱਲਾਂ ਕਰ ਰਹੇ ਸਨ।

-"ਤੂੰ ਫ਼ਿਕਰ ਨਾ ਕਰ...! ਮੈਂ ਵਡਿਆ ਕੇ ਇਹਦਾ ਮੂੰਹ ਸੁੰਘਦੀ ਐਂ-ਤੂੰ ਕੋਈ ਗੱਲ ਹਰਦੇਵ ਸਿਉਂ ਨੂੰ ਨਾ ਦੱਸੀਂ! ਸਿਆਣੇ ਆਖਦੇ ਐ-ਹਰਖ਼ ਦਾ ਮਾਰਿਆ ਧੀ ਪੁੱਤ, ਨਰਕ ਪੈ ਜਾਂਦੈ!" ਬੇਬੇ ਨੂੰ ਸਹੇ ਨਾਲੋਂ ਪਹੇ ਦਾ ਫ਼ਿਕਰ ਪੈ ਗਿਆ ਸੀ।

-"ਮੈਂ ਕਾਹਨੂੰ ਦੱਸੂੰ...? ਮੈਂ ਕਮਲੈਂ?" ਜਾਗਰ ਸਿਉਂ ਨੇ ਕਿਹਾ। ਫਿਰ ਉਹ ਦੀਪ ਨੂੰ ਆਪਣੇ ਵੱਲ ਆਉਂਦੀ ਦੇਖ ਕੇ ਚੁੱਪ ਵੱਟ ਗਏ।

ਪਿੰਡ ਵਿਚੋਂ ਕਿਸੇ ਹਰਦੇਵ ਦੇ ਦੋਸਤ ਨੇ ਪੰਚਾਇਤ ਵਾਲ਼ੀ ਸਾਰੀ ਗੱਲ ਹਰਦੇਵ ਨੂੰ ਫ਼ੋਨ 'ਤੇ ਦੱਸ ਦਿੱਤੀ।

ਸੁਣ ਕੇ ਉਹ ਬੇਹੱਦ ਪ੍ਰੇਸ਼ਾਨ ਹੋ ਗਿਆ। ਘਰ ਦੀ ਇੱਜ਼ਤ ਸੱਥ ਵਿਚ ਜਾ ਢੇਰੀ ਹੋਈ ਸੀ। ਪੱਗ ਖਾਨਦਾਨ ਦੀ ਇੱਜ਼ਤ ਹੀ ਤਾਂ ਹੈ! ਪੱਗ ਪਿੱਛੇ ਲੋਕਾਂ ਦੀਆਂ ਖੂਹਣੀਆਂ ਖਪ ਜਾਂਦੀਐਂ! ਬਾਪੂ ਅੱਗੇ ਤਾਂ ਗਰੀਬੀ ਵੇਲ਼ੇ ਨਹੀਂ ਕੋਈ ਬੋਲਿਆ ਸੀ? ਅੱਜ ਤਾਂ ਬਾਪੂ ਕੋਲ਼ ਇਕ ਕਰੋੜ ਰੁਪਏ ਦੇ ਕਰੀਬ ਜਾਇਦਾਦ ਸੀ। ਬਾਪੂ ਨੂੰ ਫੇਰ ਵੀ ਪੰਚਾਇਤ 'ਚ ਪੈਰੀਂ ਪੱਗ ਰੱਖਣੀਂ ਪੈ ਗਈ? ਉਸ ਦੇ ਅੰਦਰ ਜੱਟਵਾਦ ਖੌਰੂ ਪਾਉਣ ਲੱਗ ਪਿਆ। ਉਸ ਦੇ ਹੋਰ ਤਾਂ ਕੋਈ ਵੱਸ ਨਹੀਂ ਰਹਿ ਗਿਆ। ਉਸ ਨੇ ਦਾਰੂ ਦੀ ਬੋਤਲ ਖੋਲ੍ਹ ਕੇ ਪਾਗਲਾਂ ਵਾਂਗ ਪੀਣੀਂ ਸ਼ੁਰੂ ਕਰ ਦਿੱਤੀ। ਪਰ ਦਾਰੂ ਉਸ ਨੂੰ ਕੁਝ ਕਰ ਨਹੀਂ ਰਹੀ ਸੀ! ਉਹ ਪੈੱਗਾਂ ਦੇ ਪੈੱਗ ਅੰਦਰ ਸੁੱਟਦਾ ਰਿਹਾ। ਪਰ ਉਸ ਨੂੰ ਮਾੜਾ ਮੋਟਾ ਸਰੂਰ ਆਉਣ ਤੋਂ ਸਿਵਾਏ ਪੱਤਾ ਵੀ ਨਹੀਂ ਹਿੱਲਿਆ ਸੀ। ਉਹ ਸੋਚਾਂ ਦੇ ਘਰਾਟਾਂ ਵਿਚ ਰਗੜਿਆ ਜਾ ਰਿਹਾ ਸੀ। ਕੀ ਫ਼ਾਇਦਾ ਹੋਇਆ ਅਮੀਰ ਘਰਾਣੇਂ ਨਾਲ਼ ਪੰਗਾ ਲੈ ਕੇ? ਸਿਰਫ਼ ਧੌਂਸਾਂ ਅਤੇ ਹੇਠੀ ਹੀ ਪੱਲੇ ਪਈ? ਸਾਡਾ ਸਮਾਜ ਵੀ ਅਜੀਬ ਕਿਸਮ ਦਾ ਹੈ! ਜੋਰਾਵਰ ਅੱਗੇ ਨਿਵਣਾਂ ਅਤੇ ਮਾੜੇ 'ਤੇ ਸ਼ੇਰ ਬਣ ਕੇ ਖੜ੍ਹ ਜਾਣਾ! ਕੀ ਮਾੜੀ ਸੀ ਵਿਚਾਰੀ ਮੀਤੀ? ਕਦੇ ਉਚਾ ਬੋਲ ਨਹੀਂ ਸੀ ਬੋਲੀ! ਤੂੰ ਉਸ ਨੂੰ ਠੁੱਕਰ ਮਾਰ ਕੇ ਮਿੱਤਰਾ ਹੁਣ ਠੇਡੇ ਹੀ ਖਾਂਵੇਂਗਾ! ਉਸ ਦੀ ਗੱਲ ਕੋਈ ਝੂਠ ਨਹੀਂ ਸੀ ਕਿ ਇਸ ਦੁਨਿਆਵੀ ਅਦਾਲਤ ਨਾਲੋਂ ਉਪਰ ਇਕ ਰੱਬੀ ਅਦਾਲਤ ਵੀ ਹੈ! ਬੰਦਾ ਇਸ ਦੁਨਿਆਵੀ ਅਦਾਲਤ ਤੋਂ ਤਾਂ ਸੌ ਢਕਵੰਜ ਕਰਕੇ ਬਚ ਜਾਂਦਾ ਹੈ। ਪਰ ਰੱਬੀ ਅਦਾਲਤ ਤੋਂ ਬੰਦਾ ਕਿਵੇਂ ਵੀ ਬਚ ਨਹੀਂ ਸਕਦਾ! ਤੂੰ ਨਿਰਦੋਸ਼ ਮੀਤੀ ਦਾ ਦਿਲ ਦੁਖਾਇਐ, ਤੇ ਹੁਣ ਉਸ ਦੀ ਸਜ਼ਾ ਭੁਗਤਣ ਲਈ ਤਿਆਰ ਰਹਿ, ਹਰਦੇਵ ਸਿਆਂ! ਇਹ ਨਰਕ ਤੈਨੂੰ ਭੋਗਣਾ ਹੀ ਪੈਣੈਂ! ਇਹ ਦਸੌਂਟਾ ਤੈਨੂੰ ਕੱਟਣਾ ਹੀ ਪੈਣੈਂ! ਕੱਟ ਲੈ ਮਨਾਂ ਚਿੱਤ ਲਾ ਕੇ, ਲਿਖੀਆਂ ਲੇਖ ਦੀਆਂ! ਮੀਤੀ ਦਾ ਸ਼ਰਾਪ ਤੈਨੂੰ ਹਰ ਰੋਜ਼ ਮਾਰੂਗਾ। ਕਤਰਾ ਕਤਰਾ ਕਰ ਕੇ ਤੂੰ ਉਸ ਨੂੰ ਸਤਾਇਆ। ਹੁਣ ਤੂੰ ਕੁਤਰਾ ਕੁਤਰਾ ਹੋ ਕੇ ਹਰ ਰੋਜ ਮਰੇਂਗਾ, ਹਰਦੇਵ ਸਿਆਂ! ਜਦੋਂ ਕਿਸੇ ਗਰੀਬ ਨੂੰ, ਕਿਸੇ ਮਜਬੂਰ ਨੂੰ ਸਤਾਈਏ, ਤਾਂ ਉਸ ਦੇ ਦੁਖੀ ਦਿਲ ਦੀ ਹੂਕ ਦਰਗਾਹ ਜਾ ਵੱਜਦੀ ਐ...! ਤੇ ਫਿਰ ਦਰਗਾਹ ਵੱਲੋਂ ਸੰਯੋਗ ਅਤੇ ਵਿਯੋਗ ਅਨੁਸਾਰ ਸਜ਼ਾ ਨਿਯੁਕਤ ਹੁੰਦੀ ਐ! ਤੂੰ ਮੀਤੀ ਦੇ ਦੁਖੀ ਦਿਲ 'ਤੇ ਜ਼ਖ਼ਮ ਕੀਤੇ। ਉਹਨਾਂ ਜ਼ਖ਼ਮਾਂ ਦਾ ਵਿਰਲਾਪ ਹੁਣ ਤੈਨੂੰ ਝੱਲਣਾ ਪੈਣੈਂ! ਉਸ ਨੇ "ਹਾਏ ਮੀਤੀ...! ਮੈਨੂੰ ਮੁਆਫ਼ ਕਰਦੇ!" ਆਖ ਕੇ ਰੋਣਾ ਸ਼ੁਰੂ ਕਰ ਦਿੱਤਾ ਅਤੇ ਸੋਫ਼ੇ 'ਤੇ ਹੀ ਟੇਢਾ ਹੋ ਗਿਆ। ਪਤਾ ਨਹੀਂ ਭੁੱਖਣਭਾਣੇ ਹਰਦੇਵ ਨੂੰ ਕਦੋਂ ਨੀਂਦ ਆ ਗਈ। ਉਸ ਦੇ ਘੁਰਾੜ੍ਹੇ ਸ਼ੁਰੂ ਹੋ ਚੁੱਕੇ ਸਨ।

ਅਗਲੇ ਦਿਨ ਐਤਵਾਰ ਦਾ ਦਿਨ ਸੀ। ਰਾਤ ਦੀ ਦਾਰੂ ਨੇ ਉਸ ਦਾ ਸਰੀਰ ਨਿਰਬਲ ਕਰ ਸੁੱਟਿਆ ਸੀ। ਨਿਰਨੇ ਕਾਲਜੇ ਪੀਤੀ ਦਾਰੂ ਨੇ ਅੰਦਰ ਖੁਰਚ ਧਰਿਆ ਸੀ। ਉਸ ਦਾ ਸਾਰਾ ਸਰੀਰ ਟੁੱਟੀ ਜਾ ਰਿਹਾ ਸੀ। ਜਿਵੇਂ ਕਿਸੇ ਨੇ ਡਾਂਗਾਂ ਨਾਲ਼ ਕੁੱਟਿਆ ਹੋਵੇ! ਉਸ ਨੇ ਇਕ ਅੰਡਾ ਬਣਾ ਕੇ ਬਰੇਕਫ਼ਾਸਟ ਕੀਤੀ। ਸਵੇਰੇ ਸਵੇਰੇ ਬੀਅਰ ਪੀ ਕੇ ਉਹ ਮੀਤੀ ਦੀ ਨਣਾਨ ਸਰਬਜੀਤ ਦੇ ਘਰ ਨੂੰ ਚੱਲ ਪਿਆ। ਪਤਾ ਨਹੀਂ ਉਸ ਨੂੰ ਸਰਬਜੀਤ ਤੱਕ ਕੀ ਕੰਮ ਸੀ? ਪਤਾ ਨਹੀਂ ਉਹ ਉਸ ਦੇ ਘਰ ਵੱਲ ਕਿਉਂ ਚੱਲ ਪਿਆ ਸੀ? ਬਗੈਰ ਕਿਸੇ ਗੱਲ ਦੇ? ਬਗੈਰ ਸੋਚੇ ਸਮਝੇ!

ਜਦ ਉਸ ਨੇ ਜਾ ਕੇ ਸਰਬਜੀਤ ਦੇ ਘਰ ਦੀ 'ਡੋਰ-ਬੈੱਲ' ਕੀਤੀ ਤਾਂ ਇਕ ਸਤਾਰਾਂ ਅਠਾਰਾਂ ਸਾਲ ਦੇ ਮੁੰਡੇ ਨੇ ਦਰਵਾਜਾ ਖੋਲ੍ਹਿਆ।

-"ਤੇਰੀ ਮੰਮ ਘਰੇ ਐ ਬੋਈ...?"

-"ਨਹੀਂ...!" ਉਸ ਨੇ ਬੜਾ ਸੰਖੇਪ ਉਤਰ ਦਿੱਤਾ।

-"ਕਿੱਥੇ ਗਈ ਐ?"

-"ਅੰਕਲ, ਵਨ ਮੰਥ, ਇਕ ਮਹੀਨਾ ਹੋ ਗਿਆ-ਕਾਰ ਐਕਸੀਡੈਂਟ ਵਿਚ ਮੰਮ ਦੀਆਂ ਦੋਨੋਂ ਲੈੱਗਸ ਬਰੇਕ ਹੋ ਗਈਆਂ ਸੀ-ਇਕ ਲੈੱਗ ਤਾਂ ਥੋਰੀ ਠੀਕ ਹੋ ਗਈ ਸੀ-ਬੱਟ, ਸੈਕਿੰਡ ਲੈੱਗ ਕੱਟ ਕਰਨੀ ਪਈ...।" ਮੁੰਡੇ ਨੇ ਅੱਧੀ ਅੰਗਰੇਜ਼ੀ ਅਤੇ ਅੱਧੀ ਪੰਜਾਬੀ ਵਿਚ ਖਿਚੜੀ ਜਿਹੀ ਬਣਾ ਕੇ ਹਰਦੇਵ ਅੱਗੇ ਪੇਸ਼ ਕੀਤੀ ਸੀ। ਹਰਦੇਵ ਦਾ ਕਾਲਜਾ ਨਿਕਲ ਗਿਆ। ਸਰਬਜੀਤ ਨੇ ਵੀ ਮੀਤੀ 'ਤੇ ਬੜਾ ਜ਼ੁਲਮ ਕੀਤਾ ਸੀ। ਉਸ ਨੂੰ ਤਾਹਨੇ ਮਿਹਣੇਂ ਮਾਰੇ ਸਨ ਅਤੇ ਮੈਨੂੰ ਵੀ ਤੁੱਖਣਾਂ ਦੇ ਕੇ ਉਸ ਨਾਲੋਂ ਵੱਖ ਕਰ ਦਿੱਤਾ ਸੀ। ਹੁਣ ਸਿੱਟੇ ਉਹ ਵੀ ਭੁਗਤ ਰਹੀ ਐ!

-"ਡਾਕਟਰਾਂ ਨੇ ਤੇਰੀ ਮੰਮ ਦੀ ਇਕ ਲੱਤ ਕੱਟ ਦਿੱਤੀ?" ਉਸ ਦੀਆਂ ਅੱਖਾਂ ਅੱਗੇ ਭੰਬੂਤਾਰੇ ਨੱਚ ਰਹੇ ਸਨ।

-"ਯੈੱਸ...! ਆਟੀ ਟੋਲਡ ਯੂ ਔਲਰੈਡੀ! ਮੈਂ ਦੱਸਿਆ ਹੀ ਹੈ-ਇਕ ਲੱਤ ਕੱਟ ਕਰ ਦਿੱਤੀ ਐ-!"

–"ਕਿਹੜੇ ਹੌਸਪੀਟਲ ਐ ਤੇਰੀ ਮੰਮ?"
–"ਕਿੰਗ ਜੌਰਜ ਹੌਸਪੀਟਲ!"
–"ਕਿੰਨਾ ਚਿਰ ਹੋਰ ਰਹੂ?"
–"ਆਈ ਡੌਂਟ ਨੋਅ! ਆਈ ਐੱਮ ਸੌਰੀ...! ਆਈ ਕਾਂਟ ਟੈੱਲ ਯੂ!"
ਹਰਦੇਵ ਮੁੜ ਆਇਆ।
ਉਸ ਦਾ ਦਿਮਾਗ ਸੋਚਾਂ ਨਾਲ ਉਪਰੋਥਲ਼ੀ ਹੋਇਆ ਪਿਆ ਸੀ।

0 0 0 0 0 0 0

ਹਰਦੇਵ ਦੀ ਮਾਂ ਹਰ ਕੌਰ ਨੇ ਦੀਪ ਤੋਂ ਬੜੇ ਢੰਗ ਅਤੇ ਪਿਆਰ ਨਾਲ਼ ਬਾਹਰ ਜਾਣ ਬਾਰੇ ਪੁੱਛਿਆ।

–"ਧੀਏ ਦੀਪ...! ਹੁਣ ਤਾਂ ਤੇਰਾ ਵੀਜਾ ਵੀ ਲੱਗ ਗਿਆ? ਹੁਣ ਤੂੰ ਹਰਦੇਵ ਸਿਉਂ ਕੋਲ਼ੇ ਕਦੋਂ ਜਾਣੈਂ? ਤੀਮੀਂ ਪੁੱਤ ਆਪਣੇ ਬੰਦੇ ਕੋਲ਼ੇ ਈ ਸਜਦੀ ਐ!"

–"ਬੀਜੀ, ਮੈਂ ਤਾਂ ਪਾਪਾ ਜੀ ਨੂੰ ਪੁੱਛ ਕੇ ਈ ਕੁਛ ਦੱਸ ਸਕਦੀ ਐਂ-ਮੈਨੂੰ ਕੋਈ ਪਤਾ ਨਹੀਂ! ਜਦੋਂ ਮੇਰੇ ਪਾਪਾ ਜੀ ਕਹਿਣਗੇ-ਮੈਂ ਚਲੀ ਜਾਊਂਗੀ!" ਉਸ ਨੇ ਬੜੀ ਲਾਪ੍ਰਵਾਹੀ ਨਾਲ਼ ਉਤਰ ਦਿੱਤਾ।

–"......।" ਹਰ ਕੌਰ ਜ਼ਹਿਰ ਘੋਲ਼ ਕੇ ਰਹਿ ਗਈ। ਉਸ ਦੇ ਦਿਲ ਵਿਚ ਸੀ ਕਿ ਨੂੰਹ ਉਹ ਇਸ ਘਰ ਦੀ ਹੋਵੇ, ਤੇ ਇੰਗਲੈਂਡ ਜਾਣ ਲਈ ਪੁੱਛੇ ਆਪਣੇ ਕੰਜਰ ਪਿਉ ਤੋਂ? ਉਲਟੇ ਬਾਂਸ ਬਰੇਲੀ ਨੂੰ? ਨੂੰਹਾਂ ਸੱਸ ਸਹੁਰੇ ਨੂੰ ਪੁੱਛਦੀਐਂ ਜਾਂ ਆਪਦੇ ਪਿਉ ਨੂੰ? ਇਹ ਕਿੱਧਰਲਾ ਸਿਧਾਂਤ ਸੀ? ਨੂੰਹਾਂ ਤਾਂ ਸੱਸ ਸਹੁਰੇ ਨੂੰ ਹੀ ਪੁੱਛ ਕੇ ਗੱਲ ਕਰਦੀਐਂ! ਤੇ ਇਹ ਕਾਲ਼ੇ ਮੂੰਹ ਆਲ਼ੀ ਆਬਦੇ ਪਿਉ ਨੂੰ ਪੁੱਛ ਕੇ, ਸਾਨੂੰ ਦੱਸੂ? ਅਸੀਂ ਇਹਦੇ ਪਿਉ ਦੇ ਨੌਕਰ ਐਂ ਨ੍ਹਾਂ...? ਉਸ ਦੇ ਮਨ ਅੰਦਰ ਵਟਣੇ ਚੜ੍ਹ ਰਹੇ ਸਨ। ਕੁੱਤੀ ਕਿੰਨੇ ਗਏ ਗੁਜਰੇ ਘਰ ਦੀ ਐ! ਸੱਸ ਸਹੁਰੇ ਦਾ ਤਾਂ ਇਹਨੂੰ ਕੁਪੱਤੀ ਨੂੰ ਡਰ ਈ ਕੋਈ ਨਹੀਂ! ਚੱਲ, ਜਾਣਾ ਤਾਂ ਇਹਨੇ ਹਰਦੇਵ ਸਿਉਂ ਕੋਲ਼ੇ ਈ ਐ? ਆਪੇ ਇਹਨੂੰ ਸਿੱਧੀ ਕਰ ਲਊ! ਪਤਾ ਤਾਂ ਉਦੋਂ ਲੱਗੂ ਜਦੋਂ ਉਥੇ ਆਬਦੇ ਪਤੰਦਰ ਕੋਲ਼ੇ ਪਹੁੰਚਗੀ! ਉਥੇ ਕਿਹੜੇ ਪਿਉ ਨੂੰ 'ਵਾਜ ਮਾਰੇਂਗੀ ਧਗੜਿਆਂ ਪਿੱਟੀਏ...? ਮਾਰ ਮਾਰ ਲੱਤਾਂ ਉਹਨੇ ਤੇਰੇ ਚੂਕਣੇ 'ਚ, ਤੇਰੀਆਂ ਸਾਰੀਆਂ ਚਤਰਾਈਆਂ ਕੱਢ ਮਾਰਨੀਐਂ! ਉਹ ਵੀ ਜਾਗਰ ਸਿਉਂ ਦਾ ਖ਼ੂਨ ਐਂ! ਪਰ ਹਰਦੇਵ ਸਿਉਂ ਤਾਂ ਕਹਿੰਦਾ ਸੀ ਬਈ ਉਥੇ ਪੁਲਸ ਤੀਮੀਂ ਨੂੰ ਹੱਥ ਨਹੀਂ ਲਾਉਣ ਦਿੰਦੀ? ਤੇ ਅਗਲੇ ਨੇ ਕਿਹੜਾ ਪੁਲਸ ਨੂੰ ਪੁੱਛ ਕੇ ਤੀਮੀਂ ਕੁੱਟਣੀ ਹੁੰਦੀ ਐ? ਉਥੇ ਕਿਹੜਾ ਇਹਦਾ ਧਗੜਾ ਬਾਪੂ ਬੈਠਾ ਹੋਊਗਾ, ਬਈ ਜੀਹਨੂੰ 'ਵਾਜ ਮਾਰਲੂ...? ਖਾ ਕੇ ਘਸੁੰਨ ਮੂੰਹ 'ਤੇ ਆਪੇ ਮਾੜੇ ਕੁੱਤੇ ਮਾਂਗੂੰ ਚੂਕ ਕੇ ਚੁੱਪ ਕਰ ਜਾਇਆ ਕਰੂ, ਕੁੱਤੀ!

ਦੀਪ ਨੇ ਸੁਨੇਹਾਂ ਭੇਜ ਕੇ ਆਪਣੇ ਪਾਪਾ ਜੀ ਦੀ ਕਾਰ ਮੰਗਵਾ ਲਈ। ਡਰਾਈਵਰ ਕਾਰ ਲੈ ਕੇ ਤੁਰੰਤ ਪਹੁੰਚਿਆ ਸੀ। ਦੀਪ ਬਿਨਾ ਕਿਸੇ ਨੂੰ ਕੁਝ ਦੱਸੇ ਪੁੱਛੇ, ਕਾਰ ਵਿਚ ਚੜ੍ਹ ਤੁਰ ਗਈ ਸੀ। ਉਸ ਨੇ ਸੱਸ ਸਹੁਰੇ ਦੇ ਪੈਰੀਂ ਹੱਥ ਵੀ ਨਹੀਂ ਲਾਏ ਸਨ।

ਰਾਤ ਨੂੰ ਰੋਟੀ ਖਾਣ ਤੋਂ ਬਾਅਦ ਹਰ ਕੌਰ ਨੇ ਆਪਣੇ ਅੰਦਰ ਛਿੜੇ ਜਹਾਦ ਦੀ ਚੱਕੀ ਜਾਗਰ ਸਿਉਂ ਕੋਲ਼ ਝੋਅ ਲਈ।

–"ਕਿੰਨੀ ਕੁੱਤੀ ਐ...! ਸੱਸ ਸਹੁਰੇ ਦੀ ਤਾਂ ਇਹਨੂੰ ਸ਼ਰਮ ਈ ਕੋਈ ਨ੍ਹੀ...! ਨਾ ਕਦੇ ਕੁਛ ਪੁੱਛੇ-ਨਾ ਦੱਸੇ! ਬੱਸ ਆਪਹੁਦਰੀ ਹੋਈ ਫਿਰਦੀ ਐ! ਪੇਕਿਆਂ ਤੋਂ ਕਾਰ ਮੰਗਵਾ ਲੈਂਦੀ ਐ ਤੇ 'ਫਰਰ' ਕਰਕੇ ਭੱਜ ਜਾਂਦੀ ਐ! ਸ਼ਿਕਾਰੀ ਕੁੱਤੀ ਮਾਂਗੂੰ ਪੈਰ ਈ ਨ੍ਹੀ ਧਰਤੀ 'ਤੇ ਲਾਉਂਦੀ? ਲੂਸ ਲੂਸ ਕਰਦੀ ਫਿਰਦੀ ਐ! ਪਤਾ ਨ੍ਹੀ ਕੀ ਦੀਂਹਦੈ ਇਹਨੂੰ? ਸਾਨੂੰ ਤਾਂ ਇਹ ਟਿੱਚ ਈ ਸਮਝਦੀ ਐ! ਪਾ ਕੇ ਸੈਂਡਲ਼ੀਆਂ ਜੀਆਂ-ਵਿਹੜੇ 'ਚ ਚਿੱਤੜ ਹਿਲਾਉਂਦੀ ਫਿਰੂ

ਘੋੜਿਆਂ ਦੀ ਰੰਨ! ਬਈ ਤੂੰ ਸੱਸ ਦੀ ਨਹੀਂ ਤਾਂ ਕਾਲ਼ੇ ਮੂੰਹ ਆਲ਼ੀਏ ਆਬਦੇ ਕੰਜਰ ਸਹੁਰੇ ਦੀ ਸ਼ਰਮ ਤਾਂ ਖਾਹ! ਜਿਹੜੀ ਗੱਲ ਕਰੀਏ-ਪਾਪਾ ਜੀ ਨੂੰ ਪੁੱਛ ਕੇ ਦੱਸੂੰ! ਬਈ ਤੇਰਾ ਪਾਪਾ ਸਾਡੇ 'ਤੇ ਮੁਣਛੀ ਲੱਗਿਐ? ਚਲ, ਜਾਣਾ ਤਾਂ ਆਪਣੇ ਹਰਦੇਵ ਕੋਲ਼ੇ ਈ ਐ? ਵਲੈਤ 'ਚ ਕਿਹੜੇ ਭਾਅਪੇ ਨੂੰ ਭਾਲੂ...? ਮੈਂ ਹਰਦੇਵ ਸਿਉਂ ਨੂੰ ਕਹਿਣੈਂ ਬਈ ਇਹਦੇ ਕੁੱਤੀ ਰੰਨ ਦੇ ਸਾਰੇ ਵਲ਼ ਕੱਢ ਕੇ-ਤੱਕਲ਼ਾ ਬਣਾ ਕੇ ਰੱਖੀਂ! ਇਹ ਕੰਜਰੀ ਨਾ ਅੱਖ 'ਚ ਪਾਈ ਰੜਕਜੇ, ਕੁੱਤੀ! ਐਥੇ ਈ ਛੋਛੇ ਕਰ ਕਰਨ ਦਿਖਾਉਂਦੀ ਐ-ਉਥੇ ਸੱਪ ਮਾਂਗੂੰ ਵਲ਼ ਨਾ ਨਿਕਲੇ ਤਾਂ ਮੈਨੂੰ ਆਖੀਂ! ਅਸੀਂ ਸੋਚਦੇ ਐਂ ਬਈ ਕਾਹਨੂੰ-ਕਾਹਨੂੰ...! ਸਾਡਾ ਤਾਂ ਡਰ ਭੌਅ ਈ ਕੋਈ ਨ੍ਹੀ ਇਹਨੂੰ, ਹਰਾਮਦੀ ਨੂੰ!"

-"......।" ਜਾਗਰ ਸਿਉਂ ਹਰ ਕੌਰ ਕੋਲ਼ ਘੁੱਗੂ ਜਿਹਾ ਹੋਇਆ ਬੈਠਾ ਸੀ।

-"ਬਈ ਤੇਰਾ ਵੀਜਾ ਲੱਗ ਗਿਐ-ਐਥੇ ਬੈਠੀ ਕੀ ਤੂੰ ਪੀਹਣ ਕਰਦੀਂ ਐਂ? ਦੁੱਧ ਚੁੰਘਣੈਂ ਤੂੰ ਆਬਦੇ ਭਾਅਪੇ ਦਾ? ਆਬਦੇ ਖ਼ਸਮ ਕੋਲ਼ੇ ਦਫ਼ਾ ਹੋ! ਲੂਤ ਲੂਤ ਕਰਦੀ ਫਿਰਦੀ ਐਥੇ ਦੜੀ ਬੈਠੀ ਐਂ-ਜਿਵੇਂ ਛਪਾਰ ਦਾ ਮੇਲਾ ਦੇਖਣਾ ਹੁੰਦੈ! ਅਸੀਂ ਤਾਂ ਭਾਈ ਨਿੱਤ ਛਿੱਤਰ ਖਾਂਦੀਆਂ ਵੀ ਆਬਦੇ ਖਸਮ ਕੋਲ਼ ਨੂੰ ਭੱਜਦੀਆਂ ਸੀ! ਅੱਜ ਕੱਲ੍ਹ ਦੀਆਂ ਪੇਕਿਆਂ ਨੂੰ ਤੀੜ ਦੇ ਲੈਂਦੀਐਂ-ਜਿਵੇਂ ਪੇਕੀਂ ਆਂਡੇ ਰੱਖੇ ਹੁੰਦੇ ਐ! ਇਕ ਇਹਦਾ ਪਿਉ ਚੌਰਾ ਐ-ਬਈ ਕੰਜਰਾ! ਤੂੰ ਇਹਨੂੰ ਝਾਟੇ ਪਿੱਟੀ ਨੂੰ ਮੱਤ ਦੇਹ! ਇਹ ਜੁੰਡੇ ਖਿਲਾਰ ਲੈਂਦੀ ਐ-ਜਿਵੇਂ ਛਿਲਾ ਜਗਾਉਣਾ ਹੁੰਦੈ!"

-"ਇਹ ਪਿਉ ਦੀ ਸਿਰ 'ਤੇ ਚਾੜ੍ਹੀ ਵੀ ਐ-ਹਰਕੁਰੇ!"

-"ਐਹੋ ਜੀ ਦਾ ਲਚੜੇਂਵਾਂ ਮਿਲਟ 'ਚ ਲਹਿ ਜਾਂਦਾ ਹੁੰਦੈ-ਜਦੋਂ ਸਾਰੀ ਸਾਰੀ ਰਾਤ ਖ਼ਸਮ ਨ੍ਹੀ ਟਿਕਣ ਦਿੰਦਾ ਤੇ ਦਿਨੇ ਗੋਹੇ ਕੂੜੇ ਦੇ ਟੋਕਰੇ ਢੋਹਣੇ ਪੈਂਦੇ ਐ! ਐਹੋ ਜੀ ਗਜ ਮਾਂਗੂੰ ਸਿੱਧੀ ਹੋ ਜਾਂਦੀ ਐ! ਵਲ਼ ਤਾਂ ਇਹਦੇ ਹਰਦੇਵ ਸਿਉਂ ਈ ਕੱਢੂਗਾ।"

-"ਵਿਗੜੀ ਤੀਮੀਂ ਦੇ ਕਦੇ ਵਲ਼ ਨ੍ਹੀ ਨਿਕਲਦੇ, ਹਰਕੁਰੇ! ਅੜਬ ਘੋੜੀ ਤੇ ਵਿਗੜੀ ਤੀਮੀ ਕਦੇ ਲੋਟ ਨ੍ਹੀ ਆਉਂਦੀ! ਮੈਨੂੰ ਤਾਂ ਹੋਰ ਫ਼ਿਕਰ ਵੱਢ ਵੱਢ ਖਾਈ ਜਾਂਦੈ...!" ਜਾਗਰ ਸਿਉਂ ਨੇ ਗੁਟਾਹਰ ਵਰਗੀ ਅਵਾਜ਼ ਕੱਢੀ।

-"ਉਹ ਕਿਹੜਾ...?" ਹਰ ਕੌਰ ਵੀ ਪਿਆਸੇ ਕਾਂ ਵਾਂਗ ਝਾਕੀ।

-"ਮੈਂ ਮੀਂਹ ਤੋਂ ਨ੍ਹੀ-ਕਰੰਡ ਤੋਂ ਡਰਦੈਂ! ਮੈਨੂੰ ਤਾਂ ਇਹ ਫ਼ਿਕਰ ਐ ਬਈ ਕਿਤੇ ਇਹਦੇ ਕਰਕੇ ਆਪਣੇ ਨਾਲ ਆਪਣਾ ਹਰਦੇਵ ਸਿਉਂ ਵੀ ਫ਼ਤਹਿ ਨਾ ਬੁਲਾਜੇ?"

-"ਇਉਂ ਕਿਵੇਂ ਫ਼ਤਹਿ ਬੁਲਾਜੂ? ਉਹਨੂੰ ਅਸੀਂ ਪਾਲ਼ਿਆ, ਭੜਾਇਆ-!"

-"ਤੀਮੀ ਮਗਰ ਲੱਗ ਕੇ ਬੰਦਾ ਬਹੁਤ ਕੁਛ ਕਰ ਲੈਂਦੈ! ਦੁੱਧ ਤੇ ਬੁੱਧ ਫ਼ਟਦੀ ਦਾ ਪਤਾ ਨ੍ਹੀ ਲੱਗਦਾ!"

-"ਤੂੰ ਤਾਂ ਹੁਣ ਤੱਕ ਮੇਰੇ ਮਗਰ ਲੱਗਿਆ ਨ੍ਹਾਂ...? ਪਿੱਟ ਕੇ ਮਰਗੀ...! ਮੈਂ ਤਾਂ ਸਾਰੀ ਉਮਰ ਧੌੜੀ ਦੀ ਜੁੱਤੀ ਥੱਲੇ ਈ ਕੱਟਿਐ! ਠਿੱਬੇ ਛਿੱਤਰ ਖਾ-ਖਾ ਕੇ ਮੂੰਹ 'ਤੇ ਚਿੱਬ ਪਏ-ਪਏ ਐ!"

-"ਆਪਣਾ ਟੈਮ ਕੁਛ ਹੋਰ ਸੀ...! ਹੁਣ ਦੀਆਂ ਤਾਂ ਸੱਪ ਤੋਂ ਦੀ ਲਿਟਦੀਐਂ...!"

-"ਫੇਰ ਮੇਰੀ ਜਾਣਦੀ ਐ ਜੁੱਤੀ...! ਤੀਮੀਆਂ ਤਾਂ ਉਹਨੂੰ ਹੋਰ ਬੀਹ ਮਿਲ ਜਾਣਗੀਆਂ! ਮਾਂ ਪਿਉ ਕਿੱਥੋਂ ਲਿਆਊ?"

-"ਮੈਂ ਤਾਂ ਪਛਤਾਉਨੈਂ ਆਹ ਰਿਸ਼ਤਾ ਲੈ ਕੇ...!" ਜਾਗਰ ਸਿਉਂ ਨੇ ਸਿਰ ਫੇਰਿਆ।

-"ਹੁਣ ਸੱਪ ਤਾਂ ਖੱਡ 'ਚ ਵੜ ਗਿਆ-ਲੀਹ ਕੁੱਟਣ ਦਾ ਕੀ ਫ਼ੈਦਾ? ਮਾੜੇ ਵੇਲ਼ੇ ਪਤਾ ਨ੍ਹੀ ਇਹਨਾਂ ਨੂੰ ਕਿਵੇਂ ਹਾਂ ਕਰਤੀ? ਤੂੰ ਈ ਬਾਹਲ਼ੀ ਪੂਛ ਚੱਕੀ ਵੀ ਸੀ-ਅਖੇ, ਕੁੜੀ 'ਕੱਲੀ 'ਕੱਲੀ ਐ-ਸਾਰੀ ਜੈਦਾਤ ਹਰਦੇਵ ਸਿਉਂ ਨੂੰ ਆਊ! ਮੈਨੂੰ ਤਾਂ ਡਰ ਲੱਗਦੈ ਬਈ ਇਹਦਾ ਲੀਚੜ ਪਿਉ ਸਾਡੇ ਆਲ਼ੀ 'ਚੋਂ ਨਾ ਹਿੱਸਾ ਵੰਡਾ ਲਵੇ?" ਉਸ ਨੇ ਦਿਲ ਦਾ ਅਸਲ ਡਰ ਦੱਸਿਆ।

-"ਕਾਹਨੂੰ ਭੈੜ੍ਹੀਆਂ ਗੱਲਾਂ ਸੋਚਦੀ ਐਂ...? ਭੱਜਦਿਆਂ ਨੂੰ ਤਾਂ ਬਾਹਣ ਇੱਕੋ ਜੇ ਹੁੰਦੇ ਐ!"

-"ਅੱਗ ਲੱਗੜੇ ਮਗਰ ਦੇਖ ਤਾਂ ਲੈ...! ਕਤੀੜ੍ਹ ਕਿੰਨੀ ਐਂ? ਨਾਲ਼ੇ ਹੈ ਵੀ ਸਾਰੇ ਈ ਪੁੱਤ ਖਾਣੇ ਦੇ ਅਵਲ਼ੇ ਸਵਲ਼ੇ ਜੇ!"

-"ਚਲ ਬਾਹਲ਼ਾ ਨਾ ਕਲਪ...! ਇਹਨੂੰ ਗੱਦਾਂ ਈ ਯੱਧੀ ਨੂੰ ਕਿਵੇਂ ਨਾ ਕਿਵੇਂ ਦਫ਼ਾ ਕਰ ਤੇ ਰੱਬ 'ਤੇ ਡੋਰੀਆਂ ਰੱਖ! ਤੂੰ ਇਹਦੇ ਨਾਲ਼ ਨਾ ਬਿਗਾੜਲੀਂ! ਮੈਨੂੰ ਤੈਥੋਂ ਡਰ ਲੱਗਦੈ...। ਤੇਰੀ ਮੱਤ ਵੀ ਉਖਲ਼ੀ ਕੁੱਟ ਈ ਐ!

ਮੁੱਖ ਮੰਤਰੀ ਦੀ ਸਾਹਿਬਜਾਦੀ ਤੂੰ ਵੀ ਹੈਨ੍ਹੀ! ਆਪਣੇ ਕੋਲ਼ੇ ਵੀ ਜੁਗਾੜ ਸਿਉਂ ਅਰਗੇ ਲੱਠਮਾਰ ਬੰਦੇ ਐ-ਜੇ ਲੋੜ ਪਈ ਤਾਂ ਪੰਜ ਸੱਤ ਹਜਾਰ ਦੇ ਕੇ ਸਾਲ਼ੇ ਦਾ ਰੱਸਾ ਖੋਲ੍ਹ ਦਿਆਂਗੇ-ਉਹਨੂੰ ਪੰਜ ਸੱਤ ਹਜਾਰ ਦੇ ਕੇ ਤਾਂ ਚਾਹੇ ਪਾਕਸਤਾਨ ਭੇਜਦੇ-ਜਮਾਂ ਨ੍ਹੀ ਜਰਕਦਾ...! ਤਸੀਲਦਾਰ ਉਹਦੇ ਮੂਹਰੇ ਕੀ ਚੀਜ ਐ? ਤਸੀਲਦਾਰ ਜਿਹੜੇ ਲਬੜਕੱਟੇ ਜੇ ਆਬਦੇ ਨਾਲ਼ ਲਈ ਫਿਰਦੈ ਨ੍ਹਾਂ? ਜਦੋਂ ਸਿਰ 'ਤੇ ਆ ਪੈਂਦੀ ਐ-ਉਦੋਂ ਪੱਤਰੇ ਬਾਚ ਜਾਂਦੇ ਐ! ਪੈਂਦੀਆਂ 'ਚ ਕੋਈ ਨ੍ਹੀ ਮੂਹਰੇ ਖੜ੍ਹਦਾ-ਊਂ ਸੌ ਕੋਈ ਬੋਦੀਆਂ ਖਿਲਾਰੀ ਜਾਵੇ!"

ਉਹਨਾਂ ਸਾਰੀ ਰਾਤ ਬੈਠਿਆਂ ਹੀ ਕੱਢ ਦਿੱਤੀ।

ਅਗਲੇ ਦਿਨ ਦੀਪ ਕਾਰ 'ਤੇ ਹੀ ਮੁੜ ਆਈ। ਕਾਰ ਵਿਹੜੇ ਵਿਚ ਖੜ੍ਹੀ ਸੀ। ਦੀਪ ਨੇ ਫਿਰ ਨਾ ਕਿਸੇ ਦੇ ਪੈਰੀਂ ਹੱਥ ਲਾਏ ਅਤੇ ਨਾ ਹੀ ਕਿਸੇ ਨੂੰ ਬਹੁਤਾ ਬੁਲਾਇਆ। ਸੱਸ ਭੁੱਜ ਕੇ ਕੋਲਾ ਹੋਈ ਪਈ ਸੀ। ਪੁੱਛਣਾ ਹੋਵੇ ਬਈ ਇਹ ਕੋਈ ਧਰਮਸਾਲਾ ਐ? ਜਿੱਥੇ ਤੂੰ ਠੁੰਮਕ ਠੁੰਮਕ ਕਰਦੀ ਆ ਵੜਦੀ ਐਂ ਤੇ ਜਦੋਂ ਦਿਲ ਕਰਦੈ, ਖੱਚਰ ਮਾਂਗੂੰ ਰੇਵੀਏ ਪੈ ਜਾਨੀ ਐਂ? ਪਰ ਉਸ ਦੀ ਕੋਈ ਵਾਹ ਨਹੀਂ ਜਾਂਦੀ ਸੀ। ਉਸ ਦਾ ਦਿਲ ਕਰਦਾ ਸੀ ਕਿ ਦੀਪ ਨੂੰ ਗੁੱਤੋਂ ਫੜ ਕੇ ਘਰੋਂ ਬਾਹਰ ਕਰ ਦੇਵੇ...! ਪਰ ਉਹ ਆਲ੍ਹਣੇਂ 'ਚੋਂ ਡਿੱਗੇ ਚਿੜੀ ਦੇ ਬੱਚੇ ਵਾਂਗ ਨਿਤਾਣੀ ਸੀ।

ਹਰ ਕੌਰ ਮਨ ਨੂੰ ਸਮਝਾ, ਬੁਝਾ ਕੇ ਦੀਪ ਕੋਲ਼ ਬੈਠ ਗਈ। ਦੀਪ ਬੜੀ ਤੇਜ਼ੀ ਨਾਲ਼ ਆਪਣਾ ਲੀੜਾ-ਲੱਤਾ ਅਤੇ ਗਹਿਣੇ ਗੱਟੇ ਅਟੈਚੀ ਵਿਚ ਪਾ ਰਹੀ ਸੀ। ਉਸ ਨੇ ਸੱਸ ਨੂੰ ਦੇਖ ਤਾਂ ਲਿਆ ਸੀ। ਪਰ ਉਸ ਨੇ ਲਾਪ੍ਰਵਾਹੀ ਵਿਚ ਕੋਈ ਧਿਆਨ ਨਹੀਂ ਦਿੱਤਾ ਸੀ। ਉਹ ਆਪਣੇ ਕੰਮ ਵਿਚ ਹੀ ਮਸ਼ਰੂਫ਼ ਰਹੀ ਸੀ!

-"ਦੀਪ...! ਕੀ ਕਹਿੰਦਾ ਪੁੱਤ ਤੇਰਾ ਭਾਅਪਾ ਜੀ?" ਹਰ ਕੌਰ ਨੇ ਬੜਾ ਨੇੜੇ ਹੋ ਕੇ ਅਪਣੱਤ ਨਾਲ਼ ਪੁੱਛਿਆ।

-"ਬੀਜੀ ਪਰਸੋਂ ਰਾਤ ਦੀ ਮੇਰੀ ਫ਼ਲਾਈਟ ਐ! ਪਾਪਾ ਜੀ ਕਹਿੰਦੇ ਸੀ ਬਈ ਜੇ ਤਾਂ ਤੁਸੀਂ ਚੜ੍ਹਾਉਣ ਆਉਣੈਂ-ਤਾਂ ਸਿੱਧੇ ਦਿੱਲੀ ਏਅਰਪੋਰਟ 'ਤੇ ਈ ਆ ਜਾਇਓ...! ਨਹੀਂ ਪਾਪਾ ਜੀ ਤੇ ਬੀਜੀ ਤਾਂ ਜਾਣਗੇ ਈ...! ਪਰਸੋਂ ਰਾਤ ਨੂੰ ਮੇਰੀ ਇਕ ਵੀਹ ਦੀ ਫ਼ਲਾਈਟ ਐ...!" ਉਸ ਨੇ ਬੜੀ ਬੇਪ੍ਰਵਾਹੀ ਨਾਲ਼ ਦੱਸਿਆ ਤਾਂ ਸੱਸ ਦੇ ਹਾਲਾਤਾਂ ਦੀ ਹੋਰ ਜੱਖਣਾਂ ਪੱਟੀ ਗਈ।

-"ਪਰਸੋਂ ਤੇਰੀ ਫਲੈਟ ਐ-ਤੇ ਤੂੰ ਹੁਣ ਆਹ ਕੱਪੜੇ ਜੇ ਬਕਸੇ 'ਚ ਕਾਹਤੋਂ ਪਾਈ ਜਾਨੀ ਐਂ?"

-"ਮੈਂ ਚੱਲੀ ਆਂ ਪਾਪਾ ਜੀ ਤੇ ਬੀਜੀ ਕੋਲੇ...! ਹੁਣ ਮੈਂ ਦੋ ਰਾਤਾਂ ਉਹਨਾਂ ਕੋਲ ਈ ਰਹੂੰਗੀ! ਜੇ ਤੁਸੀਂ ਮੈਨੂੰ 'ਸੀ ਆਫ਼' ਕਰਨਾ ਹੋਇਆ-ਤਾਂ ਤੁਸੀਂ ਸਿੱਧੇ ਦਿੱਲੀ ਏਅਰਪੋਰਟ 'ਤੇ ਈ ਆ ਜਾਇਓ! ਜੇ ਨਹੀਂ ਆਉਣਾ ਤਾਂ ਪਾਪਾ ਜੀ ਕਹਿੰਦੇ ਸੀ ਬਈ ਕੋਈ ਲੋੜ ਵੀ ਨਹੀਂ...! ਬਾਕੀ ਥੋਡੀ ਮਰਜ਼ੀ ਐ...!" ਤੇ ਉਹ ਬਿਨਾ ਕਿਸੇ ਨਾਲ ਹੋਰ ਗੱਲ ਕਰੇ ਅਟੈਚੀ ਰੱਖ ਕਾਰ ਵਿਚ ਬੈਠ ਗਈ।

ਉਹਨਾਂ ਦੇ ਮੂੰਹ 'ਤੇ ਧੂੰਏਂ ਦੀ ਕਾਲ਼ਸ ਮਲ਼ਦੀ ਕਾਰ ਤੁਰ ਗਈ।

ਹਰ ਕੌਰ ਦਾ ਸਰੀਰ ਵੀ ਧੂੰਆਂ ਛੱਡੀ ਜਾ ਰਿਹਾ ਸੀ।

-"ਲੈ...! ਲੈ ਕਰਲਾ ਹਰਦੇਵ ਸਿਉਂ ਦੇ ਬਾਪੂ ਘਿਉ ਨੂੰ ਭਾਂਡਾ...! ਚੋਪੜ ਲੈ ਸਿੰਗ ਇਹਦੇ...! ਪਾ ਲੈ ਇਹਨੂੰ ਸਲਾਮੀ, ਪੜ੍ਹੀ ਲਿਖੀ ਨੂੰਹ ਨੂੰ...! ਟੰਗ ਲੈ ਇਹਨੂੰ ਮੂਰਤ ਬਣਾ ਕੇ ਕੰਧ 'ਤੇ...! ਲਾ ਲੈ ਖਾਂਦੇ ਪੀਂਦੇ ਘਰ ਨਾਲ਼ ਮੱਥਾ...! ਇਹ ਹਰਾਮਦੀ ਸਾਨੂੰ ਬੰਦੇ ਈ ਨ੍ਹੀ ਸਮਝਦੀ! ਟਿੱਚ ਈ ਸਮਝਦੀ ਐ! ਇਹਨੇ ਤਾਂ ਆਪਾਂ ਨੂੰ 'ਕੱਲੀ ਨੇ ਈ ਕਿੱਲੇ ਨਾਲ਼ ਟੰਗਤਾ...? ਜਿਹੜੀ ਦੂਜੀ ਸੁਖਦੇਵ ਆਲ਼ੀ ਆਊ, ਉਹ ਪਤਾ ਨ੍ਹੀ ਕਿਹੜੇ ਪੰਘੂੜੇ ਝੁਟਾਊ...? ਹਾਏ ਲੋਹੜ੍ਹਾ...! ਇਹ ਚਰਮਖ਼ ਜੀ ਆਬਦੇ ਆਪ ਨੂੰ ਸਮਝਦੀ ਕੀ ਐ? ਜਦੋਂ ਬੋਲੂ, ਹਾਏ ਭਾਅਪਾ...! ਜਦੋਂ ਬੋਲੂ, ਹਾਏ ਭਾਅਪਾ...!" ਹਰ ਕੌਰ ਨੇ ਆਪਣੀ ਛਾਤੀ ਪਿੱਟੀ।

-"ਹੋਰ ਹੁਣ ਤੇਰੀ ਉਹ ਮਾਲਸ਼ ਕਰੇ...? ਨਾ ਹੋਰ ਹੁਣ ਉਹ ਤੇਰੀਆਂ ਲੱਤਾਂ ਘੁੱਟੂਗੀ...? ਲੱਗਪੀ ਕੀਰਨੇ ਪਾਉਣ, ਭੈਣ ਦੇਣੇ ਦੀਏ ਜੱਭਲ਼ੇ...? ਮੈਂ ਤੇਰੇ ਭਾਅ ਦਾ ਬਾਹਲ਼ਾ ਈ ਬਾਗੋਬਾਗ ਐਂ? ਨ੍ਹਾ ਮੈਂ ਮੋਗੇ ਦੀਆਂ ਤੀਆਂ 'ਚ ਫਿਰਦੈਂ...? ਲੱਗਪੀ ਸਿਆਪੇ ਕਰਨ, ਮਰਾਸਣ ਮਾਂਗੂੰ!"

-"ਪਾ ਲੈ ਪੜ੍ਹੀ ਲਿਖੀ ਨੂੰ ਨਿਉਂਦਾ...!"

-"ਤੂੰ ਹੁਣ ਚੁੱਪ ਨ੍ਹੀ ਕਰਦੀ ਭੈਣ ਦਾ ... ਈ ਯਹਾਵੀਏ! ਹੋਰ ਹੁਣ ਤੂੰ ਪੜ੍ਹੀ ਲਿਖੀ ਤੋਂ ਪੈਂਤੀ ਸਿੱਖਣੀਂ

ਐਂ, ਯਾਰਾਂ ਨੂੰ ਖ਼ਤ ਪੱਤਰ ਲਿਖਣ ਆਸਤੇ? ਹੋਰ ਹੁਣ ਉਹ ਤੈਨੂੰ ਫੱਟੀ ਲਿਖਣੀ ਸਿਖਾਵੇ...? ਮਗਜ ਮਾਰਨੋਂ ਨ੍ਹੀ ਹਟਦੀ ਭੈਣ ਦਾ ਚਰਖਾ ਦੇਣੀਂ! ਦੁਖੀ ਕੀਤੇ ਪਏ ਐਂ...! ਦੁਖੀ ਨ੍ਹੀ ਕੀਤੇ ਪਏ, ਇਹਨੇ...?" ਹਰਖ਼ੇ ਜਾਗਰ ਸਿਉਂ ਨੇ ਹਰ ਕੌਰ ਦੇ ਧੌਲ਼ਾਂ ਜੜ ਦਿੱਤੀਆਂ। ਉਹ 'ਦਾਅੜ' ਕਰਦੀ ਮੂਧੇ ਮੂੰਹ ਵਿਹੜੇ ਵਿਚ ਜਾ ਡਿੱਗੀ। ਉਸ ਦੀ ਧੀ ਭਜਨੋਂ ਅੰਦਰ ਵੜ ਗਈ ਸੀ। ਉਹ ਹਰ ਰੋਜ ਦੇ ਕਲੇਸ਼ ਦੀ ਆਦੀ ਹੋਈ ਪਈ ਸੀ। ਸੁਖਦੇਵ ਕਲੇਸ਼ ਤੋਂ ਡਰਦਾ ਘਰੇ ਘੱਟ ਵੱਧ ਹੀ ਆਉਂਦਾ ਸੀ। ਉਹ ਜ਼ਿਆਦਾ ਖੇਤ ਹੀ ਰਹਿੰਦਾ। ਘਰੇ ਬਾਪੂ ਅਤੇ ਬੇਬੇ ਕਾਟੋ ਕਲੇਸ਼ ਕਰਦੇ ਰਹਿੰਦੇ! ਗੁਆਂਢੀ ਵੀ ਉਹਨਾਂ ਵੱਲੋਂ ਘੇਸਲ਼ ਹੀ ਮਾਰ ਛੱਡਦੇ! ਕਿਹੜਾ ਇਹ ਇਕ ਅੱਧੇ ਦਿਨ ਦਾ ਕੰਮ ਸੀ...? ਇਹ ਤਾਂ ਸੁੱਖ ਨਾਲ਼ ਹਰ ਰੋਜ਼ ਦਾ ਧੰਦਾ ਸੀ!

-"ਹਾਏ ਵੇ ਲੋਕੋ ਅਸੀਂ ਪੱਟੇ ਗਏ...!" ਹਰ ਕੌਰ ਵਿਹੜੇ ਵਿਚ ਬੈਠ ਕੇ ਪਿੱਟਣ ਲੱਗ ਪਈ। ਉਹ ਵਾਰ ਵਾਰ ਆਪਣੇ ਢਿੱਡ ਵਿਚ ਦੁਹੱਥੜ ਮਾਰਦੀ ਸੀ। ਜਾਗਰ ਦੇ ਸਿਰ ਨੂੰ ਵੀ ਫ਼ਤੂਰ ਚੜ੍ਹ ਗਿਆ। ਉਸ ਨੇ ਥਾਪੀ ਲੈ ਕੇ ਹਰ ਕੌਰ ਦੀ ਤਹਿ ਲਾ ਦਿੱਤੀ। ਛੋਟੀ ਕੁੜੀ ਨੇ ਅੰਦਰੋਂ ਚੰਘਿਆੜਾਂ ਛੱਡ ਦਿੱਤੀਆਂ। ਗੁਆਂਢੀਆਂ ਨੇ ਆ ਕੇ ਜਾਗਰ ਸਿੰਘ ਨੂੰ ਹਟਾਇਆ।

ਹਰ ਕੌਰ ਵਿਹੜੇ ਵਿਚ ਝੋਨੇ ਵਾਂਗ ਝੰਬੀ ਪਈ ਸੀ।

ਪਿੰਡ ਇਕੱਠਾ ਹੋ ਗਿਆ ਸੀ। ਪਰ ਕਿਸੇ ਨੂੰ ਕਿਸੇ ਗੱਲ ਦੀ ਸਮਝ ਨਹੀਂ ਪਈ ਸੀ, ਕਿ ਬੁੱਢੇ ਵਾਰੇ ਜਾਗਰ ਸਿਉਂ ਨੇ ਹਰ ਕੌਰ ਪੁਲਸੀਆ ਮਾਰ ਕਿਉਂ ਮਾਰੀ ਸੀ? ਲੋਕ ਮਨ ਵਿਚ ਹੀ ਤਰ੍ਹਾਂ ਤਰ੍ਹਾਂ ਦੇ ਲੱਖਣ ਲਾਉਂਦੇ ਤੁਰ ਗਏ ਸਨ। ਹਰ ਕੌਰ ਵਿਹੜੇ ਵਿਚ ਪਈ ਹੂੰਗਾ ਮਾਰ ਰਹੀ ਸੀ। ਕੁੜੀ ਭਜਨੋਂ ਨੇ ਉਸ ਨੂੰ ਉਠਾ ਕੇ ਮੰਜੇ 'ਤੇ ਪਾਇਆ ਸੀ। ਰੋੜਾ ਗਰਮ ਕਰਕੇ ਸੇਕ ਦਿੱਤਾ। ਹਰ ਕੌਰ ਕਮਲਿਆਂ ਵਾਂਗ ਧੀ ਵੱਲ ਦੇਖ ਰਹੀ ਸੀ। ਜਦ ਉਸ ਨੇ ਫਿਰ ਪਿੱਟਣਾ ਸ਼ੁਰੂ ਕਰ ਦਿੱਤਾ ਤਾਂ ਜਾਗਰ ਸਿੰਘ ਗੁੱਸੇ ਨਾਲ ਹਰਖ਼ਿਆ ਬਾਹਰ ਨਿਕਲ ਗਿਆ।

-"ਇਹ ਮਰਜੂ ਮੈਥੋਂ, ਸਾਲ਼ੀ...!" ਗਲੀ ਵਿਚ ਤੁਰਿਆ ਜਾਂਦਾ ਉਹ ਬਰੜਾਹਟ ਕਰਦਾ ਜਾ ਰਿਹਾ ਸੀ।

ਸਾਰੀ ਰਾਤ ਹਰ ਕੌਰ ਨੂੰ ਨੀਂਦ ਨਾ ਆਈ। ਉਹ ਬਰੜਾਹਟ ਕਰਦੀ ਰਹੀ। ਪੁੱਤ ਬਾਹਰ ਭੇਜਿਆ ਸੀ। ਚੰਗੇ ਘਰ ਵਿਆਹਿਆ ਸੀ। ਪਰ ਨੂੰਹ-ਪੁੱਤ ਦਾ ਸੁਖ ਤਾਂ ਉਸ ਨੂੰ ਨਸੀਬ ਹੀ ਨਹੀਂ ਹੋਇਆ ਸੀ? ਚਲੋ ਪੁੱਤ ਤਾਂ ਪ੍ਰਦੇਸ ਵਿਚ ਸੀ। ਪਰ ਅੱਗ ਲੱਗੜੀ ਨੂੰਹ ਹੀ ਨੂੰਹ ਨਹੀਂ ਬਣੀ ਸੀ? ਕੀ-ਕੀ ਰੰਗਲੇ ਸੁਪਨੇ ਲਏ ਸਨ ਹਰ ਕੌਰ ਨੇ? ਪਰ ਸਾਰੇ ਹੀ ਮਿੱਟੀ ਵਿਚ ਮਿਲ ਗਏ ਸਨ! ਉਸ ਦੇ ਸਰੀਰ ਨੂੰ ਤੋੜ ਲੱਗੀ ਹੋਈ ਸੀ। ਉਹ ਸਾਰੀ ਰਾਤ ਹੀ ਕੁਝ ਨਾ ਕੁਝ ਬੋਲਦੀ ਰਹੀ। ਮਨ ਵਿਚ ਕੀਰਨੇ ਪਾਉਂਦੀ ਰਹੀ। ਉਸ ਦੀਆਂ ਆਸਾਂ ਤਾਂ ਮਿੱਟੀ ਘੱਟੇ ਰੁਲ਼ ਗਈਆਂ ਸਨ।

ਤੀਜੇ ਦਿਨ ਜਾਗਰ ਸਿੰਘ ਨੇ ਹਰ ਕੌਰ ਨੂੰ ਮੱਲੋਮੱਲੀ ਦਿੱਲੀ ਜਾਣ ਲਈ ਤਿਆਰ ਕਰ ਲਿਆ। ਉਹ ਡੌਰ ਭੌਰਿਆਂ ਵਾਂਗ ਝਾਕ ਰਹੀ ਸੀ। ਉਸ ਦਾ ਦਿਮਾਗ ਟਿਕਾਣੇ ਨਹੀਂ ਲੱਗਦਾ ਸੀ। ਉਹ ਓਪਰਿਆਂ ਵਾਂਗ ਝਾਕ ਰਹੀ ਸੀ। ਹਰਦੇਵ ਦੇ ਭਰਾ ਸੁਖਦੇਵ ਨੇ ਇਕ ਕੁਆਇਲਸ ਕਿਰਾਏ 'ਤੇ ਕਰ ਲਈ ਸੀ। ਜਾਗਰ ਸਿੰਘ ਸੋਚਦਾ ਸੀ ਕਿ ਅਗਰ ਸਾਰਾ ਪ੍ਰੀਵਾਰ ਦੀਪ ਨੂੰ ਏਅਰਪੋਰਟ 'ਤੇ ਚੜ੍ਹਾਉਣ ਨਾ ਪੁੱਜਿਆ ਤਾਂ ਹਰਦੇਵ ਕੀ ਸੋਚੇਗਾ...? ਉਸ ਨੇ ਦੀਪ ਵਿਚ ਨਹੀਂ, ਸਾਡੇ ਵਿਚ ਗਲਤੀ ਕੱਢਣੀ ਸੀ! ਤੀਮੀਂ ਦਾ ਸਰੂਰ ਬੰਦੇ ਨੂੰ ਸੁੱਖੇ ਨਾਲੋਂ ਵੱਧ ਚੜ੍ਹਦੈ...! ਨਾਲ਼ੇ ਹੁਣ ਕੀ ਪਤਾ ਦੀਪ ਕਦੋਂ ਮੁੜੇ...? ਪ੍ਰਦੇਸ ਗਿਆਂ ਨੂੰ ਜੁਗੜੇ ਬੀਤ ਜਾਂਦੇ ਨੇ...! ਅੱਜ ਏਅਰਪੋਰਟ ਨਾ ਪਹੁੰਚੇ ਤਾਂ ਪੁੱਤ ਦੇ ਦਿਲ ਵਿਚ ਸ਼ੱਕ ਦਾ ਗੋਲ਼ਾ ਬੱਝ ਜਾਣਾ ਸੀ ਕਿ ਕਸੂਰ ਦੀਪ ਦਾ ਨਹੀਂ, ਸਾਡਾ ਸੀ...! ਪੁੱਤ ਨੂੰ ਆਪਣੇ ਨਾਲੋਂ ਟੁੱਟਦਾ ਉਹ ਕਦਾਚਿੱਤ ਵੀ ਜਰ ਨਹੀਂ ਸਕਦਾ ਸੀ! ਇਸ ਲਈ ਉਸ ਨੇ ਹਰ ਕੌਰ ਨੂੰ ਵੀ ਤਿਆਰ ਕਰ ਲਿਆ ਸੀ। ਜੇ ਅਸੀਂ ਦਿੱਲੀ ਨਾ ਗਏ, ਪਤਾ ਨਹੀਂ ਦੀਪ ਕੀ-ਕੀ ਹਰਦੇਵ ਨੂੰ ਕਹੇਗੀ...? ਪਤਾ ਨਹੀਂ ਕੀ-ਕੀ ਲੂਤੀਆਂ ਲਾਵੇਗੀ...? ਪਤਾ ਨਹੀਂ ਕਿੰਨੇ ਕੰਨ ਭਰੇਗੀ...? ਥੋਡਾ ਤਾਂ ਮੈਨੂੰ ਕੋਈ ਚੜ੍ਹਾਉਣ ਵੀ ਨਹੀਂ ਆਇਆ...! ਮੈਂ ਉਹਨਾਂ ਦੀ ਕਿਹੜੇ ਮੂੰਹ ਨਾਲ਼ ਇੱਜ਼ਤ ਕਰਾਂ...? ਦੀਪ ਦੀ ਲੱਤ ਸਦਾ ਲਈ ਹਰਦੇਵ ਦੇ ਉਤੇ ਹੋ ਜਾਵੇਗੀ...! ਇਹ ਜਾਗਰ ਸਿਉਂ ਚਾਹੁੰਦਾ ਨਹੀਂ ਸੀ। ਉਹ ਸਾਰੇ ਪ੍ਰੀਵਾਰ ਸਮੇਤ ਦਿੱਲੀ ਏਅਰਪੋਰਟ ਜਾਣਾ ਚਾਹੁੰਦਾ ਸੀ। ਦੀਪ ਲੱਖ ਆਖੇ, ਉਹ ਇਸ ਪੱਖੋਂ ਹਰ ਹਾਲਤ ਸੱਚਾ ਰਹਿਣਾ ਚਾਹੁੰਦਾ ਸੀ। ਪੁੱਤ ਤੋਂ ਉਹ ਕੋਈ ਸੌੜਾ ਉਲਾਂਭਾ ਨਹੀਂ ਖੱਟਣਾ ਚਾਹੁੰਦਾ ਸੀ।

ਸ਼ਾਮ ਨੂੰ ਪੰਜ ਕੁ ਵਜੇ ਉਹ ਦਿੱਲੀ ਏਅਰਪੋਰਟ 'ਤੇ ਪੁੱਜ ਗਏ। ਏਅਰਪੋਰਟ 'ਤੇ ਮੇਲਾ ਲੱਗਿਆ ਹੋਇਆ ਸੀ। ਕੋਈ ਆ ਰਿਹਾ ਸੀ। ਕੋਈ ਜਾ ਰਿਹਾ ਸੀ। ਕੋਈ ਵਿਛੜਿਆਂ ਨੂੰ ਮਿਲ਼ ਕੇ ਖ਼ੁਸ਼ ਹੋ ਰਿਹਾ ਸੀ ਅਤੇ ਕੋਈ ਵਿਛੜ

ਜਾਣ ਦੇ ਦੁੱਖੋਂ ਰੋ ਰਿਹਾ ਸੀ। ਅਜੀਬ ਹੀ ਗੇੜ ਸੀ। ਅਜੀਬ ਹੀ ਆਵਾਗਵਣ ਦਾ ਚੱਕਰ ਸੀ।

ਸੁਖਦੇਵ, ਦੀਪ ਹੋਰਾਂ ਨੂੰ ਲੱਭਦਾ ਪਾਗਲ ਹੋ ਗਿਆ ਸੀ। ਉਹ ਔਂਟਲ਼ਿਆ ਇਧਰ ਉਧਰ ਭਟਕਦਾ ਫਿਰਦਾ ਸੀ। ਮੇਲੇ ਵਿਚ ਗੁਆਚੀ ਹੋਈ ਗਾਂ ਵਾਂਗ! ਰਾਤ ਦੇ ਕੋਈ ਦਸ ਕੁ ਵਜੇ ਤਸੀਲਦਾਰ ਦੀ ਫ਼ੌਜ ਪਹੁੰਚੀ। ਸਾਰੇ ਦਾਰੂ ਵਿਚ ਧੁੱਤ ਸਨ। ਤਸੀਲਦਾਰ ਏਅਰਪੋਰਟ 'ਤੇ ਦਾਰੂ ਨਾਲ਼ ਰੱਜਿਆ ਬਲ਼ਦ ਮੂਤਣੀਆਂ ਪਾ ਰਿਹਾ ਸੀ। ਜਦੋਂ ਸੁਖਦੇਵ ਨੇ ਤਸੀਲਦਾਰ ਨੂੰ "ਸਾਸਰੀਕਾਲ ਮਾਸੜ ਜੀ...!" ਆਖਿਆ ਤਾਂ ਤਸੀਲਦਾਰ ਨੇ ਉਸ ਨੂੰ ਗਹੁ ਨਾਲ਼ ਦੇਖਿਆ। ਉਸ ਦੀਆਂ ਅੱਖਾਂ ਵਿਚ ਦਾਰੂ ਦਾ ਨਸ਼ਾ ਦੀਵੇ ਦੀ ਲਾਟ ਵਾਂਗ ਡੋਲ ਰਿਹਾ ਸੀ।

-"ਮੈਂ ਸੁਖਦੇਵ ਆਂ ਮਾਸੜ ਜੀ...! ਹਰਦੇਵ ਦਾ ਭਰਾ!" ਉਸ ਨੇ ਜੋਰ ਦੇ ਕੇ ਤਸੱਲੀ ਕਰਵਾਉਣੀਂ ਚਾਹੀ।

-"ਮੈਂ ਅੰਨ੍ਹੈਂ...? ਨਾ ਮੈਨੂੰ ਦਿਸਦਾ ਨ੍ਹੀ? ਸਾਲ਼ੀ ਮੰਗ ਖਾਣੀਂ ਜਾਤ...!" ਉਸ ਨੇ 'ਸਾਸਰੀਕਾਲ' ਵੀ ਨਾ ਮੰਨੀ।

-"ਕਿੱਥੇ ਐ ਥੋਡਾ ਬੁੜ੍ਹਾ...?" ਤਸੀਲਦਾਰ ਦੇ ਆਖਣ 'ਤੇ ਸੁਖਦੇਵ ਬੇਚੈਨ ਹੋ ਗਿਆ।

-"ਉਹ ਔਧਰ ਕਾਰ 'ਚ ਬੈਠੇ ਐ ਜੀ...!"

-"ਜਾ ਲਿਆ ਬੁਲਾ ਕੇ ਉਹਨਾਂ ਨੂੰ...!" ਉਸ ਨੇ ਹੁਕਮੀਆ ਕਿਹਾ।

ਸੁਖਦੇਵ ਚੁੱਪ ਚਾਪ ਤੁਰ ਗਿਆ।

ਉਸ ਦੀ ਹੱਤਕ ਹੋ ਗਈ ਸੀ।

-"ਬਾਪੂ ਜੀ...! ਉਹ ਥੋਨੂੰ ਸੱਦ-ਦੇ ਐ!" ਉਸ ਨੇ ਸਿਰਫ਼ ਇਤਨਾ ਹੀ ਕਿਹਾ।

-"ਚੱਲ...!" ਜਾਗਰ ਸਿਉਂ ਨੇ ਹਰ ਕੌਰ ਨੂੰ ਵੀ ਆਸਰਾ ਦੇ ਕੇ ਕਾਰ 'ਚੋਂ ਉਠਾ ਲਿਆ। ਉਸ ਨੇ ਬਹੁਤੇ ਸੁਆਲ ਕਰਨੇ ਜਾਇਜ਼ ਨਹੀਂ ਸਮਝੇ ਸਨ। ਸੁਖਦੇਵ ਵੀ ਤਸੀਲਦਾਰ ਦਾ ਬੁਰਾ ਸਲੂਕ ਛੁਪਾਅ ਗਿਆ ਸੀ। ਹਰ ਕੌਰ ਨੇ ਕਾਰ ਵਿਚੋਂ ਖੰਡ ਅਤੇ ਪਾਣੀ ਦੀ ਗੜਵੀ ਚੁੱਕ ਲਈ ਅਤੇ ਉਹ ਸਾਰੇ ਤਸੀਲਦਾਰ ਦੇ ਕਾਫ਼ਲੇ ਵੱਲ ਨੂੰ ਹੋ ਤੁਰੇ।

-"ਸਾਸਰੀਕਾਲ ਜੀ ਤਸੀਲਦਾਰ ਸਾਹਬ...!" ਜਾਗਰ ਸਿੰਘ ਹੱਥ ਜੋੜ ਕੇ ਅਦਬ ਕੀਤਾ।

-"ਚੱਲ ਆ ਬਈ...! ਮਿਲੋ ਦੀਪ ਨੂੰ...! ਇਹਨੇ ਜਲਦੀ ਜਾਣੈਂ!" ਤਸੀਲਦਾਰ ਨੇ ਕਿਹਾ। ਉਸ ਦੇ ਨਾਲ਼ ਵਰਦੀ ਪਾਈ ਦਿੱਲੀ ਪੁਲੀਸ ਦੇ ਤਿੰਨ ਅਫ਼ਸਰ ਖੜ੍ਹੇ ਸਨ।

-"ਚੱਲ ਬਈ ਹਰ ਕੁਰੇ...!" ਜਾਗਰ ਸਿੰਘ ਨੇ ਹਰ ਕੌਰ ਨੂੰ ਇਸ਼ਾਰੇ ਨਾਲ਼ ਅੱਗੇ ਕੀਤਾ ਤਾਂ ਹਰ ਕੌਰ ਨੇ ਖੰਡ ਵਾਲੀ ਪੋਟਲੀ ਖੋਲ੍ਹ ਲਈ।

-"ਲੈ ਪੁੱਤ, ਮੂੰਹ ਮਿੱਠਾ ਕਰ...!" ਉਹ ਖੰਡ ਦੀ ਚੂੰਢੀ ਭਰ ਕੇ ਸ਼ਗਨ ਵਜੋਂ ਦੀਪ ਦੇ ਮੂੰਹ ਨੂੰ ਲਾਉਣ ਲੱਗੀ।

-"ਦੇਖੀਂ ਬੁੜ੍ਹੀਏ, ਕਿਤੇ ਇਹਨੂੰ ਕੋਈ ਸੈਂਖੀਆ ਨਾ ਦੇ ਦੇਈਂ...!" ਤਸੀਲਦਾਰ ਨੇ ਖੰਡ ਡੁਲ੍ਹਵਾ ਦਿੱਤੀ।

-"ਨਾ ਭਾਈ...! ਬੇਸ਼ਗਨੀ ਨਾ ਕਰੋ! ਸ਼ਗਨਾਂ ਦਾ ਖੱਟਿਆ ਈ ਖਾਈਦੈ! ਮੇਰੀ ਨੂੰਹ ਰਾਣੀਂ ਸੁੱਖ ਨਾ' ਵਲੈਤ ਜਾਣ ਲੱਗੀ ਐ-ਸਾਡੀ ਤਾਂ ਕੁਲ਼ ਦਾ ਦੀਵਾ ਐ ਭਾਈ ਇਹ...! ਲੈ ਧੀਏ ਮੂੰਹ ਅੱਡ...!" ਹਰ ਕੌਰ ਨੇ ਫਿਰ ਸਾਰੀਆਂ ਨਰਾਜ਼ਗੀਆਂ ਅਤੇ ਬਦਸਲੂਕੀਆਂ ਪਰਾਂਹ ਸੁੱਟ ਕੇ ਦੀਪ ਦਾ ਮੂੰਹ ਮਿੱਠਾ ਕਰਵਾਉਣਾ ਚਾਹਿਆ। ਪਰ ਤਸੀਲਦਾਰ ਅਫ਼ਸਰ ਖੜ੍ਹੇ ਕਰਕੇ ਸ਼ਰਮ ਖਾ ਗਿਆ। ਉਸ ਨੇ ਹਰ ਕੌਰ ਨੂੰ ਧੱਕਾ ਦੇ ਕੇ ਪਾਸੇ ਕਰ ਦਿੱਤਾ। ਹਰ ਕੌਰ ਦੀ ਮਨ ਇੱਛਾ ਮਨ ਵਿਚ ਹੀ ਰਹਿ ਗਈ।

-"ਹੁਣ ਪਰਾਂਹ ਵੀ ਹੋਜਾ...! ਕਾਹਤੋਂ ਪੈਰ ਮਿੱਧੀ ਜਾਨੀ ਐਂ...?" ਤਸੀਲਦਾਰ ਬਦਮਗਜਾਂ ਵਾਂਗ ਬੋਲਿਆ।

ਹਰ ਕੌਰ ਨੂੰ ਜਾਗਰ ਸਿੰਘ ਨੇ ਖਿੱਚ ਕੇ ਪਿੱਛੇ ਕਰ ਲਿਆ। ਉਹ ਰੇਲਵੇ ਇੰਜਣ ਵਾਂਗ ਅੱਗੇ ਹੀ ਵਧਦੀ ਜਾ ਰਹੀ ਸੀ।

ਸੁਖਦੇਵ ਵੀ ਚੁੱਪ ਹੀ ਖੜ੍ਹਾ ਸੀ। ਭਜਨੋਂ ਅੱਜ ਨਾਲ਼ ਨਹੀਂ ਆਈ ਸੀ।

-"ਇਹ ਅਣਪੜ੍ਹ ਉਜੱਡ ਬੁੜ੍ਹੀਆਂ ਵੀ ਹੱਦ ਕਰ ਦਿੰਦੀਐਂ! ਪੁੱਛਣਾ ਹੋਵੇ ਬਈ ਤੇਰੀ ਖੰਡ ਤੋਪ ਐ? ਜਿਹੜੀ ਰਾਖੀ ਕਰੂਗੀ? ਦੁਨੀਆਂ ਚੰਦ 'ਤੇ ਪਹੁੰਚ ਗਈ ਐ-ਤੇ ਇਹੇ ਅਜੇ ਵੀ ਚੱਚਰ ਕਰਨੋਂ ਨ੍ਹੀ ਹੱਟਦੇ!"

-"ਯੇਹ ਕੌਨ ਹੈ ਤਸੀਲਦਾਰ ਸਾਹਿਬ?" ਦਿੱਲੀ ਦੇ ਪੁਲੀਸ ਅਫ਼ਸਰ ਨੇ ਪੁੱਛਿਆ। ਉਸ ਨੂੰ ਪੰਜਾਬੀ ਦੀ

ਬਹੁਤੀ ਕੋਈ ਸਮਝ ਨਹੀਂ ਆਈ ਸੀ।

-"ਯੇਹ ਦੀਪ ਕੇ ਸਸੁਰ ਵਾਲੋਂ ਕੇ ਨੌਕਰ ਹੈਂ-ਬਗੈਰ ਕਿਸੀ ਬਾਤ ਸੇ ਹਮਾਰਾ ਟਾਈਮ ਬਰਬਾਦ ਕਰ ਰਹੇ ਹੈਂ!" ਤਸੀਲਦਾਰ ਦੀ ਘਰਵਾਲ਼ੀ ਬੋਲੀ ਤਾਂ ਦੀਪ ਆਪਣੇ ਸੱਸ ਸਹੁਰੇ ਵੱਲ ਹੱਥ ਕਰ ਕੇ ਉਚੀ ਉਚੀ ਹੱਸ ਪਈ। ਦੀਪ ਦਾ ਵਿਅੰਗਨੁਮਾ ਹਾਸਾ ਹਰ ਕੌਰ ਦੇ ਸੱਪ ਵਾਂਗ ਲੜ ਗਿਆ। ਇਕ ਤਰ੍ਹਾਂ ਨਾਲ਼ ਕਟਾਰ ਬਣ ਸੀਨੇ ਵਿਚੋਂ ਦੀ ਸਾਰ-ਪਾਰ ਹੋ ਗਿਆ ਸੀ। ਇਕ ਨੂੰਹ ਹੀ ਆਪਣੇ ਸਹੁਰਿਆਂ ਦੀ ਬੇਇੱਜ਼ਤੀ 'ਤੇ ਹੱਸ ਰਹੀ ਸੀ? ਉਸ ਦਾ ਫ਼ਰਜ਼ ਤਾਂ ਬਣਦਾ ਸੀ ਕਿ ਆਪਣੀ ਮਾਂ ਨੂੰ ਫ਼ਿਟਕਾਰ ਪਾਉਂਦੀ, ਕਿ ਤੂੰ ਮੇਰੇ ਸੱਸ ਸਹੁਰੇ ਨਾਲ਼ ਕੀ ਦੁਰ ਵਿਵਹਾਰ ਕਰ ਰਹੀ ਹੈਂ? ਕੀ ਅਵਾ ਤਵਾ ਬੋਲਦੀ ਐਂ? ਮੇਰੇ ਸੱਸ ਸਹੁਰੇ ਨੂੰ ਨੌਕਰ ਹੀ ਦੱਸਦੀ ਹੈਂ? ਪਰ ਇਹ ਕਜਾਤ ਤਾਂ ਆਪ ਹੀ ਹੱਸਣ ਲੱਗ ਪਈ...? ਹਰ ਕੌਰ ਦੇ ਦਿਮਾਗ ਅੰਦਰ ਬੰਬ ਚੱਲੀ ਜਾ ਰਹੇ ਸਨ। ਉਹ ਬੌਲ਼ੀ ਹੋਈ ਖੜ੍ਹੀ ਸੀ।

-"ਚਲੋ, ਖ਼ੈਰ ਕੋਈ ਬਾਤ ਨਹੀਂ! ਯੇਹ ਲੋਗ ਅਪਨੇ ਮਾਲਕ ਸੇ ਕੁਛ ਨਾ ਕੁਛ ਆਸ ਤੋ ਰੱਖਤੇ ਹੀ ਹੈਂ-ਯੇਹ ਲੋ ਔਰ ਪੀਛੇ ਹਟੋ! ਹਮਨੇ ਜਲਦੀ ਅੰਦਰ ਜਾਨਾ ਹੈ!" ਦਿੱਲੀ ਪੁਲਸ ਅਫ਼ਸਰ ਨੇ ਹਰ ਕੌਰ ਨੂੰ ਦੀਪ ਦੇ ਸਹੁਰਿਆਂ ਦੀ ਨੌਕਰਾਣੀਂ ਸਮਝ ਕੇ ਸੌ ਰੁਪਏ ਦੇਣੇ ਚਾਹੇ। ਪਰ ਉਹ ਹੱਥ ਚੁੱਕ ਕੇ ਪਿੱਛੇ ਹਟ ਗਈ। ਉਸ ਦੀ ਜ਼ੁਬਾਨ ਠਾਕੀ ਜਾ ਚੁੱਕੀ ਸੀ ਅਤੇ ਸਿਰ ਵਿਚ ਤਿੱਖੇ ਵਦਾਣ ਵੱਜੀ ਜਾ ਰਹੇ ਸਨ।

-"ਅਗਰ ਲੇਨਾ ਹੈ ਤਾਂ ਲੋ-ਨਹੀਂ ਤੋ ਯੇਹ ਵੀ ਨਹੀਂ ਮਿਲੇਗਾ!" ਅਫ਼ਸਰ ਨੇ ਕਿਹਾ। ਜਦੋਂ ਕਿਸੇ ਨੇ ਨੋਟ ਨੂੰ ਹੱਥ ਨਾ ਹੀ ਪਾਇਆ ਤਾਂ ਅਫ਼ਸਰ ਸੌ ਦਾ ਨੋਟ ਆਪਣੀ ਜੇਬ ਵਿਚ ਪਾਉਂਦਿਆਂ ਬੜੇ ਕੁਰੱਖ਼ਤ ਸ਼ਬਦਾਂ ਨਾਲ਼ ਸੰਬੋਧਨ ਹੋਇਆ।

-"ਔਰ ਹਾਂ...! ਅਬ ਯਹਾਂ ਸੇ ਭਾਗੋ! ਅਗਰ ਅਬ ਆਪ ਨੇ ਹਮਾਰਾ ਸਮਾਂ ਬਰਬਾਦ ਕੀਆ ਨਾ? ਤੋ ਦੇਖ ਲੀਜੀਏ, ਵੋਹ ਹਾਲਤ ਕਰੂੰਗਾ ਬੁੜ੍ਹੀਆ, ਕਿ ਪੰਜਾਬ ਜਾਨੇ ਕੋ ਤਰਸ ਜਾਏਗੀ...! ਚਲੋ ਬੇਟੇ...! ਆਪ ਇਨਕੇ ਮੂੰਹ ਕਿਉਂ ਲੱਗਤੀ ਹੋ? ਯੇਹ ਲੋਕ ਤੋ ਭੀਖਾਰੀਓਂ ਕੀ ਤਰਹ ਹੋਤੇ ਹੈਂ-ਆਓ ਬੇਟੇ ਚਲੇਂ...!" ਤੇ ਪੁਲੀਸ ਅਫ਼ਸਰ ਦੀਪ ਨੂੰ ਅਗਵਾਈ ਦਿੰਦਾ ਅੱਗੇ ਲੱਗ ਤੁਰਿਆ। ਪਿੱਛੇ ਪਿੱਛੇ ਉਸ ਦੇ ਮਾਂ-ਬਾਪ ਸਨ। ਦੀਪ ਨੇ ਇਕ ਝਲਕ ਵੀ ਪਿੱਛੇ ਮੁੜ ਕੇ ਦੇਖਣ ਦੀ ਤਕਲੀਫ਼ ਨਹੀਂ ਕੀਤੀ। ਜਾਗਰ ਸਿੰਘ ਹੋਰੀਂ ਵਾਕਿਆ ਹੀ ਮੰਗਤਿਆਂ ਵਾਂਗ ਖੜ੍ਹੇ ਸਨ।

ਉਹ ਹਾਰੇ ਜੁਆਰੀਏ ਵਾਂਗ ਵਾਪਿਸ ਕਾਰ ਕੋਲ ਆ ਗਏ। ਕੋਈ ਕਿਸੇ ਨਾਲ਼ ਗੱਲ ਨਹੀਂ ਕਰ ਰਿਹਾ ਸੀ। ਸਾਰੇ ਪੱਥਰ ਦੇ ਬੁੱਤਾਂ ਵਾਂਗ ਸਿਲ਼-ਪੱਥਰ ਹੋਏ ਪਏ ਸਨ। ਲੈਣ ਤਾਂ ਉਹ ਇੱਕ ਤਰ੍ਹਾਂ ਨਾਲ਼ ਸ਼ਾਬਾਸ਼ੇ ਆਏ ਸਨ। ਪਰ ਉਹਨਾਂ ਦੇ ਤਾਂ ਉਸ ਤੋਂ ਵੀ ਕਿਤੇ ਜ਼ਿਆਦਾ ਬੇਇੱਜ਼ਤੀ ਅਤੇ ਬਦਨਾਮੀ ਹੀ ਪੱਲੇ ਪਈ ਸੀ। ਬਖ਼ਸ਼ਾਉਣ ਰੋਜ਼ੇ ਆਏ ਸਨ ਅਤੇ ਸਿਰ ਨਮਾਜ਼ਾਂ ਪੈ ਗਈਆਂ ਸਨ। ਦੀਪ ਦੀ ਮਾਂ ਹੀ ਉਹਨਾਂ ਨੂੰ ਲਾਗੀ ਅਤੇ ਭਿਖਾਰੀ ਬਣਾ ਕੇ ਤੁਰ ਗਈ ਸੀ...!

ਜਾਗਰ ਸਿੰਘ ਨੇ ਨਮੋਸ਼ੀ ਪਰਾਂਹ ਕਰਨ ਲਈ ਕਾਰ ਵਿਚ ਬੈਠਣ ਸਾਰ ਕਈ ਕਰੜੇ ਪੈੱਗ ਸੂਤ ਦਿੱਤੇ। ਹਰ ਕੌਰ ਦੀ ਹਾਲਤ ਅੱਗੇ ਨਾਲੋਂ ਵੀ ਭੈੜ੍ਹੀ ਅਤੇ ਤਰਸਯੋਗ ਬਣ ਗਈ ਸੀ। ਉਸ ਨੇ ਫਿਰ ਕਮਲ਼ ਜਿਹਾ ਮਾਰਨਾ ਸ਼ੁਰੂ ਕਰ ਦਿੱਤਾ।

-"ਆਹ ਤਾਂ 'ਨ੍ਹੇਰ ਐ ਭਾਈ...! ਨੂੰਹ ਦੀ ਮਾਂ ਈ ਕੁੜੀ ਦੇ ਸੱਸ ਸਹੁਰੇ ਨੂੰ ਨੌਕਰ ਹੀ ਦੱਸੇ...? ਚਲ ਪੁਲਸ ਆਲ਼ੇ ਦੇ ਤਾਂ ਵਿਚਾਰੇ ਦੇ ਕੀ ਬੱਸ ਐ? ਉਹਨੇ ਤਾਂ ਸਾਨੂੰ ਲਾਗੀ ਦੱਥਾ ਸਮਝ ਕੇ ਲਾਗ ਦੇਣਾ ਚਾਹਿਆ-ਉਹਦਾ ਕੋਈ ਕਸੂਰ ਨ੍ਹੀ, ਬਿਚਾਰੇ ਦਾ! ਪਰ ਕਸੂਰ ਤਾਂ ਸਾਰਾ ਆਬਦੀ ਨੂੰਹ ਦਾ ਐ! ਬਈ ਕੁੱਤੀਏ ਰੰਨੇ...! ਤੇਰੀ ਲੁੱਚੀ ਮਾਂ ਜਦੋਂ ਸਾਨੂੰ ਨੌਕਰ ਦੱਸਦੀ ਸੀ-ਤੈਥੋਂ ਮੂੰਹ 'ਤੇ ਨਾ ਮਾਰ ਹੋਇਆ? ਬਈ ਖ਼ਬਰਦਾਰ ਮਾਂ...! ਇਹ ਮੇਰੇ ਸੱਸ ਸਹੁਰਾ ਲੱਗਦੇ ਐ...!" ਹਰ ਕੌਰ ਨੂੰ ਹੱਥੂ ਆ ਗਿਆ। ਜਦੋਂ ਉਹ ਕਾਫ਼ੀ ਦੇਰ ਖੰਘਣੋਂ ਨਾ ਹਟੀ ਤਾਂ ਡਰਾਈਵਰ ਨੇ ਗੱਡੀ ਰੋਕ ਲਈ। ਸੁਖਦੇਵ ਨੇ ਉਸ ਨੂੰ ਪੀਣ ਲਈ ਪਾਣੀ ਦੀ ਬੋਤਲ ਦੇ ਦਿੱਤੀ।

ਜਾਗਰ ਸਿੰਘ ਕੁਝ ਨਾ ਬੋਲਿਆ। ਉਹ ਕਹਿਣਾ ਤਾਂ ਚਾਹੁੰਦਾ ਸੀ ਕਿ ਜੇ ਹੁਣ 'ਨ੍ਹੇਰ' ਹੈ, ਤਾਂ ਤੂੰ ਹੁਣ ਲਾਲਟੈਣ ਜਗਾਉਣੀਂ ਐਂ? ਚੁੱਪ ਨਹੀਂ ਕੀਤਾ ਜਾਂਦਾ? ਪਰ ਉਹ ਅਥਾਹ ਦੁਖੀ, ਆਪ ਚੁੱਪ ਸੀ। ਉਹ ਸੱਪ ਵਾਂਗ ਗੁੰਝਲੀ ਜਿਹੀ ਮਾਰੀ ਗੱਡੀ ਵਿਚ ਪਿਆ ਸੀ।

ਪਾਣੀ ਪੀਣ ਤੋਂ ਬਾਅਦ ਹਰ ਕੌਰ ਨੂੰ ਹੱਥੂ ਆਉਣੋਂ ਬੰਦ ਹੋ ਗਿਆ।

ਉਸ ਨੇ ਸਾਹ ਜਿਹਾ ਲੈ ਕੇ ਫਿਰ ਬਰੜਾਹਟ ਕਰਨਾ ਸ਼ੁਰੂ ਕਰ ਦਿੱਤਾ।

-"ਕਿੱਡੀ ਮਾੜੇ ਖਲ਼ਣੇ ਦੀ ਐ...? ਬਈ ਸਹੁਰੀਏ, ਆਬਦੇ ਸੱਸ ਸਹੁਰੇ ਦੀ ਤੂੰ ਇੱਜ਼ਤ ਨਹੀਂ ਕਰਨੀ, ਨਾ ਕਰ! ਪਰ ਆਬਦੀ ਕੁੱਤੀ ਮਾਂ ਦੇ ਤਾਂ ਲਗਾਮ ਪਾ...! ਉਹ ਤਾਂ ਸਾਨੂੰ ਲਾਗੀ ਦੱਥਾ ਈ ਦੱਸੀ ਜਾਂਦੀ ਐ! ਹੈਅ ਥੋਡੀ ਬੇੜੀ ਬਹਿਜੇ, ਥੋਡੀ...! ਸਾਰਾ ਆਵਾ ਈ ਊਤਿਆ ਪਿਐ! ਕੋਈ ਤਾਂ ਸਿੱਧੇ ਮੂੰਹ ਬੋਲੇ...? ਪਿਉ ਕੰਜਰ ਤਾਂ ਮੂੰਹ ਫ਼ੱਟ! ਮਾਂ ਊਂ ਲੁੱਚੀ ਤੇ ਆਪ...?"

-"ਚੱਲ ਬੱਸ ਵੀ ਕਰ ਹੁਣ, ਕੰਜਰ ਦੀਏ! ਲੱਗ ਪਈ ਫੇਰ ਕੁੱਤੇ ਮਾਂਗੂੰ ਭੌਂਕਣ! ਮੈਨੂੰ ਹੋਰ ਡਰ ਐ ਬਈ ਕਿਤੇ ਹੁਣ ਤੇਰੇ ਨਾ ਸੰਗਲ਼ ਲਾਉਣਾ ਪਵੇ...?" ਜਾਗਰ ਸਿੰਘ ਹਰ ਕੌਰ ਦੀ 'ਟੈਂ-ਟੈਂ' ਤੋਂ ਦੁਖੀ ਹੋ ਗਿਆ ਸੀ। ਦੁੱਖ ਉਸ ਨੂੰ ਵੀ ਸੀ! ਪਰ ਬੰਦਿਆਂ ਦਾ ਮਾਜਰਾ ਕਰੜਾ ਹੁੰਦੈ! ਉਹ ਮੁਰਕੜੀ ਜਿਹੀ ਮਾਰੀ ਹੀ ਪਿਆ ਰਿਹਾ।

-"ਕੀ ਹੁਣ ਕੋਈ ਜੂਨ ਐਂ ਆਪਣੀ...?" ਉਹ ਹੋਰ ਦੁਖੀ ਹੋ ਕੇ ਬੋਲੀ।

-"ਫੇਰ ਖੂਹ 'ਚ ਮਾਰ ਛਾਲ਼...! ਭੈਣ ਦਾ ਟਣਾਂ ਈ ਯਹਾਵੀ, ਕਮਲ਼ਿਆਂ ਮਾਂਗੂੰ ਬੋਲਣੋ ਈ ਨ੍ਹੀ ਹਟਦੀ-ਉਹ ਤੇਰੀ ਮਾਂ ਜਹਾਜ 'ਚ ਬੈਠੀ ਐ-ਤੇ ਤੂੰ ਸਾਨੂੰ ਕਥਾ ਸੁਣਾਈ ਜਾਨੀ ਐਂ, ਕੋਈ ਫ਼ਾਇਦਾ? ਜਾਂ ਤਾਂ ਉਦੋਂ ਉਹਦੀ ਹਿੱਕ 'ਚ ਮਾਰਦੀ ਟੱਕਰ...! ਤੈਨੂੰ ਚੱਕ ਵੀ ਲਿਆਉਂਦੇ! ਹੁਣ ਭੌਂਕਣ ਲੱਗੀ ਐਂ-ਹੁਣ ਦੱਸ ਕੀ ਲਾਭ...?"

ਉਹ ਲੜਦੇ ਝਗੜਦੇ ਘਰ ਪਹੁੰਚ ਗਏ।

ਹਰ ਕੌਰ ਦਾ ਦਿਮਾਗ ਵਾਕਿਆ ਹੀ ਹਿੱਲ ਗਿਆ ਸੀ। ਇਕੋ ਇਕ ਪੁੱਤ ਵਿਆਹਿਆ ਸੀ। ਉਸ ਦੀ ਤੀਵੀਂ ਵੀ ਸੱਸ ਸਹੁਰੇ ਦੀ ਇੱਜ਼ਤ ਨਹੀਂ ਕਰਦੀ ਸੀ। ਇੱਜ਼ਤ ਤਾਂ ਕੀ ਕਰਨੀ ਸੀ? ਸਾਰਾ ਟੱਬਰ ਉਹਨਾਂ ਨੂੰ ਨੌਕਰ ਗਰਦਾਨ ਰਿਹਾ ਸੀ। ਇਹ ਹਰ ਕੌਰ ਲਈ ਬੜੀ ਨਮੋਸ਼ੀ ਵਾਲ਼ੀ ਗੱਲ ਸੀ। ਉਸ ਨੂੰ ਧਰਤੀ ਵਿਹਲ ਨਹੀਂ ਦਿੰਦੀ ਸੀ। ਉਹ ਹੁਣ ਸਾਰੀ ਸਾਰੀ ਰਾਤ ਨਹੀਂ ਸੌਂਦੀ ਸੀ। ਜੇ ਕਦੇ ਸੌਂ ਵੀ ਜਾਂਦੀ ਤਾਂ ਸੁੱਤੀ ਪਈ ਵੀ ਬਰੜਾਹਟ ਕਰਨੋਂ ਨਹੀਂ ਹਟਦੀ ਸੀ। ਸਾਰੇ ਪ੍ਰੀਵਾਰ ਨੂੰ ਹੁਣ ਡਰ ਜਿਹਾ ਪੈ ਗਿਆ ਸੀ ਕਿ ਜੇ ਬੇਬੇ ਦੀ ਹਾਲਤ ਇਉਂ ਹੀ ਰਹੀ ਤਾਂ ਉਸ ਦੇ ਦਿਮਾਗ ਵਿਚ ਫ਼ਰਕ ਪੈ ਜਾਵੇਗਾ। ਬੇਬੇ ਕੋਲ਼ ਸਿਰਫ਼ ਇਕ ਹੀ ਦੁੱਖੜਾ ਹੁੰਦਾ, ਨੂੰਹ ਵਾਲ਼ਾ! ਜਾਗਰ ਸਿਉਂ ਦੀ ਹਾਲਤ ਵੀ ਬੁਰੀ ਸੀ। ਉਹ ਏਅਰਪੋਰਟ 'ਤੇ ਹੋਈ ਬੇਇੱਜ਼ਤੀ ਕਰਕੇ ਹੁਣ ਚੁੱਪ ਗੜੁੱਪ ਜਿਹਾ ਹੀ ਰਹਿਣ ਲੱਗ ਪਿਆ ਸੀ। ਏਅਰਪੋਰਟ ਵਾਲ਼ਾ ਜ਼ਖ਼ਮ ਅੰਦਰੇ ਅੰਦਰ ਨਾਸੂਰ ਬਣਦਾ ਜਾ ਰਿਹਾ ਸੀ। ਉਹ ਹੁਣ ਦਿਨੇ ਵੀ ਦਾਰੂ ਦੀ ਗਿਲਾਸੀ ਅੰਦਰ ਸੁੱਟੀ ਰੱਖਦਾ। ਪਰ ਕਿਸੇ ਨਾਲ਼ ਦਿਲ ਦਾ ਦੁੱਖ ਸਾਂਝਾ ਨਾ ਕਰਦਾ। ਉਸ ਦਾ ਦੁੱਖ ਹੁਣ ਦਿਨੋ ਦਿਨ ਖ਼ਰੂਦੀ ਰੂਪ ਧਾਰਨ ਕਰਦਾ ਜਾ ਰਿਹਾ ਸੀ! ਉਸ ਦੀ ਭਿਆਨਕ ਚੁੱਪ ਹੀ ਉਸ ਦੀ ਜਾਨ ਦਾ ਖੌਅ ਬਣੀ ਹੋਈ ਸੀ। ਹੋਰ ਤਾਂ ਹੋਰ...? ਹੁਣ ਤਾਂ ਉਹ ਬੋਲ ਕਬੋਲ ਕਰਦੀ ਹਰ ਕੌਰ ਨੂੰ ਵੀ ਕੁਝ ਨਾ ਆਖਦਾ! ਸਾਊ ਜਿਹਾ ਬਣ ਕੇ ਤੱਕਦਾ ਰਹਿੰਦਾ। ਜਾਗਰ ਸਿੰਘ ਇਕ ਤਰ੍ਹਾਂ ਨਾਲ਼ ਬੁੱਤ ਹੀ ਤਾਂ ਬਣ ਗਿਆ ਸੀ। ਇਕ ਤੁਰਦੀ ਫਿਰਦੀ ਲਾਅਸ਼! ਉਸ ਦਾ ਸਰੀਰ ਦਿਨੋਂ ਦਿਨ ਘਟਦਾ ਜਾ ਰਿਹਾ ਸੀ। ਹੁਣ ਉਹ ਖੇਤ ਵਿਚ ਖੜ੍ਹਾ ਡਰਨਾ ਹੀ ਜਾਪਦਾ!

## ਕਾਂਡ 15

ਦੀਪ ਇੰਗਲੈਂਡ ਪਹੁੰਚ ਕੇ ਬਿਲਕੁਲ ਖ਼ੁਸ਼ ਨਹੀਂ ਸੀ! ਹਰਦੇਵ ਬੇਸਮੈਂਟ ਵਿਚ ਰਹਿੰਦਾ ਸੀ। ਉਹ ਘੁੱਟਵੇਂ ਜਿਹੇ ਬੇਸਮੈਂਟ 'ਤੇ ਨੱਕ ਬੁੱਲ੍ਹ ਚੜ੍ਹਾਉਂਦੀ! ਮੁਸ਼ਕ ਆਉਣ ਦੀ ਸ਼ਕਾਇਤ ਕਰਦੀ। ਜੁੱਤੀਆਂ ਚੁੱਕ-ਚੁੱਕ ਬਾਹਰ ਸੁੱਟਦੀ। ਉਹ ਹਰਦੇਵ ਨੂੰ ਨਿਹੋਰੇ ਦਿੰਦੀ। ਉਸ ਦੇ ਬਾਪ ਕੋਲ਼ ਤਾਂ ਇਕ ਵਿਸ਼ਾਲ ਕੋਠੀ ਸੀ। ਅੱਧੇ ਕਿੱਲੇ ਦਾ ਗਾਰਡਨ ਸੀ। ਇਸ ਬੇਸਮੈਂਟ ਜਿੱਡੀ ਤਾਂ ਉਹਨਾਂ ਦੀ ਟੁਆਇਲਟ ਸੀ। ਉਸ ਨੇ ਹਰਦੇਵ 'ਤੇ ਵੱਡਾ ਮਕਾਨ ਲੈਣ ਲਈ ਭਾਰੀ ਦਬਾਅ ਪਾ ਦਿੱਤਾ। ਉਸ ਦੀ ਸਖ਼ਤ ਸ਼ਰਤ ਸੀ ਕਿ ਜਾਂ ਤਾਂ ਹਰਦੇਵ ਕੋਈ ਵੱਡਾ ਮਕਾਨ ਲੈ ਲਵੇ ਅਤੇ ਨਹੀਂ ਉਹ ਆਪਣੇ ਮਾਂ ਬਾਪ ਕੋਲ਼ ਇੰਡੀਆ ਵਾਪਿਸ ਚਲੀ ਜਾਵੇਗੀ! ਹਰਦੇਵ ਬੁਰੀ ਤਰ੍ਹਾਂ ਨਾਲ਼ ਮਾਨਸਿਕ ਤੌਰ 'ਤੇ

ਪ੍ਰੇਸ਼ਾਨ ਹੋ ਗਿਆ। ਉਹ ਦੀਪ ਅੱਗੇ ਸਾਹ ਵੀ ਨਾ ਕੱਢ ਸਕਦਾ। ਜੇ ਉਹ ਕੁਝ ਸਮਝਾਉਣ ਜਾਂ ਕੁਝ ਆਖਣ ਦੀ ਕੋਸ਼ਿਸ਼ ਕਰਦਾ ਤਾਂ ਦੀਪ ਉਸ ਨੂੰ ਆਪਣੇ ਮਾਂ ਬਾਪ ਦੇ ਘਰ ਅਤੇ ਪੁਜ਼ੀਸ਼ਨ ਦਾ ਪ੍ਰਮਾਣ ਦੇ ਕੇ ਬੋਲਤੀ ਬੰਦ ਕਰ ਦਿੰਦੀ! ਹਰਦੇਵ ਦਾ ਸਾਹ ਸੰਘ ਅੰਦਰ ਹੀ ਅੜਿਆ ਪਿਆ ਸੀ।

ਉਸ ਨੇ ਮਕਾਨ ਲੈਣ ਵਾਲ਼ਾ ਕੌੜਾ ਘੁੱਟ ਭਰਨਾ ਹੀ ਬਿਹਤਰ ਸਮਝਿਆ। ਜੇ ਘਰੇ ਹੀ ਸ਼ਾਂਤੀ ਨਹੀਂ ਸੀ, ਤਾਂ ਕਿੱਥੇ ਚੁੱਕ ਕੇ ਲੈ ਜਾਣਾ ਸੀ ਪੈਸਾ? ਜਿਹੜੇ ਪੈਸੇ ਉਹਦੇ ਕੋਲ਼ ਪਏ ਸਨ। ਉਹ ਉਸ ਨੇ ਡਿਪੌਜ਼ਿਟ ਦੇ ਦਿੱਤੇ ਅਤੇ ਦੋ ਲੱਖ ਪੌਂਡ ਦਾ ਮਕਾਨ ਲੈ ਲਿਆ। ਤਿੰਨ ਕਮਰਿਆਂ ਦਾ ਮਕਾਨ। ਬੇਸਮੈਂਟ ਦਾ ਕਿਰਾਇਆ ਉਹ ਸਿਰਫ਼ ਤਿੰਨ ਸੌ ਪੌਂਡ ਮਹੀਨਾ ਦਿੰਦਾ ਸੀ। ਪਰ ਹੁਣ ਉਸ ਨੂੰ ਸਾਢੇ ਅੱਠ ਸੌ ਪੌਂਡ ਮਹੀਨੇ ਦੀ ਮੌਰਗੇਜ਼ ਭਰਨੀ ਪੈਂਦੀ ਅਤੇ ਇਕ ਸੌ ਦਸ ਪੌਂਡ ਕੌਂਸਲ ਟੈਕਸ...! ਇਕ ਤਰ੍ਹਾਂ ਨਾਲ ਹਜ਼ਾਰ ਪੌਂਡ ਸਿੱਧਾ ਹੀ ਚੰਡੋਲ 'ਤੇ ਚੜ੍ਹ ਜਾਂਦਾ। ਦੀਪ ਦਾ ਖਰਚਾ ਵੀ ਸ਼ਾਹੀ ਸੀ। ਸ਼ਾਹੀ ਕੀ...? ਅੰਨ੍ਹਾਂ ਖਰਚਾ ਸੀ...! ਹਰਦੇਵ ਦਿਨ ਰਾਤ ਕੰਮ ਕਰਦਾ ਅਤੇ ਐਤਵਾਰ ਨੂੰ ਉਹ ਸਿਰਫ਼ ਇਕ ਦਿਨ ਹੀ ਵਿਹਲਾ ਹੁੰਦਾ ਅਤੇ ਦੀਪ ਨੂੰ ਤੋਰਨ ਫੇਰਨ ਲੈ ਜਾਂਦਾ। ਉਹ ਸਾਰਾ ਦਿਨ ਬਾਹਰ ਹੀ ਬਿਤਾਉਂਦੇ। ਦੀਪ ਅਨੁਸਾਰ ਉਹ 'ਪਿਕਨਿਕ' ਮਨਾਉਂਦੇ ਸਨ। ਪਰ ਹਰਦੇਵ ਦੇ ਭਾਅ ਦੀ ਤਾਂ ਕੁਰਕੀ ਹੋ ਰਹੀ ਸੀ। ਬੱਕਰੇ ਦੀ ਜਾਨ ਜਾ ਰਹੀ ਸੀ। ਪਰ ਖਾਣ ਵਾਲ਼ੇ ਨੂੰ ਸੁਆਦ ਨਹੀਂ ਆ ਰਿਹਾ ਸੀ। ਉਹ ਪਲ-ਪਲ, ਕਤਰਾ-ਕਤਰਾ ਹੋ ਕੇ ਮਰ ਰਿਹਾ ਸੀ। ਦੀਪ ਨਾਲ਼ ਵਿਆਹ ਕਰਵਾ ਕੇ ਉਸ ਦੇ ਗਲ਼ ਵਿਚ ਗਲ਼ਘੋਟੂ ਫ਼ਸ ਗਿਆ ਸੀ। ਨਾ ਉਸ ਨੂੰ ਅੰਦਰ ਲੰਘਾ ਸਕਦਾ ਸੀ ਅਤੇ ਅਤੇ ਨਾ ਹੀ ਬਾਹਰ ਖਿੱਚ ਸਕਦਾ ਸੀ। ਉਸ ਦੀ ਹਾਲਤ ਤਰਸਯੋਗ ਬਣੀ ਪਈ ਸੀ। ਦੀਪ ਪੈਸੇ ਦੀ ਪ੍ਰਵਾਹ ਹੀ ਨਹੀਂ ਕਰਦੀ ਸੀ! ਉਹ ਪੈਸਾ ਖਰਚਦੀ ਨਹੀਂ, ਉਡਾਉਂਦੀ ਸੀ...!

ਰੋਟੀ ਦੀਪ ਪਕਾ ਕੇ ਰਾਜ਼ੀ ਨਹੀਂ ਸੀ। ਨਾ ਹੀ ਉਸ ਨੂੰ ਰੋਟੀ ਪਕਾਉਣੀ ਹੀ ਆਉਂਦੀ ਸੀ। ਜੇ ਹਰਦੇਵ ਉਸ ਨੂੰ ਦਾਲ ਸਬਜ਼ੀ ਬਣਾਉਣੀ ਜਾਂ ਰੋਟੀ ਪਕਾਉਣੀ ਸਿਖਾਉਣ ਦੀ ਕੋਸ਼ਿਸ਼ ਕਰਦਾ ਤਾਂ ਉਹ, "ਆਈ ਡੋਂਟ ਕੇਅਰ...!" ਆਖ ਕੇ ਹਰਦੇਵ ਨੂੰ ਮੂਰਖ ਸਮਝ ਕੇ ਹੱਸਦੀ। ਉਸ ਨੂੰ ਰੋਟੀ ਪਕਾਉਣ ਦਾ ਕੋਈ ਚਾਅ ਨਹੀਂ ਸੀ, ਜਾਂ ਇਰਾਦਾ ਹੀ ਨਹੀਂ ਸੀ। ਉਹ ਤਾਂ ਐਸ਼ ਕਰਨ ਵਾਸਤੇ ਪੈਦਾ ਹੋਈ ਸੀ ਅਤੇ ਉਸ ਨੇ ਐਸ਼ ਹੀ ਕਰਨੀ ਸੀ। ਜਾਂ ਤਾਂ ਉਹਨਾਂ ਨੂੰ 'ਟੇਕ-ਅਵੇ' ਵਾਲ਼ਿਆਂ ਤੋਂ ਰੋਟੀ ਮੰਗਵਾਉਣੀ ਪੈਂਦੀ ਅਤੇ ਜਾਂ ਦੀਪ ਕਿਸੇ ਰੈਸਟੋਰੈਂਟ ਵਿਚ ਖਾਣਾ, ਖਾਣਾਂ ਪਸੰਦ ਕਰਦੀ। ਆਰਥਿਕ ਪੱਖੋਂ ਹਰਦੇਵ ਦੀ ਦਿਨੋ ਦਿਨ ਬੱਸ ਹੁੰਦੀ ਜਾ ਰਹੀ ਸੀ। ਪਰ ਦੀਪ ਮੋਢਿਆਂ ਉਤੋਂ ਦੀ ਥੁੱਕਣ ਦੀ ਆਦੀ ਸੀ।

ਜਦੋਂ ਹਰਦੇਵ ਕੰਮ 'ਤੇ ਚਲਾ ਜਾਂਦਾ ਤਾਂ ਦੀਪ ਫ਼ੋਨ ਨੂੰ ਹੀ ਚਿੰਬੜੀ ਰਹਿੰਦੀ। ਕਿਸ ਨਾਲ਼ ਗੱਲ ਕਰਦੀ ਸੀ...? ਇਸ ਦਾ ਹਰਦੇਵ ਨੂੰ ਕੋਈ ਪਤਾ ਨਹੀਂ ਸੀ! ਹਰਦੇਵ ਹੀ 'ਹੂਵਰ' ਕਰਦਾ। ਹਰਦੇਵ ਹੀ ਘਰ ਦੀ ਸਫ਼ਾਈ ਕਰਦਾ। ਹਰਦੇਵ ਹੀ ਭਾਂਡੇ ਧੋਂਦਾ। ਹਰਦੇਵ ਹੀ 'ਰੱਬਿਸ਼' ਬਾਹਰ ਰੱਖਦਾ। ਹਰਦੇਵ ਹੀ ਖ਼ਰੀਦਾ ਫ਼ਰੋਖ਼ਤੀ ਕਰ ਕੇ ਲਿਆਉਂਦਾ। ਹੁਣ ਕੰਮ ਵੀ ਹਰਦੇਵ ਨੂੰ ਦੇਹ ਤੋੜ ਕੇ ਕਰਨਾ ਪੈਂਦਾ ਸੀ। ਉਸ ਨੂੰ ਸਾਰੇ ਖਰਚੇ ਹੀ ਢਕਣੇ ਪੈਂਦੇ। ਕੋਈ ਬਾਹਰਲੀ 'ਜੌਬ' ਤਾਂ ਉਸ ਨੇ ਕੀ ਸੁਆਹ ਕਰਨੀ ਸੀ? ਉਹ ਤਾਂ ਘਰਦੇ ਭਾਂਡੇ ਧੋ ਕੇ ਰਾਜੀ ਨਹੀਂ ਸੀ। ਹੱਥ ਹਿਲਾ ਕੇ ਰਾਜ਼ੀ ਨਹੀਂ ਸੀ। ਹਰਦੇਵ ਦੇ ਨੱਕ ਵਿਚ ਦਮ ਆਇਆ ਪਿਆ ਸੀ। ਉਸ ਲਈ ਸਾਰੇ ਰਸਤੇ ਬੰਦ ਹੋ ਚੁੱਕੇ ਸਨ। ਕਿਸੇ ਪਾਸੇ ਭੱਜਣ ਨੂੰ ਰਸਤਾ ਨਹੀਂ ਲੱਭਦਾ ਸੀ।

ਇਕ ਦਿਨ ਜਦ ਹਰਦੇਵ ਰਾਤ ਨੂੰ ਨੌਂ ਵਜੇ ਕੰਮ ਤੋਂ ਆਇਆ, ਤਾਂ ਕਾਫ਼ੀ ਡਾਕ ਆਈ ਪਈ ਸੀ। ਠੰਢ ਦੇ ਦਿਨ ਸਨ। ਥੱਕ ਕੇ ਚੂਰ ਹੋਏ ਹਰਦੇਵ ਨੇ ਬੋਤਲ ਖੋਲ੍ਹ ਕੇ ਡਾਕ ਪੜ੍ਹਨੀ ਸ਼ੁਰੂ ਕਰ ਦਿੱਤੀ। ਜਦ ਉਸ ਨੇ ਟੈਲੀਫ਼ੋਨ ਦਾ ਬਿੱਲ ਦੇਖਿਆ ਤਾਂ ਉਸ ਦੇ ਹੋਸ਼ ਉਡ ਗਏ! ਸਿਰ ਨੂੰ ਘੁੰਮੇਰ ਚੜ੍ਹੀ! ਸਰੀਰ ਵਿਚ ਝਰਨਾਹਟ ਛਿੜ ਗਈ। ਟੈਲੀਫ਼ੋਨ ਦਾ ਬਿੱਲ ਗਿਆਰਾਂ ਸੌ ਪੌਂਡ ਦਾ ਆਇਆ ਪਿਆ ਸੀ! ਉਸ ਦਾ ਪੀਤਾ ਪੈੱਗ ਵੀ ਗੇੜਾ ਦੇ ਕੇ ਲਹਿ ਗਿਆ। ਉਸ ਨੇ ਬਿੱਲ ਦੇ ਅਗਲੇ ਪੰਨੇ ਤੋਂ ਟੈਲੀਫ਼ੋਨ ਕੀਤੇ ਹੋਏ ਨੰਬਰਾਂ ਦੀ ਸੂਚੀ ਪੜ੍ਹੀ। ਤਕਰੀਬਨ ਇਕੋ ਹੀ ਨੰਬਰ 'ਤੇ ਹਰ ਰੋਜ਼ ਦਸ-ਦਸ, ਪੰਦਰਾਂ-ਪੰਦਰਾਂ ਵਾਰ ਫ਼ੋਨ ਕੀਤਾ ਹੋਇਆ ਸੀ। ਉਹ ਗੁੱਸੇ ਹੋਣ ਦੀ ਵਜਾਏ, ਹੈਰਾਨ ਰਹਿ ਗਿਆ! ਮੈਂ ਘਰਦਿਆਂ ਨੂੰ ਕਦੇ ਦਸਾਂ ਦਿਨਾਂ 'ਚ ਇਕ ਵਾਰ ਫ਼ੋਨ ਨਹੀਂ ਕੀਤਾ। ਪਰ ਇਹ ਤਾਂ ਇਕ ਦਿਨ 'ਚ ਦਸ ਵਾਰ ਇਕੋ ਨੰਬਰ 'ਤੇ ਫ਼ੋਨ ਘੁੰਮਾਈ ਜਾਂਦੀ ਐ! ਉਸ ਨੇ ਦੂਜਾ ਪੈੱਗ ਪਾ ਕੇ ਦੀਪ ਨੂੰ ਥੱਲੇ ਬੁਲਾ ਲਿਆ। ਉਹ ਉਪਰ ਸਲੀਪਿੰਗ-ਰੂਮ 'ਚ ਬੜੇ ਅਰਾਮ ਨਾਲ਼ ਟੀ. ਵੀ. ਦੇਖ ਰਹੀ ਸੀ।

-"ਦੀਪ...! ਆਹ ਐਨਾ ਫ਼ੋਨ ਤੂੰ ਕੀਤੈ...?"

-"ਹੋਰ ਘਰੇ ਹੈ ਵੀ ਕੌਣ...? ਮੈਂ ਈ ਕੀਤਾ ਹੋਣੈਂ?" ਉਸ ਨੇ ਬੜੀ ਆਕੜ ਅਤੇ ਵਿਅੰਗ ਨਾਲ਼ ਉਤਰ ਦਿੱਤਾ।

-"ਦੀਪ...! ਤੈਨੂੰ ਪਤੈ ਬਈ ਇੱਥੇ ਫ਼ੋਨ ਕਿੰਨਾ ਮਹਿੰਗੈ...?"

-"ਤੇ ਹੋਰ ਮੈਂ ਘਰੇ ਬੈਠੀ ਕੀ ਕਰਾਂ...?" ਉਸ ਨੇ ਠੁਣਾਂ ਹਰਦੇਵ ਸਿਰ ਭੰਨਿਆਂ।

-"......।" ਹਰਦੇਵ ਨਿਰੁੱਤਰ ਹੋ ਗਿਆ।

-"ਮੈਂ 'ਕੱਲੀ ਘਰੇ ਬੈਠੀ ਕਰਾਂ ਵੀ ਕੀ...?"

-"ਦੇਖ ਦੀਪ...! ਆਪਾਂ ਹੁਣ ਦੋ ਲੱਖ ਪੌਂਡ ਦਾ ਮਕਾਨ ਲਿਐ-ਹਜਾਰ ਪੌਂਡ ਸਿੱਧਾ ਈ ਮੌਰਗੇਜ ਤੇ ਕੌਂਸਲ ਟੈਕਸ ਵਿਚ ਈ ਚਲਿਆ ਜਾਂਦੈ! ਬਾਕੀ ਕਾਰ ਦੀ ਇੰਸ਼ੋਰੈਂਸ ਵੀ ਐ-ਪੈਟਰੋਲ ਦਾ ਖਰਚਾ ਵੀ ਐ-ਬਿਜਲੀ ਦਾ ਖਰਚਾ-ਪਾਣੀ ਦਾ ਖਰਚਾ-ਆਪਣੇ ਖਾਣ ਪੀਣ ਦਾ ਖਰਚਾ-ਨਿਰੇ ਖਰਚੇ ਈ ਖਰਚੇ ਐ...! ਤੂੰ ਮਾੜਾ ਮੋਟਾ ਸੰਭਲ਼ ਕੇ ਖਰਚਾ ਕਰਿਆ ਕਰ! ਇਉਂ ਤਾਂ ਆਪਣਾ ਦਿਵਾਲ਼ਾ ਨਿਕਲਜੂ...?"

-"ਕੋਈ ਫ਼ਿਕਰ ਨਾ ਕਰੋ...! ਮੈਂ ਪਾਪਾ ਜੀ ਤੋਂ ਮੰਗਵਾ ਦਿਊਂ!" ਉਸ ਨੇ ਬੜੀ ਬੇਧਿਆਨੀ ਨਾਲ਼ ਉਤਰ ਮੋੜਿਆ।

-"ਪਾਪਾ ਜੀ ਤੋਂ ਆਪਾਂ ਪੈਸੇ ਮੰਗਵਾਉਂਦੇ ਚੰਗੇ ਲੱਗਦੇ ਐਂ...?"

-"ਕਿਉਂ, ਫੇਰ ਕੀ ਹੋ ਗਿਆ...? ਹੁਣ ਤੱਕ ਮੈਂ ਪਾਪਾ ਜੀ ਦੇ ਸਿਰ 'ਤੇ ਈ ਤੋਤੇ ਉੜਾਏ ਐ! ਜੇ ਲੋੜ ਪਈ ਤਾਂ ਆਪਾਂ ਪੈਸੇ ਮੰਗਵਾ ਲਵਾਂਗੇ!"

-"ਆਹ, ਐਨਾ ਫ਼ੋਨ ਤੂੰ ਕਰਦੀ ਕੀਹਨੂੰ ਐਂ...? ਇਹ ਤਾਂ ਦੱਸ? ਇਕੋ ਨੰਬਰ 'ਤੇ, ਇਕ ਦਿਨ 'ਚ ਦਸ ਦਸ ਵਾਰੀ ਫ਼ੋਨ ਹੋਇਐ-ਆਹ ਦੇਖ ਲੈ...!" ਉਸ ਨੇ ਸੂਚੀ ਅੱਗੇ ਕੀਤੀ।

-"ਮੈਂ ਫ਼ੋਨ ਕੀਤੇ ਐ-ਮੈਨੂੰ ਨਾ ਪਤਾ ਹੋਊ...?"

-"ਪਰ ਇਹ ਨੰਬਰ ਹੈ ਕੀਹਦਾ...? ਪਾਪਾ ਜੀ ਹੋਰਾਂ ਦਾ ਤਾਂ ਇਹ ਨੰਬਰ ਹੈਨ੍ਹੀ!"

-"ਇਹ ਮੇਰੀ ਪ੍ਰਾਈਵੇਸੀ ਐ...!" ਉਸ ਨੇ ਇਕੋ ਵਿਚ ਹੀ ਨਬੇੜ ਦਿੱਤੀ।

-"ਕੀਹਨੂੰ ਫ਼ੋਨ ਕਰਦੀ ਐਂ? ਇਹ ਤਾਂ ਪਤਾ ਲੱਗਣਾ ਚਾਹੀਦੈ...? ਆਫ਼ਟਰ ਆਲ ਮੈਂ ਫਿਰ ਵੀ ਤੇਰਾ ਹਸਬੈਂਡ ਐਂ!" ਉਸ ਨੇ ਬੜੇ ਠੰਢੇ ਮਤੇ ਨਾਲ਼, ਸਮਝਾਉਣ ਵਾਲ਼ਿਆਂ ਵਾਂਗ ਪੁੱਛਿਆ।

-"ਜਰੂਰੀ ਦੱਸਣਾ ਪਊ...?" ਉਹ ਲਾਚੜਿਆਂ ਵਾਂਗ ਬੋਲੀ।

-"ਮੈਂ ਤੈਨੂੰ ਮਜਬੂਰ ਨਹੀਂ ਕਰਦਾ...! ਪਰ ਜਨਰਲੀ ਗੱਲ ਈ ਪੁੱਛ ਰਿਹੈਂ!"

-"ਇਹ ਮੇਰਾ ਇਕ ਦੋਸਤ ਐ...! ਮੇਰੇ ਨਾਲ਼ ਕਾਲਜ ਵਿਚ ਪੜ੍ਹਦਾ ਹੁੰਦਾ ਸੀ...! ਬੜਾ ਰਾਈਸ ਮੁੰਡਾ ਐ...! ਹੋਰ ਕੁਛ...?" ਆਖ ਕੇ ਉਸ ਨੇ ਹਰਦੇਵ ਦੇ ਸਿਰ ਵਿਚ ਪੱਥਰ ਚਲਾ ਦਿੱਤਾ। ਉਹ ਸੋਚ ਰਿਹਾ ਸੀ ਕਿ ਸਾਲ਼ੀ ਮੇਰੇ ਘਰਵਾਲ਼ੀ, ਮੈਨੂੰ ਆਪਣੇ ਦੋਸਤ ਮੁੰਡੇ ਬਾਰੇ ਬੜੇ ਮਾਣ ਨਾਲ਼ ਦੱਸ ਰਹੀ ਐ? ਇਹਨੂੰ ਸਾਲ਼ੀ ਨੂੰ ਕੋਈ ਸ਼ਰਮ ਹਯਾ ਹੈ ਕਿ ਨਹੀਂ? ਉਹ ਮੇਰਾ ਸਾਲ਼ਾ ਜ਼ਰੂਰ ਇਹਦਾ ਯਾਰ ਹੋਊ...! ਇਹ ਵਿਆਹ ਤੋਂ ਪਹਿਲਾਂ ਜ਼ਰੂਰ ਉਹਦੇ ਨਾਲ਼ ਰੰਗਰਲ਼ੀਆਂ ਮਨਾਉਂਦੀ ਰਹੀ ਹੋਊ...! ਜਿਹੜਾ ਇਹ ਹਰ ਤੀਜੇ ਮਹੀਨੇ ਵੱਖੋ ਵੱਖਰੇ ਟੂਰ ਲਾਉਂਦੀ ਸੀ, ਉਸੇ ਭੈਣ ਦੇ ਖ਼ਸਮ ਦੀ ਬੁੱਕਲ਼ ਨਿੱਘੀ ਕਰਦੀ ਹੋਊ! ਉਸ ਦਾ ਦਿਮਾਗ ਰਾਕਟ ਬਣਿਆਂ ਪਿਆ ਸੀ। ਪਰ ਉਹ ਸਰਾਸਰ ਸਮਾਈ ਤੋਂ ਕੰਮ ਲੈ ਰਿਹਾ ਸੀ।

-"ਤੇਰੀ ਇਹਦੇ ਨਾਲ਼ ਦੋਸਤੀ ਸੀ...?"

-"ਤੇ ਹੋਰ ਮੈਂ ਕੀ ਆਖੀ ਜਾਨੀ ਐਂ? ਗਹਿ ਗੱਡਵੀਂ ਦੋਸਤੀ...! ਇਹ ਮੇਰਾ ਕਾਲਜ ਦਾ ਜਿਗਰੀ ਦੋਸਤ ਐ! ਹੁਣ ਮੈਨੂੰ ਬੋਰ ਨਾ ਕਰੋ...! ਮੈਂ ਤਾਂ ਚੱਲੀ ਆਂ ਸੌਣ...!" ਤੇ ਉਹ ਮੱਖੀ ਵਾਂਗ 'ਭਿਣਨ-ਭਿਣਨ' ਕਰਦੀ ਪੌੜੀਆਂ ਚੜ੍ਹ ਗਈ। ਹਰਦੇਵ ਅਨਾਥਾਂ ਵਾਂਗ ਬੈਠਾ ਸੀ। ਦੀਪ ਨੂੰ ਉਸ ਦੀ ਕੋਈ ਪ੍ਰਵਾਹ ਹੀ ਨਹੀਂ ਸੀ। ਉਹ ਹਰਦੇਵ ਨੂੰ ਜੁੱਤੀ ਤੋਂ ਦੀ ਮਾਰਦੀ ਸੀ।

ਸਾਰੀ ਰਾਤ ਹਰਦੇਵ ਨੂੰ ਨੀਂਦ ਨਾ ਆਈ। ਉਹ ਬੈੱਡ ਵਿਚ ਪਲ਼ਸੇਟੇ ਹੀ ਮਾਰਦਾ ਰਿਹਾ। ਹੁਣ ਉਸ ਦੇ

ਪਿੱਛੇ ਖੂਹ ਅਤੇ ਅੱਗੇ ਖਾਤਾ ਸੀ। ਪਿੱਛੇ ਹੁਣ ਉਹ ਮੁੜ ਨਹੀਂ ਸਕਦਾ ਸੀ ਅਤੇ ਅੱਗੇ ਜਾਣ ਲੱਗੇ ਨੂੰ ਖ਼ਤਰਾ ਹੀ ਖ਼ਤਰਾ ਸੀ। ਉਸ ਦੀ ਹਾਲਤ ਉਸ ਬਾਘੜ ਬਿੱਲੇ ਵਰਗੀ ਹੋਈ ਪਈ ਸੀ। ਜਿਸ ਦੇ ਪਿੱਛੇ ਗਿੱਦੜਮਾਰ ਅਤੇ ਅੱਗੇ ਕੰਡਿਆਲ਼ੀ ਵਾੜ ਸੀ! ਜਾਵੇ, ਤਾਂ ਕਿੱਧਰ ਜਾਵੇ...? ਭੱਜੇ, ਤਾਂ ਕਿਹੜੀ ਕੂਟ ਨੂੰ ਭੱਜੇ...? ਚਾਰੇ ਕੂਟਾਂ ਉਸ ਲਈ ਤਬਾਹੀ ਬਣੀਆਂ ਖੜ੍ਹੀਆਂ ਸਨ।

ਹਰਦੇਵ ਜਿਵੇਂ ਪਿਆ ਸੀ। ਉਵੇਂ ਹੀ ਉਠ ਖੜ੍ਹਾ ਹੋਇਆ ਅਤੇ ਕੰਮ 'ਤੇ ਚਲਾ ਗਿਆ।

ਸਾਰੀ ਦਿਹਾੜੀ ਉਸ ਦਾ ਕੰਮ ਵਿਚ ਮਨ ਨਾ ਲੱਗਿਆ। ਸੋਚਾਂ ਦੀ ਬੱਦਲ਼ਵਾਈ ਮਨ 'ਤੇ ਭਾਰੂ ਰਹੀ।

ਦੇਸੀ ਭਾਈਬੰਦ ਵੀ ਉਸ ਨੂੰ ਦੇਖ ਕੇ ਚੁੱਪ ਹੀ ਰਹੇ।

ਸ਼ਾਮ ਨੂੰ ਜਦੋਂ ਉਹ ਕੰਮ ਤੋਂ ਵਾਪਿਸ ਆਇਆ ਤਾਂ ਦੀਪ ਉਸ ਦੇ ਨਾਲ਼ ਅੜ ਕੇ ਬੈਠ ਗਈ। ਇਤਨੀ ਨੇੜਤਾ ਦੀ ਉਸ ਨੂੰ ਕੋਈ ਸਮਝ ਨਹੀਂ ਪਈ ਸੀ। ਦੀਪ ਤਾਂ ਉਸ ਦੇ ਇਤਨੀ ਨੇੜੇ ਬੈਠੀ ਹੀ ਨਹੀਂ ਸੀ? ਅੱਜ ਤਾਂ ਦੀਪ ਨੇ ਉਸ ਨੂੰ ਗਿਲਾਸ ਅਤੇ ਬੋਤਲ ਵੀ ਆਪ ਲਿਆ ਕੇ ਅੱਗੇ ਧਰੀ ਸੀ।

-"ਕੀ ਗੱਲ ਐ...?" ਉਸ ਨੇ ਬੋਤਲ ਨੇੜੇ ਧੂੰਹਦਿਆਂ ਪੁੱਛਿਆ।

-"ਮੈਂ ਤੁਹਾਡੇ ਨਾਲ਼ ਨਹੀਂ ਬੈਠ ਸਕਦੀ...?"

-"ਨਹੀਂ, ਇਹ ਗੱਲ ਨਹੀਂ...! ਪਰ ਗੱਲ ਕੀ ਐ?"

-"ਤੁਸੀਂ ਪਰਸੋਂ ਦੀ ਛੁੱਟੀ ਕਰ ਲਵੋ!" ਉਸ ਨੇ ਹੁਕਮ ਵਾਲ਼ੇ ਲਹਿਜੇ ਵਿਚ ਆਖਿਆ।

-"ਕਿਉਂ...? ਕੀ ਗੱਲ...?"

-"ਬੱਸ ਆਖ ਦਿੱਤਾ...! ਤੁਸੀਂ ਪਰਸੋਂ ਦੀ ਛੁੱਟੀ ਕਰਨੀ ਐਂ...!" ਉਸ ਨੇ ਉਸੇ ਅੰਦਾਜ਼ ਵਿਚ ਦੁਹਰਾਇਆ।

-"ਦੀਪ...! ਤੂੰ ਸਮਝਦੀ ਕਿਉਂ ਨ੍ਹੀ? ਜੇ ਮੈਂ ਛੁੱਟੀ ਕਰੂੰਗਾ-ਆਪਣੇ ਖਰਚੇ ਕਿੱਥੋਂ ਪੂਰੇ ਹੋਣਗੇ? ਘਰ ਦਾ ਖਰਚਾ ਪਤਾ ਕਿੰਨੈਂ...?" ਉਹ ਘਰ ਦੀ ਥਾਂ 'ਤੇਰਾ ਖਰਚਾ' ਆਖਣੋਂ ਸੰਕੋਚ ਕਰ ਗਿਆ ਸੀ।

-"ਖਰਚਾ ਮੈਂ ਆਪੇ ਪਾਪਾ ਜੀ ਤੋਂ ਮੰਗਵਾ ਲਊਂ!"

-"ਪਾਪਾ ਜੀ...ਪਾਪਾ ਜੀ...ਪਾਪਾ ਜੀ...! ਚੌਵੀ ਘੰਟੇ ਪਾਪਾ ਜੀ...? ਪਾਪਾ ਜੀ ਤੋਂ ਪੈਸੇ ਮੰਗਵਾਉਂਦੇ ਆਪਾਂ ਚੰਗੇ ਲੱਗਦੇ ਐਂ?" ਉਸ ਦਾ ਦਿਮਾਗ ਗਰਮੀ ਫੜ ਕੇ ਵੀ ਮਾੜੇ ਇੰਜਣ ਵਾਂਗ ਠਰ ਗਿਆ।

-"ਫੇਰ ਕੀ ਐ...? ਉਹ ਮੇਰੇ ਪਾਪਾ ਜੀ ਐ! ਅੱਗੇ ਵੀ ਮੈਂ ਉਹਨਾਂ ਤੋਂ ਈ ਲੈਂਦੀ ਸੀ? ਹੁਣ ਨਹੀਂ ਮੰਗਵਾ ਸਕਦੀ? ਮੇਰੀ ਏਅਰ ਟਿਕਟ ਵੀ ਉਹਨਾਂ ਨੇ ਈ ਲਾਈ ਐ! ਉਦੋਂ ਨਾ ਤੁਸੀਂ ਆਖਿਆ...?" ਉਸ ਨੇ ਸ਼ਾਂਤਮਈ ਉਤਰ ਦਿੱਤਾ ਤਾਂ ਸੱਚੀ ਸੁਣ ਕੇ ਹਰਦੇਵ ਦਾ ਮੂੰਹ ਤਖ਼ਤੇ ਦੀ ਝੀਥ ਵਾਂਗ ਬੰਦ ਹੋ ਗਿਆ।

-"ਪਰ ਪਰਸੋਂ ਛੁੱਟੀ ਕਰਨੀ ਕਾਹਦੇ ਵਾਸਤੇ ਐ...? ਐਡਾ ਕੀ ਜਰੂਰੀ ਕੰਮ ਐਂ?"

-"ਉਹ...ਜਿਹੜਾ ਮੁੰਡਾ ਮੇਰਾ ਕਾਲਜ ਦਾ ਦੋਸਤ ਐ ਨ੍ਹਾਂ...? ਜੀਹਨੂੰ ਮੈਂ ਫ਼ੋਨ ਕਰਦੀ ਹੁੰਨੀ ਆਂ?"

-"ਆਹੋ...!" ਉਸ ਨੇ ਇਕ ਦਮ ਮੂੰਹ ਉਪਰ ਉਗੀਸਿਆ।

-"ਉਹ ਪਰਸੋਂ ਆਪਣੇ ਬਿਜ਼ਨਿਸ ਦੇ ਚੱਕਰ 'ਚ ਹਫ਼ਤੇ ਕੁ ਲਈ ਇੰਗਲੈਂਡ ਆ ਰਿਹੈ...! ਫੇਰ ਉਹਨੇ ਅੱਗੇ ਅਮਰੀਕਾ ਤੇ ਕੈਨੇਡਾ ਜਾਣੈਂ-ਉਹਨੂੰ ਆਪਾਂ ਏਅਰਪੋਰਟ ਤੋਂ ਲੈਣ ਜਾਣੈਂ...!"

-"......।" ਹਰਦੇਵ ਸੋਫ਼ੇ ਤੋਂ ਡਿੱਗਣ ਵਾਲ਼ਾ ਹੋ ਗਿਆ। ਉਸ ਦਾ ਦਿਮਾਗ ਫਿਰ ਘੁਮਿਆਰ ਦੇ ਚੱਕ ਵਾਂਗ ਘੁਕਣ ਲੱਗ ਪਿਆ। ਅੱਗੇ ਤਾਂ ਸਾਲ਼ੀ ਇਹ ਸਿਰਫ਼ ਉਹਨੂੰ ਭੈਣ ਚੋਦ ਨੂੰ ਫ਼ੋਨ ਹੀ ਕਰਦੀ ਸੀ, ਹੁਣ ਬੁੱਕਲ਼ 'ਚ ਵੀ ਬੈਠਿਆ ਕਰੂ...! ਕੀ ਵੱਸ ਹੈ ਐਸ ਮੁਲਕ 'ਚ...? ਇੱਥੇ ਤਾਂ ਆਖ ਦਿੰਦੇ ਐ, ਬਈ ਜੇ ਅਗਲੀ ਦਾ ਮਨ ਮੰਨਦੈ, ਜੋ ਮਰਜ਼ੀ ਐ ਕਰੇ...! ਕੋਈ ਬੰਦਿਸ਼ ਨਹੀਂ! ਔਰਤ ਨੂੰ ਪੂਰਨ ਅਜ਼ਾਦੀ ਐ! ਆਖਣਾ ਹੋਵੇ, ਬਈ ਭੈਣ ਦਿਓ ਖ਼ਸਮੋਂ! ਜੇ ਤੀਮੀ ਆਪਦੇ ਘਰਵਾਲ਼ੇ ਨੂੰ ਛੱਡ ਕੇ ਦੂਜੇ ਨਾਲ਼ ਮਸਤੀ ਮਾਰਦੀ ਐ, ਤਾਂ ਤੀਮੀਆਂ ਵਾਸਤੇ ਵੀ ਕੋਈ ਕਾਨੂੰਨ ਤਿਆਰ ਕਰੋ...! ਬੰਦਿਆਂ ਦੀ ਖਾਤਰ ਤਾਂ ਮੇਰਿਆਂ ਸਾਲ਼ਿਆਂ ਨੇ ਧੜਾਧੜ ਕਾਨੂੰਨ ਘੜੇ ਹੋਏ ਐ। ਜੇ ਆਹ ਕਰੂ, ਆਹ ਹੋਊ...! ਜੇ ਔਹ ਕਰੂ, ਔਹ ਹੋਊ...! ਤੇ ਤੀਮੀ...? ਤੀਮੀ ਜੀਹਦੀ ਮਰਜੀ ਰਜਾਈ 'ਚ ਧੱਕੇ ਲੁਆਈ ਜਾਵੇ? ਇਹ ਸਾਲ਼ੀਆਂ ਕੋਈ ਉਤੋਂ ਡਿੱਗੀਐਂ...? ਇਹ ਤੀਵੀਆਂ ਤਾਂ ਸਾਲ਼ੀਆਂ ਹੈ ਈ ਧੱਕਾ ਸਟਾਰਟ...!

ਘਰਆਲ਼ੇ ਤੋਂ ਤਾਂ ਇਹ ਸਟਰਾਟ ਈ ਨ੍ਹੀ ਹੁੰਦੀਆਂ, ਚਾਹੇ ਕਿੰਨੇ ਪੁਲੀਤੇ ਲਾਈ ਜਾਵੇ...! ਆਖਣਗੀਆਂ, ਮੇਰਾ ਤਾਂ ਸਿਰ ਦਰਦ ਕਰਦੈ...! ਮੇਰੀ ਅੱਜ ਤਬੀਅਤ ਠੀਕ ਨ੍ਹੀ...! ਮੈਨੂੰ ਫ਼ਲੂ ਜਿਆ ਹੋਇਆ ਪਿਐ...! ਲਓ, ਕਰਲੋ ਗੱਲ...! ਐਥੇ ਤਾਂ ਹੀ ਤਾਂ ਗੰਦ ਪਿਆ ਫਿਰਦੈ! ਕੋਈ ਬੈਂਗਣੀਂ ਰੰਗਾ ਕਾਲਾ ਗੋਰੀ ਨਾਲ਼ ਬਾਂਹਾਂ 'ਚ ਬਾਂਹਾਂ ਅੜਾਈ ਫਿਰਦੈ! ਤੇ ਆਪਣੀਆਂ ਦੇਸੀ ਟੱਟੂ ਖੁਰਾਸ਼ਾਨੀ ਦੁਲੱਤੇ ਚਲਾਈ ਜਾਂਦੀਐਂ...! ਲੈ ਆਹ ਮੇਰੇ ਸਾਲੇ ਦੀ ਮੇਰੇ ਆਲ਼ੀ ਨੀ ਮਾਨ...! ਅਖੇ, ਹਮਰਾ ਮਿੱਤਰ ਆ ਰਹਾ ਹੈ...! ਇਹਦੀ ਭੈਣ ਦੀ ਟੰਗ ਇਹਦੀ ਦੀ...! ਇਹ ਸਾਲ਼ੀ ਵਿਆਹ ਤੋਂ ਪਹਿਲਾਂ ਦੀ ਹੀ ਉਹਦੇ ਨਾਲ਼ ਕੁੰਡਾ ਫ਼ਸਾਈ ਫਿਰਦੀ ਐ? ਜੇ ਕਿਸੇ ਨੇ ਘਰ ਆਉਣਾ ਹੋਵੇ? ਤਾਂ ਅਕਸਰ ਬੰਦਾ ਮਾਲਕ ਨੂੰ ਪਹਿਲਾਂ ਪੁੱਛ ਲੈਂਦੈ...! ਬਈ ਮੇਰਾ ਫ਼ਲਾਨਾ-ਫ਼ਲਾਨਾ ਆ ਰਿਹੈ, ਆ ਜਾਵੇ? ਪਰ ਇਹ ਤਾਂ ਮੇਰੇ ਸਾਲ਼ੇ ਦੀ ਆਪ ਈ ਇੰਦਰਾ ਗਾਂਧੀ ਬਣੀ ਫਿਰਦੀ ਐ...? ਇਹ ਪੁੱਛਦੀ ਨਹੀਂ, ਸਗੋਂ ਦੱਸਦੀ ਐ!

-"ਤੇ ਰਹੂ ਕਿੱਥੇ...?" ਹਰਦੇਵ ਨੂੰ ਅਗਲਾ ਫ਼ਿਕਰ ਪੈ ਗਿਆ। ਇਹਦਾ ਸਾਲ਼ੀ ਦਾ ਕੀ ਇਤਬਾਰ? ਇਹ ਤਾਂ ਸਾਲ਼ੀ ਬੇਸ਼ਰਮ ਐਂ! ਕਿਤੇ ਮੇਰੇ ਸਾਹਮਣੇ ਈ ਨਾਂ 'ਗੜੱਪ' ਦੇਣੇ ਉਹਦੀ ਬੁੱਕਲ਼ 'ਚ ਜਾ ਡਿੱਗੇ? ਕਿਤੇ ਸਾਡੇ ਆਲ਼ੇ ਸਲੀਪਿੰਗ-ਰੂਮ 'ਚ ਨਾ ਡੇਰੇ ਲਾ ਲੈਣ...? ਮੈਂ ਕੀਹਦੀ ਬੇਬੇ ਨੂੰ ਮਾਸੀ ਆਖੂੰ...? ਮਿੱਤਰਾ, ਮੰਨ ਚਾਹੇ ਨਾ ਮੰਨ...! ਇਹਦੇ ਨਾਲ਼ ਵਿਆਹ ਕਰਵਾ ਕੇ ਧੌਣ ਤੇਰੀ ਜ਼ਰੂਰ ਘੁਲਾੜ੍ਹੇ 'ਚ ਆ ਗਈ ਐ! ਹੁਣ ਤਾਂ ਡੈਣ ਮਾਂਗੂੰ ਲਹੂ ਪੀ ਕੇ ਹੀ ਸਾਹ ਲਊ! ਸੀਰਮੇ ਪੀਊ ਤੇਰੇ ਸੀਰਮੇ...!

-"ਰਹੂ ਉਹ ਕਿਸੇ ਹੋਟਲ਼ 'ਚ...! ਉਹਦੇ ਕੋਲ਼ੇ ਪੈਸਾ ਥੋੜ੍ਹੈ? ਆਪਾਂ ਤਾਂ ਬੱਸ ਉਹਨੂੰ ਸਿਰਫ਼ ਲੈ ਕੇ ਈ ਆਉਣੈਂ!" ਦੀਪ ਦੇ ਕਹਿਣ 'ਤੇ ਉਸ ਨੇ ਕੁਝ ਕੁ ਸੁਖ ਦਾ ਸਾਹ ਲਿਆ ਕਿ ਸਾਲਾ ਆਪੇ ਕਿਤੇ ਧੱਕੇ ਖਾ ਕੇ ਮੁੜਜੂ! ਕਿਤੇ ਸਾਲ਼ਾ ਐਥੇ ਨਾ ਢੀਠ ਸਾਧ ਮਾਂਗੂੰ ਡੇਰੇ ਲਾ ਕੇ ਬਹਿਜੇ...? ਮੈਨੂੰ ਇਹਨਾਂ ਦਾ ਚੌਂਕੀਦਾਰਾ ਕਰਨਾ ਪਵੇ...?

-"ਹੀਥਰੋ ਏਅਰਪੋਰਟ 'ਤੇ ਈ ਆਉਣੈਂ?"

-"ਆਹੋ, ਹੀਥਰੋ 'ਤੇ ਈ ਆਉਣਾ ਹੋਊ...? ਨਹੀਂ ਤਾਂ ਮੈਂ ਕੱਲ੍ਹ ਨੂੰ ਉਹਨੂੰ ਫ਼ੋਨ ਕਰਕੇ ਪੁੱਛ ਲਊਂ!" ਦੀਪ ਨੇ ਬੜੇ ਮਜਾਜ ਨਾਲ ਕਿਹਾ। ਹਰਦੇਵ ਨੂੰ ਹੋਰ ਫ਼ਿਕਰ ਪੈ ਗਿਆ। ਇਹ ਫੇਰੇ ਦੇਣੀ ਹੁਣ ਫੇਰ ਟੈਲੀਫ਼ੋਨ ਨੂੰ ਗੇੜਾ ਪਾਊ...! ਉਸ ਦਾ ਦਿਲ ਕਾਹਲ਼ਾ ਪੈਣ ਲੱਗ ਪਿਆ। ਟੈਲੀਫ਼ੋਨ ਦਾ ਬਿੱਲ ਹਰ ਮਹੀਨੇ ਬਾਣੀਏਂ ਵਾਂਗ ਘਰ ਆ ਵੱਜਦੈ। ਨਾ ਕੁਛ ਕਹਿਣ ਜੋਗਾ, ਨਾ ਕਰਨ ਜੋਗਾ! ਜਦੋਂ ਕਹੀਏ, ਆਖੂ ਪਾਪਾ ਜੀ ਤੋਂ ਮੰਗਵਾ ਲਊਂ! ਮੰਗਵਾਏ ਕਦੇ ਸਾਲ਼ੀ ਨੇ ਹੈ ਨਹੀਂ! ਮੰਤਰੀਆਂ ਮਾਂਗੂੰ ਫ਼ੋਕੇ ਨਾਅਰੇ ਇਹ ਮਾਰੀ ਜਾਂਦੀ ਐ! ਬਈ ਜਾਂ ਤਾਂ ਉਸ ਕੰਜਰ ਨੂੰ ਆਖ, ਬਈ ਸਾਨੂੰ ਦਸ ਕੁ ਹਜਾਰ ਪੌਂਡ ਭੇਜ...! ਬਥੇਰਾ ਪੈਸਾ ਅੱਗ ਲੱਗਦੈ ਮੇਰੇ ਸਾਲ਼ੇ ਕੋਲ਼ੇ...! ਬਥੇਰੀ ਦੁਨੀਆਂ ਲੁੱਟ-ਲੁੱਟ ਖਾਧੀ ਐ ਉਹਨੇ ਦੈਂਤ ਨੇ...!

-"ਫ਼ਲਾਈਟ ਕਿੰਨੇ ਵਜੇ ਉਤਰਨੀ ਐਂ?"

-"ਉਹ ਵੀ ਫ਼ੋਨ 'ਤੇ ਈ ਪੁੱਛ ਲਊਂ! ਵੈਸੇ ਦੁਪਿਹਰੇ ਬਾਰਾਂ ਪੰਦਰਾਂ 'ਤੇ ਕਹਿੰਦਾ ਸੀ।"

-"ਉਹਦਾ ਵੀਜ਼ਾ ਕਿਵੇਂ ਲੱਗ ਗਿਆ, ਐਡੀ ਛੇਤੀ?"

-"ਉਹ ਲੁਆ ਦੇਵੇ ਸਾਰੇ ਪੰਜਾਬ ਦੇ ਵੀਜ਼ੇ! ਉਹਦਾ ਕਾਰੋਬਾਰ ਪਤਾ ਕਿੰਨਾਂ ਵੱਡੈ? ਲੱਖ ਲੱਖ ਰੁਪਈਆ ਤਾਂ ਉਹ ਖੜ੍ਹਾ ਖਰਚ ਦਿੰਦੈ! ਛੇ ਤਾਂ ਉਹਦੇ ਕੋਲ਼ੇ ਕਾਰਾਂ ਨੇ! ਜਿਹੜੀ ਨੂੰ ਜੀਅ ਕਰਦੈ-ਉਹੀ ਤੋਰ ਲੈਂਦੈ! ਤੁਸੀਂ ਐਥੇ ਟੈਲੀਫ਼ੋਨ ਦੇ ਬਿੱਲ ਕਰਕੇ ਪਿੱਟਣ ਲੱਗ ਪੈਨੇ ਐਂ!" ਉਸ ਨੇ ਹਰਦੇਵ ਦੀ ਤਹਿ ਲਾ ਦਿੱਤੀ।

ਤੀਜੇ ਦਿਨ ਹਰਦੇਵ ਨੇ ਛੁੱਟੀ ਕਰ ਲਈ।

ਸਵੇਰੇ ਗਿਆਰਾਂ ਕੁ ਵਜੇ ਉਹ ਹੀਥਰੋ ਏਅਰਪੋਰਟ 'ਤੇ ਪਹੁੰਚ ਗਏ।

-"ਕੀ, ਨਾਂ ਕੀ ਐ ਉਹਦਾ...?" ਹਰਦੇਵ ਨੇ ਪੁੱਛਿਆ। ਉਹ ਪੁੱਛਣ ਤਾਂ 'ਤੇਰੇ ਖਸਮ ਦਾ' ਲੱਗਿਆ ਸੀ। ਪਰ ਚੁੱਪ ਹੀ ਰਿਹਾ। ਉਸ ਦਾ ਦਿਲ ਛਾਤੀ ਵਿਚ ਹਥੌੜੇ ਵਾਂਗ ਵੱਜੀ ਜਾ ਰਿਹਾ ਸੀ।

-"ਸੁਮੀਤ...! ਬੜਾ ਨਾਈਸ ਮੁੰਡੈ!" ਉਸ ਦਾ ਨਾਂ ਦੱਸਦੀ ਦੀਪ ਨੇ ਚਾਂਭੜ ਮਾਰੀ ਸੀ। ਜਿਵੇਂ 'ਸੁਮੀਤ' ਆਖੇ ਤੋਂ ਉਸ ਦੇ ਕੁਤਕੁਤੀਆਂ ਨਿਕਲੀਆਂ ਸਨ। ਉਹ ਅਣਜਕਿਆਂ ਵਾਂਗ ਅੰਦਰ ਦੇਖ ਰਹੀ ਸੀ। ਹਰਦੇਵ ਆਖਣ ਤਾਂ ਲੱਗਿਆ ਸੀ ਕਿ ਸਬਰ ਕਰ! ਉਹ ਖ਼ਸਮ ਐਥੇ ਈ ਆ ਖੜ੍ਹਨੈ! ਜਿਹੜਾ ਕੰਜਰ ਤੇਰੇ ਮਗਰ ਲੰਡਨ ਆ ਵੱਜਿਆ, ਉਹ 'ਨਾਈਸ' ਤਾਂ ਆਪੇ ਈ ਐ! ਮਾੜਾ ਬੰਦਾ ਕਦੋਂ ਵਿਆਹੀ ਵਰੀ ਮਗਰ ਗਿੱਟੇ ਕਢਵਾਉਂਦੈ?

ਦੀਪ ਦੀ ਉਡੀਕ ਦੀਆਂ ਘੜ੍ਹੀਆਂ ਖਤਮ ਹੋ ਗਈਆਂ। ਸਾਢੇ ਕੁ ਬਾਰਾਂ ਵਜੇ ਸੁਮੀਤ ਆਪਣਾ ਸੂਟਕੇਸ ਲੈ ਕੇ ਬਾਹਰ ਆ ਗਿਆ। ਉਸ ਦੇ ਵਾਲ਼ਾਂ ਨੂੰ ਛੱਲੇ ਪੁਆਏ ਹੋਏ ਸਨ। ਅੱਖਾਂ 'ਤੇ ਕਾਲ਼ੀ ਐਨਕ ਚਾੜ੍ਹੀ ਹੋਈ ਸੀ। ਦਾਹੜੀ ਸਿਰਫ਼ ਠੋਡੀ ਉਪਰ ਹੀ ਰੱਖੀ ਹੋਈ ਸੀ। ਦੀਪ ਉਸ ਨੂੰ ਵੇਲ ਵਾਂਗ ਚਿੰਬੜ ਗਈ। ਸੁਮੀਤ ਨੇ ਵੀ ਉਸ ਨੂੰ ਰਜਾਈ ਵਾਂਗ ਸੀਨੇ ਨਾਲ਼ ਘੁੱਟ ਲਿਆ। ਹਰਦੇਵ ਬਲ਼ਿਆ ਸੜਿਆ ਖੜ੍ਹਾ ਸੀ। ਕਾਫ਼ੀ ਦੇਰ ਉਹਨਾਂ ਦੀ ਗਲ਼ਵਕੜੀ ਹੀ ਨਾ ਖੁੱਲ੍ਹੀ। ਹਰਦੇਵ ਹੋਟਲ਼ ਦੇ ਦਰਬਾਨ ਵਾਂਗ ਝਾਕ ਰਿਹਾ ਸੀ। ਪਰ ਉਹਨਾਂ ਨੂੰ ਕਿਸੇ ਦੀ ਜਿਵੇਂ ਪ੍ਰਵਾਹ ਹੀ ਨਹੀਂ ਸੀ!

-"ਸੁਮੀਤ...! ਇਹ ਨੇ ਹਰਦੇਵ...!" ਦੀਪ ਨੇ ਉਸ ਵੱਲ ਇੰਜ ਇਸ਼ਾਰਾ ਕੀਤਾ। ਜਿਵੇਂ ਹਰਦੇਵ ਉਸ ਦਾ ਪਤੀ ਨਹੀਂ, ਕੋਈ ਡਰਾਈਵਰ ਸੀ!

-"ਨਾਈਸ ਟੂ ਮੀਟ ਯੂ, ਮਿਸਟਰ ਹਰਦੇਵ...!" ਉਸ ਨੇ ਬੜੇ ਤਪਾਕ ਨਾਲ਼ ਹੱਥ ਮਿਲਾਇਆ। ਹਰਦੇਵ ਮਨ ਵਿਚ ਬੋਲਿਆ, ਇਹਨੂੰ ਕਿਹੜਾ ਭੈਣ ਦੇ ਲੱਕੜ ਨੂੰ ਪਤਾ ਨ੍ਹੀ, ਬਈ ਹਰਦੇਵ ਤੇਰਾ ਖ਼ਸਮ ਚੰਦ ਐ! ਹਰਦੇਵ ਨਾਲ਼ 'ਹਸਬੈਂਡ' ਆਖਦੀ ਨੂੰ ਖੁਰਕ ਪੈਂਦੀ ਸੀ? ਉਹ ਆਪਸ ਵਿਚ ਘੁਲੇ ਮਿਲੇ ਸਿੱਧੇ 'ਏਅਰਪੋਰਟ ਬੀਅਰ ਬਾਰ' ਵਿਚ ਜਾ ਬੈਠੇ। ਜਿਵੇਂ ਖਰਚਾ ਬਾਪੂ ਨੇ ਕਰਨਾ ਸੀ। ਹਰਦੇਵ 'ਕੈਸ਼ ਪੁਆਇੰਟ' ਤੋਂ ਪੈਸੇ ਕਢਵਾਉਣ ਚਲਾ ਗਿਆ। ਉਸ ਨੂੰ ਪ੍ਰਤੱਖ ਪਤਾ ਹੀ ਸੀ ਕਿ ਮਘੋਰਾ ਤਾਂ ਮੇਰੀ ਜੇਬ ਵਿਚ ਹੀ ਹੋਣਾ ਹੈ! ਇਸ ਲਈ ਉਹ ਸੀਲ ਬਣਿਆਂ ਪੈਸੇ ਕਢਵਾ ਲਿਆਇਆ। ਦੀਪ ਅਤੇ ਸੁਮੀਤ ਦੋਨੋਂ ਆਪਣੀਆਂ ਪ੍ਰੇਮ ਭਰੀਆਂ ਗੱਲਾਂ ਵਿਚ ਮਸ਼ਰੂਫ਼ ਸਨ। ਉਹ ਬਿਨਾ ਝਿਜਕ ਇਕ ਦੂਜੇ ਨੂੰ ਜੱਫ਼ੀਆਂ ਪਾ ਰਹੇ ਸਨ। ਹਰਦੇਵ ਕੁਰਸੀ ਡਾਹ ਕੇ ਇਕ ਪਾਸੇ ਬੈਠ ਗਿਆ। ਜਿਵੇਂ ਜੰਨ 'ਚ ਨਾਈ ਬੈਠਾ ਹੁੰਦੈ! ਦੀਪ ਅਤੇ ਸੁਮੀਤ ਦੀਆਂ ਗੱਲਾਂ ਮੁੱਕਣ ਵਿਚ ਨਹੀਂ ਆ ਰਹੀਆਂ ਸਨ। ਉਹ ਹਰਦੇਵ ਵੱਲੋਂ ਹਰ ਤਰ੍ਹਾਂ ਨਾਲ਼ ਬੇਧਿਆਨੇ ਸਨ।

ਹਰਦੇਵ ਸੋਚ ਰਿਹਾ ਸੀ ਕਿ ਅਜਿਹੀ ਬਦਚਲਣ ਔਰਤ ਨਾਲ਼ ਵਸੇਬਾ ਕਦੋਂ ਕੁ ਤੱਕ ਚੱਲੇਗਾ? ਇਹਨੇ ਤਾਂ ਸਾਰੀਆਂ ਸ਼ਰਮਾਂ ਅਤੇ ਸੰਗਾਂ ਵੇਚ ਕੇ ਖਾਧੀਆਂ ਹੋਈਐਂ! ਇਹਦੇ ਬਾਰੇ ਲੋਕਾਂ ਨੂੰ ਪਤਾ ਤਾਂ ਲੱਗਣੋਂ ਰਹਿਣਾ ਨਹੀਂ ਕਿ ਹਰਦੇਵ ਦੀ ਤੀਮੀ ਐਂ! ਫਿਰ ਤਾਂ ਜਮਾਂ ਈ ਮਿੱਟੀ ਪੱਟੀ ਜਾਊ...? ਇਸ ਨੱਕ ਦੀ ਖਾਤਿਰ ਹੀ ਤੁਰੇ ਫ਼ਿਰਦੇ ਆਂ...! ਜੇ ਆਹ ਸਾਲ਼ਾ ਨੱਕ ਹੀ ਨਾ ਰਿਹਾ, ਤਾਂ ਧਿਰਗ ਹੈ ਜਿਉਣ ਦੇ...! ਇਹਦਾ ਕੋਈ ਨਾ ਕੋਈ ਇਲਾਜ਼ ਤਾਂ ਕਰਨਾ ਹੀ ਪੈਣੈ...! ਇਹਨੂੰ ਪੱਕੀ ਮੋਹਰ ਦਾ ਕੋਈ ਲਾਲਚ ਨਹੀਂ...! ਇਹ ਤਾਂ ਜਿਵੇਂ ਆਖਦੇ ਹੁੰਦੇ ਨੇ ਕਿ ਹਾਥੀ ਜਿਉਂਦਾ ਲੱਖ ਦਾ ਤੇ ਮਰਿਆ ਸਵਾ ਲੱਖ ਦਾ...! ਇਹ ਤਾਂ ਜੇ ਐਥੇ ਐ, ਤਾਂ ਕੋਈ ਫ਼ਰਕ ਨਹੀਂ...! ਜੇ ਇੰਡੀਆ ਐ, ਤਾਂ ਵੀ ਕੋਈ ਫ਼ਰਕ ਨਹੀਂ...! ਸਦਾ ਦਿਵਾਲ਼ੀ ਸਾਧ ਦੀ ਚੋਰਾਂ ਦੀਆਂ ਰਾਤਾਂ...! ਉਥੇ ਇਹਦਾ ਪਿਉ ਹੈ ਤਾਂ ਹੈਗਾ, ਕੰਜਰ...! ਉਹਦੇ ਸਿਰ 'ਤੇ ਤਾਂ ਇਹ ਚਿੱਤੜ ਉਚੇ ਕਰ-ਕਰ ਤੁਰਦੀ ਐ...। ਉਹਦੇ ਸਿਰ 'ਤੇ ਤਾਂ ਇਹ ਬਾਘੀਆਂ ਪਾਉਂਦੀ ਐ...! ਉਹਦੇ ਸਿਰ 'ਤੇ ਤਾਂ ਇਹ ਅੱਖਾਂ ਨਾਲ਼ ਮਿਰਚਾਂ ਭੋਰਦੀ ਐ...! ਉਹਨੂੰ ਬਘਿਆੜ ਨੂੰ ਪੈਸੇ ਦੀ ਕੀ ਚਿੰਤਾ ਐ...? ਬਥੇਰੇ ਲੋਕ ਐ ਮੁੰਨਣ ਲਈ...! ਭਾਰਤ ਵਿਚ ਤਾਂ ਪਟਵਾਰੀ ਨਹੀਂ ਮਾਨ! ਉਹ ਕੰਜਰ ਤਾਂ ਵੱਡਾ ਬਘਿਆੜ ਐ, ਤਸੀਲਦਾਰ...! ਪਰ ਹਰਦੇਵ ਸਿਆਂ...! ਜੇ ਇਹਨੂੰ ਕੁੱਤੀ ਨੂੰ ਛੱਡਣਾ ਪਿਆ, ਤਾਂ ਸੋਚ ਕਰਲੀਂ...! ਤੇਰੇ ਹਿੱਸੇ ਦੀ ਅੱਧੀ ਜ਼ਮੀਨ ਅੰਨ੍ਹੇ ਆਲ਼ੀ ਗੁਲੇਲ 'ਤੇ ਈ ਜਾਊ...! ਤਸੀਲਦਾਰ ਨੇ ਤੇਰੇ ਹਿੱਸੇ 'ਚੋਂ ਅੱਧ ਕਦੇ ਨਹੀਂ ਛੱਡਣਾ...! ਚੱਲ ਫੇਰ ਕੀ ਐ...? ਪੈਸਾ ਹੱਥਾਂ ਦੀ ਮੈਲ਼ ਐ...! ਸੌ ਕਮਾਏ ਤੇ ਸੌ ਗੁਆਏ...! ਪਰ ਬੰਦੇ ਨੂੰ ਮਾਨਸਿਕ ਸ਼ਾਂਤੀ ਵੀ ਚਾਹੀਦੀ ਐ...? ਪੈਸਾ ਕੰਜਰੀਆਂ ਕੋਲ਼ੇ ਥੋੜ੍ਹੈ? ਪਰ ਇੱਜ਼ਤ...? ਲੱਖੀਂ ਨਾ ਕਰੋੜੀਂ...! ਇਹ ਤੇਰੇ ਸਾਹਮਣੇ ਹੁਣ ਬਿਗਾਨੇ ਪੁੱਤ ਦੀ ਬੁੱਕਲ਼ 'ਚ ਬੈਠੀ ਐ, ਕਿੰਨ੍ਹਾਂ ਕੁ ਚਿਰ ਜਰੇਂਗਾ...? ਇਹ ਤਾਂ ਮਿੱਤਰਾ ਇਕ ਨਾ ਇਕ ਦਿਨ ਟੰਬਾ ਮਾਰ ਕੇ ਮਗਰੋਂ ਲਾਹੁੰਣੀ ਹੀ ਪੈਣੀਂ ਐਂ! ਪਰ ਟੰਬਾ ਬਾਈ ਸਿਆਂ ਇਹਦੇ ਵੱਜਣਾ ਨ੍ਹੀ...! ਟੰਬੇ ਖਾਣ ਆਲ਼ੀਆਂ ਤਾਂ ਸਿਰਫ਼ ਮੀਤੀ ਵਰਗੀਆਂ ਹੀ ਸੀ...! ਜਿਹਨਾਂ 'ਤੇ ਤੂੰ ਸ਼ੇਰ ਬਣ-ਬਣ ਕੇ ਦਿਖਾਉਂਦਾ ਸੀ...! ਹੁਣ ਇਹਦੇ ਮੂਹਰੇ ਬੋਲ ਖਾਂ ਪਤੰਦਰਨੀ ਦੇ...? ਤੈਨੂੰ ਕੱਚੇ ਨੂੰ ਨਾ ਖਾ ਜਾਵੇ...! ਕੀ ਸਾਲ਼ਿਆ ਤੇਰੀ ਜ਼ਿੰਦਗੀ ਐ...? ਤੇਰੀ ਸਕੀ ਜਨਾਨੀ ਕਿਸੇ ਗੈਰ ਮਰਦ ਨਾਲ਼ ਜੱਫ਼ੀਆਂ ਪਾਈ ਜਾਂਦੀ ਐ, ਤੇ ਤੂੰ ਗਾਂਧੀ ਬਣਿਆਂ ਸਾਰਾ ਕੁਛ ਦੇਖੀ ਜਾਨੈ...? ਖਾ ਕੇ ਮਰਜਾ ਕੁਛ...! ਫ਼ਿੱਟ ਲਾਹਣਤ ਐ ਤੇਰਾ ਜਿਉਣਾ...! ਕਾਹਦਾ ਮਰਦ ਐਂ ਤੂੰ...? ਉਹ ਸੋਚਾਂ ਦੀਆਂ ਕਪੜਛੱਲਾਂ ਵਿਚ ਗੋਤੇ ਖਾਈ ਜਾ ਰਿਹਾ ਸੀ।

-"ਹਰਦੇਵ...!" ਦੀਪ ਦੀ ਹਾਕ ਨੇ ਉਸ ਦੀ ਬਿਰਤੀ ਤੋੜੀ।

-"ਹਾਂ...?" ਹਰਦੇਵ ਜਿਵੇਂ ਢਿਗ ਹੇਠੋਂ ਬੋਲਿਆ ਸੀ।

-"ਡੋਰਿੰਟ ਹੋਟਲ ਕਿੱਥੇ ਐ?"

-"ਡੋਰਿੰਟ ਹੋਟਲ...ਤਾਂ ਸੈਂਟਰਲ ਲੰਡਨ 'ਚ ਐ, ਕਿਉਂ...?"

-"ਚਲੋ, ਉਥੇ ਚੱਲਦੇ ਐਂ...! ਸੁਮੀਤ ਦੀ ਬੁਕਿੰਗ ਡੋਰਿੰਟ ਹੋਟਲ 'ਚ ਐ!" ਉਹ ਉਠ ਕੇ ਖੜ੍ਹੇ ਹੋ ਗਏ। ਮਜਬੂਰਨ ਹਰਦੇਵ ਨੂੰ ਵੀ ਉਠਣਾ ਪਿਆ। ਉਹ ਉਹਨਾਂ ਦੇ ਪਿੱਛੇ ਪਿੱਛੇ ਤੁਰ ਪਿਆ।

ਦੀਪ ਕਾਰ ਵਿਚ ਪਿੱਛੇ ਸੁਮੀਤ ਨਾਲ਼ ਅੜ ਕੇ ਬੈਠ ਗਈ।

-"ਮੈਂ ਤਾਂ ਇੰਡੀਆ ਈ ਵਾਪਸ ਆ ਜਾਣੈਂ, ਸੁਮੀਤ...! ਮੇਰਾ ਐਥੇ ਦਿਲ ਨਹੀਂ ਲੱਗਦਾ!" ਦੀਪ ਆਖ ਰਹੀ ਸੀ। ਹਰਦੇਵ ਕਹਿਣਾ ਚਾਹੁੰਦਾ ਸੀ ਕਿ ਐਥੇ ਤੇਰਾ ਦਿਲ ਕਿਵੇਂ ਲੱਗੇ? ਐਥੇ ਤਸੀਲਦਾਰ ਪਿਉ ਵਾਲ਼ੀ ਦੋ ਨੰਬਰ ਦੀ ਕਮਾਈ ਨਹੀਂ ਨਾ, ਉਡਾਉਣ ਲਈ...? ਐਥੇ ਨਿੱਤ ਨਵੇਂ ਯਾਰਾਂ ਨਾਲ਼ ਮੱਟਰ ਗਸ਼ਤੀ ਕਰਨ ਨੂੰ ਨਹੀਂ ਮਿਲਦੀ।

-"ਤੂੰ ਮੇਰੇ ਨਾਲ਼ ਈ ਚੱਲ...!" ਸੁਮੀਤ ਬੋਲਿਆ। ਆਹੋ, ਇਹਨੂੰ ਨਾਲ਼ ਈ ਲੈਜਾ! ਬਾਪੂ ਆਲ਼ਾ ਅਧਿਕਾਰ ਐਂ ਨਾ ਤੇਰਾ ਇਸ ਕੰਜਰੀ 'ਤੇ? ਹਰਦੇਵ ਦਾ ਮਨ ਲੱਟ-ਲੱਟ ਮੱਚੀ ਅਤੇ ਬੁਝੀ ਜਾ ਰਿਹਾ ਸੀ।

ਉਹ ਅੱਧੇ ਕੁ ਘੰਟੇ ਵਿਚ ਸੈਂਟਰਲ ਲੰਡਨ ਦੇ ਡੋਰਿੰਟ ਹੋਟਲ ਆ ਗਏ।

ਰਿਸੈਪਸ਼ਨ 'ਤੇ ਰੁਕ ਕੇ ਸੁਮੀਤ ਨੇ ਚੈੱਕ-ਇੰਨ ਕਰਵਾਈ ਅਤੇ ਕਮਰੇ ਦੀ ਚਾਬੀ ਲੈ ਲਈ।

-"ਹਰਦੇਵ...! ਤੁਸੀਂ ਐਥੇ ਈ ਰੁਕੋ...! ਮੈਂ ਸੁਮੀਤ ਨੂੰ ਕਮਰੇ ਵਿਚ ਛੱਡ ਕੇ ਆਈ!" ਤੇ ਉਹ ਦੀਪ ਨਾਲ ਲਿਫ਼ਟ ਵਿਚ ਵੜ ਗਈ। ਹਰਦੇਵ ਵਿਚ ਫ਼ੱਕਾ ਨਹੀਂ ਬਚਿਆ ਸੀ। ਉਹ ਸੋਚ ਰਿਹਾ ਸੀ ਕਿ ਮੈਂ ਇਸ ਦਾ ਪਤੀ ਹਾਂ ਕਿ ਨੌਕਰ...? ਇਹ ਸਾਲ਼ੀ ਮੈਨੂੰ ਬਿਨਾ ਦੱਸੇ ਪੁੱਛੇ ਉਹਦੇ ਘਨ੍ਹੇੜੀਂ ਚੜ੍ਹੀ ਫਿਰਦੀ ਐ? ਫੜ ਕੇ ਗੁੱਤੋਂ ਪੁੱਛਣਾ ਹੋਵੇ...? ਬਈ ਸਾਲ਼ੇ ਦੀਏ ਕੁਜਾਤੇ...! ਤੂੰ ਭਾਰਤੀ ਨਾਰੀ ਐਂ ਕਿ ਇੰਗਲੈਂਡ ਦੀ ਦੇਸੀ ਮੇਮ...? ਪਰ ਉਹ ਆਪਣੇ ਫ਼ਟੇ ਜਾ ਰਹੇ ਦਿਲ ਨੂੰ ਬੁਰੀ ਤਰ੍ਹਾਂ ਨਾਲ਼ ਬੰਨ੍ਹ ਮਾਰੀ ਬੈਠਾ ਸੀ।

ਦੀਪ ਅਤੇ ਸੁਮੀਤ ਛੇਵੀਂ ਮੰਜ਼ਿਲ 'ਤੇ ਕਮਰੇ ਵਿਚ ਪਹੁੰਚ ਗਏ।

ਸੂਟਕੇਸ ਉਸ ਦਾ ਪੋਰਟਰ ਕਮਰੇ ਵਿਚ ਛੱਡ ਗਿਆ ਸੀ।

-"ਦਿਲ ਲੱਗ ਗਿਆ ਤੇਰਾ ਮੇਰੇ ਬਿਨਾ?" ਸੁਮੀਤ ਨੇ ਦੀਪ ਨੂੰ ਕਲ਼ਾਵੇ 'ਚ ਲੈ ਲਿਆ।

-"ਜੇ ਦਿਲ ਲੱਗਿਆ ਹੁੰਦਾ...? ਤਾਂ ਮੈਂ ਤੈਨੂੰ ਦਿਨ 'ਚ ਦਸ ਦਸ ਵਾਰੀ ਫ਼ੋਨ ਨਾ ਕਰਦੀ! ਬੇਵਕੂਫ਼ੀਆਂ ਨਾ ਕਰਿਆ ਕਰ!" ਉਸ ਨੇ ਸੁਮੀਤ ਦੀ ਨੱਕ 'ਤੇ ਚੂੰਢੀ ਭਰ ਲਈ।

-"ਤੂੰ ਤਾਂ ਇੰਗਲੈਂਡ ਆਉਣ ਲਈ ਬਹੁਤੀ ਕਾਹਲ਼ੀ ਸੀ? ਹੁਣ ਤੇਰਾ ਕੀ ਵਿਚਾਰ ਐ?"

-"ਮੇਰਾ ਵਿਚਾਰ...? ਤੂੰ ਉਹ ਕਾਫ਼ੀ ਨਹੀਂ ਸੁਣੀਂ? ਹਾਜੀ ਲੋਕ ਮੱਕੇ ਵੱਲ ਜਾਂਦੇ...ਤੇ ਮੇਰਾ ਰਾਂਝਣ ਮਾਹੀ ਮੱਕਾ...ਨੀ ਮੈਂ ਕਮਲ਼ੀ ਆਂ...!"

-"ਮਤਲਬ...?" ਸੁਮੀਤ ਉਸ 'ਤੇ ਚਾਦਰ ਵਾਂਗ ਵਿਛਿਆ ਹੋਇਆ ਸੀ।

-"ਮਤਲਬ ਸਾਫ਼ ਐ...! ਜੇ ਮੈਂ ਉਦੋਂ ਤੇਰੇ ਬਾਰੇ ਪਾਪਾ ਜੀ ਨਾਲ਼ ਗੱਲ ਕਰਦੀ ਤਾਂ ਪਾਪਾ ਜੀ ਨੇ ਕਦੇ ਨਹੀਂ ਮੰਨਣਾ ਸੀ-ਪਾਪਾ ਜੀ ਤੇਰੀ ਕਾਲਜ ਟਾਈਮ ਦੀ ਲੜਾਈ ਨਹੀਂ ਭੁੱਲੇ! ਉਦੋਂ ਤੋਂ ਉਹ ਤੇਰੇ 'ਤੇ ਖਿਝੇ ਪਏ ਨੇ-ਮੇਰੇ ਪਾਪਾ ਜੀ ਦਾ ਤੈਨੂੰ ਪਤਾ ਈ ਐ, ਬਈ ਕਿੰਨੇ ਜ਼ਿਦੀ ਟਾਈਪ ਦੇ ਬੰਦੇ ਨੇ? ਤੇ ਹੁਣ ਉਹਨਾਂ ਨੇ ਚਾਹੇ ਮੇਰਾ ਵਿਆਹ ਹਰਦੇਵ ਨਾਲ਼ ਕਰ ਹੀ ਦਿੱਤੈ-ਪਰ ਹੁਣ ਮੈਂ ਉਹਨਾਂ ਨੂੰ ਹਰਦੇਵ ਦੇ ਖ਼ਿਲਾਫ਼ ਭੜ੍ਹਕਾ ਕੇ ਮੰਨਾ ਸਕਦੀ ਐਂ! ਭੜ੍ਹਕਿਆ ਅਤੇ ਫ਼ਸਿਆ ਬੰਦਾ ਤੇਜ਼ੀ ਵਿਚ ਜ਼ਿੰਦਗੀ ਨਾਲ਼ ਬੜੇ ਸਮਝੌਤੇ ਕਰ ਜਾਂਦੈ, ਸੁਮੀਤ! ਮੈਂ ਤਾਂ ਹਰਦੇਵ 'ਤੇ ਬੜਾ ਦਬਾਅ ਪਾਉਂਦੀ ਆਂ-ਬੜਾ ਤੰਗ ਕਰਦੀ ਆਂ-ਉਸ ਦੀ ਕੋਈ ਪ੍ਰਵਾਹ ਨਹੀਂ ਕਰਦੀ-ਤੈਨੂੰ ਸ਼ਰੇਆਮ ਫ਼ੋਨ ਵੀ ਕਰਦੀ ਆਂ-ਇਹਨੂੰ ਚਿੜਾਉਨੀ ਵੀ ਰੱਜ ਕੇ ਆਂ! ਪਰ ਇਹ ਪਤਾ ਨਹੀਂ ਕਿਸ ਮਿੱਟੀ ਦਾ ਬਣਿਐਂ? ਮੇਰੇ ਨਾਲ਼ ਲੜਨ ਦਾ ਨਾਂ ਈ ਨ੍ਹੀ ਲੈਂਦਾ...? ਹੁਣ ਤੂੰ ਆਉਣਾ ਸੀ-ਮੈਂ ਇਹਨੂੰ ਬਗੈਰ ਕਿਸੇ ਭੂਮਿਕਾ ਦੇ ਦੱਸ ਦਿੱਤਾ-ਤੇਰੇ ਸਾਹਮਣੇ ਐਂ-ਦੇਖਲਾ, ਸੀਲ ਬਣਕੇ ਨਾਲ ਤੁਰਿਆ ਫਿਰਦੈ! ਤੇਰੇ ਨਾਲ਼ 'ਕੱਲੀ ਹੋਟਲ ਦੇ ਕਮਰੇ 'ਚ ਆਂ-ਕਿਹੜਾ ਮਾਈ ਦਾ ਲਾਲ ਆਪ ਦੀ ਔਰਤ ਨੂੰ ਬਿਗਾਨੇ ਮਰਦ ਕੋਲ਼ੇ 'ਕੱਲੀ ਛੱਡਦੈ...? ਹੁਣ ਮੈਂ ਇਹਦੇ ਨਾਲ਼ ਕੋਈ ਨਾ ਕੋਈ

ਲੜਨ ਦਾ ਬਹਾਨਾ ਬਣਾ ਹੀ ਲੈਣੈ ਤੇ ਇਹਤੋਂ ਤਲਾਕ ਲੈ ਕੇ-ਆਪਾਂ ਵਿਆਹ ਕਰਵਾ ਲਵਾਂਗੇ-ਤੇ ਫੇਰ, ਵਿਆਹ ਕਰਵਾਉਣ ਤੋਂ ਬਾਅਦ ਕਿਸੇ ਨੂੰ ਦੱਸਾਂਗੇ!"

-"......।" ਸੁਮੀਤ ਚੁੱਪ ਕਰ ਗਿਆ। ਪਤਾ ਨਹੀਂ ਉਹ ਦੀਪ ਦੀ ਇਸ ਕਰਤੂਤ ਤੋਂ ਖ਼ੁਸ਼ ਸੀ ਜਾਂ ਦੁਖੀ? ਉਸ ਦੇ ਚਿਹਰੇ ਦੇ ਹਾਵ ਭਾਵ ਖ਼ਾਮੋਸ਼ ਸਨ।

-"ਪਰ ਹੁਣ ਤਾਂ ਹਰਦੇਵ ਨੇ-?" ਸੁਮੀਤ ਫਿਰ ਬੋਲ ਉਠਿਆ।

-"ਫਿਰ ਕੀ ਆਫ਼ਤ ਆ ਗਈ...? ਉਹਨੇ ਮੇਰੇ ਨਾਲ਼ ਪੰਜ ਸੱਤ ਜਾਂ ਇਸ ਤੋਂ ਵੀ ਵੱਧ ਹਮਬਿਸਤਰੀ ਕਰ ਲਈ? ਫੇਰ ਕੀ ਫ਼ਰਕ ਪੈ ਗਿਆ? ਇਹ ਤਾਂ ਮੈਂ ਕਾਲਜ ਟਾਈਮ ਤੋਂ ਈ ਤੇਰੇ ਨਾਲ਼ ਕਰਦੀ ਆਈ ਆਂ-ਨਾਲ਼ੇ ਆਪਣਾ ਵਿਆਹ ਨਹੀਂ ਸੀ ਹੋਇਆ! ਮੈਂ ਹਰਦੇਵ ਦੇ ਬੇਸ 'ਤੇ ਐਥੇ ਆ ਗਈ-ਹਰਦੇਵ ਨੂੰ ਮੈਂ ਇਕ ਹਥਿਆਰ ਵਜੋਂ ਵਰਤਿਐ-ਜੇ ਉਹ ਮੇਰੇ ਨਾਲ਼ ਦਸ ਪੰਦਰਾਂ ਵਾਰ ਸੌਂ ਵੀ ਗਿਆ-ਹਮਬਿਸਤਰ ਹੋ ਵੀ ਗਿਆ-ਤਾਂ ਕੀ ਅਨਰਥ ਹੋ ਗਿਆ...? ਹੁਣ ਉਹ ਮੈਨੂੰ ਛੇੜਦਾ ਨਹੀਂ! ਉਹਦੇ ਸਾਹਮਣੇ ਤੇਰੇ ਨਾਲ਼ ਮੈਂ ਜੋ ਵਰਤਾਰਾ ਕੀਤੈ? ਉਸ ਵਰਤਾਰੇ ਨਾਲ਼ ਉਸ ਦਾ ਮਨ ਮੇਰੇ ਵੱਲੋਂ ਖੱਟਾ ਪੈ ਗਿਆ ਹੋਊ! ਅਜੇ ਉਹ ਮੈਨੂੰ ਛੇੜੀ ਜਾਊ? ਇਸ ਵਰਤਾਰੇ ਕਰਕੇ ਉਹ ਮੈਥੋਂ ਦੂਰ ਹੀ ਹੋਇਆ ਹੋਊ-ਨੇੜੇ ਨਹੀਂ! ਮੈਨੂੰ ਪਾਪਾ ਜੀ ਤੋਂ ਪਾਸੇ ਹੋਣ ਲਈ ਕੋਈ ਬਹਾਨਾ, ਕੋਈ ਮੁੱਦਾ ਚਾਹੀਦਾ ਸੀ-ਉਹ ਮੁੱਦਾ ਮੈਨੂੰ ਹਰਦੇਵ ਬਣ ਕੇ ਮਿਲ ਗਿਆ! ਮੈਂ ਪਾਪਾ ਜੀ ਤੋਂ ਪਾਸੇ ਹੋ ਗਈ-ਪੰਜਾਬ ਤੋਂ ਇੰਗਲੈਂਡ ਆ ਗਈ-ਹੁਣ ਹਰਦੇਵ ਤੋਂ ਤਲਾਕ ਅਤੇ ਪਾਪਾ ਜੀ ਤੋਂ ਸਹਿਮਤੀ ਲੈਣੀ ਮੇਰਾ ਕੰਮ ਐਂ! ਕੰਮ ਕੀ...? ਮੇਰੀ ਜ਼ਿੰਮੇਵਾਰੀ ਐ...! ਦੂਰ ਰਹਿਣ ਨਾਲ਼ ਮਾਂ ਬਾਪ ਦਾ ਪਿਆਰ ਬੱਚੇ ਪ੍ਰਤੀ ਹੋਰ ਮਜਬੂਤ ਹੁੰਦੈ-ਹੁਣ ਪਾਪਾ ਜੀ ਮੈਨੂੰ ਹਰ ਰੋਜ ਫ਼ੋਨ ਕਰਦੇ ਐ-ਅੱਗੇ ਕਦੇ ਦਫ਼ਤਰ 'ਚੋਂ ਵੀ ਫ਼ੋਨ ਨਹੀਂ ਸੀ ਕੀਤਾ! ਇਸ ਦਾ ਮਤਲਬ ਇਹ ਹੈ ਕਿ ਜੇ ਪਾਪਾ ਜੀ ਨੂੰ ਮੈਂ ਦੁਖੀ ਹੋਣ ਦਾ ਵੇਰਵਾ ਦੇਵਾਂ-ਤਾਂ ਪਾਪਾ ਜੀ ਤਲਾਕ ਬਾਰੇ ਫ਼ੱਟ ਸਹਿਮਤੀ ਦੇ ਦੇਣਗੇ ਅਤੇ ਪੰਜਾਬ ਵਾਪਿਸ ਆਉਣ ਬਾਰੇ ਆਖਣਗੇ-ਹਰਦੇਵ ਦੇ ਪ੍ਰੀਵਾਰ 'ਤੇ ਤਾਂ ਉਹ ਪਹਿਲਾਂ ਹੀ ਚਿੜੇ ਹੋਏ ਨੇ...।"

-"ਕਿਉਂ...?"

-"ਕਿਉਂਕਿ ਹਰਦੇਵ ਦੇ ਪ੍ਰੀਵਾਰ ਦੇ ਕਿਸੇ ਵੀ ਜੀਅ ਨੇ ਇਹਦੇ ਪਹਿਲੇ ਵਿਆਹ ਬਾਰੇ ਵੇਰਵਾ ਨਹੀਂ ਪਾਇਆ ਸੀ-ਤੇ ਜਦੋਂ ਪਾਪਾ ਜੀ ਨੂੰ ਪਤਾ ਲੱਗਿਆ-ਉਦੋਂ ਬਹੁਤ ਦੇਰ ਹੋ ਚੁੱਕੀ ਸੀ-ਮੈਂ ਤਾਂ ਆਨੰਦਾਂ 'ਤੇ ਬੈਠੀ ਸੀ-ਪਾਪਾ ਜੀ ਇਹਨਾਂ ਦੇ ਪ੍ਰੀਵਾਰ 'ਤੇ ਉਦੋਂ ਦੇ ਖਿਝੇ ਹੋਏ ਨੇ-ਹਰਦੇਵ ਤੋਂ ਤਲਾਕ ਲੈਣ ਤੋਂ ਬਾਅਦ-ਫੇਰ ਮੇਰੇ ਸਾਹਮਣੇ ਸਿਰਫ਼ ਇਕੋ ਹੀ ਵਿਸ਼ਾ ਹੈ-ਉਹ ਹੈ, ਸੁਮੀਤ...!"

-"......।" ਸੁਮੀਤ ਚੁੱਪ ਹੀ ਰਿਹਾ। ਉਸ ਨੂੰ ਦੀਪ ਦੀ ਕਾਤਲ ਸੋਚ ਦਾ ਕਾਇਲ ਹੋਇਆ ਬੈਠਾ ਸੀ। ਪਰ ਉਹ ਸੋਚ ਰਿਹਾ ਸੀ ਕਿ ਤੂੰ ਮੇਰੇ ਨਾਲ਼ ਇਕ ਵਾਰੀ ਵਿਆਹ ਤਾਂ ਕਰਵਾ...! ਸਾਰੇ ਧੋਣੇ ਹੀ ਧੋਤੇ ਜਾਣਗੇ...! ਮੈਂ ਵੀ ਕੈਬਨਿਟ ਮੰਤਰੀ ਦਾ ਸਾਹਿਬਜ਼ਾਦਾ ਹਾਂ...! ਤੈਨੂੰ ਲੀਹ ਪਾ ਦਿਆਂਗਾ...! ਆਪਾਂ ਨੂੰ ਤਾਂ ਤੇਰੇ ਸਰੀਰ ਅਤੇ ਤੇਰੀ ਜ਼ਮੀਨ ਜਾਇਦਾਦ ਨਾਲ਼ ਸਰੋਕਾਰ ਐ! ਜਿਹੜੀ ਤੇਰੇ ਤਸੀਲਦਾਰ ਪਿਉ ਨੇ ਲੋਕਾਂ ਦਾ ਖ਼ੂਨ ਚੂਸ ਚੂਸ ਕੇ ਇਕੱਠੀ ਕੀਤੀ ਐ! ਇਕ ਵਾਰ ਵਿਆਹ ਹੋਇਆ, ਤਸੀਲਦਾਰ ਅਰਗਿਆਂ ਦੀਆਂ ਗੁੱਡੀਆਂ ਘੁਕਾ ਦਿਆਂਗੇ...। ਤਸੀਲਦਾਰ ਦਾ ਤਾਂ ਇਹ ਨਹੀਂ ਪਤਾ ਲੱਗਣਾ ਕਿ ਕਦੋਂ ਮਰ ਗਿਆ? ਅਤੇ ਕਿਵੇਂ ਮਰ ਗਿਆ...? ਤੂੰ ਇਕ ਵਾਰੀ ਹਰਦੇਵ ਤੋਂ ਤਲਾਕ ਲੈ ਕੇ ਮੇਰੇ ਨਾਲ਼ ਸ਼ਾਦੀ ਕਰ ਤਾਂ ਸਹੀ! ਜੇ ਬੌਂਦਲ਼ ਨਾ ਗਈ, ਤਾਂ ਆਖੀਂ...! ਅਸੀਂ ਟੋਭਾ ਪੀ ਕੇ ਭਾਫ਼ ਨਾ ਕੱਢੀਏ...! ਤੂੰ ਹਰਦੇਵ ਦੇ ਕੁੱਤੇ ਫ਼ੇਲ੍ਹ ਕੀਤੇ ਐ। ਤੇ ਮੈਂ ਤੇਰੇ ਬਰੇਕ ਈ ਫ਼ੇਲ੍ਹ ਕਰ ਧਰਨੇ ਐਂ...! ਤੇਰੀਆਂ ਕਾਲਜ ਟਾਈਮ ਤੋਂ ਐਵੇਂ ਨਹੀਂ ਲਾਲ਼ਾਂ ਚੱਟੀ ਜਾਂਦਾ...! ਜਿਹੜਾ ਤੂੰ ਹਰਦੇਵ ਦੇ ਸੰਘ ਵਿਚ ਸਾਹ ਘੁੱਟ ਰੱਖਿਐ, ਉਹ ਅਛਨੇ ਪਛਨੇ ਸੁਮੀਤ ਦੇ ਸਾਹਮਣੇ ਨਹੀਂ ਹੋਣੇ...! ਤੇਰੇ ਵਰਗੀਆਂ ਸਾਡੇ ਕੋਲ਼ੇ ਪੰਜਾਹ...! ਸਾਨੂੰ ਕੀ ਘਾਟਾ...? ਤੇਰੇ ਵਰਗੀਆਂ ਦੀ ਸਾਲੀਏ ਅਸੀਂ ਮੰਡੀ ਲਾ ਦੇਈਏ...! ਸਾਲ਼ੀ ਕੁੱਤਿਆਂ ਦੀ...! ਵੱਡੀ ਚਤਰ...! ਕੁਦਰਤ ਦਾ ਕਾਨੂੰਨ ਹੀ ਇਹ ਹੈ, ਸੇਰ ਨੂੰ ਸਵਾ ਸੇਰ ਟੱਕਰਦੈ...! ਵੱਡੀ ਮੱਛੀ ਛੋਟੀ ਨੂੰ ਖਾਂਦੀ ਐ...! ਇਹ ਤਾਂ ਮੇਰੀ ਮੇਰੇ ਬਾਪੂ ਜੀ ਨੇ ਇਕ ਤਰ੍ਹਾਂ ਨਾਲ਼ ਡਿਊਟੀ ਲਾਈ ਹੋਈ ਐ, ਕਿ ਇਸ ਸੋਨੇ ਦਾ ਆਂਡਾ ਦੇਣ ਵਾਲ਼ੀ ਮੁਰਗੀ ਦਾ ਖਹਿੜਾ ਨਹੀਂ ਛੱਡਣਾ। ਨਹੀਂ ਮੈਂ ਤਾਂ ਤੇਰੇ ਗੋਲ਼ੀ ਨਹੀਂ ਮਾਰਦਾ ਸੀ, ਤੇਰੇ 'ਤੇ ਥੁੱਕਦਾ ਵੀ ਨਹੀਂ ਸੀ...! ਬਾਪੂ ਨੇ ਆਖਿਆ ਸੀ, ਬੱਚੂ! ਜੇ ਦੋ ਲੱਖ ਖਰਚ ਕੇ ਦੋ ਕਰੋੜ ਦਾ ਫ਼ਾਇਦਾ ਹੁੰਦਾ ਹੋਵੇ, ਪਾਧਾ ਨਾ ਪੁੱਛੀਏ...! ਛਾਂਵੇਂ ਬੈਠਣ ਵਾਸਤੇ ਬੰਦੇ

ਨੂੰ ਬੂਟਾ ਲਾਉਣਾ ਪੈਂਦੈ...!

ਅਸਲ ਵਿਚ ਸੁਮੀਤ ਧਨਾਢ ਘਰਾਣੇ ਨਾਲ਼ ਸਬੰਧ ਰੱਖਦਾ ਸੀ। ਉਸ ਦਾ ਬਾਪ ਕੈਬਨਿਟ ਮੰਤਰੀ ਰਹਿ ਚੁੱਕਾ ਸੀ। ਸੁਮੀਤ ਉਸ ਦਾ 'ਕੱਲਾ 'ਕੱਲਾ, ਵਿਗੜਿਆ ਹੋਇਆ ਪੁੱਤ ਸੀ। ਕੈਬਨਿਟ ਮੰਤਰੀ ਸੁਮੀਤ ਲਈ ਕਿਸੇ ਅਜਿਹੇ ਰਿਸ਼ਤੇ ਦੀ ਭਾਲ਼ ਵਿਚ ਸੀ। ਜਿੱਥੇ ਕੁੜੀ ਵੀ ਇਕੱਲੀ ਹੀ ਹੋਵੇ ਅਤੇ ਜ਼ਮੀਨ ਜਾਇਦਾਦ ਵੀ ਖੁੱਲ੍ਹੀ ਡੁੱਲ੍ਹੀ ਹੋਵੇ! ਸਾਰੇ ਇਲਾਕੇ ਵਿਚ ਅਜਿਹਾ ਰਿਸ਼ਤਾ ਮੰਤਰੀ ਸਾਹਿਬ ਨੂੰ ਤਸੀਲਦਾਰ ਤੋਂ ਬਿਨਾ ਕੋਈ ਨਹੀਂ ਦਿਸਿਆ ਸੀ। ਉਸ ਨੇ ਕਾਲਜ ਸਮੇਂ ਤੋਂ ਹੀ ਸੁਮੀਤ ਨੂੰ ਦੀਪ ਮਗਰ ਲਾ ਦਿੱਤਾ ਸੀ। ਬਿਨਾ ਸ਼ੱਕ ਦੀਪ, ਸੁਮੀਤ ਦੀ ਸ਼ਾਹੀ ਟੌਹਰ ਕਾਰਨ ਉਸ ਦੇ ਨੇੜੇ ਆ ਗਈ ਸੀ। ਉਹ ਸ਼ਰੇਆਮ ਕਾਰਾਂ ਅਤੇ ਜਿਪਸੀਆਂ ਵਿਚ ਖੁੱਲ੍ਹੇ ਘੁੰਮਣ ਲੱਗੇ ਸਨ। ਪਰ ਮਾੜੀ ਕਿਸਮਤ ਨੂੰ ਕਾਲਜ ਵਿਚ ਫ਼ੈਡਰੇਸ਼ਨ ਅਤੇ ਕੋਮਿਊਨਿਸਟ ਵਿਚਾਰਾਂ ਵਾਲ਼ੇ ਵਿਦਿਆਰਥੀਆਂ ਦਾ ਝਗੜਾ ਹੋ ਗਿਆ। ਇਸ ਝਗੜੇ ਦਾ ਮੁੱਖ ਦੋਸ਼ੀ ਸੁਮੀਤ ਨੂੰ ਹੀ ਮੰਨਿਆਂ ਗਿਆ। ਇਸ ਕਰਕੇ ਸੁਮੀਤ ਅਤੇ ਉਸ ਦੇ ਦੋਸਤਾਂ ਨੂੰ ਫੜ ਕੇ ਪੁਲੀਸ ਨੇ ਅੰਦਰ ਦੇ ਦਿੱਤਾ। ਮੰਤਰੀ ਦੇ ਅਸਰ ਰਸੂਖ ਅਤੇ ਅਮਲੇ ਫ਼ੈਲੇ ਨੇ ਉਹਨਾਂ ਨੂੰ ਛੁਡਾ ਲਿਆ। ਸੁਮੀਤ ਫਿਰ ਵੀ ਮੰਤਰੀ ਸਾਹਿਬਾਨ ਦਾ ਸਾਹਿਬਜ਼ਾਦਾ ਸੀ। ਪਰ ਅਖਬਾਰਾਂ ਨੇ ਇਸ ਗੱਲ ਨੂੰ ਰੱਜ ਕੇ ਉਛਾਲਿਆ ਸੀ। ਸਾਰੇ ਇਲਾਕੇ ਵਿਚ ਖ਼ਬਰ ਧੂੰਏਂ ਵਾਂਗ ਫ਼ੈਲ ਗਈ ਸੀ ਅਤੇ ਖੂਬ 'ਬੂ-ਬੂ' ਹੋਈ ਸੀ।

ਸਮਾਂ ਪਾ ਕੇ ਜਦੋਂ ਕਿਸੇ ਵਿਚੋਲੇ ਨੇ ਤਸੀਲਦਾਰ ਨੂੰ ਮੰਤਰੀ ਦੇ ਮੁੰਡੇ ਸੁਮੀਤ ਦੇ ਰਿਸ਼ਤੇ ਬਾਰੇ ਦੱਸ ਪਾਈ, ਤਾਂ ਤਸੀਲਦਾਰ ਤੋਕੜ ਮੱਝ ਵਾਂਗ ਲੱਤ ਚੁੱਕ ਗਿਆ ਸੀ। ਤਸੀਲਦਾਰ ਦੇ ਮਨ ਵਿਚ ਸੀ ਕਿ ਅਜਿਹੇ ਗੁੰਡੇ ਮੁੰਡੇ ਨਾਲ਼ ਰਿਸ਼ਤਾ ਜੋੜ ਕੇ, ਮੈਂ ਕੱਲ੍ਹ ਨੂੰ ਤੰਗ ਹੀ ਹੋਊਂ! ਜੇ ਉਸ ਨੇ ਕਦੇ ਮੇਰੀ ਧੀ ਨੂੰ ਕੁਝ ਆਖ ਦਿੱਤਾ, ਤਾਂ ਮੇਰਾ ਮਰਨ ਹੋ ਜਾਵੇਗਾ। ਉਹ ਦੀਪ ਲਈ ਕੋਈ ਆਪਣੇ ਤੋਂ ਛੋਟਾ ਘਰ ਲੱਭ ਰਿਹਾ ਸੀ। ਜਿੱਥੇ ਭੱਲ ਜਿਹੀ ਵੀ ਬਣੀਂ ਰਹੇ! ਭਾਲ਼ ਕਰਦੇ-ਕਰਦੇ ਤਸੀਲਦਾਰ ਨੂੰ ਅਚਾਨਕ ਹਰਦੇਵ ਹੋਣਾਂ ਦਾ ਰਿਸ਼ਤਾ ਮਿਲ਼ ਗਿਆ ਸੀ। ਪਰ ਦੀਪ ਦੀ ਸੁਮੀਤ ਨਾਲ਼ ਉਤਨੀ ਹੀ ਨੇੜਤਾ ਬਰਕਰਾਰ ਰਹੀ ਸੀ, ਜਿੰਨੀ ਪਹਿਲਾਂ ਸੀ!

ਉਧਰ ਮੰਤਰੀ ਨੇ ਅਜੇ ਵੀ ਦੀਪ ਦੀ ਆਸ ਨਹੀਂ ਛੱਡੀ ਸੀ। ਉਸ ਨੇ ਸੁਮੀਤ ਦੀ ਪੂਛ ਨੂੰ ਵੱਟ ਚਾਹੜੀ ਰੱਖਿਆ। ਜਦੋਂ ਸੁਮੀਤ ਨੇ ਦੀਪ ਦੇ ਵਿਆਹੀ ਜਾਣ ਅਤੇ ਇੰਗਲੈਂਡ ਜਾਣ ਬਾਰੇ ਜਤਾਇਆ ਤਾਂ ਮੰਤਰੀ ਪਿੱਟ ਉਠਿਆ ਸੀ, "ਵਿਆਹ ਹੋ ਗਿਆ-ਤਾਂ ਕੀ ਲੋਹੜਾ ਆ ਗਿਆ? ਸਾਲ਼ਿਆ ਕੁੜੀ ਕੋਲ਼ ਕਿੰਨੀ ਜ਼ਮੀਨ ਜਾਇਦਾਦ ਐ! ਸੋਹਣੀ ਸੁਨੱਖੀ ਐ! ਵਿਆਹ ਤੋਂ ਬਾਅਦ ਸਾਰੀ ਜ਼ਮੀਨ ਜਾਇਦਾਦ ਦਾ ਤੂੰ ਹੀ ਤਾਂ ਮਾਲਕ ਐਂ! ਜੇ ਉਹਨੂੰ ਕਦੇ ਤਲਾਕ ਵੀ ਦੇਣਾ ਪੈ ਗਿਆ-ਫੇਰ ਵੀ ਅੱਧ ਦਾ ਮਾਲਕ ਤਾਂ ਬਣੇਗਾ ਹੀ...? ਸਿਆਸਤ ਦੇ ਮਗਰ ਲੱਗ ਕੇ ਅੰਬ ਖਾਈਏ! ਪੇਡ ਗਿਣਨ ਦੀ ਲਾਲਸਾ ਨਾ ਰੱਖੀਏ! ਉਹਦੇ ਮਗਰ ਲੱਗਿਆ ਰਹਿ! ਚਾਹੇ ਤੈਨੂੰ ਉਹਦੇ ਪਿੱਛੇ ਇੰਗਲੈਂਡ ਹੀ ਕਿਉਂ ਨਾ ਜਾਣਾ ਪਵੇ! ਉਹ ਤੈਨੂੰ ਸੁੱਖ ਕੇ ਨਹੀਂ ਦਿੱਤੀ ਹੋਈ! ਨਾ ਵਿਚਾਰ ਰਲ਼ੇ, ਚੁੱਪ ਕਰਕੇ ਤਲਾਕ ਦੇ ਕੇ ਪਰਾਂਹ ਮਾਰੀਂ! ਅੱਧੀ ਜ਼ਮੀਨ ਜਾਇਦਾਦ ਤਾਂ ਲੈ ਕੇ ਡਿੱਗ...! ਜਾਂਦੇ ਚੋਰ ਦੀ ਤੜਾਗੀ ਈ ਸਹੀ! ਸਿਆਣੇ ਆਖਦੇ ਹੁੰਦੇ ਐ, ਸੁਮੀਤ! ਬਈ ਜੇ ਧਨ ਜਾਂਦਾ ਦਿਸੇ-ਅੱਧਾ ਦੇਈਏ ਲੁਟਾ...! ਚੁੱਪ ਚਾਪ ਉਹਦੇ ਮਗਰ ਲੱਗਿਆ ਰਹਿ...! ਇਹ ਮੁਰਗੀ ਤੇ ਜਾਇਦਾਦ ਆਪਾਂ ਨਹੀਂ ਛੱਡਣੀ! ਜੇ ਤੂੰ ਇਹ ਕੁੜੀ ਤੇ ਜ਼ਮੀਨ ਜਾਣ ਦੇ ਦਿੱਤੀ-ਤਾਂ ਸਮਝ ਲੈ ਬਈ ਤੂੰ ਮੰਤਰੀ ਪਿਉ ਦਾ ਪੁੱਤ ਨ੍ਹੀ! ਚਾਹੇ ਤੈਨੂੰ ਉਹਦੇ ਪਿੱਛੇ ਇੰਗਲੈਂਡ ਹੀ ਕਿਉਂ ਨਾ ਜਾਣਾ ਪਵੇ! ਇੰਗਲੈਂਡ ਜਾ ਕੇ ਉਹਦਾ ਅਮਰੀਕਾ ਕੈਨੇਡਾ ਦਾ ਵੀਜ਼ਾ ਲੁਆ-ਤੇ ਕਿਤੇ ਅੱਗੇ ਲੈ ਵੜ! ਇਕ ਗੱਲ ਯਾਦ ਰੱਖੀਂ-ਜੇ ਕੰਮ ਲੈਣਾ ਹੋਵੇ ਤਾਂ ਅਗਲੀ ਦੇ ਅੰਦਰ ਵੜ ਜਾਈਏ! ਮੈਂ ਆਪਣਾ ਦਸਤੀ ਖ਼ਤ ਅੰਬੈਸੀਆਂ ਵਾਸਤੇ ਤੈਨੂੰ ਮੈਂ ਦੇ ਦਿੰਨੈ-ਤੇਰਾ ਤੇ ਉਹਦਾ ਵੀਜ਼ਾ ਲੱਗ ਜਾਵੇਗਾ-ਇਸ ਗੱਲੋਂ ਚਿੰਤਾ ਨਾ ਕਰ...! ਚੁੱਪ ਕਰਕੇ ਉਹਦੇ ਮਗਰ ਇੰਗਲੈਂਡ ਜਾ ਵੱਜ! ਅਗਲੀ ਨੂੰ ਵੀ ਅਹਿਸਾਸ ਹੋਵੇ-ਬਈ ਮੇਰੇ ਨਾਲ਼ ਵਾਕਿਆ ਈ ਪ੍ਰੇਮ ਕਰਦੈ-ਜੇ ਸੱਚਾ ਦਿਲੋਂ ਪ੍ਰੇਮ ਕਰਦੈ-ਤਾਂ ਹੀ ਤਾਂ ਮੇਰੇ ਮਗਰ ਇੰਗਲੈਂਡ ਆਇਆ?" ਤੇ ਸੁਮੀਤ ਮੰਤਰੀ ਬਾਪੂ ਦਾ ਪ੍ਰੇਰਿਆ ਦਸਤੀ ਪੱਤਰ ਲੈ ਇੰਗਲੈਂਡ ਆ ਵੱਜਿਆ ਸੀ...।

-"ਅੱਜ ਰਾਤ ਦਾ ਕੀ ਪ੍ਰੋਗਰਾਮ ਐਂ?" ਦੀਪ ਨੇ ਹੀ ਪਹਿਲ ਕੀਤੀ।

-"ਅੱਜ ਲੁੱਟਾਂਗੇ ਬੁੱਲੇ...! ਬੜਾ ਇੰਤਜ਼ਾਰ ਕੀਤਾ! ਅੱਜ ਹੱਥ ਹੇਠ ਆਈ ਨੂੰ ਤੈਨੂੰ ਸੁੱਕੀ ਹੀ ਭੇਜ ਦਿਆਂ? ਤੇਰੇ ਕਰਕੇ ਤਾਂ ਮੈਂ ਇੰਗਲੈਂਡ ਆਇਐਂ? ਤੇਰੇ ਕਹਿਣ ਵਾਂਗ, ਹਾਜੀ ਲੋਕ ਮੱਕੇ ਵੱਲ ਜਾਂਦੇ ਤੇ ਸਾਡਾ ਰਾਂਝਾ ਮਾਹੀ

ਮੱਕਾ...! ਮੇਰਾ ਮੱਕਾ ਕਾਅਬਾ, ਬੱਸ ਹੁਣ ਸਭ ਕੁਛ ਤੂੰ ਈ ਤੂੰ ਐਂ, ਦੀਪ!" ਉਸ ਨੇ ਦੀਪ ਨੂੰ ਕਲ਼ਾਵੇ ਵਿਚ ਜਕੜ ਲਿਆ।

-"ਇਹ ਕੰਮ ਆਪਾਂ ਰਾਤ 'ਤੇ ਛੱਡੀਏ-ਚੱਲ ਹਰਦੇਵ ਨੂੰ ਮਿਲੀਏ...!" ਦੀਪ ਨੇ ਆਖਿਆ।

-"ਮੈਂ ਕੱਪੜੇ ਤਾਂ ਬਦਲ ਲਵਾਂ...? ਮੈਂ ਤਾਂ ਨ੍ਹਾਤਾ ਵੀ ਨਹੀਂ...?"

-"ਆ ਕੇ ਸਹੀ...! ਨਹਾ ਕੇ ਕੀਹਨੂੰ ਦਿਖਾਉਣੈਂ?" ਦੀਪ ਉਸ ਨੂੰ ਧੂਹ ਤੁਰੀ।

ਹਰਦੇਵ ਹੋਟਲ ਦੇ ਲਾਊਂਜ ਵਿਚ ਕੀੜਿਆਂ ਵਾਲ਼ੇ ਕੁੱਤੇ ਵਾਂਗ ਬੈਠਾ ਸੀ। ਉਸ ਦੇ ਮੂੰਹ ਤੋਂ ਮੱਖੀ ਨਹੀਂ ਉਡ ਰਹੀ ਸੀ। ਉਸ ਦੇ ਅੰਦਰ ਭਾਂਤ ਭਾਂਤ ਦੀਆਂ ਸੋਚਾਂ ਦਾ ਜਹਾਦ ਛਿੜਿਆ ਹੋਇਆ ਸੀ। ਕਿਤੇ ਉਹ ਸਾਲ਼ਾ ਦੀਪ ਨਾਲ਼ ਰਗਰਲ਼ੀਆਂ ਤਾਂ ਨਹੀਂ ਮਨਾਈ ਜਾ ਰਿਹਾ? ਐਹੋ ਜਿਹੇ ਦਾ ਕੀ ਇਤਬਾਰ? ਇਤਬਾਰ ਤਾਂ ਮੇਰੇ ਆਲ਼ੀ ਤੀਮੀ ਦਾ ਵੀ ਨਹੀਂ! ਕਹਿੰਦੇ ਨੇ ਜੇ ਸ਼ੇਰਨੀ ਨੂੰ ਤ੍ਰਿਸ਼ਨਾ ਦਾ ਹਲ਼ਕ ਛੁੱਟ ਪਵੇ, ਤਾਂ ਉਹ ਰਾਹ 'ਤੇ ਆ ਕੇ ਲਿਟਣ ਲੱਗ ਪੈਂਦੀ ਐ! ਨਾਲ਼ੇ ਇਹਨੇ ਤਾਂ ਮੇਰੇ ਵੈਸੇ ਈ ਕੁੱਤੇ ਫ਼ੇਲ੍ਹ ਕੀਤੇ ਪਏ ਐ! ਇਹਨੂੰ ਤਾਂ ਸਾਲ਼ੀ ਨੂੰ ਹੱਥ ਲਾਉਂਦਿਆਂ ਵੀ ਡਰ ਲੱਗਦੈ। ਇਹਦਾ ਹਾਬੜਾ ਤਾਂ ਆਹ ਮੇਰਾ ਸਾਲ਼ਾ ਕੁੱਚ ਦਾਹੜੀਆ ਈ ਬੁਝਾਊ! ਇਹ ਮੈਨੂੰ ਮੇਰੇ ਸਾਲ਼ੇ ਦੀ ਕੀ ਦਬਾਲ਼ ਐ? ਇਹਦਾ ਤਾਂ ਇਹ ਨਹੀਂ ਇਤਬਾਰ ਬਈ ਕਿਤੇ ਸਾਰਿਆਂ ਦੇ ਸਾਹਮਣੇ ਥੱਪੜ ਹੀ ਕੱਢ ਮਾਰੇ? ਅਮੀਰ ਪਿਉ ਦੀ ਵਿਗੜੀ ਕੁੜੀ ਐ! ਇਹ ਤਾਂ ਛੇਤੀ ਕੀਤੇ ਪਿੱਛੋਂ ਵੀ ਨਹੀਂ ਲਹਿਣੀ।

ਦੀਪ ਅਤੇ ਸੁਮੀਤ ਹੇਠਾਂ ਲਾਊਂਜ ਵਿਚ ਆ ਗਏ।

-"ਹਰਦੇਵ, ਚਲੋ ਆਪਾਂ ਘਰੇ ਚੱਲਦੇ ਐਂ! ਸੁਮੀਤ ਨੂੰ ਨਾਲ਼ੇ ਆਪਣਾ ਘਰ ਦਿਖਾ ਦਿਆਂਗੇ।"

ਉਹ ਉਠ ਕੇ ਕਿਸੇ ਆਗਿਆਕਾਰੀ ਚੇਲੇ ਵਾਂਗ ਉਹਨਾਂ ਦੇ ਅੱਗੇ ਲੱਗ ਤੁਰਿਆ। ਹੋਟਲ ਦੀ ਪਾਰਕਿੰਗ ਵਿਚੋਂ ਗੱਡੀ ਘਰ ਨੂੰ ਤੁਰ ਪਈ। ਦੀਪ ਫਿਰ ਪਿੱਛੇ ਸੁਮੀਤ ਨਾਲ਼ ਅੜੀ ਬੈਠੀ ਸੀ। ਹਰਦੇਵ ਦੇ ਮਨ ਵਿਚ ਲਾਂਬੂ ਬਲ਼ ਰਹੇ ਸਨ। ਉਸ ਦਾ ਦਿਲ ਕਰਦਾ ਸੀ ਕਿ ਗੱਡੀ ਨੂੰ ਮੋਟਰ-ਵੇਅ 'ਤੇ ਆਉਂਦੇ ਕਿਸੇ ਟਰਾਲੇ ਹੇਠ ਵਾੜ ਦੇਵੇ...। ਆਪ ਤਾਂ ਮਰਨਾ ਹੀ ਹੈ, ਇਹਨਾਂ ਸਾਲ਼ਿਆਂ ਆਸ਼ਕਾਂ ਨੂੰ ਵੀ ਨਾਲ ਲੈ ਕੇ ਮਰਾਂ...! ਪਰ ਉਹ ਡਰਾਕਲ ਸ਼ਿਕਾਰੀ ਵਾਂਗ ਹੀਆਂ ਨਾ ਕਰ ਸਕਿਆ। ਅੱਗੇ ਹੀ ਅੱਗੇ ਚੱਲਦਾ ਰਿਹਾ।

ਘਰ ਆ ਗਿਆ।

ਉਤਰ ਕੇ ਹਰਦੇਵ ਨੇ ਹੀ ਦਰਵਾਜਾ ਖੋਲ੍ਹਿਆ। ਦੀਪ ਅਤੇ ਸੁਮੀਤ ਅਜੇ ਵੀ ਕਾਰ ਵਿਚ ਬੈਠੇ ਗੱਲਾਂ ਕਰ ਰਹੇ ਸਨ। ਹੱਸ ਰਹੇ ਸਨ। ਹੁਣ ਹਰਦੇਵ ਨੂੰ ਆਪਣੇ ਗੁਆਂਢੀਆਂ ਦਾ ਡਰ ਸਤਾਉਣ ਲੱਗ ਪਿਆ। ਜੇ ਗੁਆਂਢੀਆਂ ਨੇ ਦੇਖ ਲਿਆ, ਫੇਰ...? ਫੇਰ ਕੀ ਕਹੂੰਗਾ...? ਆਖ ਦਿਉਂਗਾ, ਦੀਪ ਦੀ ਭੂਆ ਦਾ ਮੁੰਡਾ ਆਇਐ...! ਪਰ ਅਗਲੇ ਸੋਚਣਗੇ ਬਈ ਭੂਆ ਦੇ ਮੁੰਡੇ ਨਾਲ਼ ਕੁੜੀ ਦਾ ਆਹ ਵਰਤਾਓ...? ਭੂਆ ਦੇ ਮੁੰਡੇ ਨੂੰ ਕੁੜੀ ਜੱਫ਼ੀਆਂ ਪਾਉਂਦੀ ਹੁੰਦੀ ਐ...? ਦੁਨੀਆਂ ਬੜੀ ਅੱਗੇ ਲੰਘੀ ਹੋਈ ਐ, ਹਰਦੇਵ ਸਿਆਂ...! ਤੂੰ ਦੁਨੀਆਂ ਨੂੰ ਮੂਰਖ਼ ਨਹੀਂ ਬਣਾ ਸਕਦਾ...! ਦੁਨੀਆਂ ਤਾਂ ਦੋ ਮੂੰਹੀਂ ਤਲਵਾਰ ਐ...! ਦੁਨੀਆਂ ਦੇ ਤਾਂ ਸਤਾਰਾਂ ਅੱਖਾਂ ਤੇ ਚੌਂਤੀ ਕੰਨ ਨੇ...! ਤੂੰ ਦੁਨੀਆਂ ਨੂੰ ਕਿਵੇਂ ਚਾਰ ਜਾਵੇਂਗਾ...? ਦੁਨੀਆਂ ਤਾਂ ਜਾਗਦਿਆਂ ਨੂੰ ਪੈਂਦੀਂ ਪਾਉਣ ਵਾਲੀ ਹੈ...! ਤੂੰ ਫ਼ਿਲਹਾਲ ਦੁਨੀਆਂ ਦੀ ਪ੍ਰਵਾਹ ਛੱਡ...! ਆਪਦੀ ਤੀਮੀ ਵੱਲੀਂ ਤਵੱਜੋਂ ਦੇਹ...! ਇਹ ਸਾਲ਼ੀ, ਵੱਡੇ ਉਚੇ ਖ਼ਿਆਲਾਂ ਆਲ਼ੀ ਤੈਨੂੰ ਸਾਰੇ ਜੱਗ 'ਚ ਨੰਗਾ ਕਰਕੇ ਰਹੂ...! ਇਹਨੂੰ ਸੰਭਾਲ਼ ਕੇ ਕਿਸੇ ਖੁੱਡੇ 'ਚ ਤਾੜ...! ਨਹੀਂ ਇਹਦੇ ਲਫ਼ੰਗੇ ਯਾਰ ਤਾਂ ਇਹਦੇ ਮਗਰ ਇੰਗਲੈਂਡ ਤੱਕ ਆ ਪਹੁੰਚੇ...! ਪਿੰਡ ਇਹਨੇ ਕਾਹਦਾ ਵਸਣਾ ਸੀ...? ਇਹਨਾਂ ਨੇ ਤਾਂ ਸਾਲ਼ਿਆਂ ਨੇ ਇੰਗਲੈਂਡ ਨੂੰ ਹੀ ਮੋਗਾ ਬਣਾ ਧਰਿਆ...? ਫ਼ਟੱਕ ਦੇਣੇ ਟਿਕਟ ਕਟਾ ਕੇ ਐਥੇ ਆ ਵੱਜਿਆ...! ਪਤਾ ਨਹੀਂ ਕੀਹਦਾ ਤੁਖ਼ਮ ਐਂ...?

ਹਰਦੇਵ ਨੇ ਕਾਰ ਦੀ ਤਾਕੀ ਖੋਲ੍ਹ ਕੇ ਉਹਨਾਂ ਨੂੰ ਬਾਹਰ ਆਉਣ ਦਾ ਇਸ਼ਾਰਾ ਦਿੱਤਾ।

ਉਹ ਹੇਠਾਂ ਉਤਰ ਆਏ ਅਤੇ ਸਿੱਧੇ ਹੀ ਡਰਾਇੰਗ-ਰੂਮ ਵਿਚ ਜਾ ਪਧਾਰੇ। ਹਰਦੇਵ ਬਾਹਰਲੇ ਦਰਵਾਜੇ ਵਿਚ ਖੜ੍ਹ ਚਾਰੇ ਪਾਸੇ ਦੇਖ ਰਿਹਾ ਸੀ। ਉਸ ਨੂੰ ਕੋਈ ਗੁਆਂਢੀ ਨਜ਼ਰ ਨਾ ਆਇਆ। ਹਰਦੇਵ ਨੇ ਸੁਖ ਦਾ ਸਾਹ ਲਿਆ। ਉਹ ਅੱਗਾ ਪਿੱਛਾ ਦੇਖ ਦੇਖ ਤੁਰਦਾ ਸੀ। ਜਿਵੇਂ ਕੋਈ ਚੋਰ ਹੋਵੇ।

ਦੀਪ ਡਰਾਇੰਗ-ਰੂਮ ਵਿਚ ਸੁਮੀਤ ਦੁਆਲ਼ੇ ਸੱਪ ਵਾਂਗ ਲਿਪਟੀ ਪਈ ਸੀ।

-"ਚਾਹ ਪੀਓਂਗੇ...?" ਹਰਦੇਵ ਨੇ ਉਹਨਾਂ ਨੂੰ ਵਰਜਣ ਦੇ ਰੌਂਅ ਵਿਚ ਪੁੱਛਿਆ।

-"ਨਹੀਂ ਚਾਹ ਅਸੀਂ ਹੋਟਲ 'ਚੋਂ ਹੀ ਪੀ ਆਏ ਸੀ।" ਦੀਪ ਨੇ ਉਤਰ ਮੋੜਿਆ।

ਸੁਮੀਤ ਕੁਝ ਨਾ ਬੋਲਿਆ। ਚੁੱਪ ਹੀ ਰਿਹਾ।

ਹਰਦੇਵ ਉਪਰਲੀਆਂ ਪੌੜੀਆਂ ਚੜ੍ਹ ਗਿਆ ਅਤੇ ਸੌਣ ਵਾਲ਼ੇ ਕਮਰੇ ਵਿਚ ਜਾ ਕੇ ਲੇਟ ਗਿਆ।

ਪਤਾ ਨਹੀਂ ਕਦੋਂ ਉਸ ਦੀ ਅੱਖ ਲੱਗ ਗਈ।

ਸ਼ਾਮ ਨੂੰ ਚਾਰ ਕੁ ਵਜੇ ਦੀਪ ਨੇ ਉਸ ਨੂੰ ਹੇਠੋਂ ਹੀ ਅਵਾਜ਼ ਦਿੱਤੀ।

-"ਹਰਦੇਵ, ਚਲੋ ਸਾਨੂੰ ਡੋਰਿੰਟ ਹੋਟਲ ਛੱਡ ਕੇ ਆਓ...!" ਉਸ ਨੇ ਹੇਠੋਂ ਬੈਠੀ ਨੇ ਹੀ ਹੁਕਮ ਚਾੜ੍ਹਿਆ। ਹਰਦੇਵ ਦੀਆਂ ਚੜ੍ਹ ਮੱਚੀਆਂ ਸਨ। ਉਹ ਸੋਚ ਰਿਹਾ ਸੀ ਕਿ ਮੈਂ ਜਿੰਨਾਂ ਨੀਵਾਂ ਹੋਈ ਜਾ ਰਿਹਾ ਹਾਂ। ਉਤਨਾ ਹੀ ਇਹ ਕੁੱਤੀ ਸਿਰ ਚੜ੍ਹੀ ਜਾਂਦੀ ਐ। ਕੀ ਮਤਲਬ, 'ਸਾਨੂੰ' ਡੋਰਿੰਟ ਹੋਟਲ ਛੱਡ ਕੇ ਆਓ...? ਇਹ ਇਸ ਦੇ ਨਾਲ਼ ਹੋਟਲ 'ਚ ਰਹੇਗੀ...? ਮੇਰੇ, ਖ਼ਸਮ ਦੇ ਹੁੰਦੇ ਹੋਏ...? ਮੇਰੇ ਜਿਉਂਦੇ ਜੀਅ...? ਮੈਂ ਤਾਂ ਫਿਰ ਜਿਉਂਦਾ ਹੀ ਮਰ ਗਿਆ...? ਮੇਰੇ ਘਰਵਾਲ਼ੀ ਕਿਸੇ ਲੰਡਰ ਬੰਦੇ ਨਾਲ਼ ਹੋਟਲ 'ਚ ਰਾਤਾਂ ਕੱਟੇ, ਗਲਵਕੜੀਆਂ ਪਾਵੇ, ਚੁੰਮੀ ਚੱਟੀ ਕਰੇ, ਇਹ ਅੱਖੀਂ ਦੇਖ ਕੇ ਮੈਂ ਮੱਖੀ ਕਿਵੇਂ ਨਿਗਲ ਸਕਦੈਂ...? ਇਹਦੀਆਂ ਘਤਿੱਤਾਂ ਬਾਰੇ ਇਹਦੇ ਪਿਉ ਨੂੰ ਦੱਸਿਆ ਜਾਵੇ...? ਪਰ ਇਹਦਾ ਪਿਉ ਤਾਂ ਆਪ ਕੰਜਰ ਐ...! ਉਹਨੇ ਮੇਰਾ ਪੱਖ ਕਦੋਂ ਲਿਆ...? ਜੱਟ ਜੱਟਾਂ ਦੇ ਤੇ ਫ਼ੋਗੂ ਨਰਾਇਣ ਦਾ...! ਇਹਦੇ ਪਿਉ ਨੇ ਵੀ ਇਹਦਾ ਪੱਖ ਹੀ ਪੂਰਨੈਂ! ਬਾਪੂ ਨੂੰ ਦੱਸਿਆ ਜਾਵੇ...? ਪਰ ਬਾਪੂ ਕੀ ਕਰੂ...? ਕਾਨੂੰਨ ਤਸੀਲਦਾਰ ਦੇ ਹੱਥਾਂ ਦੀ ਖੇਡ...! ਤਸੀਲਦਾਰ ਦੇ ਮਾਊਜਰਾਂ ਮੂਹਰੇ ਬਾਪੂ ਦਾ ਖੂੰਡਾ ਕੀ ਕਰੂ...? ਉਹ ਸੋਚਾਂ ਵਿਚ ਦਧਨ ਹੋਇਆ ਪਿਆ ਸੀ। ਉਸ ਦੇ ਸਿਰ ਵਿਚ ਤੇਸੇ ਚੱਲੀ ਜਾ ਰਹੇ ਸਨ।

-"ਦੀਪ! ਮਾੜਾ ਜਿਆ ਉਪਰ ਤਾਂ ਆਈਂ!" ਉਸ ਨੇ ਦਿਲ ਕੱਢ ਕੇ ਆਖ ਹੀ ਦਿੱਤਾ। ਉਹ ਨਿੱਤ ਨਿੱਤ ਦੇ ਕੰਜਰਖਾਨੇ ਨਾਲੋਂ, ਅੱਜ ਇਕ ਦਿਨ ਹੀ ਨਬੇੜਾ ਕਰਨਾ ਚਾਹੁੰਦਾ ਸੀ।

ਦੀਪ ਜਿੰਨ ਵਾਂਗ ਉਪਰ ਆ ਖੜ੍ਹੀ।

-"ਕੀ ਗੱਲ ਐ...?"

-"ਦੇਖ ਦੀਪ! ਆਪਾਂ ਸਭ ਤੋਂ ਪਹਿਲਾਂ ਪੰਜਾਬੀ ਐਂ-ਇੰਗਲੈਂਡ ਦੇ ਵਸਨੀਕ ਉਸ ਤੋਂ ਬਾਅਦ!"

-"ਸੋ...? ਤੁਸੀਂ ਕਹਿਣਾ ਕੀ ਚਾਹੁੰਦੇ ਹੋ?"

-"ਪੰਜਾਬੀ ਔਰਤ ਨੂੰ ਕਿਸੇ ਗ਼ੈਰ ਮਰਦ ਨਾਲ਼ ਕਿਸੇ ਹੋਟਲ ਵਿਚ ਰਹਿਣਾ ਸ਼ੋਭਾ ਨਹੀਂ ਦਿੰਦਾ! ਤੇ ਉਹ ਵੀ ਆਪਣੇ ਪਤੀ ਦੇ ਹੁੰਦਿਆਂ ਹੋਇਆਂ...!" ਉਸ ਨੇ ਸਮਝੌਤੀ ਜਿਹੀ ਦੇ ਮਾਰੀ।

ਦੀਪ ਉਸ ਵੱਲ ਹੱਥ ਕਰ ਕੇ ਉਚੀ-ਉਚੀ ਹੱਸ ਪਈ। ਉਸ ਨੇ ਹਰਦੇਵ ਦੀ ਖਿੱਲੀ ਹੀ ਤਾਂ ਉਡਾਈ ਸੀ!

-"ਮੈਂ ਤਾਂ ਤੁਹਾਨੂੰ ਹੋਰ ਗੱਲ ਦੱਸਣ ਵਾਲ਼ੀ ਸੀ...!" ਉਸ ਨੇ ਹਾਸਾ ਰੋਕ ਕੇ ਕਿਹਾ।

-"ਕੀ...?" ਉਸ ਨੂੰ ਅਗਲੀ ਫ਼ੇਟ ਬਾਰੇ ਫ਼ਿਕਰ ਪੈ ਗਿਆ।

-"ਅਗਲੇ ਹਫ਼ਤੇ ਮੈਂ ਤੇ ਸੁਮੀਤ ਅਮਰੀਕਾ ਅਤੇ ਕੈਨੇਡਾ ਘੁੰਮਣ ਜਾ ਰਹੇ ਆਂ...! ਤੁਸੀਂ ਹੁਣੇ ਈ ਪਿੱਟਣਾ ਸ਼ੁਰੂ ਕਰ ਦਿੱਤਾ...?" ਉਸ ਨੇ ਬੜੇ ਸਹਿਜ ਸੁਭਾਅ ਹੀ ਆਖਿਆ।

ਹਰਦੇਵ ਦੰਗ ਰਹਿ ਗਿਆ। ਗੱਲ ਸੁਣ ਕੇ ਉਸ ਦਾ ਮੂੰਹ ਅੱਡਿਆ ਰਹਿ ਗਿਆ ਸੀ।

-"ਫੇਰ ਇਉਂ ਕਰ...! ਮੈਨੂੰ ਤਲਾਕ ਲਿਖ ਕੇ ਦੇ-ਦੇ...!" ਉਸ ਨੇ ਆਖਰੀ ਗੱਲ ਆਖ ਦਿੱਤੀ।

-"ਠੀਕ ਐ...! ਲਿਖ ਦਿਆਂਗੀ...! ਮੈਂ ਪਾਪਾ ਜੀ ਨਾਲ਼ ਸਾਰੀ ਗੱਲ ਕਰਕੇ, ਤਲਾਕ ਲਿਖ ਦਿਆਂਗੀ...! ਇਸ ਬਾਰੇ ਚਿੰਤਾ ਨਾ ਕਰੋ, ਬੱਸ? ਡੋਂਟ ਵਰੀ ਅਬਾਊਟ ਅਵਰ ਤਲਾਕ...!" ਦੀਪ ਦੇ ਆਖਣ 'ਤੇ ਹਰਦੇਵ ਕੁਝ ਹਲਕਾ ਹੋ ਗਿਆ ਸੀ।

-"ਆਪਣੇ ਕੱਪੜੇ ਲੱਤੇ ਵੀ ਨਾਲ਼ ਹੀ ਲੈ ਜਾਹ-ਨਹੀਂ ਤੈਨੂੰ ਫੇਰ ਆਉਣਾ ਪਊ।" ਜਿਵੇਂ ਹਰਦੇਵ ਨਹੀਂ, ਉਸ ਦਾ ਬੁੱਤ ਬੋਲ ਰਿਹਾ ਸੀ।

-"ਕੈਨੇਡਾ ਜਾਣ ਲੱਗੀ ਕੱਪੜੇ ਵੀ ਲੈ ਜਾਵਾਂਗੀ ਤੇ ਪਾਸਪੋਰਟ ਵੀ! ਫ਼ਿਕਰ ਨਾ ਕਰੋ...! ਤੁਸੀਂ ਚਾਰ ਦਿਨ ਮੇਰੇ ਕੱਪੜੇ ਵੀ ਨਹੀਂ ਇਸ ਘਰ ਵਿਚ ਪਏ ਜਰ ਸਕਦੇ...? ਆਫ਼ਟਰ ਆਲ ਮੈਂ ਤੁਹਾਡੀ ਪਤਨੀ ਆਂ...?"

ਹਰਦੇਵ ਦਾ ਮੂੰਹ ਬੰਦ ਹੋ ਗਿਆ।

ਉਹ ਉਹਨਾਂ ਨੂੰ ਡੋਰਿੰਟ ਹੋਟਲ ਉਤਾਰ ਕੇ ਮੁੜ ਆਇਆ। ਨਾ ਕਿਸੇ ਨੇ ਕੋਈ ਗੱਲ ਉਸ ਨਾਲ ਕੀਤੀ ਅਤੇ ਨਾ ਹੀ ਉਸ ਨੇ ਕਿਸੇ ਨਾਲ਼ ਕੋਈ ਗੱਲ ਕੀਤੀ। ਜਿਵੇਂ ਉਹ ਸਾਰੇ ਗੂੰਗੇ ਜਾਂ ਬੋਲ਼ੇ ਸਨ। ਬੱਸ, ਉਹ ਸੁਮੀਤ ਅਤੇ ਦੀਪ ਨੂੰ ਹੋਟਲ ਦੇ ਦਰਵਾਜੇ ਅੱਗੇ ਉਤਾਰ ਕੇ ਵਾਪਿਸ ਆ ਗਿਆ ਸੀ।

ਜਦੋਂ ਉਸ ਨੇ ਬਰੌਡਵੇਅ ਦੇ ਵੱਡੇ ਰਾਊਂਡ ਅਬਾਊਟ ਕੋਲੋਂ ਗੱਡੀ ਮੋੜੀ ਤਾਂ ਉਸ ਦੀ ਨਜ਼ਰ ਨਾਲ਼ ਦੀ ਕਾਰ ਵਿਚ ਬੈਠੀ ਮੀਤੀ 'ਤੇ ਪਈ। ਦੇਖ ਕੇ ਮੀਤੀ ਨੇ ਮੂੰਹ ਪਰਾਂਹ ਕਰ ਲਿਆ। ਜਿਵੇਂ ਉਹ ਹਰਦੇਵ ਦੀ ਸ਼ਕਲ ਤੱਕ ਨਹੀਂ ਦੇਖਣਾ ਚਾਹੁੰਦੀ ਸੀ। ਹਰਦੇਵ ਦੀ ਧਾਹ ਨਿਕਲਣ ਵਾਲੀ ਹੋ ਗਈ! ਉਸ ਦਾ ਦਿਲ ਕਰਦਾ ਸੀ ਕਿ ਕਾਰ 'ਚੋਂ ਉਤਰ ਕੇ, ਦੇਵਤਾ ਸਰੂਪ ਮੀਤੀ ਦੇ ਚਰਨੀਂ ਢਹਿ ਪਵੇ ਅਤੇ ਮੁਆਫ਼ੀ ਮੰਗੇ। ਪਰ ਮੀਤੀ ਦੀਆਂ ਨਜ਼ਰਾਂ ਹੀ ਦੱਸ ਗਈਆਂ ਸਨ ਕਿ ਉਹ ਹਰਦੇਵ ਦੀ ਸੂਰਤ ਵੀ ਦੇਖਣੀ ਪਸੰਦ ਨਹੀਂ ਕਰਦੀ ਸੀ। ਮੀਤੀ ਦੀਆਂ ਨਜ਼ਰਾਂ ਉਸ ਨੂੰ "ਦਫ਼ਾ ਹੋਜਾ...! ਦਫ਼ਾ ਹੋਜਾ...!" ਪੁਕਾਰ ਰਹੀਆਂ ਸਨ। ਹਰਦੇਵ ਦੀ ਹਾਲਤ ਧੋਬੀ ਦੇ ਕੁੱਤੇ ਵਰਗੀ ਹੋਈ ਪਈ ਸੀ। ਉਹ ਨਾ ਘਰ ਦਾ ਰਿਹਾ ਸੀ ਅਤੇ ਨਾ ਹੀ ਘਾਟ ਦਾ...!

ਉਸ ਨੇ ਘਰ ਆ ਕੇ ਅੱਧੀ ਬੋਤਲ ਵਿਸਕੀ ਦੀ ਸੂਤ ਧਰੀ ਅਤੇ ਦੀਪ ਦੇ ਬਾਪ ਤਸੀਲਦਾਰ ਨੂੰ ਫ਼ੋਨ ਮਿਲਾ ਲਿਆ। ਫ਼ੋਨ ਦੀ "ਟਰਰ-ਟਰਰ" ਹਰਦੇਵ ਦਾ ਕਾਲ਼ਜਾ ਚੱਟ ਰਹੀ ਸੀ। ਕੀ ਗੱਲ ਕਰੇਗਾ ਉਹ ਦੀਪ ਦੇ ਬਾਪ ਨਾਲ਼...? ਕੀ ਦੱਸੇਗਾ ਉਹਨੂੰ...? ਇਹਨਾਂ ਦਾ ਤਾਂ ਸਾਰਾ ਟੱਬਰ ਹੀ ਝੰਡੇ ਹੇਠਲਾ ਹੈ...! ਉਸ ਦਾ ਦਿਲ ਕਿਰ-ਕਿਰ ਪੈਂਦਾ ਸੀ। ਆਖਰ ਕਿਸੇ ਨੌਕਰ ਨੇ ਫ਼ੋਨ ਚੁੱਕ ਲਿਆ।

-"ਹੈਲੋ...! ਮੈਂ ਹਰਦੇਵ ਬੋਲਦੈਂ ਜੀ, ਇੰਗਲੈਂਡ ਤੋਂ! ਤਸੀਲਦਾਰ ਸਾਹਬ ਨਾਲ਼ ਗੱਲ ਕਰਵਾਓ!" ਉਸ ਨੇ ਆਖਿਆ।

-"ਇਕ ਮਿੰਟ ਹੋਲਡ ਰੱਖੋ!" ਨੌਕਰ ਨੇ ਕਿਹਾ ਤਾਂ ਕਾਫ਼ੀ ਦੇਰ ਬਾਅਦ ਤਸੀਲਦਾਰ ਨੇ ਫ਼ੋਨ 'ਤੇ 'ਹੈਲੋ' ਆ ਆਖੀ।

-"ਪਾਪਾ ਜੀ, ਸਤਿ ਸ੍ਰੀ ਅਕਾਲ...!"

-"ਸਾਸਰੀਕਾਲ ਬਈ...! ਹਰਦੇਵ ਐ...?" ਤਸੀਲਦਾਰ ਦੇ ਬੋਲਾਂ ਤੋਂ ਲੱਗਦਾ ਸੀ ਕਿ ਉਸ ਦੀ ਕਾਫ਼ੀ ਦਾਰੂ ਪੀਤੀ ਹੋਈ ਸੀ।

-"ਹਾਂ ਜੀ, ਪਾਪਾ ਜੀ!"

-"ਅੱਛਾ...! ਮੇਰੀ ਤਾਂ ਥੋੜ੍ਹੀ ਜੀ ਪੀਤੀ ਵੀ ਐ-ਮੈਨੂੰ ਦੀਪ ਦਾ ਵੀ ਹੁਣੇ ਹੁਣੇ ਫ਼ੋਨ ਆਇਆ ਸੀ-ਡੋਰਿੰਟ ਹੋਟਲ 'ਚੋਂ! ਆਹ ਲੈ, ਗੱਲ ਕਰਲੈ...!" ਤਸੀਲਦਾਰ ਨੇ ਫ਼ੋਨ ਸ਼ਾਇਦ ਆਪਣੀ ਘਰਵਾਲੀ ਨੂੰ ਫੜਾ ਦਿੱਤਾ। ਉਸ ਨੇ 'ਹੈਲੋ' ਕਹੀ ਤਾਂ ਹਰਦੇਵ ਰੇਡੀਓ ਵਾਂਗ ਸ਼ੁਰੂ ਹੋ ਗਿਆ। ਉਸ ਨੇ ਮੋਟੇ ਤੌਰ 'ਤੇ ਮੋਟੇ ਅੱਖਰਾਂ ਵਿਚ ਸਾਰੀ ਗੱਲ ਆਪਣੀ ਸੱਸ ਨੂੰ ਆਖ ਸੁਣਾਈ, ਦੀਪ ਅਤੇ ਸੁਮੀਤ ਦੀਆਂ ਕਰਤੂਤਾਂ ਬਾਰੇ ਦੱਸਿਆ ਅਤੇ ਕਿਸੇ ਸਾਰਥਿਕ ਉਤਰ ਦੀ ਉਡੀਕ ਕਰਨ ਲੱਗ ਪਿਆ।

-"ਗੱਲ ਇਹ ਐ ਕਾਕਾ...! ਜੇ ਪਤਾ ਹੋਵੇ ਨ੍ਹਾਂ! ਬਈ ਮੈਥੋਂ ਤੀਮੀ ਸਾਂਭੀ ਨ੍ਹੀ ਜਾਣੀ? ਤਾਂ ਵਿਆਹ ਨਾ ਕਰਵਾਈਏ...! ਜੁਆਨ ਜਹਾਨ ਕੁੜੀ ਐ-ਜੇ ਉਹਨੂੰ ਤੇਰੇ ਕੋਲੋਂ ਨਹੀਂ ਕੁਛ ਖੱਟਣ ਖਾਣ ਨੂੰ ਮਿਲ਼ਦਾ-ਤਾਂ ਉਹਨੇ ਕਿਤੇ ਨਾ ਕਿਤੇ ਤਾਂ ਧੱਕੇ ਖਾਣੇ ਈ ਐਂ? ਕਿਤੋਂ ਤਾਂ ਢਿੱਡ ਭਰਨਾ ਈ ਐਂ? ਕੀ ਕਰੇ ਵਿਚਾਰੀ ਉਹੋ...? ਡੁੱਬਦੇ ਬੰਦੇ ਨੂੰ ਤਿਣਕੇ ਦਾ ਸਹਾਰਾ ਈ ਬਥੇਰਾ ਹੁੰਦੈ! ਹੁੰਦੈ ਕਿ ਨਹੀਂ...? ਉਹਨੂੰ ਅਸੀਂ ਆਖ ਦਿਆਂਗੇ-ਤੂੰ ਸਾਨੂੰ ਹੋਟਲ ਤੇ ਕਮਰੇ ਦਾ ਨੰਬਰ ਦੇਹ...! ਤੇ ਨਾਲ਼ੇ ਭਾਈ ਤੂੰ ਕਿਸੇ ਚੰਗੇ ਡਾਕਟਰ ਕੋਲੋਂ ਆਬਦਾ ਕੋਈ ਇਲਾਜ ਕਰਵਾ...! ਜੇ ਤੈਥੋਂ ਹੁਣ ਈ ਕੁਛ ਨ੍ਹੀ ਹੁੰਦਾ-ਤਾਂ ਕਾਕਾ ਬੁੜ੍ਹਾਪਾ ਕਦੋਂ ਆਇਆ? ਆਹ ਐਧਰ ਦੇਖਲਾ...! ਮੇਰੇ ਹਸਬੈਂਡ ਪੂਰੇ ਬਾਹਟ ਸਾਲ ਦੇ ਨੇ-ਹੁਣ ਤੱਕ ਕਿੱਕਰ ਤੋਂ ਕਾਟੋ ਲਾਹ ਲੈਂਦੇ ਐ...! ਘਰੇ ਤਾਂ ਜਿਹੜਾ ਕੁਛ ਕਰਨੈਂ-ਕਰਨਾ ਈ ਐਂ! ਬਾਹਰਲੀਆਂ ਖੁਰਨੀਆਂ 'ਚ ਵੀ ਮੂੰਹ ਮਾਰਨੋ ਬਾਜ ਨ੍ਹੀ ਆਉਂਦੇ! ਤੂੰ ਭਾਈ ਆਬਦਾ ਇਲਾਜ ਕਿਸੇ ਚੰਗੇ ਡਾਕਟਰ ਤੋਂ ਕਰਵਾ...! ਵੈਸੇ ਮੈਂ ਦੀਪ ਦੇ ਕੰਨ ਵੀ ਖਿੱਚ ਦਿਊਂ! ਪਰ ਜਦੋਂ ਕਾਕਾ ਪੈਸਾ ਆਬਦਾ ਖੋਟਾ ਹੋਵੇ ਨ੍ਹਾਂ...? ਫੇਰ ਬਾਣੀਏਂ ਨੂੰ ਦੋਸ਼ ਨਾ ਦੇਈਏ...!" ਸੱਸ ਫ਼ੋਨ 'ਤੇ ਹਰਦੇਵ ਨੂੰ ਪਤਾ ਨਹੀਂ ਕੀ ਸਮਝਾ ਰਹੀ ਸੀ।

ਹਰਦੇਵ ਨੇ ਫ਼ੋਨ ਰੱਖ ਦਿੱਤਾ।

ਉਹ ਸੋਚ ਰਿਹਾ ਸੀ ਕਿ ਮਿਰਗਾਂ ਦੀ ਡਾਰ 'ਚ ਕੋਈ ਕਮਚਾਲਾ ਨਹੀਂ ਹੁੰਦਾ। ਸਾਰੇ ਇਕੋ ਜਿਹੀ ਛਾਲ ਮਾਰਦੇ ਨੇ। ਕੋਈ ਸੂਤ ਭਰ ਛੋਟੀ, ਤੇ ਕੋਈ ਸੂਤ ਭਰ ਵੱਡੀ! ਇਹਨਾਂ ਦਾ ਤਾਂ ਸਾਰਾ ਲਾਣਾਂ ਹੀ ਊਤਿਆ ਪਿਐ! ਮੈਨੂੰ ਸਮਝੌਤੀਆਂ ਦੇਣ ਲੱਗ ਪਈ, ਅਖੇ ਕਾਕਾ ਤੂੰ ਆਬਦਾ ਇਲਾਜ ਕਰਵਾ...! ਧੀ ਆਬਦੀ ਕਾਣੀਂ? ਤੇ ਅੰਨ੍ਹਾਂ ਮੈਨੂੰ ਦੱਸਦੀ ਐ...? ਧੀ ਆਬਦੀ ਬਦਚਲਣ ਐਂ ਤੇ ਇਲਾਜ ਵਾਸਤੇ ਪ੍ਰੇਰਨਾ ਮੈਨੂੰ ਦੇਣ ਲੱਗ ਪਈ...? ਕੀ ਕਰੂ ਬੰਦਾ ਐਹੋ ਜਿਹੇ ਪ੍ਰੀਵਾਰ ਦਾ...? ਸਾਰਾ ਟੱਬਰ ਈ ਕੰਜਰਾਂ ਦਾ...? ਕੋਈ ਗੱਲ ਨਹੀਂ ਹਰਦੇਵ ਸਿਆਂ...! ਮੀਤੀ ਨਾਲ਼ ਕੀਤੀਆਂ ਤੈਨੂੰ ਭੁਗਤਣੀਆਂ ਹੀ ਪੈਣੀਐਂ...! ਦਿਲ ਨਾਲ ਭੁਗਤ...! ਰੂਹ ਨਾਲ਼ ਸਮੇਟ...! ਮੀਤੀ ਦੀ ਗੱਲ ਸੱਚੀ ਐ...! ਰੱਬ ਦੀ ਅਦਾਲਤ ਨੂੰ ਤੈਨੂੰ ਹਿਸਾਬ ਦੇਣਾ ਹੀ ਪੈਣੈਂ...!

ਉਸ ਨੇ ਦੋ ਪੈੱਗ ਹੋਰ ਲਾ ਕੇ ਬਾਪੂ ਨੂੰ ਫ਼ੋਨ ਮਿਲਾ ਲਿਆ। ਬਾਪੂ ਨੇ ਅੱਗੋਂ ਆਪਣੇ ਦੁੱਖ ਰੋਣੇ ਸ਼ੁਰੂ ਕਰ ਦਿੱਤੇ। ਉਸ ਨੇ ਦੀਪ ਨੂੰ ਚੜ੍ਹਾਉਣ ਆਇਆਂ, ਏਅਰਪੋਰਟ 'ਤੇ ਬੀਤਿਆ ਸਾਰਾ ਬ੍ਰਿਤਾਂਤ ਆਖ ਸੁਣਾਇਆ ਤਾਂ ਹਰਦੇਵ ਦਾ ਮਨ ਅਥਾਹ ਦੁਖੀ ਹੋ ਗਿਆ। ਬਾਪੂ ਨੇ ਇਹ ਵੀ ਦੱਸਿਆ ਕਿ ਉਸ ਦਿਨ ਤੋਂ ਤੇਰੀ ਬੇਬੇ ਬਹੁਤਾ ਹੀ ਕਮਲ਼ ਜਿਹਾ ਮਾਰਨ ਲੱਗ ਪਈ! ਸਾਰੀਆਂ ਜ਼ਿਆਦਤੀਆਂ ਸੁਣਦਿਆਂ ਉਸ ਨੇ ਫ਼ੋਨ ਕੱਟ ਦਿੱਤਾ। ਹੋਰ ਕੁਝ ਸੁਣਨ ਦੀ ਉਸ ਵਿਚ ਸਮਰੱਥਾ ਨਹੀਂ ਸੀ। ਫ਼ੋਨ ਰੱਖ ਕੇ ਉਹ ਭੁੱਬਾਂ ਮਾਰ ਕੇ ਰੋ ਪਿਆ। ਪਰ ਉਸ ਦੀਆਂ ਭੁੱਬਾਂ ਸੁਣਨ ਵਾਲਾ ਕੋਈ ਨਹੀਂ ਸੀ।

## ਕਾਂਡ 16

ਸ਼ਾਮ ਦਾ ਵੇਲ਼ਾ ਸੀ।

ਹਰਦੇਵ ਅਜੇ ਕੰਮ ਤੋਂ ਆਇਆ ਹੀ ਸੀ। ਫ਼ੋਨ ਖੜਕ ਪਿਆ। ਉਸ ਦਾ ਦਿਲ ਕਰਦਾ ਸੀ ਕਿ ਫ਼ੋਨ ਨੂੰ ਚਲਾ ਕੇ ਮਾਰੇ। ਉਸ ਦਾ ਦਿਲ ਕਿਸੇ ਨਾਲ਼ ਗੱਲ ਕਰਨ ਨੂੰ ਨਹੀਂ ਕਰਦਾ ਸੀ। ਦੀਪ ਆਪਣੇ ਕੱਪੜੇ ਲੱਤੇ ਚੁੱਕ ਕੇ ਸੁਮੀਤ ਨਾਲ਼ ਕੈਨੇਡਾ, ਪਤਾ ਨਹੀਂ ਅਮਰੀਕਾ ਚਲੀ ਗਈ ਸੀ। ਹਰਦੇਵ ਨੇ ਆਪਣੇ ਵਕੀਲ ਕੋਲੋਂ ਤਲਾਕ ਦੇ ਕਾਗਜ਼ ਲੈ ਆਂਦੇ ਸਨ। ਦੀਪ ਨੇ ਕਿਹਾ ਸੀ ਕਿ ਜਦੋਂ ਉਹ ਅਮਰੀਕਾ ਅਤੇ ਕੈਨੇਡਾ ਦੇ ਟੂਰ ਤੋਂ ਵਾਪਿਸ ਪਰਤੇਗੀ ਤਾਂ ਦਸਤਖ਼ਤ ਕਰ ਦੇਵੇਗੀ। ਪਰ ਪਹਿਲਾਂ ਉਸ ਨੇ ਆਪਣੇ ਪਾਪਾ ਜੀ ਤੋਂ ਕੋਈ ਸਲਾਹ ਲੈਣੀਂ ਸੀ। ਹਰਦੇਵ ਨੇ ਚੁੱਪ ਚਾਪ ਕਾਗਜ਼ ਫ਼ੋਨ ਕੋਲ਼ ਰੱਖ ਦਿੱਤੇ ਸਨ।

ਜਦੋਂ ਫ਼ੋਨ ਦੀ ਘੰਟੀ ਨਾ ਹੀ ਵੱਜਣੋਂ ਹਟੀ ਤਾਂ ਉਸ ਨੇ ਖਿਝ ਕੇ ਫ਼ੋਨ ਚੁੱਕ ਲਿਆ।

ਫ਼ੋਨ 'ਤੇ ਛੋਟਾ ਭਾਈ ਸੁਖਦੇਵ ਸੀ!

-"ਹੈਲੋ...! ਹਾਂ ਹਰਦੇਵ ਵੀਰੇ...! ਆਹ ਲੈ ਬਾਪੂ ਜੀ ਨਾਲ਼ ਗੱਲ ਕਰਲੈ...!" ਉਸ ਨੇ ਅੱਗੇ ਬਾਪੂ ਨੂੰ ਫ਼ੋਨ ਫੜਾਇਆ ਤਾਂ ਬਾਪੂ ਨੇ ਗੱਲ ਕਰਨੀ ਸ਼ੁਰੂ ਕਰ ਦਿੱਤੀ।

-"ਹਾਂ ਬਾਪੂ ਜੀ? ਸਾਸਰੀਕਾਲ!"

-"ਸਾਸਰੀਕਾਲ ਪੁੱਤ! ਤੂੰ ਦੀਪ ਨਾਲ਼ ਕੋਈ ਤਲਾਕ ਦਾ ਮਸਲਾ ਵਿੱਢਿਐ?"

-"ਆਹੋ ਬਾਪੂ ਜੀ! ਮੈਂ ਤਾਂ ਨ੍ਹੀ ਵਿੱਢਿਆ-ਪਰ ਉਹਦੇ ਵਸਣ ਦੇ ਇਰਾਦੇ ਨਹੀਂ-ਉਹ ਕਿਸੇ ਲੰਡਰ ਜੇ ਮੁੰਡੇ ਨੂੰ ਨਾਲ ਲੈ ਕੇ ਕੈਨੇਡਾ ਨੂੰ ਜਹਾਜ ਚੜ੍ਹਗੀ ਐ!"

-"ਤੂੰ ਗੋਲ਼ੀ ਮਾਰ ਪੁੱਤ ਦੀਪ ਨੂੰ! ਉਹਦੇ ਤਸੀਲਦਾਰ ਪਿਉ ਨੇ ਤਾਂ ਸਾਡੇ ਨੱਕ 'ਚ ਨਕੇਲ ਪਾਉਣੀਂ ਕੀਤੀ ਐ!"

-"ਕਾਹਤੋਂ?"

-"ਉਹ ਕਹਿੰਦੈ ਬਈ ਹਰਦੇਵ ਦੇ ਹਿੱਸੇ ਦੀ ਅੱਧੀ ਜ਼ਮੀਨ ਦੀਪ ਦੇ ਨਾਂ ਕਰਵਾਵੋ-ਫੇਰ ਤਲਾਕ ਮਿਲੂਗਾ!"

-"ਬਾਪੂ ਜੀ! ਦੇਕੇ ਫ਼ਾਹਾ ਵੱਢੋ! ਬਥੇਰੀ ਜ਼ਮੀਨ ਬਣਾ ਲਵਾਂਗੇ! ਤੁਸੀਂ ਇਹ ਬਦਚਲਣ ਔਰਤ ਮੇਰੇ ਮਗਰੋਂ ਲਾਹੋ! ਤਸੀਲਦਾਰ ਜਿਹੜਾ ਕੁਛ ਮੰਗਦੈ-ਦੇ ਕੇ ਮੱਥਾ ਡੰਮ੍ਹ ਦਿਓ! ਪਰ ਕਿਰਪਾ ਕਰਕੇ ਇਸ ਡੈਣ ਤੋਂ ਮੇਰਾ ਪਿੱਛਾ ਛੁਡਾਓ! ਜੋ ਮੰਗਦੈ-ਬੱਸ ਦੇ ਦਿਓ!"

ਬਾਪੂ ਨੇ ਫ਼ੋਨ ਰੱਖ ਦਿੱਤਾ।

ਹਰਦੇਵ ਵੀ ਫ਼ੋਨ ਰੱਖ ਕੇ ਉਚੀ-ਉਚੀ ਰੋ ਪਿਆ।

ਸੱਤ ਏਕੜ ਜ਼ਮੀਨ ਹਰਦੇਵ ਨੂੰ ਵੰਡੀ ਹੋਈ ਆਉਂਦੀ ਸੀ। ਸਾਢੇ ਤਿੰਨ ਏਕੜ ਜ਼ਮੀਨ ਜਾਗਰ ਸਿੰਘ ਨੇ ਦੀਪ ਦੇ ਨਾਂ ਕਰ ਦਿੱਤੀ ਅਤੇ ਕਾਗਜ਼ ਤਸੀਲਦਾਰ ਦੇ ਹੱਥ ਜਾ ਫੜਾਏ। ਤਸੀਲਦਾਰ ਨੇ ਕਾਗਜ਼ ਪੜ੍ਹ ਕੇ ਉਸ ਨੂੰ ਜਾਣ ਲਈ ਹੱਥ ਚੁੱਕ ਦਿੱਤਾ ਸੀ। ਬਾਪੂ ਟੱਪਰੀਵਾਸਾਂ ਵਾਂਗ ਹੱਥ ਜੋੜੀ ਮੁੜ ਆਇਆ ਸੀ। ਨਾਲ਼ੇ ਜ਼ਮੀਨ ਦਿੱਤੀ ਸੀ। ਨਾਲ਼ੇ ਧੌਂਸਾਂ ਸਹੀਆਂ ਸਨ। ਰੰਨ ਗਈ ਨਾਲ਼ੇ ਕੰਨ ਪਾਟੇ ਵਾਲ਼ੀ ਗੱਲ ਹੋਈ ਸੀ। ਪਰ ਹੱਥ ਕੁਝ ਵੀ ਨਹੀਂ ਆਇਆ ਸੀ।

ਜ਼ਮੀਨ ਦੇ ਕਾਗਜ਼ ਦੇ ਕੇ ਜਾਗਰ ਸਿੰਘ ਘਰ ਆ ਗਿਆ। ਜਦ ਭਜਨੋ ਨੇ ਉਸ ਨੂੰ ਪਾਣੀ ਫੜਾਇਆ ਤਾਂ ਉਹ ਪਾਣੀ ਪੀਣ ਲੱਗਿਆ ਬੈਠਾ ਹੀ ਮੰਜੇ 'ਤੇ ਲੁੜਕ ਗਿਆ। ਭਜਨੋ ਨੇ ਚੀਕ ਮਾਰੀ। ਸੁਖਦੇਵ ਡਾਕਟਰ ਨੂੰ ਲੈਣ ਭੱਜ ਗਿਆ। ਜਦੋਂ ਡਾਕਟਰ ਨੇ ਆ ਕੇ ਟੂਟੀ ਜਿਹੀ ਲਾ ਕੇ ਦੇਖਿਆ ਤਾਂ ਡਾਕਟਰ ਸਿਰ ਫ਼ੇਰ ਗਿਆ। ਬਾਪੂ ਪੂਰਾ ਹੋ ਚੁੱਕਾ ਸੀ।

ਘਰ ਵਿਚ ਰੋਣ ਪਿੱਟਣ ਪੈ ਗਿਆ।

ਹਰਦੇਵ ਨੂੰ ਫ਼ੋਨ ਕੀਤਾ ਗਿਆ। ਹਰਦੇਵ ਦਾ ਕਿਸੇ ਦੇ ਘਰੇ ਕੰਮ ਚਲਦਾ ਸੀ। ਉਸ ਕੰਮ ਨੂੰ ਛੱਡ ਕੇ ਉਹ ਆ ਨਹੀਂ ਸਕਦਾ ਸੀ। ਦੂਜਾ ਦੀਪ ਨਾਲ਼ ਤਲਾਕ ਦਾ ਮਸਲਾ ਅਜੇ ਵਿਚੇ ਹੀ ਸੀ। ਜੇ ਦੀਪ ਤੋਂ ਹੁਣ ਦਸਤਖ਼ਤ ਨਾ ਕਰਵਾਏ, ਹੋ ਸਕਦੈ ਇੰਡੀਆ ਜਾ ਕੇ ਮੁੱਕਰ ਹੀ ਜਾਵੇ? ਜੇ ਕੰਮ ਛੱਡ ਦਿੱਤਾ, ਤਾਂ ਮਕਾਨ ਦੀ ਮੌਰਗੇਜ਼ ਅਤੇ ਕੌਂਸਲ ਟੈਕਸ ਕਿੱਥੋਂ ਭਰਾਂਗਾ? ਬੈਂਕ ਵਾਲ਼ਿਆਂ ਨੇ ਤਾਂ ਮਕਾਨ ਆ ਦੱਬਣਾ ਸੀ? ਉਹ ਕਈ ਮਸਲਿਆਂ ਵਿਚ ਉਲਝਿਆ ਪਿਆ ਸੀ।

ਉਸ ਨੇ ਛੋਟੇ ਭਰਾ ਸੁਖਦੇਵ ਨੂੰ ਬਾਪੂ ਦਾ ਸਸਕਾਰ ਕਰਨ ਵਾਸਤੇ ਆਖ ਦਿੱਤਾ।

ਰਿਸ਼ਤੇਦਾਰਾਂ ਨੇ ਹਰਦੇਵ ਦੇ ਨਾ ਪਹੁੰਚਣ ਦਾ ਬੜਾ ਦੁੱਖ ਮੰਨਿਆਂ। ਪਰ ਹਰਦੇਵ ਦੀ ਕਿਸੇ ਵੀ ਮਜਬੂਰੀ ਨੂੰ ਸਮਝਣ ਦੀ ਕਿਸੇ ਨੇ ਕੋਈ ਕੋਸ਼ਿਸ਼ ਨਾ ਕੀਤੀ। ਦੁੱਖਾਂ ਸੁੱਖਾਂ ਵਿਚ ਭਾਈਵਾਲ਼ ਬਾਪੂ ਜਹਾਨ ਨੂੰ 'ਝਾਤ' ਆਖ ਕੇ ਕੂਚ ਕਰ ਗਿਆ ਸੀ। ਪਿੱਛੇ ਰਹਿ ਗਿਆ ਸੀ ਹਰਦੇਵ! ਦਸੌਂਟੇ ਕੱਟਣ ਲਈ...! ਦੁੱਖ ਭਰਨ ਲਈ ਅਤੇ ਆਪਣੇ ਕੀਤੇ ਦਾ ਲੇਖਾ ਜੋਖਾ ਪੂਰਾ ਕਰਨ ਲਈ! ਉਹ ਦਾਰੂ ਪੀ ਕੇ, ਬਾਪੂ ਨੂੰ ਰੱਜ ਕੇ ਰੋਇਆ।

ਅਗਲੇ ਦਿਨ ਉਹ ਕੰਮ 'ਤੇ ਨਾ ਗਿਆ।

ਸਾਰੇ ਭਾਈਬੰਦ ਵੀ ਉਸ ਦਾ ਦੁੱਖ ਸਮਝਦੇ ਸਨ। ਸਾਰਿਆਂ ਨੇ ਬਾਪੂ ਦੇ ਅਫ਼ਸੋਸ ਵਿਚ ਛੁੱਟੀ ਕਰ ਲਈ।

ਦੁਪਿਹਰ ਤੱਕ ਉਹ ਘਰ ਹੀ ਬੈਠਾ ਰਿਹਾ। ਮੌਸਮ ਸੁਹਾਵਣਾ ਸੀ। ਪਰ ਹਰਦੇਵ ਦੇ ਮਨ ਦਾ ਮੌਸਮ ਖ਼ੁਸ਼ਕ ਸੀ! ਉਹ ਚੁੱਪ ਚਾਪ ਲੰਡਨ ਪਾਰਕ ਨੂੰ ਤੁਰ ਪਿਆ। ਅੱਜ ਉਹ ਬੜੇ ਚਿਰਾਂ ਬਾਅਦ ਪਾਰਕ ਜਾ ਰਿਹਾ ਸੀ।

ਲੰਡਨ ਪਾਰਕ ਵਿਚ ਬਸੰਤ ਭਲਵਾਨ ਹੋਰਾਂ ਦੀ ਮਹਿਫ਼ਲ ਜੰਮੀ ਬੈਠੀ ਸੀ।

ਅਚਾਨਕ ਫ਼ੌਜੀ ਪੈਰਾਂ ਹੇਠੋਂ ਮਿੱਟੀ ਕੱਢਦਾ ਭੂਤ ਵਾਂਗ ਆ ਵੱਜਿਆ। ਹੱਥ ਵਿਚ ਬੀਅਰ ਦੇ ਡੱਬੇ ਉਸ ਨੇ ਜੁਆਕ ਵਾਂਗ ਚੁੱਕੇ ਹੋਏ ਸਨ। ਇਕ ਵੱਖ ਝੋਲੇ ਵਿਚ ਕੋਕ ਅਤੇ ਬੋਤਲ ਪਾਈ ਹੋਈ ਸੀ। ਸਾਰੇ ਉਸ ਵੱਲ ਦੇਖ ਕੇ ਹੈਰਾਨ ਰਹਿ ਗਏ ਕਿ ਸਾਂਤਮਈ ਫ਼ੌਜੀ ਅੱਜ ਸਾਹਣ ਵਾਂਗ ਖੁਰਗੋ ਕਿਉਂ ਪੱਟੀ ਜਾ ਰਿਹਾ ਸੀ? ਉਹ ਝਿਰਖੀ ਪਏ ਤਵੇ ਵਾਂਗ ਇੱਕੋ ਮਸਲੇ ਨੂੰ ਹੀ ਵਾਰ-ਵਾਰ ਰਿੜਕੀ ਜਾ ਰਿਹਾ ਸੀ, "ਬੱਸ ਬਾਈ...! ਹੁਣ ਬਸੇਬਾ ਮੁਸ਼ਕਲ ਐ-ਬੱਸ ਹੁਣ ਤਲਾਕ ਦੇ ਦੇਣੈਂ...!" ਫ਼ੌਜੀ ਨੇ ਦੁਹਾਈ ਦਿੱਤੀ। ਹਰਦੇਵ ਸੋਚ ਰਿਹਾ ਸੀ ਕਿ ਇਸ ਚੰਦਰੇ ਤਲਾਕ ਦਾ ਮਸਲਾ ਘਰ-ਘਰ ਅੱਗ ਵਾਂਗ ਮੱਚਦਾ ਸੀ!

-"ਕੀ ਗੱਲ ਹੋਗੀ ਫ਼ੌਜੀਆ...? ਅੱਜ ਬਾਹਲ਼ਾ ਈ ਪਾਰਾ ਖ਼ਤਰੇ ਆਲ਼ੀ ਸੂਈ 'ਤੇ ਕਰੀ ਫ਼ਿਰਦੈਂ?" ਸੁੱਖੇ

ਘੈਂਟ ਨੇ ਬੀਅਰ ਦੀ ਘੁੱਟ ਮਾਰਦਿਆਂ ਪੁੱਛਿਆ।

-"ਬੱਸ ਸੁੱਖਿਆ! ਸੌ ਹੱਥ ਰੱਸਾ ਸਿਰੇ 'ਤੇ ਗੰਢ-ਤੈਨੂੰ ਆਖਤਾ ਬਈ ਹੁਣ ਬਸੇਬਾ ਮੁਸ਼ਕਲ ਐ-ਹੁਣ ਇਕ ਪਾਸਾ ਕਰ ਕੇ ਰਹਿਣੈਂ! ਹੁਣ ਜਾਂ ਟਾਂਡਿਆਂ ਆਲ਼ੀ ਤੇ ਜਾਂ ਭਾਂਡਿਆਂ ਆਲ਼ੀ...!" ਫ਼ੌਜੀ ਮੁੜ੍ਹਕੋ ਮੁੜ੍ਹਕੀ ਹੋਇਆ ਪਿਆ ਸੀ।

-"ਮੂਲੋਂ ਈ ਅੱਕਲ਼ਕਾਨ ਹੋਇਆ ਪਿਐਂ-ਕੋਈ ਗੱਲ ਤਾਂ ਦੱਸ?" ਤਰੇਲੋ ਤਰੇਲੀ ਹੋਏ ਫ਼ੌਜੀ ਨੂੰ ਸੈਦੋ ਵਾਲੇ ਬਸੰਤ ਭਲਵਾਨ ਨੇ ਪੁੱਛਿਆ।

-"ਭਲਵਾਨਾ, ਅੱਜ ਦੀਆਂ ਤੀਮੀਆਂ ਐਡੀਆਂ ਭੈਣ ਦੇਣੀਐਂ-ਬੱਸ ਪੁੱਛ ਨਾ...!"

-"ਕੋਈ ਸੱਪ ਵੀ ਕੱਢੇਂਗਾ...? ਜਾਂ ਬੀਨ ਈ ਬਜਾਈ ਜਾਵੇਂਗਾ?" ਅਜਮੇਰ ਬਾਬਾ ਬੋਲਿਆ।

-"ਆਹ ਯਾਰ ਜਿਹੜੀ ਮੇਰੀ ਘਰਾਂਆਲੀ ਐ ਨ੍ਹਾ? ਮੈਂ ਉਹਤੋਂ ਬੜਾ ਦੁਖੀ ਹੋਇਆ ਪਿਐਂ-ਪਹਿਲਾਂ ਸਾਲੀ ਅੱਖ 'ਚ ਪਾਈ ਨ੍ਹੀ ਸੀ ਰੜਕਦੀ...! ਹੁਣ ਆਨੇ ਕੱਢਦੀ ਐ!" ਫ਼ੌਜੀ ਨੇ ਤੋੜਾ ਝਾੜਿਆ।

-"ਘਰਾਂ 'ਚ ਵੀਹ ਗੱਲਾਂ ਹੋ ਜਾਂਦੀਐਂ-ਜਿਗਰਾ ਰੱਖੀਦੈ!" ਕਾਮਰੇਡ ਨੇ ਬਲ਼ਦੀ 'ਤੇ ਪਾਣੀ ਛਿੜਕਿਆ।

-"ਦੋ ਭਾਂਡੇ ਤਾਂ ਖੜਕਦੇ ਈ ਰਹਿੰਦੇ ਐ।" ਬਾਈ ਅਜੀਤ ਸਿੰਘ ਬਰਾੜ ਬੋਲਿਆ।

-"ਯਾਰ ਦੋ ਭਾਂਡੇ ਵੀ ਜੇ ਬਰਾਬਰ ਦੇ ਹੋਣ ਤਾਂ ਈ ਚੰਗੇ ਲੱਗਦੇ ਐ-ਜੇ ਕੌਲੀ 'ਚ ਪਰਾਂਤ ਠਾਹ ਠਾਹ ਵੱਜੂ-ਦੱਸੋ ਕਿੱਥੇ ਬਸੇਬਾ ਹੋਊ?" ਫ਼ੌਜੀ ਗੱਲ ਦੇ ਨੇੜੇ ਹੋਇਆ।

-"ਕੁਝ ਸਮਝਾਵੇਂਗਾ-ਤਾਂ ਈ ਸਮਝ ਆਊ-ਜੇ ਆਸੇ ਪਾਸੇ ਈ ਫ਼ੈਰ ਦਾਗੀ ਜਾਵੇਂਗਾ-ਕੋਈ ਫ਼ਾਇਦਾ ਨ੍ਹੀ!" ਬਸੰਤ ਭਲਵਾਨ ਨੇ ਆਖਿਆ। ਉਸ ਨੂੰ ਫ਼ੌਜੀ ਦੇ ਦੁੱਖ ਦਾ ਕੋਈ ਲੱਲ ਨਹੀਂ ਲੱਗ ਰਿਹਾ ਸੀ।

-"ਯਾਰ ਕੀ ਦੱਸਾਂ...? ਆਹ ਬਾਬਾ ਨ੍ਹੀ ਸੀ ਇੰਗਲੈਂਡ ਆਇਆ, ਜੋਗਾ ਕਰਵਾਉਣ ਆਲਾ?"

-"ਜੋਗਾ ਨ੍ਹੀ-ਯੋਗਾ ਆਖ...!" ਕਾਮਰੇਡ ਨੇ ਕਿਹਾ।

-"ਚਾਹੇ ਕੁਛ ਆਖਲੈ! ਆਇਆ ਸੀ ਨ੍ਹਾਂ...?"

-"ਆਹੋ...! ਫੇਰ ਕੀ ਹੋਇਆ? ਉਹ ਤਾਂ ਲੋਕਾਂ ਨੂੰ ਸਿੱਧੇ ਰਸਤੇ ਈ ਪਾਉਂਦੈ-ਯੋਗੇ ਰਾਹੀਂ ਰੋਗ ਦੂਰ ਕਰਨ ਦੀ ਵਿਧੀ ਦੱਸਦੈ-ਕੋਈ ਮਾੜੀ ਗੱਲ ਤਾਂ ਨ੍ਹੀ ਕਰਦਾ!" ਕਾਮਰੇਡ ਨੇ ਸਿਆਣਪ ਮੂਜਵ ਮੱਤ ਦਿੱਤੀ।

-"ਯਾਰ ਜਿੱਦੇਂ ਦੀ ਮੇਰੇ ਘਰਾਂਆਲ਼ੀ ਉਹਦਾ ਸ਼ੋਅ ਜਿਆ ਦੇਖ ਕੇ ਆਈ ਐ-ਮੈਨੂੰ ਮੈਦ ਐ ਉਹ ਤਾਂ ਕਮਲ਼ੀ ਹੋਗੀ! ਉਹਦੇ ਡਮਾਕ 'ਚ ਫ਼ਰਕ ਪੈ ਗਿਆ...!" ਫ਼ੌਜੀ ਨੇ ਲੰਮਾ ਸਾਹ ਲੈਂਦਿਆਂ ਪੂਰੇ ਤੰਤ ਨਾਲ ਦੱਸਿਆ।

-"ਯੋਗੇ ਨਾਲ ਦਿਮਾਗ 'ਚ ਫ਼ਰਕ? ਕੀ, ਹੋ ਕੀ ਗਿਆ...?" ਬਸੰਤ ਭਲਵਾਨ ਦਾ ਮੂੰਹ ਅੱਡਿਆ ਗਿਆ।

-"ਲੈ ਸੁਣ ਫੇਰ...!" ਫ਼ੌਜੀ ਨੇ ਭਲਵਾਨ ਦੇ ਪੱਟ 'ਤੇ ਧੱਫ਼ੀ ਜਿਹੀ ਮਾਰਦਿਆਂ ਆਖਣਾ ਸ਼ੁਰੂ ਕੀਤਾ।

-"ਸਾਰਾ ਫਿੱਟਣੀਆਂ ਦਾ ਫ਼ੇਟ ਤਾਂ ਬਾਈ ਟੁੰਡਾ ਐ!"

-"ਕਿਹੜਾ ਬਾਈ ਟੁੰਡਾ...?"

-"ਆਹ ਪੰਜਗਰਾਈਆਂ ਆਲ਼ਾ...!"

-"ਕਾਹਤੋਂ...?"

-"ਉਹ ਮੇਰੇ ਘਰਾਂਆਲੀ ਨੂੰ ਕਹਿੰਦਾ ਅਖੇ ਚੱਲ ਜੋਗੇ ਆਲ਼ੇ ਬਾਬੇ ਨੇ ਆਉਣੈਂ-ਤੇ ਚੱਲ ਤੂੰ ਵੀ ਦਰਸ਼ਣ ਕਰ ਆਈਂ-ਅਖੇ ਸਾਰੀਆਂ ਬਿਮਾਰੀਆਂ ਚੱਕੀਆਂ ਜਾਣਗੀਆਂ! ਅਖੇ ਚੱਕਦੂ ਅੱਖਾਂ ਦੀ ਲਾਲੀ...!"

-"........।"

-"ਸੱਤਰ ਪੌਂਡ ਦੀ ਲਈ ਟਿਗਟ-ਸੱਤਰ ਪੌਂਡ ਸਾਲੇ ਸਾਨੂੰ ਹਫ਼ਤੇ 'ਚ ਮਸਾਂ ਬਚਦੇ ਐ! ਖ਼ੈਰ, ਪੂਰਾ ਹਫ਼ਤਾ ਜੋਗਾ ਕਰਨ ਜਾਂਦੇ ਰਹੇ-ਮੈਨੂੰ ਪਤਾ ਨਾ ਬਈ ਉਹ ਉਥੇ ਕਰਵਾਉਂਦੇ ਕੀ ਐ? ਤੈਨੂੰ ਪਤੈ ਬਈ ਮੈਂ ਸਵੇਰੇ ਛੇ ਵਜੇ ਕੰਮ 'ਤੇ ਨਿਕਲ ਜਾਨੈਂ-ਤੇ ਰੱਬ ਤੇਰਾ ਭਲਾ ਕਰੇ-ਰਾਤ ਨੂੰ ਅੱਠ ਨੌਂ ਵਜੇ ਘਰੇ ਵੜਦੈਂ-।"

-"ਆਹੋ! ਉਹ ਤਾਂ ਪਤੈ ਬਾਈ...!" ਭਲਵਾਨ ਨੇ ਲਮਕਾ ਕੇ ਜਿਹੇ ਕਿਹਾ।

-"ਇਕ ਦਿਨ ਕੀ ਹੋਇਆ...? ਮੀਂਹ ਪੈਣ ਲੱਗ ਪਿਆ-ਅਸੀਂ ਕੰਕਰੀਟ ਪਾਉਣਾ ਸੀ-ਮੈਂ ਕੰਮ ਅਗਲੇ ਦਿਨ 'ਤੇ ਛੱਡ ਕੇ ਆਥਣੇ ਚਾਰ ਕੁ ਵਜੇ ਈ ਘਰੇ ਆ ਗਿਆ-ਜਦੋਂ ਮੈਂ ਆ ਕੇ ਦਰਵਾਜਾ ਖੋਲ੍ਹਿਆ-ਤਾਂ ਉਹ ਤਾਂ

ਭਾਈ ਸਿਟਿੰਗ ਰੂਮ 'ਚ ਸਮਾਧੀ ਜੀ ਲਾਈ ਬੈਠੀ ਤੇ ਢਿੱਡ ਜਿਆ ਘੁੰਮਾਈ ਜਾਵੇ! ਮਛਕ ਮਾਂਗੂੰ ਢਿੱਡ ਕਦੇ ਅੰਦਰ ਨੂੰ-ਕਦੇ ਬਾਹਰ ਨੂੰ! ਨਾਲੇ ਭੂਤਰੀ ਬਾਂਦਰੀ ਮਾਂਗੂੰ ਲੰਮੇ ਲੰਮੇ ਸਾਹ ਜੇ ਲਈ ਜਾਵੇ! ਮੈਂ ਸੋਚਾਂ ਬਈ ਇਹ ਸਾਲੀ ਕਰੀ ਕੀ ਜਾਂਦੀ ਐ...? ਇਹਨੂੰ ਹੋ ਕੀ ਗਿਆ...? ਮੈਂ ਤਾਂ ਭਾਈ ਡਰ ਗਿਆ ਬਈ ਕਿਤੇ ਸਾਲੀ ਨੂੰ ਕੋਈ ਭੂਤ-ਪ੍ਰੇਤ ਨਾ ਆ ਚੁੰਬੜਿਆ ਹੋਵੇ? ਪਰ ਫੇਰ ਸੋਚਿਆ ਬਈ ਇਹਦੇ ਕੋਲੇ ਕਿਸੇ ਭੂਤ-ਪ੍ਰੇਤ ਨੇ ਆ ਕੇ ਮਰਨੈਂ? ਇਹ ਤਾਂ ਸਾਲੀ ਆਪ ਕੱਚੀ ਕਚੀਲ੍ਹ ਜਿੰਨ ਅਰਗੀ ਐ! ਮੈਂ ਬੁਲਾਵਾਂ, ਸਾਲੀ ਬੋਲੇ ਨਾ! ਬੁੱਲ੍ਹਾਂ 'ਤੇ ਉਂਗਲ ਰੱਖ ਕੇ ਸਾਲੀ 'ਛੀਅ-ਛੀਅ' ਜੀ ਕਰੀ ਜਾਵੇ-ਜਿਵੇਂ ਜੁਆਕ ਨੂੰ ਮੁਤਾਉਣਾ ਹੁੰਦੈ! ਮੈਨੂੰ ਕੋਈ ਸਮਝ ਨਾ ਪਈ-ਮੈਂ ਮਜੌਰਾਂ ਦੀ ਬੇਬੇ ਮਾਂਗੂੰ ਝਾਕੀ ਜਾਵਾਂ-ਫੇਰ ਮੈਂ ਆਬਦੇ ਮੁੰਡੇ ਨੂੰ 'ਵਾਜ ਮਾਰੀ-ਉਹ ਵੀ ਮੁੱਖ ਮੰਤਰੀ ਬਣਿਆਂ ਉਪਰੋਂ ਈ "ਵਾਅਟ ਡੈਅਡ?" ਦੇ ਹੋਕਰੇ ਜੇ ਮਾਰੀ ਜਾਵੇ! ਮੈਂ ਉਪਰ ਚਲਿਆ ਗਿਆ-ਜਦੋਂ ਮੈਂ ਉਪਰ ਜਾ ਕੇ ਦੇਖਿਆ-ਸਾਲਾ ਲੱਤਾਂ 'ਕੱਠੀਆਂ ਕਰਕੇ ਗਰੜਪੌਂਕ ਜਿਆ ਉਹ ਬਣਿਆਂ ਬੈਠਾ! ਮੈਂ ਸੋਚਿਆ, ਬਈ ਇਹ ਸਾਲਾ ਸਾਰਾ ਆਵਾ ਈ ਊਤ ਗਿਆ...? ਜਦੋਂ ਮੈਂ ਮੁੰਡੇ ਨੂੰ ਪੁੱਛਿਆ, ਆਹ ਕੀ ਕਰਦੈਂ ਉਏ? ਤਾਂ ਮੈਨੂੰ ਬਣਾ ਸਮਾਰ ਕੇ ਕਹਿੰਦਾ, ਅਖੇ ਜੋਗਾ ਕਰਦੈਂ! ਮੈਂ ਕਿਹਾ ਸਾਲਿਓ, ਹੋਰ ਘਰ 'ਚ ਕੰਮ ਕਰਨ ਨੂੰ ਕੋਈ ਨ੍ਹੀ...? ਸਾਰੇ ਜੋਗੇ ਜੋਕਰੇ ਈ ਰਹਿ ਗਏ...? ਤੇ ਮੁੰਡਾ ਭਾਈ, ਡੋਂਟ ਡਿਸਟਰਬ ਮੀ ਡੈਅਡ, ਆਖ ਕੇ ਮੇਰੇ ਗਲ ਪੈ ਚੱਲਿਆ-ਮੈਂ ਮੱਚਦਾ ਕੁੜ੍ਹਦਾ ਹੇਠਾਂ ਆ ਗਿਆ-।" ਫ਼ੌਜੀ ਨੇ ਲੰਬਾ ਸਾਹ ਛੱਡਦਿਆਂ ਗੱਲ ਅੱਗੇ ਜਾਰੀ ਰੱਖੀ। ਬਾਕੀ ਸਾਰੇ ਬੜੀ ਸ਼ਾਂਤੀ ਨਾਲ ਉਸ ਦੀ ਗੱਲ ਵਿਚ ਖੁੱਭੇ ਹੋਏ ਸਨ।

-"ਜਦੋਂ ਮੈਂ ਥੱਲੇ ਆਇਆ-ਜੁਆਕਾਂ ਦੀ ਮਾਂ ਮੇਰੇ ਅਲੀ-ਅਲੀ ਕਰਕੇ ਗਲ ਪੈਗੀ-ਅਖੇ, ਹਮ ਜੋਗਾ ਕਰ ਰਹੇ ਥੇ-ਆਪ ਹਮੇਂ ਡਿਸਟਰਬ ਮੱਤ ਕਰਿਆ ਕਰੋ...!" ਫ਼ੌਜੀ ਨੇ ਵਿਅੰਗ ਨਾਲ ਹਿੰਦੀ ਸ਼ੁਰੂ ਕਰ ਦਿੱਤੀ।

-"ਮੈ ਆਖਿਆ, ਸਾਲੀਏ ਜਿਹੋ ਜੀ ਗਰਮੀਆਂ ਦੇ ਮਹੀਨੇ ਮੱਝ ਛੱਪੜ 'ਚੋਂ ਉਠਾ ਲਈ-ਜਿਹੋ ਜਿਆ ਤੈਨੂੰ ਬੈੱਡ 'ਚੋਂ ਬਾਹਰ ਕੱਢ ਲਿਆ! ਹੁਣ ਤੂੰ ਚੌਂਕੜਾ ਜਿਆ ਮਾਰ ਕੇ ਮਹਾਤਮਾ ਬੁੱਧ ਬਣੀ ਬੈਠੀ ਐਂ-ਇਹ ਕੀ ਲੱਛਣ ਫੜਿਐ ਤੂੰ? ਮੈਨੂੰ ਉਹਦੇ 'ਤੇ ਖੁੰਧਕ ਚੜ੍ਹਗੀ-ਚੜ੍ਹਨੀ ਈ ਸੀ...? ਜਦੋਂ ਲੱਛਣ ਜੇ ਕਰਨੋਂ ਨ੍ਹੀ ਸੀ ਹੱਟਦੀ...! ਮੈਨੂੰ ਬਣਾ ਸੁਆਰ ਕੇ ਕਹਿੰਦੀ ਅਖੇ, ਹਮ ਆਪਣੇ ਸਰੀਰ ਕਾ ਖਿਆਲ ਰੱਖਤੇ ਹੈਂ-ਅਖੇ ਤੇਰੇ ਅਰਗੇ ਢੱਗੇ ਨ੍ਹੀ ਬਈ ਕੰਮ ਕੀਤਾ-ਦਾਰੂ ਡੱਫ਼ ਲਈ ਤੇ ਘੁਰਾੜ੍ਹੇ ਮਾਰ ਛੱਡੇ-ਉਹਨੇ ਤਾਂ ਸਾਲੀ ਨੇ ਮੇਰੇ ਟੈਰ ਵੀ ਪੈਂਚਰ ਕਰ ਕੇ ਰੱਖਤੇ! ਮੈਂ ਆਖਿਆ ਕੁੱਤਿਆ ਰਵਿਆ! ਮੈਂ ਥੋਡੇ ਆਸਤੇ ਤਾਂ ਕਮਾਉਨੈਂ-ਹੋਰ ਕੀਹਦੀ ਖਾਤਰ ਕੰਮ ਕਰਦੈਂ ਮੈਂ...? ਚਲੋ ਗੱਲ ਆਈ ਗਈ ਹੋ ਗਈ-ਉਹ ਵੀ ਸਿਆਣੀ ਵਗੀ-ਅੱਗਿਓਂ ਕੁਛ ਨਾ ਬੋਲੀ-।"

-"ਅੱਗਿਓਂ ਬੋਲ ਕੇ ਉਹਨੇ ਗੰਧਾਲੇ ਖਾਣੇ ਸੀ...?" ਸੁੱਖਾ ਘੈਂਟ ਵਿਚ ਦੀ ਵਾਰੀ ਲੈ ਗਿਆ।

-"ਜੇ ਉਹ ਉਦੋਂ ਅੱਗਿਓਂ ਕੁਛ ਬੋਲ ਦਿੰਦੀ ਤਾਂ ਮੈਂ ਤਾਂ ਕਰ ਦੇਣਾ ਸੀ ਸਰਾਧ ਉਹਦੇ ਆਲਾ! ਪੁਜ ਦੇਣਾ ਸੀ ਗੁੱਗਾ! ਅਗਲੇ ਦਿਨ ਭਾਈ ਮੀਂਹ ਫੇਰ ਨਾ ਹਟਿਆ-ਕੰਮ ਤੋਂ ਫੇਰ ਛੁੱਟੀ ਕਰਨੀ ਪਈ-ਮੈਂ ਸੋਚਿਆ ਅੱਜ ਦੂਜੇ ਮਕਾਨ ਦੀ ਮੌਰਗੇਜ ਆਲ਼ਾ ਕੰਮ ਈ ਕਰ ਲਈਏ-ਘਰੇ ਵਿਹਲੇ ਕੀ ਕਰਾਂਗੇ? ਜਦੋਂ ਭਾਈ ਮੈਂ ਕੁੜਤਾ ਪ੍ਰੈੱਸ ਕਰਨ ਨੂੰ ਕਿਹਾ-ਬੜਾ ਬਣਾ ਸਮਾਰ ਕੇ ਕਹਿੰਦੀ-ਅਖੇ, ਮੈਂ ਤਾਂ ਜੋਗਾ ਕਰਨੈਂ! ਮੈਂ ਕਿਹਾ ਭੈਣ ਦੇਣੇ ਦੀਏ ਕੁੱਤੀਏ ਜਾਤੇ! ਜੋਗਾ ਗੁਰੂ ਮਹਾਰਾਜ ਦਾ ਨਿੱਤਨੇਮ ਐਂ ਬਈ ਲੇਟ ਹੋਜੇਂਗੀ...? ਭਾਈ ਫੇਰ ਢੀਠ ਸਾਧ ਮਾਂਗੂੰ ਸਮਾਧੀ ਜੀ ਲਾ ਕੇ ਬਹਿਗੀ-ਕਦੇ ਸਾਹ ਐਧਰਲੀ ਨਾਸ 'ਚੋਂ ਲਵੇ ਤੇ ਦੂਜੀ ਵਿਚ ਦੀ ਬਾਹਰ ਕੱਢੀ ਜਾਵੇ! ਫੇਰ, ਓਦੂੰ ਬਾਅਦ ਫੇਰ ਢਿੱਡ ਜਿਆ ਘੁੰਮਾਉਣ ਲੱਗਪੀ-ਜਿਵੇਂ ਛਿਲਾ ਜਗਾਉਣਾ ਹੁੰਦੈ-ਉਹ ਤਾਂ ਤੀਏ ਪਾਂਜੇ ਜੇ ਕਰਨੋਂ ਈ ਨਾ ਹਟੇ! ਅੱਧਾ ਘੰਟਾ ਦਧਨ ਹੋਇਆ ਮੈਂ ਉਹਦੇ ਛੋਛੇ ਜਰਦਾ ਰਿਹਾ-ਜੋਗਾ ਪੂਰਾ ਹੋਇਆ-ਤਾਂ ਕੰਜਰ ਦੀ ਨੇ ਕਮੀਜ ਪ੍ਰੈੱਸ ਕਰ ਕੇ ਦਿੱਤੀ-ਸੁੱਖਿਆ ਇਕ ਪੈੱਗ ਪਾ ਯਾਰ...!"

-"ਪੈੱਗ ਜਿੰਨੇ ਮਰਜੀ ਬਾਈ...! ਜੇ ਸਾਡੀ ਭਰਜਾਈ ਨ੍ਹੀ ਸਾਡੇ ਬਾਈ ਨੂੰ ਕੁਛ ਸਮਝਦੀ-ਅਸੀਂ ਤਾਂ ਬਾਈ ਦੇ ਤਾਬਿਆਦਾਰ ਐਂ...।" ਸੁੱਖੇ ਨੇ ਬੋਤਲ ਦਾ ਗਲ਼ ਕੁੱਕੜ ਵਾਂਗ ਫੜ ਲਿਆ।

-"ਫੇਰ ਜਦੋਂ ਮੈਂ ਮੌਰਗੇਜ ਦਾ ਕੰਮ ਨਬੇੜ ਕੇ ਘਰੇ ਆਇਆ ਤਾਂ ਸਾਲੀ ਹੋਰ ਈ ਸਿਆਪਾ ਖੜ੍ਹਾ ਕਰੀ ਬੈਠੀ।" ਉਸ ਨੇ ਪੈੱਗ ਸੂਤਦਿਆਂ ਗੱਲ ਫਿਰ ਸ਼ੁਰੂ ਕੀਤੀ।

-"ਉਹ ਕਿਹੜਾ...?" ਸੁੱਖਾ ਫ਼ੌਜੀ ਵੱਲ ਅੱਖਾਂ ਦੀ ਸ਼ਿਸ਼ਤ ਬੰਨ੍ਹੀ ਬੈਠਾ ਮੁਸਰਾਈ ਜਾ ਰਿਹਾ ਸੀ।

-"ਕੰਜਰ ਦੀ ਨੇ ਸੌਣ ਆਲੇ ਕਮਰੇ 'ਚੋਂ ਟੈਲੀਵੀਜਨ ਚੱਕ ਕੇ ਰਸੋਈ 'ਚ ਲਿਆ ਰੱਖਿਆ-।"

-"ਲੈ...! ਕਰਲੋ ਬਾਤ....!" ਬਾਈ ਅਜੀਤ ਸਿੰਘ ਬਰਾੜ ਅੱਭੜਵਾਹੇ ਬੋਲਿਆ।

-"ਨਾਲੇ ਤਾਂ ਆਟਾ ਗੁੰਨ੍ਹੀ ਜਾਵੇ ਤੇ ਨਾਲੇ ਟੈਲੀਵੀਜਨ 'ਤੇ ਜੋਗਾ ਦੇਖੀ ਜਾਵੇ-ਆਟਾ ਥੱਲੇ ਡੁੱਲ੍ਹੀ ਜਾਵੇ-ਮੈਂ ਕਿਹਾ ਕੰਜਰ ਦੀਏ ਸਿੱਧਰੀਏ! ਆਟਾ ਤਾਂ ਦੇਖ ਕੇ ਗੁੰਨ੍ਹ ਲੈ-ਇਹਨੂੰ ਫੇਰ ਪਾ ਲਈਂ ਸਲਾਮੀ ਜਿਹੜੀ ਪਾਉਣੀ ਐਂ! ਮੈਨੂੰ ਬਣਾ ਸਮਾਰ ਕੇ ਕਹਿੰਦੀ ਅਖੇ, ਇਹ ਸਾਰੀ ਦਿਹਾੜੀ ਨ੍ਹੀ ਚੱਲਦਾ-ਟੀ. ਵੀ. ਆਲੇ ਤੇਰੇ ਮਾਂਗੂੰ ਬਿਹਲੇ ਨ੍ਹੀ ਬਈ ਸਾਰੀ ਦਿਹਾੜੀ ਜੋਗਾ ਸ਼ੋਅ ਈ ਚਲਾਈ ਰੱਖਣਗੇ-ਉਹਨਾਂ ਨੇ ਹੋਰ ਵੀ ਕੁਛ ਦਿਖਾਉਣਾ ਹੁੰਦੈ ਲੋਕਾਂ ਨੂੰ! ਮੈਨੂੰ ਇਕ ਚੜ੍ਹੇ ਤੇ ਭਲਵਾਨਾ ਇਕ ਉਤਰੇ! ਬਈ ਇਹ ਸਾਲੀ ਅੱਜ ਮੈਨੂੰ ਮੱਤਾਂ ਦੇਣ ਲੱਗਪੀ? ਸਾਡੀ ਬਿੱਲੀ ਸਾਨੂੰ ਮਿਆਓਂ? ਜਿੱਦੇਂ ਇੰਡੀਆ ਤੋਂ ਆਈ ਸੀ-ਸਾਲੀ ਤੋਂ ਸੁੱਥਣ ਨ੍ਹੀ ਸੀ ਲੋਟ ਆਉਂਦੀ-ਟੁਆਇਲਟ 'ਤੇ ਦੋਨੋਂ ਪੈਰ ਧਰਕੇ ਬਹਿ ਜਾਂਦੀ ਸੀ-ਮਸਾਂ ਟੋਚਨ ਪਾ ਕੇ ਮੈਂ ਇਹਨੂੰ ਉਤੋਂ ਲਾਹੁੰਦਾ ਸੀ! ਮੇਰਾ ਦਿਲ ਕਰੇ ਬਈ ਫੜ ਕੇ ਗੁੱਤ ਨੂੰ ਦੇ ਲਵਾਂ ਵਟਾ-ਤੇ ਮਾਰ ਮਾਰ ਹੂਰੇ ਪੱਸਲੀਆਂ 'ਚ ਚਿੱਬ ਪਾ ਦਿਆਂ-ਸਾਲੀ ਹੋਈ ਐ ਜੋਗੇ ਦੀ! ਮੈਂ ਦਿਲ 'ਤੇ ਪੱਥਰ ਰੱਖ ਕੇ ਨਹਾਉਣ ਚਲਿਆ ਗਿਆ-ਜਦੋਂ ਮੈਂ ਫੇਰ ਮੁੜ ਕੇ ਆਇਆ ਤਾਂ ਉਹੀ ਧੂਤਕੜਾ ਫੇਰ! ਨਾਲੇ ਸਬਜੀ ਨੂੰ ਤੜਕਾ ਲਾਈ ਜਾਵੇ ਤੇ ਨਾਲੇ ਸਾਲੀ ਠੱਕੇ ਦੀ ਮਾਰੀ ਬੱਕਰੀ ਮਾਂਗੂੰ ਕੋਡੀ ਜੀ ਹੋਈ ਖੜ੍ਹੀ ਕੰਬੀ ਜੀ ਜਾਵੇ! ਮੇਰਾ ਡਮਾਕ ਖਰਾਬ ਹੁੰਦਾ ਜਾਵੇ ਬਈ ਇਹਨੂੰ ਸਾਲੀ ਨੂੰ ਹੋ ਕੀ ਗਿਆ...? ਇਹ ਤਾਂ ਮੰਜੇ 'ਚੋਂ ਨ੍ਹੀ ਸੀ ਉਠਦੀ?"

-"ਸੁਭ ਮੌਕੇ ਦਾ ਲਾਹਾ ਲੈ ਲੈਣਾ ਸੀ?" ਸੁੱਖੇ ਨੇ ਟਾਂਚ ਕੀਤੀ। ਬਾਬਾ ਅਜਮੇਰ ਹੱਸ ਪਿਆ।

-"ਕਾਹਦਾ ਲਾਹਾ ਐ ਸੁੱਖਿਆ? ਮੇਰੇ ਸਾਲੇ ਗੁੱਸੇ 'ਚ ਫ਼ਿਊਜ ਸੜੇ ਪਏ ਐ! ਕਮਾਊ ਬਲ਼ਦ ਜੇਠ ਹਾੜ੍ਹ ਦੇ ਤਪਾੜ ਯਾਦ ਕਰ ਕੇ ਪੋਹ ਮਹੀਨੇ ਹਰੀ ਬਰਸੀਨ ਦੀ ਬੁਰਕੀ ਮੂੰਹੋਂ ਸਿੱਟ ਦਿੰਦੈ! ਫੇਰ ਭਾਈ ਤੜਕਾ ਮੱਚੀ ਜਾਵੇ-ਤੇ ਆਪ ਟੀ. ਵੀ. ਵੱਲੀਂ ਦੇਖ-ਦੇਖ ਆਬਦੇ ਪੈਰੀਂ ਆਪ ਈ ਹੱਥ ਜੇ ਲਾਈ ਜਾਵੇ-ਤੜਕਾ ਮੱਚਣ ਨਾਲ ਮੈਨੂੰ ਤਾਂ ਸਾਹ ਆਉਣੋਂ ਬੰਦ ਹੋ ਗਿਆ-ਤੈਨੂੰ ਪਤੈ ਬਈ ਮੈਨੂੰ ਸਾਹ ਦੀ ਸ਼ਕਾਇਤ ਹੋ ਜਾਂਦੀ ਐ! ਘਰ 'ਚ ਸੰਘੱਟ ਆਇਆ ਪਿਆ-ਮੈਨੂੰ ਚੜ੍ਹ ਗਿਆ ਕਰੋਧ-ਮੈਂ ਆਖਿਆ, ਇਹਨੂੰ ਭੈਣ ਦੇ ਯਾਰ ਦੀ ਨੂੰ ਹਿਲਾ ਹਿਲੂ ਵੀ ਲੈ! ਅਛਟ-ਬੱਕਰ ਫੇਰ ਬਣ ਲਈਂ-ਸਾਲੀ ਫੇਰ ਚੁੱਪ....!"

-"ਫੇਰ ਵੀ ਨ੍ਹੀ ਬੋਲੀ...?" ਬਾਈ ਅਜੀਤ ਸਿੰਘ ਬਰਾੜ ਨੇ ਕਾਫ਼ੀ ਦੇਰ ਬਾਅਦ ਮੂੰਹ ਪੁੱਟਿਆ ਸੀ।

-"ਕਾਹਨੂੰ...! ਜਦੋਂ ਪਤਾ ਹੁੰਦੈ ਬਈ ਪਤੰਦਰ ਗੁੱਸੇ 'ਚ ਐ-ਸਾਲੀ ਗੁੱਗਲ਼ ਬਣ ਜਾਂਦੀ ਐ-ਬੋਲਦੀ ਈ ਨ੍ਹੀ!"

-"ਫੇਰ....?"

-"ਫੇਰ ਮੌਸਮ ਖੁੱਲ੍ਹ ਗਿਆ-ਅਸੀਂ ਅਗਲੇ ਦਿਨ ਸਾਰੀ ਦਿਹਾੜੀ ਕੰਕਰੀਟ ਪਾਉਂਦੇ ਰਹੇ-ਸਵੇਰੇ ਛੇ ਵਜੇ ਦਾ ਮੈਂ ਘਰੋਂ ਨਿਕਲਿਆ ਰਾਤ ਨੂੰ ਅੱਠ ਵਜੇ ਘਰੇ ਵੜਿਆ-ਘਰੇ ਉਹੀ ਟਟਬੈਰ ਫੇਰ! ਘਰਾਂਆਲੀ ਨੂੰ ਤਾਂ ਜਿਹੜਾ ਹਲ਼ਕ ਛੁੱਟਿਆ ਸੀ, ਉਹ ਤਾਂ ਛੁੱਟਿਆ ਈ ਸੀ! ਸਾਲੇ ਜੁਆਕ ਵੀ ਸਿਟਿੰਗ-ਰੂਮ 'ਚ ਜੋਗੇ ਦੀ ਕਲਾਸ ਲਾਈ ਬੈਠੇ! ਆਪ ਜੁਆਕਾਂ 'ਚ ਸਾਲੀ ਪ੍ਰਧਾਨ ਮੰਤਰੀ ਬਣੀ ਬੈਠੀ ਉਪਦੇਸ਼ ਦੇਈ ਜਾਵੇ! ਅਖੇ ਸਾਹ ਲੰਮਾ ਅੰਦਰ ਨੂੰ ਲਵੋ...ਜੀਹਦੇ ਨਾਲ ਫੇਫੜੇ ਸਾਰੇ ਹਵਾ ਨਾਲ ਭਰ ਜਾਣ....ਫੇਰ ਪੂਰੇ ਜੋਰ ਨਾਲ ਬਾਹਰ ਕੱਢੋ...ਇਹਦੇ ਨਾਲ ਖ਼ਤਰਨਾਕ ਬੈਕਟੀਰੀਆ ਬਾਹਰ ਨਿਕਲਦੈ...ਐਰਾ ਬਗੈਰਾ...ਲਟਰਮ ਪਟਰਮ...! ਉਹ ਤਾਂ ਸਾਲਾ ਸਾਰਾ ਟੱਬਰ ਈ ਘਰ ਨੂੰ ਜੋਗਾ ਆਸ਼ਰਮ ਬਣਾਈ ਬੈਠਾ! ਮੇਰਾ ਦਿਲ ਤਾਂ ਕੀਤਾ ਬਈ ਪਹਿਲਾਂ ਇਹਦੇ ਆਲਾ ਬੈਕਟੀਰੀਆ ਤਾਂ ਬਾਹਰ ਕੱਢਾਂ? ਫੇਰ ਮੈਂ ਜੁਆਕ ਬੈਠੇ ਦੇਖ ਕੇ ਚੁੱਪ ਵੱਟ ਗਿਆ-ਮੇਰੇ ਮਨ ਨੂੰ ਐਨੀ 'ਨ੍ਹੇਰੀ ਚੜ੍ਹੀ-ਪਰ ਮੈਂ ਚੁੱਪ ਚਾਪ ਕਿਚਨ 'ਚ ਜਾ ਕੇ ਇਕ ਲੰਡੂ ਜਿਆ ਪੈੱਗ ਠੋਕਿਆ ਤੇ ਨਹਾਉਣ ਚਲਿਆ ਗਿਆ-ਜਦੋਂ ਮੈਂ ਨਹਾ ਕੇ ਥੱਲੇ ਉਤਰਿਆ-ਉਹਦਾ ਸਾਲੀ ਦਾ ਸਕੂਲ ਫੇਰ ਵੀ ਖ਼ਤਮ ਨਾ ਹੋਇਆ-ਮੈਂ ਫੇਰ ਸਮਾਈ ਜੀ ਕਰ ਕੇ ਆਖਿਆ ਬਈ ਲਿਆ ਕੁਛ ਖਾਣ ਖੂਣ ਨੂੰ ਈ ਦੇ-ਦੇ, ਸੁੱਕੀ ਦਾਰੂ ਤਾਂ ਤੰਗ ਕਰੂਗੀ-ਕੁੜੀ ਯਾਵ੍ਹੇ ਦੀ ਮੱਚੀ ਸੜੀ ਵੀ ਮੇਰੇ ਮੂਹਰੇ ਮਤਰੇਏ ਜੁਆਕ ਮਾਂਗੂੰ ਨੂਣ ਆਲੀਆਂ ਪਕੌੜੀਆਂ ਜੀਆਂ ਸਿੱਟਗੀ ਤੇ ਫੇਰ ਜਾ ਕੇ ਸੂਲ ਹੋਣ ਆਲ਼ਿਆਂ ਮਾਂਗੂੰ ਮੇਹਲਣ ਲੱਗਪੀ! ਮੈਂ ਫੇਰ ਮਨ ਨੂੰ ਸਮਝਾਈ ਰੱਖਿਆ ਬਈ ਮਨਾਂ, ਕਾਹਨੂੰ! ਤੇ ਇਕ ਪੈੱਗ ਹੋਰ ਸਿੱਟ ਲਿਆ-ਤੈਨੂੰ ਪਤੈ ਭਲਵਾਨਾ ਬਈ ਜਦੋਂ ਬੰਦਾ ਕਰੋਧ 'ਚ ਹੋਵੇ-ਪੈੱਗ ਵੱਡਾ ਮਾਰਦੈ!"

-''ਬਿਲਕੁਲ ਬਾਈ ਫ਼ੌਜੀਆ....!'' ਭਲਵਾਨ ਨੇ ਵੀ ਵੋਟ ਉਸ ਦੇ ਹੱਕ 'ਚ ਭੁਗਤਾਈ।

-''ਮੈਂ ਸਾਰੇ ਦਿਨ ਦਾ ਥੱਕਿਆ ਹੰਭਿਆ ਹੋਇਆ-ਗੁਰਦੁਆਰੇ ਦੇ ਕੁੱਤੇ ਮਾਂਗੂੰ ਰੋਟੀ ਦੀ ਝਾਕ 'ਚ ਬੈਠਾ-ਸਾਲੀ ਹਟਣ ਦਾ ਨਾਂ ਈ ਨਾ ਲਵੇ! ਉਹੀ ਘਤਿੱਤਾਂ-ਕਦੇ ਢਿੱਡ ਜਿਆ ਹਿਲਾਉਣ ਲੱਗਪੇ-ਕਦੇ ਨਾਸਾਂ 'ਚੋਂ ਲੰਮੇ ਲੰਮੇ ਸਾਹ ਜੇ ਖਿੱਚਣ ਲੱਗਪੇ-ਕਦੇ ਆਬਦੀਆਂ ਉਂਗਲਾਂ ਜੀਆਂ ਆਪ ਈ ਦੱਬਣ ਡਹਿਜੇ-ਕਦੇ ਨਹੁੰਆਂ ਨਾਲ਼ ਨਹੁੰ ਜੇ ਰਗੜਨ ਲੱਗਪੇ-ਕਦੇ ਕੁਛ ਸਿਆਪਾ, ਕਦੇ ਕੁਛ...!''

-''ਫੇਰ....?'' ਸੁੱਖਾ ਬੋਲਿਆ।

-''ਬੱਸ ਫੇਰ ਸੁੱਖਾ ਸਿਆਂ-ਜੁਆਕ ਤਾਂ ਚਲੇ ਗਏ ਸੌਣ-ਤੇ ਅਜੇ ਮੈਂ ਰੋਟੀ ਬਾਰੇ ਈ ਆਖਿਆ ਸੀ-ਫੇਰ ਡੂੰਮਣੇ ਮਖਿਆਲ਼ ਮਾਂਗੂੰ ਮੇਰੇ ਮਗਰ ਪੈਗੀ-ਅਖੇ ਰੋਟੀ ਨੂੰ ਐਡੀ ਛੇਤੀ ਜਾਨ ਨਿਕਲਦੀ ਐ? ਮੈਂ ਜੋਗਾ ਤਾਂ ਕਰਲਾਂ! ਮੈਂ ਸਾਰੇ ਦਿਨ ਦਾ ਸਤਿਆ ਵਿਆ-ਤੇ ਬੀਰ ਮੇਰਿਆ, ਮੈਂ ਚੱਪਲੀ ਲਈ ਚੱਕ ਤੇ ਜਿੱਥੇ ਪੈਂਦੀ ਐ ਪੈਣ ਦੇ...! ਚੰਗੀ ਦੁਰਬੜੀ ਲਾਈ! ਨਾਲੇ ਤਾਂ ਮੈਂ ਧੌਣ 'ਚ ਚੱਪਲੀਆਂ ਠੋਕੀ ਜਾਵਾਂ ਤੇ ਨਾਲੇ ਆਖਾਂ, ਲਿਆ ਕੱਢ ਆਬਦੇ ਜੋਗੇ ਆਲੇ ਜੰਤਰ...!''

ਹਾਸੜ ਮੱਚ ਗਈ।

-''ਜੁਆਕਾਂ ਨੂੰ ਨ੍ਹੀ ਪਤਾ ਲੱਗਿਆ...?'' ਬਾਈ ਬਰਾੜ ਨੇ ਹਾਸਾ ਰੋਕ ਕੇ ਪੁੱਛਿਆ।

-''ਜੁਆਕ ਆਬਦੇ ਆਬਦੇ ਕਮਰੇ ਬੰਦ ਕਰਕੇ ਸੌਂ ਗਏ-ਉਹ ਸਾਰੀ ਰਾਤ ਸਾਡੇ 'ਚ ਈ ਕੰਨ ਰੱਖਦੇ?''

-''ਤੇ ਚੱਕ ਮੇਰੇ ਭਾਈ...! ਸਾਲੀ ਚੱਕ ਕੇ ਪੁਲਸ ਨੂੰ ਫੂਨ ਘੁਮਾਉਣ ਲੱਗੀ-ਫੂਨ ਦਾ ਰਿਸੀਵਰ ਦੇਖ ਕੇ ਮੇਰੀ ਵੀ ਦਾਰੂ ਜੀ ਉਤਰਗੀ-ਮੈਂ ਵੀ ਓਪਰੇ ਜਿਹੇ ਹੱਥ ਨਾਲ ਫ਼ੋਨ ਹੱਥ 'ਚੋਂ ਫੜ ਲਿਆ-ਉਹਨੇ ਵੀ ਬਹੁਤੀ ਕੋਈ ਹੀਲ ਹੁੱਜਤ ਨਾ ਕੀਤੀ-ਫੇਰ ਵੀ ਘਰਆਲ਼ੀ ਸੀ? ਰੋਟੀ ਲਾਹਤੀ-ਮੈਂ ਜਿਹੜੀ ਮਾੜੀ ਮੋਟੀ ਖਾਣੀ ਸੀ, ਖਾ ਲਈ-ਭੁੱਖ ਤਾਂ ਮੇਰੀ ਉਂ ਈਂ ਮਰਗੀ ਸੀ...!''

-''ਹੁਣ ਕਿਮੇਂ ਐਂ....?''

-''ਹੁਣ ਕੀ ਸੁਆਹ ਹੋਣਾ ਸੀ? ਬੱਸ ਉਹ ਹੀ ਬੈਂਗਾਂ ਤੇ ਉਹੀ ਕੁਹਾੜੀ...! ਸਮਝ ਸਾਲੀ ਨੂੰ ਉਹਨੂੰ ਵੀ ਲੱਗ ਗਈ ਬਈ ਪੁਲਸ ਤੋਂ ਡਰਦਾ ਮੈਨੂੰ ਕੁੱਟਦਾ ਨ੍ਹੀ-ਹੁਣ ਜਦੋਂ ਵੀ ਮੈਂ ਘਰੇ ਆਉਨੈਂ ਬੱਸ ਢਿੱਡ ਜਿਆ ਹਿਲਾਈ ਜਾਂਦੀ ਹੁੰਦੀ ਐ-ਰੋਟੀ ਮੇਰੀ ਲਾਹ ਕੇ ਪਹਿਲਾਂ ਈ ਰੱਖੀ ਹੁੰਦੀ ਐ-ਬੀਰ ਮੇਰਿਓ...! ਰੋਟੀ ਮਾਈਕਰੋਵੇਵ 'ਚ ਤੱਤੀ ਕਰ ਲਈਦੀ ਐ ਤੇ ਝੁਲ਼ਸ ਲਈਦੀ ਐ-ਕੀ ਸੁਆਹ ਜੂਨ ਐਂ ਮੇਰੀ...? ਕੰਮ ਵੀ ਕਿਹੜੇ ਕੰਜਰ ਆਸਤੇ ਕਰਨੈਂ? ਜਦੋਂ ਘਰ 'ਚ ਈ ਪੁੱਛ ਗਿੱਛ ਨ੍ਹੀ! ਹੁਣ ਮੇਰਾ ਤਲਾਕ ਬਿਨਾ ਸਰਨਾ ਨ੍ਹੀ-ਚੰਗੇ ਭਲੇ ਘੁੱਗ ਵਸਦੇ ਸੀ-ਚਿੜੀ ਚੂਕਦੀ ਨ੍ਹੀ ਸੀ ਸੁਣਦੀ-ਆਹ ਦੇਖਲੋ ਕੱਖੋਂ ਹੌਲਾ ਹੋਇਆ ਬੈਠੈਂ ਮਿੱਤਰੋ!'' ਦਾਰੂ ਦੇ ਨਸ਼ੇ ਵਿਚ ਫ਼ੌਜੀ ਰੋਣ ਲੱਗ ਪਿਆ। ਸਾਰੇ ਉਸ ਨੂੰ ਧਰਵਾਸ ਦਿੰਦੇ, ਵਿਰਾਉਂਦੇ ਰਹੇ। ਪਰ ਫ਼ੌਜੀ ''ਹਾਏ ਜੋਗਾ...!'' ਆਖ ਕੇ ਵਾਰ ਵਾਰ ਧਾਹ ਮਾਰਦਾ ਰਿਹਾ...!

ਹਰਦੇਵ ਉਸ ਦਾ ਰੰਡੀ ਰੋਣਾ ਸੁਣ ਕੇ ਘਰ ਨੂੰ ਆ ਗਿਆ। ਉਹ ਗਿਆ ਤਾਂ ਮਨ ਹੌਲ਼ਾ ਕਰਨ ਲਈ ਸੀ। ਪਰ ਦੁੱਖ ਸਬਾਇਆ ਜੱਗ, ਵਾਂਗ ਉਥੇ ਤਾਂ ਸਾਰੇ ਹੀ ਦੁਖੀ ਸਨ।

ਅਗਲੇ ਦਿਨ ਦੀਪ ਦਾ ਫ਼ੋਨ ਆ ਗਿਆ।

ਉਹ ਅਮਰੀਕਾ ਅਤੇ ਕੈਨੇਡਾ ਦੇ ਟੂਰ ਤੋਂ ਵਾਪਸ ਆ ਗਈ ਸੀ। ਪਾਪਾ ਜੀ ਨਾਲ਼ ਉਸ ਦੀ ਗੱਲ ਬਾਤ ਹੋ ਗਈ ਸੀ ਅਤੇ ਉਹ ਤਲਾਕ ਦੇ ਕਾਗਜ਼ਾਂ 'ਤੇ ਦਸਤਖ਼ਤ ਕਰਨ ਲਈ ਤਿਆਰ ਸੀ। ਪਾਪਾ ਜੀ ਨੇ ਉਸ ਨੂੰ ਹਰੀ ਝੰਡੀ ਦੇ ਦਿੱਤੀ ਸੀ। ਉਸ ਨੇ ਆਪਣੇ ਵੱਲੋਂ ਵਕੀਲ ਤੋਂ ਇਕ ਐਫ਼ੀਡੇਵਿਟ ਵੀ ਤਿਆਰ ਕਰਵਾ ਲਿਆ ਸੀ। ਜਿਹੜਾ ਉਸ ਦੀ ਗ਼ੈਰਹਾਜ਼ਰੀ ਵਿਚ ਤਲਾਕ ਲੈਣ ਦੀ ਪੁਸ਼ਟੀ ਕਰੇਗਾ। ਉਸ ਨੇ ਹਰਦੇਵ ਨੂੰ ਡੋਰਿੰਟ ਹੋਟਲ ਬੁਲਾਇਆ ਸੀ। ਕੀ ਖੱਟਿਆ ਦੂਜਾ ਵਿਆਹ ਕਰਕੇ? ਕੀਤੀ ਕਮਾਈ ਕਿਸ ਰਾਸ ਆਈ? ਮੀਤੀ ਨੂੰ ਛੱਡ ਕੇ, ਦੂਜਾ ਵਿਆਹ ਕਰਕੇ ਹੁਣ ਜੁਆਕਾਂ ਦਾ ਪਿਉ ਬਣ ਗਿਆ? ਮੈਂ ਤਾਂ ਜਿੰਨੀ ਕੁ ਜੋਕਰਾ ਸੀ, ਸਾਲ਼ੀ ਨੇ ਉਹ ਵੀ ਖ਼ੱਸੀ ਕਰ ਧਰਿਆ! ਕਰ ਲਈ ਐਸ਼ ਨਵੀਂ ਜਨਾਨੀ ਨਾਲ਼? ਮੀਤੀ ਕੀ ਮਾੜੀ ਸੀ? ਦੁੱਖ ਸੁੱਖ ਦੀ ਭਾਈਵਾਲ਼ ਤਾਂ ਸੀ! ਬਾਪੂ ਬੇਬੇ ਨੂੰ ਫ਼ੋਨ ਕਰਦੀ ਰਹਿੰਦੀ ਸੀ। ਇਹਨੇ ਤਾਂ ਕਦੇ ਬੇਬੇ ਬਾਪੂ ਦਾ ਨਾਂ ਵੀ ਬੁੱਲ੍ਹਾਂ 'ਤੇ ਨਹੀਂ ਲਿਆਂਦਾ? ਹਰਦੇਵ ਅੰਦਰੋਂ ਬੁਰੀ ਤਰ੍ਹਾਂ ਨਾਲ਼

ਟੁੱਟ ਗਿਆ ਸੀ। ਉਸ ਦੇ ਉਲੀਕੇ ਅਰਮਾਨ ਕੁਚਲੇ ਗਏ ਸਨ। ਭਾਵਨਾਵਾਂ ਫ਼ੱਟੜ ਹੋ ਗਈਆਂ ਸਨ। ਚਾਅ ਮੁਰਝਾ ਕੇ ਸੁੱਕ ਗਏ ਸਨ ਅਤੇ ਸੁਪਨੇ ਚੂਰ ਚੂਰ ਹੋ ਗਏ ਸਨ।

ਬਿਨਾ ਦੇਰ ਕੀਤੀ ਹਰਦੇਵ ਡੋਰੰਿਟ ਹੋਟਲ ਪਹੁੰਚ ਗਿਆ।

ਦੀਪ ਅਤੇ ਸੁਮੀਤ ਬੀਅਰ ਬਾਰ ਵਿਚ ਬੈਠੇ ਸਨ। ਉਸ ਨੇ ਤਲਾਕ ਦੇ ਕਾਗਜ਼ ਅੱਗੇ ਰੱਖ ਦਿੱਤੇ। ਦੀਪ ਨੇ ਦਸਤਖ਼ਤ ਕਰ ਦਿੱਤੇ ਅਤੇ ਆਪਣੇ ਵੱਲੋਂ ਤਿਆਰ ਕਰਵਾਇਆ ਐਫ਼ੀਡੇਵਿਟ ਉਸ ਨੂੰ ਦੇ ਦਿੱਤਾ। ਇਸ ਵਿਚ ਸਪੱਸ਼ਟ ਲਿਖਿਆ ਹੋਇਆ ਸੀ ਕਿ ਮੈਂ ਹਰਦੇਵ ਤੋਂ ਤਲਾਕ ਚਾਹੁੰਦੀ ਹਾਂ ਅਤੇ ਇੰਗਲੈਂਡ ਛੱਡ ਕੇ ਜਾ ਰਹੀ ਹਾਂ। ਜਦੋਂ ਸਾਡਾ ਤਲਾਕ ਹੋ ਜਾਵੇ, ਕਿਰਪਾ ਕਰਕੇ ਪ੍ਰਵਾਨੇ ਮੈਨੂੰ ਇਸ ਭਾਰਤ ਦੇ ਪਤੇ ਉਪਰ ਭੇਜ ਦਿੱਤੇ ਜਾਣ! ਥੱਲੇ ਉਸ ਦੇ ਦਸਤਖ਼ਤ ਸਨ।

ਕਾਗਜ਼ ਲੈ ਕੇ ਹਰਦੇਵ ਮੁੜ ਆਇਆ ਅਤੇ ਸਾਰਾ ਕੁਝ ਆਪਣੇ ਵਕੀਲ ਦੇ ਹਵਾਲੇ ਕਰ ਦਿੱਤਾ।

ਹਰਦੇਵ ਦਾ ਕੰਮ ਅੱਜ ਖਤਮ ਹੋ ਗਿਆ ਸੀ। ਨਵਾਂ ਕੰਮ ਲੈਣ ਨੂੰ ਉਸ ਦਾ ਦਿਲ ਨਹੀਂ ਕਰਦਾ ਸੀ। ਕੰਮ ਕਰਨਾ ਵੀ ਕਿਸ ਲਈ ਸੀ? ਕਿਹੜਾ ਭਾਨੋ ਨੂੰ ਤੁੰਗਲ਼ ਬਣਵਾ ਕੇ ਦੇਣੇ ਸਨ? ਕੰਮ ਵਾਲ਼ਿਆਂ ਤੋਂ ਪੈਸੇ ਲੈ ਕੇ ਉਸ ਨੇ ਬੈਂਕ ਵਿਚ ਜਮਾਂਹ ਕਰਵਾ ਦਿੱਤੇ। ਹੁਣ ਉਸ ਅੱਗੇ ਸਿਰਫ਼ ਦੋ ਹੀ ਗੱਲਾਂ ਸਨ। ਭੈਣ ਅਤੇ ਭਾਈ ਦਾ ਵਿਆਹ ਕਰਨਾ! ਇਸ ਪਾਸੇ ਵੱਲ ਉਸ ਨੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਭਾਈਬੰਦਾਂ ਤੋਂ ਕੁਝ ਪੈਸੇ ਹੱਥ-ਉਧਾਰ ਵੀ ਫੜ ਲਏ।

ਮਹੀਨੇ ਕੁ ਬਾਅਦ ਉਸ ਦੇ ਕੇਸ ਦੀ ਤਾਰੀਖ਼ ਨਿਕਲੀ। ਦੀਪ ਦੀ ਗ਼ੈਰਹਾਜ਼ਰੀ ਵਿਚ ਹੀ ਤਲਾਕ ਮੰਨ ਲਿਆ ਗਿਆ। ਐਫ਼ੀਡੇਵਿਟ ਦੀਪ ਵੱਲੋਂ ਹਾਂਮੀ ਭਰ ਰਿਹਾ ਸੀ। ਜਦੋਂ ਹਫ਼ਤੇ ਕੁ ਬਾਅਦ ਉਸ ਨੂੰ ਤਲਾਕ ਦੇ ਪ੍ਰਵਾਨੇ ਮਿਲੇ ਤਾਂ ਉਸ ਨੇ ਦੋ ਮਹੀਨੇ ਦੀ ਮੌਰਗੇਜ਼ ਅਤੇ ਕੌਂਸਲ ਟੈਕਸ ਭਰਿਆ ਅਤੇ ਦੋ ਮਹੀਨੇ ਲਈ ਭਾਰਤ ਉਡਾਰੀ ਮਾਰ ਗਿਆ।

ਸਭ ਤੋਂ ਪਹਿਲਾਂ ਉਸ ਨੇ ਭੈਣ ਦਾ ਵਿਆਹ ਕੀਤਾ। ਮਾਂ ਤਾਂ ਬਿਮਾਰ ਹੀ ਰਹਿੰਦੀ ਸੀ। ਉਹ ਕਿਸੇ ਨਾਲ਼ ਬਹੁਤੀ ਗੱਲ ਨਹੀਂ ਕਰਦੀ ਸੀ। ਮੰਜੇ 'ਤੇ ਹੀ ਬੈਠੀ ਰਹਿੰਦੀ। ਜੇ ਕੁਝ ਖਾਣ ਨੂੰ ਮਿਲ ਜਾਂਦਾ ਤਾਂ ਖਾ ਲੈਂਦੀ, ਨਹੀਂ ਤਾਂ ਕਦੇ ਕੁਝ ਮੰਗਦੀ ਵੀ ਨਹੀਂ ਸੀ! ਦੇਖਣ ਪਾਖਣ ਤੋਂ ਲੱਗਦਾ ਸੀ ਕਿ ਵਾਕਿਆ ਹੀ ਉਸ ਦਾ ਦਿਮਾਗ ਹਿੱਲ ਗਿਆ ਸੀ। ਥੋੜਾ ਸਮਾਂ ਪਾ ਕੇ ਉਸ ਨੇ ਛੋਟੇ ਭਰਾ ਸੁਖਦੇਵ ਦਾ ਵਿਆਹ ਵੀ ਕਰ ਦਿੱਤਾ। ਖੇਤ ਵਾਲ਼ਾ ਘਰ ਉਸ ਨੂੰ ਸੰਭਾਲ਼ ਦਿੱਤਾ ਅਤੇ ਅੱਧੀ ਜ਼ਮੀਨ ਉਸ ਨੂੰ ਦੇ ਦਿੱਤੀ। ਪਸ਼ੂ ਸਾਰੇ ਹੀ ਉਸ ਨੇ ਸੁਖਦੇਵ ਨੂੰ ਰਜਾਮੰਦੀ ਨਾਲ਼ ਹੀ ਸੌਂਪ ਦਿੱਤੇ ਸਨ। ਕਿਹੜਾ ਉਸ ਨੇ ਹੁਣ ਮੱਝਾਂ ਦੀ ਧਾਰ ਕੱਢਣੀ ਸੀ? ਜਾਂ ਹਲ਼ ਵਾਹੁੰਣਾ ਸੀ? ਆਪਣੇ ਹਿੱਸੇ ਦੀ ਜ਼ਮੀਨ ਉਸ ਨੇ ਸਰਪੰਚ ਨੂੰ ਪੰਜ ਸਾਲ ਲਈ ਠੇਕੇ 'ਤੇ ਦੇ ਦਿੱਤੀ ਅਤੇ ਪੰਜ ਸਾਲ ਦਾ ਠੇਕਾ ਪੇਸ਼ਗੀ ਲੈ ਕੇ ਪੰਜ ਸਾਲ ਲਈ ਫ਼ਿਕਸ ਡਿਪੌਜ਼ਿਟ ਕਰਵਾ ਬੈਂਕ ਵਿਚ ਰੱਖ ਦਿੱਤਾ।

ਅਜੇ ਉਹ ਇਕੱਠੇ ਹੀ ਇਸ ਘਰ ਵਿਚ ਰਹਿੰਦੇ ਸਨ।

ਹਰਦੇਵ ਦਾ ਇੰਗਲੈਂਡ ਵਾਪਸ ਜਾਣ ਨੂੰ ਉਕਾ ਹੀ ਦਿਲ ਨਹੀਂ ਕਰਦਾ ਸੀ। ਉਹ ਬੇਬੇ ਨਾਲ਼ ਗੱਲਾਂ ਕਰਨੀਆਂ ਚਾਹੁੰਦਾ। ਪਰ ਬੇਬੇ ਸਿੱਧੀ ਸਲੋਟ ਹੀ ਹਰਦੇਵ ਵੱਲ ਝਾਕੀ ਜਾਂਦੀ। ਹਰਦੇਵ ਦਾ ਦਿਲ ਅਤੀਅੰਤ ਦੁਖੀ ਹੋ ਜਾਂਦਾ। ਉਹ ਬੇਬੇ ਨੂੰ ਸ਼ਹਿਰੋਂ ਕੁਝ ਖਾਣ ਪੀਣ ਨੂੰ ਲਿਆ ਕੇ ਦਿੰਦਾ। ਪਰ ਬੇਬੇ ਖਾਂਦੀ ਘੱਟ। ਪਰ ਖਿਲਾਰਦੀ ਬਹੁਤਾ ਸੀ। ਉਸ ਨੂੰ ਕੋਈ ਸੁਰਤ-ਸੁੱਧ ਨਹੀਂ ਸੀ। ਬੇਬੇ ਬਿਲਕੁਲ ਹੀ ਚੁੱਪ ਸੀ। ਹਰਦੇਵ ਉਸ ਨੂੰ ਬੁਲਾਉਣ ਦੀ ਕੋਸ਼ਿਸ਼ ਕਰਦਾ। ਪਰ ਉਹ ਬੋਲਦੀ ਨਹੀਂ ਸੀ। ਡਾਕਟਰਾਂ ਤੋਂ ਰਾਇ ਲਈ ਸੀ। ਉਹ ਬੇਬੇ ਨੂੰ ਕੋਈ ਅਸਹਿ ਸਦਮਾ ਲੱਗਿਆ ਹੀ ਦੱਸਦੇ ਸਨ। ਉਸ ਨੂੰ ਬਾਪੂ ਦੀ ਟੈਲੀਫ਼ੋਨ 'ਤੇ ਆਖੀ ਗੱਲ ਵਾਰ ਵਾਰ ਯਾਦ ਆਉਂਦੀ।

-''ਉਹਦੀ ਮਾਂ ਤੇ ਪਿਉ ਨੇ ਸਾਡੀ ਬੇਇੱਜ਼ਤੀ ਕਰਨ ਦੀ ਕੋਈ ਕਸਰ ਨ੍ਹੀ ਛੱਡੀ, ਹਰਦੇਵ ਸਿਆਂ! ਤੇਰੀ ਬੇਬੇ ਤਾਂ ਓਦਣ ਦੀ ਕਮਲ਼ ਜਿਆ ਮਾਰਨੋ ਈ ਨ੍ਹੀ ਹੱਟਦੀ।'' ਪਰ ਹੁਣ ਤਾਂ ਬੇਬੇ ਕੋਈ ਕਮਲ਼ ਵੀ ਨਹੀਂ ਮਾਰਦੀ ਸੀ। ਬੋਲਦੀ ਹੀ ਨਹੀਂ ਸੀ।

ਬੇਬੇ ਨੂੰ ਉਸ ਨੇ ਫਿਰ ਸ਼ਹਿਰ ਡਾਕਟਰ ਨੂੰ ਦਿਖਾਇਆ। ਉਸ ਨੇ ਆਖਿਆ ਕਿ ਸਦਮੇ ਨਾਲ਼ ਜ਼ਰੂਰੀ ਨਹੀਂ ਕਿ ਮਰੀਜ਼ ਕਮਲ਼ਿਆਂ ਵਾਂਗੂੰ ਬਰੜਾਹਟ ਹੀ ਕਰੇ। ਕਈ ਵਾਰ ਮਰੀਜ਼ ਸਦੀਵੀ ਚੁੱਪ ਵੀ ਧਾਰ ਲੈਂਦਾ ਹੈ! ਹਰਦੇਵ ਬੇਬੇ ਨੂੰ ਲੈ ਕੇ ਮੁੜ ਆਇਆ ਸੀ। ਉਸ ਦਾ ਮਨ ਕਰਦਾ ਸੀ ਕਿ ਬੇਬੇ ਉਸ ਨਾਲ਼ ਰੱਜ ਕੇ ਗੱਲਾਂ ਕਰੇ! ਲਾਹ ਸੁੱਟੇ

ਉਹ ਜਿਲਬ ਮੇਰੇ ਸੀਨੇ ਉਪਰੋਂ ਜਿਹੜੀ ਮੈਂ ਵਲਾਇਤ ਵਿਚੋਂ ਨਾਲ਼ ਲੱਦ ਲਿਆਇਆ ਸੀ। ਉਹ ਸੋਚਦਾ ਸੀ ਕਿ ਜਦੋਂ ਮੈਂ 'ਬੇਬੇ' ਆਖਾਂ ਤਾਂ ਬੇਬੇ 'ਬੁੱਸ-ਬੁੱਸ' ਕਰਦੀ, ਘੁੱਟ ਲਵੇ ਮੈਨੂੰ ਆਪਣੀ ਨਿੱਘੀ ਬੁੱਕਲ ਵਿਚ, ਤੇ ਉਤਾਰ ਦੇਵੇ ਮੇਰੇ ਗੱਡੇ ਵਰਗੇ ਭਾਰੇ ਦਿਮਾਗ ਦਾ ਬੋਝ! ਬੇਬੇ ਹੱਸ ਕੇ ਲਾਡ ਨਾਲ਼ ਅੱਗੇ ਵਾਂਗ 'ਕੁੱਤਾ' ਆਖੇ ਤਾਂ ਉੱਡ ਜਾਵੇ ਮੇਰੀ ਮਾਨਸਿਕ ਪਰੇਸ਼ਾਨੀ, ਜੋ ਮੈਂ ਵਲਾਇਤ 'ਚੋਂ ਨਾਲ਼ ਧੂਹ ਲਿਆਇਆ ਸੀ! ਬੇਬੇ ਇਕ ਵਾਰ 'ਵਾਰੀ ਪੁੱਤ' ਆਖੇ ਤਾਂ ਹੋ ਜਾਵਾਂਗਾ ਹੌਲਾ-ਹੌਲਾ ਫੁੱਲ ਵਰਗਾ! ਪਰ ਬੇਬੇ ਤਾਂ ਬੋਲਦੀ ਹੀ ਨਹੀਂ ਸੀ! ਉਹ ਕਈ ਵਾਰ ਆਪ ਕਮਲਿਆਂ ਵਾਂਗ ਉਚੀ ਸਾਰੀ 'ਬੇਬੇ' ਆਖਦਾ। ਪਰ ਬੇਬੇ ਦੇ ਮਨ 'ਤੇ ਕੋਈ ਅਸਰ ਨਹੀਂ ਹੁੰਦਾ ਸੀ। ਉਹ ਉਸ ਵੱਲ ਝਾਕ ਕੇ ਜਾਂ ਤਾਂ ਘੇਸਲ਼ ਜਿਹੀ ਵੱਟ ਜਾਂਦੀ ਅਤੇ ਜਾਂ ਫਿਰ ਪੈ ਜਾਂਦੀ। ਛੋਟਾ, ਸੁਖਦੇਵ ਆਪਣੀ ਘਰਵਾਲ਼ੀ ਨਾਲ਼ ਖੇਤ ਵਾਲ਼ੇ ਮਕਾਨ ਵਿਚ ਹੀ ਰਹਿੰਦਾ ਸੀ। ਉਹ ਆਪਣੀ ਪਤਨੀ ਨਾਲ਼ ਰੁੱਝ ਗਿਆ ਸੀ। ਭਜਨੋ ਵੀ ਕਦੇ ਕਦੇ ਆਪਣੇ ਪ੍ਰਾਹੁਣੇਂ ਨਾਲ਼ ਆ ਕੇ ਮਿਲ਼ ਜਾਂਦੀ। ਬੇਬੇ ਅਤੇ ਹਰਦੇਵ ਦੀ ਰੋਟੀ ਸੁਖਦੇਵ ਹੀ ਖੇਤੋਂ ਲੈ ਆਉਂਦਾ ਸੀ। ਹਰਦੇਵ ਨੇ ਵੀ ਉਸ ਦੀ ਮੁਹਾਰ ਖੋਲ੍ਹੀ ਹੋਈ ਸੀ ਕਿ ਉਹ ਆਪਣੇ ਘਰ ਵੱਲ ਧਿਆਨ ਦੇਵੇ! ਬੇਬੇ ਦਾ ਫ਼ਿਕਰ ਨਾ ਕਰੇ!

ਇਕ ਦਿਨ ਅੱਧੀ ਕੁ ਰਾਤ ਨੂੰ ਬੇਬੇ ਨੇ ਰੌਲ਼ਾ ਜਿਹਾ ਪਾਉਣਾ ਸ਼ੁਰੂ ਕਰ ਦਿੱਤਾ। ਜਿਵੇਂ ਉਸ ਨੂੰ 'ਦਾਬਾ' ਆ ਗਿਆ ਸੀ। ਹਰਦੇਵ ਸੁੱਤਾ ਪਿਆ-ਪਿਆ ਅੱਭੜਵਾਹੇ ਉਠਿਆ। ਲਾਈਟ ਜਗਾਈ। ਬੇਬੇ ਦੇ ਹੱਥ ਹਿੱਕ ਦੇ ਦੋਹੀਂ ਪਾਸੀਂ ਸ਼ਾਂਤ ਪਏ ਸਨ। ਉਸ ਨੇ ਬੇਬੇ ਨੂੰ ਪਾਣੀ ਦਿੱਤਾ। ਬੇਬੇ ਤੋਂ ਪੀਤਾ ਨਾ ਗਿਆ। ਉਹ ਬੋਲਣਾ ਚਾਹੁੰਦੀ ਸੀ। ਪਰ ਉਸ ਤੋਂ ਬੋਲਿਆ ਨਹੀਂ ਜਾ ਰਿਹਾ ਸੀ। ਪਤਾ ਨਹੀਂ ਬੇਬੇ ਕੀ ਆਖਣਾ ਚਾਹੁੰਦੀ ਸੀ? ਹਰਦੇਵ ਨੇ ਗੁਆਂਢੀਆਂ ਨੂੰ ਅਵਾਜ਼ ਮਾਰੀ। ਪਿੰਡ ਵਿਚੋਂ ਕਾਰ ਲਿਆਂਦੀ ਗਈ ਅਤੇ ਬੇਬੇ ਨੂੰ ਹਸਪਤਾਲ਼ ਪਹੁੰਚਾਇਆ ਗਿਆ। ਡਾਕਟਰਾਂ ਨੇ ਬੇਬੇ ਨੂੰ ਸਾਂਭ ਕੇ ਦਾਖ਼ਲ ਕਰ ਲਿਆ। ਐਕਸਰੇ ਅਤੇ ਸਕੈਨਿੰਗ ਕਰਵਾਈ ਗਈ। ਗੁਲੂਕੋਜ਼ ਸ਼ੁਰੂ ਕੀਤਾ ਗਿਆ। ਹੱਥਾਂ ਦੀਆਂ ਨਾੜਾਂ ਵਿਚ ਗੁਲੂਕੋਜ਼ ਨਹੀਂ ਚੱਲਿਆ ਸੀ। ਇਸ ਲਈ ਗਿੱਟੇ ਦੀ ਨਾੜ ਵਿਚ ਗੁਲੂਕੋਜ਼ ਲਾਇਆ ਗਿਆ ਸੀ।

ਐਕਸਰੇ ਅਤੇ ਸਕੈਨਿੰਗ ਦੀਆਂ ਰਿਪੋਰਟਾਂ ਦੱਸ ਰਹੀਆਂ ਸਨ ਕਿ ਬੇਬੇ ਦੇ ਦਿਮਾਗ ਦੀਆਂ ਨਾੜੀਆਂ ਰੁਕ ਗਈਆਂ ਸਨ। ਹਫ਼ਤਾ ਭਰ ਇਲਾਜ਼ ਚੱਲਦਾ ਰਿਹਾ। ਬੇਬੇ ਠੀਕ ਨਹੀਂ ਹੋ ਰਹੀ ਸੀ, ਸਗੋਂ ਕਦੇ ਕਦੇ ਲੰਮੀ ਬੇਹੋਸ਼ੀ ਵਿਚ ਚਲੀ ਜਾਂਦੀ ਸੀ। ਸੁਖਦੇਵ ਵੀ ਦਿਨ ਵਿਚ ਦੋ-ਦੋ ਗੇੜੇ ਮਾਰ ਜਾਂਦਾ। ਉਸ ਦੇ ਘਰਵਾਲ਼ੀ ਵੀ ਆਉਂਦੀ। ਪਰ ਹਰਦੇਵ ਸਾਰਿਆਂ ਨੂੰ ਤੋਰ ਦਿੰਦਾ। ਡਾਕਟਰ ਨੇ ਹਰਦੇਵ ਨੂੰ ਬਹੁਤ ਵਾਰ ਕਿਹਾ ਕਿ ਉਹ ਬੇਬੇ ਨੂੰ ਘਰ ਲੈ ਜਾਵੇ ਅਤੇ ਸੇਵਾ ਕਰੇ! ਹੁਣ ਬੇਬੇ ਦਾ ਅੰਤਿਮ ਸਮਾਂ ਆ ਗਿਆ ਹੈ! ਪਰ ਘਰ ਸੇਵਾ ਕਰਨ ਵਾਲਾ ਹੈ ਵੀ ਕੌਣ ਸੀ? ਕੋਈ ਵੀ ਤਾਂ ਨਹੀਂ! ਉਸ ਨੇ ਬੇਬੇ ਨੂੰ ਹਸਪਤਾਲ਼ ਰੱਖਣਾ ਹੀ ਬਿਹਤਰ ਸਮਝਿਆ। ਸਾਰੀਆਂ ਜੱਦੋਜਹਿਦਾਂ ਅਤੇ ਕੋਸ਼ਿਸ਼ਾਂ ਦੇ ਬਾਵਜੂਦ ਵੀ ਬੇਬੇ ਨੂੰ ਅਰਾਮ ਨਾ ਆਇਆ ਅਤੇ ਉਹ ਗਿਆਰ੍ਹਵੇਂ ਦਿਨ ਪੂਰੀ ਹੋ ਗਈ...! ਹਰਦੇਵ ਜੀਅ ਭਰ ਕੇ ਰੋਇਆ। ਜਿਹੜੀ ਕਸਰ ਰਹਿੰਦੀ ਸੀ। ਉਹ ਅੱਜ ਬੇਬੇ ਮਰੀ ਤੋਂ ਰੋ ਕੇ ਪੂਰੀ ਕਰ ਲਈ ਅਤੇ ਭਰਿਆ ਮਨ ਹੌਲ਼ਾ ਕਰ ਲਿਆ ਸੀ।

ਬੇਬੇ ਦੀ ਮਿੱਟੀ ਪਿੰਡ ਲਿਆਂਦੀ ਗਈ। ਰਿਸ਼ਤੇਦਾਰਾਂ ਨੂੰ ਖ਼ਬਰ ਦਿੱਤੀ ਗਈ। ਰਿਸ਼ਤੇਦਾਰ ਪਹੁੰਚਣ 'ਤੇ ਬੇਬੇ ਦਾ ਸਸਕਾਰ ਕਰ ਦਿੱਤਾ ਗਿਆ। ਸਧਾਰਨ ਪਾਠ ਦਾ ਭੋਗ ਪਾਇਆ ਅਤੇ ਬੇਬੇ ਦੇ ਫੁੱਲ ਕੀਰਤਪੁਰ ਸਾਹਿਬ ਜਲ ਪ੍ਰਵਾਹ ਕੀਤੇ ਗਏ। ਇਸ ਬਹਾਨੇ ਹਰਦੇਵ ਨੇ ਮਾਛੀਵਾੜੇ ਦੇ ਜੰਗਲ, ਸਰਸਾ ਨਦੀ, ਪ੍ਰੀਵਾਰ ਵਿਛੋੜਾ ਦੇ ਦਰਸ਼ਨ ਵੀ ਕਰ ਲਏ। ਪੀਰ ਸਾਈਂ ਬੁੱਢਣ ਸ਼ਾਹ ਦੀ ਜਗਾਹ ਅਤੇ ਬਾਬਾ ਗੁਰਦਿੱਤਾ ਜੀ ਦੇ ਗੁਰਦੁਆਰੇ ਜਾ ਕੇ ਵੀ ਮੱਥਾ ਟੇਕਿਆ ਸੀ।

ਬੇਬੇ ਦਾ ਸਾਰਾ ਕਿਰਿਆ ਕਰਮ ਅਤੇ ਅੰਤਿਮ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਹਰਦੇਵ ਨੇ ਇਕ ਦਿਨ ਆਪਣੇ ਛੋਟੇ ਭਰਾ ਸੁਖਦੇਵ ਨੂੰ ਬੁਲਾਇਆ।

-"ਦੇਖ ਛੋਟੇ ਭਾਈ! ਜਿੰਨੀ ਕੁ ਜੋਕਰਾ ਮੈਂ ਸੀ-ਕੋਈ ਕਸਰ ਬਾਕੀ ਨਹੀਂ ਛੱਡੀ! ਜਿੰਨਾ ਮੈਥੋਂ ਹੋਇਆ-ਮੈਂ ਕਰਦਾ ਰਿਹਾ! ਮੈਂ ਚੱਲਿਐਂ ਇੰਗਲੈਂਡ ਵਾਪਸ! ਹੁਣ ਤੂੰ ਇਉਂ ਕਰੀਂ! ਖੇਤ ਵਾਲ਼ਾ ਘਰ ਤੇਰਾ...! ਤੇ ਆਹ ਅੰਦਰਲਾ ਘਰ ਮੇਰਾ! ਠੀਕ ਐ...? ਕਦੇ ਲੋੜ ਪਵੇ ਤਾਂ ਬਾਈ ਨੂੰ ਜ਼ਰੂਰ ਯਾਦ ਕਰੀਂ, ਹਾਜ਼ਰ ਹੋਊਂਗਾ! ਪਰ ਆਹ ਮੇਰੇ ਆਲ਼ਾ ਘਰ ਜਿਵੇਂ ਵੀ ਹੈ-ਇਹਨੂੰ ਇਵੇਂ ਹੀ ਰਹਿਣ ਦੇਈਂ! ਇਹਨੂੰ ਨਾ ਛੇੜੀਂ! ਇਸ ਘਰ ਨਾਲ਼ ਮੇਰੀ ਜ਼ਿੰਦਗੀ ਦੀਆਂ ਵੱਡਮੁੱਲੀਆਂ ਯਾਦਾਂ ਜੁੜੀਆਂ ਹੋਈਐਂ...! ਇਹਨੂੰ ਮੈਂ ਜਿੰਦਰਾ ਲਾ ਚੱਲਿਐਂ-ਚਾਬੀ ਮੈਂ ਆਬਦੇ ਨਾਲ਼ ਲੈ

ਜਾਨੈਂ! ਜੇ ਐਸ ਘਰ ਵਿਚ ਤੇਰੀ ਕੋਈ ਚੀਜ ਵਸਤ ਹੈ-ਤਾਂ ਅੱਜ ਈ ਲੈ ਜਾਹ! ਮੁੜ ਕੇ ਮੇਰਾ ਨਿੱਕਾ ਵੀਰ ਬਣਕੇ ਜਿੰਦਰਾ ਨਾ ਭੰਨੀਂ...! ਤੇ ਨਾ ਈਂ ਕਿਸੇ ਨੂੰ ਭੰਨਣ ਦੇਈਂ! ਇਹ ਮੇਰੀ ਹਦਾਇਤ ਸਮਝਲਾ-ਨਸੀਹਤ ਸਮਝਲਾ-ਬੇਨਤੀ ਸਮਝਲਾ! ਮੈਂ ਸਾਲ ਨੂੰ ਮੁੜਾਂ-ਤੇ ਚਾਹੇ ਵੀਹਾਂ ਸਾਲਾਂ ਨੂੰ ਮੁੜਾਂ! ਇਹ ਜਿੰਦਰਾ ਮੈਂ ਆਪੇ ਆ ਕੇ ਖੋਲ੍ਹੂੰ-ਇਹਨੂੰ ਕੋਈ ਨਾ ਖੋਲ੍ਹੇ! ਪਰ ਇਸ ਘਰ ਦਾ ਤੂੰ ਖਿਆਲ ਜਰੂਰ ਰੱਖੀਂ! ਪਰ ਬਾਹਰੋ ਬਾਹਰ...!" ਹਰਦੇਵ ਨੇ ਸੁਖਦੇਵ ਨੂੰ ਸੁਣਾਈ ਕੀਤੀ।

-"ਤੂੰ ਬਾਈ ਹੁਣ ਆਵੇਂਗਾ ਕਦੋਂ?" ਸੁਖਦੇਵ ਦਾ ਵੀ ਮਨ ਭੈੜਾ ਹੋ ਗਿਆ।

-"ਵਾਹਿਗੁਰੂ ਜਾਣੇ ਨਿੱਕਿਆ...! ਹੋ ਸਕਦੈ ਮੇਰੇ ਫੁੱਲ ਈ ਆਉਣ, ਮੈਂ ਨਾ ਆਵਾਂ? ਤੇ ਹੋ ਸਕਦੈ-ਮੇਰੇ ਫੁੱਲ ਵੀ ਨਾ ਆਉਣ...? ਪਰ ਤੂੰ ਚਿੰਤਾ ਨਾ ਕਰੀਂ...! ਜਿੰਨਾਂ ਚਿਰ ਮੈਂ ਜਿਉਨੈਂ-ਤੈਨੂੰ ਪਿੱਛਾ ਨਹੀਂ ਦਿੰਦਾ! ਮੈਨੂੰ ਚਿੱਠੀ ਪੱਤਰ ਜ਼ਰੂਰ ਪਾਉਂਦਾ ਰਹੀਂ! ਤੇ ਇਕ ਗੱਲ ਹੋਰ ਯਾਦ ਰੱਖੀਂ...!"

-"......।" ਸੁਖਦੇਵ ਨੇ ਸਿਰ ਉਪਰ ਚੁੱਕਿਆ। ਉਸ ਦਾ ਮਨ ਭਰਿਆ ਹੋਇਆ ਸੀ।

-"ਆਹ ਗੱਲ ਮੇਰੀ ਧਿਆਨ ਦੇ ਕੇ ਸੁਣੀਂ! ਬਾਪੂ ਦੀ ਕੁਲ਼ ਹਰੀ ਰੱਖਣੀਂ ਐਂ-ਦੋ ਚਾਰ ਮੁੰਡੇ ਦੱਬ ਕੇ ਬਣਾਈਂ...! ਤੈਨੂੰ ਹੁਣ ਮੇਰਾ ਤਾਂ ਪਤਾ ਈ ਐ-ਵਿਆਹ ਕਰਵਾਵਾਂ-ਨਾ ਕਰਵਾਵਾਂ...? ਮੈਂ ਸੰਜੋਗ ਵਿਜੋਗ ਦੇ ਬਥੇਰੇ ਰੰਗ ਦੇਖ ਲਏ ਐ! ਕਾਠ ਦੀ ਹੱਡੀ ਛੋਟਿਆ ਵਾਰ ਵਾਰ ਨ੍ਹੀ ਚੜ੍ਹਦੀ-ਛੋਟੀ ਭਰਜਾਈ ਨਾਲ਼ ਬਣਾ ਕੇ ਰੱਖੀਂ-ਲੜੀਂ ਜਮਾਂ ਨਾ...! ਲੜਾਈ 'ਚ ਕੁਛ ਨ੍ਹੀ ਰੱਖਿਆ ਨਿੱਕਿਆ! ਰਲ਼ ਮਿਲ਼ ਕੇ ਰਿਹੋ! ਲੜਾਈਆਂ ਭੜਾਈਆਂ 'ਚੋਂ ਕੁਛ ਨਹੀਂ ਨਿਕਲਦਾ! ਆਹ ਦੇਖ ਲੈ! ਤੇਰੇ ਸਾਹਮਣੇ ਈ ਐਂ? ਦੋ ਵਿਆਹ ਕਰਵਾਕੇ ਵੀ ਬੋਤੇ ਦੀ ਪੂਛ ਅਰਗਾ ਲੰਡਾ ਈ ਫਿਰਦੈਂ! ਪਰ ਮੇਰੀ ਇਕ ਗੱਲ ਨਾ ਭੁੱਲੀਂ...! ਆਪਾਂ ਸਾਰਾ ਟੱਬਰ ਔਂਤ ਈ ਨਾ ਮਰ ਜਾਈਏ!"

-"ਤੂੰ ਫ਼ਿਕਰ ਨਾ ਕਰ ਬਾਈ...! ਰੱਬ ਭਲੀ ਕਰੂਗਾ! ਮੈਂ ਆਪਣੇ ਪ੍ਰੀਵਾਰ ਦੇ ਗਰੀਬੀ-ਅਮੀਰੀ, ਦੋਨਾਂ ਦੇ ਹਾਲਾਤਾਂ ਤੋਂ ਬੜੇ ਸਬਕ ਸਿੱਖੇ ਐ! ਜ਼ਿੰਦਗੀ ਭਰ ਮਾਰ ਨ੍ਹੀ ਖਾਂਦਾ!" ਸੁਖਦੇਵ ਬਾਈ ਦੀ ਹਿੱਕ ਨਾਲ਼ ਚਿੰਬੜ ਗਿਆ। ਬੱਚੇ ਵਾਂਗ...! ਹਰਦੇਵ ਉਸ ਨੂੰ ਕੁੱਛੜ ਚੁੱਕ ਕੇ ਤਾਂ ਖਿਡਾਉਂਦਾ ਰਿਹਾ ਸੀ।

ਹਰਦੇਵ ਨੇ ਆਪਣੇ ਪਿੰਡ ਵਾਲ਼ੇ ਘਰ ਨੂੰ ਜਿੰਦਰਾ ਮਾਰਿਆ ਅਤੇ ਫਿਰ ਇੰਗਲੈਂਡ ਆ ਗਿਆ ਸੀ। ਉਸੇ ਕੋਹਲੂ ਗੇੜ ਵਿਚ!

## ਕਾਂਡ 17

......ਹੁਣ ਹਰਦੇਵ ਕਿੰਨੇ ਜੁੱਗੜਿਆਂ ਬਾਅਦ ਪਿੰਡ ਆਇਆ ਸੀ। ਬੇਬੇ ਮਰਨ ਤੋਂ ਬਾਅਦ ਜਦ ਉਹ ਵਾਪਸ ਗਿਆ ਸੀ। ਤਾਂ ਉਸ ਨੇ ਮਨ ਵਿਚ ਇਹ ਹੀ ਧਾਰਿਆ ਸੀ ਕਿ ਉਹ ਇੰਗਲੈਂਡ ਦੀ ਧਰਤੀ 'ਤੇ ਨਹੀਂ ਰਹੇਗਾ ਅਤੇ ਨਾ ਹੀ ਹੋਰ ਵਿਆਹ ਕਰਵਾਵੇਗਾ! ਉਸ ਨੇ ਮਕਾਨ ਦੀਆਂ ਸਾਰੀਆਂ ਕਿਸ਼ਤਾਂ ਲਾਹ ਕੇ ਦੋ ਮਕਾਨ ਹੋਰ ਲੈ ਲਏ ਸਨ ਅਤੇ 'ਹੋਮ-ਸੀਕਰਜ਼' ਵਾਲ਼ਿਆਂ ਨੂੰ ਕਿਰਾਏ 'ਤੇ ਦੇ ਰੱਖੇ ਸਨ। ਉਸ ਦੀ ਹੁਣ ਸਿਰਫ਼ ਇਹ ਹੀ ਖ਼ਾਹਿਸ਼ ਸੀ ਕਿ ਉਹ ਛੇ ਮਹੀਨੇ ਜਾਂ ਸਾਲ ਬਾਅਦ ਇੰਗਲੈਂਡ ਗੇੜਾ ਮਾਰਿਆ ਕਰੇਗਾ ਅਤੇ ਕਿਰਾਇਆ ਬਗੈਰਾ ਵਸੂਲ ਕਰਕੇ, ਦੋ ਤਿੰਨ ਮਹੀਨੇ ਗਰਮੀਆਂ ਦੇ ਕੱਢ ਕੇ ਫਿਰ ਆਪਣੇ ਦੇਸ਼ ਪਰਤ ਆਇਆ ਕਰੇਗਾ। ਹੁਣ ਉਸ ਨੂੰ ਨਾ ਕਦੇ ਮੀਤੀ ਦੀ ਯਾਦ ਆਉਂਦੀ ਸੀ ਅਤੇ ਨਾ ਹੀ ਦੀਪ ਦੀ! ਉਹ ਸਿਰਫ਼ ਇਕੱਲਾ ਹੀ ਰਹਿਣਾ ਚਾਹੁੰਦਾ ਸੀ! ਜੰਗੀ ਜੀਵਨ ਤੋਂ ਉਸ ਦਾ ਮਨ ਉਚਾਟ ਹੋ ਗਿਆ ਸੀ। ਹੁਣ ਉਹ ਸ਼ਾਂਤਮਈ ਜ਼ਿੰਦਗੀ ਗੁਜ਼ਾਰਨਾ ਚਾਹੁੰਦਾ ਸੀ। ਉਹ ਇਸ ਗੱਲੋਂ ਹੈਰਾਨ ਸੀ ਕਿ ਦੋ ਦਿਨ ਹੋ ਗਏ ਸਨ, ਉਸ ਨੂੰ ਪਿੰਡ ਆਇਆਂ। ਪਰ ਉਸ ਦੇ ਛੋਟੇ ਭਰਾ ਸੁਖਦੇਵ ਨੇ ਗੇੜਾ ਨਹੀਂ ਮਾਰਿਆ ਸੀ? ਉਸ ਦਾ ਪਤਾ ਵੀ ਨਹੀਂ ਲਿਆ ਸੀ? ਚਾਹ ਪੀਣ ਸਾਰ ਹੀ ਉਹ ਸੁਖਦੇਵ ਦੇ ਖੇਤਾਂ ਵੱਲ ਨੂੰ ਹੋ ਤੁਰਿਆ।

ਜਦੋਂ ਉਸ ਨੇ ਸੁਖਦੇਵ ਦਾ ਖੇਤ ਦੇਖਿਆ ਤਾਂ ਲਹਿਰਾਂ ਬਹਿਰਾਂ ਹੋਈਆਂ ਪਈਆਂ ਸਨ। ਉਸ ਦਾ ਮਨ ਖ਼ੁਸ਼ ਹੋ ਗਿਆ।

-''ਸਾਸਰੀਕਾਲ ਬਾਈ ਜੀ...!'' ਕਿਸੇ ਨੇ ਉਸ ਨੂੰ ਬੁਲਾਇਆ। ਪਿੱਛੇ ਸੁਖਦੇਵ ਖੜ੍ਹਾ ਸੀ। ਸੁਖਦੇਵ ਦੀ ਦਾਹੜੀ ਵਿਚੋਂ ਬੱਗੋਂ ਦੀ ਭਾਅ ਮਾਰ ਰਹੀ ਸੀ। ਉਸ ਨੇ ਛੋਟੇ ਭਰਾ ਨੂੰ ਗਲਵਕੜੀ ਵਿਚ ਲੈ ਲਿਆ। ਦੋਨਾਂ ਦੀਆਂ ਅੱਖਾਂ ਨਮ ਹੋ ਗਈਆਂ। ਆਪਣਾ ਖ਼ੂਨ ਉਬਲ਼ ਪਿਆ ਸੀ। ਸਾਰੇ ਗਿ਼ਲੇ ਸ਼ਿਕਵੇ ਖ਼ਤਮ ਹੋ ਗਏ ਸਨ। ਸੁਖਦੇਵ ਉਸ ਨੂੰ ਘਰ ਲੈ ਗਿਆ। ਛੋਟੀ ਭਰਜਾਈ ਨੇ ਜੇਠ ਦਾ ਅਦਬ ਕੀਤਾ। ਪੈਰੀਂ ਹੱਥ ਲਾਏ। ਚਾਹ ਪਾਣੀ ਪੀਤਾ ਗਿਆ। ਹਰਦੇਵ ਉਠ ਕੇ ਵਿਹੜੇ ਵੱਲ ਦੇਖਣ ਲੱਗ ਪਿਆ।

-''ਕੀ ਦੇਖਦੈਂ ਬਾਈ...?'' ਸੁਖਦੇਵ ਨੇ ਉਸ ਨੂੰ ਵਿਅੰਗ ਜਿਹੇ ਨਾਲ਼ ਪੁੱਛਿਆ।

-''ਮੈਨੂੰ ਲੱਗਦੈ...? ਬਈ ਜਿਹੜੀ ਗੱਲ ਮੈਂ ਤੈਨੂੰ ਆਖ ਕੇ ਗਿਆ ਸੀ-ਉਹਦੇ 'ਤੇ ਤੂੰ ਕੋਈ ਗੌਰ ਨ੍ਹੀ ਕੀਤਾ!''

-''ਕੀਤਾ ਕਿਉਂ ਨ੍ਹੀ ਬਾਈ...? ਮੈਂ ਚੱਕਤੇ ਫ਼ੱਟੇ! ਉੜਾਤੇ ਪੱਚਰੇ!''

-''ਫੇਰ ਵਿਹੜਾ ਸੁੰਨਾਂ ਸੁੰਨਾਂ ਕਿਉਂ ਲੱਗਦੈ?''

-''ਤੇਰੇ ਸੁੱਖ ਨਾਲ਼ ਦੋ ਭਤੀਜੇ ਐ-ਦੋਨੋਂ ਈ ਨਾਨਕੀਂ ਪੜ੍ਹਦੇ ਐ...! ਐਥੇ ਪਿੰਡਾਂ 'ਚ ਸਕੂਲਾਂ ਦਾ ਬਾਈ ਤੈਨੂੰ ਪਤਾ ਈ ਐ? ਮਾਸਟਰ ਘੱਟ ਵੱਧ ਈ ਪੜ੍ਹਾਉਂਦੇ ਐ-ਇਸ ਕਰਕੇ ਨਾਨਕੀਂ ਪੜ੍ਹਨ ਲਾ ਦਿੱਤੇ!''

-''ਕਿੰਨਵੀਂ 'ਚ ਪੜ੍ਹਦੇ ਐ...?'' ਹਰਦੇਵ ਦੁੱਗਣਾ ਹੋ ਗਿਆ।

-''ਇਕ ਨੇ ਦਸਵੀਂ ਕਰ ਲਈ-ਕਾਲਜ 'ਚ ਪੜ੍ਹਦੈ! ਤੇ ਦੂਜਾ ਅੱਜ ਕੱਲ੍ਹ 'ਚ ਦਸਵੀਂ ਕਰਜੂ!''

-''ਵਾਹ ਜੀ ਵਾਹ...! ਤੂੰ ਕੀਤੀ ਐ ਮੇਰੇ ਦਿਲ ਦੀ ਗੱਲ ਪੂਰੀ-ਤੂੰ ਇਉਂ ਕਰ! ਤੂੰ ਹੁਣ ਜਾਹ ਤੇ ਮੈਨੂੰ 'ਕੱਲੀ ਭਰਜਾਈ ਨਾਲ਼ ਗੱਲ ਕਰਨ ਦੇ।'' ਉਸ ਦਾ ਸੇਰ ਖ਼ੂਨ ਵਧ ਗਿਆ ਸੀ।

-''ਦੇਖੀਂ ਬਾਈ...! ਕਿਤੇ ਮੇਰੀ ਖੇਡ ਜੀ ਵੀ ਖਰਾਬ ਕਰਦੇਂ?''

-''ਮੈਂ ਦੋ ਮਾਰੂੰ ਟੋਟਣ 'ਚ! ਵਗ ਜਾਹ ਏਥੋਂ...!''

-''ਚੰਗਾ ਬਈ...! ਸਾਡਾ ਜੇਠ ਭਰਜਾਈ ਮੂਹਰੇ ਕੀ ਜੋਰ...? ਸਾਡਾ ਕਿਹੜਾ ਜੋਰ ਮਾਮੀਏਂ? ਉਏ ਆ ਜਾਹ ਉਰ੍ਹੇ, ਕੰਜਰ ਦੀਏ...! ਨਹੀਂ ਤਾਂ ਵੱਡਾ ਬਾਈ ਭੂਸਰ ਜੂ! ਸੁਣ ਲੈ ਆ ਕੇ ਇਹਦੀ ਗੱਲ! ਪਰ ਬਚ ਕੇ ਰਹੀਂ...! ਜਿਵੇਂ ਗਾਉਣ ਆਲ਼ੇ ਗਾਉਂਦੇ ਹੁੰਦੇ ਐ: ਰਹੀਂ ਬਚ ਕੇ ਹਾਨਣੇਂ-ਹੋਰ ਨਾ ਚੜ੍ਹਾ ਦੇਵੀਂ ਕੋਈ ਚੰਦ ਨ੍ਹੀ...! ਚੇਤੇ ਰੱਖੀਂ, ਜੇਠ ਅੱਗੋਂ ਤੇ ਬੋਤਾ ਪਿੱਛੋਂ ਧਾਰ ਮਾਰਦੇ ਐ!''

-''ਉਏ ਤੂੰ ਹਟਦਾ ਨ੍ਹੀ ਬਕਵਾਸ ਕਰਨੋ? ਹੁਣ ਮੇਰੀ ਕੋਈ ਉਮਰ ਐ...? ਨਾ ਬੇਸ਼ਰਮੀਂ ਦੇਹ ਬਾਈ ਨੂੰ!''

-''ਬਾਈ, ਬੰਦਾ ਤੇ ਘੋੜਾ ਕਦੇ ਬੁੱਢੇ ਨ੍ਹੀ ਹੁੰਦੇ! ਖ਼ੁਰਾਕਾਂ ਮਿਲਣੀਆਂ ਚਾਹੀਦੀਐਂ! ਨਾਲ਼ੇ ਪੁਰਾਣੀ ਨਸਲ ਰੱਖਣ ਲਈ ਤਾਂ ਅਗਲੇ ਘੋੜ੍ਹੀ ਸੌ ਕੋਹ ਤੋਂ ਨਵੇਂ ਦੁੱਧ ਕਰਵਾ ਕੇ ਲਿਆਉਂਦੇ ਐ!''

-''ਖੜ੍ਹਜਾ, ਤੇਰੀ ਕੁੱਤੇ ਦੀ...! ਟਿੱਚਰਾਂ ਕਰਨ ਲੱਗਿਆ ਅੱਗਾ ਪਿੱਛਾ ਵੀ ਨ੍ਹੀ ਦੇਖਦਾ, ਬੇਸ਼ਰਮ ਬੰਦਾ! ਆ ਜਾਹ ਭਰਜਾਈ-ਆ ਜਾਹ! ਤੂੰ ਤਾਂ ਮੇਰੇ ਬੱਚਿਆਂ ਅਰਗੀ ਐਂ! ਇਹ ਤਾਂ ਐਵੇਂ ਭੌਂਕੀ ਜਾਂਦੈ, ਚੌਰਾ...!''

ਭਰਜਾਈ ਵੀ ਸੀਲ ਕੁੱਕੜ ਵਾਂਗ ਕੋਲ਼ ਆ ਕੇ ਬੈਠ ਗਈ।

-''ਗੱਲ ਭਰਜਾਈ ਜੀ ਇਹ ਐ! ਬਈ ਮੇਰੇ ਹਾਲਾਤਾਂ ਬਾਰੇ ਤਾਂ ਤੈਨੂੰ ਪਤਾ ਈ ਐ? ਨਾ ਮੇਰੇ ਕੋਈ ਰੰਨ-ਤੇ ਨਾ ਕੰਨ!''

-''ਕਿਹੜੀ ਗੱਲ ਕਰਤੀ ਭਾਈ ਜੀ, ਤੁਸੀਂ? ਆਹ ਸਾਰਾ ਕੁਛ ਥੋਡਾ ਈ ਐ!'' ਉਸ ਨੇ ਰਵਾਇਤੀ ਜਿਹੀ ਗੱਲ ਕਰ ਦਿੱਤੀ। ਉਹ ਸੁਭਾਅ ਦੀ ਸਿੱਧੀ ਜਿਹੀ ਔਰਤ ਸੀ।

-''ਹੈ ਤਾਂ ਸਾਰਾ ਕੁਛ ਮੇਰਾ...! ਮੇਰਾ ਤੇ ਸੁਖਦੇਵ ਦਾ ਕੁਛ ਵੰਡਿਆ ਨ੍ਹੀ! ਪਰ ਇਕ ਗੱਲ ਕਹਿਣ ਲੱਗਿਐਂ-ਤੁਸੀਂ ਮਾੜੇ ਜੇ ਕਰੜੇ ਹੋਜੋ!''

-''ਬੋਲੋ ਭਾਈ ਜੀ...? ਥੋਡੀ ਖਾਤਰ ਤਾਂ ਸਾਡੀ ਜਾਨ ਵੀ ਹਾਜਰ ਐ!''

-''ਉਏ ਗੱਲ ਬੋਚ ਕੇ ਮੂੰਹ 'ਚੋਂ ਕੱਢੀਦੀ ਐ! ਫੇਰ ਵੀ ਤੇਰਾ ਜੇਠ ਐ! ਜੇਠ ਤੇ ਬਿੱਲੇ 'ਤੇ ਕਦੇ ਇਤਬਾਰ

ਨਾ ਕਰੀਏ! ਇਹ ਖਾਂਦੇ ਘੱਟ ਡੋਲ੍ਹਦੇ ਜਿਆਦੇ ਐ! ਸਿਆਣੇ ਦਾ ਕਿਹਾ ਤੇ ਔਲ਼ੇ ਦਾ ਖਾਧਾ-ਬਾਅਦ 'ਚ ਪਤਾ ਲੱਗਦੈ!" ਅੰਦਰੋਂ ਸੁਖਦੇਵ ਬੋਲਿਆ।

-"ਉਏ ਕੁੱਤਿਆ...! ਤੂੰ ਸਾਡੀਆਂ ਗੱਲਾਂ ਸੁਣੀਂ ਜਾਨੈਂ, ਉਏ?"

-"ਬਾਈ ਜੀ ਗਲਤੀ ਹੋਗੀ...! ਮੁਆਫ਼ ਕਰ ਦਿਓ! ਮੈਂ ਤਾਂ ਬੱਸ ਆਬਦੇ ਘਰਾਂਆਲੀ ਨੂੰ ਮੱਤ ਈ ਦਿੰਦਾ ਸੀ-ਬਈ ਕਿਤੇ ਜੇਠ ਭਰਜਾਈ ਦੀ ਰਜਿਸਟਰੀ ਨਾ ਕਰਾ ਕੇ ਲੈਜੇ!"

-"ਭਰਜਾਈ...! ਤੂੰ ਇਹਨੂੰ ਭੌਂਕੀ ਜਾਣਦੇ! ਮੇਰੀ ਗੱਲ ਸੁਣ ਧਿਆਨ ਨਾਲ਼!"

-"ਹਾਂ ਜੀ...!"

-"ਲੈ ਬਈ ਹੁਣ ਨਾ ਬੋਲੀਂ...! ਨਹੀਂ ਜੁੱਤੀ ਸਿਰ 'ਚ ਆਊ! ਭਰਜਾਈ, ਇਹਨੂੰ ਛਿੱਤਰ ਖਾਣ ਦੀ ਪੁਰਾਣੀਂ ਬਾਣ ਐਂ!"

-"ਨਹੀਂ ਬੋਲਦਾ ਜੀ...! ਮਾੜੀ ਬਾਣ ਐਂ!"

-"ਗੱਲ ਭਰਜਾਈ ਇਹ ਐ! ਬਈ ਜਿਹੜੇ ਪੁੱਤ ਨੇ ਦਸਵੀਂ ਕਰ ਲਈ ਐ-ਉਹਨੂੰ ਮੈਂ ਅਡੌਪਟ ਕਰ ਕੇ ਇੰਗਲੈਂਡ ਲੈ ਜਾਨੈਂ-ਆਪੇ ਉਥੇ ਮੇਰੇ ਖਰਚੇ 'ਤੇ ਪੜ੍ਹੀ ਜਾਊ! ਤੈਨੂੰ ਮਨਜੂਰ ਐ...?"

-"ਕੀ ਕਰਕੇ ਜੀ...?" ਭਰਜਾਈ ਦੇ 'ਅਡੌਪਟ' ਸ਼ਬਦ ਜਹਾਜ ਵਾਂਗ ਸਿਰ ਤੋਂ ਦੀ ਲੰਘ ਗਿਆ ਸੀ।

-"ਮੇਰਾ ਮਤਲਬ ਗੋਦ ਲੈ ਕੇ...! ਪੁੱਤ ਤਾਂ ਉਹਨੇ ਥੋਡਾ ਈ ਰਹਿਣੈਂ! ਪਰ ਇੰਗਲੈਂਡ 'ਚ ਪੜ੍ਹ ਕੇ ਉਹਦੀ ਜ਼ਿੰਦਗੀ ਬਣ ਜਾਊ!"

-"ਸਾਡਾ ਪੁੱਤ ਕਾਹਤੋਂ ਰਹਿਣੈਂ ਜੀ? ਥੋਡਾ ਕਿਤੇ ਕੁਛ ਲੱਗਦਾ ਨ੍ਹੀ...? ਤੁਸੀਂ ਆਬਦੇ ਆਲ਼ੇ ਭਰਾ ਨਾਲ਼ ਗੱਲ ਕਰ ਲਵੋ! ਮੈਨੂੰ ਕੋਈ ਇਤਰਾਜ਼ ਨਹੀਂ!"

-"ਉਏ ਇਹਤੋਂ ਗਰੜਪੌਂਕ ਤੋਂ ਕੀ ਪੁੱਛਣੈਂ? ਇਹਨੂੰ ਤਾਂ ਮੈਂ ਕੁੱਟਦਾ ਰਿਹੈਂ! ਬੱਸ ਤੇਰੀ ਹਾਂ ਚਾਹੀਦੀ ਐ!"

-"ਇਹ ਹਾਂ ਤਾਂ ਹੋਜੂ! ਪਰ ਹੋਰ ਕਾਸੇ ਨੂੰ ਹਾਂ ਨਾ ਕਰਵਾਉਣ ਲੱਗਪੇ?"

-"ਠਹਿਰ ਜਾਹ...! ਤੂੰ ਮੇਰੇ ਬੁੜ੍ਹੇ ਦੀ ਵੀ ਲਿਹਾਜ ਨ੍ਹੀ ਕਰਦਾ, ਪੋਪਲ਼ਾ?" ਉਸ ਨੇ ਜੁੱਤੀ ਲਾਹ ਲਈ।

-"ਮੈਂ ਤਾਂ ਬਾਈ ਜੀ ਹੱਸਦਾ ਸੀ! ਜਿਵੇਂ ਤੇਰੀ ਮਰਜੀ ਐ-ਉਵੇਂ ਈ ਹੋਊ...! ਸਾਨੂੰ ਪੁੱਛਣ ਦੀ ਜਮਾਂ ਜ਼ਰੂਰਤ ਨ੍ਹੀ! ਜਿਵੇਂ ਤੇਰੀ ਮਰਜ਼ੀ ਐ-ਪੰਜ ਕਰ ਪੰਜਾਹ ਕਰ! ਦੋਵੇਂ ਪੁੱਤ ਤੇਰੇ ਐ-ਜਿਹੜੇ 'ਤੇ ਮਰਜੀ ਐ ਹੱਥ ਧਰਦੇ!"

ਹਰਦੇਵ ਬੇਫ਼ਿਕਰ ਹੋ ਗਿਆ।

-"ਚੰਗਾ! ਜਿੱਦੇਂ ਉਹਨੂੰ ਛੁੱਟੀ ਹੋਈ-ਉਹਨੂੰ ਬੁਲਾ ਕੇ ਮੇਰੇ ਕੋਲ਼ੇ ਭੇਜੀਂ! ਕਾਗਜ ਪੱਤਰ ਤਿਆਰ ਕਰੀਏ!"

ਉਹ ਰੋਟੀ ਖਾ ਕੇ ਘਰੇ ਆ ਗਿਆ। ਰੋਟੀ ਖਾ ਕੇ ਸੁਸਤੀ ਪੈ ਗਈ ਸੀ। ਉਹ ਮੰਜੇ 'ਤੇ ਲੇਟ ਗਿਆ।

ਸ਼ਾਮ ਨੂੰ ਕਿਸੇ ਤਿੱਖੀ ਜਿਹੀ ਅਵਾਜ਼ ਨੇ ਹਰਦੇਵ ਦੀ ਅੱਖ ਖੋਲ੍ਹੀ। ਉਹ ਇਕ ਤਰ੍ਹਾਂ ਨਾਲ਼ ਘੋੜੇ ਵੇਚ ਕੇ ਸੁੱਤਾ ਹੋਇਆ ਸੀ। ਸਾਰੇ ਸੰਸੇ ਨਵਿਰਤ ਹੋ ਗਏ ਸਨ। ਹੁਣ ਉਹ ਇਕ ਤਰ੍ਹਾਂ ਨਾਲ਼ ਅਜ਼ਾਦ ਸੀ।

-"ਵੇ ਮੈਖਿਆ ਦੇਵ ਘਰੇ ਈ ਐਂ...?" ਅਵਾਜ਼ ਫਿਰ ਆਈ।

-"......।" ਉਹ ਦੁਬਿਧਾ ਜਿਹੀ ਵਿਚ ਪੈ ਗਿਆ। ਇਹ 'ਦੇਵ' ਆਖਣ ਵਾਲ਼ੀ ਕੌਣ ਹੋਈ? 'ਦੇਵ' ਉਸ ਨੂੰ ਕਿਸੇ ਨੇ ਜੁੱਗੜਿਆਂ ਬਾਅਦ ਆਖਿਆ ਸੀ! ਉਹ ਜਾਗੋ-ਮੀਟੀ ਜਿਹੀ ਵਿਚ ਉਠ ਕੇ ਬੈਠ ਗਿਆ।

-"ਵੇ ਬੋਲਦਾ ਈ ਨ੍ਹੀ...? ਕਿੰਨੀਆਂ ਹਾਕਾਂ ਮਾਰੀਐਂ ਮੈਂ?" ਇਕ ਅੱਧਖੜ੍ਹ ਜਿਹੀ ਔਰਤ ਅੰਦਰ ਆਉਂਦੀ ਬੋਲੀ। ਨੈਣ ਨਕਸ਼ ਚਾਹੇ ਮੁਰਝਾ ਚੱਲੇ ਸਨ। ਪਰ ਜੁਆਨੀ ਵਾਲ਼ਾ ਸੁਹੱਪਣ ਅਜੇ ਵੀ ਪਰਦੇ ਪਿੱਛੋਂ ਗਵਾਹੀ ਭਰਦਾ ਸੀ। ਚਾਹੇ ਮਾਸ ਢਿਲ਼ਕ ਚੱਲਿਆ ਸੀ। ਪਰ ਸੰਧੂਰੀ ਗੱਲ੍ਹਾਂ ਅਜੇ ਵੀ ਨਿਰਲੇਪ ਭਾਅ ਮਾਰਦੀਆਂ ਸਨ। ਜੁਆਨੀ ਵਾਲ਼ੀ ਤੋਰ ਵਿਚ ਅਜੇ ਵੀ ਮੋਰ ਪੈਹਲ ਪਾਉਂਦਾ ਸੀ। ਚਾਹੇ ਜੋਬਨ ਜਾਣ ਲਈ ਦਰਵਾਜੇ 'ਤੇ ਖੜ੍ਹਾ ਸੀ। ਪਰ ਮੜਕ ਆਪਣੀ ਰੰਗਤਾ ਅਜੇ ਵੀ ਦਰਸਾ ਰਹੀ ਸੀ। ਉਸ ਨੂੰ ਦੇਖਣ ਪਰਖਣ ਤੋਂ ਲੱਗਦਾ ਸੀ ਕਿ ਜੁਆਨੀ ਵੇਲੇ ਉਸ ਦਾ ਨਖਰਾ ਦੁਹਾਈ ਸੀ। ਪਰ ਉਹ ਹਰਦੇਵ ਦੀ ਪਛਾਣ 'ਚ ਨਹੀਂ ਆ ਰਹੀ ਸੀ!

-"ਵੇ ਪਛਾਣਿਆਂ ਨ੍ਹੀ? ਮੈਂ ਪ੍ਰੀਤੋ ਐਂ, ਪ੍ਰੀਤੋ! ਬੰਤ ਸਿਉਂ ਕੀ...!" ਉਸ ਨੇ ਦੱਸਿਆ।

-"ਅੱਛਾ...! ਪ੍ਰੀਤੋ...? ਉਹ ਹਾਂ...! ਪ੍ਰੀਤੋ ਮਾਫ਼ ਈ ਕਰੀਂ ਬਈ ਮੈਨੂੰ...! ਮੈਂ ਤੈਨੂੰ ਸੱਚੀਂ ਨ੍ਹੀ ਪਛਾਣਿਆਂ!"

-"ਵੇ ਦੇਵ...! ਪਛਾਣੇਂ ਵੀ ਕਿਵੇਂ? ਮੁੱਦਤਾਂ ਤਾਂ ਹੋਗੀਆਂ ਆਪਾਂ ਨੂੰ ਦੇਖਿਆਂ ਨੂੰ! ਜੇ ਤੂੰ ਆਉਂਦਾ ਸੀ-ਮੈਂ ਨ੍ਹੀ ਸੀ ਐਥੇ ਹੁੰਦੀ-ਜਦੋਂ ਮੈਂ ਆਉਂਦੀ ਸੀ-ਓਦੋਂ ਨੂੰ ਤੂੰ ਵਗ ਜਾਂਦਾ ਸੀ-ਮੈਨੂੰ ਤਾਂ ਆਂਢ ਗੁਆਂਢ ਆਲ਼ੇ ਇਉਂ ਈ ਦੱਸਦੇ ਸੀ-ਬਈ ਦੇਵ ਆਇਆ ਸੀ ਤੇ ਚਲਿਆ ਗਿਆ! ਵੇ ਦੇਵ, ਸਹੁੰ ਵੱਡੇ ਮਹਾਰਾਜ ਦੀ! ਤੈਨੂੰ ਮਿਲਣ ਨੂੰ ਬਾਹਲ਼ਾ ਈ ਦਿਲ ਕਰਦਾ ਸੀ! ਤੇਰੇ ਨਾਲ਼ ਗੱਲਾਂ ਕਰਨ ਨੂੰ ਤਾਂ ਮੇਰਾ ਮਨ ਮੱਚਿਆ ਪਿਆ ਸੀ, ਸੱਚ ਜਾਣੀਂ!" ਉਸ ਦਾ ਮਨ ਭਰ ਆਇਆ ਅਤੇ ਕੋਸੇ ਕੋਸੇ ਹੰਝੂ ਮੋਤੀਆਂ ਵਾਂਗ ਗੱਲ੍ਹਾਂ 'ਤੇ ਕਿਰਨ ਲੱਗ ਪਏ।

-"ਪ੍ਰੀਤੋ...! ਰੋ ਨਾ! ਮੇਰਾ ਮਨ ਵੀ ਖਰਾਬ ਹੁੰਦੈ! ਤੇਰੀ ਸਾਰੀ ਘਾਣੀਂ ਦਾ ਈ ਮੈਨੂੰ ਪਤੈ! ਜਿੰਨਾ ਕਹਿਰ ਤੇਰੇ 'ਤੇ ਬੀਤਿਐ-ਉਸ ਤੋਂ ਕਿਤੇ ਜਿਆਦਾ ਸੰਤਾਪ ਮੈਂ ਭੋਗਿਐ! ਸੱਚ ਮੰਨੀਂ, ਮੈਂ ਤੈਨੂੰ ਐਤਕੀਂ ਜਰੂਰ ਮਿਲਣਾ ਆਉਣਾ ਸੀ-ਚਾਹੇ ਮੈਨੂੰ ਤੇਰੇ ਸਹੁਰੀਂ ਕਿਉਂ ਨਾ ਆਉਣਾ ਪੈਂਦਾ!"

-"ਵੇ ਕਾਹਦੇ ਸਹੁਰੇ ਤੇ ਕਾਹਦੇ ਪੇਕੇ, ਦੇਵ...? ਮੈਂ ਤਾਂ ਸਾਰੇ ਪਾਸਿਆਂ ਤੋਂ ਭੁੱਜੀ ਪਈ ਆਂ!" ਉਸ ਦੇ ਅੰਦਰਲਾ ਹੜ੍ਹ ਹੋਰ ਉਛਲ਼ ਪਿਆ। ਰੋਂਦੀ ਪ੍ਰੀਤੋ ਦੀ ਹਾਲਤ ਹਰਦੇਵ ਤੋਂ ਜਰੀ ਨਾ ਗਈ।

-"ਸੱਚ ਜਾਣੀਂ! ਸਹੁੰ ਮਹਾਰਾਜ ਦੀ-ਕਦੇ ਕਿਸੇ ਕੋਲ਼ੇ ਅੱਖ 'ਚੋਂ ਹੰਝੂ ਨ੍ਹੀ ਸੀ ਕੇਰਿਆ-ਅੱਜ ਤੈਨੂੰ ਮਿਲ਼ ਕੇ ਪਤਾ ਨ੍ਹੀ ਇਹ ਨਿਪੁੱਤਾ ਕਿੱਥੋਂ ਨਿਕਲ਼ ਆਇਆ? ਦੇਵ, ਸਾਰੀ ਜਿੰਦੜੀ ਹਾਉਕੇ ਭਰਦੀ ਦੀ ਨਿਕਲ਼ ਗਈ-ਕੋਈ ਦਿਨ ਵੀ ਸੁਖ ਦਾ ਨ੍ਹੀ ਦੇਖਿਆ-ਬੰਦਾ ਸੀ ਆਬਦਾ-ਚਾਹੇ ਸ਼ਰਾਬੀ ਸੀ ਚਾਹੇ ਕਬਾਬੀ ਸੀ-ਉਹ ਵੀ ਮੁੱਕ ਗਿਆ-ਉਹ ਵੀ ਨ੍ਹੀ ਰਿਹਾ! ਫੇਰ ਰੱਬ ਨੇ ਇਕ ਧੀ ਦਿੱਤੀ-ਇਲਾਜ ਖੁਣੋਂ ਵਿਚਾਰੀ ਉਹ ਤੁਰਗੀ! ਮੇਰੇ ਤਾਂ ਦੇਵ, ਉਹਦੀ ਭੋਲ਼ੀ ਜੀ ਸੂਰਤ ਸਿਲ਼ਤ ਮਾਂਗੂੰ ਦਿਲ 'ਚ ਵੜੀ ਪਈ ਐ-ਸੱਚ ਜਾਣੀਂ, ਡੁੱਬੜੀ ਜਮਾਂ ਨ੍ਹੀ ਭੁੱਲਦੀ!" ਪ੍ਰੀਤੋ ਦੇ ਗ਼ਮ ਦਾ ਉਬਾਲ਼ ਅੱਖਾਂ ਰਸਤੇ ਚੋਈ ਜਾ ਰਿਹਾ ਸੀ।

ਹਰਦੇਵ ਨੇ ਪ੍ਰੀਤੋ ਨੂੰ ਬੜੀ ਗਹੁ ਨਾਲ਼, ਧੁਰ ਤੱਕ ਤੱਕਿਆ। ਅੱਜ ਤੋਂ ਪੱਚੀ ਸਾਲ ਪਹਿਲਾਂ ਵਾਲ਼ੀ ਪ੍ਰੀਤੋ ਤਾਂ ਉਹ ਖ਼ੈਰ ਨਹੀਂ ਸੀ। ਪਰ ਉਸ ਦੀਆਂ ਅੱਖਾਂ ਜ਼ਰੂਰ 'ਦੇਵ-ਦੇਵ' ਪੁਕਾਰਦੀਆਂ ਸਨ। ਸਰੀਰ ਥੋੜ੍ਹਾ ਭਾਰੀ ਹੋ ਗਿਆ ਸੀ। ਪਹਿਲਾਂ ਵਾਲ਼ੀ ਮੜਕ ਹੁਣ ਕਿੱਥੇ ਰਹਿਣੀ ਸੀ? ਪਰ ਫਿਰ ਵੀ ਪ੍ਰੀਤੋ ਹਰਦੇਵ ਨੂੰ ਬੜੀ ਆਪਣੀ-ਆਪਣੀ ਜਿਹੀ ਲੱਗ ਰਹੀ ਸੀ। ਉਦੋਂ ਜੁਆਨੀ ਦਾ ਗੇੜ ਸੀ। ਹੁਣ ਹਰਦੇਵ ਉਸ ਨਾਲ਼ ਖੁੱਲ੍ਹ ਕੇ ਗੱਲ ਕਰਨ ਤੋਂ ਜਕ ਰਿਹਾ ਸੀ। ਸੰਕੋਚ ਕਰ ਰਿਹਾ ਸੀ। ਪਹਿਲਾ ਪਹਿਲਾ ਪਿਆਰ ਬੰਦਾ ਜ਼ਿੰਦਗੀ ਵਿਚ ਕਦੇ ਨਹੀਂ ਭੁਲਾ ਸਕਦਾ। ਇਹੀ ਹਾਲਤ ਹਰਦੇਵ ਦੀ ਹੋਈ ਪਈ ਸੀ! ਪ੍ਰੀਤੋ ਦੀ ਅੰਦਰੂਨੀ ਹਾਲਤ ਕੀ ਸੀ? ਇਹ ਹਰਦੇਵ ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸੀ।

-"ਹੁਣ ਸਹੁਰੀਂ ਰਹਿੰਨੀ ਐਂ ਕਿ ਐਥੇ, ਪੇਕੀਂ?" ਹਰਦੇਵ ਨੇ ਉਸ ਦਾ ਦਿਲ ਫ਼ਰੋਲ਼ਣ ਲਈ ਪੁੱਛ ਹੀ ਲਿਆ।

-"ਵੇ ਕਾਹਦੇ ਸਹੁਰੇ ਪੇਕੇ ਐ, ਹਰਦੇਵ? ਮੈਂ ਤਾਂ ਹੁਣ ਦੋ ਰੋਟੀਆਂ ਦੀ ਭਾਈਵਾਲ਼ ਐਂ! ਜਿੱਥੇ ਮਿਲ਼ ਜਾਂਦੀਐਂ-ਖਾ ਲੈਨੀਂ ਐਂ-ਮੇਰੀ ਤਾਂ ਫ਼ਕੀਰਾਂ ਆਲ਼ੀ ਹਾਲਤ ਹੋਈ ਪਈ ਐ! ਆਹ ਆਪਣਾ ਸਾਰਾ ਪਿੰਡ ਵੀ ਸਤਜੁਗੀ ਐ-ਜੀਹਦੇ ਘਰੇ ਮਰਜੀ ਐ, ਜਾ ਵੜਾਂ! ਕਿਸੇ ਨੇ ਕਦੇ ਜਿਉਣ ਜੋਕਰੇ ਨੇ ਮੱਥੇ ਵੱਟ ਨ੍ਹੀ ਪਾਇਆ-ਚਾਹੇ ਇਹ ਮੇਰਾ ਆਬਦਾ ਅਸਲੀ ਪਿੰਡ ਨ੍ਹੀ-ਪਰ ਫੇਰ ਵੀ ਮੈਨੂੰ ਕਦੇ ਬਿਗਾਨਾ ਪਿੰਡ ਨ੍ਹੀ ਲੱਗਿਆ-ਸਾਰੇ ਈ ਸਤਜੁਗੀ ਲੋਕ ਵਸਦੇ ਐ ਦੇਵ ਐਸ ਪਿੰਡ 'ਚ ਤਾਂ, ਸੱਚ ਜਾਣੀਂ!"

ਉਹ ਆਥਣ ਤੱਕ ਦੁਖਦੀਆਂ ਸੁਖਦੀਆਂ ਗੱਲਾਂ ਕਰਦੇ ਰਹੇ। ਇਕ ਦੂਜੇ ਦੇ ਦੁੱਖ ਵੰਡਾਉਂਦੇ ਰਹੇ। ਫੱਟਾਂ 'ਤੇ ਮੱਲ੍ਹਮ ਲਾਉਂਦੇ ਰਹੇ। ਦੋ ਦੁਖਿਆਰੇ ਇਕ ਦੂਜੇ ਲਈ ਹਮਦਰਦ ਹੀ ਤਾਂ ਬਣੇ ਬੈਠੇ ਸਨ। ਹਰਦੇਵ ਕੋਈ ਗੱਲ ਕਰਨੀ ਚਾਹੁੰਦਾ ਸੀ। ਪਰ ਗੱਲ ਉਸ ਦੇ ਮੂੰਹ 'ਤੇ ਆ ਕੇ ਮਰ ਜਾਂਦੀ ਸੀ।

-"ਪ੍ਰੀਤੋ! ਇਕ ਗੱਲ ਦੀ ਸਮਝ ਨ੍ਹੀ ਆਉਂਦੀ।" ਹਰਦੇਵ ਬੋਲਿਆ।

-"ਕਿਹੜੀ ਦੀ...?"

-"ਬਈ ਦੁਨੀਆਂ ਐਨੀ ਬੇਕਿਰਕ ਕਿਉਂ ਐਂ?"

-"ਵੇ ਦੇਵ! ਇਹ ਤਾਂ ਰੱਬ ਜਾਣੇ...! ਪਤਾ ਨ੍ਹੀ ਬੰਦਾ ਬੰਦੇ ਨੂੰ ਐਨਾ ਦੁਖੀ ਕਰਕੇ ਕਿਵੇਂ ਸੁਖ ਦੀ ਨੀਂਦ ਸੌਂ ਜਾਂਦੈ?"

-"ਸੁਖੀ ਬੰਦਾ ਵੀ ਨ੍ਹੀ ਰਹਿੰਦਾ...! ਮਾੜੇ ਕੀਤੇ ਕਰਮ ਈ ਤਾਂ ਭੁਗਤੀ ਜਾਨੇ ਐਂ! ਸਭ ਐਥੇ ਈ ਭੁਗਤ ਜਾਂਦੇ ਐ! ਅੱਗੇ ਨਰਕ ਸੁਰਗ ਕੋਈ ਨ੍ਹੀ! ਸਾਰਾ ਕੁਛ ਐਥੇ ਈ ਐ! ਨਰਕ ਦਾ ਬੰਦੇ ਨੂੰ ਡਰ ਦਿੱਤਾ ਹੋਇਐ, ਤੇ ਸੁਰਗ ਦਾ ਲਾਲਚ!"

-"ਮੈਂ ਤਾਂ ਸਾਰੀ ਉਮਰ ਨਰਕ ਈ ਭੋਗਿਐ, ਦੇਵ! ਨਾਲ਼ੇ ਕਿਸੇ ਦਾ ਕਦੇ ਦਿਲ ਨ੍ਹੀ ਸੀ ਦੁਖੀ ਕੀਤਾ...! ਸੱਚ ਜਾਣੀਂ, ਮੈਂ ਤਾਂ ਸਾਰੀ ਉਮਰ ਮੱਚਦੇ ਤਵੇ 'ਤੇ ਪਈ ਨੇ ਈ ਕੱਢੀ ਐ-ਜੇ ਆਹ ਪਿੰਡ ਆਲ਼ੇ ਮੇਰੇ ਮੱਦਤਗਾਰ ਨਾ ਹੁੰਦੇ-ਹੁਣ ਨੂੰ ਤਾਂ ਮੇਰੇ ਫੁੱਲ ਪਏ ਹੋਣੇ ਸੀ! ਜਿਉਣਾ ਵੀ ਕਾਹਦੇ ਆਸਰੇ? ਨਾ ਧੀ, ਨਾ ਪੁੱਤ! ਨਾਂ ਆਬਦਾ ਬੰਦਾ? ਉਹ ਜਾਣੇਂ! ਓਸ ਗੱਲ ਦੇ ਆਖਣ ਮਾਂਗੂੰ, ਜੇ ਬੰਦਾ ਸ਼ਰਾਬੀ ਕਬਾਬੀ ਵੀ ਹੋਊ-ਤਾਂ ਫੇਰ ਵੀ ਤੀਮੀਂ ਨੂੰ ਆਸਰਾ ਹੁੰਦੈ-ਬਈ ਮੇਰੇ ਸਿਰ 'ਤੇ ਕੋਈ, ਹੈ! ਪਰ ਮੈਂ ਤਾਂ ਦੇਵ ਰਹਿਗੀ ਰੋਹੀ ਆਲ਼ੇ ਜੰਡ ਮਾਂਗੂੰ ਰੁੰਡ ਮਰੁੰਡ...! ਕੀਹਦੇ ਕੋਲ਼ੇ ਦੁੱਖ ਰੋਵਾਂ?" ਉਹ ਫਿਰ ਡੁਸਕ ਪਈ। ਪਰ ਹੰਝੂਆਂ ਦੀ ਝੜੀ ਉਸ ਨੇ ਆਪਣੀ ਚਿੱਟੀ ਚੁੰਨੀ ਵਿਚ ਹੀ ਬੋਚ ਲਈ ਸੀ।

-"ਗੱਲ ਪ੍ਰੀਤੋ ਹੋਰ ਐ...!"

-"......।" ਪ੍ਰੀਤੋ ਨੇ ਨੱਕ ਪੂੰਝ ਕੇ ਨਜ਼ਰਾਂ ਉਚੀਆਂ ਚੁੱਕੀਆਂ।

-"ਮੈਂ ਸੋਚਦੈਂ ਬਈ ਜੁਆਨੀ ਤਾਂ ਚਲ ਰੁਲ਼ਦਿਆਂ ਖੁਲ਼ਦਿਆਂ ਨੇ ਕੱਢ ਲਈ-ਆਹ ਹੁਣ ਬੁੜ੍ਹਾਪਾ ਕਿਵੇਂ ਨਿਕਲੂ? ਬੁੜ੍ਹਾਪਾ ਕੱਢਣ ਲਈ ਬੰਦੇ ਨੂੰ ਕੋਈ ਆਹਰ ਜਰੂਰ ਚਾਹੀਦੈ!" ਉਹ ਮੋੜ ਘੋੜ ਕੇ ਖੋਤੀ ਬੋਹੜ ਹੇਠ ਲੈ ਆਇਆ।

-"ਦੇਵ! ਸੱਚ ਜਾਣੀਂ, ਬਾਹਲ਼ੀ ਲੰਘੀ ਤੇ ਥੋੜੀ ਰਹਿਗੀ? ਇਹ ਵੀ ਕਿਵੇਂ ਨਾ ਕਿਵੇਂ ਨਿਕਲ਼ ਈ ਜਾਣੀ ਐਂ!"

-"ਮੇਰੀ ਉਮਰ ਹੁਣ ਬਵੰਜਾ ਸਾਲਾਂ ਦੀ ਹੋਗੀ-ਤੇ ਤੇਰੀ ਪੰਜਾਹਾਂ ਦੀ ਤਾਂ ਹੋਊ?"

-"ਦੇਖ ਲੈ, ਤੇਰੇ ਨਾਲੋਂ ਸਾਲ ਕੁ ਈ ਪਿੱਛੇ ਪੜ੍ਹਦੀ ਸੀ ਮੈਂ? ਸੱਚ ਜਾਣੀਂ, ਹੁਣ ਤਾਂ ਸਾਰਾ ਕੁਛ ਭੁੱਲਿਆ ਪਿਐ-ਹੁਣ ਤਾਂ ਮੈਨੂੰ ਊੜਾ ਆੜਾ ਵੀ ਨ੍ਹੀ ਆਉਂਦਾ।" ਉਹ ਉਦਾਸ ਮਾਹੌਲ ਵਿਚ ਵੀ ਹੱਸ ਪਈ। ਹਾਸਾ ਹਰਦੇਵ ਦਾ ਵੀ ਨਿਕਲ਼ ਗਿਆ। ਉਹ ਸੋਚ ਰਿਹਾ ਸੀ ਕਿ ਅੱਜ ਵੀ ਪੰਜਾਬ ਦੇ ਕੁਛ ਲੋਕਾਂ ਦੇ ਮਨਾਂ ਵਿਚ ਰੱਬ ਵਸਦਾ ਸੀ। ਦਰਿਆ ਦਿਲ ਮਾਹੌਲ ਜਿਉਂਦਾ ਸੀ।

-"ਬੰਦਾ ਬੀਹ ਟਟਬੈਰ ਕਰਦੈ-ਪੜ੍ਹਦੈ! ਫ਼ੱਟੀਆਂ ਲਿਖਦੈ-ਭਾੜੇ ਸਿੱਖਦੈ-ਬੀਹ ਕੁਛ ਕਰਦੈ! ਪਰ ਅੱਗੇ ਦਾ ਕੀ ਪਤਾ ਹੁੰਦੈ ਬਈ ਗੋਹਾ ਮਿੱਧਣ ਜੋਗੇ ਈ ਰਹਿ ਜਾਣੈਂ?"

-"ਪ੍ਰੀਤੋ...? ਤੂੰ ਆਬਦੇ ਬੁੜ੍ਹਾਪੇ ਬਾਰੇ ਕਦੇ ਵੀ ਨ੍ਹੀ ਸੋਚਿਆ?"

-"ਮੇਰੇ ਸੋਚਣ ਨਾਲ਼ ਹੋਊ ਕੀ, ਦੇਵ? ਸੱਚ ਜਾਣੀਂ, ਜਿਹੜੀ ਗੱਲ ਦਾ ਕੋਈ ਲਾਭ ਈ ਨਾ ਹੋਵੇ-ਉਹਨੂੰ ਸੋਚਣ ਦਾ ਕੀ ਫ਼ਾਇਦਾ? ਹੈ ਕੋਈ ਫ਼ਾਇਦਾ...?"

-"ਤੈਨੂੰ ਉਹ ਦਿਨ ਯਾਦ ਐ? ਜਦੋਂ ਤੂੰ ਮੇਰੇ ਕਾਲਜ ਜਾਂਦੇ ਦੇ ਗੰਦੇ ਪਾਣੀਂ ਦੀ ਬਾਲਟੀ ਉਤੇ ਪਾਤੀ ਸੀ?"

-"ਵੇ ਆਹੋ...! ਮੈਂ ਭੁੱਲੀਂ ਆਂ ਕਿਤੇ ਉਹੋ ਦਿਨ...? ਨਾਲ਼ੇ ਮੈਂ ਕਿਹੜਾ ਜਾਣ ਬੁੱਝ ਕੇ ਪਾਈ ਸੀ? ਚਾਣਚੱਕ ਈ ਪੈਗੀ ਸੀ? ਤੂੰ ਬਾਹਲ਼ਾ ਭੜਾਕੂ ਤਾਂ ਊਂਈਂ ਸਾਹਣ ਮਾਂਗੂੰ ਭੂਸਰ ਗਿਆ ਸੀ! ਜਦੋਂ ਮੈਨੂੰ ਉਹ ਦਿਨ ਯਾਦ ਆਉਂਦੈ-ਸੱਚ ਜਾਣੀਂ, ਮੈਨੂੰ ਤਾਂ ਤੂੰ ਉਹੋ ਜਿਆ ਈ ਲੱਗਦੈਂ, ਦੇਵ! ਜਿਹੋ ਜਿਆ ਤੂੰ ਓਦੋਂ ਸੀ!"

-"ਹੁਣ ਤਾਂ ਬੁੜ੍ਹੇ ਹੋ ਗਏ-!"

-"ਵੇ ਉਹ ਤਾਂ ਸਾਰੀ ਦੁਨੀਆਂ ਨੇ ਈ ਹੋਣੈਂ...! ਆਪਾਂ ਕੋਈ ਅਲੈਹਦੇ ਤਾਂ ਨ੍ਹੀ ਬੁੜ੍ਹੇ ਹੋਗੇ? ਬਚਪਨ ਆਲ਼ੀਆਂ ਲਿੱਚ ਗੜਿੱਚੀਆਂ ਥੋੜੋ ਈ ਭੁੱਲਦੀਐਂ ਬੰਦੇ ਨੂੰ? ਸੱਚ ਜਾਣੀਂ, ਜੇ ਲੰਗੂਰ ਬੁੜ੍ਹਾ ਹੋ ਜਾਂਦੈ-ਬਨੇਰੇ ਟੱਪਣੋਂ ਥੋੜੋ ਭੁੱਲਦੈ ਉਹੋ?"

-"ਤੇਰੇ ਸੱਚ ਜਾਣੀਂ ਬੜਾ ਮੂੰਹ 'ਤੇ ਚੜ੍ਹਿਐ?"

–"ਵੇ ਹੋਰ ਹੁਣ ਮੂੰਹ 'ਤੇ ਗੁਲਾਲੀ ਚੜ੍ਹੂਗੀ...? ਅਵਾ ਤਵਾ ਈ ਮੂੰਹ 'ਤੇ ਚੜ੍ਹਨੈਂ!"

–"ਪ੍ਰੀਤੋ, ਇਕ ਗੱਲ ਆਖਾਂ...?"

–"ਵੇ ਸੌ ਆਖ! ਤੇਰੀਆਂ ਗੱਲਾਂ ਸੁਣਨ ਨੂੰ ਤਾਂ ਮੈਂ ਤੇਰੇ ਕੋਲ਼ੇ ਆਈ ਐਂ! ਓਦਰੀ ਪਈ ਐਂ ਮੈਂ ਤੇਰੀਆਂ ਗੱਲਾਂ ਨੂੰ ਤਾਂ ਭਾਈ...!"

–"ਮੈਂ ਇੰਗਲੈਂਡ ਵਿਚ ਕਿੰਨਾਂ ਵੀ ਸੁਖੀ ਚਾਹੇ ਦੁਖੀ ਰਿਹੈਂ-ਪਰ ਮੈਂ ਤੈਨੂੰ ਨ੍ਹੀ ਭੁਲਾ ਸਕਿਆ।" ਉਸ ਨੇ ਅੱਗਾ ਪਿੱਛਾ ਦੇਖ ਕੇ ਗੱਲ ਕੀਤੀ। ਉਹਨਾਂ ਨੂੰ ਇਤਨਾ ਵਿਸ਼ਵਾਸ ਜ਼ਰੂਰ ਸੀ ਕਿ ਸਾਡੀ ਗੱਲ ਸੁਣਨੀ ਵੀ ਕਿਸ ਨੇ ਹੈ? ਜੇ ਸਾਨੂੰ ਬੈਠਿਆਂ ਨੂੰ ਕਿਸੇ ਨੇ ਦੇਖ ਵੀ ਲਿਆ। ਤਾਂ ਸਾਡੇ 'ਤੇ ਕੋਈ ਸ਼ੱਕ ਨਹੀਂ ਕਰਦਾ। ਇਸ ਲਈ ਉਹ ਬਿਨਾ ਕਿਸੇ ਡਰ ਡੁੱਕਰ ਤੋਂ ਗੱਲਾਂ ਕਰ ਰਹੇ ਸਨ। ਪਰ ਗੱਲਾਂ ਕਰ ਬੜੀ ਹੌਲ਼ੀ ਹੌਲ਼ੀ ਰਹੇ ਸਨ।

–"ਤੂੰ ਹਮੇਸ਼ਾ ਮੇਰੇ ਦਿਲ 'ਤੇ ਚੜ੍ਹੀ ਰਹੀ ਐਂ!"

–"ਵੇ ਦੇਵ! ਸੱਚ ਜਾਣੀਂ, ਜਿੰਨਾ ਚਿਰ ਤਾਂ ਰਿਹੈ ਮੇਰਾ ਬੰਦਾ ਜਿਉਂਦਾ! ਓਨਾਂ ਚਿਰ ਤਾਂ ਮੇਰਾ ਕਿਸੇ ਵੱਲ ਨੂੰ ਖਿਆਲ ਈ ਨ੍ਹੀ ਗਿਆ-ਜਦੋਂ ਉਹ ਮੁੱਕ ਗਿਆ-ਫੇਰ ਵੀ ਬਾਹਲ਼ਾ ਕੋਈ ਦਿਲ 'ਤੇ ਨਹੀਂ ਲਾਇਆ-ਪਰ ਦੇਵ! ਸੱਚ ਜਾਣੀਂ, ਜਦੋਂ ਮੇਰੀ ਧੀ ਮੁੱਕੀ-ਉਦੋਂ ਮੈਨੂੰ ਤੇਰੀ ਬੜੀ ਯਾਦ ਆਈ! ਉਦੋਂ ਮੈਂ ਤੇਰੇ ਬਾਰੇ ਜਰੂਰ ਸੋਚਿਆ-ਮੈਂ ਬਿਲਕੁਲ 'ਕੱਲੀ ਰਹਿਗੀ ਸੀ! ਕੋਈ ਨ੍ਹੀ ਸੀ ਮੇਰਾ ਇਸ ਜੱਗ 'ਤੇ! ਆਹ ਤਾਂ ਪਿੰਡ ਵਾਲ਼ਿਆਂ ਜਿਉਣ ਜੋਕਰਿਆਂ ਨੇ ਠੁੰਮਣਾਂ ਦਿੱਤਾ ਮੈਨੂੰ!" ਉਸ ਦਾ ਫਿਰ ਰੋਣ ਛੁੱਟ ਪਿਆ।

–"ਤੂੰ ਮੈਨੂੰ ਕਦੇ ਚਿੱਠੀ ਪੱਤਰ ਈ ਪਾ ਦਿੰਦੀ?"

–"ਵੇ ਕਾਹਨੂੰ...! ਇਕ ਤਾਂ ਮੇਰੇ ਕੋਲ਼ੇ ਤੇਰਾ ਡਰੈੱਸ ਹੈਨ੍ਹੀ ਸੀ-ਦੂਜਾ ਮੈਂ ਸੋਚਿਆ ਬਈ ਆਪ ਤਾਂ ਜਿਹੜੇ ਠੂਠੇ ਖਾਨੀਂ ਐਂ-ਓਹ ਤਾਂ ਖਾਨੀਂ ਈ ਐਂ! ਤੈਨੂੰ ਬਾਧੂ ਕਾਹਤੋਂ ਤੰਗ ਕਰਾਂ...? ਨਾਲ਼ੇ ਮੈਂ ਸੋਚਿਆ, ਬਈ ਵਿਆਹਿਆ ਵਰਿਐ-ਆਬਦਾ ਰੰਗਾਂ 'ਚ ਵਸਦੈ-ਮੈਨੂੰ ਕੀ ਪਤਾ ਸੀ ਬਈ ਤੂੰ ਵੀ ਮੇਰੇ ਮਾਂਗੂੰ ਖੂਹ 'ਚ ਈ ਲਮਕੀ ਜਾਨੈਂ?"

–"ਪ੍ਰੀਤੋ...! ਮੇਰੀ ਗੱਲ ਦਾ ਗੁੱਸਾ ਨਾ ਕਰੀਂ...!"

–"ਗੁੱਸਾ ਕਾਹਤੋਂ ਕਰਨੈਂ...? ਤੂੰ ਦਿਲ ਫ਼ਰੋਲ਼ ਖੁੱਲ੍ਹ ਕੇ! ਕੋਈ ਗੱਲ ਦਿਲ 'ਚ ਨਾ ਰੱਖੀਂ! ਸੱਚ ਜਾਣੀਂ, ਅੱਗੇ ਗੱਲਾਂ ਦਿਲ 'ਚ ਰੱਖੀਆਂ ਕਰਕੇ ਤਾਂ ਆਪਣੇ ਢਿੱਡਾਂ 'ਚ ਗੋਲ਼ੇ ਬੱਝੇ ਵੇ ਐ!"

–"ਜੇ ਤੂੰ ਚਾਹੇਂ...! ਤੇਰੇ 'ਤੇ ਮੇਰਾ ਜੋਰ ਤਾਂ ਕੋਈ ਨ੍ਹੀ...! ਪਰ ਜੇ ਤੂੰ ਚਾਹੇਂ, ਆਪਣਾ ਦੋਹਾਂ ਦਾ ਬੁੜ੍ਹਾਪਾ ਈ ਸੁਖਾਲ਼ਾ ਲੰਘ ਸਕਦੈ?" ਆਖਰੀ ਅਤੇ ਆਨੇ ਵਾਲ਼ੀ ਗੱਲ ਆਖ ਕੇ ਹਰਦੇਵ ਨੇ ਪ੍ਰੀਤੋ ਦਾ ਚਿਹਰਾ ਘੋਖਣਾਂ ਸ਼ੁਰੂ ਕਰ ਦਿੱਤਾ। ਉਹ ਪ੍ਰੀਤੋ ਵੱਲ ਇੰਜ ਝਾਕ ਰਿਹਾ ਸੀ। ਜਿਵੇਂ ਡਿਊਟੀ ਤੋਂ ਲੇਟ ਹੋਇਆ ਡਰਾਈਵਰ ਲਾਲ ਬੱਤੀ ਵੱਲ ਝਾਕਦੈ! ਕਿ ਕਦੋਂ ਹਰੀ ਹੋਊ?

–"......।" ਪ੍ਰੀਤੋ ਚੁੱਪ ਰਹੀ।

–"ਆਪਾਂ ਛੋਟੇ ਭਰਾ ਸੁਖਦੇਵ ਦਾ ਵੱਡਾ ਮੁੰਡਾ ਗੋਦ ਲੈ ਲਵਾਂਗੇ-ਜੁਆਨ ਐਂ ਹੁਣ! ਕਾਲਜ 'ਚ ਪੜ੍ਹਦੈ! ਇੰਗਲੈਂਡ ਆਪਣੇ ਕੋਲ਼ੇ ਕਾਸੇ ਦੀ ਘਾਟ ਨਹੀਂ! ਦੋਵੇਂ ਜਾਣੇ ਵਸਾਂਗੇ ਰਸਾਂਗੇ? ਇਹ ਮੈਂ ਤੈਨੂੰ ਸਿਰਫ਼ ਸੁਆਲ ਈ ਪੁੱਛਿਐ? ਕਿਤੇ ਊਂ ਨਾ ਮੇਰੇ ਕੋਲ਼ੇ ਆਉਣੋਂ ਜਾਣੋਂ ਹਟਜੀਂ?"

–"ਨਹੀਂ, ਆਉਣੋਂ ਜਾਣੋਂ ਮੈਂ ਤਾਂ ਕੀ ਹਟਣੈਂ, ਦੇਵ...? ਪਰ ਐਸ ਉਮਰ ਝਾਟੇ ਖੇਹ ਪਾਉਂਦੇ ਚੰਗੇ ਲੱਗਾਂਗੇ?"

–"ਝਾਟੇ ਖੇਹ ਕਾਹਦੀ ਐ? ਸਾਰੀ ਦੁਨੀਆਂ ਈ ਆਬਦਾ ਘਰ ਵਸਾਉਂਦੀ ਆਈ ਐ? ਨਾਲ਼ੇ ਆਪਾਂ ਕਿਹੜਾ ਐਥੇ ਰਹਿਣੈਂ...? ਤੇਰਾ ਪਾਸਪੋਰਟ ਬਣਾ ਕੇ ਛੂ-ਮੰਤਰ ਹੋਜਾਂਗੇ! ਕਿਸੇ ਨੂੰ ਭਾਫ਼ ਨ੍ਹੀ ਨਿਕਲਣ ਦਿੰਦੇ।"

–"ਵੇ ਕਮਲ਼ਿਆ! ਐਹੋ ਜੀਆਂ ਗੱਲਾਂ ਕਿਤੇ ਗੁੱਝੀਆਂ ਰਹਿੰਦੀਐਂ...? ਲੋਕ ਜਿੰਨ ਅਰਗੇ ਹੁੰਦੇ ਐ-ਮਿਲਟਾਂ 'ਚ ਮਾਣਸ-ਬੂ...! ਮਾਣਸ-ਬੂ...! ਪਿੱਟਣ ਲੱਗ ਪੈਣਗੇ!"

–"ਜੇ ਲੋਕਾਂ ਦੀ ਪ੍ਰਵਾਹ ਕਰਾਂਗੇ-ਆਪਣਾ ਬੁੜ੍ਹਾਪਾ ਤਾਂ ਗਿਆ ਬੋੜੇ ਖੂਹ 'ਚ! ਇੰਗਲੈਂਡ 'ਚ ਲੋਕ ਬੁੜ੍ਹੇ ਹੋ ਕੇ ਵੀ ਬਾਂਹਾਂ 'ਚ ਬਾਂਹਾਂ ਅੜਾ ਕੇ ਤੁਰਦੇ ਐ-!"

–"ਬੂਹ ਮੈਂ ਮਰਜਾਂ...! ਵੇ ਫੋਟ੍ਹ!... ਐਡੇ ਬਸ਼ਰਮ...?" ਉਸ ਨੇ ਮੱਥੇ 'ਤੇ ਪੁੱਠਾ ਹੱਥ ਰੱਖ ਲਿਆ।

–''ਉਥੇ ਕੋਈ ਨ੍ਹੀ ਪੁੱਛਦਾ-ਉਥੇ ਹਰ ਬੰਦਾ-ਹਰ ਬੁੜ੍ਹੀ, ਆਬਦੀ ਐਸ਼ ਦੀ ਜ਼ਿੰਦਗੀ ਜਿਉਂਦੇ ਐ!''

–''ਸੱਚ ਜਾਣੀਂ...! ਮੈਥੋਂ ਤਾਂ ਨ੍ਹੀ ਐਡੀ ਬਸ਼ਰਮੀਂ ਕਰੀ ਜਾਣੀਂ...!''

–''ਦੇਖ ਪ੍ਰੀਤੋ! ਆਪਾਂ ਕਿਹੜਾ ਇਕ ਪਿੰਡ ਦੇ ਆਂ? ਤੇਰਾ ਬਾਪੂ ਬਾਹਰੋਂ ਆ ਕੇ ਈ ਵਸਿਆ ਸੀ, ਐਸ ਪਿੰਡ?''

–''ਵੇ ਵਸਿਆ ਤਾਂ ਸੀ...! ਪਰ ਹੁਣ ਤਾਂ ਮੈਨੂੰ ਆਹੀ ਆਬਦਾ ਪਿੰਡ ਲੱਗਦੈ-ਜਿੱਥੇ ਮੰਦੇ ਦਿਨ ਕੱਟੇ ਐ।''

–''ਤੂੰ ਇਉਂ ਕਰ...! ਹੁਣ ਸੁਖਦੇਵ ਰੋਟੀ ਲੈ ਕੇ ਆਉਣ ਆਲ਼ੈ! ਤੂੰ ਕੱਲ੍ਹ ਨੂੰ ਮੇਰੇ ਨਾਲ਼ ਸ਼ਹਿਰ ਚੱਲ! ਨਾਲ਼ੇ ਤਾਂ ਤੇਰਾ ਪਾਸਪੋਰਟ ਬਣਾ ਲਵਾਂਗੇ-ਤੇ ਨਾਲ਼ੇ ਮੈਨੂੰ ਬੈਂਕ 'ਚ ਕੰਮ ਐਂ!''

–''ਵੇ ਦੇਵ...! ਸੱਚ ਜਾਣੀਂ, ਮੇਰਾ ਤਾਂ ਡਮਾਕ ਕੰਮ ਨ੍ਹੀ ਕਰਦਾ! ਡਰਦੀ ਬੁੜ੍ਹਾਪੇ ਤੋਂ ਮੈਂ ਵੀ ਆਂ! ਇਹਦੇ 'ਚ ਤੇਰੇ ਕੋਲ਼ੋਂ ਕੋਈ ਓਹਲਾ ਨ੍ਹੀ...! ਪਰ ਫੇਰ ਸੋਚਦੀ ਆਂ-ਬਈ ਕਾਹਦੇ ਪਿੱਛੇ? ਪਤਾ ਨ੍ਹੀ ਜਿੰਦਗੀ ਕਿੰਨੇ ਕੁ ਦਿਨ ਐਂ? ਹੁਣ ਅਖੀਰਲੇ ਚਾਰ ਦਿਨਾਂ ਦੀ ਖਾਤਰ ਕਾਹਨੂੰ ਮੂੰਹ ਕਾਲ਼ਸ ਲਈਏ?''

–''ਮੂੰਹ ਕਾਲ਼ਸ ਇਹਦੇ 'ਚ ਕਾਹਦੀ ਐ...? ਜਿਹੜੇ ਚਾਰ ਦਿਨ ਰਹਿੰਦੇ ਐ-ਉਹ ਤਾਂ ਸੋਹਣੇ ਬਿਤਾਈਏ? ਆਪਾਂ ਜਰੂਰੀ ਤਾਂ ਨ੍ਹੀ ਬੁੜ੍ਹਾਪੇ 'ਚ ਵੀ ਭੱਠ 'ਚ ਭੁੱਜ ਕੇ ਮਰਨਾ? ਆਪਾਂ ਨੂੰ ਸੰਤਾਪ ਸੁੱਖ ਕੇ ਤਾਂ ਨ੍ਹੀ ਦਿੱਤਾ? ਰਹਿ ਆਪਾਂ ਪਿੰਡ ਵੀ ਪੈਂਦੇ? ਪਰ ਐਥੇ ਲੋਕ ਈ ਬਾਧੂ ਜਾਭਾਂ ਦਾ ਭੇੜ੍ਹ ਕਰੀ ਜਾਣਗੇ! ਆਪਾਂ ਲੋਕਾਂ ਤੋਂ ਦੂਰ ਈ ਚੰਗੇ ਐਂ! ਦੋਵੇਂ ਜੀਅ ਖਾਵਾਂਗੇ ਪੀਵਾਂਗੇ-ਬੁੱਲੇ ਵੱਢਾਂਗੇ!''

–''......।'' ਪ੍ਰੀਤੋ ਚੁੱਪ ਸੀ।

–''ਤੂੰ ਅੱਜ ਦੀ ਰਾਤ ਮਨ ਨਾਲ਼ ਰੈਅ ਕਰਲਾ! ਕੱਲ੍ਹ ਨੂੰ ਸਾਝਰੇ ਈ ਮੇਰੇ ਕੋਲ਼ੇ ਆਜੀਂ! ਹੁਣ ਸੁਖਦੇਵ ਆਉਣ ਆਲ਼ੈ-ਸ਼ੱਕ ਤਾਂ ਉਹਨੇ ਆਪਣੇ 'ਤੇ ਕੀ ਕਰਨੀ ਐਂ? ਪਰ ਓਹਲਾ ਈ ਠੀਕ ਹੁੰਦੈ!''

–''ਤੇ, ਤੇਰੀ ਰੋਟੀ ਰਾਟੀ...?''

–''ਉਹ ਤਾਂ ਸੁਖਦੇਵ ਲੈ ਈ ਆਊ-ਜੇ ਖਾਣੀਂ ਐਂ ਤਾਂ ਬਹਿਜਾ!''

–''ਨਹੀਂ, ਰੋਟੀ ਤਾਂ ਨਹੀਂ ਮੈਂ ਖਾਣੀਂ...! ਮੈਂ ਸਵੇਰੇ ਆਊਂ ਤੇਰੇ ਕੋਲ਼ੇ-ਤੂੰ ਵੀ ਆਬਦੇ ਮਨ ਨਾਲ਼, ਤਸੱਲੀ ਨਾਲ਼ ਵਿਚਾਰ ਵਟਾਂਦਰਾ ਕਰਲੀਂ-ਫੇਰ ਜਿਵੇਂ ਕਹੇਂ ਕਰਲਾਂਗੇ! ਪਰ ਇਕ ਗੱਲ ਦੱਸਾਂ ਹਰਦੇਵ? ਊਂ ਤਾਂ ਤੂੰ ਆਖੇਂਗਾ ਬਈ ਬੁੱਢੀ ਖੋਲੀ ਕੀ ਜੁਆਕਾਂ ਆਲ਼ੀਆਂ ਗੱਲਾਂ ਕਰਨ ਲੱਗਪੀ? ਪਰ ਸੱਚ ਜਾਣੀਂ! ਜਾਣੀਂ ਦੀ ਮੈਨੂੰ ਤਾਂ ਤੇਰਾ ਉਵੇਂ ਤੇਹ ਜਿਆ ਆਉਣ ਲੱਗ ਪਿਆ-ਜਿਵੇਂ ਨਿੱਕੀ ਹੁੰਦੀ ਨੂੰ ਆਉਂਦਾ ਸੀ-ਆਹ ਤਾਂ ਦੁਨੀਆਂ ਦੀ ਸ਼ਰਮ ਵੱਢ ਵੱਢ ਖਾਂਦੀ ਐ, ਬਈ ਬਾਧੂ ਮੂੰਹ ਕਾਲ਼ਾ ਹੋਊ? ਨਹੀਂ ਮੈਂ ਤਾਂ ਅੱਜ ਦੀ ਰਾਤ ਤੇਰੇ ਕੋਲ਼ੇ ਕਿਉਂ ਨਾ ਰਹਿ ਪੈਂਦੀ...?'' ਪ੍ਰੀਤੋ ਨੇ ਦਿਲ ਦੀ ਸੱਚੀ ਗੱਲ ਆਖ ਦਿੱਤੀ। ਹਰਦੇਵ ਦਾ ਜੀਅ ਕੀਤਾ ਕਿ ਪ੍ਰੀਤੋ ਨੂੰ ਜੱਫ਼ੀ ਵਿਚ ਲੈ ਕੇ ਮੂੰਹ ਚੁੰਮ ਲਵੇ। ਪ੍ਰੀਤੋ ਦਾ ਭੋਲ਼ਾ ਜਿਹਾ ਮੂੰਹ ਮੁਬਾਰਕ ਸੀ। ਸੁਲੱਖਣਾਂ ਸੀ। ਅੱਜ ਕੱਲ੍ਹ ਦੇ ਜ਼ਮਾਨੇ ਵਾਂਗ ਕਰੂਪ ਨਹੀਂ ਸੀ।

ਬਾਹਰੋਂ ਦਰਵਾਜੇ 'ਤੇ ਖੜਕਾ ਹੋਇਆ। ਸੁਖਦੇਵ ਸੀ। ਸ਼ਾਇਦ ਰੋਟੀ ਲੈ ਕੇ ਆਇਆ ਸੀ।

–''ਬੈਠ ਪ੍ਰੀਤੋ...! ਰੋਟੀ ਖਾ ਕੇ ਜਾਈਂ!'' ਹਰਦੇਵ ਬੋਲਿਆ।

–''ਵੇ ਮੈਂ ਤਾਂ ਜਾ ਕੇ ਖਾ ਈ ਲੈਣੀਂ ਐਂ, ਦੇਵ...! ਸੱਚ ਜਾਣੀਂ, ਤੇਰੇ ਨਾਲ਼ ਗੱਲਾਂ ਕਰਕੇ ਤਾਂ ਮੇਰੇ ਮਨ ਤੋਂ ਜੁੱਗੜਿਆਂ ਜੁਗਾਂਤਰਾਂ ਦਾ ਭਾਰ ਲਹਿ ਗਿਆ! ਤੂੰ ਰੋਟੀ ਖਾ-ਮੈਂ ਕੱਲ੍ਹ ਨੂੰ ਸਾਝਰੇ ਆਊਂ! ਜੇ ਸ਼ਹਿਰ ਜਾਣਾ ਹੋਇਆ-ਮੈਨੂੰ ਵੀ ਨਾਲ਼ ਲੈ ਚੱਲੀਂ! ਮੈਨੂੰ ਕੰਮ ਐਂ, ਥੋੜ੍ਹਾ ਜਿਆ-ਤੇਰੇ ਆਹਰ ਨਾਲ਼ ਮੈਂ ਵੀ ਸ਼ਹਿਰ ਦੇਖ ਆਊਂ! ਨਾਲ਼ੇ ਤੇਰੇ ਕੋਲ਼ੇ ਕਾਹਦਾ ਲੁੱਕ ਐ? ਮੇਰੇ ਸਹੁਰਿਆਂ ਨੇ ਮੈਨੂੰ ਪੰਜ ਕੁ ਕਿੱਲੇ ਜਮੀਨ ਦੇਤੀ ਸੀ ਵੰਡ ਕੇ! ਬਾਹਲ਼ਾ ਮੂੰਹ ਮੈਂ ਵੀ ਨ੍ਹੀ ਅੱਡਿਆ-ਬਈ ਬਾਧੂ ਮੱਖੀਆਂ ਈ ਪੈਣਗੀਆਂ? ਬਣਦੀ ਤਾਂ ਮੇਰੀ ਅੱਠ ਕਿੱਲੇ ਸੀ! ਪਰ ਮੈਂ ਪੰਜਾਂ 'ਤੇ ਈ ਸਬਰ ਕਰ ਲਿਆ-ਬਈ ਕਿੱਥੇ ਚੱਕ ਕੇ ਲੈ ਜਾਣੀਂ ਐਂ ਜਮੀਨ? ਬੰਦਾ ਤੁਰ ਗਿਆ-ਓਹ ਜਾਣੇਂ, ਸਾਰਾ ਕੁਛ ਆਬਦੇ ਨਾਲ਼ ਈ ਲੈ ਗਿਆ! ਮੈਂ ਨ੍ਹੀ ਜਮੀਨ ਜਮੂਨ ਦਾ ਬਾਹਲ਼ਾ ਲਾਲਚ ਕੀਤਾ-ਜਿੰਨੀ ਅਗਲਿਆਂ ਨੇ ਦੇ ਦਿੱਤੀ-ਬੱਸ ਮੈਂ 'ਗੂਠਾ ਲਾ ਕੇ ਲੈ ਲਈ! ਉਹ ਪੈਲ਼ੀ ਮੈਂ ਠੇਕੇ 'ਤੇ ਦੇ ਦਿੰਨੀ ਐਂ-ਤੇ ਮੇਰਾ ਖਰਚਾ ਬਰਚਾ ਤੁਰੀ ਜਾਂਦੈ-ਉਹਦਾ ਠੇਕਾ ਲੈਣ ਜਾਣੈਂ! ਜੇ ਤੇਰੇ ਕੋਲ਼ੇ ਟੈਮ ਹੋਇਆ? ਆਪਾਂ ਇਹ ਕੰਮ ਜਰੂਰ ਕਰ ਕੇ ਆਉਣੈਂ! ਨਹੀਂ ਮੈਨੂੰ ਐਥੋਂ ਕਿਸੇ ਜੁਆਕ ਨੂੰ ਨਾਲ਼ ਲਿਜਾਣਾ ਪਊ-ਤੇਰੇ ਨਾਲ਼ ਤਾਂ ਮਿਲਟ 'ਚ ਕੰਮ ਨਿੱਬੜਜੂ! ਬੰਦਿਆਂ ਦੇ ਈ ਭਾਅ

ਹੁੰਦੇ ਐ, ਦੇਵ!"

ਸੁਖਦੇਵ ਰੋਟੀ ਲੈ ਕੇ ਹੀ ਆਇਆ ਸੀ।

ਸ਼ਾਮ ਗੂੜ੍ਹੀ ਹੋ ਚੱਲੀ ਸੀ।

-"ਤੂੰ ਕੱਲ੍ਹ ਨੂੰ ਇਉਂ ਕਰੀਂ ਨਿੱਕਿਆ...!" ਰੋਟੀ ਖਾਂਦੇ ਹਰਦੇਵ ਨੇ ਆਖਿਆ।

-"ਬੋਲ ਬਾਈ...?"

-"ਕੀ ਨਾਂ ਐਂ ਆਪਣੇ ਵੱਡੇ ਮੁੰਡੇ ਦਾ?"

-"ਵੱਡੇ ਦਾ ਨਾਂ ਰਮਣੀਕ ਐ-ਤੇ ਛੋਟੇ ਦਾ ਸਿਮਰਨ!"

-"ਕਾਲਜ, ਰਮਣੀਕ ਈ ਪੜ੍ਹਦੈ?"

-"ਹਾਂ, ਰਮਣੀਕ ਈ ਪੜ੍ਹਦੈ...!"

-"ਕੱਲ੍ਹ ਨੂੰ ਜਾ ਕੇ ਉਹਨੂੰ ਹਫ਼ਤੇ ਕੁ ਦੀ ਛੁੱਟੀ ਦਿਵਾ ਕੇ ਲਿਆ।"

-"ਚਲਿਆ ਜਾਨੈਂ-।"

-"ਤੇ ਹੁਣ ਜਾਹ...! ਨ੍ਹੇਰਾ ਨਾ ਕਰ!" ਉਸ ਨੇ ਰੋਟੀਆਂ ਵਾਲ਼ਾ ਟਿਫ਼ਨ ਬੰਦ ਕਰਦਿਆਂ ਕਿਹਾ।

-"ਤੂੰ ਬਾਈ, ਰੋਟੀ ਖੇਤ ਆ ਕੇ ਈ ਕਿਉਂ ਨ੍ਹੀ ਖਾ ਲਿਆ ਕਰਦਾ?"

-"ਕਿਉਂ...? ਲਿਆਉਣ ਦੀ ਤਕਲੀਫ਼ ਹੁੰਦੀ ਐ?" ਹਰਦੇਵ ਹੱਸਿਆ।

-"ਨਹੀਂ, ਤਕਲੀਫ਼ ਤਾਂ ਕਾਹਦੀ ਐ? ਇਸ ਬਹਾਨੇ ਬੰਦਾ ਗੱਲਾਂ ਬਾਤਾਂ ਵੀ ਕਰ ਲੈਂਦੈ?"

-"ਜਿਗਰਾ ਰੱਖ...! ਦੋ ਚਾਰ ਕੰਮ ਐਂ! ਉਹ ਸਿਰੇ ਚਾੜ੍ਹਨ ਤੋਂ ਬਾਅਦ, ਬਥੇਰੀਆਂ ਗੱਲਾਂ ਬਾਤਾਂ ਕਰਾਂਗੇ ਆਪਾਂ।"

ਸੁਖਦੇਵ ਤੁਰ ਗਿਆ।

ਦੁੱਧ ਪੀ ਕੇ ਹਰਦੇਵ ਪੈ ਗਿਆ। ਅੱਜ ਉਹ ਪ੍ਰੀਤੋ ਅੱਗੇ ਦਿਲ ਦੀ ਗੱਲ ਰੱਖ, ਹੌਲ਼ਾ ਹੋ ਗਿਆ ਸੀ। ਪ੍ਰੀਤੋ ਮਿਲਣ ਤੋਂ ਪਹਿਲਾਂ ਉਸ ਨੂੰ ਆਪਣੀ ਜ਼ਿੰਦਗੀ ਵਿਚ ਹਨ੍ਹੇਰ ਗੁਬਾਰ ਹੀ ਦਿਸਦਾ ਸੀ। ਪਰ ਅੱਜ ਉਸ ਨੂੰ ਜ਼ਿੰਦਗੀ ਹੁਸੀਨ ਨਜ਼ਰ ਆਉਣ ਲੱਗ ਪਈ ਸੀ। ਉਸ ਨੇ ਅਕਹਿ ਆਨੰਦ ਵਿਚ ਅੱਖਾਂ ਬੰਦ ਕਰ ਲਈਆਂ। ਅੱਜ ਉਸ ਨੂੰ ਪ੍ਰੀਤੋ ਦੇ ਨੈਣ 'ਬਹਿਜਾ-ਬਹਿਜਾ' ਕਰਦੇ ਨਜ਼ਰ ਆਉਂਦੇ ਸਨ। ਭਾਵੇਂ ਪ੍ਰੀਤੋ ਦੀ ਉਹ, ਪਹਿਲਾਂ ਵਾਲ਼ੀ ਗੱਲ ਤਾਂ ਨਹੀਂ ਰਹੀ ਸੀ। ਪਰ ਦਿਲਾਂ ਦੇ ਪਿਆਰ ਦਾ ਦੁੱਧ, ਯਾਦਾਂ ਦਾ ਜਾਗ ਲਾ, ਹੁਣ ਜੰਮ ਕੇ ਫੁੱਟ ਬਣ ਗਿਆ ਸੀ। ਉਸ ਫੁੱਟ ਨੂੰ ਸਿਰਫ਼ ਪ੍ਰੇਮ ਭਾਵਨਾ ਦੀ ਮਧਾਣੀ ਦੇ ਚਾਰ ਗੇੜਿਆਂ ਦੀ ਲੋੜ ਸੀ। ਫਿਰ ਉਸ ਵਿਚੋਂ ਸਿਰਫ਼ ਰਤਨ ਹੀ ਰਤਨ ਨਿਕਲਣੇ ਸਨ ਅਤੇ ਨਵੀਂ ਰੰਗੀਨ ਦੁਨੀਆਂ ਨੇ 'ਝਾਤ' ਆਖਣੀਂ ਸੀ। ਖੇੜੇ ਦੀਆਂ ਕਿਰਨਾਂ ਨੇ ਉਸ ਦਾ ਬੇ-ਆਬਾਦ ਪਿਆ, ਵਿਹੜਾ ਭਰ ਦੇਣਾ ਸੀ। ਮੈਂ ਪ੍ਰੀਤੋ ਨੂੰ ਇਤਨਾ ਮੋਹ ਅਤੇ ਖ਼ੁਸ਼ੀ ਦਿਆਂਗਾ, ਕਿ ਉਸ ਦੀ ਰਹਿੰਦੀ ਜ਼ਿੰਦਗੀ ਸਵਰਗ ਬਣ ਜਾਵੇਗੀ। ਚਾਹੇ ਹੁਣ ਅਸੀਂ ਬੁੜ੍ਹਾਪੇ ਵਿਚ ਪ੍ਰਵੇਸ਼ ਹੋ ਗਏ ਹਾਂ। ਪਰ ਬੁੜ੍ਹਾਪੇ ਵਿਚ ਕਿਹੜਾ ਪਿਆਰ ਨਹੀਂ ਕੀਤਾ ਜਾ ਸਕਦਾ? ਪਿਆਰ ਕੋਈ ਰੇਹ ਦਾ ਗੱਡਾ ਨਹੀਂ, ਜਿਹੜਾ ਬੁੜ੍ਹਾਪੇ ਵਿਚ ਲੱਦਿਆ ਨਹੀਂ ਜਾਣਾ? ਪਿਆਰ ਇਕ ਮਮਤਾ ਹੈ, ਇਕ ਭਾਵਨਾ ਹੈ, ਜੋ ਕਦੇ ਵੀ, ਕਿਸੇ ਵੀ ਉਮਰ ਨੂੰ, ਜਾਂ ਕਿਸੇ ਵੀ ਉਮਰ ਵਿਚ ਕੀਤਾ ਜਾ ਸਕਦਾ ਹੈ! ਯਾਦਾਂ ਦੇ ਸਮੁੰਦਰ ਵਿਚ ਵਹਿੰਦੇ ਹਰਦੇਵ ਨੂੰ ਪਤਾ ਨਹੀਂ ਕਦੋਂ ਨੀਂਦ ਨੇ ਆ ਘੇਰਿਆ। ਉਸ ਦੇ ਘੁਰਾੜ੍ਹੇ ਬੇਨੇਰੇ ਟੱਪ ਰਹੇ ਸਨ। ਉਹ ਬੇਫ਼ਿਕਰੀ ਵਿਚ ਅਹਿਲ ਪਿਆ ਸੀ। ਪ੍ਰੀਤੋ ਦੀ ਮਿੱਠੀ-ਮਿੱਠੀ ਯਾਦ ਨੂੰ ਬਾਂਹਾਂ ਵਿਚ ਸਮੋਈ।

ਸਵੇਰੇ ਪਾਠੀ ਸਿੰਘ ਦੀ ਮਿੱਠੀ ਸੁਰ ਨਾਲ਼ ਹਰਦੇਵ ਦੀ ਜਾਗ ਖੁੱਲ੍ਹੀ।

ਪਾਠੀ ਸਿੰਘ ਨੇ ਹੁਕਮਨਾਮਾ ਲਿਆ।

ਰਾਗੁ

ਬਿਹਾਗੜਾ ਮਹਲਾ 4

ਅੰਮ੍ਰਿਤ ਹਰਿ ਕਾ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤ ਗੁਰਮਤਿ ਪਾਏ ਰਾਮ॥

ਹਾਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਇ ਰਾਮ॥
ਮਨੁ ਸੁਕਾ ਹਰਿਆ ਹਰਿਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ॥
ਹਰਿ ਭਾਗ ਵਡੇ ਲਿਖਿ ਪਾਇਆ ਮੇਰੀ ਜਿੰਦੁੜੀਏ ਜਨ ਨਾਨਕ ਨਾਮ ਸਮਾਏ ਰਾਮ॥....

ਹਰਦੇਵ ਉਠ ਕੇ ਬੈਠ ਗਿਆ। ਉਸ ਨੇ ਪਿਛਲੀ ਨਿੰਮ ਨਾਲੋਂ ਦਾਤਣ ਤੋੜ ਲਈ। ਦਾਤਣ ਕਰ ਕੇ ਅਤੇ ਫਿਰ ਨਹਾ ਕੇ ਉਹ ਗੁਰਦੁਆਰੇ ਚਲਾ ਗਿਆ। ਪਤਾ ਨਹੀਂ ਕਿੰਨਾ ਚਿਰ ਉਹ ਗੁਰੂ ਤਾਬਿਆ ਵਿਚ ਬੈਠਾ ਧੁਰ ਕੀ ਬਾਣੀਂ ਸਰਵਣ ਕਰਦਾ ਰਿਹਾ। ਫਿਰ ਆਸਾ ਦੀ ਵਾਰ ਦਾ ਕੀਰਤਨ ਹੋਇਆ। ਪਵਿੱਤਰ ਗੁਰਬਾਣੀ ਅਤੇ ਕੀਰਤਨ ਕਿਰਪਾ ਸਦਕਾ ਉਸ ਦੇ ਕੰਨਾਂ ਵਿਚ ਕੋਈ ਗ਼ੈਬੀ ਅੰਮ੍ਰਿਤ ਰਸ ਘੁਲ਼ਦਾ ਜਾ ਰਿਹਾ ਸੀ। ਅੱਜ ਜ਼ਿੰਦਗੀ ਵਿਚ ਉਸ ਨੂੰ ਪਹਿਲੀ ਵਾਰ ਇੰਜ ਮਹਿਸੂਸ ਹੋਇਆ। ਜਿਵੇਂ ਉਹ ਕੋਈ ਸਵਰਗੀ ਨਜ਼ਾਰਾ ਮਾਣ ਰਿਹਾ ਹੋਵੇ! ਬੱਦਲ਼ਾਂ 'ਤੇ ਬੈਠ ਉਡ ਰਿਹਾ ਹੋਵੇ! ਉਸ ਦੀ ਤਪਦੀ ਆਤਮਾ ਸੀਤ-ਸੀਤ ਹੁੰਦੀ ਜਾ ਰਹੀ ਸੀ। ਉਸ ਨੂੰ ਅਕਹਿ ਆਤਮਿਕ ਆਨੰਦ ਮਿਲਿਆ ਸੀ। ਬਲ਼ਦੀ ਧੁਖ਼ਦੀ ਅਤੇ ਭੜਕਦੀ ਆਤਮਾ ਨੇ ਜਿਵੇਂ ਪਹਿਲੀ ਵਾਰ ਕੋਈ ਸਥਿਰਤਾ ਪਕੜੀ ਸੀ। ਦੁਨੀਆਂ ਦੇ ਝਮੇਲਿਆਂ ਦੇ ਸਾਗਰ ਦੀਆਂ ਕਪੜਛੱਲਾਂ ਵਿਚ ਡੁੱਬਦਿਆਂ, ਉਸ ਨੂੰ ਪਹਿਲੀ ਵਾਰ ਕੋਈ ਕਿਨਾਰਾ ਨਜ਼ਰੀਂ ਪਿਆ ਸੀ। ਗੁਰਦੁਆਰਿਓਂ ਹੀ ਉਸ ਨੇ ਚਾਹ ਪੀਤੀ ਅਤੇ ਦੇਗ ਲੈ ਕੇ ਘਰੇ ਆ ਗਿਆ।

ਸੂਰਜ ਚੜ੍ਹਨ ਸਾਰ ਹੀ ਪ੍ਰੀਤੋ ਆ ਗਈ। ਹੱਥ ਵਿਚ ਉਸ ਦੇ ਚਾਹ ਵਾਲ਼ੀ ਗੜਵੀ ਸੀ। ਇਕ ਹੱਥ ਵਿਚ ਸਟੀਲ ਦਾ ਗਿਲਾਸ ਫੜਿਆ ਹੋਇਆ ਹੋਇਆ ਸੀ।

-"ਅਜੇ ਹੁਣੇਂ ਈ ਉਠਿਐਂ?" ਉਸ ਨੇ ਗੜਵੀ ਵਿਚੋਂ ਚਾਹ ਪਾਉਂਦੀ ਨੇ ਪੁੱਛਿਆ।

-"ਨਹੀਂ, ਮੈਂ ਤਾਂ ਉਠਿਐਂ ਕੋਈ ਚਾਰ ਵਜੇ ਦਾ!"

-"ਚਾਰ ਵਜੇ ਦਾ...? ਜੈ ਖਾਣੀਂ, ਕੋਈ ਨ੍ਹਾਈ ਧੋਈ ਕਰਨੀਂ ਸੀ?"

ਹਰਦੇਵ ਹੱਸ ਪਿਆ।

-"ਨ੍ਹਾਈਆਂ ਧੋਈਆਂ ਅਜੇ ਮੈਂ ਕਰੀ ਜਾਊਂਗਾ? ਹੁਣ ਤਾਂ ਅੱਗੇ ਜਾ ਕੇ ਨ੍ਹਾਈ ਧੋਈ ਹੋਊ, ਪ੍ਰੀਤੋ!"

-"ਨਿਰਨੇ ਕਾਲ਼ਜੇ ਤਾਂ ਕੋਈ ਚੱਜ ਦਾ ਬਚਨ ਕੱਢਲਾ, ਮੂੰਹੋਂ!"

-"ਸਵੇਰੇ ਉਠ ਕੇ ਗੁਰਦੁਆਰੇ ਗਿਆ ਸੀ-ਆਹ ਲੈ ਦੇਗ਼!"

-"ਆਹ ਤਾਂ ਤੂੰ ਬੜਾ ਵਧੀਆ ਕੀਤਾ-ਧੰਨ ਵਾਹਿਗੁਰੂ...!" ਉਸ ਨੇ ਦੇਗ ਲੈ ਲਈ।

-"ਪ੍ਰੀਤੋ...! ਤੇਰਾ ਅੰਮ੍ਰਿਤ ਛਕਣ ਬਾਰੇ ਕੀ ਖ਼ਿਆਲ ਐ?" ਉਸ ਨੇ ਚਾਹ ਪੀਂਦਿਆਂ ਪੁੱਛਿਆ।

-"ਵੇ ਦੇਵ! ਸੱਚ ਜਾਣੀਂ, ਮੈਂ ਤਾਂ ਕਦੋਂ ਦੀ ਫਿਰਦੀ ਐਂ...! ਪਰ ਕੋਈ ਬਿਧ ਈ ਨ੍ਹੀ ਬਣੀਂ! ਓਸ ਗੱਲ ਦੇ ਆਖਣ ਮਾਂਗੂੰ, ਕਰਮ ਮਾੜੇ...?"

-"ਛੱਡ ਕਰਮਾਂ ਨੂੰ...! ਚੱਲ ਆਪਾਂ ਦੋਵੇਂ ਛਕਦੇ ਐਂ! ਨਾਲ਼ੇ ਤੂੰ ਮੇਰੀ ਕੱਲ੍ਹ ਆਲ਼ੀ ਬਾਤ 'ਤੇ ਕੋਈ ਕੰਨ ਧਰਿਆ? ਜਾਂ ਮੈਂ ਐਵੇਂ ਈ ਜਰਬਾਂ ਤਕਸੀਮਾਂ ਕਰਦਾ ਰਿਹਾ?"

-"ਸੋਚਦੀ ਤਾਂ ਦੇਵ ਮੈਂ ਵੀ ਤੇਰੇ ਆਲ਼ੀ ਗੱਲ ਈ ਐਂ! ਸੱਚ ਜਾਣੀਂ, ਜੁਆਨੀ ਦੇ ਵੇਲੇ ਤਾਂ ਰੁਲ਼ ਖੁਲ਼ ਕੇ ਕੱਢ ਲਏ-ਪਰ ਗੱਲ ਤੇਰੀ ਸੱਚੀ ਐ! ਬੁੜ੍ਹਾਪੇ 'ਚ ਮੰਜੇ 'ਤੇ 'ਕੱਲੇ ਪਏ ਕੁੱਤੇ ਮਾਂਗੂੰ ਚੂਕੀ ਜਾਮਾਂਗੇ! ਪਰ ਗੱਲ ਇੱਕ ਹੋਰ ਐ!"

-"ਉਹ ਕੀ...? ਹੁਣ ਕੋਈ ਨਵਾਂ ਸੱਪ ਨਾ ਟੋਕਰੇ ਹੇਠੋਂ ਕੱਢ ਲਈਂ?"

-"ਵੇ ਨਹੀਂ ਕੱਢਦੀ! ਮੈਨੂੰ ਕਿਸੇ ਸ਼ਹਿਰ ਸੂਹਰ ਭਾਵੇਂ ਲੈ ਚੱਲੀਂ-ਪਰ ਮੈਂ ਤੇਰੇ ਬਲੈਤ ਬਲੂਤ ਜਮਾਂ ਨ੍ਹੀ ਜਾਣਾ-ਤੇ ਨਾ ਰਹਾਂ ਪਿੰਡ 'ਚ! ਸੱਚ ਜਾਣੀਂ, ਲੋਕਾਂ ਦੀਆਂ ਭੈੜ੍ਹੀਆਂ ਝਾਕਣੀਆਂ ਮੈਥੋਂ ਤਾਂ ਨ੍ਹੀ ਜਰੀਆਂ ਜਾਣੀਆਂ! ਬਥੇਰੇ ਹਨੋਰੇ ਸਹੇ ਲੋਕਾਂ ਦੇ!"

-"ਆਪਾਂ ਪਿੰਡ ਰਹਿਣਾ ਈ ਨ੍ਹੀ-ਤੇ ਨਾ ਰਹਿਣੈਂ ਵਲੈਤ! ਆਪਾਂ ਆਹ ਘਰ ਤਾਂ ਰੱਖਾਂਗੇ, ਇਉਂ ਈ! ਇਹਨੂੰ ਤਾਂ ਨ੍ਹੀ ਮੈਂ ਆਬਦੇ ਮਰਨ ਤੱਕ ਵੇਚਦਾ! ਪਿੱਛੋਂ ਜੋ ਰੱਬ ਨੂੰ ਮਨਜੂਰ! ਆਪਾਂ ਸ਼ਹਿਰ ਇਕ ਕੋਠੀ ਲੈਲਾਂਗੇ-ਉਥੇ ਰਹਾਂਗੇ! ਤੇ ਛੇ ਕੁ ਮਹੀਨਿਆਂ ਬਾਅਦ ਮਾਰਿਆ ਕਰਾਂਗੇ ਵਲੈਤ ਗੇੜਾ?"

-''ਇਹ ਗੱਲ ਸਰਾਸਰ ਝੂਠੀ...! ਮੈਂ ਆਹ ਉਮਰ ਜਹਾਜ ਚੜ੍ਹਦੀ ਚੰਗੀ ਲੱਗੂੰ? ਮੈਨੂੰ ਤਾਂ ਜਹਾਜ ਆਲ਼ੇ ਦੇਖ ਕੇ ਭੱਜ ਜਾਣਗੇ? ਬਈ ਆਹ ਪੇਂਡੂ ਬੇਬੇ ਪਤਾ ਨ੍ਹੀ ਕੌਣ ਆਗੀ?'' ਪ੍ਰੀਤੋ ਨਾਲ਼ ਹਰਦੇਵ ਵੀ ਹੱਸ ਪਿਆ।

-''ਆਪਾਂ ਆਪਣੇ ਮਕਾਨਾਂ ਦਾ ਕਿਰਾਇਆ ਵਸੂਲਣੈਂ-ਤੇ ਦੋ ਤਿੰਨ ਮਹੀਨੇ ਉਥੇ ਰਹਿ ਕੇ ਮੁੜ ਆਇਆ ਕਰਾਂਗੇ!''

-''ਤੇ ਅੰਮ੍ਰਿਤ ਬਾਰੇ ਤੂੰ ਫਿਰ ਚੁੱਪ ਈ ਵੱਟ ਗਿਆ? ਕਿਤੇ ਫੇਰ ਤਾਂ ਨ੍ਹੀ ਮਨ ਮੋੜ ਲਿਆ? ਮਨ ਬੜਾ ਸ਼ੈਤਾਨ ਹੁੰਦੈ!''

-''ਛਕਣਾ ਕਿੱਥੋਂ ਐਂ?''

-''ਜਿੱਥੋਂ ਮਰਜੀ ਹੋਇਆ! ਅੰਮ੍ਰਿਤ ਤਾਂ ਗੁਰੂ ਕਲਗੀਆਂ ਆਲ਼ੇ ਦਾ ਈ ਐ?''

-''ਆਪਾਂ ਇਉਂ ਕਰਦੇ ਐਂ! ਹਜੂਰ ਸਾਹਿਬ ਚੱਲਦੇ ਆਂ-ਨਾਲ਼ੇ ਦਰਸ਼ਣ ਕਰ ਆਵਾਂਗੇ-ਤੇ ਨਾਲ਼ੇ ਅੰਮ੍ਰਿਤਪਾਨ ਕਰ ਲਵਾਂਗੇ?''

-''ਇਹ ਵੀ ਠੀਕ ਐ! ਜਿਹੜੀ ਆਹ ਜੂਨ ਸੀ-ਉਹ ਤਾਂ ਔਖੀ ਸੌਖੀ ਭੋਗ ਲਈ-ਹੁਣ ਅੱਗਾ ਤਾਂ ਸਮਾਰੀਏ।''

-''ਗੁਰੂ ਵੱਲੋਂ ਤਾਂ ਸੱਚੇ ਹੋ ਜਾਈਏ? ਤੇ ਨਾਲ਼ੇ ਓਥੇ...!''

-''ਕੀ ਓਥੇ? ਤੂੰ ਚੁੱਪ ਜਿਆ ਕਾਹਤੋਂ ਕਰ ਗਿਆ...? ਬੋਲ ਤਾਂ ਸਈ ਕੁਛ!''

-''ਤੇ ਨਾਲ਼ੇ...ਓਥੇ ਆਪਾਂ ਆਨੰਦ ਕਾਰਜ ਕਰਲਾਂਗੇ?''

-''ਵੇ ਦੇਵ...! ਸੱਚ ਜਾਣੀਂ, ਤੂੰ ਤਾਂ ਮਸਤ ਬੋਤੇ ਮਾਂਗੂੰ ਬਾਹਲ਼ੇ ਰੰਗ ਰਾਗ ਬਦਲਦੈਂ! ਮੈਨੂੰ ਤਾਂ ਆਉਂਦੀ ਐ, ਸੰਗ!''

-''ਆਹੋ...! ਤੇਰੀ ਉਮਰ ਈ ਸੰਗਾਊਆਂ ਆਲ਼ੀ ਐ!''

-''ਵੇ ਤੂੰ ਹੁਣ ਚਾਹ ਪੀਣੀਂ ਐਂ? ਜਾਂ ਮੈਥੋਂ ਖੌਸੜੇ ਖਾਣੇ ਐਂ...? ਤੂੰ ਬੁੜ੍ਹਾ ਹੋ ਚੱਲਿਆ-ਪਰ ਤੇਰੀ ਲਿਵਤਰੇ ਖਾਣ ਦੀ ਆਦਤ ਨਾ ਗਈ?''

ਗੱਲਾਂ ਕਰਦਿਆਂ ਨੇ ਉਹਨਾਂ ਰੋਟੀ ਵੇਲ਼ਾ ਕਰ ਦਿੱਤਾ।

ਸੁਖਦੇਵ ਰੋਟੀ ਲੈ ਕੇ ਆ ਗਿਆ।

-''ਤੂੰ ਗਿਆ ਨ੍ਹੀ ਅੱਜ, ਨਿੱਕਿਆ?''

-''ਕਿੱਥੇ ਬਾਈ...?''

-''ਜਿੱਥੇ ਤੈਨੂੰ ਮੈਂ ਰਾਤ ਆਖਿਆ ਸੀ? ਰਮਣੀਕ ਕੋਲ਼ੇ?''

-''ਓਥੇ ਤੇਰੀ ਭਰਜਾਈ ਨੂੰ ਭੇਜਤਾ, ਮੈਂ! ਮੇਰਾ ਪਿੱਛੇ ਨ੍ਹੀ ਸਰਦਾ ਸੀ।''

-''ਆਪਾਂ ਪਰਸੋਂ ਹਜੂਰ ਸਾਹਿਬ ਜਾਣੈਂ! ਇਕ ਵੱਡੀ ਵੈਨ ਕਿਰਾਏ 'ਤੇ ਆਖ ਦੇਈਂ!''

-''ਉਹ ਤਾਂ ਮੈਂ ਆਪਣੇ ਪਿੰਡ ਆਲ਼ੇ ਫ਼ੌਜੀ ਨੂੰ ਈ ਆਖ ਦਿੰਨੈਂ! ਕਿੰਨੇ ਬੰਦੇ ਐ?''

-''ਬੰਦੇ ਆਪਾਂ ਕਿਹੜੇ ਐਂ? ਦੋ ਤੁਸੀਂ-ਇਕ ਪ੍ਰੀਤੋ ਤੇ ਰਮਣੀਕ! ਪੰਜ ਤਾਂ ਸਾਰੇ ਜਾਣੇ ਐਂ, ਆਪਾਂ? ਪੱਠਿਆਂ ਪੁੱਠਿਆਂ ਦਾ ਜੁਗਾੜ ਕਰ ਚੱਲੀਂ! ਦੋ ਚਾਰ ਦਿਨ ਲੱਗ ਜਾਣੇਂ ਐਂ ਆਪਾਂ ਨੂੰ!''

-''ਉਹ ਕੋਈ ਫ਼ਿਕਰ ਨ੍ਹੀ ਬਾਈ...! ਸੀਰੀ ਹੈਗਾ!''

ਪੰਜਵੇਂ ਦਿਨ ਸਾਝਰੇ ਹੀ ਉਹ ਹਜੂਰ ਸਾਹਿਬ ਪਹੁੰਚ ਗਏ। ਬੜੀ ਸ਼ਰਧਾ ਭਾਵਨਾ ਨਾਲ ਉਹਨਾਂ ਨੇ ਸਾਰੇ ਅਸਥਾਨਾਂ ਦੇ ਦਰਸ਼ਣ ਕੀਤੇ। ਇਸ਼ਨਾਨ ਕੀਤਾ। ਸਿਆਲ਼ਕੋਟ ਦੇ ਮੂਲ਼ੇ ਖੱਤਰੀ ਦੇ ਆਧਾਰ ਵਾਲ਼ੀ ਜਗਾਹ, ਸ਼ਿਕਾਰ ਘਾਟ ਦੇ ਦਰਸ਼ਣ ਕਰਕੇ ਸਾਰੇ ਹੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ਼ ਭਰ ਗਏ। ਪ੍ਰੀਤੋ ਅਤੇ ਹਰਦੇਵ ਨੇ ਤਾਂ ਅੰਮ੍ਰਿਤਪਾਨ ਕਰਨਾ ਹੀ ਸੀ। ਪਰ ਉਹਨਾਂ ਨੂੰ ਦੇਖ ਕੇ ਰਮਣੀਕ, ਸੁਖਦੇਵ ਅਤੇ ਉਸ ਦੀ ਘਰਵਾਲ਼ੀ ਨੇ ਵੀ ਅੰਮ੍ਰਿਤ ਛਕ ਲਿਆ ਅਤੇ ਸਾਰੇ ਗੁਰੂ ਵਾਲ਼ੇ ਬਣ ਗਏ। ਸਾਰਿਆਂ ਦੀ ਸਹਿਮਤੀ ਨਾਲ਼ ਹੀ ਪ੍ਰੀਤੋ ਅਤੇ ਹਰਦੇਵ ਦਾ ਆਨੰਦ ਕਾਰਜ ਹੋ ਗਿਆ।

-''ਲੈ ਪ੍ਰੀਤੋ...! ਅੱਜ ਤੋਂ ਤੇਰਾ ਤੇ ਮੇਰਾ ਆਹ ਪੁੱਤ ਐ, ਰਮਣੀਕ! ਟੇਕ ਗੁਰੂ ਮਹਾਰਾਜ ਅੱਗੇ ਮੱਥਾ! ਕਰ

ਗੁਰੂ ਦਾ ਧੰਨਵਾਦ ਤੇ ਗੁਰੂ ਮਹਾਰਾਜ ਤੋਂ ਛੁੱਟੀਆਂ ਲਈਏ!" ਹਰਦੇਵ ਦੇ ਆਖਣ 'ਤੇ ਗੁਰੂ ਹਜੂਰੀ ਵਿਚ ਹੀ ਪ੍ਰੀਤੋ ਨੇ ਰਮਣੀਕ ਨੂੰ "ਆ ਮੇਰਾ ਪੁੱਤ...!" ਆਖ ਬੁੱਕਲ਼ ਵਿਚ ਲੈ ਲਿਆ। ਉਹ ਗੁਰੂ ਦੁਆਰੇ ਆ ਕੇ ਜਿਵੇਂ ਸਾਰੀ ਦੀ ਸਾਰੀ ਭਰਪੂਰ ਹੋ ਗਈ ਸੀ। ਕਿਸੇ ਗੱਲੋਂ ਊਣੀਂ ਨਹੀਂ ਰਹੀ ਸੀ। ਗੁਰੂ ਮਹਾਰਾਜ ਨੇ ਉਸ ਨੂੰ ਸਾਰਾ ਕੁਝ ਹੀ ਤਾਂ ਬਖ਼ਸ਼ ਦਿੱਤਾ ਸੀ! ਉਹ ਸਾਰੇ 'ਅਧੂਰੇ' ਆਏ ਸਨ ਅਤੇ ਹੁਣ ਗੁਰੂ ਲੜ ਲੱਗ ਕੇ 'ਸੰਪੂਰਨ' ਹੋ ਚੱਲੇ ਸਨ। ਹਰਦੇਵ ਅਤੇ ਪ੍ਰੀਤੋ 'ਦੋ ਮੂਰਤ' ਆਏ ਸਨ ਅਤੇ ਹਜੂਰ ਸਾਹਿਬ ਆ ਕੇ ਉਹ 'ਏਕ ਜੋਤਿ' ਬਣ ਚੱਲੇ ਸਨ। ਗੁਰੂ ਨੇ ਉਹਨਾਂ ਨੂੰ ਪੁੱਤਰ ਰਮਣੀਕ ਵੀ ਬਖ਼ਸ਼ ਦਿੱਤਾ ਸੀ। ਸਾਰੇ ਗੁਰੂ ਦਾ ਸ਼ੁਕਰਾਨਾ ਅਤੇ "ਸਤਿਨਾਮੁ - ਵਾਹਿਗੁਰੂ" ਦਾ ਜਾਪ ਕਰਦੇ ਪੰਜਾਬ ਵੱਲ ਨੂੰ ਤੁਰ ਪਏ...! ਜੀਵਨ ਦਾ ਸੰਕਟ ਦੌਰ ਖ਼ਤਮ ਹੋ ਗਿਆ ਸੀ...!

-ਸਮਾਪਤ-

To read more books from
Shivcharan Jaggi Kussa
visit
www.PunjabiLibrary.com

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com